67 ਅਕਤੂਬਰ-ਦਸੰਬਰ, 2022

# ਕਹਾਣੀ ਧਾਰਾ

50/-



67 ਕਹਾਣੀ ਧਾਰਾ ਅਕਤੂਬਰ-ਦਸੰਬਰ, 2022

67 ਅਕਤੂਬਰ-ਦਸੰਬਰ, 2022

'KAHANI DHARA'(PUNJABI QUARTERLY)
R.N.I. Regd No. PUN PUN /2006 /19971
ISSN: 2321-4449



e-mail:
kahanidhara@gmail.com
bhagwantrasulpuri@gmail.com

ਸੰਪਾਦਕ:

ਭਗਵੰਤ ਰਸੂਲਪੁਰੀ

94170-64350

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ :
Editor *KAHANI DHARA*
V. Dharampura, P.O:. Khambra,
Distt. JALANDHAR-144026(Pb.)

ਚੰਦੇ : ਇਕੱ ਅੰਕ: 50 ਰੁਪਏ, 10 ਅੰਕ: 500 ਰੁਪਏ ,
10 ਅੰਕ: ਡਾਲਰ 100 ਤੇ ਪੌਂਡ 80,
ਚੰਦੇ ਚੈੱਕ / ਬੈਂਕ ਡਰਾਫਟ/ ਮਨੀਆਰਡਰ ਰਾਹੀਂ ਕੇਵਲ
'KAHANI DHARA' ਦੇ ਨਾਂ ਭੇਜੇ ਜਾਣ।

## ਰੈਫਰੀਡ ਪੈਨਲ / ਸਲਾਹਕਾਰ ਬੋਰਡ

✲ਡਾ. ਸਰਬਜੀਤ ਸਿੰਘ
ਮੁੱਖੀ, ਪੰਜਾਬੀ ਵਿਭਾਗ,
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

✲ਡਾ. ਮਨਜਿੰਦਰ ਸਿੰਘ
ਮੁੱਖੀ, ਪੰਜਾਬੀ ਅਧਿਐਨ ਸਕੂਲ,
ਗੁਰੂ ਨਾਨਕ ਦੇਵ ਯੂਨੀਵਰਸਿਟੀ,
ਅੰਮ੍ਰਿਤਸਰ

✲ਡਾ. ਰਵੀ ਰਵਿੰਦਰ
ਮੁੱਖੀ, ਪੰਜਾਬੀ ਵਿਭਾਗ,
ਦਿੱਲੀ ਯੂਨੀਵਰਸਿਟੀ, ਦਿੱਲੀ

✲ਡਾ. ਕੁਲਦੀਪ ਸਿੰਘ
ਮੁੱਖੀ, ਪੰਜਾਬੀ ਵਿਭਾਗ,
ਕੁਰੁਕਸ਼ੇਤਰ ਯੂਨੀਵਰਸਿਟੀ, ਕੁਰੁਕਸ਼ੇਤਰ

✲ਡਾ. ਗੁਰਮੁੱਖ ਸਿੰਘ
ਪੰਜਾਬੀ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

✲ਡਾ. ਭੀਮ ਇੰਦਰ ਸਿੰਘ
ਮੁੱਖੀ ਪੰਜਾਬੀ ਸਾਹਿਤ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

✲ਡਾ. ਮੋਹਨ ਸਿੰਘ ਤਿਆਗੀ
ਪੰਜਾਬੀ ਸਾਹਿਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

✲ਡਾ. ਯਾਦਵਿੰਦਰ ਸਿੰਘ
ਪੰਜਾਬੀ ਵਿਭਾਗ,
ਦਿੱਲੀ ਯੂਨੀਵਰਸਿਟੀ, ਦਿੱਲੀ

Title Painting
Surjeet Kaur



**ਤੁਸੀਂ ਚੰਦੇ ਬੈਂਕ 'ਚ ਵੀ ਜ਼ਮਾ ਕਰਵਾ ਸਕਦੇ ਹੋ**

| | |
|---|---|
| Account Name | Account Name |
| **Kahani Dhara** | **Bhagwant Rasulpuri** |
| Current Account: 30111525066 | Account No.: 65089711724 |
| IFS Code: SBIN0002394 | IFS Code: SBIN0050485 |
| State Bank of India | State Bank of India |
| Khurla Kingra, Jalandhar | G.T.B. Nagar, Jalandhar |

ਪ੍ਰਿੰਟਰ, ਪਬਲਿਸ਼ਰ, ਮਾਲਕ ਤੇ ਸੰਪਾਦਕ ਭਗਵੰਤ ਰਸੂਲਪੁਰੀ ਨੇ Bright Printing Press, Mohalla Krihanpura, Jalandhar ਤੋਂ ਪ੍ਰਕਾਸ਼ਤ ਕਰਕੇ ਦਫ਼ਤਰ 'ਕਹਾਣੀ ਧਾਰਾ' ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ : ਭਗਵੰਤ ਰਸੂਲਪੁਰੀ (ਪ੍ਰਕਾਸ਼ਨ ਮਿਤੀ 10 ਅਕਤੂਬਰ, 2022)

ਕਹਾਣੀ ਧਾਰਾ

ਅੰਕ:67,ਅਕਤੂਬਰ-ਦਸੰਬਰ,2022

**ਸੰਪਾਦਕੀ**
ਭਾਰਤੀ ਸਾਹਿਤ ਅਕਾਦਮੀ ਤੇ
'ਬਾਲ ਸਾਹਿਤ ਪੁਰਸਕਾਰ'
**ਭਗਵੰਤ ਰਸੂਲਪੁਰੀ**-2

**ਲੇਖ**
*ਨੌਜਵਾਨ ਲੇਖਕਾਂ ਨੂੰ ਸਲਾਹ*
**ਆਂਦਰੇ ਜ਼ੀਦ**-3

**ਕਹਾਣੀਆਂ**
ਸੇਫ਼ਟੀ ਕਿੱਟ/ **ਜਿੰਦਰ**-5
ਨੂਣ/ **ਬਲੀਜੀਤ**-17
ਪੰਜਵਾਂ ਮੋਢਾ / **ਦੀਪਤੀ ਬਬੂਟਾ**-27
ਕੋਈ ਤਾਂ ਹੈ / **ਨਿਰੰਜਣ ਬੋਹਾ** -38
ਦੇਹ ਦਾ ਰੁੱਖ/ **ਗੁਰਮੀਤ ਪਨਾਗ**-50
ਅਣਕਹੀ ਪੀੜ / **ਵਿਪਨ ਗਿੱਲ** -66

**ਸੰਵਾਦ**
ਭਾਰਤੀ ਸਾਹਿਤ ਅਕਾਦਮੀ
ਤੇ ਬਾਲ ਸਾਹਿਤ ਪੁਰਸਕਾਰ-76
**ਗੁਰਬਚਨ ਸਿੰਘ ਭੁੱਲਰ**-77
**ਜਸਬੀਰ ਭੁੱਲਰ**-78
**ਮਨਮੋਹਨ ਸਿੰਘ ਦਾਊਂ**-80
**ਦਰਸ਼ਨ ਸਿੰਘ ਆਸ਼ਟ**-81
**ਤਰਸੇਮ**-83
**ਸਤਪਾਲ ਭੀਖੀ**-85

**ਸ਼ਬਦ ਚਿੱਤਰ**
ਇਕ ਘਰ ਜੀਹਦਾ ਨਾਮ ਮੁਹੱਬਤ
**ਜਸਬੀਰ ਭੁੱਲਰ**-88

**ਜਨਬੋਧ**
ਮਸਤੀ ਦਾ ਵਣਜਾਰਾ :
ਗੁਰਦਾਸ ਮਾਨ
**ਤਸਕੀਨ**-101

**ਕਹਾਣੀ ਸ਼ਾਸਤਰ**
ਬਲੀਜੀਤ ਦੇ ਚਾਲ੍ਹੀ ਸਾਲ ਤੇ ਵੀਹ ਕਹਾਣੀਆਂ
**ਡਾ. ਮਨਮੋਹਨ**-119

**ਆਲੋਚਨਾ**
ਗਿਆਨ ਦੇ ਪਾਂਧੀ
**ਗੁਰਬਚਨ ਸਿੰਘ ਭੁੱਲਰ**-86
ਅਬ ਜੂਝਣ ਕਾ ਦਾਉ
**ਡਾ. ਜੇ. ਬੀ. ਸੇਖੋਂ**-130
ਤੁਮ ਕਿਉਂ ਉਦਾਸ ਹੋ?
**ਰਾਜਿੰਦਰ ਆਤਿਸ਼**-138
ਸ਼ੋਅ-ਰੂਮ'
**ਡਾ. ਅੰਮ੍ਰਿਤਪਾਲ ਕੌਰ**-142
ਸਿਆੜਾਂ ਦੀ ਕਰਵਟ
**ਡਾ. ਜਸਵਿੰਦਰ ਬਿੰਦਰਾ**-145
ਹੁਣ ਮੈਂ ਉਹ ਨਹੀਂ
**ਡਾ. ਜਸਵਿੰਦਰ ਬਿੰਦਰਾ**-148
ਧਨ ਪਿਰੁ
**ਡਾ. ਸੁਖਪਾਲ ਕੌਰ**-150
ਬੌਣੇ ਰਿਸ਼ਤੇ
**ਡਾ. ਸੁਖਪਾਲ ਕੌਰ**-153

**ਹੁੰਗਾਰਾ**
ਕਹਾਣੀ ਦੀ ਵਰਤਮਾਨ ਦਸ਼ਾ ਤੇ ਦਿਸ਼ਾ ਦੀ
ਤਰਜ਼ਮਾਨੀ ਕਰਦੀਆਂ ਕਹਾਣੀਆਂ
(ਸੰਦਰਭ 'ਕਹਾਣੀ ਧਾਰਾ' -66)
**ਨਿਰੰਜਣ ਬੋਹਾ**-156

*ਸੰਪਾਦਕੀ:*

## *ਭਾਰਤੀ ਸਾਹਿਤ ਅਕਾਦਮੀ ਤੇ 'ਬਾਲ ਸਾਹਿਤ ਪੁਰਸਕਾਰ'*

*ਭਾਰਤੀ ਸਾਹਿਤ ਅਕਾਦਮੀ ਪਿਛਲੇ ਦੋ ਸਾਲਾਂ (2021-22) ਦੇ ਪੰਜਾਬੀ ਭਾਸ਼ਾ 'ਚ ਦਿੱਤੇ ਜਾਣ ਵਾਲੇ ਬਾਲ ਸਾਹਿਤ ਪੁਰਸਕਾਰ ਨਾ ਦੇ ਕੇ ਵਿਵਾਦਾਂ ਵਿੱਚ ਘਿਰ ਗਈ ਏ। ਅਕਾਦਮੀ 24 ਭਾਰਤੀ ਭਾਸ਼ਾਵਾਂ ਵਿੱਚ ਇਹ ਪੁਰਸਕਾਰ ਦਿੰਦੀ ਏ। ਇਸ ਪੁਰਸਕਾਰ ਨੂੰ ਦੇਣ ਲਈ ਅਕਾਦਮੀ ਨੇ ਵਿਧੀ ਵਿਧਾਨ ਤੇ ਨਿਯਮ ਬਣਾਏ ਹਨ ਜਿਹੜੇ ਕਿ ground list ਤਿਆਰ ਕਰਨ ਵਾਲੇ ਵਿਦਵਾਨ ਨੂੰ ਵੀ ਭੇਜੇ ਜਾਂਦੇ ਨੇ। ਉਨ੍ਹਾਂ ਨਿਯਮਾਂ ਨੂੰ ਧਿਆਨ ਵਿੱਚ ਰੱਖ ਕੇ ਵਿਦਵਾਨ ground list ਅਕਾਦਮੀ ਨੂੰ ਭੇਜਦੇ ਨੇ। ਅਕਾਦਮੀ ਫਿਰ ਉਨ੍ਹਾਂ ਚੁਣੀਆਂ ਕਿਤਾਬਾਂ ਵਿੱਚੋਂ ਦੋ ਕਿਤਾਬਾਂ ਦੀ ਚੋਣ ਕਰਨ ਲਈ ਦੋ ਵਿਦਵਾਨਾਂ ਨੂੰ ਕਹਿੰਦੀ ਏ ਫਿਰ ਉਨ੍ਹਾਂ ਚੁਣੀਆਂ ਕਿਤਾਬਾਂ ਵਿੱਚੋਂ ਤਿੰਨ ਕਿਤਾਬਾਂ ਦੀ ਚੋਣ ਕਰਕੇ ਅਕਾਦਮੀ Jury ਅੱਗੇ ਰੱਖਦੀ ਏ ਤੇ ਕਹਿੰਦੀ ਏ ਕਿ ਇਨ੍ਹਾਂ ਵਿੱਚੋਂ ਇਕ ਕਿਤਾਬ ਦੀ ਚੋਣ ਕਰਕੇ ਸਾਨੂੰ ਦਿਓ। ਤ੍ਰਾਸ਼ਦੀ ਇਹ ਹੋਈ ਕਿ ਪਿਛਲੇ ਦੋ ਸਾਲਾਂ ਵਿੱਚ ਅਕਾਦਮੀ ਨੇ ground list ਵੀ ਤਿਆਰ ਕਰਵਾ ਲਈਆਂ, ਅੱਗੋਂ ਦੋ ਵਿਦਵਾਨਾਂ ਕੋਲੋਂ ਵੀ ਕਿਤਾਬਾਂ ਦੀ ਲਿਸਟ ਮੰਗਵਾ ਲਈ ਪਰ ਤਿੰਨ ਕਿਤਾਬਾਂ ਦੀ ਚੋਣ ਕਰਕੇ Jury ਅੱਗੇ ਨਹੀਂ ਰੱਖੀਆਂ, ਭਾਵ ਕਿ ਅਕਾਦਮੀ ਨੇ ਦੋ ਸਾਲ Jury ਹੀ ਨਹੀਂ ਸੱਦੀ। ਇਸ ਦਾ ਜ਼ਿੰਮੇਵਾਰ ਕੌਣ ਹੈ? ਸਾਹਿਤ ਅਕਾਦਮੀ ਦਾ executive board ਹੈ ਜਾਂ ਪੰਜਾਬੀ ਭਾਸ਼ਾ ਦੀ ਪ੍ਰਤੀਨਿੱਧਤਾ ਕਰਨ ਵਾਲਾ Language Advisory Board? ਜਾਂ Convener ਹੈ?*

*ਇਸ ਖ਼ਬਰ ਦਾ ਪਤਾ ਜਦੋਂ ਪੰਜਾਬੀ ਬਾਲ ਸਾਹਿਤਕਾਰਾਂ ਨੂੰ ਲੱਗਾ ਤਾਂ ਉਨ੍ਹਾਂ ਦੇ ਮਨ੍ਹਾਂ ਵਿੱਚ ਅਨੇਕਾਂ ਤਰ੍ਹਾਂ ਦੇ ਸਵਾਲ ਪੈਦਾ ਹੋਏ। ਇਸ ਸਮੇਂ ਪੰਜਾਬੀ ਭਾਸ਼ਾ ਦੇ ਕਨਵੀਨਰ ਡਾ. ਵਨੀਤਾ ਏ। ਮੇਰੀ ਪੁਰਸਕਾਰ ਨਾ ਦੇਣ ਸਬੰਧੀ ਉਨ੍ਹਾਂ ਨਾਲ ਗੱਲ ਵੀ ਹੋਈ। ਉਨ੍ਹਾਂ ਦੀ ਧਾਰਨਾ ਸੀ ਕਿ ਸਾਡੇ ਕੋਲ ਜਿਹੜੀਆਂ ਕਿਤਾਬਾਂ ਚੁਣ ਕੇ ਆਈਆਂ ਉਹ ਕਿਤਾਬਾਂ ਬੱਚਿਆਂ ਦੇ ਮਾਨਸਿਕ ਪੱਧਰ ਦੇ ਹਾਣ ਦੀਆਂ ਨਹੀਂ ਸਨ ਜਾਂ ਉਹ ਅਕਾਦਮੀ ਦੇ ਨਿਯਮਾਂ ਨੂੰ ਪੂਰਿਆਂ ਨਹੀਂ ਕਰਦੀਆਂ ਸਨ। ਬਾਲ ਸਾਹਿਤ 'ਚ ਸਮੁੱਚੀ ਦੇਣ ਵਾਲੀ ਮੱਦ 2019 ਤੱਕ ਹੀ ਲਾਗੂ ਸੀ। ਇਕ ਪਾਸੇ ਪੰਜਾਬੀ ਦਾ ਬਾਲ ਸਾਹਿਤ ਏ ਦੂਜੇ ਪਾਸੇ ਅਕਾਦਮੀ ਦੇ ਵਿਧੀ ਵਿਧਾਨ ਤੇ ਨਿਯਮ ਹਨ। ਵਿਚਕਾਰ Convener ਤੇ Language Advisory Board ਏ। ਕਸਰ ਕਿੱਥੇ ਏ? ਬਾਲ ਸਾਹਿਤਕਾਰਾਂ ਦਾ ਇਸ ਮਸਲੇ ਨੂੰ ਲੈ ਕੇ ਸੰਵਾਦ ਚੱਲ ਪਿਆ ਏ। ਮੈਂ ਇਸ ਸੰਵਾਦ ਨੂੰ 'ਕਹਾਣੀ ਧਾਰਾ' ਵਿੱਚ ਛਾਪਣ ਦਾ ਫੈਸਲਾ ਕੀਤਾ ਏ। ਪੰਜਾਬੀ ਦੇ ਬਾਲ ਸਾਹਿਤਕਾਰਾਂ ਵਿੱਚ ਅਕਾਦਮੀ ਪ੍ਰਤੀ ਗੁੱਸਾ ਤੇ ਰੋਸ ਏ ਕਿ ਆਖਰ ਕੀ ਕਾਰਨ ਹਨ ਕਿ ਅਕਾਦਮੀ ਦੋ ਸਾਲਾਂ ਤੋਂ ਇਹ ਪੁਰਸਕਾਰ ਨਹੀਂ ਦੇ ਰਹੀ। ਅੱਗੇ ਉਸ ਨੂੰ ਸਵਾਲ ਕਰਨ ਵਾਲਾ ਕੋਈ ਨਹੀਂ। ਇਹ ਸਵਾਲ ਪੈਦਾ ਹੁੰਦਾ ਏ ਕਿ ਪੰਜਾਬੀ ਭਾਸ਼ਾ ਦੇ ਬੋਰਡ ਨੂੰ ਕਿਵੇਂ ਪਤਾ ਲੱਗਾ ਕਿ ਪਿਛਲੇ ਛੇ ਸਾਲਾਂ ਵਿੱਚ ਚੱਜ ਦੀ ਮਿਆਰੀ ਬਾਲ ਪੁਸਤਕ ਨਹੀਂ ਛਪੀ। ground list ਤਿਆਰ ਕਰਨ ਵਾਲੇ ਵਿਦਵਾਨ ਕੀ ਝੂਠ ਬੋਲਦੇ ਨੇ, ਜਿਹੜੇ ਦਸ-ਦਸ ਕਿਤਾਬਾਂ ਦੀਆਂ ਲਿਸਟਾਂ ਭੇਜਦੇ ਨੇ। ਇਸ ਮਸਲੇ ਨੂੰ ਸਮਝਣ ਲਈ ਮੈਂ ਕੁਝ ਸਵਾਲ ਤਿਆਰ ਕੀਤੇ, ਜਿਨ੍ਹਾਂ ਦੇ ਜਵਾਬ 'ਕਹਾਣੀ ਧਾਰਾ' ਦੇ ਅਗਲੇ ਪੰਨਿਆਂ ਉੱਤੇ ਛਾਪੇ ਜਾ ਰਹੇ ਨੇ। ਇਹ ਉਹ ਬਾਲ ਸਾਹਿਤਕਾਰ ਹਨ, ਜਿਨ੍ਹਾਂ ਨੂੰ ਭਾਰਤੀ ਸਾਹਿਤ ਅਕਾਡਮੀ ਨੇ ਬਾਲ ਸਾਹਿਤ ਦੇ ਪੁਰਸਕਾਰ ਦਿੱਤੇ ਨੇ। ਇਨ੍ਹਾਂ ਪ੍ਰਬੁੱਧ ਬਾਲ ਲੇਖਕਾਂ ਦੀ ਧਾਰਨਾ ਏ ਕਿ ਪੰਜਾਬੀ ਵਿੱਚ ਉੱਤਮ ਦਰਜੇ ਦਾ ਬਾਲ ਸਾਹਿਤ ਲਿਖਿਆ ਜਾ ਰਿਹਾ ਏ। ਅਕਾਦਮੀ ਦੀ ਨੀਯਤ ਹੀ ਇਨਾਮ ਦੇਣ ਦੀ ਨਹੀਂ। ਕਸਰ ਕਿਸ 'ਚ ਏ ? ਚਿੱਬ ਕਿੱਥੇ ਪਿਆ ਏ? ਨਿਘਾਰ ਕਿੱਥੇ ਏ? ਇਸ ਮਸਲੇ ਨੂੰ ਸਮਝਣ ਲਈ 'ਸੰਵਾਦ' ਜ਼ਰੂਰੀ ਏ।*

**- ਭਗਵੰਤ ਰਸੂਲਪੁਰੀ**

— — — — — — — — — — — — — — — —

ਲੇਖ

# ਨੌਜਵਾਨ ਲੇਖਕਾਂ ਨੂੰ ਸਲਾਹ



**ਆਂਦਰੇ ਜ਼ੀਦ**

— — — — — — — — — — — — — — — —

ਹਰ ਲੇਖਕ ਦੇ ਸਾਹਮਣੇ ਇਹ ਸਵਾਲ ਆਉਂਦਾ ਹੈ ਕਿ ਕੀ ਉਸ ਨੂੰ ਆਪਣੇ ਉੱਤੇ ਹੋਣ ਵਾਲੀ ਆਲੋਚਨਾ ਦਾ ਜਵਾਬ ਦੇਣਾ ਚਾਹੀਦਾ ਹੈ!

ਅਸਲ ਵਿਚ ਇਹ ਇਕ ਤਰ੍ਹਾਂ ਦੀ ਖੁਰਕ ਹੈ, ਜਿਸ ਵਲ ਧਿਆਨ ਨਾ ਦੇਣ ਦੀ ਹੀ ਮੈਂ ਸਲਾਹ ਦਿਆਂਗਾ। ਜੇ ਆਲੋਚਨਾ ਗ਼ਲਤ ਹੈ, ਤਾਂ ਪਾਠਕ ਨੂੰ ਖ਼ੁਦ ਉਸ ਤੇ ਵਿਚਾਰ ਕਰਨ ਦਿਓ।

ਜੇ ਆਲੋਚਨਾ ਸਹੀ ਹੈ ਤੇ ਦੁਸ਼ਮਣ ਨੇ ਤੁਹਾਡੇ ਜ਼ੱਰਾ-ਬਕਤਰ ਵਿਚ ਕੋਈ ਤੇੜ ਵੇਖ ਲਈ ਹੈ, ਤਾਂ ਤੁਹਾਡਾ ਜਵਾਬ ਜ਼ਖ਼ਮ ਨੂੰ ਹੋਰ ਵੀ ਨਾਜ਼ਕ ਬਣਾਏਗਾ ਤੇ ਦੂਜਿਆਂ ਦੇ ਸਾਹਮਣੇ ਤੁਹਾਡੀ ਕਮਜ਼ੋਰੀ ਨੂੰ ਪਰਗਟ ਕਰੇਗਾ।

ਆਪਣੇ ਆਪ ਨੂੰ ਇਸ ਗੱਲ ਲਈ ਕਾਇਲ ਕਰੋ ਕਿ ਪ੍ਰਸ਼ੰਸ਼ਾ ਪ੍ਰੇਰਣਾ ਦਿੰਦੀ ਹੈ। ਪਰ ਉਹ ਤੁਹਾਨੂੰ ਸਿਰਫ਼ ਘੱਟ, ਔਖਿਆਈਆਂ ਝੱਲਣ ਲਈ ਹੀ ਉਤਸਾਹਿਤ ਕਰੇਗੀ, ਜਦ ਤੁਹਾਡੇ ਤੇ ਪਈ ਸੱਟ ਤੁਹਾਨੂੰ ਨਵੀਂ ਤਾਕਤ ਦੇਵੇਗੀ-ਜੋ ਤੁਸੀਂ ਉਸ ਨੂੰ ਮਰਦ ਵਾਂਗ ਸਹਾਰ ਸਕੇ ਤਾਂ।


ਸੋ ਆਪਣੀ ਰਚਨਾ ਨੂੰ ਆਪਣੇ ਆਪ ਆਪਣੇ ਪੈਰਾਂ 'ਤੇ ਖੜੀ ਹੋਣ ਦਿਓ, ਤੇ ਆਪਣਾ ਧਿਆਨ ਹੋਰ ਪਾਸੇ ਲਾਓ।

ਜੇ ਤੁਹਾਡੀ ਕਿਤਾਬ ਆਲੋਚਨਾ ਦੀ ਸੱਟ ਤੋਂ ਪਹਿਲਾਂ ਹੀ ਖ਼ਤਮ ਹੋ ਜਾਂਦੀ ਹੈ, ਤਾਂ ਤੁਸੀਂ ਕੁਝ ਵੀ ਕਰੋ, ਉਹ ਟਿਕੇਗੀ ਨਹੀਂ। ਬੇਹਤਰ ਇਹ ਹੋਵੇਗਾ ਕਿ ਦੂਜੀ ਲਿਖੋ।

ਇਹ ਯਕੀਨ ਕਿ ਉਸ ਦੀ ਰਚਨਾ ਟਿਕੇਗੀ, ਲੇਖਕ ਦੀ ਖ਼ੁਸ਼ੀ ਵਿਚ ਇਕ ਤਰ੍ਹਾਂ ਦੀ ਗੰਭੀਰ ਸਹਿਣ-ਸ਼ਕਤੀ ਤੇ ਉੱਚੀ ਸਾਦਗੀ ਭਰ ਦਿੰਦੀ ਹੈ। ਇਸ ਯਕੀਨ ਸਦਕਾ ਉਹ ਉਨ੍ਹਾਂ ਲੇਖਕਾਂ ਨਾਲੋਂ ਵਖਰਾ ਜਾਪਦਾ ਹੈ, ਜੋ ਸਿਰਫ਼ ਸਲਫ਼ਤਾ ਦੇ ਭੁੱਖੇ ਹਨ।

ਜਿਹੜਾ ਲੇਖਕ ਸੱਚ-ਮੁੱਚ ਤਾਕਤਵਰ ਹੈ, ਕਦੇ ਇਹ ਸ਼ਿਕਾਇਤ ਨਹੀਂ ਕਰਦਾ ਕਿ ਉਸ ਨੂੰ ਉਸ ਦੇ ਸਮਕਾਲੀ ਲੇਖਕਾਂ ਨੇ ਗ਼ਲਤ ਸਮਝਿਆ ਹੈ!

ਨੌਜਵਾਨ ਲੇਖਕ ਲਈ ਮੇਰੀ ਸਲਾਹ ਹੈ ਕਿ ਉਹ ਘਟ ਤੋਂ ਘਟ ਲਿਖੇ, ਤੇ ਉਹੀ ਲਿਖੇ, ਜਿਸ ਨੂੰ ਲਿਖਣਾ ਜ਼ਰੂਰੀ ਹੈ !



ਪੂਰੇ ਜੋਸ਼ ਨਾਲ ਲਿਖੋ, ਪਰ ਉਸ ਨੂੰ ਦੁਹਰਾਓ...ਬਿਨਾਂ ਕਿਸੇ ਜੋਸ਼ ਦੇ।

ਜੇ ਤੁਸੀਂ ਚੰਗੇ-ਤੋਂ-ਚੰਗਾ ਲਿਖਣਾ ਚਾਹੁੰਦੇ ਹੋ, ਤਾਂ ਕਦੇ ਵੀ ਇੱਕੋ ਕਿਸਮ ਦਾ ਨਾਂ ਲਿਖੋ। ਰਾਹ ਬਦਲੋ।

ਵਧੇਰੇ ਪ੍ਰਸ਼ੰਸ਼ਾ ਤੋਂ ਸੁਚੇਤ ਰਹੋ।

ਸਿਹਤਮੰਦ ਬਣੋ। ਆਤਮਾ ਦੀ ਰਤਾ ਜਿੰਨੀ

ਬੇਚੈਨੀ ਵੀ ਸਰੀਰਕ ਬੇਚੈਨੀ ਬਣ ਜਾਂਦੀ ਹੈ।

ਸੱਚੀ ਮੌਲਿਕਤਾ ਅੱਖਾਂ ਸਾਹਮਣੇ ਇੱਕੋ ਵਾਰੀ ਨਹੀਂ ਉੱਘੜ ਆਉਂਦੀ। ਅਸਲ ਵਿਚ ਮਹਾਨ ਮੌਲਿਕਤਾ ਆਪਣੇ ਆਪ ਦਾ ਅਨੁਭਵ ਹੁੰਦੀ ਹੈ।

ਚਲਾਕ ਕਿਸਮ ਦੀਆਂ ਗੱਲਾਂ ਕਰਨ ਵਾਲੇ ਲੇਖਕ ਦੀ ਸੌਖੀ ਸਫ਼ਲਤਾ ਪਿੱਛੇ ਨਾ ਜਾਓ।

ਤੁਹਾਡਾ ਕੰਮ ਸੁਣਨਾ ਹੈ। ਇਕ ਮਹਾਨ ਕਲਾਕਾਰ ਸਭ ਤੋਂ ਪਹਿਲਾਂ ਇਕ ਮਹਾਨ ਸਰੋਤਾ ਹੁੰਦਾ ਹੈ ਤੇ ਚੰਗੀ ਤਰ੍ਹਾਂ ਸੁਣਨ ਦੀ ਪਹਿਲੀ ਸ਼ਰਤ ਹੈ...ਚੁੱਪ ਰਹਿਣਾ।

ਇੱਕ ਕੰਨ ਰਾਹੀਂ ਉਨ੍ਹਾਂ ਦੀ ਗੱਲ ਸੁਣੋ, ਜੋ ਤੁਹਾਡੀ ਪ੍ਰਸ਼ੰਸਾ ਕਰਦੇ ਹਨ। ਤੇ ਜਿਹੜੇ ਤੁਹਾਡੀਆਂ ਗ਼ਲਤੀਆਂ ਦਸਦੇ ਹਨ, ਉਨ੍ਹਾਂ ਦੀ ਗੱਲ ਦੋਹਾਂ ਕੰਨਾਂ ਨਾਲ ਸੁਣੋ।

ਚਕਮਾ ਦੇਣ ਵਾਲੇ ਵਿਰੋਧੀਆਂ ਤੋਂ ਕਦੇ ਨਾ ਡਰੋ ਪਰ ਆਪ ਕਦੇ ਕਿਸੇ ਚਕਮਾ ਦੇਣ ਜਾਂ ਖਿਝਾਉਣ ਦਾ ਜਤਨ ਨਾ ਕਰੋ।

ਤੁਸੀਂ ਕਹੋਗੇ, ਸੱਚਾ ਕਲਾਕਾਰ ਸਦਾ ਚਕਮਾ ਦਿੰਦਾ ਹੈ। ਠੀਕ ਹੈ। ਪਰ ਜਾਣ ਬੁੱਝ ਕੇ ਨਹੀਂ।

ਇਹ ਸਹੀ ਹੈ ਕਿ ਵਧੇਰੇ ਕਲਾਸਿਕੀ ਲੇਖਕਾਂ ਨੇ ਸ਼ੁਰੂ ਵਿਚ ਬੜੀਆਂ ਗਾਲ੍ਹਾਂ ਸੁਣੀਆਂ, ਪਰ ਇਸ ਵਿਚ ਉਨ੍ਹਾਂ ਦਾ ਕਸੂਰ ਇਹ ਨਹੀਂ ਸੀ ਕਿ ਉਹ ਕੁਝ ਨਵਾਂ ਲੈ ਕੇ ਆਏ ਸਨ, ਸਗੋਂ ਇਹ ਕਿ ਉਹ ਕੁਝ ਪੁਰਾਣਾ ਨਹੀਂ ਸੀ ਲਿਆ ਸਕੇ।

ਕਿਸੇ ਕਲਾ-ਕਿਰਤ ਦੇ ਡੂੰਘੇ ਗੁਣ ਪਹਿਲਾਂ ਅਣਵੇਖੇ ਰਹਿ ਜਾਂਦੇ ਹਨ। ਇਕ ਔਖੀ ਕਲਾ-ਕਿਰਤ ਕਿਸੇ ਦਾ ਧਿਆਨ ਆਪਣੀ ਵਲ ਨਹੀਂ ਖਿੱਚਦੀ।

ਤੁਹਾਡੇ ਵਧੇਰੇ ਸਮਕਾਲੀ ਲੇਖਕਾਂ ਦੀ ਆਦਤ ਹੈ ਕਿ ਉਹ ਆਪਣੀਆਂ ਪ੍ਰਕਾਸ਼ਿਤ ਪੁਸਤਕਾਂ ਲਈ ਲੇਖਾਂ ਦਾ ਪ੍ਰਬੰਧ ਕਰਾਉਂਦੇ ਹਨ, ਦੂਜਿਆਂ ਨੂੰ ਲਿਖਣ ਲਈ ਪਰੇਰਦੇ ਹਨ, ਜਾਂ ਆਪ ਹੀ ਲਿਖ ਲੈਂਦੇ ਹਨ । ਇਸ ਤਰ੍ਹਾਂ ਆਲੋਚਕ ਸਚੇਤ ਕੀਤੇ ਜਾਂਦੇ ਹਨ, ਉਨ੍ਹਾਂ ਨੂੰ ਪ੍ਰਸ਼ੰਸ਼ਾ ਦੀ ਬੀਨ ਵਜਾਉਣ ਲਈ ਕਿਹਾ ਜਾਂਦਾ ਹੈ।

ਇਹ ਸਭ ਬੜਾ ਚੰਗਾ ਹੈ, ਤੇ ਲੇਖਕ ਇਸ ਨਾਲ ਮਸ਼ਹੂਰ ਵੀ ਹੁੰਦਾ ਹੈ, ਪਰ ਇਹ ਉਸ ਹੌਸਲੇ ਨੂੰ ਇਕ ਨੁੱਕਰੇ ਲਾ ਕੇ ਰਖ ਦਿੰਦਾ ਹੈ ਜਿਸ ਸਦਕਾ ਲੇਖਕ ਵੱਡਾ ਬਣ ਸਕਦਾ ਹੈ।

ਜਿਸ ਤਰ੍ਹਾਂ ਇਕ ਆਦਮੀ ਨੂੰ ਲੇਖਕ ਦੇ ਕੰਮ ਬਾਰੇ ਗ਼ਲਤ-ਫ਼ਹਿਮੀ ਹੋ ਸਕਦੀ ਹੈ, ਉਸੇ ਤਰ੍ਹਾਂ ਖ਼ੁਦ ਲੇਖਕ ਨੂੰ ਵੀ ਹੋ ਸਕਦੀ ਹੈ।

ਮੈਨੂੰ ਪੂਰਾ ਯਕੀਨ ਹੈ ਕਿ ਉਹ ਲੇਖਕ, ਜਿਸ ਦੀ ਅਸੀਂ-ਤੁਸੀਂ ਪ੍ਰਸ਼ੰਸ਼ਾ ਕਰਦੇ ਹਾਂ, ਉਹ ਅਹਿਮੀਅਤ ਨੂੰ ਪਹਿਲਾਂ ਵੇਖਣਾ ਨਹੀਂ ਚਾਹੁੰਦੇ ਜੋ ਉਨ੍ਹਾਂ ਦੀਆਂ ਲਿਖਤਾਂ ਵਿਚ ਮਿਲਦੀ ਹੈ। ਉਨ੍ਹਾਂ ਦੀਆਂ ਪੁਸਤਕਾਂ ਤਾਂ ਕੁਦਰਤ ਦੇ ਦ੍ਰਿਸ਼ਾਂ ਵਾਂਗ ਹਨ।

ਇਸ ਲਈ ਤੁਹਾਨੂੰ ਖ਼ੁਸ਼ ਹੋਣਾ ਚਾਹੀਦਾ ਹੈ, ਜਦ ਤੁਹਾਡੇ ਸਮਕਾਲੀ ਤੁਹਾਡੀ ਕਲਾ-ਕਿਰਤ ਵਿਚ ਉਸ ਚੀਜ਼ ਦੀ ਪ੍ਰਸ਼ੰਸ਼ਾ ਕਰਦੇ ਹਨ, ਜੋ ਤੁਹਾਡੀ ਨਜ਼ਰ ਵਿਚ ਸਭ ਤੋਂ ਘਟ ਅਹਿਮੀਅਤ ਵਾਲੀ ਹੈ।

ਤੁਹਾਨੂੰ ਉਸ ਵੇਲੇ ਵੀ ਖ਼ੁਸ਼ ਹੋਣਾ ਚਾਹੀਦਾ ਹੈ, ਜਦ ਉਹ ਤੁਹਾਨੂੰ ਤੁਹਾਡੀਆਂ ਉਨ੍ਹਾਂ ਬੁਰਾਈਆਂ ਤੇ ਕਮਜ਼ੋਰੀਆਂ ਲਈ ਝਿੜਕਦੇ ਹਨ, ਜੋ ਤੁਹਾਡੀ ਨਜ਼ਰ ਵਿਚ ਤੁਹਾਡੇ ਵਿਚ ਨਹੀਂ ਹਨ । ਇਹ ਮੰਨ ਲਓ ਕਿ ਆਉਣ ਵਾਲਾ ਯੁੱਗ ਉਨ੍ਹਾਂ ਨੂੰ ਠੀਕ ਕਰ ਲਏਗਾ।

ਉਹ ਲੇਖਕ, ਜੋ ਝਟ-ਪਟ ਉਹ ਪਰਵਾਨਗੀ ਹਾਸਿਲ ਕਰ ਲੈਂਦੇ ਹਨ, ਜਿਸ ਦੀ ਉਨ੍ਹਾਂ ਨੂੰ ਲਾਲਸਾ ਹੁੰਦੀ ਹੈ, ਅਸਲ ਵਿਚ ਬੜੇ ਬਦਕਿਸਮਤ ਲੇਖਕ ਹਨ, ਕਿਉਂਕਿ ਉਹ ਛੇਤੀ ਹੀ ਭੁਲਾ ਦਿੱਤੇ ਜਾਂਦੇ ਹਨ।

ਕਹਾਣੀ

# ਸੇਫ਼ਟੀ ਕਿੱਟ

ਜਿੰਦਰ



"ਸਮਾਂਥਾ, ਤੈਨੂੰ ਬੇਗਾਨੀਆਂ ਥਾਵਾਂ 'ਤੇ 'ਕੱਲੀ ਨੂੰ ਜਾਂਦਿਆਂ ਡਰ ਨ੍ਹੀਂ ਲੱਗਦਾ?" ਮੈਂ ਉਸ ਤੋਂ ਪੁੱਛਿਆ ਤਾਂ ਉਸ ਨੇ ਅੱਗੋਂ ਮੈਥੋਂ ਪੁੱਛ ਲਿਆ, "ਯੂ ਆਰ ਸਕੇਅਰਡ ਆਫ ਰੇਪ, ਡੌਂਟ ਯੂ?" ਮੈਂ, ਉਸ ਵੱਲ ਜਿੱਦਾਂ ਪਹਿਲਾਂ ਉਸ ਦੀਆਂ ਗੱਲਾਂ ਸੁਣ ਕੇ ਦੇਖਦੀ ਸੀ, ਉੱਦਾ ਹੀ ਹੁਣ ਵੀ ਦੇਖਿਆ। ਰੇਪ ਤੋਂ ਕਿਸ ਨੂੰ ਡਰ ਨਹੀਂ ਲੱਗਦਾ। ਰੇਪ ਤੋਂ ਬਾਅਦ ਕਾਹਦੀ ਜ਼ਿੰਦਗੀ ਰਹਿ ਜਾਂਦੀ ਹੈ? ਮੇਰਾ ਕੀ, ਹਰ ਕੁੜੀ ਦਾ ਇਹੋ ਤਾਂ ਸਭ ਤੋਂ ਵੱਡਾ ਡਰ ਹੁੰਦਾ ਕਿ ਪਤਾ ਨਹੀਂ ਕਿਹੜੇ ਵੇਲੇ ਜਾਹ ਜਾਂਦੀ ਹੋ ਜਾਵੇ। ਜਿੱਦਣ ਦਾ ਮੰਮੀ ਦਾ ਫ਼ੋਨ ਆਇਆ, ਮੈਂ ਮੁੜ ਤੋਂ ਡਰਣ ਲੱਗੀ ਹਾਂ। ਉਨ੍ਹਾਂ ਨੇ ਕੰਬਦੀ ਹੋਈ ਆਵਾਜ਼ ਵਿੱਚ ਦੱਸਿਆ ਸੀ, "ਮਰ ਜਾਣ ਸਾਡੇ ਜੱਜ, ਅਜੇ ਤਾਈਂ ਨਿਰਭਯਾ ਜ਼ਬਰ-ਜ਼ਨਾਹ ਦੇ ਕਾਤਲਾਂ ਨੂੰ ਫਾਂਸੀ ਨ੍ਹੀਂ ਦਿੱਤੀ। ਹੁਣ ਨਵਾਂ ਹੀ ਪੰਗਾ ਖੜਾ ਹੋ ਗਿਆ। ਕਹਿੰਦੇ ਚਹੁੰਆਂ 'ਚੋਂ ਇੱਕ ਨਾਬਾਲਿਗ ਆ। ਮੁਕੇਸ਼, ਪਵਨ, ਵਿਨੈ, ਅਕਸ਼ੈ .....ਮੇਰੇ ਵੱਸ 'ਚ ਹੋਵੇ ਤਾਂ ਤਿਲੰਗਾਨਾ ਕਾਂਡ ਵਾਂਗੂੰ ਇਨ੍ਹਾਂ ਨੂੰ ਇੱਕ ਕਤਾਰ 'ਚ ਖੜ੍ਹੇ ਕਰ ਕੇ ਗੋਲੀ ਮਾਰ ਦਿਆਂ। ਜਿੰਨਾ ਚਿਰ ਅਰਬ ਕੰਟਰੀਆਂ ਵਾਂਗੂੰ ਇੱਥੇ ਸਜ਼ਾਵਾਂ ਨ੍ਹੀਂ ਹੁੰਦੀਆਂ, ਕੁਸ਼ ਨ੍ਹੀਂ ਹੋਣਾ।" ਗੱਲਾਂ ਕਰਦਿਆਂ-ਕਰਦਿਆਂ ਉਨ੍ਹਾਂ ਨੂੰ ਸਾਹ ਚੜ੍ਹ ਗਿਆ ਸੀ। ਮੈਂ ਕਿਹਾ ਸੀ, "ਮੈਨੂੰ ਪਤਾ। ਤੁਸੀਂ ਕੋਈ ਹੋਰ ਗੱਲ ਦੱਸੋ।" ਉਨ੍ਹਾਂ ਦੀ ਆਵਾਜ਼ ਭਾਰੀ ਹੁੰਦੀ ਗਈ ਸੀ, "ਇਸ ਤੋਂ ਵੱਡੀ ਕਿਹੜੀ ਗੱਲ ਹੋ ਸਕਦੀ। ਮੈਂ ਤਾਂ ਨੀਲੀ ਛੱਤਰੀ ਵਾਲੇ ਦੀ ਸ਼ੁਕਰਗੁਜ਼ਾਰ ਹਾਂ ਕਿ ਤੂੰ ਬਾਹਰਲੇ ਮੁਲਕ ਚਲੀ ਗਈਂ। ਅੱਜ ਕੱਲ੍ਹ ਸਾਡਾ ਮੁਲਕ ਤਾਂ ਗਰਕਣ 'ਤੇ ਆਇਆ।...ਫੇਰ ਵੀ ਧੀਏ ਆਪਣਾ ਖਿਆਲ ਰੱਖੀਂ। ਕਿਸੇ 'ਤੇ ਬਹੁਤਾ ਇਤਬਾਰ ਕਰਨ ਦਾ ਸਮਾਂ ਨ੍ਹੀਂ ਰਿਹਾ...।"

ਇਸ ਵਾਰ ਸਮਾਂਥਾ ਦੋ ਹਫ਼ਤਿਆਂ ਲਈ ਅਫਗਾਨਿਸਤਾਨ ਗਈ ਸੀ। ਉਸ ਕੋਲ ਬਹੁਤ ਸਾਰੀਆਂ ਗੱਲਾਂ ਦੱਸਣ ਵਾਲੀਆਂ ਸਨ। ਅੱਜ ਨਹੀਂ ਤਾਂ ਕੱਲ੍ਹ। ਹੱਦ ਅਗਲੇ ਹਫ਼ਤੇ ਉਸ ਨੇ ਆਪਣੇ ਤਜ਼ਰਬੇ ਮੇਰੇ ਨਾਲ ਸਾਂਝੇ ਕਰਨੇ ਹੀ ਸਨ। ਉਹ ਜਿੱਥੇ ਵੀ ਜਾਂਦੀ, ਜਾਂ ਤਾਂ ਆਪਣੀ ਡਾਇਰੀ 'ਤੇ ਨੋਟ ਕਰੀ ਜਾਂਦੀ ਜਾਂ ਮੋਬਾਈਲ ਵਿੱਚ ਸੇਵ ਕਰ ਲੈਂਦੀ। ਉਹ ਉਤਸ਼ਾਹ ਨਾਲ ਭਰੀ ਜਾਂਦੀ। ਤਰੋ ਤਾਜ਼ਾ ਹੋ ਕੇ ਮੁੜਦੀ। ਇੱਕ ਦੋ ਦਿਨ ਆਰਾਮ ਕਰਦੀ ਤੇ ਫੇਰ ਦੌੜਣ-ਭੱਜਣ ਲੱਗਦੀ। ਇਨ੍ਹਾਂ ਦਿਨਾਂ ਵਿੱਚ ਉਹ 'ਏਂਸ਼ੀਐਂਟ ਏਸ਼ੀਅਨ ਹਿਸਟਰੀ' 'ਤੇ ਕੋਈ ਰਿਸਰਚ ਦਾ ਕੰਮ ਕਰ ਰਹੀ ਸੀ।

"ਮੈਂ ..।" ਮੈਂ ਕੁੱਝ ਕਹਿਣ ਹੀ ਲੱਗੀ ਸੀ ਕਿ ਉਸ ਦੇ ਮੋਬਾਈਲ 'ਤੇ ਰਿੰਗ ਹੋਈ। "ਸੌਰੀ ਜੈਸ, ਆਈ ਹੈਵ ਟੂ ਅਟੈਂਡ ਦਿਸ ਕਾਲ।" ਕਹਿੰਦਿਆਂ, ਉਹ ਉੱਠ ਖੜ੍ਹੀ ਤੇ ਫਰੰਟ-ਰੂਮ ਵਿੱਚ ਜਾ ਵੜੀ। ਉਸ ਦੇ ਬੁਆਏ ਫਰੈਂਡ ਡੌਮਨਿਕ ਦਾ ਫ਼ੋਨ ਹੋਣਾ। ਜੇ ਕਿਸੇ ਹੋਰ ਦਾ ਹੁੰਦਾ ਤਾਂ ਸ਼ਾਇਦ ਨਾ ਸੁਣਦੀ। ਮੈਸੇਜ ਛੱਡ ਦਿੰਦੀ, 'ਕਾਲ ਯੂ ਲੇਟਰ।'

ਮੈਂ ਮੁੜ ਲੱਤਾਂ ਪਸਾਰ ਲਈਆਂ। ਜੂਨ ਦੇ ਐਤਵਾਰ ਦੀ ਧੁੱਪ ਦਾ ਮਜ਼ਾ ਲੈਣ ਲੱਗੀ। ਸੰਧੂ ਅੰਕਲ ਨੂੰ ਮੈਂ ਰਾਤ ਹੀ ਦੱਸ ਆਈ ਸੀ ਕਿ ਕੱਲ੍ਹ ਨੂੰ ਮੈਂ ਨਹੀਂ ਆਉਣਾ। ਕੱਪੜੇ ਧੋਣੇ ਸਨ। ਕਮਰੇ ਦੀ ਸਫ਼ਾਈ ਕਰਨੀ

ਸੀ। ਥੋੜ੍ਹੀ-ਬਹੁਤ ਸ਼ੌਪਿੰਗ ਵੀ ਕਰਨੀ ਸੀ। ਬਾਰ੍ਹਾਂ ਕੁ ਵਜੇ ਖਿੜੀ ਹੋਈ ਧੁੱਪ ਨੇ ਮੈਨੂੰ ਮੱਲੋ-ਮੱਲੀ ਅੰਦਰੋਂ ਬਾਹਰ ਖਿੱਚ ਲਿਆਂਦਾ ਸੀ। ਗਾਰਡਨ ਵੱਲ ਤੇਜ਼ ਹਵਾ ਵੱਗ ਰਹੀ ਸੀ। ਕਮਰੇ ਦੀ ਬਾਹਰਲੀ ਕੰਧ ਕੋਲ ਪੁਰਾਣੀ ਚਾਦਰ ਤੇ ਉੱਪਰ ਸ਼ਾਲ ਵਿਛਾਅ ਕੇ, ਮੈਂ ਕੰਧ ਨਾਲ ਢੋਅ ਲਾ ਕੇ ਬੈਠ ਗਈ ਸੀ। ਸੂਰਜ ਕਦੋਂ ਨਿਕਲਦਾ ਸੀ ਤੇ ਕਦੋਂ ਛਿੱਪ ਜਾਂਦਾ ਸੀ, ਇਸ ਪਾਸੇ ਕਦੇ ਮੇਰਾ ਧਿਆਨ ਹੀ ਨਹੀਂ ਗਿਆ ਸੀ। ਸੱਤੇ ਦਿਨ ਨੱਠ ਭੱਜ ਲੱਗੀ ਰਹਿੰਦੀ।

ਚਾਰ ਕੁ ਮਹੀਨੇ ਦਾਦੀ ਸ਼ਾਮ ਕੌਰ ਕੋਲ ਰਹੀ ਸੀ। ਜਦੋਂ ਦਾਦੀ ਇੰਡੀਆ ਆਉਂਦੀ ਤਾਂ ਜ਼ਿਆਦਾ ਸਮਾਂ ਸਾਡੇ ਘਰ ਹੀ ਰਹਿੰਦੀ। ਉਨ੍ਹਾਂ ਦੀ ਜ਼ਮੀਨ ਦੀ ਸਾਂਭ-ਸੰਭਾਈ ਡੈਡੀ ਹੀ ਕਰਦੇ। ਬੈਂਕ ਖਾਤੇ ਵੀ ਸਾਂਝੇ ਸਨ। ਨਾ ਕਦੇ ਦਾਦੀ ਨੇ ਹਿਸਾਬ ਮੰਗਿਆ। ਨਾ ਹੀ ਡੈਡੀ ਨੇ ਪੈਸੇ ਖਰਚਣ ਵੇਲੇ ਹੱਥ ਘੁੱਟਿਆ। ਦਾਦੀ, ਡੈਡੀ ਨੂੰ ਆਪਣਾ ਤੀਜਾ ਪੁੱਤ ਮੰਨਦੀ ਸੀ। ਜਦੋਂ ਮੈਂ ਆਉਣਾ ਸੀ ਉਨ੍ਹੀਂ ਦਿਨੀਂ ਅੰਕਲ ਸੁਰਜਨ ਸਿੰਘ ਦਾ ਡੈਡੀ ਨੂੰ ਫ਼ੋਨ ਆਇਆ, "ਜਸਪ੍ਰੀਤ ਸਾਡੇ ਕੋਲ ਰਹੂਗੀ। ਤੁਸੀਂ ਕੋਈ ਚਿੰਤਾ ਨ੍ਹੀਂ ਕਰਨੀ। ਦਾਦੀ-ਪੋਤੀ ਦੋਵੇਂ ਇੱਕੋ ਕਮਰੇ 'ਚ ਸੌਂਇਆਂ ਕਰਨਗੀਆਂ। ਸਮਝ ਲਓ ਉਹ ਇੱਕ ਘਰੋਂ ਉੱਠ ਕੇ ਦੂਜੇ ਘਰ ਆ ਗਈ। ਜਿੰਨਾ ਚਿਰ ਪੜ੍ਹਾਈ ਖਤਮ ਨ੍ਹੀਂ ਹੁੰਦੀ- ਸਾਰੀ ਜ਼ੁੰਮੇਵਾਰੀ ਸਾਡੀ। ਬਾਅਦ 'ਚ ਇਹਦੀ ਮਰਜ਼ੀ।" ਅੰਕਲ ਤੇ ਅੰਟੀ ਮੈਨੂੰ ਬਰਮਿੰਘਮ ਏਅਰਪੋਰਟ ਤੋਂ ਲੈ ਆਏ ਸਨ। ਦਸ ਕੁ ਦਿਨ ਅੰਕਲ ਕਾਰ ਵਿੱਚ ਕਾਲਜ ਛੱਡਣ ਜਾਂਦੇ ਰਹੇ। ਫੇਰ ਉਨ੍ਹਾਂ ਮੈਨੂੰ ਬੱਸ ਦਾ ਰੂਟ ਸਮਝਾ ਦਿੱਤਾ। ਦੂਜੇ ਦੇ ਘਰ ਜਾ ਕੇ ਰਹਿਣਾ ਕਿੰਨਾ ਮੁਸ਼ਕਲ ਹੁੰਦਾ-ਇਹ ਇੱਥੇ ਆ ਕੇ ਜਾਣਿਆਂ। ਰਾਤ ਵੇਲੇ ਮੈਂ ਵੇਲੇ ਸਿਰ ਸੌਣਾ ਹੁੰਦਾ ਪਰ ਦਾਦੀ ਦੀਆਂ ਬੇ-ਸਿਰ-ਪੈਰ ਦੀਆਂ ਗੱਲਾਂ ਨਾ ਮੁੱਕਦੀਆਂ। ਮੋੜ-ਘੋੜ ਕੇ ਸੂਈ ਇਸ ਗੱਲ 'ਤੇ ਆ ਖੜ੍ਹਦੀ, "ਧੀਏ, ਜਿੰਨਾ ਚਿਰ ਸਾਡੇ ਕੋਲ ਆਂ-ਦੇਖੀਂ ਕਿਤੇ ਕੋਈ ਉਲ੍ਹਾਮਾ ਨਾ ਆਵੇ। ਜੇ ਤੈਥੋਂ ਕੋਈ ਗਲਤੀ ਹੋ ਗਈ ਤਾਂ ਤੇਰੀ ਮੰਮੀ ਰੱਜੀ ਨੇ ਤਾਂ ਮੇਰਾ ਜੀਉਣਾ ਹਰਾਮ ਕਰ ਦੇਣਾ। ਘਰੋਂ ਕਾਲਜ ਤੇ ਕਾਲਜੋਂ ਘਰ। ਜਦੋਂ ਤੈਨੂੰ ਇੱਥੋਂ ਦਾ ਚੰਗੀ ਤਰ੍ਹਾਂ ਪਤਾ ਲੱਗ ਗਿਆ ਤਦ ਹੀ ਤੈਨੂੰ 'ਕੱਲੀ ਛੱਡਾਂਗੇ।...ਬੰਦਾ ਤਾਂ ਖੋਤਾ ਹੁੰਦਾ। ਚਹੁੰ ਘੰਟਿਆਂ ਮਗਰੋਂ ਹਿਣਕਣ ਲੱਗ ਜਾਂਦਾ...।"

ਮੈਂ ਤਿੰਨ ਮਹੀਨਿਆਂ ਮਗਰੋਂ ਹੀ ਮੰਮੀ ਨੂੰ ਕਿਹਾ ਸੀ, "ਹੁਣ ਮੈਂ ਇਨ੍ਹਾਂ ਦੇ ਘਰ ਨ੍ਹੀਂ ਰਹਿ ਸਕਦੀ। ਮੈਂ ਕਿਸੇ ਨਾਲ ਰੂਮ ਸ਼ੇਅਰ ਕਰਨ ਬਾਰੇ ਸੋਚ ਲਿਆ।"

ਉਨ੍ਹਾਂ ਵੀ ਝੱਟਪਟ ਹਾਂ ਕਰ ਦਿੱਤੀ ਸੀ, "ਹੈਥੋਂ ਦਾ ਤੈਨੂੰ ਪਤਾ ਹੋਊ। ਕੋਈ ਆਪਣੇ ਇਲਾਕੇ ਦੀ ਕੁੜੀ ਮਿਲ ਜਾਵੇ ਤਾਂ ਤੈਨੂੰ ਸੌਖ ਰਹੂ।"

ਜਿੱਦਾਂ ਦਾ ਕਮਰਾ ਮੈਂ ਚਾਹੁੰਦੀ ਸੀ ਉੱਦਾਂ ਦਾ ਹੀ ਮਿਲ ਗਿਆ। ਮੇਰੇ ਕਮਰੇ ਦੇ ਸੱਜੇ ਪਾਸੇ ਵਾਲੇ ਘਰ ਦਾ ਫਰੰਟ-ਰੂਮ ਸੀ ਜਿਸ ਦਾ ਦਰਵਾਜ਼ਾ ਅੰਦਰ ਵੜਦਿਆਂ ਪੌੜੀਆਂ ਤੋਂ ਪਹਿਲਾਂ ਹੀ ਸੀ। ਪੌੜੀਆਂ ਘਰ ਦੇ ਉੱਪਰਲੇ ਬੈੱਡ-ਰੂਮਾਂ ਨੂੰ ਜਾਂਦੀਆਂ ਸਨ। ਹੇਠਾਂ ਸਾਹਮਣੇ ਬਾਥ ਰੂਮ ਤੇ ਖੱਬੇ ਪਾਸੇ ਮੇਨ ਫਰੰਟ-ਰੂਮ, ਜਿਸ ਦੇ ਪਿੱਛੇ ਡਾਈਨਿੰਗ-ਟੇਬਲ ਤੇ ਕਿਚਨ। ਕਿਚਨ ਮੇਰੇ ਕਮਰੇ ਨਾਲ ਵੀ ਜੁੜਦੀ ਸੀ। ਇਹ ਦਰਵਾਜ਼ਾ ਮੈਂ ਕਿਚਨ ਨੂੰ ਵਰਤਣ ਵੇਲੇ ਹੀ ਖੋਲ੍ਹਦੀ। ਮੈਂ ਆਪਣੇ ਕਮਰੇ ਦੇ ਦਰਵਾਜ਼ੇ ਘੱਟ ਹੀ ਖੋਲ੍ਹਦੀ। ਬਹੁਤਾ ਸਮਾਂ ਲੌਕ ਲਾ ਕੇ ਰੱਖਦੀ। ਡੌਮਨਿਕ ਆਉਂਦਾ ਤਾਂ ਖਾੜ-ਖਾੜ ਕਰਦਾ ਪੌੜੀਆਂ ਚੜ੍ਹਦਾ। ਸਮਾਂਥਾ ਦਾ ਕਮਰਾ ਮੇਰੇ ਕਮਰੇ ਦੇ ਉਪਰ ਸੀ। ਡੌਮਨਿਕ ਉਸ ਦੇ ਕਮਰੇ ਵਿੱਚ ਹੁੰਦਾ ਤਾਂ ਐਦਾਂ ਲੱਗਦਾ ਜਿੱਦਾਂ ਕੋਈ ਉਪਰਲੇ ਫੱਟਿਆਂ 'ਤੇ ਛਾਲਾਂ ਮਾਰ ਰਿਹਾ ਹੋਵੇ। ਕਦੇ-ਕਦੇ ਮੈਂ ਉੱਠ ਕੇ ਦੇਖਦੀ ਕਿ ਕਿਤੇ ਮੇਰੇ ਵਾਲੇ ਪਾਸੇ ਦਾ ਦਰਵਾਜ਼ਾ ਖੁੱਲ੍ਹਾ ਤਾਂ ਨਹੀਂ ਰਹਿ ਗਿਆ। ਮੈਂ ਚਿਟਕਣੀ ਲਾਉਣੀ ਕਦੇ ਨਹੀਂ ਭੁੱਲੀ।

ਮੇਰੇ ਕਮਰੇ ਦੇ ਦਰਵਾਜ਼ੇ ਬੰਦ ਦੇਖ ਸਮਾਂਥਾ ਕਹਿੰਦੀ, "ਤੂੰ ਸਾਰੇ ਫਿਕਰ ਇੱਕ ਪਾਸੇ ਰੱਖ ਕੇ ਡੀਪ

ਸਲੀਪ ਲੈਨੀ ਐਂ।"

ਮੈਂ ਹੱਸਦੀ ਹੋਈ ਕਹਿੰਦੀ, "ਮੈਂ ਥੱਕੀ ਹੁੰਨੀ ਆਂ ਇਸੇ ਲਈ ਬਹੁਤ ਨੀਂਦ ਆਉਂਦੀ।"

"ਐਨੇ ਲੌਕ ਨ੍ਹੀਂ ਲਾਈਦੇ। ਇੱਥੇ ਤੁਹਾਡੀ ਮਰਜ਼ੀ ਬਿਨਾਂ ਕੋਈ ਤੁਹਾਡੇ ਕਮਰੇ 'ਚ ਨ੍ਹੀਂ ਆਉਂਦਾ।"

ਮੈਂ ਉਸ ਨੂੰ ਪਿੱਛਲੇ ਕਮਰੇ, ਜਿੱਥੇ ਮੈਂ ਛੇ ਮਹੀਨੇ ਰਹੀ ਸੀ, ਬਾਰੇ ਕੁੱਝ ਨਹੀਂ ਸੀ ਦੱਸਿਆ। ਜਿਨ੍ਹਾਂ ਨੂੰ ਤੁਸੀਂ ਆਪਣੇ ਸਮਝਦੇ ਹੋ, ਉਨ੍ਹਾਂ ਤੋਂ ਹੀ ਤਾਂ ਖਤਰਾ ਹੁੰਦਾ ਹੈ-ਇਹ ਮੈਨੂੰ ਉੱਥੋਂ ਹੀ ਅਹਿਸਾਸ ਹੋਇਆ ਸੀ। ਭਾ ਜੀ ਤੇ ਭਾਬੀ ਜੀ ਦਾ ਵਿਹਾਰ ਤਾਂ ਠੀਕ ਸੀ ਪਰ ਉਨ੍ਹਾਂ ਦਾ ਛੋਟਾ ਭਰਾ ਕਈ ਵਾਰ ਮੇਰੇ ਕਮਰੇ ਦਾ ਦਰਵਾਜ਼ਾ ਨੌਕ ਕਰਨ ਲੱਗਦਾ। ਇੱਕ ਰਾਤ ਮੈਂ ਦਰਵਾਜ਼ਾ ਖੋਲ੍ਹਿਆ ਤਾਂ ਉਸ ਨੇ ਸੁਲਾਹ ਮਾਰੀ, "ਮੈਂ ਸੋਚਿਆ, ਤੂੰ 'ਕੱਲੀ ਬੋਰ ਹੁੰਦੀ ਹੋਵੇਂਗੀ। ਟੈਲੀ 'ਤੇ 'ਇਸ਼ਕ' ਫਿਲਮ ਆਈ ਹੋਈ। ਬਹੁਤ ਰੁਮਾਂਟਿਕ ਫਿਲਮ ਆ।"



"ਮੈਂ ਟਾਇਰਡ ਆਂ। ਜਦੋਂ ਦਿਲ ਕੀਤਾ ਫਿਲਮ ਯੂਟਿਊਬ 'ਤੇ ਦੇਖ ਲਊਂ।" ਕਹਿ ਕੇ ਮੈਂ ਬੂਹਾ ਬੰਦ ਕਰ ਦਿੱਤਾ ਸੀ। ਉਸ ਰਾਤ ਉਹ ਲਗਾਤਾਰ ਮੇਰਾ ਦਰਵਾਜ਼ਾ ਨੌਕ ਕਰਦਾ ਰਿਹਾ। ਭਾ ਜੀ-ਭਾਬੀ ਜੀ ਕਿਸੇ ਪਾਰਟੀ ਵਿੱਚ ਗਏ ਹੋਏ ਸਨ। ਮੈਂ ਕੰਬਲ ਵਿੱਚ ਮੂੰਹ ਦੇ ਕੇ ਸੌਣ ਦੀ ਕੋਸ਼ਿਸ਼ ਕੀਤੀ। ਸਵੇਰੇ ਕੰਮ 'ਤੇ ਜਾਣਾ ਸੀ। ਕਿੰਨਾ ਹੀ ਚਿਰ ਮੈਨੂੰ ਨੀਂਦ ਨਹੀਂ ਆਈ ਸੀ।

ਜਦੋਂ ਮੇਰਾ ਇੰਗਲੈਂਡ ਆਉਣ ਦਾ ਪ੍ਰੋਗਰਾਮ ਬਣ ਰਿਹਾ ਸੀ ਤਾਂ ਮੰਮੀ ਬਹੁਤ ਹੀ ਫਿਕਰ ਕਰਨ ਲੱਗੇ। ਹਰ ਵੇਲੇ ਨਸੀਹਤਾਂ ਕਰਦੇ ਰਹਿੰਦੇ। ਕਹਿੰਦੇ, "ਤੂੰ ਆਪਣਾ ਖਿਆਲ ਰੱਖੀਂ। 'ਕੱਲੀ ਕੁੜੀ ਨੂੰ ਦੇਖ ਕੇ ਬੰਦੇ ਚਾਂਮ੍ਹਲ ਜਾਂਦੇ ਹੁੰਦੇ ਨੇ।"

ਮੈਂ ਕਿਹਾ ਸੀ, "ਜੇ ਤੁਹਾਨੂੰ ਮੇਰੇ 'ਤੇ ਵਿਸ਼ਵਾਸ ਨ੍ਹੀਂ ਤਾਂ ਨਾ ਭੇਜੋ।"

"ਗੱਲ ਵਿਸ਼ਵਾਸ ਦੀ ਨ੍ਹੀਂ-ਕਦੇ ਮਜਬੂਰੀ ਤੇ ਕਦੇ ਮਨ ਦੀਆਂ ਲਹਿਰਾਂ 'ਚ ਪੈਰ ਥਿੜਕ ਜਾਂਦੇ ਹੁੰਦੇ।" ਉਨ੍ਹਾਂ ਦੀ ਆਵਾਜ਼ ਵਿੱਚ ਅਜੀਬ ਜਿਹੀ ਕੰਬਣੀ ਸੀ। ਮੈਂ ਅਜਿਹਾ ਹੀ ਮਹਿਸੂਸ ਕੀਤਾ। ਫੇਰ ਮੈਂ ਪੁੱਛਿਆ, "ਕਿਤੇ ਤੁਹਾਡੇ ਨਾਲ ਕੁਸ਼ ਐਦਾਂ ਦਾ ਤਾਂ ਨ੍ਹੀਂ ਵਾਪਰਿਆ ਜੋ ਤੁਹਾਨੂੰ ਮੇਰੇ ਬਾਰੇ ਬਹੁਤਾ ਹੀ ਫਿਕਰਮੰਦ ਕਰੀ ਜਾ ਰਿਹਾ?"

ਉਹਨਾਂ ਨੇ ਸੋਫ਼ੇ 'ਤੇ ਚੌਂਕੜੀ ਮਾਰ ਲਈ। ਆਲੇ-ਦੁਆਲੇ ਦੇਖਿਆ ਕਿ ਕੋਈ ਤੀਜਾ ਤਾਂ ਉੱਥੇ ਨਹੀਂ ਹੈ। ਉਹਨਾਂ ਨੇ ਹੌਂਕਾ ਲੈਣ ਵਾਂਗੂੰ ਸਾਹ ਲਿਆ , "ਤੂੰ ਮੇਰੀ ਧੀ ਹੈਂ। ਤੈਨੂੰ ਸੁਚੇਤ ਕਰਨਾ ਮੇਰਾ ਫਰਜ਼ ਏ। ਮਰਦ ਬਹੁਤ ਹੀ ਖ਼ਤਰਨਾਕ ਜਾਨਵਰ ਏ। ਨਾ ਇਹ ਰਿਸ਼ਤਾ ਦੇਖਦਾ ਤੇ ਨਾ ਉਮਰ। ਮੇਰੇ ਭਰਾ ਦੇਬੀ ਨੇ ਤੇਰੀ ਵਿਚਕਾਰਲੀ ਭੂਆ ਰਾਣੋ ਨਾਲ ਜ਼ਬਰਦਸਤੀ ਕੀਤੀ ਸੀ। ਰਾਣੋ ਨੇ ਮਾਤਾ ਜੀ ਨੂੰ ਦੱਸਿਆ। ਮਾਤਾ ਜੀ ਸਿਆਣੇ ਸੀ। ਉਨ੍ਹਾਂ ਦੂਰ ਦੀ ਸੋਚੀ। ਜੇ ਗੱਲ ਨਿਕਲਦੀ ਤਾਂ ਦੋ ਪਰਿਵਾਰ ਪੱਟੇ ਜਾਣੇ ਸੀ। ਉਨ੍ਹਾਂ ਮੈਨੂੰ ਆਪਣੇ ਕੋਲ ਬੈਠਾ ਕੇ ਕਿਹਾ, 'ਰੱਜੀ ਜਾਂ ਤਾਂ ਸਹੁਰੇ ਰੱਖ ਲੈ ਜਾਂ ਪੇਕੇ।' ਮੈਂ ਸਹੁਰੇ ਰੱਖ ਲਏ। ਦੇਬੀ ਨਾਲ

ਮੁੜ ਕੇ ਕਲਾਮ ਨ੍ਹੀਂ ਕੀਤੀ। ਕਲਾਮ ਕੀ, ਮੁੜ ਕੇ ਮੱਥੇ ਨ੍ਹੀਂ ਲੱਗੀ। ਅੱਜ ਤਾਈਂ ਤੇਰੇ ਡੈਡੀ ਨੂੰ ਵੀ ਇਸ ਗੱਲ ਦਾ ਪਤਾ ਨ੍ਹੀਂ ਲੱਗਣ ਦਿੱਤਾ...।''

ਮੈਂ ਹੈਰਾਨ ਹੋਈ ਮੰਮੀ ਦੀ ਗੱਲ ਸੁਣ ਰਹੀ ਸੀ। ਨਾਲ ਹੀ ਭੂਆ ਦਾ ਭੋਲਾ ਜਿਹਾ ਚਿਹਰਾ ਦਿੱਸ ਰਿਹਾ ਸੀ।

ਮੰਮੀ ਦੀ ਗੱਲ ਸੁਣ ਕੇ ਮੈਂ ਕਈ ਰਾਤਾਂ ਸੌਂ ਨਹੀਂ ਸੀ ਸਕੀ। ਮੈਂ ਮੰਮੀ ਨੂੰ ਯਕੀਨ ਦਵਾਇਆ ਸੀ ਕਿ ਮੈਂ ਕਦੇ ਵੀ ਕੋਈ ਗਲਤ ਕੰਮ ਨਹੀਂ ਕਰਾਂਗੀ। ਆਪਣਾ ਧਿਆਨ ਰੱਖਾਂਗੀ। ਮੰਮੀ ਦੇ ਹਰ ਫ਼ੋਨ 'ਤੇ ਇੱਕ ਡਰ ਹੁੰਦਾ ਤੇ ਨਾਲ ਹੀ ਸਮਝੌਤੀਆਂ। ਡੈਡੀ ਜੀ ਕਹਿੰਦੇ, ''ਤੂੰ ਮੇਰਾ ਸ਼ੇਰ ਪੁੱਤ ਆਂ। ਕੋਈ ਕੰਪਲੈਕਸ ਆਵੇ, ਤੂੰ ਆਪਣੇ-ਆਪ ਨੂੰ ਮੁੰਡਾ ਚਿੱਤਵ ਲਿਆ ਕਰ...''

ਇਸ ਐਡਵਾਂਸ ਦੇਸ਼ ਵਿੱਚ ਆ ਕੇ ਮੈਂ ਆਪਣੇ ਵਿੱਚ ਕੁੱਝ ਕੁੱਝ ਤਬਦੀਲੀਆਂ ਮਹਿਸੂਸ ਕਰਨ ਲੱਗੀ ਸੀ। ਸੱਤੇ ਦਿਨ ਬੀਜ਼ੀ ਰਹਿੰਦੀ। ਚਾਰ ਦਿਨ ਕਾਲਜ ਜਾਂਦੀ। ਤਿੰਨ ਦਿਨ ਬੇਕਰੀ ਵਿੱਚ। ਜਿਹੜਾ ਦਿਨ ਕਾਲਜ ਵੱਲੋਂ ਘਰ ਬੈਠ ਕੇ ਕੰਮ ਕਰਨ ਲਈ ਮਿਲਦਾ ਉਹ ਵੀ ਮੈਂ ਪੈਸੇ ਕਮਾਉਣ ਲਈ ਵਰਤ ਲੈਂਦੀ। ਮੇਰੀ ਰੇਲ ਬਣੀ ਰਹਿੰਦੀ। ਅਕਸਰ ਓਵਰ ਟਾਈਮ ਲਾਉਂਦੀ। ਕਦੇ-ਕਦਾਈਂ ਮੇਰੀ ਆਖਰੀ ਬੱਸ ਨਿਕਲ ਜਾਂਦੀ। ਦੋ ਮੀਲ ਤੁਰ ਕੇ ਆਉਣਾ ਪੈਂਦਾ। ਮੈਂ ਇਕੱਲੀ ਸੜਕਾਂ 'ਤੇ ਤੁਰੀ ਜਾਂਦੀ। ਇੰਗਲੈਂਡ ਸੇਫ ਮੰਨਿਆ ਜਾਂਦਾ ਪਰ ਮਾੜੇ ਸਮੇਂ ਦਾ ਕੀ ਪਤਾ। ਜਿੱਧਰ ਪੰਜਾਬੀਆਂ ਦੀ ਵੱਸੋਂ ਸੀ, ਮੈਂ ਉਹ ਰੋਡ ਨਾ ਲੈਂਦੀ।

ਜਿੱਥੇ ਮੈਂ ਬੈਠੀ ਸੀ, ਉੱਥੇ ਧੁੱਪ ਵੀ ਬਹੁਤ ਤੇਜ਼ ਸੀ। ਧੁੱਪ ਚੁੱਭਣ ਲੱਗੀ ਤਾਂ ਮੈਂ ਪਿੱਠ ਕਰ ਕੇ ਬੈਠ ਗਈ। ਸੋਚਣ ਲੱਗੀ- 'ਗੋਰੀਆਂ ਤਾਂ ਨੰਗੀਆਂ ਹੋ ਕੇ ਸਨ-ਬਾਥ ਲੈ ਲੈਂਦੀਆਂ, ਚਲੋ, ਮੈਂ ਕੱਪੜਿਆਂ ਸਣੇ ਹੀ ਲੈ ਰਹੀ ਆਂ।'

* * *

ਮੈਨੂੰ ਕਾਲਜ ਤੋਂ ਵਾਹਵਾ ਕੰਮ ਮਿਲਦਾ। ਅਸਾਈਨਮੈਂਟ ਤਿਆਰ ਕਰਦਿਆਂ ਮੈਨੂੰ ਨੀਂਦ ਆਉਣ ਲੱਗਦੀ ਤਾਂ ਮੈਂ ਰੁਮਾਲ ਗਿੱਲਾ ਕਰ ਕੇ ਅੱਖਾਂ 'ਤੇ ਵਾਰ-ਵਾਰ ਰੱਖਦੀ। ਜੇ ਫੇਰ ਵੀ ਨੀਂਦ ਨਾ ਟਲਦੀ ਤਾਂ ਫ਼ੋਨ 'ਤੇ ਸਪੀਕਰ, ਜੋ ਮੈਂ ਸੰਡੇ ਬਾਜ਼ਾਰ ਵਿੱਚੋਂ ਦਸ ਪੌਂਡਾਂ ਦਾ ਖਰੀਦਿਆ ਸੀ, ਅਟੈਚ ਕਰ ਕੇ ਜੋ ਜੋ ਹਨੀ ਸਿੰਘ ਦਾ ਕੋਈ ਗਾਣਾ ਲਾ ਕੇ ਨੱਚਣ ਲੱਗਦੀ। ਜੇ ਸਮਾਂਥਾ ਘਰ ਹੁੰਦੀ, ਉਹ ਮੇਰਾ ਮਿਉਜ਼ਿਕ ਸੁਣ ਲੈਂਦੀ। ਉਹ ਵੀ ਆ ਜਾਂਦੀ। ਮੇਰੇ ਨਾਲ ਨੱਚਣ ਲੱਗਦੀ। ਉਸ ਨੂੰ ਪੰਜਾਬੀ ਡਾਂਸ ਤਾਂ ਆਉਂਦਾ ਨਹੀਂ ਸੀ। ਉਹ ਮੇਰੇ ਵੱਲ ਦੇਖਦੀ ਮੇਰੇ ਨਾਲ ਸਟੈੱਪ ਰਲਾਉਣ ਲੱਗਦੀ। ਉਸ ਵੱਲ ਦੇਖ ਕੇ ਮੇਰਾ ਹਾਸਾ ਨਿਕਲ ਜਾਂਦਾ। ਕਈ ਵਾਰ ਉਹ ਆਪਣੇ ਫ਼ੋਨ ਤੋਂ ਕੋਈ ਇੰਗਲਿਸ਼ ਗੀਤ ਲਾ ਲੈਂਦੀ। ਉਸ 'ਤੇ ਡਾਂਸ ਕਰਦੀ। ਉਸ ਦੀ ਮਨਪਸੰਦ ਗਾਇਕਾ ਐਰੀਆਨ ਗਰਾਂਡੇ ਸੀ। ਉਹ ਉਸ ਦਾ ਮਸ਼ਹੂਰ ਗੀਤ 'ਨੋ ਟੀਅਰਜ਼ ਲੈਫਟ ਟੂ ਕਰਾਈ' ਸੁਣਦੀ। ਮੈਂ ਵੀ ਉਸ ਦੇ ਸਟੈੱਪਾਂ ਦੀ ਨਕਲ ਕਰਦੀ ਉਸ ਨਾਲ ਡਾਂਸ ਕਰਨ ਲੱਗਦੀ। ਘੰਟੇ ਕੁ ਮਗਰੋਂ ਚਾਹੁੰਦੀ ਕਿ ਹੁਣ ਉਹ ਚਲੇ ਜਾਵੇ ਤਾਂ ਜੋ ਮੈਂ ਆਪਣਾ ਅਸਾਈਨਮੈਂਟ ਪੂਰਾ ਕਰ ਲਵਾਂ ਪਰ ਉਹ ਜਾਣ ਦਾ ਨਾਂ ਨਾ ਲੈਂਦੀ। ਪਿੱਛਲੇ ਹਫ਼ਤੇ ਉਸ ਨੇ ਅਚਾਨਕ ਮੈਨੂੰ ਪੁੱਛਿਆ ਸੀ, ''ਸੈਕਸ ਨੂੰ ਲੈ ਕੇ ਤੁਹਾਡੇ ਸਮਾਜ 'ਚ ਅਲੱਗ ਟੈਬੂ ਕਿਉਂ ਨੇ? ਸੈਕਸ ਨੂੰ ਐਡੀ ਵੱਡੀ ਚੀਜ਼ ਕਿਉਂ ਬਣਾ ਰੱਖਿਆ?''

''ਸਮਾਂਥਾ, ਇਹ ਸਾਡੇ ਸਮਾਜ ਦੇ ਕੁਸ਼ ਨੌਰਮਜ਼ ਹੈਗੇ। ਨੌਰਮਜ਼ ਜਿਹੜੇ ਸਮਾਜ ਦੇ ਵਡੇਰਿਆਂ ਨੇ ਬਣਾਏ ਹੋਏ ਨੇ।''

''ਸੈਕਸ ਨੂੰ ਐਡੀ ਵੱਡੀ ਤੇ ਬਹੁਤ ਵਿਸ਼ੇਸ਼ ਚੀਜ਼ ਬਣਾ ਦਿੱਤਾ ਜਾਂਦਾ ਕਿ ਨੌਜਵਾਨਾਂ ਦੀ ਖਾਸ ਕਰ ਕੇ ਮਰਦਾਂ ਲਈ ਇਸ ਦੀ ਕਰਿਓਸਟੀ ਬਹੁਤ ਵੱਧ ਜਾਂਦੀ, ਜਿਹਦੇ 'ਚੋਂ ਕਰਾਈਮ ਜਨਮ ਲੈਂਦਾ। ਮਾਹਰ

ਕਹਿੰਦੇ ਨੇ ਕਿ ਰੇਪ ਦਾ ਇੱਕ ਕਾਰਨ ਸੈਕਸ ਦੀ ਘਾਟ ਵੀ ਆ।"

"ਤੂੰ ਕਹਿਣਾ ਕੀ ਚਾਹੁੰਦੀ ਆਂ?" ਮੈਨੂੰ ਉਸ ਦੀਆਂ ਗੱਲਾਂ ਦੀ ਸਮਝ ਨਹੀਂ ਲੱਗੀ ਸੀ।

"ਪਹਿਲਾਂ ਨਿਰਭਯਾ ਰੇਪ। ਫੇਰ ਹੈਦਰਾਬਾਦ 'ਚ ਪਸ਼ੂਆਂ ਦੀ ਡਾਕਟਰ ਰੈਡੀ ਨਾਲ ਚਾਰ ਜਾਣਿਆਂ ਨੇ ਰੇਪ ਕੀਤਾ। ਜਿਉਂਦੀ ਨੂੰ ਸਾੜ ਦਿੱਤਾ। ਛੋਟੀ ਬੱਚੀ ਆਸਿਫ਼ਾ ਨਾਲ ਮੰਦਰ 'ਚ ਰੇਪ ਹੋਇਆ। ਉੱਤਰ ਪ੍ਰਦੇਸ਼ ਦੇ ਉਨਾਓ 'ਚ ਤੇਈ ਸਾਲਾਂ ਦੀ ਕੁੜੀ ਨੂੰ ਅੱਗ ਲਾ ਦਿੱਤੀ। ਹੁਣ ਗੁਜਰਾਤ ਦੇ ਅਰਾਵਲੀ ਜ਼ਿਲ੍ਹੇ ਦੇ ਪਿੰਡ ਸਾਇਰਾ ਦੀ ਦਲਿਤ ਕੁੜੀ ਨੂੰ ਰੇਪ ਕਰ ਕੇ, ਫਾਹਾ ਦੇ ਕੇ ਮਾਰ ਦਿੱਤਾ। ਜਿਸ ਦਰੱਖ਼ਤ ਨਾਲ ਉਸ ਕੁੜੀ ਦੀ ਲਾਸ਼ ਲਟਕਾਈ ਸੀ, ਉਸ ਹੇਠ ਕੋਈ ਧਾਰਮਿਕ ਮਟੀ ਸੀ। ਤੁਹਾਡੇ ਦੇਸ਼ 'ਚ ਇਹ ਕਿਉਂ ਹੋ ਰਿਹਾ?"

ਮੈਂ ਦੋਵੇਂ ਹੱਥ ਕੰਨਾਂ 'ਤੇ ਰੱਖ ਲਏ ਸੀ। ਮੈਂ ਕੁੱਝ ਵੀ ਹੋਰ ਨਹੀਂ ਸੁਣਨਾ ਚਾਹੁੰਦੀ ਸੀ। ਮੈਂ ਇੰਨਾ ਹੀ ਕਿਹਾ ਸੀ, "ਸਮਾਂਥਾ, ਮੇਰੀ ਕੰਟਰੀ ਦੀ ਬੜੀ ਖ਼ਬਰ ਰੱਖਦੀ ਆਂ।...ਐਦਾਂ ਤਾਂ ਮੈਲਬੌਰਨ 'ਚ ਰਾਹ ਭੁੱਲੀ ਇੱਕ ਇੰਡੀਅਨ ਕੁੜੀ ਦਾ ਗੋਰੇ ਨੇ ਰੇਪ ਕੀਤਾ ਸੀ।... ਮੈਂ ਐਦਾਂ ਦੀਆਂ ਖ਼ਬਰਾਂ ਬਹੁਤ ਘੱਟ ਪੜ੍ਹਦੀ ਆਂ। ਨਾ ਹੀ ਸੁਣਦੀ ਆਂ। ਪਲੀਜ਼ ਮੈਨੂੰ ਹੋਰ ਡਰਾ ਨਾ।"

"ਸੌਰੀ ਜੈਸ, ਮੈਂ ਤਾਂ ਸਿਰਫ ਮਸਲੇ ਨੂੰ ਡਿਸਕਸ ਕਰਨਾ ਚਾਹੁੰਦੀ ਸੀ। ਮੇਰਾ ਮਤਲਬ ਤੈਨੂੰ ਹਰਟ ਕਰਨਾ ਨ੍ਹੀਂ ਸੀ।" ਕਹਿੰਦੀ ਉਹ ਆਪਣੇ ਕਮਰੇ ਵਿੱਚ ਚਲੇ ਗਈ ਸੀ।

ਸਮਾਂਥਾ ਬਹੁਤ ਸੁਹਣੀ ਕੁੜੀ ਸੀ। ਤੀਹ ਤੋਂ ਟੱਪੀ ਉਮਰ। ਕੱਕੇ-ਭੂਰੇ ਮੋਢਿਆਂ ਤਕ ਕੱਟੇ ਵਾਲ਼। ਪਤਲਾ ਜਿਹਾ ਜਿਸਮ। ਉਹ ਨੂੰ ਦੇਖ ਕੇ ਮੈਨੂੰ ਆਪਾ ਮੋਟਾ ਲੱਗਣ ਲੱਗਦਾ। ਰੰਗ ਇੰਨਾ ਗੋਰਾ ਕਿ ਪਾਣੀ ਪੀਣ ਸਮੇਂ ਗਲ਼ ਰਾਹੀਂ ਜਾਂਦਾ ਪਾਣੀ ਵੀ ਦਿੱਸੇ। ਭਾਵੇਂ ਸਾਰੇ ਗੋਰਿਆਂ ਦਾ ਰੰਗ ਤਾਂ ਐਦਾਂ ਦਾ ਹੀ ਹੁੰਦਾ ਹੈ ਪਰ ਸਮਾਂਥਾ ਕੁੱਝ ਅਲੱਗ ਸੀ। ਕਦੇ-ਕਦੇ ਮੈਨੂੰ ਲੱਗਦਾ ਕਿ ਸਮਾਂਥਾ ਬਹੁਤ ਉਦਾਸ ਤੇ ਇਕੱਲੀ ਹੈ। ਉਹ ਸੁਸਤ-ਸੁਸਤ ਜਿਹੀ ਤੁਰੀ ਫਿਰਦੀ। ਜਦੋਂ ਉਹ ਖੁਸ਼ ਮੂਡ ਵਿੱਚ ਹੁੰਦੀ ਤਾਂ ਦਗੜ-ਦਗੜ ਕਰਦੀ ਪੌੜੀਆਂ ਉਤਰਦੀ। ਮੈਂ ਅੰਦਾਜ਼ਾ ਲਾਉਂਦੀ ਕਿ ਉਹ ਡੌਮਨਿਕ ਨੂੰ ਮਿਲਣ ਜਾ ਰਹੀ ਹੋਵੇਗੀ। ਡੌਮਨਿਕ ਅਲੱਗ ਰਹਿੰਦਾ ਸੀ। ਮੈਂ ਵਿੰਡੋ ਦੇ ਪਰਦੇ ਹਟਾ ਕੇ ਦੇਖਦੀ ਕਿ ਕਿਤੇ ਡੌਮਨਿਕ ਬਾਹਰ ਤਾਂ ਨਹੀਂ ਖੜ੍ਹਾ।

ਇੱਕ ਦਿਨ ਉਸ ਨੇ ਦੱਸਿਆ ਸੀ ਕਿ ਉਸ ਦਾ ਪਿਤਾ ਤੇ ਮਾਂ ਇੱਕ ਐਕਸੀਡੈਂਟ ਵਿੱਚ ਚੱਲ ਵਸੇ ਸੀ। ਉਦੋਂ ਉਸ ਨੇ ਹਾਲੇ ਯੂਨੀਵਰਸਿਟੀ ਛੱਡੀ ਹੀ ਸੀ। ਮਾਂਪਿਆਂ ਦੇ ਤੁਰ ਜਾਣ ਤੋਂ ਬਾਅਦ ਉਸ ਨੂੰ ਇਹ ਦੁਨੀਆ ਓਪਰੀ-ਓਪਰੀ ਲੱਗਣ ਲੱਗੀ ਸੀ। ਘਰ ਵਿਚਲਾ ਇੱਕ ਕਮਰਾ ਕਿਰਾਏ 'ਤੇ ਚੜ੍ਹਾਇਆ ਹੋਇਆ ਸੀ ਜਿਸ ਦਾ ਕਿਰਾਇਆ ਆਉਂਦਾ ਸੀ। ਲੋੜ ਪੈਣ 'ਤੇ ਘਰ ਵਿੱਚ ਹੋਰ ਕਮਰੇ ਵੀ ਸਨ ਜਿਹੜੇ ਕਿਰਾਏ 'ਤੇ ਦਿੱਤੇ ਜਾ ਸਕਦੇ ਸਨ। ਹੁਣ ਵੀ ਸਮਾਂਥਾ ਨੇ ਦੋ ਕਮਰੇ ਕਿਰਾਏ 'ਤੇ ਦਿੱਤੇ ਹੋਏ ਸਨ ਜਿਹਨਾਂ ਵਿੱਚੋਂ ਹੇਠਲਾ ਕਮਰਾ ਮੇਰੇ ਕੋਲ ਸੀ। ਫੇਰ ਸਮਾਂਥਾ ਨੇ ਮਨ ਬਣਾਇਆ ਕਿ ਕਿਉਂ ਨਾ ਦੁਨੀਆ ਘੁੰਮ-ਫਿਰ ਕੇ ਦੇਖੀ ਜਾਵੇ। ਹੁਣ ਤਾਂ ਕਈ ਸਾਲ ਹੋ ਗਏ ਸਨ ਇਸ ਗੱਲ ਨੂੰ ਪਰ ਹਾਲੇ ਵੀ ਜਦੋਂ ਉਸ ਦਾ ਮਨ ਉਚਾਟ ਹੋਣ ਲੱਗਦਾ ਤਾਂ ਆਪਣਾ ਰੱਕ ਸੈਕ ਚੁੱਕ ਕੇ ਪਿੱਠ ਨਾਲ ਲਟਕਾਉਂਦੀ ਤੇ ਕਿਸੇ ਪਾਸੇ ਨਿਕਲ ਜਾਂਦੀ। ਸੋਸ਼ਲ ਮੀਡੀਏ 'ਤੇ ਬਹੁਤ ਸਾਰੇ ਸਮਾਂਥਾ ਵਰਗੇ ਲੋਕਾਂ ਦੇ ਗਰੁੱਪ ਸਨ ਜੋ ਦੁਨੀਆ ਘੁੰਮਦੇ। ਕਈ ਵਾਰ ਸਮਾਂਥਾ ਕਿਸੇ ਗਰੁੱਪ ਨਾਲ ਵੀ ਚਲੇ ਜਾਂਦੀ ਪਰ ਉਸ ਦਾ ਕਹਿਣਾ ਸੀ ਕਿ ਜਿਹੜਾ ਇਕੱਲੇ ਦੁਨੀਆ ਦੇਖਣ ਦਾ ਮਜ਼ਾ ਹੈ, ਉਹ ਗਰੁੱਪ ਵਿੱਚ ਨਹੀਂ।

ਅਸੀਂ ਅਕਸਰ ਮਰਦ ਦੀ ਧੌਂਸ ਬਾਰੇ ਗੱਲਾਂ ਕਰਦੀਆਂ। ਮੈਂ ਆਪਣੇ ਸਮਾਜ ਵਿੱਚ ਮਰਦ ਦੀ ਮਹੱਤਤਾ ਬਾਰੇ ਦੱਸਦੀ। ਮੇਰੀ ਪ੍ਰੋਫ਼ੈਸਰ ਮਿਸਿਜ਼ ਖੰਘੂੜਾ ਕਹਿੰਦੀ ਹੁੰਦੀ ਸੀ ਕਿ ਸਾਡੇ ਸਮਾਜ ਵਿੱਚ ਮਰਦ

ਦੀ ਸਾਨੂੰ ਹਰ ਵੇਲੇ ਲੋੜ ਰਹਿੰਦੀ ਹੈ। ਪਤੀ ਦੇ ਰੂਪ ਵਿੱਚ ਜਾਂ ਪਿਤਾ, ਭਰਾ ਤੇ ਪੁੱਤ ਦੇ ਰੂਪ ਵਿੱਚ। ਇਕੱਲੀ ਔਰਤ ਲਈ ਸਮਾਜ ਵਿੱਚ ਕੋਈ ਥਾਂ ਨਹੀਂ ਪਰ ਇੱਥੇ ਸਮਾਂਥਾ ਇਕੱਲੀ ਬੁੱਕਦੀ ਫਿਰਦੀ ਸੀ। ਇੱਕ ਦਿਨ ਮੈਨੂੰ ਕੋਈ ਗੱਲ ਯਾਦ ਆਈ। ਮੈਂ ਸੁਣਾਉਣ ਲਈ ਸਮਾਂਥਾ ਨੂੰ ਲੱਭਣ ਲੱਗੀ। ਉਹ ਬਾਥ ਰੂਮ ਵਿੱਚੋਂ ਨਿਕਲਦੀ ਮਿਲ ਗਈ। ਮੈਂ ਕਿਹਾ, "ਸਮਾਂਥਾ, ਮੈਂ ਤੇਰੇ ਨਾਲ ਆਪਣੇ ਸਮਾਜ ਦਾ ਇੱਕ ਰਿਵਾਜ ਸਾਂਝਾ ਕਰਨਾ ਚਾਹੁੰਦੀ ਆਂ। ਤੇਰੇ ਕੋਲ ਜੇ ਟਾਈਮ ਹੈ ਤਾਂ?"

"ਮੈਂ ਕੱਪੜੇ ਬਦਲ ਕੇ ਆਉਨੀ ਆਂ ਉਦੋਂ ਤੱਕ ਤੂੰ ਚਾਹ ਬਣਾ। ਇੰਡੀਅਨ ਸਟਾਈਲ।"

ਉਹ ਦੇ ਆਉਣ ਤਾਈਂ ਮੈਂ ਚਾਹ ਬਣਾ ਲਈ। ਉਸ ਨੇ ਚਾਹ ਵਾਲਾ ਕੱਪ ਸੁੰਘਿਆ ਤੇ ਕਿਹਾ, "ਵਾਹ, ਉਹੀ ਖ਼ੁਸ਼ਬੂ!" ਉਸ ਨੇ ਇੰਡੀਆ ਦੇ ਇੰਨੇ ਗੇੜੇ ਮਾਰੇ ਸਨ ਕਿ ਉਸ ਨੂੰ ਦੇਸੀ ਚਾਹ ਸਵਾਦ ਲੱਗਣ ਲੱਗ ਪਈ ਸੀ। ਉਹ ਜਦੋਂ ਵੀ ਮੇਰੇ ਨਾਲ ਬੈਠਦੀ ਤਾਂ ਇਸੇ ਚਾਹ ਦੀ ਫਰਮਾਇਸ਼ ਕਰਦੀ।

"ਹਾਂ ਜੈਸ, ਕੀ ਦੱਸਣਾ ਚਾਹੁੰਦੀ ਆਂ?"

"ਸਮਾਂਥਾ, ਸਾਡੇ ਸਮਾਜ 'ਚ ਕਈ ਵਾਰ ਜੰਮਦੇ ਮੁੰਡੇ ਦੇ ਤੜਾਗੀ ਬੰਨ੍ਹੀ ਜਾਂਦੀ ਆ।"

"ਤਰੈਗੀ ਕੀ?"

"ਇਹ ਇੱਕ ਡੋਰੀ ਹੁੰਦੀ ਆ ਜੋ ਮੁੰਡੇ ਦੇ ਲੱਕ ਦੁਆਲੇ ਬੰਨ੍ਹੀ ਜਾਂਦੀ ਆ। ਇਹ ਮੁੰਡੇ ਦੀ ਮਰਦਾਨਗੀ ਲਈ ਦੁਆ ਹੁੰਦੀ ਆ।"

"ਇਹਦਾ ਮਤਲਬ ਕੁੜੀ ਦੇ ਨ੍ਹੀਂ ਬੰਨ੍ਹੀ ਜਾਂਦੀ।"

"ਨ੍ਹੀਂ।"

"ਮੈਨੂੰ ਪਤਾ, ਇੰਡੀਆ 'ਚ ਸ਼ਿਵਲਿੰਗ ਦੀ ਪੂਜਾ ਬਾਰੇ ਵੀ ਕੁਸ਼ ਐਦਾਂ ਦਾ ਹੀ ਕਿਹਾ ਜਾਂਦਾ।" ਕਹਿੰਦੀ ਉਹ ਹੱਸਣ ਲੱਗੀ।

ਮੈਂ ਕਿਹਾ, "ਸਾਡਾ ਸਮਾਜ ਹੀ ਐਦਾਂ ਦਾ। ਹੁਣ ਕੀ ਕੀਤਾ ਜਾ ਸਕਦਾ?"

"ਨ੍ਹੀਂ, ਸਾਡਾ ਸਮਾਜ ਵੀ ਪਹਿਲਾਂ ਐਦਾਂ ਦਾ ਹੀ ਸੀ। ਵੀਹਵੀਂ ਸਦੀ ਦੇ ਸ਼ੁਰੂ ਦੀਆਂ ਤਸਵੀਰਾਂ ਦੇਖ। ਔਰਤ ਦਾ ਜਿਸਮ ਪੂਰੀ ਤਰ੍ਹਾਂ ਢੱਕਿਆ ਹੁੰਦਾ ਸੀ। ਸਿਰਫ ਮੂੰਹ ਹੀ ਨੰਗਾ ਰਹਿੰਦਾ। ਸਮਾਜ 'ਚ ਔਰਤ ਨੂੰ ਦੂਜੈਲੇ ਥਾਂ ਰੱਖਿਆ ਜਾਂਦਾ ਸੀ। ਇਹ ਤਾਂ ਯੂਰਪ ਦੀ ਔਰਤ ਨੇ ਲੜ ਕੇ ਹੱਕ ਲਏ ਆ ਪਰ ਦੁਨੀਆ ਦੇ ਹਾਲੇ ਵੀ ਬਹੁਤ ਸਾਰੇ ਦੇਸ਼ ਹੈਗੇ ਜਿੱਥੇ ਔਰਤ ਸਿਰਫ ਬੱਚੇ ਪੈਦਾ ਕਰਨ ਜਾਂ ਮਰਦ ਦੀ ਹਵਸ ਪੂਰਾ ਕਰਨ ਦਾ ਸਾਧਨ ਮੰਨੀ ਜਾਂਦੀ ਆ।"

ਗੱਲਾਂ ਕਰਦੀ-ਕਰਦੀ ਸਮਾਂਥਾ ਕਈ ਵਾਰ ਬਹੁਤ ਲੁੱਚੀਆਂ ਗੱਲਾਂ ਕਰ ਜਾਂਦੀ। ਮੈਨੂੰ ਸੰਗ ਲੱਗਣ ਲੱਗਦੀ। ਇੱਕ ਦਿਨ ਪੁੱਛਣ ਲੱਗੀ, "ਜੈਸ, ਤੂੰ ਆਪਣੀ ਲਵ-ਲਾਈਫ ਬਾਰੇ ਕਦੇ ਕੁਸ਼ ਨ੍ਹੀਂ ਦੱਸਿਆ। ਤੇਰਾ ਕੋਈ ਬੁਆਏ ਫਰੈਂਡ ਵੀ ਨ੍ਹੀਂ ਦੇਖਿਆ। ਕੀ ਤੇਰੇ ਨਾਲ ਮੁੰਡੇ ਨ੍ਹੀਂ ਪੜ੍ਹਦੇ ਜਾਂ ਉਹ ਤੈਨੂੰ ਅਪਰੋਚ ਨ੍ਹੀਂ ਕਰਦੇ?"

"ਬਹੁਤ ਮੁੰਡੇ ਨਾਲ ਪੜ੍ਹਦੇ ਨੇ ਤੇ ਬਹੁਤ ਅਪਰੋਚ ਕਰਦੇ ਰਹਿੰਦੇ ਨੇ ਪਰ ਮੈਂ ਬੁਆਏ ਫਰੈਂਡਾਂ ਦੇ ਚੱਕਰਾਂ 'ਚ ਨ੍ਹੀਂ ਪੈਂਦੀ।"

"ਕਿਉਂ? ਤੈਨੂੰ ਕੋਈ ਮੁੰਡਾ ਚੰਗਾ ਨ੍ਹੀਂ ਲੱਗਦਾ?"

"ਇਹ ਗੱਲ ਨ੍ਹੀਂ। ਮੈਂ ਆਪਣੀ ਮਾਂ ਨਾਲ ਵਾਅਦਾ ਕੀਤਾ ਕਿ ਮੈਂ ਪਹਿਲਾਂ ਆਪਣੀ ਪੜ੍ਹਾਈ ਪੂਰੀ ਕਰਾਂਗੀ। ਫੇਰ ਕਿਸੇ ਹੋਰ ਗੱਲ ਬਾਰੇ ਸੋਚਾਂਗੀ।"

"ਕਿਸੇ ਮੁੰਡੇ ਨਾਲ ਰਿਸ਼ਤਾ ਬਣਾਉਣ ਨੂੰ ਤੂੰ ਗਲਤ ਕਹਿੰਦੀ ਆਂ? ਇਹ ਤਾਂ ਤੂੰ ਆਪਣੇ ਅੰਦਰਲੀ

ਔਰਤ ਨਾਲ ਜ਼ਿਆਦਤੀ ਕਰ ਰਹੀ ਆਂ। ਮਰਦ-ਔਰਤ ਦਾ ਰਿਸ਼ਤਾ ਤਾਂ ਦੋਹਨਾਂ ਪਾਸਿਆਂ ਦਾ ਹੁੰਦਾ। ਮਰਦ ਨੂੰ ਔਰਤ ਦੀ ਲੋੜ ਹੁੰਦੀ ਆ। ਔਰਤ ਨੂੰ ਮਰਦ ਦੀ।"

"ਸਾਡੇ ਸਮਾਜ 'ਚ ਐਦਾਂ ਨ੍ਹੀਂ ਚਲਦਾ।"

"ਇਹਦਾ ਮਤਲਬ ਤੂੰ ਵਾਪਸ ਇੰਡੀਆ ਜਾਣਾ। ਪੀ.ਆਰ.ਨ੍ਹੀਂ ਲੈਣਾ।"

"ਨ੍ਹੀਂ, ਮੈਂ ਤਾਂ ਹਰ ਹਾਲਤ 'ਚ ਪੀ.ਆਰ.ਲੈਣਾ। ਇੱਥੇ ਹੀ ਸੈਟਲ ਹੋਣਾ।"

* * *

ਇੱਕ ਦਿਨ ਸਮਾਂਥਾ ਬਾਹਰੋਂ ਆਈ। ਮੇਰੇ ਕਮਰੇ ਦਾ ਦਰਵਾਜ਼ਾ ਖੁੱਲ੍ਹਾ ਦੇਖ ਅੰਦਰ ਆ ਗਈ, "ਜੈਸ, ਬਿੱਜ਼ੀ ਲੱਗਦੀ ਆਂ?"

"ਨ੍ਹੀਂ, ਰਿਵੀਜ਼ਨ ਕਰਦੀ ਆਂ। ਆ ਬੈਠ।"

"ਚਾਹ ਪੀਣ ਨੂੰ ਦਿਲ ਕਰਦਾ।"

"ਸਮਾਂਥਾ, ਦੁੱਧ ਹੈ ਨ੍ਹੀਂ। ਰਾਤੀਂ ਹਨੇਰਾ ਬਹੁਤ ਸੀ। ਬਾਹਰ ਜਾਣ ਤੋਂ ਡਰ ਲੱਗਾ।"

"ਡਰ ਕਿਉਂ?"

"ਪਤਾ ਨ੍ਹੀਂ ਕਿਹੜੇ ਮੋੜ 'ਤੇ ਕੋਈ ਸਿਰਫਿਰਿਆ ਬੈਠਾ ਹੋਵੇ।"

"ਮੈਂ ਨੋਟ ਕੀਤਾ ਕਿ ਤੂੰ ਚੰਗੇ ਮੌਸਮ 'ਚ ਵੀ ਬਾਹਰ ਘੁੰਮਣ ਨ੍ਹੀਂ ਨਿਕਲਦੀ।"

"ਹਾਂ ਸਮਾਂਥਾ, ਮੈਨੂੰ ਬਹੁਤ ਡਰ ਲੱਗਦਾ। ਦੇਖ ਕਿੰਨੀਆਂ ਡਰਾਉਣੀਆਂ ਖ਼ਬਰਾਂ ਆਉਂਦੀਆਂ। ਪਿੱਛਲੇ ਵੀਕ ਮੇਰੀ ਇੱਕ ਕਲਾਸਮੇਟ ਨੇ ਦੱਸਿਆ ਕਿ ਸਾਡੇ ਪੰਜ-ਸੱਤ ਮੁੰਡਿਆਂ ਨੇ ਇੱਕ ਇਲੀਗਲ ਕੁੜੀ ਨੂੰ ਘੇਰਿਆ ਹੋਇਆਂ ਸੀ। ਇੱਕ ਪੰਜਾਬੀ ਬਜ਼ੁਰਗ ਨੇ ਉਸ ਨੂੰ ਛਡਾਇਆ। ਜੇ ਉਹ ਨਾ ਆਉਂਦਾ ਤਾਂ ਉਸ ਵਿਚਾਰੀ ਨਾਲ ਪਤਾ ਨ੍ਹੀਂ ਕੀ ਬੀਤਣਾ ਸੀ...।" ਮੈਂ ਉਸ ਨੂੰ ਉਸ ਦ੍ਰਿਸ਼ ਬਾਰੇ ਕੁੱਝ ਨਹੀਂ ਦੱਸਿਆ ਜਿਹੜਾ ਕਦੇ-ਕਦੇ ਸੁਪਨੇ ਵਿੱਚ ਮੇਰੇ ਸਾਹਮਣੇ ਆ ਖੜ੍ਹਦਾ ਜਿਸ ਵਿੱਚ ਮਾਮਾ ਦੇਬੀ ਭੂਆ ਰਾਣੋ ਨਾਲ ਜ਼ਬਰਦਸਤੀ ਕਰਦਾ ਦਿੱਸਦਾ।

"ਅੰਦਰ ਬੈਠ ਕੇ ਐਦਾਂ ਦੀਆਂ ਗੱਲਾਂ ਸੋਚੀ ਜਾਣਾ ਤੇਰਾ ਡਰ ਵਧਾਅ ਰਿਹਾ। ਇਹ ਡਰ ਹੈ ਹੀ ਨਿਰਮੂਲ। ਰੇਪ ਹੁੰਦੇ ਨੇ। ਜਦੋਂ ਦੀ ਇਹ ਦੁਨੀਆ ਬਣੀ ਆ, ਔਰਤ ਨਾਲ ਇਹ ਵਧੀਕੀ ਹੁੰਦੀ ਹੀ ਆਈ ਆ। ਮਰਦ ਦੀ ਹਰ ਵਧੀਕੀ ਦਾ ਸ਼ਿਕਾਰ ਔਰਤ ਹੀ ਬਣਦੀ ਆ ਰਹੀ ਆ। ਜਦੋਂ ਵੀ ਲੜਾਈ ਲੱਗਦੀ ਆ ਉਦੋਂ ਵੀ ਔਰਤ ਨਾਲ ਜਬਰਦਸਤੀ ਹੁੰਦੀ ਆ। ਅਰਬ ਦੀਆਂ ਮੰਡੀਆਂ 'ਚ ਏਸ਼ੀਅਨ ਔਰਤ ਕਈ ਸਦੀਆਂ ਤਾਈਂ ਵਿੱਕਦੀ ਰਹੀ ਆ। ਇਹਦੇ ਬਾਰੇ ਤੈਨੂੰ ਕਿਸੇ ਦਿਨ ਡੀਟੇਲ 'ਚ ਦੱਸਾਂਗੀ।"

ਮੈਂ ਨੋਟ ਕੀਤਾ ਕਿ ਸਮਾਂਥਾ ਮੇਰਾ ਬਹੁਤਾ ਹੀ ਧਿਆਨ ਰੱਖਣ ਲੱਗ ਪਈ ਸੀ। ਉਹ ਸੋਚਦੀ ਸੀ ਕਿ ਮੈਂ ਇੱਕ ਖੋਲ ਜਿਹੇ ਵਿੱਚ ਰਹਿ ਰਹੀ ਹਾਂ। ਉਸ ਵਿੱਚੋਂ ਬਾਹਰ ਨਿਕਲਾਂ।

* * *

"ਜੈਸ, ਸੌਂ ਗਈਂ?" ਉਸ ਨੇ ਮੇਰੇ ਸੱਜੇ ਪਾਸੇ ਚਾਹ ਦੇ ਕੱਪ ਹੇਠਾਂ ਰੱਖ ਕੇ ਪੁੱਛਿਆ। ਮੈਂ ਹੜਬੜਾ ਕੇ ਉੱਠੀ ਜਿੱਦਾਂ ਗਲਤ ਥਾਂ 'ਤੇ ਬੇਮੌਕਾ ਸੌਂ ਗਈ ਹੋਵਾਂ।

"ਮੈਨੂੰ ਪਤਾ-ਤੈਨੂੰ ਚਾਹ ਦੀ ਲੋੜ ਆ। ਇਸੇ ਲਈ ਬਣਾ ਲਿਆਈਂ।" ਉਸ ਨੇ ਮੋਹ ਨਾਲ ਭਰੀਆਂ ਨਜ਼ਰਾਂ ਨਾਲ ਮੇਰੇ ਵੱਲ ਦੇਖਿਆ।

ਮੈਂ ਚਾਹ ਲਈ ਉਸ ਦਾ ਥੈਂਕਸ ਕੀਤਾ। ਉਸ ਪੁੱਛਿਆ, "ਅੱਜ ਦੀ ਸ਼ਾਮ ਤੂੰ ਵਿਹਲੀ ਆਂ?"

"ਯੈਹ।"

“ਮੈਂ ਤੇਰਾ ਡਰ ਡੌਮਨਿਕ ਨਾਲ ਡਿਸਕਸ ਕੀਤਾ ਸੀ। ਉਸ ਕਿਹਾ ਕਿ ਸਾਨੂੰ ਤੇਰਾ ਡਰ ਦੂਰ ਕਰਨਾ ਚਾਹੀਦਾ।”

“ਮੈਂ ਇੰਨਾ ਵੀ ਨ੍ਹੀਂ ਡਰਦੀ ਜਿੰਨਾ ਤੂੰ ਸੋਚ ਰਹੀ ਆਂ।” ਮੈਂ ਉਸ ਦੇ ਸਾਹਮਣੇ ਕਮਜ਼ੋਰ ਨਹੀਂ ਦਿੱਸਣਾ ਚਾਹੁੰਦੀ ਸੀ। ਆਖਰ ਪੰਜਾਬੀ ਮੁਟਿਆਰ ਹਾਂ।

“ਜਿੰਨਾ ਕੋਈ ਡਰਦਾ ਆ, ਦੁਨੀਆ ਉਸ ਨੂੰ ਹੋਰ ਡਰਾਉਂਦੀ ਆ।”

“ਇਹ ਗੱਲ ਮੇਰੇ ਨਾਨਾ ਜੀ ਵੀ ਕਹਿੰਦੇ ਹੁੰਦੇ।”

ਮੇਰੇ ਨਾਲ ਪੜ੍ਹਦੀਆਂ ਕੁੜੀਆਂ ਪੱਬਾਂ-ਕਲੱਬਾਂ ਵਿੱਚ ਜਾਂਦੀਆਂ ਸਨ ਪਰ ਉਹ ਇਕੱਲੀਆਂ ਨਹੀਂ ਜਾਂਦੀਆਂ ਸਨ। ਉਹਨਾਂ ਨਾਲ ਮੁੰਡੇ ਹੁੰਦੇ ਸਨ। ਮੇਰੇ ਨਾਲ ਦੀਆਂ ਬਹੁਤੀਆਂ ਕੁੜੀਆਂ ਨੇ ਬੁਆਏ ਫਰੈਂਡ ਰੱਖੇ ਹੋਏ ਸਨ। ਕਹਿੰਦੀਆਂ ਸਨ ਕਿ ਐਦਾਂ ਸੇਫ਼ਟੀ ਰਹਿੰਦੀ ਹੈ। ਸਮਾਂਥਾ ਨੇ ਪੱਬ ਜਾਣ ਦੀ ਗੱਲ ਕੀਤੀ ਤਾਂ ਮੇਰੇ ਅੰਦਰ ਉਤਸੁਕਤਾ ਜਾਗ ਪਈ। ਪੱਬਾਂ ਦਾ ਇੰਨਾ ਜ਼ਿਕਰ ਹੁੰਦਾ ਸੀ ਕਿ ਮੈਂ ਦੇਖਣਾ ਚਾਹੁੰਦੀ ਸੀ ਕਿ ਆਖਰ ਪੱਬ ਹੁੰਦਾ ਕੀ ਹੈ। ਮੈਂ ਪੁੱਛਿਆ, “ਆਪਣੇ ਨਾਲ ਹੋਰ ਕੌਣ ਹੋਊਗਾ?”

“ਕੋਈ ਵੀ ਨ੍ਹੀਂ। ਜੇ ਤੂੰ ਚਾਹੇਂ ਤਾਂ ਡੌਮਨਿਕ ਨੂੰ ਬੁਲਾ ਲਵਾਂ।”

“ਫੇਰ ਮੈਂ ਕਬਾਬ ’ਚ ਹੱਡੀ ਕਿਉਂ ਬਣਾਂ।”

“ਤੈਨੂੰ ਇੱਥੇ ਆਇਆਂ ਕਿੰਨਾ ਚਿਰ ਹੋ ਗਿਆ?”

“ਨੀਅਰ ਅਬੌਂਟ ਟੂ ਯੀਅਰਜ਼।”

“ਤੈਨੂੰ ਕਿਸੇ ਨੇ ਕਦੇ ਪ੍ਰਪੋਜ ਨ੍ਹੀਂ ਕੀਤਾ?”

“ਕਈਆਂ ਨੇ ਕੀਤਾ।”

“ਫੇਰ ਤੇਰਾ ਕੀ ਰੀਐਕਸ਼ਨ ਰਿਹਾ?”

“ਨੋ.....।”

“ਤੂੰ ਡਰਦੀ ਮਾਰੀ ਨੇ ਆਪਣੀ ਜਵਾਨੀ ਦੇ ਦਿਨ ਵੇਸਟ ਕਰ ਲੈਣੇ।”

ਮੈਂ ਉਸ ਦੀ ਗੱਲ ਦਾ ਹੁੰਗਾਰਾ ਨਾ ਭਰਿਆ।

“ਤੂੰ ਕਦੇ ਵਾਈਨ ਪੀਤੀ ਆ?” ਉਸ ਪੁੱਛਿਆ।

“ਸ਼ਰਾਬ-ਤੌਬਾ ਮੇਰੇ ਬਾਪ ਦੀ। ” ਮੇਰੇ ਜਿਸਮ ਨੇ ਧੁੰਨਧੁੰਨੀ ਲਈ।

“ਕਮਲੀਏ ਕੁੜੀਏ-ਇਹ ਸ਼ਰਾਬ ਨ੍ਹੀਂ ਹੁੰਦੀ। ਇਹ ਤਾਂ ਔਰਤਾਂ ਲਈ ਹੀ ਬਣੀ ਆ ਸਮਝ ਲੈ।”

“ਪਰ ਸ਼ਰਾਬੀ...।”

ਮੇਰੀ ਗੱਲ ਸੁਣ ਕੇ ਉਹ ਹੱਸਣ ਲੱਗੀ, “ਇਹ ਇੰਗਲੈਂਡ ਆ। ਇੱਥੇ ਐਨੀ ਬੁਰੀ ਸਥਿਤੀ ਨ੍ਹੀਂ। ਕੋਈ ਸ਼ਰਾਬੀ ਤੰਗ ਕਰੇ ਵੀ ਤਾਂ ਸਕਿਉਰਟੀ ਹੁੰਦੀ ਆ। ਤੂੰ ਤਿਆਰ ਰਹੀਂ। ਸ਼ਾਮ ਨੂੰ ਅੱਠ ਕੁ ਵਜੇ ਚੱਲਾਂਗੀਆਂ।”

“ਪਰ ਮੈਂ ਸਿਰਫ ਜੂਸ ਪੀਵਾਂਗੀ।”

ਮੇਰੇ ਕਹਿਣ ’ਤੇ ਸਮਾਂਥਾ ਹੱਸਣ ਲੱਗੀ। ਮੈਂ ਫੇਰ ਪੁੱਛਿਆ, “ਕਿੱਥੇ ਜਾਵਾਂਗੀਆਂ?”

“ਹੇਅਰ ਐਂਡ ਹਾਊਂਡ ਨਾਮੀ ਪੱਬ ’ਚ। ਬੈੱਲ ਟਾਵਰ ਕੋਲ। ਵਧੀਆ ਮਹੌਲ ਵਾਲਾ।’

ਉੱਥੇ ਕੁ ਤਾਂ ਮੈਂ ਇੱਕ ਲੌਂਡਰੀ ਵਿੱਚ ਕੁੱਝ ਮਹੀਨੇ ਕੰਮ ਕੀਤਾ ਸੀ। ਉਹ ਥਾਂ ਸਾਡੇ ਘਰੋਂ ਦੋ ਕੁ ਮੀਲ ਹੋਵੇਗੀ। ਦੋ ਬੱਸਾਂ ਬਦਲਣੀਆਂ ਪੈਂਦੀਆਂ ਸਨ।

ਅਸੀਂ ਅੱਠ ਵਜੇ ਤੋਂ ਕੁਝ ਬਾਅਦ ਹੀ ਘਰੋਂ ਤੁਰੀਆਂ। ਬਾਹਰ ਨਿਕਲੀਆਂ ਤਾਂ ਹਨੇਰਾ ਫੈਲਿਆ ਹੋਇਆ ਸੀ। ਬਹੁਤੀ ਠੰਢ ਤਾਂ ਨਹੀਂ ਸੀ ਪਰ ਮੈਂ ਜ਼ਰਾ ਭਾਰੇ ਕੱਪੜੇ ਹੀ ਪਾ ਲਏ ਸਨ। ਇੰਗਲੈਂਡ ਦੇ ਮੌਸਮ

ਦਾ ਕੁੱਝ ਪਤਾ ਨਹੀਂ ਹੁੰਦਾ। ਘਰੋਂ ਨਿਕਲ ਕੇ ਮੇਨ ਰੋਡ 'ਤੇ ਬੱਸ ਸਟਾਪ ਸੀ। ਪਰ ਸਮਾਂਥਾ ਬੱਸ ਸਟਾਪ 'ਤੇ ਨਾ ਰੁੱਕੀ। ਖੱਬੇ ਪਾਸੇ ਪੈਂਦੇ ਇੱਕ ਪਾਰਕ ਵਿੱਚ ਜਾ ਵੜੀ। ਉਹ ਦੇ ਮਗਰੇ ਹੀ ਮੈਂ। ਇਸ ਪਾਰਕ ਵਿੱਚ ਤਾਂ ਡਰਦੀ ਹੋਈ ਮੈਂ ਦਿਨੇ ਵੀ ਨਹੀਂ ਸੀ ਆਉਂਦੀ। ਰਾਤ ਵੇਲੇ ਪਾਰਕ ਹੋਰ ਵੀ ਡਰਾਉਣਾ ਲੱਗ ਰਿਹਾ ਸੀ। ਸਮਾਂਥਾ ਹੱਸਦੀ ਹੋਈ ਕੋਈ ਗੱਲ ਸੁਣਾ ਰਹੀ ਸੀ। ਅੱਗੇ ਆ ਕੇ ਨਹਿਰ ਦਾ ਪੁੱਲ ਲੰਘ ਕੇ ਸੰਘਣੀਆਂ ਝਾੜੀਆਂ ਡਰਾਉਣੀਆਂ ਦਿੱਸਣ ਲੱਗੀਆਂ ਸਨ। ਛੋਟੇ ਛੋਟੇ ਦਰੱਖ਼ਤ, ਜਿੱਦਾਂ ਭੂਤ ਖੜ੍ਹੇ ਹੋਣ। ਮੇਰੇ ਕੋਲੋਂ ਆਪਣੇ ਆਪ ਨੂੰ ਰੋਕ ਨਾ ਹੋਇਆ, "ਸਮਾਂਥਾ, ਆਏ 'ਮ ਰੀਅਲੀ ਸਕੇਅਰਡ ! ..ਜੇ ਕੋਈ ਸਾਨੂੰ ਇਹਨਾਂ ਝਾੜੀਆਂ 'ਚ..?"

"ਡੌਂਟ ਬੀ ਸਿੱਲੀ।" ਉਸ ਨੇ ਝਿੜਕਣ ਵਾਂਗੂੰ ਕਿਹਾ। ਜਦੋਂ ਤਾਈਂ ਅਸੀਂ ਮੁੜ ਸੜਕ 'ਤੇ ਨਾ ਚੜ੍ਹ ਆਈਆਂ ਮੇਰਾ ਡਰ ਉੱਦਾਂ ਹੀ ਬਣਿਆਂ ਰਿਹਾ।

ਪੱਬ ਵਿੱਚ ਆ ਕੇ ਮੇਰੇ ਸਾਹ ਵਿੱਚ ਸਾਹ ਆਇਆ। ਸਮਾਂਥਾ ਨੇ ਰੋਜ਼ ਵਾਈਨ ਦੇ ਦੋ ਗਲਾਸ ਭਰਾ ਲਏ। ਅਸੀਂ ਖੂੰਜੇ ਦਾ ਇੱਕ ਮੇਜ਼ ਮੱਲ ਲਿਆ। ਐਲ. ਸੀ.ਡੀ. 'ਤੇ ਸੌਕਰ ਦਾ ਮੈਚ ਚੱਲ ਰਿਹਾ ਸੀ। ਪੱਬ ਵਿਚਲੇ ਬਹੁਤੇ ਲੋਕ ਮੈਚ ਦੇਖ ਰਹੇ ਸਨ। ਸਮਾਂਥਾ ਨੇ ਆਪਣਾ ਗਲਾਸ ਉਤਾਂਹ ਨੂੰ ਚੁੱਕ ਕੇ 'ਚੀਅਰਜ਼' ਕੀਤਾ। ਕਿਹਾ, "ਇਸ ਨਵੀਂ ਸ਼ੁਰੂਆਤ ਦੇ ਨਾਂ।" ਫੇਰ ਆਪਣਾ ਗਲਾਸ ਮੇਰੇ ਗਲਾਸ ਨਾਲ ਟਕਰਾਇਆਂ। ਰੋਅਬਦਾਰ ਆਵਾਜ਼ ਵਿੱਚ ਕਿਹਾ, "ਹੈਵ ਏ ਸਿੱਪ।"

ਮੈਂ ਵਾਈਨ ਨਹੀਂ ਸੀ ਪੀਣੀ ਚਾਹੁੰਦੀ। ਉਸ ਨੂੰ ਕਈ ਵਾਰ ਜੂਸ ਲਈ ਕਿਹਾ ਵੀ ਸੀ ਪਰ ਉਸ ਨੇ ਮੇਰੀ ਗੱਲ ਵੱਲ ਧਿਆਨ ਹੀ ਨਾ ਦਿੱਤਾ। ਉਸ ਨੇ ਕੀ ਕਰਨਾ ਸੀ-ਉਹ ਇਹ ਫੈਸਲਾ ਘਰੋਂ ਹੀ ਕਰ ਕੇ ਆਈ ਸੀ।

"ਚੁੱਕ ਲੈ। ਇਹ ਕੋਈ ਜ਼ਹਿਰ ਨ੍ਹੀਂ।" ਉਸ ਨੇ ਰੋਹਬਦਾਰ ਆਵਾਜ਼ ਵਿੱਚ ਕਿਹਾ।

ਉਸ ਦੇ ਕਹਿਣ 'ਤੇ ਮੈਂ ਵਾਈਨ ਦਾ ਛੋਟਾ ਜਿਹਾ ਘੁੱਟ ਭਰ ਲਿਆ। ਜਿੱਦਾਂ ਤਿੱਖਾ ਜਿਹਾ ਸੋਢਾ ਹੁੰਦਾ ਹੈ, ਉੱਦਾਂ ਦਾ ਹੀ ਲੱਗਾ। ਮੈਂ ਦੋ ਕੁ ਹੋਰ ਘੁੱਟ ਭਰੇ। ਸਿਰ ਵਿੱਚ ਇੱਕ ਪਲ ਲਈ ਭਾਰਾਪਨ ਆਇਆ। ਫੇਰ ਠੀਕ ਹੋ ਗਿਆ।

"ਜੈਸ, ਮੈਂ ਜਾਣ-ਬੁਝ ਕੇ ਤੈਨੂੰ ਇਸ ਰਾਹ ਲੈ ਕੇ ਆਈ ਆਂ। ਤੇਰਾ ਡਰ ਲਾਹੁਣ ਲਈ। ਸਾਡੇ ਮੁਲਕ 'ਚ ਹੋਰਨਾਂ ਮੁਲਕਾਂ ਜਿਹਾ ਖਤਰਾ ਨ੍ਹੀਂ। ਖਤਰੇ ਖਤਰੇ 'ਚ ਵੀ ਫਰਕ ਹੁੰਦਾ।... ਰੇਪ ਦਾ ਦਹਿਲ ਹੈ ਹੀ ਅਜਿਹਾ ਕਿ ਹਰ ਔਰਤ ਇਸ ਤੋਂ ਖੌਫ ਖਾਂਦੀ ਆ। ਸਚਾਈ ਇਹ ਆ ਕਿ ਬਹੁਤੇ ਮਰਦ ਸਿਰ ਨਾਲ ਨ੍ਹੀਂ ਲਿੰਗ ਦੇ ਮੁਤਾਬਕ ਸੋਚਦੇ ਨੇ। ਮਰਦ ਚਾਹੇ ਉਹ ਅਫ਼ਰੀਕਾ ਦਾ ਹੋਵੇ, ਏਸ਼ੀਆ ਦਾ ਜਾਂ ਯੂਰਪ ਦਾ। ਪਰ ਸੱਚ ਇਹ ਵੀ ਆ ਕਿ ਇਹ ਸੁਸਾਇਟੀ ਸਾਨੂੰ ਓਨਾ ਹੀ ਹੋਰ ਡਰਾਈ ਜਾਂਦੀ ਆ ਜਿੰਨਾ ਅਸੀਂ ਡਰਦੇ ਆਂ। ਨ੍ਹੀਂ ਤਾਂ ਕਿਸੇ ਦੀ ਕੀ ਮਜ਼ਾਲ ਕਿ ਔਰਤ ਨੂੰ ਉਸ ਦੀ ਮਰਜ਼ੀ ਖ਼ਿਲਾਫ਼ ਕੋਈ ਹੱਥ ਵੀ ਲਾ ਜਾਵੇ।"

ਮੈਂ ਸਮਾਂਥਾ ਵੱਲ ਦੇਖ ਰਹੀ ਸੀ। ਉਸ ਦੇ ਮੋਢਿਆਂ ਤਾਈਂ ਕੱਕੇ-ਭੂਰੇ ਵਾਲ ਉਸ ਦੇ ਗੱਲ ਕਰਨ ਦੇ ਨਾਲ-ਨਾਲ ਹਿੱਲ ਰਹੇ ਸਨ। ਉਹ ਬਹੁਤ ਪਿਆਰੀ ਲੱਗ ਰਹੀ ਸੀ। ਭਾਵੇਂ ਉਹ ਗੋਰੀ ਸੀ ਪਰ ਮੈਨੂੰ ਲੱਗਿਆ ਜਿੱਦਾਂ ਮੇਰੀ ਵੱਡੀ ਭੈਣ ਹੋਵੇ। ਮੈਂ ਸੁਣਿਆਂ ਸੀ ਕਿ ਗੋਰੇ ਸਾਡੇ ਲੋਕਾਂ ਨਾਲ ਬਹੁਤਾ ਨਹੀਂ ਘੁਲਦੇ ਪਰ ਸਮਾਂਥਾ ਵੱਖਰੀ ਕਿਸਮ ਦੀ ਕੁੜੀ ਸੀ। ਉਹ ਮੈਨੂੰ ਅਟਵਾਲ ਦੇ ਸਟੋਰ 'ਤੇ ਕਈ ਵਾਰ ਮਿਲੀ ਸੀ। ਆਪਣੀ ਕਿਚਨ ਲਈ ਸਾਮਾਨ ਲੈਣ ਆਈ। ਮੈਂ ਉਸ ਨੂੰ ਕਮਰੇ ਬਾਰੇ ਪੁੱਛਿਆ ਤਾਂ ਉਸ ਕਿਹਾ ਸੀ, "ਮੈਂ ਕਦੇ ਕਿਸੇ ਏਸ਼ੀਅਨ ਨੂੰ ਆਪਣਾ ਰੂਮ ਕਿਰਾਏ 'ਤੇ ਨ੍ਹੀਂ ਦਿੱਤਾ। ਤੇਰੀ ਭੋਲੀ ਜਿਹੀ ਸੂਰਤ ਦੇਖ ਕੇ ਹਾਂ ਕਰ ਰਹੀ ਆਂ। ਜਦੋਂ ਮਰਜ਼ੀ ਆ ਜਾਈਂ। ਆ ਕੇ ਦੇਖ ਲਈਂ। ਜੇ ਪਸੰਦ ਆਇਆ ਤਾਂ ਮੂਵ ਕਰ ਜਾਈਂ।" ਉਹ

ਉੱਠ ਕੇ ਇੱਕ-ਇੱਕ ਗਲਾਸ ਵਾਈਨ ਦਾ ਹੋਰ ਭਰਾ ਲਿਆਈ। ਮੇਰੇ ਵਾਲਾ ਤਾਂ ਅੱਧੇ ਨਾਲੋਂ ਜ਼ਿਆਦਾ ਪਿਆ ਸੀ। ਮੈਂ ਜਾ ਕੇ ਲੀਚੀਆਂ ਦੇ ਜੂਸ ਦਾ ਗਲਾਸ ਲੈ ਆਈ।

"ਸਮਾਂਥਾ, ਤੂੰ ਐਨੇ ਦੇਸ਼ਾਂ 'ਚ ਘੁੰਮੀ ਆਂ। ਤੇਰੇ 'ਚ ਐਨੀ ਹਿੰਮਤ ਕਿੱਥੋਂ ਆਉਂਦੀ?"

"ਇਹ ਮੇਰੇ ਅੰਦਰ ਹੀ ਆ।"

"ਮਾੜੇ ਬੰਦਿਆਂ ਨਾਲ ਵਾਹ ਨ੍ਹੀਂ ਪਿਆ ਕਦੇ?"

"ਬਹੁਤ ਪਿਆ ਪਰ ਮੈਂ ਕਾਬੂ ਕਰ ਲਿਆ। ਬੰਦਾ ਬੱਚੇ ਵਾਂਗੂੰ ਹੁੰਦਾ। ਉਹਨੂੰ ਇੱਕ ਖਿਡਾਉਣਾ ਚਾਹੀਦਾ।... ਸਾਰੇ ਬੰਦੇ ਮਾੜੇ ਵੀ ਨ੍ਹੀਂ ਹੁੰਦੇ। ਜਦੋਂ ਅਸੀਂ ਘੁੰਮਦੇ-ਫਿਰਦੇ ਆਂ, ਉਦੋਂ ਬੜਾ ਕੁੱਝ ਗੇਨ ਕਰਦੇ ਆਂ। ਸਿੱਖਦੇ ਆਂ। ਘਰ ਬੈਠਿਆਂ ਜਾਂ ਕੰਮ ਤੋਂ ਅਜਿਹਾ ਕੁਸ਼ ਨ੍ਹੀਂ ਸਿੱਖਣ ਨੂੰ ਮਿਲਦਾ ਜਿਹੋ-ਜਿਹਾ ਦੂਜੇ ਕੰਟਰੀਆਂ 'ਚ ਜਾ ਕੇ ਮਿਲਦਾ। ਮੈਨੂੰ ਜ਼ਿਆਦਾ ਚੰਗੇ ਹੀ ਬੰਦੇ ਮਿਲੇ। ਦੋ-ਚਹੁੰਆਂ ਨੂੰ ਛੱਡ ਕੇ। ਇੱਕ ਵਾਰੀ ਮੈਂ ਇੱਥੋਂ ਗਏ ਇੱਕ ਗਰੁੱਪ ਨਾਲ ਹਿਮਾਚਲ ਪਰਦੇਸ ਚਲੇ ਗਈ। ਮੈਂ ਕੁਸ਼ ਦਿਨਾਂ 'ਚ ਸਾਰੇ ਪਹਾੜੀ ਥਾਂ ਦੇਖ ਲਏ। ਉਹ ਇੱਕੋ-ਜਿਹੇ ਲੱਗੇ। ਮੇਰੇ ਗਰੁੱਪ ਦੇ ਬਹੁਤੇ ਲੋਕ ਮੁਫ਼ਤ ਦੀ ਕੈਨਵਿਸ ਕਾਰਨ ਉੱਥੇ ਗਏ ਸਨ। ਮੈਂ ਆਪਣੇ ਸਾਥੀਆਂ ਨੂੰ ਛੱਡ ਕੇ ਦਿੱਲੀ ਜਾਣ ਦਾ ਫੈਸਲਾ ਕਰ ਲਿਆ। ਸ਼ਿਮਲਾ ਪੁੱਜੀ ਤਾਂ ਦਿੱਲੀ ਜਾਣ ਵਾਲੀ ਬੱਸ ਫੜ ਲਈ। ਬੱਸ ਰਾਹ 'ਚ ਖਰਾਬ ਹੋ ਗਈ। ਹੁਣ ਦਿੱਲੀ ਕਿੱਦਾਂ ਜਾਇਆ ਜਾਵੇ? ਮੈਂ ਇੱਕ ਕਾਰ ਨੂੰ ਹੱਥ ਦਿੱਤਾ। ਬਾਈ ਕੁ ਸਾਲ ਦਾ ਮੁੰਡਾ ਸੀ। ਉਹ ਚੰਡੀਗੜ੍ਹ ਜਾ ਰਿਹਾ ਸੀ। ਮੈਂ ਸੋਚਿਆ ਕਿ ਉੱਥੇ ਤਕ ਹੀ ਸਹੀ। ਰੋਹਿਤ ਗੋਗਨਾ ਨਾਂ ਸੀ ਉਹਦਾ। ਦਸ-ਬਾਰ੍ਹਾਂ ਮੀਲਾਂ ਦੇ ਸਫ਼ਰ ਮਗਰੋਂ ਹੀ ਮੈਂ ਜਾਣ ਲਿਆ ਕਿ ਉਹ ਬਹੁਤ ਇਨਟੂਲੈਕਚੁਅਲ ਆ। ਉਸ ਨੇ ਨਵੀਂ-ਨਵੀਂ ਇੰਗਲਿਸ਼ ਲਿਟਰੇਚਰ ਦੀ ਮਾਸਟਰ ਡਿਗਰੀ ਕੀਤੀ ਸੀ। ਉਸ ਨੇ ਜੌਹਨ ਕੀਟਸ ਤੇ ਪੀ. ਬੀ. ਸ਼ੈਲੇ ਬਾਰੇ ਕਾਫੀ ਗੱਲਾਂ ਕੀਤੀਆਂ। ਚੰਡੀਗੜ੍ਹ ਆ ਕੇ ਉਸ ਨੇ ਪੁੱਛਿਆ, 'ਜੇ ਤੁਸੀਂ ਪਿੰਡ ਦੇਖਣਾ ਚਾਹੁੰਦੇ ਹੋ ਤਾਂ ਮੈਂ ਆਪਣਾ ਪਿੰਡ ਦਿਖਾ ਸਕਦਾਂ।' ਕੀ ਕਹਿੰਦੇ ਹੁੰਦੇ ਤੁਸੀਂ ਇੰਡੀਅਨ-ਅੰਨ੍ਹਾ ਕੀ ਮੰਗੇ ਦੋ ਅੱਖਾਂ। ਚੰਡੀਗੜ੍ਹੋਂ ਵੀਹ ਕੁ ਮੀਲਾਂ 'ਤੇ ਉਸ ਦਾ ਰਾਜੋ ਮਾਜਰਾ ਪਿੰਡ ਆ ਗਿਆ। ਸ਼ਾਮ ਦਾ ਵੇਲਾ ਸੀ। ਉਨ੍ਹਾਂ ਦੀ ਕੋਠੀ ਮੋਹਰੇ ਉਸ ਦੇ ਡੈਡ ਦੀ ਗੋਲਡ ਦੀ ਦੁਕਾਨ ਸੀ। ਡੈਡ ਪਿੰਡ ਦਾ ਸਰਪੰਚ ਸੀ। ਬੜੇ ਨਿੱਘ ਨਾਲ ਮਿਲਿਆ। ਰਾਤ ਨੂੰ ਉਸ ਬੋਤਲ ਖੋਲ੍ਹ ਲਈ। ਮੁੜ ਇੰਗਲਿਸ਼ ਲਿਟਰੇਚਰ ਦੀਆਂ ਗੱਲਾਂ ਤੋਰ ਲਈਆਂ। ਉਹ ਜੌਹਨ ਮਿਲਟਨ ਦੇ ਐਪਿਕ 'ਦੀ ਪੈਰਾਡਾਇਸ ਲੌਸਟ' ਦਾ ਫੈਨ ਸੀ। ਮੈਨੂੰ ਐਡਮ ਤੇ ਈਵ ਬਾਰੇ ਤਾਂ ਪਤਾ ਸੀ ਪਰ ਐਪਿਕ ਦੀ ਥੀਮ ਬਾਰੇ ਨ੍ਹੀਂ। ਲੋਰ 'ਚ ਆ ਕੇ ਉਹ ਸੈਟਨ ਦੀਆਂ ਲਾਇਨਸ ਗੁਣਾਉਣ ਲੱਗਾ: ਬੈਟਰ ਟੂ ਰੇਨ ਇਨ ਹਿਲ ਦੈਨ ਸਰਵ ਇਨ ਹੈਵਨ। ਮੈਂ ਉਸ ਨੂੰ ਕਿਹਾ, 'ਇਸ ਐਪਿਕ ਦੀਆਂ ਹੋਰ ਵੀ ਲਾਇਨਸ ਪਾਪੂਲਰ ਨੇ।' ਉਸ ਕਿਹਾ, 'ਜੀ ਹਾਂ। ਜਦੋਂ ਸ਼ੈਤਾਨ ਨੂੰ 'ਗਾਰਡਨ ਆਫ ਈਡਨ' 'ਚੋਂ ਧੱਕਾ ਦੇ ਕੇ ਹੇਠਾਂ ਸੁੱਟ ਦਿੱਤਾ ਤਾਂ ਉਸ ਕਿਹਾ, 'ਦਓ ਵੂਈ ਲੌਸਟ ਦਾ ਹੈਵਨ ਬਟ ਨੌਟ ਦੀ ਫੀਲਡ।' ਸਾਡੇ ਬੈਠਿਆਂ 'ਤੇ ਉਸ ਦੀ ਮੌਮ ਕਈ ਵਾਰ ਆਈ। ਦੋ ਕੁ ਮਿੰਟ ਬੈਠੀ ਵੀ। ਫੇਰ ਗੋਗਨੇ ਨੇ ਕਹਿ ਦਿੱਤਾ, 'ਮੰਮੀ ਜੀ ਤੁਸੀਂ ਜਾ ਕੇ ਸੌਂ ਜਾਓ। ਜਿਹੜੀ ਚੀਜ਼ ਦੀ ਲੋੜ ਪਈ-ਮੈਂ ਆਪੇ ਰਸੋਈ 'ਚੋਂ ਲੈ ਲਵਾਂਗਾ।' ਸਾਰੀ ਰਾਤ ਗੱਲਾਂ 'ਚ ਲੰਘ ਗਈ। ਉਸ ਦੀ ਮੌਮ ਨੇ ਕਿੰਨੇ ਗੇੜੇ ਮਾਰੇ। ਉਹ ਬੜੀ ਡਰੀ-ਡਰੀ ਲੱਗੀ। ਸਵੇਰੇ ਉਹ ਬੱਸ ਸਟੈਂਡ 'ਤੇ ਛੱਡਣ ਆਇਆ ਤਾਂ ਮੈਂ ਉਸ ਨੂੰ ਪੁੱਛਿਆ, 'ਮੇਰੇ ਵਰਗੀ ਸੁਹਣੀ ਕੁੜੀ ਨਾਲ ਸੌਣ ਨੂੰ ਤੇਰਾ ਮਨ ਨ੍ਹੀਂ ਲਲਚਾਇਆ?' ਉਸ ਨੇ ਨੀਵੀਂ ਪਾ ਕੇ ਜੁਆਬ ਦਿੱਤਾ, 'ਜਿਸ ਕੁੜੀ ਨੂੰ ਮੈਂ ਪਰੌਪਰ ਵੇਅ ਨਾਲ ਜਾਣਦਾ ਨਾ ਹੋਵਾਂ, ਉਸ ਨਾਲ ਕਿੱਦਾਂ ਸੌਂ ਸਕਦਾਂ।' ਉਸ ਦਾ ਜੁਆਬ ਸੁਣ ਕੇ ਮੈਂ ਈਮੋਸ਼ਨਲ ਹੋ ਗਈ। ਘੁੱਟ ਕੇ ਜੱਫੀ ਪਾ ਕੇ ਕਿਹਾ, 'ਆਈ ਐਮ ਪਰਾਊਡ ਆਫ ਯੂ'।"

"ਗੋਗਨਾ ਮੁੜ ਕੇ ਨ੍ਹੀਂ ਮਿਲਿਆ ਕਦੇ?"

"ਨ੍ਹੀਂ।"

"ਕਦੇ ਤੂੰ ਫ਼ੋਨ ਨ੍ਹੀਂ ਕੀਤਾ?"

"ਮੈਂ ਕਿਹੜੀ ਇੰਡੀਅਨ ਸੀ ਜਿਹੜੀ ਉਸ ਨਾਲ ਜੁੜ ਜਾਂਦੀ।"

ਉਹ ਮੋਢੇ ਹਿਲਾਉਂਦੀ ਰਹੀ। ਮੈਂ ਹੈਰਾਨ ਹੁੰਦੀ ਗਈ। ਉਸ ਨੇ ਫੇਰ ਕਿਹਾ, "ਹੈਰਾਨ ਨਾ ਹੋ। ਮੇਰੇ ਵਰਗੀਆਂ ਐਡਵੈਂਚਰਸ ਔਰਤਾਂ ਨਾਲ ਕਈ ਤਰ੍ਹਾਂ ਦੀਆਂ ਗੱਲਾਂ ਹੋ ਜਾਂਦੀਆਂ। ਇਹ ਮੈਂ ਰਿਚਰਡਸਨ ਅਕੈਡਮੀ ਤੋਂ ਸਿੱਖਿਆ ਸੀ।"

"ਰਿਚਰਡਸਨ ਅਕੈਡਮੀ?"

"ਯੈਹ, ਇਹ ਅਕੈਡਮੀ ਸੈਂਟਰਲ ਲੰਡਨ 'ਚ ਆ। ਇਹ ਦਾ ਪਤਾ ਮੈਨੂੰ ਜੈਨੀਫਰ ਨੇ ਦਿੱਤਾ ਸੀ। ਇਸ ਅਕੈਡਮੀ 'ਚ ਦੁਨੀਆ ਘੁੰਮਣ ਵਾਲੇ ਟਰੈਵਲਰਾਂ ਨੂੰ ਵਿਸ਼ੇਸ਼ ਟਰੇਨਿੰਗ ਦਿੱਤੀ ਜਾਂਦੀ ਆ। ਦੋ ਹਫ਼ਤੇ ਦੀ ਟਰੇਨਿੰਗ ਆ। ਬੜਾ ਕੁਸ਼ ਸਿਖਾਇਆ ਜਾਂਦਾ। ਜਿੱਦਾਂ ਕਿ ਕਿਹੜੇ ਮੁਲਕ 'ਚ ਜਾਣ ਨਾਲ ਕਿਹੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ। ਟਰੈਵਿਲ ਕਰਨ ਲਈ ਥੋੜ੍ਹਾ ਤੇ ਸਿਰਫ ਜ਼ਰੂਰੀ ਸਾਮਾਨ ਹੀ ਲੈ ਜਾਇਆ ਜਾਵੇ ਵਗੈਰਾ-ਵਗੈਰਾ। ਸਭ ਤੋਂ ਜ਼ਰੂਰੀ ਗੱਲ ਤੁਹਾਡੀ ਸੇਫ਼ਟੀ ਬਾਰੇ ਦੱਸੀ ਜਾਂਦੀ ਆ। ਕਈ ਮੁਲਕਾਂ ਵਿੱਚ ਲੁੱਟੇ ਜਾਣ, ਕੁੱਟ-ਮਾਰ ਜਾਂ ਜਾਨ ਦਾ ਖਤਰਾ ਵੀ ਹੋ ਸਕਦਾ। ਸਭ ਤੋਂ ਵੱਡਾ ਖਤਰਾ ਔਰਤ ਲਈ ਰੇਪ ਦਾ ਹੁੰਦਾ। ਭਾਵੇਂ ਇਹ ਘਟਨਾ ਬਹੁਤ ਘੱਟ ਵਾਪਰਦੀ ਆ ਪਰ ਕਦੇ ਵੀ ਵਾਪਰ ਸਕਦੀ ਆ। ਜੇ ਤੁਸੀਂ ਮੇਰੇ ਵਾਂਗੂੰ ਐਡਵੈਂਚਰਸ ਬਣਨਾ ਤਾਂ ਮਾਨਸਿਕ ਤੌਰ 'ਤੇ ਐਦਾਂ ਦੀਆਂ ਗੱਲਾਂ ਲਈ ਤਿਆਰ ਰਹਿਣਾ ਪੈਣਾ। ਇਸ ਟਰੇਨਿੰਗ 'ਚ ਇੱਕ ਸੇਫ਼ਟੀ ਕਿੱਟ ਵੀ ਦਿੱਤੀ ਜਾਂਦੀ ਆ।"

"ਸੇਫ਼ਟੀ ਕਿੱਟ? ਕੀ ਹੁੰਦਾ ਇਹਦੇ 'ਚ?"

"ਇਹਦੇ 'ਚ ਐਂਟੀ-ਬਾਇਓਟਿਕ ਗੋਲੀਆਂ, ਮਲ੍ਹਮ, ਪਲਾਸਟਰ ਵਗੈਰਾ ਹੁੰਦਾ।"

"ਸਮਾਂਥਾ, ਰੇਪ ਲਈ ਤਿਆਰ ਰਹਿਣ ਦੀ ਗੱਲ ਤੂੰ ਐਦਾਂ ਕਰ ਰਹੀ ਆਂ ਜਿੱਦਾਂ ਕੋਈ ਕਹੇ ਕਿ ਥੱਪੜ ਖਾਣ ਲਈ ਤਿਆਰ ਹੋ ਜਾ।"

"ਸਾਡੀ ਟਰੇਨਰ ਸੂਜ਼ਨ ਸੀ। ਉਹ ਬਹੁਤ ਪਿਆਰ ਨਾਲ ਸਮਝਾਇਆ ਕਰਦੀ ਕਿ ਗਰੁੱਪ 'ਚ ਰਹੋ। ਖਤਰਾ ਹੋਵੇ ਤਾਂ ਭੀੜ 'ਚ ਵੜ ਜਾਵੋ ਜਾਂ ਕਿਸੇ ਨੇੜੇ ਦੀ ਸ਼ੌਪ ਜਾਂ ਸਟੋਰ 'ਚ। ਹੈਲਪ ਲਈ ਰੌਲਾ ਵੀ ਪਾਇਆ ਜਾ ਸਕਦਾ। ਕਈ ਵਾਰ ਹਾਲਾਤ ਤੁਹਾਡੇ ਕਾਬੂ ਤੋਂ ਬਾਹਰ ਵੀ ਹੋ ਸਕਦੇ।"

ਸਮਾਂਥਾ ਆਪਣੇ ਵਹਿਣ ਵਿੱਚ ਬੋਲੀ ਜਾ ਰਹੀ ਸੀ। ਮੈਂ ਵੀ ਉਸ ਨੂੰ ਰੋਕਣਾ ਠੀਕ ਨਾ ਸਮਝਿਆ।

"ਯੂਨੀਵਰਸਿਟੀ ਖਤਮ ਕਰਦਿਆਂ ਹੀ ਮੇਰੇ ਮਨ 'ਚ ਦੁਨੀਆ ਦੇਖਣ ਦਾ ਮਨ ਬਣ ਗਿਆ। ਉਦੋਂ ਹੀ ਰਿਚਰਡਸਨ ਅਕੈਡਮੀ ਜੁਆਇਨ ਕੀਤੀ। ਕੁਸ਼ ਮਹੀਨਿਆਂ ਬਾਅਦ ਪਤਾ ਚੱਲਿਆ ਕਿ ਇੱਕ ਗਰੁੱਪ ਬਗਦਾਦ ਜਾ ਰਿਹਾ। ਇਹ ਉਹ ਵੇਲਾ ਸੀ ਜਦੋਂ ਇਰਾਕ ਵਿੱਚ ਕੁਸ਼ ਅਮਨ-ਅਮਾਨ ਹੋਇਆ ਸੀ। ਸਦਾਮ ਦੇ ਖਾਤਮੇ ਤੋਂ ਬਾਅਦ। ਆਈ. ਐਸ. ਆਈ. ਤੋਂ ਪਹਿਲਾਂ ਦੀ ਗੱਲ ਆ। ਬਹੁਤ ਲੋਕ ਤਾਂ ਢੱਠੇ ਹੋਏ ਬਗਦਾਦ ਨੂੰ ਦੇਖਣਾ ਚਾਹੁੰਦੇ ਸੀ ਪਰ ਮੈਂ ਬਗਦਾਦ ਦਾ ਉਹ ਹਿੱਸਾ ਦੇਖਣਾ ਚਾਹੁੰਦੀ ਸਾਂ ਜਿੱਥੇ ਔਰਤਾਂ ਦੀ ਮੰਡੀ ਲੱਗਿਆ ਕਰਦੀ ਸੀ। ਇੰਡੀਆ ਤੋਂ ਲਿਆਂਦੀਆਂ ਔਰਤਾਂ ਦੀ ਮੰਡੀ। ਇਹ ਭੇਡਾਂ ਵਾਂਗੂੰ ਵੇਚੀਆਂ ਜਾਂਦੀਆਂ। ਕਈ ਸਦੀਆਂ ਵੇਚੀਆਂ ਜਾਂਦੀਆਂ ਰਹੀਆਂ। ਮੈਂ ਇਹ ਗੱਲ ਯੂਨੀਵਰਸਿਟੀ 'ਚ ਪੜ੍ਹੀ ਸੀ। ਮੈਂ ਉਹ ਥਾਂ ਦੇਖਣੀ ਚਾਹੁੰਦੀ ਸੀ।"

ਸਮਾਂਥਾ ਉੱਠ ਕੇ ਵਾਈਨ ਦਾ ਇੱਕ ਗਲਾਸ ਹੋਰ ਲੈ ਆਈ। ਮੈਂ ਵੀ ਜੂਸ ਦਾ ਇੱਕ ਹੋਰ ਗਲਾਸ ਲੈ ਲਿਆ। ਉਸ ਫੇਰ ਕਹਿਣਾ ਸ਼ੁਰੂ ਕੀਤਾ, "ਮੈਂ ਬਗਦਾਦ ਪਹੁੰਚ ਕੇ ਉਸ ਥਾਂ ਦਾ ਪਤਾ ਕਰ ਲਿਆ। ਉਹ ਚੌਂਕ

ਹਾਲੇ ਵੀ ਪੁਰਾਣੇ ਬਗਦਾਦ 'ਚ ਕਿਤੇ ਹੈ ਸੀ। ਇੱਕ ਟੈਕਸੀ ਡਰਾਈਵਰ ਟੁੱਟੀ-ਫੁੱਟੀ ਇੰਗਲਿਸ਼ 'ਚ ਕਹਿਣ ਲੱਗਾ ਕਿ ਉਹ ਮੈਨੂੰ ਉੱਥੇ ਲੈ ਜਾਵੇਗਾ। ਮੈਂ ਗਰੁੱਪ ਤੋਂ ਅਲੱਗ ਹੋ ਕੇ ਟੈਕਸੀ ਵਾਲੇ ਨਾਲ ਤੁਰ ਪਈ। ਕਾਰ ਪੁਰਾਣੇ ਬਗਦਾਦ ਦੇ ਮਿੱਟੀ ਦੇ ਘਰਾਂ ਵਿੱਚ ਦੀ ਲੰਘਣ ਲੱਗੀ। ਇੱਕ ਖੁੱਲ੍ਹੀ ਜਿਹੀ ਥਾਂ 'ਤੇ ਟੈਕਸੀ ਖੜ੍ਹੀ ਕਰ ਕੇ ਉਸ ਕਿਹਾ ਕਿ ਇਹੀ ਉਹ ਥਾਂ ਏ। ਬਹੁਤ ਰੁਮਾਂਚਿਤ ਸੀਨ ਸੀ। ਕਾਫੀ ਸਾਰੇ ਲੋਕ ਸਨ। ਮੈਂ ਵੀ ਕੁਸ਼ ਫੋਟੋ ਖਿਚੀਆਂ। ਵਾਪਸ ਮੁੜਦਿਆਂ ਅਚਾਨਕ ਝਟਕੇ ਨਾਲ ਟੈਕਸੀ ਇੱਕ ਕੱਚੇ ਘਰ ਮੂਹਰੇ ਰੁਕੀ। ਡਰਾਈਵਰ ਨੇ ਗੰਨ ਮੇਰੇ ਵੱਲ ਸਿੱਧੀ ਕੀਤੀ। ਟੈਕਸੀ 'ਚੋਂ ਨਿਕਲ ਕੇ ਨਾਲ ਤੁਰਨ ਲਈ ਕਿਹਾ। ਮੇਰੀ ਤਾਂ ਜਿੱਦਾਂ ਦੁਨੀਆ ਹੀ ਘੁੰਮ ਗਈ ਹੋਵੇ। ਮੈਨੂੰ ਲੱਗਿਆ ਕਿ ਹੁਣ ਵੀ ਗੋਲੀ ਚੱਲੀ ਕਿ ਹੁਣ ਵੀ ਚੱਲੀ। ਇੱਕ ਕੱਚੇ ਜਿਹੇ ਘਰ ਦੇ ਅੰਦਰ ਲੈ ਜਾ ਕੇ ਮੈਨੂੰ ਕੱਪੜੇ ਲਾਹੁਣ ਦਾ ਹੁਕਮ ਦਿੱਤਾ। ਹੁਣ ਮੇਰੇ ਕੋਲ ਦੋ ਰਾਹ ਸਨ। ਜਾਂ ਤਾਂ ਗੋਲੀ ਖਾਵਾਂ ਜਾਂ ਫੇਰ ਉਹ ਦਾ ਕਹਿਣਾ ਮੰਨਾਂ। ਟੈਕਸੀ ਡਰਾਈਵਰ ਨੇ ਮੇਰੇ ਨਾਲ ਜਬਰ-ਦਸਤੀ ਕੀਤੀ। ਜੇ ਮੈਂ ਰਿਚਰਡਸਨ ਅਕੈਡਮੀ ਜੁਆਇਨ ਨਾ ਕੀਤੀ ਹੁੰਦੀ ਤਾਂ ਮੇਰੀ ਮਨੋ-ਸਥਿਤੀ ਕਿੱਦਾਂ ਦੀ ਹੋਣੀ ਸੀ। ਮੈਂ ਜਿਊਣਾ ਸੀ। ਮੈਂ ਇਸ ਸਭ ਕੁਸ਼ ਬਾਰੇ ਪਹਿਲਾਂ ਹੀ ਸੋਚ ਕੇ ਗਈ ਸੀ।" ਉਸ ਨੇ ਵਾਈਨ ਦੇ ਦੋ-ਤਿੰਨ ਘੁੱਟ ਭਰੇ ਤੇ ਮੇਰੇ ਵੱਲ ਦੇਖਣ ਲੱਗੀ।

"ਫੇਰ?"

"ਮੈਂ ਪੁਲਿਸ ਕੋਲ ਰਿਪੋਰਟ ਦਰਜ਼ ਕਰਵਾਈ। ਅਗਾਂਹ ਉੱਥੋਂ ਦੀ ਪੁਲਿਸ ਜਾਣੇ ਕਿ ਉਸ ਕੀ ਕਾਰਵਾਈ ਕਰਨੀ ਆ।"

ਉਸ ਦੀ ਗੱਲ ਸੁਣ ਕੇ ਮੇਰੀਆ ਲੱਤਾਂ ਕੰਬਣ ਲੱਗੀਆਂ। ਮੈਨੂੰ ਲੱਗਣ ਲੱਗਾ ਕਿ ਬਗਦਾਦ ਦੇ ਮਿੱਟੀ ਦੇ ਘਰ ਵਿੱਚ ਸਮਾਂਥਾ ਨਹੀਂ ਜਿੱਦਾਂ ਮੈਂ ਹੋਵਾਂ।

ਮੈਂ ਜੂਸ ਦਾ ਇੱਕ ਵੱਡਾ ਘੁੱਟ ਭਰਿਆ। ਪੁੱਛਿਆ, "ਇਸ ਘਟਨਾ ਤੋਂ ਬਾਅਦ ਮੁੜ ਕੇ ਘੁੰਮਣ ਜਾਣ ਦਾ ਹੌਸਲਾ ਕਿੱਦਾਂ ਪਿਆ?"

"ਮੈਂ ਦੱਸਿਆ ਨਾ ਕਿ ਮੈਂ ਇੱਕ ਐਡਵੈਂਚਰਸ ਆਂ। ਨਿੱਤ ਤਜ਼ਰਬੇ ਕਰਨੇ ਮੇਰਾ ਸ਼ੌਂਕ ਆ। ਅੱਜ ਐਨਾ ਹੀ ਕਾਫੀ ਆ। ਕਿਸੇ ਹੋਰ ਦਿਨ ਤੁਹਾਡੇ ਕੰਟਰੀ ਦੇ ਸ਼ਹਿਰ ਤਰਨਤਾਰਨ ਲਾਗਲੇ ਪਿੰਡ ਤੇ ਪਾਕਿਸਤਾਨ ਦੇ ਲਾਇਲਪੁਰ ਦੇ ਪਿੰਡ ਦੌਲਾ ਚੱਕ ਦੇ ਹੌਰੀਬਲ ਤਜ਼ਰਬੇ ਸਾਂਝੇ ਕਰੂੰਗੀ। ਹੋਰ ਸੁਣ ਬਰਾਜ਼ੀਲ ਤੇ ਬੋਲੀਵੀਆ ਵੀ ਗਈ ਜਿਹੜੇ ਬਹੁਤੇ ਖਤਰਨਾਕ ਮੁਲਕ ਮੰਨੇ ਜਾਂਦੇ ਨੇ। ਹੁਣ ਘੁੰਮਣਾ ਮੇਰੇ ਖੂਨ 'ਚ ਰਚ ਚੁੱਕਾ।"

ਉਸ ਨੇ ਮੇਰੇ ਦੋਵੇਂ ਹੱਥ ਆਪਣੇ ਹੱਥਾਂ ਵਿੱਚ ਲਏ ਤੇ ਕਿਹਾ, "ਮਾਈ ਡਾਰਲਿੰਗ, ਰੇਪ ਇੱਕ ਹਊਆ ਜ਼ਰੂਰ ਆ ਪਰ ਇਹਦੇ ਕੋਲੋਂ ਐਨਾ ਨਾ ਡਰ ਕਿ ਜਿਊਣਾ ਹੀ ਛੱਡ ਦੇਵੇਂ।"

ਪੱਬ ਦੇ ਦੂਜੇ ਹਿੱਸੇ ਜਿੱਧਰ ਡਾਂਸ ਫਲੋਰ ਸੀ, ਸੰਗੀਤ ਦੀ ਆਵਾਜ਼ ਜ਼ਰਾ ਉੱਚੀ ਹੋ ਗਈ। ਪੱਬ-ਕਲੱਬ ਵਿੱਚ ਜਾ ਕੇ ਡਾਂਸ ਕਰਨ ਬਾਰੇ ਅਕਸਰ ਮੈਂ ਸੋਚਿਆ ਕਰਦੀ ਸੀ ਪਰ ਇੰਨੀਆਂ ਗੱਲਾਂ ਕਰ ਕੇ ਹੁਣ ਮੇਰਾ ਡਾਂਸ ਕਰਨ ਦਾ ਮੂਡ ਨਹੀਂ ਸੀ। ਸਮਾਂਥਾ ਵੀ ਸ਼ਾਇਦ ਮੇਰੇ ਵਾਂਗੂੰ ਹੀ ਸੋਚਦੀ ਹੋਵੇ। ਮੈਂ ਫ਼ੋਨ 'ਤੇ ਟਾਈਮ ਦੇਖਿਆ। ਉਸ ਨੂੰ ਦਿਖਾਇਆ। ਉਹ ਉੱਠ ਖੜ੍ਹੀ। ਹੱਥ ਫੜ ਕੇ ਮੈਨੂੰ ਵੀ ਉਠਾ ਲਿਆ। ਅਸੀਂ ਪੱਬ ਵਿੱਚੋਂ ਬਾਹਰ ਆਈਆਂ ਤਾਂ ਪਤਾ ਨਹੀਂ ਮੇਰੇ ਮਨ ਵਿੱਚ ਕੀ ਆਇਆ ਕਿ ਮੈਂ ਉਸ ਨੂੰ ਜੱਫੀ ਵਿੱਚ ਲੈ ਕੇ ਚੁੰਮ ਲਿਆ। ਸਾਹਮਣੇ ਸਤਾਸੀ ਨੰਬਰ ਬੱਸ ਆ ਰਹੀ ਸੀ। ਉਹ ਬੋਲੀ, "ਜੈਸ, ਚੱਲ ਦੌੜ। ਬੱਸ ਸਟਾਪ 'ਤੇ ਪੁੱਜੀਏ। ਬੱਸ ਫੜ ਲਈਏ।"

"ਨ੍ਹੀਂ ਸਮਾਂਥਾ, ਪਾਰਕ ਵਿੱਚ ਦੀ ਤੁਰ ਕੇ ਚੱਲਦੀਆਂ।" ਮੈਂ ਉਸ ਦਾ ਹੱਥ ਫੜੀ, ਸੜਕ ਲੰਘ ਕੇ ਉਸ ਪਾਰਕ ਵਿੱਚ ਜਾ ਵੜੀ ਜਿੱਧਰ ਦੀ ਅਸੀਂ ਆਈਆਂ ਸੀ। (**ਸੰਪਰਕ-98148-03254**)

**ਕਹਾਣੀ**

# ਨੂਣ

**ਬਲੀਜੀਤ**



ਗਰੀਬ ਘਰ ਵਿੱਚ ਇੱਕ ਦੁੱਧ ਦੇਣ ਵਾਲਾ ਪਸ਼ੂ ਵੀ ਹੋਣਾ ਚਾਹੀਦਾ... ਸੁਦਾਗਰ ਇੰਜ ਨਹੀਂ ਸੀ ਸੋਚਦਾ। ਉਹ ਸੋਚਦਾ ਕਿ ਮੁੱਲ ਦੇ ਦੁੱਧ ਵਿੱਚ ਕੀ ਹੁੰਦਾ? ਘਰ ਵਿੱਚ ਮ੍ਹੈਸ ਰੱਖੀ ਹੋਵੇ ਤਾਂ ਜੁਆਕ ਸੁਭ੍ਹਾ ਸ਼ਾਮ ਖਾਣ ਪੀਣ। ਤਕੜੇ ਤੰਦਰੁਸਤ ਹੋਣ। ਸਰੀਰ ਦੇ ਜ਼ੋਰ ਚਾਰ ਪੈਸੇ ਕਮਾਉਣ। ਚਾਰ ਦੇ... ਚਾਰ ਚੌਕੇ ਸੋਲ੍ਹਾਂ ਬਣਾਉਣ। ਗਾਂ... ਬੱਕਰੀ ਦਾ ਦੁੱਧ ਤਾਂ ਪਾਣੀਓ ਹੁੰਦਾ। ਪਤਲਾ। ਇਹੀ ਸੋਚਦਾ ਉਹ ਇੱਜੜ ਚਾਰਦੇ ਡੱਡੂ ਬਾਲਮੀਕੀਏ ਦੇ ਘਰ ਵੱਲ ਨੂੰ ਚਲ ਪਿਆ...

ਇੱਕੋਲਾਹੇ ਪਿੰਡ ਦੇ ਸੁਦਾਗਰ ਚਮਾਰ ਨੂੰ ਸਾਇਕਲ 'ਤੋਂ ਉਤਰਦਾ ਦੇਖ ਡੱਡੂ ਨੂੰ ਖਾਸੀ ਹੈਰਾਨੀ... ਪ੍ਰੇਸ਼ਾਨੀ ਹੋਈ। ਸੁਦਾਗਰ ਨੂੰ ਉਸ ਨੇ ਕੋਈ ਸੁਨੇਹਾ ਨਹੀਂ ਸੀ ਦਿੱਤਾ। ਡੱਡੂ ਉਤਰੇ ਹੋਏ ਮੂੰਹ ਨਾਲ ਖੜਕਾਨਿਆਂ ਦੀ ਫਟਕੀ ਪਿੱਛੇ ਘਰ ਅੰਦਰ ਨਿਆਨਿਆਂ ਨੂੰ ਪੁੱਛਣ ਗਿਆ ...ਪਰ ਕਿਸੇ ਨੇ ਵੀ ਸੁਦਾਗਰ ਨੂੰ ਕੋਈ ਸੁਨੇਹਾ ਨਹੀਂ ਸੀ ਦਿੱਤਾ ਕਿਸੇ ਪਸ਼ੂ ਦੇ ਮਰਨ ਦਾ। ਇਹ ਉਹਨਾਂ ਸਮਿਆਂ ਦੀ ਗੱਲ ਐ ਜਦੋਂ ਇੰਟਰਨੈੱਟ... ਮੋਬਾਇਲ ਨਹੀਂ ਸੀ ਹੁੰਦਾ। ਰਾਤ ਨੂੰ ਰਾਹ ਦਿਖਾਉਣ ਵਾਲੀ... ਐਵਰਰੈਡੀ ਦੇ ਦੋ ਸੈੱਲਾਂ ਵਾਲੀ ਸਟੀਲ ਦੀ ਬੈਟਰੀ ਵੀ ਕਿਸੇ ਘਰ ਦਾ ਮਾਣ ਹੁੰਦੀ ਸੀ। ਰੇਡੀਉ ਤਾਂ ਕਿਤੇ ਖਾਂਦੇ ਪੀਂਦੇ ਘਰਾਂ 'ਚ ਹੋ ਸਕਦਾ ਸੀ। ਤਾਂ ਵੀ ਸੁਦਾਗਰ ਨੇ ਪੁੱਛ ਪੁੱਛਕੇ ਡੱਡੂ ਦਾ ਠੀਹਾ ਲੱਭ ਲਿਆ। ਡੱਡੂ ਦਾ ਘਰਾਂ ਵਰਗਾ ਘਰ ਨਹੀਂ... ਬਸ ਟਿਕਾਣਾ ਸੀ ਜਿੱਥੇ ਉਹ ਸ਼ਾਮ ਨੂੰ ਪਸ਼ੂ ਇਕੱਠੇ ਕਰ ਕੇ ਖੜ੍ਹੇ ਕਰ ਲੈਂਦਾ। ਬਾਕੀ ਪਸ਼ੂ ਤਾਂ ਪਤਾ ਨਾ ਲੱਗਦਾ ਕਿ... ਰੱਬ ਜਾਣੇ ਓਹਦੇ ਜਾਂ ਕੀਹਦੇ ਸਨ ਪਰ ਉਸਨੇ ਵੱਗ ਵਿੱਚ ਆਪਣਾ ਬਹੁਤ ਸੁਹਣਾ ਸੁਨੱਖਾ ਝੋਟਾ ਮਹੀਆਂ ਨਵੀਆਂ ਕਰਨ ਨੂੰ ਰੱਖਿਆ ਹੋਇਆ ਸੀ। ਮ੍ਹੈਸ ਨਵੀਂ ਕਰਨ ਦਾ ਰੇਟ ਉਹ ਹਰ ਛਿਮਾਹੀਂ ਬਜ਼ਾਰ ਵਿੱਚ ਆਟੇ-ਦਾਲ ਦੇ ਭਾਅ ਨਾਲ ਮਿਲਾਕੇ... ਸਮਝ ਕੇ ਉਤਾਂਹ ਨੂੰ ਚੁੱਕੀ ਜਾਂਦਾ। ਓਹਦੇ ਝੋਟੇ ਦੀ ਮੰਗ ਬਹੁਤ ਸੀ। ਉਸਦੀ ਨਵੀਂ ਕੀਤੀ ਮ੍ਹੈਸ ਹਿੱਲਦੀ ਨਹੀਂ ਸੀ।

ਡੱਡੂ ਨੇ ਸੁਦਾਗਰ ਨੂੰ ਸੈਨਤ ਕੀਤੀ ਕਿ ਉਹ ਉੱਧਰ ਨੂੰ ਆਵੇ ਜਿੱਧਰ ਨੂੰ ਉਹਦੇ ਟਿਕਾਣੇ ਦੇ ਇੱਕ ਪਾਸੇ ਗੁੱਗਾ ਮੈੜੀ ਬਣੀ ਹੋਈ ਸੀ।

"ਕਿਮੇ ਬਾਈ ... ਕਿਮੇ ਗੇੜਾ ਮਾਰਿਆ?"

"ਛੋਟੇ ਭਾਈ ਮੈਂ ਘਰ ਦੁੱਧ ਨੂੰ ਛੋਟੀ ਜਹੀ ਕੱਟੀ ਦੇਖਦਾ ਫਿਰਦਾਂ...।" ਡੱਡੂ ਨੇ ਹੌਲਾ ਜਿਹਾ ਹੋ ਕੇ ਨੀਝ ਨਾਲ ਸੁਦਾਗਰ ਨੂੰ ਦੇਖਿਆ,"ਜੇ ਤੇਰੇ ਕੋਲ ਹੋਵੇ... ਅਧਿਆਰੇ 'ਪਰ...।"

ਡੱਡੂ ਮੁੰਨਿਆ ਸਿਰ ਖੁਰਚਦਾ 'ਅਧਿਆਰਾ' ਬੋਲ ਕੇ ਚੁੱਪ ਕਰ ਗਿਆ... ਫੇਰ ਖਾਸੀ ਦੇਰ ਬਾਅਦ ਕਹਿੰਦਾ,"ਨਾ ਬਈ ਅਧਿਆਰਾ ਨੀਂ ਪੁੱਗਦਾ... ਉਂ ਕੱਟੀ ਹੈਗੀ ਮੇਰੇ ਪਾ। ਸਾਲ ਦੀ ਨੀਂ ਹੈਗੀ ਹਲੇ। ਜਾਹ ਦੇਖ ਲੈ। ਟਾਹਲੀ ਹੇਠ। ਜੇ ਪੁੱਗਦੀ ਐ। ਵੀਹ ਤੇ ਪੈਸਾ ਘੱਟ ਨੀਂ ਪੁੱਗਣੀ। ਮਾਰ ਲੈ ਨਿਗ੍ਹਾ।" ਵੀਹ ਰੁਪੱਈਆਂ ਦਾ ਨਾਂਓ ਸੁਣ ਕੇ ਸੁਦਾਗਰ ਨੂੰ ਝਟਕਾ ਜਿਹਾ ਲੱਗਿਆ... ਸੋਚਿਆ ਛੱਡ ਪਰੇ ਕੱਟੀ ਨੂੰ... ਕਦ ਦੁੱਧ ਪੀਣਾ ਦੋ

ਸਾਲ ਨੂੰ... ਪਰ ਉਸ ਨੂੰ ਘਰੋਂ ਪ੍ਰਸਿੰਨੀ ਨੇ ਦਬਿੱਲ ਕੇ ਤੋਰਿਆ ਹੋਇਆ ਸੀ ਕਿ ਕਿੰਨੀ ਵਾਰੀ ਉਹ ਗੱਲਾਂ ਗੁੱਲਾਂ ਮਾਰ ਕੇ ਬਾਹਾਂ ਲਟਕਾਉਂਦਾ ਘਰਾਂ ਨੂੰ ਮੁੜ ਆਉਂਦਾ। 'ਹੁਣ ਖਾਲੀ ਹੱਥ ਲਟਕਾਉਂਦਾ ਨਾ ਮੁੜੀਂ।' ਸੁਦਾਗਰ ਉੱਜੜੀ ਜਹੀ ਟਾਹਲੀ ਹੇਠ ਬੰਨ੍ਹੀ ਕੱਟੀ ਦੇਖਣ ਤੁਰ ਗਿਆ। ਕੱਟੀ...? ਭੋਡੀ ਜਹੀ ਭੁੱਖ ਦੀ ਮਾਰੀ ਹੋਈ ਕੱਟੀ। ਪਤਲੀ ਗਰਦਣ। ਸੁਸਤ। ਅੱਖਾਂ ਦੇ ਕੋਇਆਂ 'ਚ ਗਿੱਡ। ਮਰੀਅਲ। ਠੰਢ ਵਿੱਚ ਕੁੜਕਦੀ। ਕੰਗਰੋੜ ਉੱਤੇ ਕਾਗਜ਼ ਵਰਗੀ ਸਾਫ਼ ਪਤਲੀ ਚਮੜੀ ਜੋ ਸੁਦਾਗਰ ਨੇ ਪੋਟਿਆਂ 'ਚ ਘੁੱਟ ਕੇ ਦੇਖੀ। ਦੋਵੇਂ ਵੱਖੀਆਂ ਤੋਂ ਢਿੱਡ ਹੇਠਾਂ ਨੂੰ ਲਮਕਦੇ ਲੰਬੇ ਛਿੱਦਰੇ ਛਿੱਦਰੇ ਭੂਰੇ ਵਾਲ ਚਿਪਕੇ ਹੋਏ। ਲਮਕਦੇ ਵਾਲਾਂ ਵਿੱਚ ਅੱਠ ਦਸ ਭੌਂਖੜੇ ਵੀ ਫਸੇ ਹੋਏ। ਉਸ ਦੇ ਪਿੰਡੇ ਨੂੰ ਚਮਜੂੰਆਂ... 'ਜੀਵੀ' ਵੀ ਲੱਗੀ ਹੋਈ ਸੀ। ਵੀਹ ਦਮੜੇ ਕਿਤੇ ਥੋੜ੍ਹੇ ਹੁੰਦੇ ਐ... ਪੋਹ ਦਾ ਮਹੀਨਾ ਨੀਂ ਟੱਪਦੀ... ਫੇਰ ਵੀ ਮੈੜੀ ਦੇ ਕੱਚੇ ਥਾਂ ਕੋਲ ਬੈਠਦਿਆਂ ਬੋਲਿਆ, "ਕੱਟੀ ਤਾਂ ਤਨੂੰ ਵੀ ਦਿਖਦੀਓ ਐ। ਬਾਰਾਂ ਦੀ ਦੇ ਦੇਹ... ਪਤਾ ਨੀਂ ਬਚਦੀ ਵੀ ਐ ਕ ...।"

"ਸਾਲ ਹੋ ਜਾਣਾ ਸੇਵਾ ਕਰਦੇ... ਬਾਰਾਂ ਦੀ? ਮੁਖਤ ਦਾ ਮਾਲ ਤਾਂ ਨੀਂ?"

"ਤੇਰਾਂ?" ਸੁਦਾਗਰ ਵੀ ਆਪਣੇ ਢੰਗ ਦਾ ਵਪਾਰੀ ਸੀ। ਉੱਤੋਂ ਉਸ ਦੇ ਮਨ ਵਿੱਚ ਆਪਣੀ ਤੀਮੀਂ ਦੇ 'ਖਾਲੀ ਹੱਥ ਲਟਕਾਉਣ' ਵਾਲੀ ਗੱਲ ਵੀ ਸਿਰ ਚੁੱਕੀ ਖੜ੍ਹੀ ਸੀ।

"ਤੇਤੇ ਨੀਂ ਲੇ ਹੋਣੀ"

" ਚੌਦਾਂ? ਪਰ ਪੈਸੇ ਅੱਧੇ ਅੱਜ। ਬਾਕੀ ਅਹਿਤੋਂ ਅਗਲੀ ਸੰਗਰਾਂਦ ਨੂੰ।" ਸੁਦਾਗਰ ਉੱਠ ਖੜ੍ਹਾ ਹੋਇਆ।

" ਜੇ ਐਂ ਕਰਨਾ ਤਾਂ ਪੰਦਰਾਂ ਕਰਦੇ। ਹੁਣ ਬੋਲੀਂ ਨਾ। ਪੁੱਗਦੀ ਐ... ਜਾਹ ਖੋਲ੍ਹ ਲੈ ਕੱਟੀ।"

...ਤੇ ਪੈਂਤੀ ਸਾਲਾਂ ਦਾ ਸੁਦਾਗਰ ਆਪਣੇ ਜੀਵਨ 'ਚ ਪਹਿਲੀ ਵਾਰ ਭਰੇ ਹੱਥੀਂ ਇੱਕ 'ਜਿਉਂਦਾ' ਜੀਅ ਕੱਟੀ ਸਾਇਕਲ ਪਿੱਛੇ ਰੱਸੀ ਨਾਲ ਬੰਨ੍ਹੀ ਰੋੜ੍ਹਦਾ ਘਰ ਆ ਵੜਿਆ। ਇਸ ਤੋਂ ਪਹਿਲਾਂ ਉਸਦੀ ਤੀਮੀਂ ਨੇ ਇੱਕ ਦੇਸੀ ਕੁੜਕ ਮੁਰਗੀ ਆਂਡਿਆਂ 'ਤੇ ਬਠਾਲੀ ਸੀ। ਸੁਹਣੀ ਮੁਰਗੀਆਂ ਦੀ ਡਾਰ ਵਿਹੜੇ ਵਿੱਚ ਫੜਫੜਾਉਣ ਲੱਗ ਪਈ। ਨਿਆਣੇ ਆਂਡਿਆਂ ਦੀ ਭੁਰਜੀ ਖਾਣ ਲੱਗ ਪਏ। ਹੁਣ ਘਰ ਦੇ ਦੁੱਧ ਦੀ ਨੀਂਹ ਰੱਖੀ ਗਈ।

"ਲੈ। ਤੂੰ ਕਹਿੰਦੀ ਤੀ ਦੁੱਧ ਦਾ ...।"

"ਹਾਂ ਨਿਆਣੇ ਦੁੱਧ ਤਾਂ ਪੀਉਂਗੇ।"

"ਪੰਦਰਾਂ ਦੀ ਦਿੱਤੀ। ਸੱਤ ਨਗਦ ਦੇ ਤੇ। ਬਾਕੀ ਅਹਿਤੋਂ ਅਗਲੀ ਸੰਗਰਾਂਦ ਨੂੰ।"

" ਆਹ ਕਿਆ ਸੁਆਹ ਖਰੀਦ ਲਿਆਇਆ ਪੰਦਰਾਂ ਦੀ...। " ਜਦੋਂ ਪ੍ਰਸਿੰਨੀ ਨੇ ਕੱਟੀ ਦੇਖੀ ਤਾਂ ਸੁਦਾਗਰ ਨਾਲ ਲੜਨ ਆਲੀ ਹੋ ਗਈ। ਮਰੀਅਲ ਕੱਟੀ ਦੇਖਕੇ ਇੱਕ ਵਾਰ ਤਾਂ ਪ੍ਰਸਿੰਨੀ ਨੂੰ ਹੌਲ ਪੈ ਗਿਆ। ਉਸ ਨੂੰ ਹੋਰਾਂ ਦੇ ਪਸ਼ੂ ਮਰਨ ਦੇ ਸੁਨੇਹੇ ਦੇਣ ਵਾਲੇ ਬਹੁਤ ਪਿਆਰੇ ਲੱਗਦੇ। ਸਭ ਨੂੰ ਚਾਹ ਪਾਣੀ ਪੁੱਛਦੀ ਹੋਈ ਧੁਰ ਅੰਦਰੋਂ ਕਿਸੇ ਰੱਬ ਦਾ ਸ਼ੁਕਰ ਕਰਦੀ। ਪਰ ਹੁਣ ਪੰਦਰਾਂ ਰੁਪੱਈਆਂ ਦੀ ਕੱਟੀ ਦੇ ਮਰਨ ਦਾ ਡਰ ਘਰ ਦੀ ਫਜ਼ਾ ਅੰਦਰ ਫੈਲ ਗਿਆ।

"ਕੋਈ ਅਕਲ ਨਾਲ ਤੁਰ। ਨਿਆਣੇ ਤਾਂ ਹੁਣ ਬੈਠੇ ਐ ਚਾਹ ਤੇ ਬਗੈਰ। ਹੋਰ ਫ਼ਾਹਾ ਪਾ ਲਿਆਇਆ ਮੇਰੀ ਜਾਨ ਨੂੰ। ਤਿੰਨ ਸਾਲ ਹੁਣ ਇਹਦੀ ਸੇਵਾ ਕੌਣ ਕਰੂੰਗਾ। ਹੁਣੇ ਮੋੜਿਆ ਜਾ ਕੇ।"

"ਮੋੜਿਆ? ਤੂੰ ਸਦੈਣ ਐਂ। ਮ੍ਹੈਸ ਜੋਗੇ ਪੈਸੇ ਕੀਹਤੋਂ ਲਿਆਵਾਂ।"

"ਮੋੜਿਆ ਮੋੜਿਆ। ਮੇਤੇ ਨੀਂ ਇਹ ਫ਼ਾਹਾ ਪੁੱਗਣਾ। ਅਸੀਂ ਤਾਂ ਹੁਣ ਬੈਠੇ ਐਂ ਭੁੱਖੇ। ਜਾਹ... ਜਾ ਕੇ ਮੋੜਿਆ।"

ਪ੍ਰਸਿੰਨੀ ਨੂੰ ਲੱਗਿਆ ਕਿ ਚਾਰ ਨਿਆਣਿਆਂ ... ਵੱਡਾ ਮੁੰਡਾ ... ਫੇਰ ਉੱਪਰੋਥਲੀ ਤਿੰਨ ਕੁੜੀਆਂ ...

ਚਾਰਾਂ ਨੇ ਪਹਿਲਾਂ ਹੀ ਘਰ 'ਚ ਖੜਦੁੰਮ ਪਾਇਆ ਹੋਇਆ। ਪੰਜਵੀਂ ਹੋਰ ਮਰੀਅਲ ਕੱਟੀ ਆ ਗਈ ਲਹੂ ਪੀਣ... ਪਰ ਸੁਦਾਗਰ ਨੇ ਉਸ ਦੀ ਇੱਕ ਨਾ ਸੁਣੀ। ਸੁਦਾਗਰ ਨੇ ਠੰਢ ਵਿੱਚ ਕੰਬਦੀ ਕੱਟੀ ਨੂੰ ਨਿੱਘ ਦੇਣ ਲਈ ਉਸ ਦੁਆਲੇ ਸੁੱਕਾ ਫ਼ੂਸ 'ਕੱਠਾ ਕਰਕੇ ਅੱਗ ਲਾ ਦਿੱਤੀ। ਫੇਰ ਉਸ ਨੇ ਕੱਟੀ ਦੇ ਪਿੰਡੇ ਨੂੰ ਥੋੜ੍ਹਾ ਜਿਹਾ ਮਿੱਟੀ ਦਾ ਤੇਲ ਮਲ਼ ਦਿੱਤਾ। ਅੱਗ ਕੱਟੀ ਦੇ ਵਾਲਾਂ ਨੂੰ ਪੈ ਗਈ ਤੇ ਉਹ ਤੜਪ ਕੇ ਮਰੀ ਮਰੀ ਘਰ ਤੋਂ ਦੂਰ... ਪਿੰਡ ਦੇ ਬਾਹਰਲੇ ਟੋਭੇ ਵੱਲ ਨੂੰ ਭੱਜ ਗਈ। ਜਿੰਨਾ ਚਿਰ ਵਾਲਾਂ ਨੂੰ ਲੱਗੀ ਅੱਗ ਦਾ ਸੇਕ ਬਰਦਾਸਤ ਨਾ ਹੋਇਆ ਕੱਟੀ ਨੇ ਸ਼ੂਟ ਵੱਟੀ ਰੱਖੀ। ਪ੍ਰਸਿੰਨੀ ਨੂੰ ਆਪਣਾ ਘਰਵਾਲਾ ਹੋਰ ਵੀ ਬੇਅਕਲ ਲੱਗਿਆ ਜਿਸ ਨੇ ਜਿਉਂਦੇ ਜਾਨਵਰ ਨੂੰ ਅੱਗ ਲਾ ਕੇ ਤੜਫ਼ਾ ਦਿੱਤਾ। ਉਸ ਨੇ ਜ਼ਿੰਦਗੀ ਵਿੱਚ ਐਸਾ ਨਜ਼ਾਰਾ ਪਹਿਲੀ ਵਾਰ ਦੇਖਿਆ ਸੀ।

"ਰੱਬ ਦਾ ਜੀਅ... ਤੈਂ ਮਾਰਨਾ ਇਹਨੂੰ।" ਉਸਨੂੰ ਆਪਣੀ ਮਰ ਚੁੱਕੀ ਸਭ ਤੋਂ ਵੱਡੀ ਧੀ ਯਾਦ ਆ ਗਈ।

"ਮੈਂਖਿਆ ਸਹੁਰੀ ਦੇ ਜੀਅ ਜਲ ਜੂੰਗੇ।"

"ਲੂੰ ਕੈਂਚੀ ਨਾਲ ਕੁਤਰ ਦਿੰਦਾ...।"

"ਕੈਂਚੀ ! " ਸੁਦਾਗਰ ਨੂੰ ਖ਼ਿਆਲ ਆਇਆ ਕਿ ਦੁਨੀਆ ਵਿੱਚ ਕੈਂਚੀ ਵੀ ਕੋਈ ਚੀਜ਼ ਹੁੰਦੀ ਐ ਤੇ ਉਹ ਚੀਜ਼ ਉਸ ਦੇ ਘਰ ਵਿੱਚ ਵੀ ਹੈਗੀ ਐ। ਫੇਰ ਬੋਲਿਆ, " ਕਿਹੜਾ ਘੰਟਾ ਲਾਊਂਗਾ। ਮੈਂਖਿਆ ਇੱਕ ਮਿੰਟ ਮਾ ਕੰਮ ਨਿਬੇੜ ਦਮਾਂ।" ਕੱਟੀ ਦੇ ਵਾਲ਼ ਥੋੜ੍ਹੇ ਹੀ ਜਲੇ ਸਨ। ਪਰ ਅੱਗ ਤਾਂ ਅੱਗ ਈ ਹੁੰਦੀ ਐ। ਝੁਲਸੇ ਹੋਏ ਮਾਸ ਦੀ ਕਾਲਸ ਢਿੱਡ ਥੱਲੇ ਵਾਲਾਂ ਦੇ ਇੱਕ ਗੁੱਛੇ ਕੋਲ ਸੀ। ਪ੍ਰਸਿੰਨੀ ਘਰ ਅੰਦਰੋਂ ਪੁਰਾਣੀ ਕੈਂਚੀ ਲੱਭ ਲਿਆਈ। ਡੂਢ ਘੰਟਾ ਨਾਈ ਵਾਲਾ ਕੰਮ ਕਰਦੇ ਕੱਟੀ ਸਾਫ਼ ਹੋ ਗਈ। ਹੋਰ ਵੀ ਹੌਲ਼ੀ... ਮਾੜਕੂ ਜਿਹੀ ਦਿਸਣ ਲੱਗੀ। ਹੋਰ ਵੀ ਮਰੀਅਲ। ਪਸਲੀਆਂ ਚਮਕਣ ਲੱਗੀਆਂ। ਉਸ ਦੀ ਰੁੰਡੀ ਮੁੰਡੀ ਪੂੰਛ ਘੜੀ ਦੇ ਪੈਂਡੂਲਮ ਤੋਂ ਵੱਧ ਨਾ ਹਿਲ ਸਕਦੀ। ਪਤਲੀ ਪੂੰਛ ਜਿਵੇਂ ਕਾਗ਼ਜ਼ 'ਤੇ ਗੂੜ੍ਹੀ ਲਕੀਰ ਮਾਰੀ ਹੋਵੇ। ਉਹ ਪੂੰਛ ਜਿਸ ਵਿੱਚ ਮੱਖੀਆਂ ਉਡਾਉਣ ਦੀ ਜਾਨ ਵੀ ਬਾਕੀ ਨਾ ਹੋਵੇ। ਪ੍ਰਸਿੰਨੀ ਨੂੰ ਮਰੀਅਲ ਕੱਟੀ 'ਤੇ ਜਿਵੇਂ ਤਰਸ ਆ ਕੇ ਆਪਣੇ ਬੱਚਿਆਂ ਵਰਗੀ... ਆਪਣੇ ਘਰ ਦਾ ਜੀਅ ਹੀ ਲੱਗਣ ਲੱਗ ਪਈ। ਆਪਣੇ ਬੱਚਿਆਂ ਵਾਂਗ ਹੀ ਪਾਲਣ, ਵੱਡੇ ਹੋਣ ਤੇ ਕਿਸੇ ਕੰਮ ਆਉਣ... ਕੋਈ ਗਰਜ਼ ਸਾਰਨ ਦੀ ਉਮੀਦ ਵਿੱਚ ਉਸ ਦੀ ਸੇਵਾ ਕਰਨ ਲੱਗੀ।।

ਸੁਦਾਗਰ ਨੇ ਬਾਂਸ ਦੀ ਪੋਰੀ ਘੜ ਛਿੱਲ ਕੇ ਛੋਟੀ ਜਹੀ ਨਾਲ਼ ਬਣਾਈ। ਕੂੰਡੀ ਵਿੱਚ ਇੱਕ ਮੁੱਠੀ ਤਾਰਾਮੀਰਾ ਰਗੜਿਆ। ਵਿੱਚ ਲੱਸੀ ਤੇ ਸਰੋਂ ਦਾ ਤੇਲ ਪਾਇਆ। ਜੂਐਣ ਪਾ ਕੇ ਚੰਗੀ ਤਰਾਂ ਘੋਟ ਕੇ ਨਾਲ਼ ਨੱਕੋ ਨੱਕ ਭਰ ਲਈ... ਤੇ ਭਰੀ ਹੋਈ ਨਾਲ਼ ਕੱਟੀ ਦੇ ਸੰਘ ਵਿੱਚ ਉਲੱਦ ਦਿੱਤੀ। "ਸਾਲੀ ਦੀਆਂ ਜੂਨਾਂ ਨਿਕਲ ਜੂੰ ਗੀਆਂ।" ... ਤੇ ਕੱਟੀ ਨੇ ਦੂਸਰੇ ਦਿਨ ਜੂਨਾਂ ਦਾ ਗੁੱਛਾ ਔਹ ਬਾਹਰ ਵਗਾਹ ਕੇ ਮਾਰਿਆ... ਤੇ ਕੱਟੀ ਅੰਦਰੋਂ ਬਾਹਰੋਂ ਬਿਲਕੁਲ ਸਾਫ਼ ਹੋ ਗਈ।

ਕਿੰਨੇ ਕੁ ਕੱਖ ਖ਼ਾਂਦੀ ਸੀ ਉਹ। ਪ੍ਰਸਿੰਨੀ ਇੱਕ ਪੰਡ ਖੱਬਲ ਦੀ ਲਿਆਉਂਦੀ ਤਾਂ ਕੱਟੀ ਤੋਂ ਦੋ ਦਿਨ ਨਾ ਮੁੱਕਦੀ। ਹੁਣ ਪ੍ਰਸਿੰਨੀ ਨੂੰ ਕੱਟੀ ਪਾਲਣੀ ਸੌਖੀ ਲੱਗੀ। ਤਸਲੇ ਵਿੱਚ ਪਾਣੀ ਪਿਲਾ ਦਿੰਦੀ। ਗੁੜ ਦੀ ਛੋਟੀ ਜਹੀ ਪਿਓਸੀ, ਆਟੇ ਦਾ ਛਾਣ ਤੇ ਬਚੀਆਂ ਰੋਟੀਆਂ ਦੀ ਮਲ਼ ਕੇ ਚੂਰੀ ਬਣਾ ਦਿੰਦੀ। ਰੋਜ਼ ਨਲਕੇ 'ਤੇ ਨਲ੍ਹਾ ਦਿੰਦੀ। ਮਹੀਨੇ ਪਿੱਛੋਂ ਹੀ ਕੱਟੀ ਚਮਕਣ ਲੱਗ ਪਈ। ਉਸ ਦੇ ਅੱਖਾਂ ਵਿੱਚ ਵੀ ਚਮਕ ਆਉਣ ਲੱਗ ਪਈ। ਜ਼ੋਰ ਨਾਲ ਪੋਲਾ ਜਿਹਾ ਖੁੰਡਾ ਪੁੱਟ ਦਿੱਤਾ। ਸੁਦਾਗਰ ਨੇ ਨਵਾਂ ਮੋਟਾ ਖੁੰਡਾ ਡੂੰਘਾ ਗੱਡ ਦਿੱਤਾ। ਬੱਚਿਆਂ ਵਾਂਗ ਭਾਵੇਂ ਪ੍ਰਸਿੰਨੀ ਕੱਟੀ ਦੇ ਸਾਰੇ ਕੰਮ ਕਰਦੀ ਰਹਿੰਦੀ ਤਾਂ ਵੀ ਸੁਦਾਗਰ ਨੂੰ ਸਾਝਰੇ ਉੱਠਦੇ ਸਾਰ ਪਹਿਲਾਂ ਕੱਟੀ ਨੂੰ ਠੀਕ ਠਾਕ ਖੜ੍ਹੀ ਬੈਠੀ, ਜੁਗਾਲੀ ਕਰਦੀ ਦੇਖਣ ਦਾ ਮਨ ਹੁੰਦਾ।

" ਬਜ਼ਾਰ ਤੇ ਨਵੀਂ ਸੰਗਲੀ ਲਿਆਈਂ।" ਪ੍ਰਸਿੰਨੀ ਨੂੰ ਘਰ ਵਿੱਚ ਹਿੱਲਦੀ ਕੱਟੀ ਦਾ ਚਾਓ ਹੋਣ

ਲੱਗਿਆ।

"ਕੱਲ੍ਹ ਨੂੰ ਲਿਆਉਂਗਾ।"

... ਤੇ ਮੋਟੇ ਖੁੰਡੇ ਦੁਆਲੇ ਸੰਗਲੀ ਨਾਲ ਜ਼ੋਰ ਕਰਦੀ, ਘੁੰਮਦੀ... ਪ੍ਰਸਿੰਨੀ ਦੇ ਨਿਆਣਿਆਂ ਨੂੰ ਹੁਰਕਦੀ... ਲਾਡ ਕਰਦੀ... ਕਦੇ ਚਾਂਭਲ ਕੇ ਕੱਖ ਖਿੰਡਾ ਦਿੰਦੀ। " ਦੇਖ ਮਸ਼ਕਰੀਆਂ ਕਰਦੀ ਨੂੰ। ਖਾ ਨੀਂ ਹੁੰਦਾ। ਟਿਕ ਕੇ ਖਾ ਵੀ ਨੀਂ ਹੁੰਦਾ ਈਹਤੋਂ। " ਪ੍ਰਸਿੰਨੀ ਬਾਰਾਂ ਸਾਲ ਦੀ ਵੱਡੀ ਧੀ ਨੂੰ ਸਮਝਾਉਂਦੀ, "ਜਦ ਵੀ ਕੱਖ ਪਾਉਣੇ, ਪੁੱਤ ਫੋਲ ਕੇ ਪਾਈਂ। ਐਵੀਂ ਬਿੱਚ ਕੁਸ ਹੁੰਦਾ। ਨਾਲੇ ਤੱਤੇ ਕੱਖਾਂ ਦੀ ਭਾਫ਼ ਨਿਕਲ ਜਾਂਦੀ ਐ।" ਵੰਡ ਉਹ ਆਪ ਪਾਉਂਦੀ। ਪਤਾ ਨਹੀਂ ਘਰ ਵਿੱਚ ਵੰਡ ਉਹਨੇ ਕਿੱਥੇ ਲੁਕੋ ਕੇ ਰੱਖਿਆ ਹੋਇਆ ਸੀ।

ਪ੍ਰਸਿੰਨੀ ਦੇ ਬੱਚਿਆਂ ਵਾਂਗ ਘਰ ਵਿੱਚ ਕੱਟੀ ਵੀ ਪਲਣ ਲੱਗ ਪਈ। ਕਈ ਘਰਾਂ ਵਿੱਚ ਪਸ਼ੂਆਂ ਦੇ ਬੱਚਿਆਂ ਵਰਗੇ ਨਾਂਓ ਰੱਖ ਦਿੱਤੇ ਜਾਂਦੇ ਐ... ਪਰ ਇਹ ਘਰ ਉਵੇਂ ਦਾ ਕਿੱਥੇ...? •••

ਕਣਕ ਦੀ ਵਢਾਈ ਦੀ ਆਵਤ ਵਿੱਚ ਮਾਲਕ-ਤੀਵੀਂ ਨੇ ਕੱਟੀ ਲਈ ਤੂੜੀ ਦੀ ਮੰਗ ਵੀ ਰੱਖ ਦਿੱਤੀ। ਉਹਨਾਂ ਜ਼ਮਾਨਿਆਂ 'ਚ ਪਿੰਡਾਂ 'ਚ ਤੂੜੀ ਨੂੰ ਕੋਈ ਨਾ ਪੁੱਛਦਾ। ਆਵਤੀਏ ਕੁੱਪ ਬੰਨ੍ਹ ਦਿੰਦੇ। ਕੁੱਪਾਂ ਦੀ ਮਾਲਕੀ ਦੀ ਪਛਾਣ ਕੋਈ ਨਾ ਕਰ ਕਰਦਾ। ਖੜ੍ਹੇ ਖੜ੍ਹੇ ਗਲ ਜਾਂਦੇ। ਘਰ ਦੇ ਛੇ ਜੀਆਂ ਦੀ ਦੇਖ ਰੇਖ ਵਿੱਚ ਦਿਨਾਂ 'ਚ ਹੀ ਕੱਟੀ ਦੀ ਸ਼ਕਲ ਸੂਰਤ ਬਦਲਣ ਲਗ ਪਈ। ਨਰੋਈ ਹੁੰਦੀ ਕੱਟੀ ਵੱਧ ਥਾਂ ਘੇਰਦੀ ਲੱਗਣ ਲੱਗ ਪਈ। ਜਿਸ ਦਿਨ ਡੱਡੂ ਬਾਕੀ ਅੱਧੇ ਪੈਸੇ ਲੈਣ ਆਇਆ ਤਾਂ ਕੱਟੀ ਨੂੰ ਦੇਖ ਉਹਦੇ ਹੌਲ ਜਿਹਾ ਪੈ ਗਿਆ, "ਮ੍ਹੈਸਾਂ ਕੱਟੇ ਈ ਦਈ ਜਾਂਦੀਆਂ। ਮਹੀਨਾ ਨੀਂ ਕੱਟਦੇ। ਮਰੀ ਜਾਂਦੇ। ਤਨੂੰ ਪਤਾ ਈ ਐ। ਆਹ ਕੱਟੀ ਛੇ ਸਾਲ ਬਾਅਦ ਇੱਕੋ ਹੋਈ ਤੀ।"

"ਤੇਰੇ ਕੋਲ ਤਾਂ ਇਹ ਵੀ ਮਰ ਜਾਣੀ ਤੀ।" ਸੁਦਾਗਰ ਤਾਂ ਫੇਰ ਸੁਦਾਗਰ ਹੀ ਸੀ।

" ਊਈਂ ਨਾ ਬਹੁਤੀਆਂ ਗੱਲਾਂ ਮਾਰੀ ਜਾ। ਜਿੱਕਣਾਂ ਤੈਂ ਆਪਣੀਆਂ ਖੱਲਾਂ ਦਾ ਕੋਠਾ ਬਣਾਇਆ... ਜੀਉਂਦੇ ਪਸ਼ੂਆਂ ਲਈ ਵੀ ਕੋਈ ਕੋਠਾ-ਮਠਲਾ ਪਾ ਦੇ।"

ਸੁਦਾਗਰ ਦੇ ਵਿਹੜੇ ਨੂੰ ਦੋ ਪਾਸੇ ਤੋਂ ਸ਼ਰੀਕਾਂ ਦੇ ਦੋ ਘਰਾਂ ਦੀਆਂ ਪਿੱਠਾਂ ਲਗਦੀਆਂ ਸਨ। ਕੱਟੀ ਦੇ ਦੋ ਖਣਾਂ ਦੇ ਢਾਰੇ ਦਾ ਜੁਗਾੜ ਕਰਨ ਲਈ ਉਸਨੂੰ ਇੱਕ ਪਾਸੇ ਛੇ ਫੁੱਟ ਦੀ ਕੰਧ ਕਰਨੀ ਪੈਣੀ ਸੀ। ਉਸਨੂੰ ਨਹਿਰ ਦੇ ਨਾਲ ਸ਼ਾਮਲਾਤ ਜ਼ਮੀਨ ਦੇ ਬੇਲੇ ਵਿੱਚ ਖੜ੍ਹੀ ਸੁੱਕੀ ਕਿੱਕਰ ਦੇ ਦੋ ਟਾਹਣੇ ਦਿਸਣ ਲੱਗੇ। ਸਮੀਂ-ਸੰਝ ਨੇਰ੍ਹਾ ਹੋਏ ਤੋਂ ਆਰੀ ਕੁਹਾੜੀ ਚੁੱਕ ਮੁੰਡੇ ਤੇ ਪ੍ਰਸਿੰਨੀ ਨੂੰ ਨਾਲ ਲਿਜਾ ਕੇ ਜਾ ਚੜ੍ਹਿਆ ਨਹਿਰ 'ਤੇ। ਸ਼ੁਕਰ ਕੀਤਾ ਕਿ ਕੋਈ ਰੱਬ ਦਾ ਭਗਤ ਇਹ ਸੁੱਕੇ ਟਾਹਣੇ ਅੱਜ ਤੱਕ ਉਸ ਲਈ ਛੱਡ ਗਿਆ ਸੀ। ਦਰਖਤ ਬਹੁਤ ਕਸੂਤੀ ਥਾਂ 'ਤੇ ਟੰਗਿਆ ਹੋਇਆ ਸੀ। ਤਿੰਨਾਂ ਨੇ ਬਾ-ਮੁਸ਼ਕਲ ਇੱਕ ਟਾਹਣਾ ਲਾਹ ਲਿਆ ਜੋ ਸਿੱਧਾ ਸ਼ਤੀਰ ਸੀ। ਹੱਡਾਰੋੜੀ ਵਿੱਚ ਪਲੇ ਡੂੰਡਾ ਦਾ ਖੜਕਾਨਾ ਵੀ ਕੰਮ ਆ ਗਿਆ ... ਵਿਹੜੇ 'ਚ ਪਰਲੇ ਤੰਗ ਜਹੇ ਖੂੰਜੇ ਵਿੱਚ ਪਤਾ ਨਹੀਂ ਕਦੋਂ ਤੋਂ ਰੁਲਦੀਆਂ ਪਤਲੀਆਂ ਸਰਹੰਦੀ ਇੱਟਾਂ, ਰੋੜੇ, ਪੱਥਰ ਵੀ ਛੱਪਰ ਪਾਉਣ ਦੇ ਅਰਥ ਵਿੱਚ ਆ ਗਏ। •••

ਦੋ ਸਾਲਾਂ ਵਿੱਚ ਕੱਟੀ ਪਲ਼ ਕੇ ਪੂਰਾ ਜਾਨਵਰ ਹੋ ਗਿਆ। ਝੋਟੀ ਨਾਲ ਘਰ... ਛੱਪਰ ਹੋਰ ਵੀ ਭਰਿਆ ਭਰਿਆ ਲੱਗਣ ਲੱਗਿਆ। ਬਹੁਤ ਸੁਹਣੀ ਨਿਕਲੀ ਝੋਟੀ। ਭੂਰੇ ਵਾਲ ਉੱਡ ਗਏ। ਚਮੜੀ ਕਾਲੀ ਤੇ ਕਾਠੀ ਹੋ ਗਈ। ਅੱਖਾਂ ਚਮਕੀਲੀਆਂ। ਭਰਵਾਂ ਕਲਬੂਤ। ਚੁਸਤ। ਕਦੇ ਕੱਖ, ਚਾਰਾ, ਵੰਡ ਖਾਂਦੀ ਭੂਸਰਦੀ... ਖਰੂਦ ਪਾਉਂਦੀ... ਤੇ ਕਈ ਵਾਰ ਮਾਰਨ ਨੂੰ ਪੈਂਦੀ। ਮੁਰਗੇ ਮੁਰਗੀਆਂ ਉਸਨੂੰ ਦੂਰੋਂ ਝਾਕਦੇ ਹੀ ਟਿੱਬ੍ਹਕ ਜਾਂਦੇ। ਸਾਰਾ ਦਿਨ ਝੋਟੀ ਦੀ ਦੇਖ ਭਾਲ ਕਰਦੇ ... ਬੰਨ੍ਹਦੇ ਖੋਲ੍ਹਦੇ ਪ੍ਰਸਿੰਨੀ ਦੀ ਤਾਂ ਬੱਸ ਹੋ ਜਾਂਦੀ। ਇੱਕ ਦਿਨ ਝੋਟੀ ਨੇ ਪ੍ਰਸਿੰਨੀ ਦਾ ਪੈਰ ਖੁਰ ਨਾਲ ਦਰੜ ਦਿੱਤਾ ਤਾਂ ਉਹ ਦਰਦ ਨਾਲ ਕੁਰਲਾ ਉੱਠੀ, "ਜੈ ਵੱਢੀ ਨੂੰ ਵੇਚ ਦੂੰ।

ਹਰਾਮਦੀ ਕੁੱਤੀ ਨੂੰ।" ਸਿੱਖਾਂ ਦੇ ਖੇਤਾਂ ਵਿੱਚ ਗੰਨੇ ਘੜਨ ਜਾਂਦੀ ਤਾਂ ਆਗਾਂ ਦੀ ਭਰੀ ਉਸ ਦੀ ਪਿੱਠ ਤੋੜ ਦਿੰਦੀ।

ਪਰ ਸਿੰਗਾਂ ਵਿੱਚ ਇੱਕ ਨੁਕਸ ਪੈ ਗਿਆ। ਹੌਲੀ ਹੌਲੀ ਵਧਦੇ ਸਿੰਗਾਂ ਦੀ ਸ਼ਕਲ ਪੂਰੇ ਘਰ ਨੂੰ ਪ੍ਰੇਸ਼ਾਨ ਕਰਨ ਲੱਗੀ। ਉਸ ਦਾ ਇੱਕ ਸਿੰਗ ਕੰਨ ਦੇ ਕੋਲ ਸਿਰ ਹੇਠਾਂ ਨੂੰ ਮਰੋੜੀ ਖ਼ਾ ਕੇ ਗਰਦਨ ਵੱਲ ਥੱਲੇ ਨੂੰ ਜਾ ਰਿਹਾ ਸੀ ਤੇ ਦੂਜਾ ਬਹੁਤ ਹੀ ਭੈੜੇ ਤਰੀਕੇ ਨਾਲ ਕੰਨ ਦੇ ਉੱਤੇ ਨੂੰ ਹੋ ਕੇ ਸਿੱਧਾ ਨਿਕਲ ਗਿਆ ਸੀ। "ਬੋਦੇ ਹੁੰਦੇ ਅਹੇ ਜੇ ਸਿੰਗ।" ਸੁਦਾਗਰ ਝੋਟੀ ਨੂੰ ਹਰ ਰੋਜ਼ ਜੋਖ਼ਦਾ, ਪਰਖਦਾ। ਝੋਟੀ ਦੇ ਚਾਰੇ ਪਾਸੇ ਘੁੰਮ ਕੇ ਦੇਖਿਆ ਤਾਂ ਪਿੰਡੇ ਤੋਂ ਨਿਗ੍ਹਾ ਤਿਲਕਦੀ ਜਾਵੇ। ਪਰ ਬੀਂਗੇ ਸਿੰਗਾਂ ਦੀ ਸ਼ਕਲ ਤੋਂ ਓਦਰਨ ਲੱਗਿਆ। ਸਹੁਰੇ ਸਿੰਗਾਂ ਦਾ ਕਿਆ ਕਰੇ।

ਪਿੰਡ ਵਾਲਿਆਂ ਨੇ ਸੁਦਾਗਰ ਦੇ ਘਰ ਬਰੋਬਰ ਬਾਹਰ ਫਿਰਨੀ ਦੇ ਕੰਢੇ ਅਚਾਨਕ ਪਾਥੀਆਂ ਦਾ ਇੱਕ ਹੋਰ ਗੁਹਾਰਾ ਦੇਖਿਆ ... ਤੇ ਉਸ ਦੇ ਘਰ ਵਿੱਚ ਟੋਕਾ ਕਰਨ ਦੀ ਮਸ਼ੀਨ ਵੀ ...

ਤੇ ਫੇਰ ਉਹ ਦਿਨ ਵੀ ਆਇਆ ਜਦੋਂ ਝੋਟੀ ਤਾਰਾਂ ਦੇ ਕੇ ਬੋਲ ਪਈ। ਡੱਡੂ ਹੁਣ ਪਤਾ ਨਹੀਂ ਕਿੱਥੇ ਟਿਕਿਆ ਬੈਠਾ ਹੋਵੇਗਾ। ਉਸਦਾ ਤੁਰਦਾ ਫਿਰਦਾ ਘਰ ਹੁਣ ਕਿਸੇ ਹੋਰ ਪਿੰਡ ਵਿੱਚ ਸੀ। ਫੇਰ ਲੱਭਣਾ ਪਿਆ। ਹੁਣ ਲੋੜ ਤਾਂ ਝੋਟੇ ਦੀ ਸੀ। ਡੱਡੂ ਨੇ ਝੋਟਾ ਛੱਡ ਦਿੱਤਾ। ਝੋਟੀ ਝੱਟ ਆਸ ਲੱਗ ਕੇ ਮ੍ਹੈਸ ਬਣ ਗਈ। ਸੁਦਾਗਰ ਨੇ ਘਰ ਦੇ ਬਾਹਰ ਸ਼ਾਂਤ ਹੋਈ ਮ੍ਹੈਸ ਨੂੰ ਰੋਕ ਕੇ ਮੁੰਡੇ ਦੇ ਹੱਥ ਸੁਨੇਹਾ ਭੇਜਿਆ ਕਿ ਕੰਮ ਬਣ ਗਿਆ। ਪ੍ਰਸਿੰਨੀ ਨੇ ਮੁੱਦਤਾਂ ਪੁਰਾਣਾ ਮੂਹਲਾ ਧੋ ਕੇ ਦੇਹਲੀ ਮੂਹਰੇ ਲੰਮਾ ਪਾ ਦਿੱਤਾ। ਸਰੋਂ ਦਾ ਤੇਲ ਚੋਇਆ। ਕੱਚੀ ਲੱਸੀ 'ਚ ਕਰਿਆਟੀ (ਬੇਸਣ) ਘੋਲ ਕੇ ਤਸਲਾ ਭਰ ਕੇ ਪਣਾ ਬਣਾਇਆ। ਮ੍ਹੈਸ ਦੀ ਪਿੱਠ 'ਤੇ ਥਾਪੀ ਦਿੱਤੀ।

"ਜਿਉਂਦੀ ਰਹੁ।"

•••

ਪੋਹ ਦੀ ਸੰਗਰਾਂਦ ਤੋਂ ਅਗਲੇ ਦਿਨ ਸ਼ਾਮ ਨੂੰ ਬੀਂਗੇ ਸਿੰਗਾਂ ਵਾਲੀ ਨੇ ਕੱਟਾ ਦੇ ਦਿੱਤਾ। ਬੜਾ ਸੁਹਣਾ ਕੱਟਾ... ਦੋ ਘੰਟੇ ਬਾਅਦ ਧਰਤੀ 'ਤੇ ਬੈਠ ਕੇ ਥੋੜ੍ਹਾ ਜਿਹਾ ਵੱਖੀ ਭਾਰ ਹੋ ਗਈ। ਤਸਲਾ ਭਰ ਜੇਰ ਤਿਲਕਦੀ ਔਹ ਬਾਹਰ ਨਿਕਲ ਗਈ। ਚੁਸਤ ਹੋਈ ਨੇ ਕੱਟਾ ਚੱਟ ਚੱਟ ਸਜਾ ਦਿੱਤਾ। ਸਵੇਰ ਤੱਕ ਮ੍ਹੈਸ ਦੁਆਲੇ ਫੁਦਕਣ ਲੱਗ ਪਿਆ। ਪ੍ਰਸਿੰਨੀ ਨੇ ਨਜ਼ਰ ਲੱਗਣ ਤੋਂ ਬਚਾਉਣ ਲਈ ਇੱਕ ਟੁੱਟਿਆ ਛਿੱਤਰ ਮ੍ਹੈਸ ਦੇ ਗਲ਼ ਵਿੱਚ ਪਾ ਦਿੱਤਾ। ਬਹੁਲੀ ਨਾਲ ਚੌਂਕਾ ਭਰ ਗਿਆ। ਦੁੱਧ ਹੀ ਦੁੱਧ। ਮਹੀਨਾ ਭਰ ਘਰ ਦੇ ਜੀਆਂ ਨੂੰ ਲੰਮੀਆਂ ਤੀਆਂ ਵਰਗਾ ਮਾਹੌਲ ਲੱਗਿਆ ਜਿਵੇਂ ਜੀਵਨ ਵਿੱਚ ਕੋਈ ਦੁੱਖ ਹੁੰਦਾ ਹੀ ਨਹੀਂ।

ਪਰ ਮਹੀਨੇ ਬਾਅਦ ਮਾਘ ਸ਼ੁਰੂ ਹੁੰਦਿਆਂ ਹੀ ... ਤੜਕੇ ਈ ਪ੍ਰਸਿੰਨੀ ਨੇ ਸੁਦਾਗਰ ਨੂੰ ਲੇਫ 'ਚ ਫਸੇ ਨੂੰ ਹਲੂਣਿਆ," ਉੱਠ ਕੇ ਦੇਖ। ਕੱਟਾ ਮਰ ਗਿਆ।" ਸੁਦਾਗਰ ਨੇ ਹੌਲੀ ਹੌਲੀ ਉੱਠ ਕੇ ਦੇਖਿਆ ਤਾਂ ਕੱਟਾ ਆਕੜਿਆ ਪਿਆ ਸੀ। ਮ੍ਹੈਸ ਦੀਆਂ ਅੱਖਾਂ 'ਚ ਜ਼ਹਿਰ। ਨੀਰੇ ਨੂੰ ਮੂੰਹ ਤੱਕ ਨਹੀਂ ਲਾਇਆ। ਸੰਗਲ ਤੁੜਾਉਂਦੀ। ਖ਼ਰੂਦ ਪਾਉਂਦੀ। ਕੱਟੇ ਤੋਂ ਬਗ਼ੈਰ ਨੇੜੇ ਨਾ ਫ਼ਟਕਣ ਦਿੰਦੀ। ਥਣਾਂ ਨੂੰ ਹੱਥ ਤੱਕ ਨਾ ਲਾਉਣ ਦਿੰਦੀ।

"ਕਿਆ ਹੋਇਆ ਸੁਦਾਗਰਾ?" ਸਾਹਮਣੇ ਬਖਤੌਰਾ ਜਿਸਦੇ ਘਰ ਦੀ ਪਿੱਠ ਲੱਗਦੀ ਸੀ ਛੱਤ 'ਤੇ ਚੜ੍ਹਿਆ ਹੇਠਾਂ ਨੂੰ ਝਾਕ ਰਿਹਾ ਸੀ।

"ਹੋਣਾ ਕਿਆ। ਕੱਟਾ ਮਰ ਗਿਆ। ਮ੍ਹੈਸ ਖੜ੍ਹਦੀ ਨੀਂ।"

"ਭੋਛਾ ਬਣਾ ਲੈ ਭਾਈ। ਭੋਛਾ।"

"ਅੱਛਿਆ।"

ਸੁਦਾਗਰ ਨੇ ਸਿੱਲੀਆਂ ਅੱਖਾਂ ਨਾਲ ਕੱਟੇ ਦੀ ਖੱਲ ਲਾਹ ਕੇ... ਨੂਣ ਲਾ ਕੇ ਸੰਭਾਲ ਕੇ ਛਾਂਵੇਂ ਸੁੱਕਣੀ

ਪਾ ਦਿੱਤੀ। ਭੋਛਾ ਬਣਾਉਣ ਦਾ ਫ਼ਿਕਰ ਲੱਗ ਗਿਆ। ਲਾਗਲੇ ਪਿੰਡ ਤੋਂ ਜੁਗਾੜੀ ਬੰਦਾ ਬੁਲਾਇਆ ਜਿਸ ਨੇ ਸੁੱਕ ਬਰੂਰੀ ਖੱਲ ਕਈ ਤਰਾਂ ਦੇ ਮਸਾਲੇ ਲਾ ਕੇ, ਸਿਉਂ ਕੇ ... ਵਿੱਚ ਫੂਸ ਭਰ ਦਿੱਤਾ। ਚਾਰੇ ਲੱਤਾਂ ਵਿੱਚ ਅੱਕ ਦੇ ਮੋਟੇ ਡੰਡੇ ਅੜਾ ਦਿੱਤੇ ਤੇ ਇੰਝ ਜਿਉਂਦੇ ਕੱਟੇ ਵਰਗਾ ਸਾਲਮ ਸਬੂਤਾ ਆਕਾਰ ਖੜ੍ਹਾ ਹੋ ਗਿਆ। ਧੁੱਪ ਲੁਆ ਕੇ ਚੰਗੀ ਤਰ੍ਹਾਂ ਸੁਕਾ ਕੇ ਸੁਦਾਗਰ ਨੇ ਹੱਥ ਲਾ ਕੇ ਦੇਖਿਆ ਤਾਂ ਉਹ ਖੜਕਦਾ ਆਵਾਜ਼ ਕਰਦਾ ਸੀ। ਇਹ ਭੋਛੇ ਦਾ ਆਕਾਰ ਮ੍ਹੈਸ ਦੇ ਅੱਗੇ ਰੱਖਣਾ ਤਾਂ ਮ੍ਹੈਸ ਆਪਣੇ ਮਰੇ ਹੋਏ ਬੱਚੇ ਦੀ ਖੱਲ ਨੂੰ ਪਛਾਣ ਕੇ, ਸੁੰਘ ਕੇ, ਚੱਟ ਕੇ ਟਿਕ ਜਾਂਦੀ ਤੇ ਦੁੱਧ ਦੇਣ ਲਈ ਸ਼ਾਂਤ ਖੜ੍ਹੀ ਹੋ ਜਾਂਦੀ।

"ਮਾਂ ਐਂ। ਮਾਂ ਅਂ... ਅਂ।" ਪ੍ਰਸਿੰਨੀ ਰੋਣ ਵਰਗੀ ਹੋ ਜਾਂਦੀ। ਆਪਣੀ ਮਰ ਚੁੱਕੀ ਧੀ ਦੀ ਪੁਰਾਣੀ ਛੋਟੀ ਜਹੀ ਕੁੜਤੀ ਯਾਦ ਕਰਦੀ ਜਿਸ ਵਿੱਚ ਬੰਨ੍ਹ ਕੇ ਰੱਖੀ ਭਾਨ ਕੱਢ ਕੇ ਗਿਣਨ ਲੱਗੀ ਤਾਂ ਛੋਟੀ ਧੀ ਕੋਲ਼ੇ ਫਿਸ ਪਈ: "ਲੱਸੀ ਓ ਪੀ ਈ ਜਾਂਦੀ ਤੀ। ਬਾਹਰ ਨਾ ਨਿਕਲ਼ਣਾ। ਪੁੱਛਣਾ ਕਿੱਥੇ ਐਂ? ਦਰਵਾਜੇ ਓਹਲੇ ਖੜ੍ਹੀ ਨੇ ਲੱਸੀ ਪੀਂਦੀ ਹੋਣਾ। ਸੁੱਤੀ ਓ ਪਈ ਰਹਿ ਗਈ।"

"ਫੇਰ?"

"ਬੱਸ ਤੇਰਾ ਬਾਪ ਅਰ ਤਾਇਆ ਲਬ੍ਹੇਟ ਕੇ ਲੇ ਗੇ। ਤੇਰਾ ਤਾਇਆ ਕਹਿੰਦਾ 'ਫੜ੍ਹਾ ਏਹੀਦੇ ਸਾਰੇ ਕੱਪੜੇ' ਤਾਂ ਵੀ ਮੈਂ ਹਿੱਲਦੀ ਹਿਲਾਉਂਦੀ ਨੇ ਆਹ ਇੱਕ ਕੁੜਤੀ ਲੁਕੋ ਲੀ ਤੀ। ਮੇਰੀਓ ਧੀ ਤੀ। ਮੈਂਖਿਆ ਕੱਪੜਿਆਂ ਵਿੱਚ ਕਿਹੜਾ ਕੋਈ ਭੂਤ ਵੜ੍ਹਿਆ ਹੋਇਆ। ਕਿਆ ਗੱਲਾਂ ਕਰਨੀਆਂ ਪੁੱਤ। ਛੇਤੀ ਕਰ ਨ੍ਹੇਰਾ ਹੋ ਗਿਆ। ਕੁਤਰਾ ਕਰ ਲੀਏ। ਮ੍ਹੈਸ ਚੋਣੀਂ ਐ।" ਗੱਲ ਫੇਰ ਜਿਵੇਂ ਮ੍ਹੈਸ ਉੱਤੇ ਆ ਕੇ ਹੀ ਟਿਕ ਜਾਂਦੀ। ਉਸਦਾ ਖੁੰਡਾ ਘਰ ਦਾ ਮਰਕਜ਼ ਸੀ। ਪ੍ਰਸਿੰਨੀ ਧਾਰ ਕੱਢ ਕੇ... ਜੁਗਾਲੀ ਕਰਦੀ ਮ੍ਹੈਸ ਦੀ ਕੰਗਰੋੜ ਉੱਤੇ ਪੋਲੀ ਜਹੀ ਥਾਪੀ ਦੇ ਕੇ ਦੁੱਧ ਦੀ ਭਰੀ ਪਿੱਤਲ ਦੀ ਬਾਲਟੀ ਚੁੱਕ ਕੇ ਘਰ ਅੰਦਰ ਨੂੰ ਗਾਇਬ ਹੋ ਜਾਂਦੀ। ਪਹਿਲੇ ਸੂਏ ਦੋਹੇ ਡੰਗਾਂ ਦਾ ਸੱਤ ਕਿੱਲੋ ਦੁੱਧ। ਪ੍ਰਸਿੰਨੀ ਕੱਖ ਪਾਉਂਦੀ... ਨਲਕੇ ਤੋਂ ਪਾਣੀ ਪਿਲਾਉਂਦੀ... ਗੋਹਾ ਚੁੱਕਦੀ... ਧਾਰ ਕੱਢਦੀ ਉਸ ਨਾਲ ਐਵੇਂ ਗੱਲਾਂ ਕਰਦੀ ਜਿਵੇਂ ਉਹ ਉਸ ਦੀ ਸਾਰੇ ਬੱਚਿਆਂ ਤੋਂ ਵੱਡੀ ਪਹਿਲੜ ਧੀ ਹੋਵੇ। ਦੁੱਧ ਦੇ ਪੈਸੇ ਆਉਂਦੇ। ਘਰ ਦਾ ਘਰਾਟ ਚੱਲਦਾ। ਬੱਚੇ ਆਪਣੇ ਸਕੂਲਾਂ ਦੀਆਂ ਕਿਤਾਬਾਂ ਕਾਪੀਆਂ ਵਰਦੀਆਂ ਮੰਗਦੇ। ਖਰੀਦਦੇ। ਪ੍ਰਸਿੰਨੀ ਨੂੰ ਕਈ ਸਾਲ ਇਸ ਇੱਕੋ ਮ੍ਹੈਸ ਨੇ ਹੀ ਉਲਝਾਈ ਰੱਖਿਆ। ਕੇਵਲ ਚਾਹ ਜੋਗਾ ਦੁੱਧ ਰੱਖ ਕੇ ਬਾਕੀ ਬਾਲਟੀ ਮੋਤੀਆਂ ਵਾਲੇ ਦੀ ਚਾਹ ਦੁੱਧ ਦੀ ਦੁਕਾਨ ਵੱਲ ਨੂੰ ਤੋਰ ਦਿੰਦੀ। ਦਹੀਂ ਕਦੇ ਘੱਟ ਹੀ ਜਮਾਉਂਦੀ। ਦੁੱਧ ਵਿੱਚ ਪਾਣੀ ਪਾਉਣਾ ਕਦੇ ਨਾ ਭੁੱਲਦੀ।

ਆਲੇ ਦੁਆਲੇ ਇਸ ਮ੍ਹੈਸ ਦੀ ਅੱਲ 'ਬੀਗੇ ਸਿੰਗਾਂ ਆਲੀ' ਪੈ ਚੁੱਕੀ ਸੀ। ਘਰ ਦੇ ਬਾਕੀ ਜੀਆਂ ਵਾਂਗ ਘਰ ਪ੍ਰਤੀ ਪੂਰੀ ਜ਼ਿੰਮੇਵਾਰ। ਵਫ਼ਾਦਾਰ। ਹਰ ਵਾਰ ਸੂਣ ਤੋਂ ਢਾਈ ਮਹੀਨੇ ਬਾਅਦ 'ਤਾਰਾਂ' ਦੇ ਕੇ ਬੋਲ ਪੈਂਦੀ। ਸੋਦਾਗਰ ਨੇ ਮੁੰਡੇ ਨੂੰ ਡੰਡਾ ਫੜਾ ਕੇ ਨਾਲ ਲਿਜਾਣਾ। ਰਿੰਗਦੀ ਨੂੰ ਦੂਰ ਡੱਡੂ ਦੇ ਝੋਟੇ ਕੋਲ ਲਿਜਾ ਕੇ ਦਿਖਾਉਣਾ। ਜਾਂਦੇ ਸਾਰ ਝੱਟ ਝੋਟੇ ਤੋਂ ਨਵੇਂ ਦੁੱਧ ਹੋ ਜਾਂਦੀ। ਕਦੇ ਉੱਕਦੀ ਨਹੀਂ ਸੀ। ਘਰ ਦੀ ਫਜ਼ਾ ਵਿੱਚ ਚਹਿਲ ਪਹਿਲ... ਹੁਲਾਸ ਘੋਲ ਦੇਂਦੀ। ਤੇ ਫੇਰ ਓਹੀ ਦਰਾਂ 'ਚ ਮੂਹਲਾ ਲੰਮਾ ਪਾ ਦੇਣਾ... ਤੇ ਕੱਚੀ ਲੱਸੀ 'ਚ ਕਰਿਆਟੀ ਘੋਲ ਕੇ ...ਉਹਨੇ ਅਗਲੇ ਕਈ ਸੂਏ ਕੱਟੇ ਈ ਦਿੱਤੇ ... ਤੇ ਕੱਟਿਆਂ ਦੀ ਲਾਇਨ ਲਾ ਦਿੱਤੀ ... ਤੇ ਦੁੱਧ ਦੋਵੇਂ ਡੰਗਾਂ ਦਾ ਅੱਠ ਨੌਂ ਕਿੱਲੋ ਉਤਰਦਾ ਰਿਹਾ... ਤੇ... ਤੇ...

●●●

ਕਦੇ ਇੱਕ ਰਾਤ ਬਹੁਤ ਤੇਜ ਮੀਂਹ ਪਿਆ। ਹਨ੍ਹੇਰੀ ਚੱਲੀ । ਪਿੰਡਾਂ ਦੇ ਪਿੰਡ ਕਣਕਾਂ ਲੰਮੀਆਂ ਪਾ ਦਿੱਤੀਆਂ। ਦਰੱਖਤਾਂ ਦਾ ਬਹੁਤ ਨੁਕਸਾਨ ਹੋਇਆ। ਦਰੱਖਤਾਂ ਦੇ ਟਾਹਣੇ ਜੋ ਤੇਜ ਤੂਫ਼ਾਨ ਦਾ ਸਾਹਮਣਾ ਨਾ ਕਰ ਸਕੇ ਟੁੱਟ ਕੇ ਲਟਕ ਗਏ। ਸੁਦਾਗਰ ਨੇ ਨਹਿਰ ਉੱਤੇ ਸਰੀਂਹ ਦਾ ਇੱਕ ਦਰਮਿਆਨਾ ਜਿਹਾ ਦਰਖ਼ਤ ਡਿੱਗਿਆ ਸਾਇਕਲ ਉੱਤੇ ਲੰਘਦਿਆਂ ਦੇਖ ਲਿਆ। ਦੋ ਕੁਅੰਟਲ ਬਾਲਣ ਦਾ ਲਾਲਚ ਹੋ ਗਿਆ। ਮੁੰਡੇ ਨੂੰ

ਕਹਿੰਦਾ " ਪੁੱਤ, ਨਹਿਰ 'ਪਰ ਸਰੀਂਹ ਗਿਰਿਆ ਪਿਆ। ਉੱਠ ਜਾ। ਬੱਢ ਕੇ ਅੰਦਰ ਸਿੱਟ ਲੀਏ। ਨਹੀਂ ਤਾਂ ਕਿਸੇ ਹੋਰ ਨੇ ਹੱਥ ਮਾਰ ਜਾਣਾ।"

ਸਾਰਾ ਟੱਬਰ ਛੋਟੀਆਂ ਵੱਡੀਆਂ ਕੁਹਾੜੀਆਂ ਲੈ ਕੇ ਬਾਹਰ ਨਿਕਲ ਗਿਆ। ਮਿੰਟਾਂ ਵਿੱਚ ਹੀ ਪੂਰੇ ਦਾ ਪੂਰਾ ਦਰੱਖਤ ਵੱਡ ਕੇ ਅੰਦਰ ਘੜੀਸ ਲਿਆਂਦਾ। ਮੋਛੇ ਮੱਝ ਦੀ ਖੁਰਲੀ 'ਚ ਤੂੜੀ ਹੇਠ ਦੱਬ ਦਿੱਤੇ। ਉੱਤੇ ਚਰ੍ਹੀ ਬਾਜਰੇ ਦਾ ਕੁਤਰਾ ਪਾ ਦਿੱਤਾ। ਪਿੰਡੋਂ ਕਿਸੇ ਮੁਖ਼ਬਰ ਨੇ ਸੁਦਾਗਰ ਦਾ ਨਾਂਓ ਲੈ ਦਿੱਤਾ। ਸਵੇਰੇ ਹੀ ਨਹਿਰੀ ਮਹਿਕਮੇ ਦੇ ਤਿੰਨ ਬੰਦੇ ਆ ਗਏ ਇਨਕੁਆਰੀ ਕਰਨ। ਇੱਕ ਅਫ਼ਸਰ। ਦੋ ਮੁਤਹਿਤ... ਉਹਨਾਂ ਨੇ ਸਾਰੇ ਘਰ ਵਿੱਚ ਗੇੜਾ ਦਿੱਤਾ। ਬਖ਼ਤੌਰੇ ਦੀ ਛੱਤ 'ਤੇ ਚੜ੍ਹ ਕੇ ਆਲੇ ਦੁਆਲੇ ਦੇਖਿਆ। ਪ੍ਰਸਿੰਨੀ ਬੋਲਦੀ ਗਈ ਪਰ ਅੱਖ ਕਿਸੇ ਨਾਲ ਨਾ ਮਿਲਾਈ।

"ਦਰਖ਼ਤਾਂ ਦੀ ਚੋਰੀ 'ਚ ਨਾਂ ਤੁਹਾਡਾ ਹੀ ਲਿਆ ਗਿਆ। ਕਿਸੇ ਹੋਰ ਦਾ ਨਹੀਂ।" ਅਫ਼ਸਰ ਨੇ ਥੋੜ੍ਹਾ ਰੋਅਬ ਦਿਖਾਇਆ।

"ਨਾ ਜੀ ਨਾ... ਕਿਸੇ ਨੇ ਲਾ ਕੇ ਗੱਲ ਕਰੀ ਐ। ਮੇਰੀ ਮ੍ਹੈਸ ਨੂੰ ਕੋਈ ਜਰਦਾ ਨੀਂ।"

"ਬੀਬੀ ਮੱਝ ਵਾਲਾ ਅੰਦਰ ਦਖਾਓ।"

"ਦੇਖ ਲੋ। ਆਹ ਅੰਦਰ ਮੇਰੀ ਮ੍ਹੈਸ ਖੜ੍ਹੀ ਐ।"

ਦੋਵੇਂ ਮੁਤਹਿਤ ਮ੍ਹੈਸ ਵਾਲੇ ਅੰਦਰ ਵੜ੍ਹ ਗਏ। ਮ੍ਹੈਸ ਨੇ ਅੰਦਰ ਖਰੂਦ ਪਾ ਦਿੱਤਾ। ਪੂੰਛ ਘੁਮਾਉਂਦੀ ਕਿੱਕਲੀ ਪਾਉਣ ਲੱਗ ਪਈ ਤੇ ਸਾਰੇ ਢਾਰੇ ਵਿੱਚ ਜਿਵੇਂ ਪੀਂਘ ਝੂਟਣ ਲੱਗੀ। ਮੂਤ ਨਾਲ ਲਿੱਬੜੀ ਪੂੰਛ ਇੱਕ ਮੁਲਾਜ਼ਮ ਦੇ ਮੋਢੇ ਕੋਲੋਂ ਲੰਘ ਗਈ।

"ਕੁਸ਼ ਨੀਂ ਹੈ ਜੀ ਅੰਦਰ।"

"ਕੁਛ ਨਈਂ ਹੈ ਜੀ। ਅੰਦਰ ਬੱਸ ਬੀਬੀ ਦੀ ਮੱਝ ਈ ਐ।"

"ਆਜੋ ਆਜੋ। ਚੰਗਾ ਬਈ। "

ਜਦੋਂ ਤਫਤੀਸ਼ ਕਰਨ ਵਾਲੇ ਵਾਪਸ ਚਲੇ ਗਏ ਤਾਂ ਸਾਰਿਆਂ ਨੇ ਸ਼ੁਕਰ ਕੀਤਾ ਕਿ ਚੋਰੀ ਦੇ ਪਰਚੇ ਤੋਂ ਬਚ ਗਏ। ਮੁਲਾਜ਼ਮ ਮ੍ਹੈਸ ਦੇ ਭਿਆਨਕ ਬੀਂਗੇ ਸਿੰਗਾਂ ਤੋਂ ਡਰ ਗਏ। ਜਦੋਂ ਉਹ ਆਪਣੇ ਵਿੰਗੇ ਸਿੰਗਾਂ ਨੂੰ ਹਿਲਾਉਂਦੀ ਤਾਂ ਕੋਈ ਨਿਹੰਗ ਸਿੰਘ ਲੱਗਦੀ ਜੋ ਗੱਤਕਾ ਖੇਲ ਰਿਹਾ ਹੋਵੇ। ਪ੍ਰਸਿੰਨੀ ਮੈਸ੍ਹ ਦੇ ਕੋਠੇ 'ਚ ਗਈ। ਮ੍ਹੈਸ ਸ਼ਾਂਤ ਹੋ ਕੇ ਕੁਤਰਾ ਖਾ ਰਹੀ ਸੀ। ਪ੍ਰਸਿੰਨੀ ਨੇ ਮ੍ਹੈਸ ਦੇ ਬੀਂਗੇ ਸਿੰਗਾਂ ਦੇ ਵਿਚਾਲੇ ਹੱਥ ਫੇਰਿਆ। ਜਿਵੇਂ ਪਿਆਰ ਦਿੱਤਾ ਹੋਵੇ। ਅਸੀਸ ਦਿੱਤੀ ਹੋਵੇ।

" ਜਿਉਂਦੀ ਰਹੁ।"

•••

ਬੜੀ ਖਰੂਦੀ ਸੀ ਬੀਂਗੇ ਸਿੰਗਾਂ ਵਾਲੀ। ਖੁੱਲੇ ਖਾਲੀ ਖੇਤਾਂ ਵਿੱਚ ਚਰਨ ਲਈ ਛੱਡਦੇ ਤਾਂ ਜਿਸ ਦੀ ਡਿਊਟੀ ਮ੍ਹੈਸ ਦੇ ਨਾਲ ਹੁੰਦੀ ਉਸਦੀ ਜਾਨ ਨੂੰ ਬਣੀ ਰਹਿੰਦੀ। ਮ੍ਹੈਸ ਝੱਟ ਦੂਸਰਿਆਂ ਦੇ ਖੇਤਾਂ ਵਿੱਚ ਜਾ ਵੜਦੀ। ਨਸੀਬੋ ਸੁਆਣੀ ਟਾਹਰਾਂ ਮਾਰਦੀ... ਗਾਲਾਂ ਕੱਢਦੀ 'ਹਰਾਮਦੇ' ਤੋਂ ਥੱਲੇ ਨਾ ਉੱਤਰਦੀ!! "ਭੂਸਰ ਨਾ। ਤੇਰਾ ਕੱਲੀ ਦਾ ਈ ਰਾਜ ਐਥੇ?" ਪ੍ਰਸਿੰਨੀ ਓਹਦੇ ਹੋਰ ਵੀ ਕਈ ਭੈੜ ਗਿਣੀ ਜਾਂਦੀ। ਜੇ ਹਸਪਤਾਲ ਲਿਜਾਣੀ ਹੋਵੇ... ਝੋਟੇ ਕੋਲ ਦਿਖਾਉਣੀ ਹੋਵੇ... ਤਾਂ ਗਲ਼ ਵਿੱਚ ਡਾਹਾ ਪਾਉਣ ਤੋਂ ਇਲਾਵਾ ਦੋ ਤਿੰਨ ਬੰਦੇ ਡਾਂਗਾਂ ਵਾਲੇ ਨਾਲ ਹੋਣੇ ਜ਼ਰੂਰੀ। ਇੱਕ ਵਾਰ ਖੁੰਡਾ ਪੁੱਟ ਕੇ ਦੌੜ ਗਈ। ਦੂਰ ਨਿਕਲ ਗਈ। ਖੇਤਾਂ ਵਿੱਚੋਂ ਫ਼ਸਲ ਉਜਾੜਦੀ ਪਤਾ ਨਾ ਲੱਗੇ ਕਿੱਧਰ ਜਾ ਨਿਕਲੀ। ਜ਼ਿਮੀਦਾਰਾਂ ਦੀ ਤੇਜ਼ ਤੇਜ਼ ਚਲਦੀ ਜ਼ੁਬਾਨ ਤੋਂ ਡਰਦੀ ਪ੍ਰਸਿੰਨੀ ਲੋਕਾਂ ਨੂੰ ਪੁੱਛਦੀ ਫਿਰੇ ... ਤੇ ਕਿਸੇ ਨੇ ਕਿਹਾ:

"ਸਣੇ ਸੰਗਲ ਐ।"

"ਹਾਂ।"

" ਸਿੰਗ ... ਬੀਂਗੇ ਸਿੰਗ ਐ।"

"ਹਾਂ ਹਾਂ।"

"ਮੁੱਲਾਂ ਮੁਸਲਮਾਨ ਦੇ ਖੇਤਾਂ 'ਚ ਵੜੀ ਹੋਈ ਐ।" ਪ੍ਰਸਿੰਨੀ ਦਾ ਮੁੰਡਾ ਜਿਹੜਾ ਬੀ.ਏ.'ਚ ਪੜਦਾ ਸੀ ਮ੍ਹੈਸ ਦੀਆਂ ਕੁੜੀ ਦੇ ਘਰੋਂ ਭੱਜ ਜਾਣ ਵਰਗੀਆਂ ਹਰਕਤਾਂ ਤੋਂ ਦੁੱਖੀ ਸੀ। ਉਸਨੇ ਭਾਰੀ ਕਿੱਕਰ ਨਾਲ ਨੂੜ ਕੇ ... ਕੁੱਟ ਕੁੱਟ ਕੇ ਮ੍ਹੈਸ ਦਾ ਰੂੰਹ ਕੱਢ ਦਿੱਤਾ। ਸੌ ਲਾਠੀਆਂ ਮਾਰੀਆਂ। ਗ੍ਰਾਟ ਪਾਵੇ। ਰੁਦਨ ਕਰੇ। "ਕੁੱਤੀ। ਭੈਣ ਚੋ-ਅ-ਦੀ ਨੂੰ ਮੈਂ ਮਾਰ ਦੂੰਗਾ ਅੱਜ।" ਮੁੰਡੇ ਦੀ ਜ਼ਿਮੀਦਾਰਾਂ ਦੇ ਖੇਤਾਂ ਵਿੱਚ ਬਹੁਤ ਹਤਕ ਹੋਈ ਸੀ। ਪਰ ਪ੍ਰਸਿੰਨੀ ਨੂੰ ਮੱਝ 'ਤੇ ਆਪਣੇ ਬੱਚਿਆਂ ਵਾਂਗ ਤਰਸ ਆਇਆ। "ਰਹਿਣ ਦੇ। ਰਹਿਣ ਦੇ। ਪੁੱਤ ਮਰ ਜੂ ਗੀ।" ਤੇ ਪ੍ਰਸਿੰਨੀ ਨੇ ਚੁੱਪ ਚਾਪ ਜਿਵੇਂ ਕੁਝ ਸੁੱਝਦਾ ਨਾ ਹੋਵੇ ਵੜੇਵਿਆਂ ਦਾ ਪਤੀਲਾ ਰਿੱਝਣਾ ਧਰ ਦਿੱਤਾ। ਪੂਰਾ ਤਸਲਾ ਭਰ ਕੇ ਮ੍ਹੈਸ ਨੂੰ ਖਿਲਾਇਆ। "ਕਿਹੜਾ ਤੇਰੀ ਐਨੀ ਸੇਵਾ ਕਰ ਦੂ।"

ਸੁਦਾਗਰ ਨੂੰ ਬਹੁਤਾ ਤਜਰਬਾ ਮੁਰਦਾ ਪਸ਼ੂਆਂ ਨਾਲ ਨਜਿੱਠਣ ਦਾ ਸੀ। ਮੁਰਦਾ ਪਸ਼ੂਆਂ ਨੂੰ ਜਿਵੇਂ ਮਰਜ਼ੀ ਪੁੱਠੇ ਸਿੱਧੇ ਕਰੀ ਜਾਓ। ਉਹ ਕਿਸੇ ਨੂੰ ਕੁੱਝ ਨਹੀਂ ਕਹਿੰਦੇ। ਮ੍ਹੈਸ ਦਾ ਕੁਟਾਪਾ ਹੁੰਦਾ ਦੇਖ ਉਸ ਨੂੰ ਧਰਤੀ ਵਿਹਲ ਨਹੀਂ ਸੀ ਦੇ ਰਹੀ। ਲੰਘੀ ਜ਼ਿੰਦਗੀ ਏਨੇ ਤਣਾਓ ਵਿੱਚ ਉਹ ਇਸ ਘਰ ਵਿੱਚ ਦੂਸਰੀ ਵਾਰੀ ਬੇਬਸ ਖੜਾ ਸੀ। ਜਿੱਥੇ ਅੱਜ ਉਸ ਦਾ ਮੁੰਡਾ ਹਦਕ ਦੇ ਬੋਝ ਵਿੱਚ ਗੁੱਸੇ ਹੱਥ ਚੜ੍ਹਿਆ ਉਸਦੀ ਕੱਟੀ... ਝੋਟੀ... ਮ੍ਹੈਸ ਨੂੰ ਕੁੱਟ ਰਿਹਾ ਸੀ। ਉਵੇਂ ਚੜ੍ਹਦੀ ਜੁਆਨੀ ਚੰਦ ਰੁਪੱਈਆਂ ਦੇ ਕਰਜ਼ੇ ਦੇ ਬੋਝ ਹੇਠ ਆਇਆ ਉਹ ਬੇਬਸ ਹੋ ਗਿਆ ਸੀ। ਕੋਈ ਮਾਂ ਬਾਪ ਭਾਈ ਭੈਣ ਉਸ ਦੀ ਮੱਦਦ ਨੂੰ ਕੋਲ ਨਾ ਖੜ੍ਹਿਆ। ਅਜਿਹੇ ਤਣਾਓ ਭਰੇ ਮਹੌਲ ਤੋਂ ਡਰਦਾ ਸੁਦਾਗਰ ਉਦੋਂ ਘਰੋਂ ਭੱਜ ਕੇ ਪੀਲੀਭੀਤ ਨਾਥਾਂ ਦੇ ਡੇਰੇ ਵਿੱਚ ਜਾ ਵੜਿਆ ਸੀ। ਕੋਈ ਰੱਬ ਜਾਣਦਾ ਕਿ ਡੇਰੇ ਵਿੱਚ ਉਹ ਕਿਵੇਂ ਜੀਊਆ... ਮਰਿਆ ਹੋਵੇਗਾ। ਹਰ ਰੋਜ਼ ਖਾਲੀ ਬੋਰੀਆਂ ਦੀ ਮਿਰਗਛਾਲਾ 'ਤੇ ਚੌਂਕੜੀ ਮਾਰ ਕੇ ਭਜਨ ਕਰਦੇ, ਆਪਾ ਮਾਰਦੇ, ... ਮਰ ਹੀ ਗਿਆ ਸੀ ਜੇ ਪ੍ਰਸਿੰਨੀ ਨਾ ਬਹੁੜਦੀ। ਤਿੰਨ ਸਾਲ ਡੇਰਿਆਂ ਵਿੱਚ ਨਾਥਾਂ ਮਹਾਤਮਾ ਤੋਂ ਸੁਣੀਆਂ ਗੌਤਮ ਰਿਖੀ, ਚੰਦ ਦੇਵਤਾ, ਰਮਾਇਣ, ਮਹਾਂਭਾਰਤ ... ਤ੍ਰਿਲੋਕ ਦੀਆਂ ਕਥਾਵਾਂ ਉਸ ਦੇ ਮਸ਼ਤਕ ਵਿੱਚ ਵਿਛੀਆਂ ਪਈਆਂ ਸਨ। ਉਸ ਨੂੰ ਸ਼ਿਵਜੀ ਮਹਾਰਾਜ ਦੇ ਜ਼ਹਿਰ ਪਿਆਲਾ ਪੀਣ ਉਪਰੰਤ ਕੰਠ ਨੀਲਾ ਹੋਣ ਦੀ ਕਥਾ ਸੁਣਨੀ ... ਤੇ ਸੁਣਾਉਣੀ ਬਹੁਤ ਪਿਆਰੀ ਲੱਗਦੀ ਸੀ। ਕਦੇ ਉਸ ਨੂੰ ਲਗਦਾ ਕਿ ਵਿਚਾਰ ਕਰਨ ਵਾਲਿਆਂ ਨੇ ਸ਼ਾਇਦ ਹਿਮਾਲਾ ਪਰਬਤ ਨੂੰ ਹੀ ਸ਼ਿਵਜੀ ਸਮਝ ਲਿਆ ਹੋਵੇ। ਜਿੱਥੋਂ ਮਾਂ ਗੰਗਾ ਨਿਕਲਦੀ ਐ ... ਧਾਰਾਂ ... ਪਾਣੀ ਦੀਆਂ ... ਕਿਤੇ ਮਿੱਠੇ, ਕਿਤੇ ਨੂਣ ਆਲੇ ਪਾਣੀ ਦੀਆਂ ਧਾਰਾਂ...

ਉਹ ਜਦੋਂ ਕਦੇ ਮ੍ਹੈਸ ਨੂੰ ਸ਼ਾਂਤ ਗੋਡਣੀ ਮਾਰ ਕੇ ਬੈਠੀ ਨੂੰ ਇੱਕ ਲੈਅ ਵਿੱਚ ... ਹੌਲੀ ਹੌਲੀ ਜਬਾੜਾ ਘੁੰਮਾਉਂਦੇ ਅੱਖਾਂ ਬੰਦ ਕਰਕੇ ਜੁਗਾਲੀ ਕਰਦੇ ਦੇਖਦਾ ... ਤਾਂ ਸੱਚਮੁੱਚ ਪੀਲੀਭੀਤ ਗੋਮਤੀ ਦੇ ਕਿਨਾਰੇ ਜਾ ਪੁੱਜਦਾ।

•••

'ਬੀਂਗੇ ਸਿੰਗਾਂ ਵਾਲੀ' ਕੱਟੀ ਦੀ ਜ਼ਨਾਨਾ ਜਾਤ ਨੂੰ ਆਪਣੀ ਸ਼ੌਕਣ ਸਮਝਦੀ ਕੱਟੇ ਈ ਸੁੱਟੀ ਗਈ। ਨੌਂ ਕੱਟੇ ਦਿੱਤੇ। ਉਸ ਨੂੰ ਡੱਬੂ ਦੇ ਝੋਟੇ ਤੋਂ ਹੀ ਆਸ ਲੁਆਉਂਦੇ। ਪਰ ਅਜੇ ਤੱਕ ਉਸਨੇ ਕੋਈ ਕੱਟੀ ਨਾ ਜੰਮੀ। ਆਪਣੀ ਵੇਲ ਨਾ ਵਧਾਈ। ਨਾ ਹਾਲੇ ਤੱਕ ਕੋਈ ਹੋਰ ਦੂਸਰਾ ਪਸ਼ੂ ਘਰ ਵਿੱਚ ਆਇਆ ਅਤੇ ਨਾ ਕੋਈ ਦੂਸਰਾ ਖੁੰਡਾ ਗੱਡ ਹੋਇਆ। ਇੱਕ ਸਿੰਗ ਓਹਦਾ ਮੋਕਲਾ ਜਿਹਾ ਹੋ ਕੇ ਝੜ ਗਿਆ। ਪਿੱਛੇ ਨਰਮ ਜਿਹਾ ਗੁੱਲਾ ਸਿਰ ਨਾਲ ਲੱਗਿਆ ਰਹਿ ਗਿਆ। ਨੌਂ ਸੂਇਆਂ ਤੋਂ ਬਾਅਦ ਮ੍ਹੈਸ ਦਾ ਜਿਵੇਂ ਮੱਚ ਮਰ ਗਿਆ। ਦੁੱਧ ਵੀ ਅੱਧਾ ਰਹਿ ਗਿਆ। ਬਾਲਟੀ ਵਿੱਚ ਭਾਗ ਪ੍ਰਤਾਪ ਹੀ ਨਾ ਰਿਹਾ। ਕਿਸੇ ਦਿਨ ਪ੍ਰਸਿੰਨੀ ਨੇ ਗੱਲ ਸਿਰੇ ਲਾ

ਦਿੱਤੀ,"ਆਉਂਦੀ ਮੰਡੀ ਨੂੰ ਇਹਨੂੰ ਵੇਚ ਦੋ। ਤੋਕੜ ਦਾ ਕੋਈ ਛੇ ਸੋ ਤਾਂ ਦੇ ਏ ਦਊਂਗਾ। ਨਾ ਇਹ ਆਸ ਲੱਗਦੀ ਐ। ਦੁੱਧ ਵੀ ਨੂਣ ਵਰਗਾ ਹੋ ਗਿਆ। ਕਿੱਲੋ ਸਬੇਰੇ। ਕਿੱਲੋ ਸ਼ੰਝ ਨੂੰ। ਕਿਹੜਾ ਇਹਨੂੰ ਵਿਹਲੀ ਖੜ੍ਹੀ ਨੂੰ ਖਿਲਾਈ ਜਾਊਂਗਾ।" ਸੁਦਾਗਰ ਤੇ ਵੱਡਾ ਲੜਕਾ ਸਾਰਾ ਦਿਨ ਕੁਰਾਲੀ ਦੀ ਡੰਗਰਾਂ ਦੀ ਵੱਡੀ ਸਰਕਾਰੀ ਮੰਡੀ 'ਚ ਬੈਠੇ ਠੁਰ-ਠੁਰ ਕਰਦੇ ਰਹੇ। ਗਿਆਰਾਂ ਬਾਰਾਂ ਸਾਲ ਦੀ ਬੁੜ੍ਹੀ ਹੋ ਰਹੀ ਮ੍ਹੈਸ ਦਾ ਕੋਈ ਗਾਹਕ ਨਾ ਮਿਲਿਆ। ਕਿਸੇ ਨੇ ਕੋਲ ਆ ਕੇ ਵੀ ਨਾ ਪੁੱਛਿਆ। ਤੇ ਉਵੇਂ ਹੀ ਥੱਕੇ ਹਾਰੇ ਘਰ ਮੁੜ ਆਏ।

" 'ਡੀਕ 'ਡੀਕ। ਕਿਆ ਹੋਇਆ। ਬਨਿਆ ਕੁਸ਼।"

"ਪ੍ਰਸਿੰਨੀ ਮੂਹਲਾ ਲਿਆ।"

"ਹੈਂ? ਕਿਆ??"

" ਮੰਡੀ 'ਚ ਝੋਟਾ ਤਾ। ਮ੍ਹੈਸ ਝੋਟੇ ਦੇ ਮੂਹਰੇ ਕਰੀ। ਆਸ ਲੱਗ ਗੀ।"

"ਹੈਂਅ ! ਬਹਿਗੁਰੂ। ਬਹਿਗੁਰੂ" ...ਤੇ ਫੇਰ ਮ੍ਹੈਸ ਕਮਾਊ ਪੁੱਤ ਵਾਂਗ ਚੰਗੀ ਲੱਗਣ ਲੱਗ ਪਈ। ਫੇਰ ਮ੍ਹੈਸ ਦੀ ਅਗਲੇ ਦਸ ਮਹੀਨੇ ਦੀ ਜ਼ਿੰਦਗੀ ਦੀਆਂ... ਖਾਦ ਖੁਰਾਕ ਤੇ ਚਾਰੇ ਦੀਆਂ ਸਕੀਮਾਂ ਬਣਨ ਲੱਗੀਆਂ। ਸੈਣੀਆਂ ਦੇ ਖੱਤੇ ਵਿੱਚ ਬਰਸੀਣ ਦੇ ਇੱਕ ਵੱਡੇ ਦੋ ਵਿਸਵੇ ਦੇ ਕਿਆਰੇ ਦੀ ਵ੍ਹਾਡ ਮੁੱਲ ਲੈ ਲਈ। "ਲੈ ਹੁਣ ਟਿਕ ਜੀਂ" ਪ੍ਰਸਿੰਨੀ ਨੇ ਮ੍ਹੈਸ ਦੇ ਕੰਨ ਵਿੱਚ ਮਸ਼ਕਰੀ ਕੀਤੀ। ਪਰ ਮ੍ਹੈਸ ਨੂੰ ਕੀ ਪਰਵਾਹ ਸੀ। ਉਸ ਦੇ ਵੀ ਕਈ ਰਉਂ ਸਨ। ਕੋਈ ਲੇਖਾ ਈ ਨਹੀਂ। ਉਹ ਸਭ ਨੂੰ ਟਿੱਚ ਜਾਣਦੀ ਸੀ। ਪਰ ਉਸਨੇ ਵੀ ਪ੍ਰਸਿੰਨੀ ਨੂੰ ਇੱਕ ਮਸ਼ਕਰੀ ਕਰ ਦਿੱਤੀ। ਇਸ ਵਾਰ ਕੱਟੀ ਜੰਮ ਦਿੱਤੀ। ਮ੍ਹੈਸ ਦੀ ਸਾਰੇ ਪਿੰਡ ਵਿੱਚ ਬੱਲੇ ਬੱਲੇ ਹੋ ਗਈ... ਤੇ ਡੱਬੂ ਦੇ ਝੋਟੇ ਦੀ...।

"ਡੱਬੂ ਦੇ ਝੋਟੇ ਦਾ ਤਾਂ ਬਸ ਮੂੰਹੋਂ ਸੋਹਣਾ। ਖੱਸੀ ਐ। ਕਿਸੇ ਨੂੰ ਕਿਆ ਕਹਿਣਾ... ਭਾਈ ਜਾਗਦਿਆਂ ਦੀਆਂ ਕੱਟੀਆਂ, ਸੁੱਤਿਆਂ ਦੇ ...।" ਪ੍ਰਸਿੰਨੀ ਖੁਦ ਨੂੰ ਲਾਹਨਤਾਂ ਪਾਈ ਜਾਵੇ। ਕਮਲਿਆਂ ਵਾਂਗ ਸੜੇ ਹੋਏ ਡੱਬੂ ਦੇ ਝੋਟੇ ਦਾ ਈ ਆਸਰਾ ਤੱਕੀ ਗਏ। ਕੋੜ੍ਹੀ ਦਾ। ਘਰ ਦੀ ਕੱਟੀ ਕਿਆ ਸੁਹਣੀ। ਤੰਦਰੁਸਤ। ਸੁਦਾਗਰ ਬੇਲੇ 'ਚੋਂ ਦੂਸਰਾ ਵਧੀਆ ਸੁੱਕੀ ਟਾਹਲੀ ਦਾ ਖੁੰਡਾ ਘੜ ਲਿਆਇਆ।

•••

ਘਰ ਦੀ ਕੱਟੀ ਸਾਲ ਦੀ ਹੋ ਗਈ। ਦੁੱਧ ਮੁੱਲ ਦਾ ਲਿਆਉਣ ਲੱਗ ਪਏ। ਬੀਂਗੇ ਸਿੰਗਾਂ ਵਾਲੀ ਕੰਡਮ ਹੋ ਗਈ। ਮੁੱਕ ਗਈ। ਜੁਆਬ ਦੇ ਗਈ। 'ਫੰਡਰ' ... ਪਰ ਪ੍ਰਸਿੰਨੀ ਤੇ ਸੁਦਾਗਰ ਦਾ ਫੰਡਰ ਸ਼ਬਦ ਘਰ ਵਿੱਚ ਬੋਲਣ ਨੂੰ ਜੀਅ ਨਾ ਕਰੇ।

ਕੀ ਕਰੇ ਕੋਈ ... ਕੀ ਕਰੇ। ਉਹ ਦਿਨ ਵੀ ਆ ਗਿਆ ... ਸ਼ਨਿੱਚਰ ਦਾ... ਖਟੀਕ ਆ ਗਏ ਜਿਵੇਂ ਉਹ ਹਰ ਮਹੀਨੇ ਆਉਂਦੇ ਹੀ ਸਨ। ਸੁਦਾਗਰ ਨੇ ਮ੍ਹੈਸ ਦਾ ਸੰਗਲ ਲਾਹ ਕੇ ਅੰਦਰ ਰੱਖ ਲਿਆ... ਖੁੱਲ੍ਹੀ ਖੇਤਾਂ ਵਿੱਚ ਛੱਡ ਦਿੱਤੀ ਚੁਗਣ ਨੂੰ। ਝੋਨਾ ਅਜੇ ਲੱਗਣਾ ਸ਼ੁਰੂ ਨਹੀਂ ਸੀ ਹੋਇਆ ... ਖਟੀਕ ਨੇ ਸੌ ਦਾ ਨੋਟ ਮਰੋੜ ਕੇ ਸੁਦਾਗਰ ਦੀ ਮੁੱਠੀ ਵਿੱਚ ਘੁੱਟ ਦਿੱਤਾ। ਡੌਲਾਂ ਦੇ ਨਾਲ ਨਾਲ ਹੌਲੀ ਹੌਲੀ ਤੁਰਦੀ ਖੱਬਲ, ਬਰੂ ਬਰੂਸਦੀ ਮ੍ਹੈਸ ਹੁਣ ਖਟੀਕ ਦੇ ਨਾਲ ਆਏ ਨੌਜੁਆਨ ਮੁੰਡਿਆਂ ਦੀ ਨਿਗ੍ਹਾ ਹੇਠ ਸੀ। ਚੁੱਗਦੀ ਚੁੱਗਦੀ ਮ੍ਹੈਸ ਬਹੁਤ ਉੱਚੇ ਮੁਸਲਮਾਨੀ ਖੰਡਰ ਵੱਲ ਚਲੇ ਗਈ ਜਿੱਧਰ ਮੁੱਲਾਂ ਮੁਸਲਮਾਨ ਦੀ ਜ਼ਮੀਨ ਸੀ... ਮੂੰਹ ਉੱਚਾ ਉੱਪਰ ਨੂੰ ਉਠਾ ਕੇ ਆਕੜੀ ਖੜ੍ਹੀ ਪੂਰੀਆਂ ਅੱਖਾਂ ਅੱਡ ਕੇ... ਉੱਚੇ ਗੁਬੰਦ ਵੱਲ ਨੂੰ... ਨੀਲੇ ਅਸਮਾਨ ਵੱਲ ਨੂੰ ਦੇਖਦੀ ਰਹੀ । ਜਿਹੜੇ ਨੌਂ ਕੱਟੇ ਬੀਂਗੇ ਸਿੰਗਾਂ ਵਾਲੀ ਨੇ ਦਿੱਤੇ... ਪਹਿਲੇ ਤਿੰਨ ਤਾਂ ਮਹੀਨਾ ਮਸੀਂ ਟੱਪੇ ... ਭੋਛਾ ਇੱਕ ਦਾ ਹੀ ਬਣਿਆ ਪਰ ਉਹਨਾਂ ਤਿੰਨਾਂ ਦੇ ਨੋਟ ਬਣਕੇ ਅਗੜ ਪਿੱਛੜ ਸੁਦਾਗਰ ਦੀ ਪਤੂਹੀ ਦੀ ਅੰਦਰਲੀ ਜੇਬ 'ਚ ਜਾ ਵੜੇ। ਨੌਂ ਕੱਟਿਆਂ ਚੋਂ ਜਿਹੜੇ ਛੇ ਬਚੇ ਉਹ ਹਰੇਕ ਦਸ ਪੰਦਰਾਂ ਦਮੜਿਆਂ ਦਾ ਖਟੀਕਾਂ ਨੂੰ ਵਿਕ ਕੇ ਹੋਰਾਂ ਨਾਲ ਰਲ ਕੇ ਟਰੱਕਾਂ 'ਚ ਸਹਾਰਨਪੁਰ ਦੇ ਜਿਬ੍ਹਾਖਾਨਿਆਂ ਵੱਲ ਆਖ਼ਰੀ ਉਡਾਰੀ ਮਾਰ ਗਏ।

ਬੀਂਗੇ ਸਿੰਗਾਂ ਵਾਲੀ 'ਇਹ' ਵੀ ਅੱਜ ਸੌ ਰੁਪਏ ਦਾ ਸਹਾਰਨਪੁਰ ਦਾ ਟਿਕਟ ਕਟਾਈ ਜੱਟਾਂ... ਜ਼ਿਮੀਦਾਰਾਂ ਦੀਆਂ ਖਾਲਾਂ ਦੇ ਨਾਲ ਨਾਲ ਘਾਹ ਬੂਟੇ ਡੁੰਗਦੀ... ਜਿਵੇਂ ਆਪਣਾ ਇਹ ਜਹਾਨ ਆਖ਼ਰੀ ਵਾਰ ਦੇਖ ਰਹੀ ਸੀ। ਕਸਾਈ ਉਸਨੂੰ ਗੱਸਿਆਂ ਨਾਲ ਨੂੜਕੇ ਧੂੰਹਦੇ ਪਿੰਡ ਦੇ ਬਾਹਰ ਆਪਣੇ ਟਿਕਾਣੇ ਵੱਲ ਨੂੰ ਲੈ ਗਏ ਜਿੱਥੇ ਏਦਾਂ ਦੇ ਸਮਾਨ ਦਾ ਰਿਫ਼ੂਜੀ ਕੈਂਪ ਵਰਗਾ ਮਾਹੌਲ ਸੀ।

●●●

ਸੂਰਜ ਡੁੱਬਦੇ ਸਾਰ ਸੁਦਾਗਰ ਨੂੰ ਰਿਫ਼ੂਜੀ ਕੈਂਪ ਤੋਂ ਮੁਰਦੇ ਪਸ਼ੂ ਦਾ ਸੁਨੇਹਾ ਆ ਗਿਆ ਸੀ। ਬੀਂਗੇ ਸਿੰਗਾਂ ਵਾਲੀ ਪਿੰਡ ਦੇ ਬਾਹਰ ਆਰਜੀ ਕੈਂਪ ਵਿੱਚ ਦਮ ਤੋੜ ਗਈ। ਗੱਡੇ 'ਤੇ ਲੱਦੀ ਰੁੜਦੀ ਜਾਂਦੀ ਦੀ ਮਜਲ ਵਿੱਚ ਪਿੱਛੇ ਸੁਦਾਗਰ ਰੋਣ ਤੋਂ ਰੁਕਿਆ ਸਾਇਕਲ ਚਲਾ ਰਿਹਾ ਸੀ। ਨਿਕਲਦੀ ਭੁੱਬ ਨੂੰ ਰੋਕਦਾ ... ਅੱਖਾਂ 'ਚੋਂ ਨਿਕਲਦਾ ਪਾਣੀ ਮੁੱਛਾਂ ਵਿੱਚੀਂ ਹੁੰਦਾ ਹੋਇਆ ਬੁੱਲ ਟੱਪ ਗਿਆ... ਸੁਦਾਗਰ ਨੂੰ ਮੂੰਹ ਵਿੱਚ ਕੁੱਝ ਸਲੂਣਾ ਮਹਿਸੂਸ ਹੋਇਆ ... ਭੁੱਬ ਹੁਣ ਕਿੱਥੇ ਰੁੱਕਦੀ:

" ਹਂ ਅਂ ਅਂ... ਨੂਣ ...!"

ਪਿੰਡ ਦੀ ਹੱਡਾਰੋੜੀ ਵਿੱਚ ਹਰੇ ਉੱਚੇ ਝੁੰਡ ਲਹਿਲਹਾਉਣ ਲੱਗੇ ਹੋਏ ਸਨ। ਅਸਮਾਨ ਵਿੱਚ ਛੋਟੇ ਵੱਡੇ ਅਣਗਿਣਤ ਤਾਰੇ ਇੱਕਠੇ ਹੋ ਕੇ ਟਿਮਟਿਮਾਉਣ ਲੱਗ ਪਏ। ਜਦੋਂ ਸੁਦਾਗਰ ਆਪਣੇ ਕਸਬ ਦੇ ਆਪਣੇ ਵੱਡੇ ਵਡੇਰਿਆਂ ਤੋਂ ਉਮਰ ਭਰ ਸਿੱਖੇ ਗੁਰਾਂ ਨਾਲ ਮੁਰਦਾ ਪਸ਼ੂ ਨੂੰ ਨਜਿੱਠਣ ਲੱਗਿਆ ਤਾਂ ਠੰਡੀ ਹਵਾ ਹੌਲੀ ਹੌਲੀ ਰੁਮਕਣ ਲੱਗੀ। ਅੱਜ ਸੁਦਾਗਰ ਉਹ ਚਮਾਰ ਨਹੀਂ ਸੀ ਜੋ ਦੂਸਰਿਆਂ ਦੇ ਪਸ਼ੂ ਨੂੰ ਕਿੱਡੇ ਹੌਸਲੇ ਨਾਲ ਛਿੱਲ ਦਿੰਦਾ ... ਅੱਜ ਉਹ ਆਪ ਕਿਤੇ ਜਿਉਂਦਾ ਥੋੜੋ ਸੀ... ਉਹ ਸਵੇਰੇ ਉਦੋਂ ਹੀ ਮਰ ਗਿਆ ਸੀ ਜਦੋਂ ਉਸ ਨੇ ਮੈਸ੍ਹ ਦਾ ਸੰਗਲ ਖੋਲ ਕੇ ਅੰਦਰ ਰੱਖ ਲਿਆ ਸੀ। ਇਹ ਸੁਦਾਗਰ ਕੋਈ ਹੋਰ ਸੀ ... ਕੋਈ ਹੋਰ ਜੋ ਆਪਣੀ ਕੱਟੀ ਦੇ ਫੁੱਲ ਚੁਗਣ ਆਇਆ ਸੀ... ਸਾਰੀ ਉਮਰ ਉਹ ਹੱਡਾਰੋੜੀਆਂ ਵਿੱਚ... ਇੱਲ੍ਹਾਂ ਦੇ ਅੰਬਾਰਾਂ ਵਿੱਚ... ਹਰੇ ਸੁੱਕੇ ਝੁੰਡਾਂ, ਜੰਡ ਕਰੀਰਾਂ ਵਿੱਚ ਕਾਲੇ ਸੁਪਨੇ ਬੁਣਦਾ ਦੌੜਿਆ। ਇੱਲ੍ਹਾਂ ਦੇ ਝੁੰਡ ਅਸਮਾਨ ਵਿੱਚ ਉਸਦੇ ਨਾਲ ਨਾਲ ... ਕਦੇ ਉਸਦੇ ਸਿਰ ਉੱਪਰ ਅੱਤ ਉੱਚੇ ਅਸਮਾਨ ਵਿੱਚ ਇੱਲ੍ਹਾਂ ਦਾ ਗੋਲ ਚੱਕਰ ਘੁੰਮਦਾ ਹੁੰਦਾ। ਪਰ... ਅੱਜ ਤੋਂ ਵੱਧ ਇਕੱਲਾ ਉਹ ਕਦੇ ਨਹੀਂ ਸੀ। ਰੰਬੀ, ਛੁਰੀ ਹੱਥੋਂ ਛੁੱਟ ਛੁੱਟ ਜਾਂਦੀ... ਜਦ ਉਹ ਮ੍ਹੈਸ ਦੇ ਟੁੱਟੇ ਹੋਏ ਬੀਂਗੇ ਸਿੰਗ ਕੋਲ ਨੂੰ ਪੁੱਜਿਆ ਤਾਂ ਉਸਦਾ ਕੋਈ ਰੱਬ ਹੀ ਉਸ ਨੂੰ ਜਿਉਂਦਾ ਰੱਖ ਸਕਿਆ... ਨਾਥਾਂ ਵਾਲੀ ਬੰਦਨਾ ਕਰਦੇ ਅੱਖਾਂ ਦਾ ਕੋਸਾ ਸਲੂਣਾ ਪਾਣੀ ਮੂੰਹ 'ਚ ਚੂਸਿਆ ਗਿਆ ਤਾਂ ਭੁੱਬ ਮਾਰ ਦਿੱਤੀ:

"ਹਂ ਅਂ ਅਂ... ਨੂ-ਅ-ਣ ...।"

ਮੱਝ ਦੀ ਖੱਲ ਲਿਆਕੇ ਉਸਨੇ ਆਪਣੇ ਅਲੱਗ ਕੋਠੇ ਵਿੱਚ ਖੱਲਾਂ ਦੇ ਢੇਰ ਦੇ ਸਭ ਤੋਂ ਉੱਪਰ ਪੁੱਠੀ ਵਿਛਾ ਦਿੱਤੀ। ਪਿਛਲੇ ਗਿਆਰਾਂ ਬਾਰਾਂ ਸਾਲਾਂ ਤੋਂ ਉਹ ਇਸ ਖੱਲ ਦੀ ਵਾਲਾਂ ਵਾਲੇ ਪਾਸੇ ਦੀ ਨਿੱਘੀ ਛੋਹ ਦਾ ਸ਼ੁਦਾਈ ਸੀ। ਅੱਜ ਇਸ ਦੇ ਅੰਦਰ ਤਸਲਾ ਭਰ ਕੇ ਨੂਣ ਬਰੂਰ ਦਿੱਤਾ... ਹਨੇਰੇ ਵਿੱਚ ਬੇਬਸ ਹੋਇਆ ਉਹ ਖੱਲ ਉੱਤੇ ਹੀ ਬੈਠ ਗਿਆ। ਉਸ ਦੇ ਕੱਛੇ ਨੂੰ ਗਿੱਲਾ ਨਮਕੀਨ ਠੰਡਾ ਪਾਣੀ ਲੱਗ ਗਿਆ। ਚੌਂਕੜੀ ਮਾਰ ਲਈ। ਅੱਖਾਂ ਮੀਚ ਲਈਆਂ। ਸੁਦਾਗਰ ਡੱਡੂ ਦੇ ਬਾੜੇ ਵਿੱਚ ਕੱਟੀ ਨਾਲ ਪਹਿਲਾ ਦਿਨ ਯਾਦ ਕਰ ਕੇ ਰੋ ਪਿਆ। ਲੱਤਾਂ, ਗੋਡੇ ਉੱਠਣ ਤੋਂ ਜੁਆਬ ਦੇ ਗਏ। ਪ੍ਰਸਿੰਨੀ ਨੂੰ ਉਹਦੀ ਚਿੰਤਾ ਹੋਣ ਲੱਗ ਪਈ। ਕਿੰਨੀ ਦੇਰ ਦਾ ਕੋਠੇ 'ਚੋਂ ਨਹੀਂ ਨਿਕਲਿਆ। ਕੋਠੇ ਅੰਦਰ ਜਾ ਕੇ ਉਸ ਦਾ ਹੱਥ ਫੜ ਲਿਆ:

" ਹੁਣ ਹੋਰ ਕਿੰਨੀ ਦੇਰ ਬੈਠਣਾ ਮਿਰਗਸਾਲਾ 'ਪਰ। ਚਲ ਉੱਠ।"

" ਪ੍ਰਸਿੰਨੀ ... ਈਹਨੂੰ ਕਿਹੜਾ ਮਾਸਟਰ ਪੜ੍ਹਾ ਗਿਆ ... ਬਈ ਮੈਂ ਚਮੜੇ ਦਾ ਕੰਮ ਕਰਦਾਂ??"

**(ਸੰਪਰਕ : 81467-60045)**

## ਕਹਾਣੀ

# ਪੰਜਵਾਂ ਮੋਢਾ

**ਦੀਪਤੀ ਬਬੂਟਾ**



"ਵੱਡੀ ਭੈਣ ਨੂੰ ਬਾਹਲਾ ਧ੍ਰੇਕ ਜਾਗਦਾ ਏ। ਚੁੱਕੇ ਮੰਜਾ ਤੇ ਲੈ ਜਾਵੇ। ਕਿੱਧਰੇ ਧੀ ਨੂੰ ਹਿਰਖ ਈ ਨਾ ਮਾਰ ਲਵੇ, ਭਈ ਬੁੱਢੜੀ ਤੋਂ ਪਿੱਛਾ ਛੁਡਾਉਣ ਲਈ ਨੂੰਹਾਂ ਨੇ ਉਹਦੀ ਮਾਂ ਦੀ ਘੰਡੀ ਤਾਂ ਨਹੀਓਂ ਦੱਬ 'ਤੀ।"

ਲੱਕਵੇ ਦੀ ਮਾਰੀ ਗੁਰਦੇਵ ਕੌਰ ਦੀ ਜ਼ੁਬਾਨ ਖਿੱਚੀ ਗਈ ਸੀ, ਪਰ ਕੰਨਾਂ ਦੀ ਬਿੜਕ ਬਾਕੀ ਸੀ। ਚਾਰਾਂ ਨੂੰਹਾਂ 'ਚੋਂ ਕਿਸੇ ਨਾ ਕਿਸੇ ਦੇ ਬੋਲ ਤੀਰ ਬਣ ਵੱਜਦੇ ਤੇ ਕਲੇਜਾ ਵਿੰਨ੍ਹ ਜਾਂਦੇ।

ਨਿੱਜੀ ਕਿਰਿਆ ਸੁਧਾਰਨ ਤੋਂ ਆਹਰੀ ਹੋਈ ਤਾਂ ਨੂੰਹਾਂ ਨੇ ਵਿਚਾਲਿਓਂ ਮੰਜਾ ਵੱਢ ਹੇਠ ਤਸਲਾ ਟਿਕਾ ਦਿੱਤਾ। ਕੱਪੜੇ ਬਦਲਣੇ ਔਖੇ ਹੋਏ ਤਨ 'ਤੇ ਫਤੂਹੀ ਪਾ, ਹੇਠਲੇ ਸਰੀਰ 'ਤੇ ਚਾਦਰ ਪਾ ਦਿੱਤੀ। ਕਦੀ ਮਿੱਟੀ ਦਾ ਕਣ ਨਾ ਝੱਲਣ ਵਾਲੀ ਸਰਦਾਰਨੀ ਹੁਣ ਫਾਲਤੂ ਸਾਮਾਨ ਬਣੀ ਝਾੜ-ਪੂੰਝ ਲਈ ਤਰਸਦੀ ਰਹਿੰਦੀ।

ਇੱਕੋ ਉਡੀਕ। ਕਦੋਂ ਮਰੇ, ਕਦੋਂ ਜਾਨ ਛੁੱਟੇ।

ਜਿਸ ਪੁੱਤਰ ਦੇ ਸਾਹੀਂ ਜੀਉਂਦੀ ਸੀ, ਉਸ ਨੇ ਵੀ ਹੱਡੀਆਂ ਦੀ ਮੁੱਠ ਸਾਂਭਣ ਤੋਂ ਪੱਲਾ ਝਾੜ ਦਿੱਤਾ ਸੀ।

ਸਵਾਲ ਉੱਠਿਆ। ਜਦੋਂ ਮਾਂ ਸਾਰਿਆਂ ਦੀ ਸਾਂਝੀ ਹੈ, ਫਿਰ ਉਸ ਦੀ ਜ਼ਿੰਮੇਵਾਰੀ ਕੋਈ ਇੱਕ ਇਕੱਲਾ ਕਿਉਂ ਚੁੱਕੇ?

ਤੇ, ਫੈਸਲਾ ਹੋ ਗਿਆ।

ਮਾਂ ਨੂੰ ਵਾਰੀ ਸਿਰ ਮਹੀਨਾ-ਮਹੀਨਾ ਸਾਰੇ ਪੁੱਤਰ ਆਪਣੇ ਕੋਲ ਰੱਖਣਗੇ। ਪਿਉ ਵੱਲੋਂ ਮਰਨ ਤੋਂ ਪਹਿਲਾਂ ਮਾਂ ਦੇ ਨਾਂ ਕੀਤੀ ਜਾਇਦਾਦ ਦਾ ਮੁੱਲ ਪੁਆ ਕੇ ਜਿਸ ਕਿਸੇ ਦਾ ਹੱਥ ਸਰਦਾ ਹੋਵੇ ਆਪਣੇ ਪੇਟੇ ਪਾ ਲਵੇ। ਨਹੀਂ ਤੇ ਵੇਚ ਦਿੱਤੀ ਜਾਵੇ। ਭੈਣਾਂ ਨੂੰ ਤੋਲਾ-ਤੋਲਾ ਸੋਨੇ ਦੀਆਂ ਵਾਲੀਆਂ ਕਰਵਾ ਕੇ ਬਾਕੀ ਰਕਮ ਚਾਰੇ ਭਰਾ ਆਪਸ 'ਚ ਵੰਡ ਲੈਣ। ਨਾ ਕੋਈ ਇਕੱਲਾ ਖਾਵੇ, ਨਾ ਕਿਸੇ ਦੇ ਢਿੱਡੀਂ ਸੂਲ ਉੱਠੇ। ਜਿਸ ਦੇ ਵਿਹੜੇ ਬੀਬੀ ਆਖਰੀ ਸਾਹ ਲਵੇਗੀ, ਮੌਤ ਦੀਆਂ ਰਸਮਾਂ ਉਸੇ ਦੇ ਬੂਹੇ ਨਿਭਾਈਆਂ ਜਾਣਗੀਆਂ। ਮਰਨੇ ਦਾ ਖਰਚਾ ਸਾਰੇ ਭਰਾਵਾਂ ਵੱਲੋਂ ਸਾਂਝੇ ਤੌਰ 'ਤੇ ਕੀਤਾ ਜਾਵੇਗਾ। ਸੋਨੇ ਦੀ ਪੌੜੀ ਚੜ੍ਹੀ ਬੀਬੀ ਦਾ ਮਰਨਾ ਅਜਿਹਾ ਕੀਤਾ ਜਾਵੇ ਸ਼ਰੀਕੇ ਦੀਆਂ ਅੱਖਾਂ ਟੱਡੀਆਂ ਰਹਿ ਜਾਣ।

ਸਾਰਾ ਕੁੱਝ ਮਿੱਥ ਕੇ ਗੁਰਦੇਵ ਕੌਰ ਦਾ ਮੰਜਾ ਇੱਕ ਤੋਂ ਦੂਜੇ ਪੁੱਤਰ ਦੇ ਬੂਹੇ ਫੇਰੀਆਂ ਲਾਉਣ ਲੱਗਿਆ।

ਮਹੀਨੇ ਦਾ ਆਖਰੀ ਹਫ਼ਤਾ ਜਿੱਥੇ ਇੱਕ ਪੁੱਤਰ ਲਈ ਸਕੂਨ ਅਤੇ ਰਾਹਤ ਭਰਿਆ ਹੁੰਦਾ ਉੱਥੇ ਦੂਜੇ ਦੇ ਘਰ ਮਹੀਨੇ ਦੇ ਅੱਧ ਤੋਂ ਮਾਤਮ ਮੰਡਰਾਉਣ ਲੱਗਦਾ।

ਗਲੀ ਦੀਆਂ ਫੇਰੀਆਂ ਪਾਉਂਦਾ ਮੰਜਾ ਮੁਹੱਲੇ 'ਚ ਲੱਗਦੀਆਂ ਮਜਲਿਸਾਂ ਲਈ ਜੀਭ ਤੇ ਕੰਨ-ਰਸ

ਬਣ ਗਿਆ ਸੀ। ਸ਼ੁਕਰ ਤੇ ਮੁਸੀਬਤ ਦੀ ਮੂੰਹ ਬੋਲਦੀ ਤਸਵੀਰ ਬਣੀ ਗੁਰਦੇਵ ਕੌਰ ਸੁੱਕ ਕੇ ਕਰੰਗ ਹੋ ਗਈ ਸੀ। ਕਈ-ਕਈ ਦਿਨ ਨੈਣੀਂ ਨੀਂਦਰ ਨਾ ਪੈਂਦੀ। ਸੌਂਦੀ ਤਾਂ ਜਾਗਣਾ ਭੁੱਲ ਜਾਂਦੀ। ਸਿੱਧੀ ਕਰ ਦਿੰਦੇ। ਉਹ ਇੱਕ ਤਾੜ ਛੱਤ ਵੱਲ ਤੱਕਦੀ ਬਾਂਹਾਂ ਉਲਾਰਨ ਲੱਗਦੀ। ਪਾਸਾ ਪਰਤਾ ਦਿੰਦੇ। ਬਰੂਹਾਂ ਵੱਲ ਝਾਕਦੀ ਕੁਰਲਾਹਟ ਚੁੱਕ ਲੈਂਦੀ। ਤੰਗ ਆਏ ਘਰ ਦਿਆਂ ਨੇ ਉਸ ਦਾ ਮੂੰਹ ਕੰਧ ਵੱਲ ਕਰ ਦਿੱਤਾ। ਕੰਧ ਨੂੰ ਟਿਕਟਿਕੀ ਲਾਈ ਉਹ ਅੱਖਾਂ ਝਪਕਣਾ ਭੁੱਲ ਜਾਂਦੀ।

ਖੜ੍ਹੀਆਂ ਅੱਖਾਂ, ਅਹਿਲ ਪਿਆ ਸਰੀਰ ਟੱਬਰ ਲਈ ਆਸਾਂ ਦਾ ਬੂਰ ਬਣਦਾ। ਦੀਵਾ ਬੱਤੀ ਵੱਟਦੇ। ਭੁੰਜੇ ਲਾਹ ਅਗਲਾ ਰਾਹ ਦਿਖਾਉਂਦੇ। ਚੱਲਦਾ ਸਾਹ ਆਖਰੀ ਨਾ ਬਣਦਾ ਤੇ ਟੱਬਰ ਦੀਆਂ ਉਮੀਦਾਂ ਦੇ ਖਿੜੇ ਫੁੱਲ ਮੁਰਝਾ ਜਾਂਦੇ।

"ਇਹ ਨਾ ਮਰਦੀ। ਪਤਾ ਨਹੀਂ ਕਿਹੜੇ ਯੁੱਗਾਂ ਦਾ ਬਦਲਾ ਬਣੀ ਏ? ਰੱਬ ਜਾਣੇ ਹੋਰ ਕਿੰਨਾ ਨਰਕ ਭੋਗਣਾ ਲਿਖਿਐ। ਸੱਦੋ ਨੀ ਭੂਆ ਰੱਤੋ ਨੂੰ। ਕੋਈ ਹੱਥ ਹੌਲਾ ਕਰੇ ਆ ਕੇ। ਪਤਾ ਨਹੀਂ ਕਿੱਥੇ ਜਾਨ ਅੜੀ ਏ ਬੁੱਢੜੀ ਦੀ।"

ਹੱਥ ਹੌਲਾ ਕਰਦੀ ਗੁਰਦੇਵ ਕੌਰ ਦੀ ਨਨਾਣ ਰੱਤੋ, ਉਹਦੇ ਗੁਣਾਂ ਦੀ ਗੁਥਲੀ ਖੋਲ੍ਹ ਬਹਿੰਦੀ।

"ਵਕਤ ਦੀ ਮਾਰ ਤੇ ਬੀਮਾਰੀ ਦੀ ਝੰਬੀ ਮੰਜੇ ਨਾਲ ਜੁੜ'ਗੀ। ਨਹੀਂ, ਇਹਦੇ ਵਰਗੀ ਸੁਥਰੀ ਰਕਾਨ ਕੀਹਨੇ ਹੋਣਾ ਸੀ?"

***

ਗੁੱਡੀਆਂ ਪਟੋਲਿਆਂ ਨਾਲ ਖੇਡਦੀ ਗੁਰਦੇਵ ਕੌਰ ਨੂੰ ਸੁੱਭਰ 'ਚ ਲਪੇਟ ਵੀਰਾਂ ਨੇ ਡੋਲੀ ਪਾਇਆ। ਫੁੱਲ ਭਰ ਜੁਆਕੜੀ ਨੱਚਦੀ-ਟੱਪਦੀ ਸੋਚੇ, ਜਿਵੇਂ ਉਸ ਦੇ ਗੁੱਡੇ-ਗੁੱਡੀ ਦਾ ਡੋਲਾ ਤੁਰਦਾ ਏ, ਉਵੇਂ ਉਸ ਦੇ ਮਾਪੇ ਉਸ ਗੁੱਡੀ ਨਾਲ ਖੇਡ ਪਏ ਖੇਡਦੇ ਨੇ। ਸਹੁਰਿਆਂ ਵਾਲੀ ਹੋਈ ਅਣਭੋਲ ਬਾਲੜੀ ਗਲ਼ ਲੱਖਾਂ ਫਾਹੇ। ਜੇਠ-ਜੇਠਾਣੀਆਂ, ਦਿਉਰ, ਨਣਦਾਂ, ਸੱਸ-ਸਹੁਰੇ ਦੇ ਵੱਡੇ ਕੋੜਮੇਂ 'ਚ ਲੰਬਾ ਘੁੰਡ ਕੱਢੀ ਆਪਣੇ ਗੁੱਡੇ ਨਾਲ ਲੁੱਕਣ-ਮੀਟੀ ਦੀ ਖੇਡ ਵੀ ਖੇਡਣੀ ਪਵੇਗੀ ਇਲਮ ਨਾ।

ਉਸ ਦਾ ਗੁੱਡਾ ਸਵਰਨ ਸਿੰਘ ਉਸ ਨਾਲੋਂ ਕੋਈ ਸੱਤ-ਅੱਠ ਵਰ੍ਹੇ ਵੱਡਾ। ਅਲੂੰਈਂ ਦਾੜ੍ਹੀ। ਮੌਲਵੀ ਕੋਲੋਂ ਪੰਜ ਜਮਾਤਾਂ ਪੜ੍ਹਿਆ। ਦੁਨਿਆਵੀ ਹਿਸਾਬ, ਕਿਤਾਬ ਕਰਦਾ। ਕਠਪੁਤਲੀਆਂ ਨਚਾਉਣਾ ਜਾਣਦਾ। ਕਦੀ ਸ਼ਾਹ ਦੀ ਹੱਟੀ ਤੋਂ ਟਾਂਗਰਾਂ ਲਿਆ ਆਪਣੀ ਗੁੱਡੀ ਦੀ ਮੁੱਠੀ ਨੱਪਦਾ, ਕਦੀ ਫੁੱਲ-ਮਖਾਣੇ। ਕਦੀ ਉਸ ਨਾਲ ਰੁੱਸ ਬਹਿੰਦਾ, ਕਦੀ ਨਾਲ ਦੀ ਪੱਤੀ ਦੇ ਬਾਲਾਂ ਨਾਲ ਖੇਡਣ 'ਤੇ ਝੰਬ ਸੁੱਟਦਾ। ਫਿਰ ਲਾਡ ਨਾਲ ਉਸ ਦੇ ਵਾਲਾਂ 'ਚ ਫੁੱਲ ਪੱਤੀਆਂ ਟੰਗਦਾ ਤੇ ਦੀਵੇ ਨੂੰ ਫੂਕ ਮਾਰ ਉਸ ਦੀ ਬੁੱਕਲ 'ਚ ਪਤਾਸੇ ਭੋਰਨ ਲੱਗਦਾ। ਗੁੱਡੇ ਨਾਲ ਖੇਡਦੀ ਗੁੱਡੀ ਵਿਰਚ ਜਾਂਦੀ, ਕਦੀ ਰੁੱਸ ਬਹਿੰਦੀ।

ਰੁੱਸਣ-ਮਨੌਣ ਦੀ ਖੇਡ ਵਿੱਚ ਉਹ ਘਰ ਦੇ ਨਿੱਕੇ-ਨਿੱਕੇ ਕੰਮਾਂ 'ਚ ਸੱਸ ਦਾ ਹੱਥ ਵਟਾਉਣ ਲੱਗੀ। ਗੁਣਾਂ ਦੀ ਗੁਥਲੀ ਸੱਸ, ਮਾਂ ਨਾਲੋਂ ਵੱਧ ਲਾਡ ਲਡਾਉਂਦੀ। ਗੁਰਦੇਵਾਂ, ਗੁਰਦੇਵਾਂ ਕਰਦੀ ਦਾ ਮੂੰਹ ਸੁੱਕਦਾ। ਨਿਆਣੀ ਜਾਣ ਉਸ 'ਤੇ ਵਧੇਰੇ ਭਾਰ ਨਾ ਪਾਉਂਦੀ ਤੇ ਖੇਡਣ-ਮੌਲਣ ਦਿੰਦੀ।

ਹੱਸਦੀ, ਖੇਡਦੀ ਗੁਰਦੇਵ ਕੌਰ ਨਾਲ ਲੱਗਦੀ ਮੁਸਲਮਾਨਾਂ ਦੀ ਪੱਤੀ 'ਤੇ ਜਾ ਬਹਿੰਦੀ। ਰੂਹ ਦੀ ਹਾਣੀ ਭਾਬੀ ਫਾਤਿਮਾ ਨਾਲ ਰੰਗ-ਬਰੰਗੀਆਂ ਸੇਵੀਆਂ ਵਟਾਉਂਦੀ। ਮੇਵੇ ਤੇ ਚਾਵਲ ਛੱਟਦੀ। ਕਦੀ ਦੂਜੇ ਬੰਨੇ ਚੌਧਰੀਆਂ ਦੀ ਪੱਤੀ 'ਤੇ ਰਹਿੰਦੀ ਅੰਮਾ ਨਰੈਣੋ ਦੇ ਚਰਖੇ ਦੀ ਪੂਣੀ ਕੱਤਣ ਲੱਗਦੀ। ਦਰੀਆਂ 'ਚ ਵੇਲ-ਬੂਟੀਆਂ ਪਾਉਣਾ ਸਿੱਖਦੀ ਸਵਰਨ ਸਿਹੁੰ ਦੇ ਚਾਦਰੇ 'ਤੇ ਮੋਰ ਨਚਾਉਣ ਲੱਗੀ।

ਕਦੋਂ ਲੀੜੇ ਆਏ, ਕਦੋਂ ਕੁੱਖ ਹਰੀ ਹੋਈ। ਸਭ ਕਾਸੇ ਤੋਂ ਬੇਖ਼ਬਰ, ਆਪਣੇ ਗੁੱਡੇ ਦਾ ਹੱਥ ਫੜ

ਗ੍ਰਹਿਸਥੀ ਦੀ ਨੱਠ-ਭੱਜ 'ਚ ਪੈ ਗਈ। ਕੁੱਖ 'ਚੋਂ ਫੁੱਟੀ ਕਰੂੰਬਲ ਨੇ ਕਿਲਕਾਰੀ ਮਾਰੀ। ਉਹ ਗੁੱਡੀ ਤੋਂ ਗੁੱਡੀ ਦੀ ਬੀਬੀ ਬਣ ਗਈ। ਕੁੱਛੜ ਚੁੱਕੀ ਨਿੱਕੀ ਜਿਹੀ ਗੁੱਡੀ ਨੂੰ ਹੱਥਾਂ 'ਚ ਉਛਾਲਦੀ ਲੋਰੀਆਂ ਸੁਣਾਉਂਦੀ,

ਹੱਸ ਵੇ ਰੂੰ ਦਿਆਂ ਬਾਵਿਆ, ਮਾਂ ਵਾਰੀ ਜਾਵੇ ।

ਘਰ ਦੇ ਵਡੇਰੇ ਨੇ ਪੋਥੀ 'ਚੋਂ ਵਾਕ ਲੈ ਉਸ ਦੀ ਗੁੱਡੋ ਦਾ ਨਾਂ ਵੀਰਪਾਲ ਕੌਰ ਰੱਖਿਆ। ਉੱਤੋਂ ਵੀਰ ਲੈ ਕੇ ਆਵੀਂ ਦੀ ਅਰਦਾਸ ਕਰਦਿਆਂ ਉਹ ਵੀਰਾਂ ਹੋ ਗਈ।

ਵੀਰਪਾਲ ਮਸੀਂ ਛੇ ਮਹੀਨਿਆਂ ਦੀ ਹੋਈ ਸੀ। ਗੁਰਦੇਵ ਕੌਰ ਨੂੰ ਦਿਨ ਚੜ੍ਹ ਗਏ। ਉਸ ਦੀ ਕੁੱਖ 'ਚ ਇੱਕ ਹੋਰ ਬੋਟ ਪਲਣ ਲੱਗਿਆ ਹੈ, ਅਹਿਸਾਸ ਹੋਇਆ ਜਦੋਂ ਵੱਖੀ ਦੇ ਇੱਕ ਪਾਸਿਓਂ ਕੂਲੀ ਜਿਹੀ ਸਰਸਰਹਾਟ ਮਹਿਸੂਸ ਹੋਈ। ਲੱਗਿਆ ਕੋਈ ਨਾਗ ਵਾਂਗ ਮੇਲਦੀ ਸ਼ੈਅ ਵਲ਼ ਪਾ ਕੇ ਦੂਜੀ ਖੁੱਡ 'ਚ ਵੜ ਗਈ ਹੋਵੇ। ਪਿੱਪਲੀ ਹੇਠ ਵੀਰਾਂ ਦੇ ਨਾਲ ਵੀਰ ਖੇਡਣ ਦੀਆਂ ਕਿਆਸ ਅਰਾਈਆਂ ਹੋਣ ਲੱਗੀਆਂ। ਚਾਨਣੀਆਂ-ਹਨੇਰੀਆਂ ਰਾਤਾਂ ਦਾ ਹਿਸਾਬ ਲਾ ਧੀ ਹੋਵੇਗੀ ਜਾਂ ਪੁੱਤ ਦੀਆਂ ਤਕਰੀਰਾਂ ਹੋਣ ਲੱਗੀਆਂ। ਸਿਆਣੀਆਂ ਬੁੜ੍ਹੀਆਂ ਗੁਰਦੇਵ ਕੌਰ ਦੀ ਧੁੰਨੀ ਤੋਂ ਧਾਗਾ ਨਾਪ ਕੇ ਸ਼ਰਤੀਆ ਪੁੱਤਰ ਹੋਣ ਦੀ ਤਸੱਲੀ ਦਿੰਦੀਆਂ।

"ਪਹਿਲਾਂ ਸੱਜਾ ਪੈਰ ਚੁੱਕਦੀ ਏ, ਮੁੰਡਾ ਈ ਹੋਊ।" ਬੀਬੀ ਨਰੈਣੋ ਨੇ ਪੱਕੀ ਮੋਹਰ ਲਾਈ ਤੇ ਜਣੇਪੇ ਤੋਂ ਪਹਿਲਾਂ ਹੀ ਪਤਾਸਿਆਂ ਦੀ ਚੰਗੇਰ ਵੰਡ ਸਾਰੀਆਂ ਸ਼ਗਨਾਂ ਦੇ ਗੀਤ ਗਾਉਣ ਲੱਗੀਆਂ।

ਪੁੰਨਿਆਂ ਦਾ ਚੰਨ ਜੋਬਨ 'ਤੇ ਦਮਕ ਰਿਹਾ। ਗੁਰਦੇਵ ਕੌਰ ਦੇ ਢਿੱਡ 'ਚ ਵੱਟ ਪਿਆ ਤੇ ਵੱਖੀ 'ਚੋਂ ਧੂੰਏਂ ਉੱਠਣ ਲੱਗੇ। ਰਾਤ ਦਾ ਦੂਜਾ ਪਹਿਰ ਸ਼ੁਰੂ ਹੋਇਆ। ਪੀੜਾਂ ਭੰਨੀ ਗੁਰਦੇਵ ਕੌਰ ਦੇ ਕੰਨੀਂ ਪੁੱਤਰ ਦੀ ਪਹਿਲੀ ਚੀਕ ਪਈ। ਮਾਂ ਦੇ ਮੂੰਹੋਂ ਨਿਕਲਿਆ, 'ਚੰਨ' ਮੇਰਾ 'ਚੰਨ'।

ਚੰਨ ਦੀ ਚੂਰੀ ਕੁੱਟਣ ਦੀ ਰੀਤ ਤਿੰਨਾਂ ਪੱਤੀਆਂ ਨੇ ਸਾਂਝੇ ਤੌਰ 'ਤੇ ਨਿਭਾਈ। ਸਾਂਝੇ ਚੁੱਲ੍ਹੇ 'ਤੇ ਰਹੁ ਦੀ ਖੀਰ ਤੇ ਵੰਨ-ਸੁਵੰਨੇ ਪਕਵਾਨਾਂ ਦੀਆਂ ਦੇਗਾਂ ਰਿੱਝੀਆਂ।

ਤਿੰਨੇ ਪੱਤੀਆਂ ਦੀ ਸਾਂਝੀ ਰਗ। ਛਿੰਜਾਂ ਪੈਂਦੀਆਂ, ਅਖਾੜੇ ਲੱਗਦੇ। ਸਾਰੇ ਇੱਕ-ਦੂਜੇ ਦੇ ਸਾਹੀਂ ਮੌਲਦੇ। ਮਰਦ ਕੰਮ-ਧੰਦਿਆਂ 'ਚ ਸਾਂਝੀਵਾਲ ਹੁੰਦੇ ਤਾਂ ਸੁਆਣੀਆਂ ਵੀ ਚੁੱਲ੍ਹੇ-ਚੌਂਕੇ ਤੋਂ ਵਿਹਲੀਆਂ ਹੋ ਵੱਡੀ ਪਿੱਪਲੀ ਹੇਠ ਮੰਜੇ ਡਾਹ ਲੈਂਦੀਆਂ। ਵਾਣ ਵੱਟਦੀਆਂ, ਨਾਲੇ ਅਟੇਰਦੀਆਂ, ਬਾਗ-ਫੁਲਕਾਰੀਆਂ 'ਚ ਰੇਸ਼ਮ ਨਾਲ ਸੁਗੰਧੀਆਂ ਭਰਦੀਆਂ ਭਰ-ਭਰ ਦਿਲ ਖੋਲ੍ਹਦੀਆਂ। ਦੇਸੀ ਨੁਸਖ਼ੇ ਪੁੱਛੇ-ਦੱਸੇ ਜਾਂਦੇ। ਪਿੱਪਲੀ ਵੈਦ, ਹਕੀਮ ਹੋ ਜਾਂਦੀ। ਸਾਉਣ ਮਹੀਨਾ ਚੜ੍ਹਦਾ। ਪਿੱਪਲੀ ਤੀਆਂ ਬਣ ਨੱਚ ਉੱਠਦੀ।

***

ਕੌਣ ਜਾਣਦਾ ਸੀ ? ਹਾਸਿਆਂ ਖੇਡਿਆਂ ਦੇ ਛਰ੍ਹਾਟਿਆਂ 'ਚ ਕੋਈ ਕੜਕੜ ਕਰਦੀ ਬਿਜਲੀ ਡਿੱਗੇਗੀ ਤੇ ਧਰਤੀ, ਅੰਬਰ ਦੁਫਾੜ ਹੋ ਜਾਵੇਗਾ। ਵੇਖਦੇ-ਵੇਖਦੇ ਹੰਸਾਂ ਦੀਆਂ ਡਾਰਾਂ ਬਘਿਆੜਾਂ ਦਾ ਰੂਪ ਧਾਰ ਗਈਆਂ। ਖੱਤਰੀਆਂ ਤੇ ਚੌਧਰੀਆਂ ਦੀ ਪੱਤੀ ਇੱਕ ਪਾਸੇ। ਮੁਸਲਮਾਨਾਂ ਦੀ ਦੂਜੇ ਪਾਸੇ ਹੋ ਲਲਕਾਰੇ ਮਾਰਨ ਲੱਗੀਆਂ। ਉਨ੍ਹਾਂ ਵਿਚਾਲੇ ਅਜਿਹੀ ਅਣਦਿਸਦੀ ਕੰਧ ਉੱਸਰੀ, ਹਰ ਵੇਲੇ ਇੱਕ ਨੂੰ ਦੂਜੇ ਕੋਲੋਂ ਮੌਤ ਦਾ ਪ੍ਰਛਾਵਾਂ ਆਪਣੇ ਵੱਲ ਆਉਂਦਾ ਲੱਗਣ ਲੱਗਿਆ ਤੇ ਪਿੱਪਲੀ ਦੀ ਛਾਂ ਸੁੰਨੀ ਪੈ ਗਈ।

"ਜਾਨ ਨਾਲ ਹੀ ਜਹਾਨ ਏ। ਕੇਰਾਂ ਨਿਕਲਣ ਦੀ ਕਰੀਏ। ਠੰਢ-ਠਲ੍ਹਾਰਾ ਹੁੰਦਿਆਂ ਮੁੜ ਪਵਾਂਗੇ ਪੱਤੀ 'ਤੇ। ਘਰ ਢਹਿ ਵੀ ਜਾਣ, ਥਾਂ ਤਾਂ ਕਿਤੇ ਨ੍ਹੀਂ ਜਾਣ ਲੱਗੀ।"

ਘਰ ਦੇ ਵਡੇਰਿਆਂ ਨੇ ਟੂਮ-ਛੱਲਾ ਪੱਲੇ ਬੰਨ੍ਹ ਗੁਰਦੇਵ ਕੌਰ ਤੇ ਉਸ ਦੀਆਂ ਦਰਾਣੀਆਂ-ਜੇਠਾਣੀਆਂ ਨੂੰ ਅੱਗੇ ਲਾ ਲਿਆ। ਤ੍ਰਿਕਾਲਾਂ ਢੱਲ ਗਈਆਂ। ਕਿਸੇ ਪਾਸਿਓਂ ਉਨ੍ਹਾਂ ਦੇ ਸਿਰ ਦੇ ਸਾਂਈਆਂ ਦੀਆਂ

ਖੁਰੀਆਂ ਦੀ ਧੂੜ ਉੱਡਦੀ ਨਾ ਦਿਸੀ। ਗੁਰਦੇਵ ਕੌਰ ਦੇ ਮਨ 'ਚ ਉਬਾਲ ਉੱਠਿਆ। ਦੋਹਾਂ ਬਾਲਾਂ ਨੂੰ ਸੱਸ ਦੀ ਝੋਲੀ ਸੁੱਟ ਵਰ੍ਹਦੀ ਅੱਗ 'ਚ ਸਿਰ ਦੇ ਸਾਂਈਂ ਨੂੰ ਲੱਭਣ ਭੱਜ ਪਈ। ਮੀਲ ਕੁ ਪੰਧ ਕੀਤਾ। ਭਾਰੀ ਕੁਰਲਾਹਟ ਪੱਤੀ ਵੱਲ ਵਹੀਰਾਂ ਘੱਤੀ ਆਉਂਦਾ ਸੁਣਿਆ।

"ਹਾਏ ਮੇਰਾ ਗੁੱਡਾ ਤੇ ਗੁੱਡੀ।" ਰੋਂਦੀ-ਕੁਰਲਾਉਂਦੀ ਪਿਛਲੇ ਪੈਰੀਂ ਘਰ ਨੂੰ ਭੱਜ ਪਈ।

ਚਾਨ-ਚੱਕ ਉਸ ਦੇ ਪੈਰਾਂ ਕੋਲ ਬਰਛੀ ਡਿੱਗੀ ਤੇ ਕਿਸੇ ਨੇ ਸਿਰ ਤੋਂ ਲੀੜਾ ਧੂਹ ਲਿਆ। ਜਿਵੇਂ ਹੀ ਮਰਦਾਨਾ ਬਾਹਾਂ ਨੇ ਉਸ ਨੂੰ ਲੱਕ ਮਗਰੋਂ ਜੱਫਾ ਮਾਰਿਆ ਉਹ ਦੁਰਗਾ ਬਣ ਦਹਾੜੀ। ਆਵ ਦੇਖਿਆ ਨਾ ਤਾਵ ਪੂਰੇ ਜ਼ੋਰ ਨਾਲ ਪੁੱਠੀ ਲੱਤ ਵਹਿਸ਼ੀ ਦੇ ਨਲਾਂ 'ਚ ਦੇ ਮਾਰੀ। ਪੀੜ ਨਾਲ ਵਲ਼ ਖਾਂਦਾ ਉਹ ਜ਼ਮੀਨ 'ਤੇ ਇਕੱਠਾ ਹੋ ਗਿਆ। ਗੁਰਦੇਵ ਕੌਰ ਨੇ ਬਰਛੀ ਚੁੱਕੀ ਤੇ ਉਸ ਦੇ ਢਿੱਡ 'ਚੋਂ ਆਰ-ਪਾਰ ਕਰ ਦਿੱਤੀ। ਖ਼ੂਨ ਨਾਲ ਲੱਥ-ਪੱਥ ਬਰਛੀ ਹਵਾ 'ਚ ਲਹਿਰਾਉਂਦੀ ਚੰਡੀ ਬਣ ਘਰ ਵੱਲ ਭੱਜ ਪਈ।

ਦੋਹਾਂ ਬਾਲਾਂ ਨੂੰ ਹਿੱਕ ਨਾਲ ਲਾਇਆ ਤੇ ਭੌਂਅ-ਭੌਂਅ ਵੇਖਦੀ ਕਾਫ਼ਲੇ ਨਾਲ ਜਾ ਰਲ਼ੀ। ਸਵਰਨ ਸਿੰਘ ਦਾ ਖਿਆਲ ਜਿੰਦ ਨੂੰ ਤੜਫਨੀ ਲਾਉਂਦਾ। ਅੰਦਰ ਕੁਰਲਾ ਉੱਠਦਾ,

ਤੇਰੀ ਸੱਸੜੀ ਥਲਾਂ ਵਿੱਚ ਰੁਲਦੀ
ਕਿੱਥੇ ਲੁੱਕਿਐਂ ਮੇਰਿਆ ਪੁੰਨਣਾਂ
ਵੇ ਮੋੜ ਮੁਹਾਰਾਂ
ਦਿਲਾਂ ਦਿਆ ਜਾਨੀਆਂ
ਤੇਰੇ ਬਾਝ ਹਨੇਰੇ
ਵੇ ਰੂਹ ਦਿਆ ਰਾਜਿਆ।

ਅਫਰਾ-ਤਫਰੀ 'ਚ ਨਿੱਕੇ-ਨਿੱਕੇ ਦੋ ਮਾਸੂਮਾਂ ਨੂੰ ਕੁੱਛੜ ਚੁੱਕੀ ਗੁਰਦੇਵ ਕੌਰ ਕਾਫ਼ਲੇ ਤੋਂ ਪੱਛੜ ਗਈ। ਬੀਆਬਾਨ। ਬੰਦਾ ਨਾ ਪਰਿੰਦਾ। ਉਹ ਕੁੱਝ ਮੀਲ ਤੁਰਦੀ ਗਈ। ਫਿਰ ਸ਼ਰੀਰ 'ਚੋਂ ਸਤਿਆ ਮੁੱਕਣ ਲੱਗੀ। ਥੱਕ, ਹਾਰ ਕੇ ਇੱਕ ਦਰਖ਼ਤ ਦੀ ਓਟ ਲੈ ਬਹਿ ਗਈ। ਵੀਰਪਾਲ ਤੇ ਚੰਨ ਨੂੰ ਝੋਲੀ ਪਾ ਮੂੰਹ-ਸਿਰ ਪਲੋਸਿਆ। ਚੰਨ ਦਾ ਪਿੰਡਾ ਭੱਠੀ ਵਾਂਗ ਤਪੇ ਤੇ ਵੀਰਾਂ ਵੀ ਨੀਮ ਬੇਹੋਸ਼ੀ 'ਚ ਉਂਘੀ ਜਾਵੇ। ਗੁਰਦੇਵ ਕੌਰ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਘਬਰਾ ਕੇ ਝੱਗਾ ਚੁੱਕਿਆ ਤੇ ਮੁੰਡੇ ਨੂੰ ਛਾਤੀ ਨਾਲ ਲਾ ਲਿਆ। ਦੋ ਦਿਨਾਂ ਤੋਂ ਭੁੱਖਾ ਢਿੱਡ ਦੁੱਧ ਕਿੱਥੋਂ ਉਤਰਦਾ। ਸੁੱਕੀਆਂ ਛਾਤੀਆਂ ਨੂੰ ਪਿੱਟਦੀ ਗੁਰਦੇਵ ਕੌਰ ਦੀ ਬਾਂਗਰ ਨਿਕਲ ਗਈ। ਬਾਲਾਂ ਨੂੰ ਮੋਢੇ ਲਾਇਆ ਤੇ ਜਿੱਧਰ ਮੂੰਹ ਹੋਇਆ ਉੱਧਰ ਨੂੰ ਭੱਜ ਪਈ।

ਅਚਾਨਕ ਪਾਣੀ ਦੇ ਭਰੇ ਇੱਕ ਟੋਭੇ 'ਤੇ ਨਿਗਾਹ ਪਈ। ਬਾਲਾਂ ਨੂੰ ਟੋਭੇ ਦੇ ਕੰਢੇ ਲੰਮੇ ਪਾ ਲੀੜਾ ਲਾਹੁਣ ਲਈ ਹੱਥ ਸਿਰ ਵੱਲ ਅਹੁਲਿਆ। ਚੇਤਾ ਆਇਆ ਲੀੜਾ ਤਾਂ ਪਹਿਲਾਂ ਈ ਸਿਰੋਂ ਲਹਿ ਗਿਆ ਸੀ। ਗਲ ਪਾਈ ਕੁੜਤੀ ਦੇ ਅਗਲੇ ਘੇਰੇ ਤੋਂ ਲੰਗਾਰ ਲਾਹਿਆ ਤੇ ਪਾਣੀ 'ਚ ਡਬੋ ਕੇ ਦੋਵਾਂ ਬਾਲਾਂ ਦੇ ਮੱਥੇ 'ਤੇ ਪੱਟੀਆਂ ਰੱਖ ਦਿੱਤੀਆਂ। ਬੂੰਦ-ਬੂੰਦ ਪਾਣੀ ਉਨ੍ਹਾਂ ਦੇ ਬੁੱਲ੍ਹਾਂ ਨੂੰ ਲਾਇਆ। ਬਾਲਾਂ ਨੇ ਉੱਸਲ ਭੰਨੀ। ਹੰਝੂਆਂ ਦੇ ਹੜ੍ਹ 'ਚ ਦੋਹਾਂ ਨੂੰ ਵਾਰੋ-ਵਾਰ ਚੁੰਮਦੀ ਨੇ ਇੱਧਰ-ਉੱਧਰ ਨਜ਼ਰ ਦੌੜਾਈ। ਕੁੱਝ ਫਰਲਾਂਗ 'ਤੇ ਮੂੰਹ 'ਚ ਰੋਟੀ ਦਾ ਟੁੱਕੜਾ ਲਈ ਕੁੱਤਾ ਭੱਜਿਆ ਜਾਵੇ। ਗੁਰਦੇਵ ਕੌਰ ਨੇ ਵੱਟਾ ਚੁੱਕਿਆ ਤੇ ਪੂਰੇ ਜ਼ੋਰ ਨਾਲ ਕੁੱਤੇ 'ਤੇ ਵਗਾਹ ਮਾਰਿਆ। ਕੁੱਤੇ ਦੇ ਮੂੰਹ 'ਚੋਂ ਰੋਟੀ ਡਿੱਗ ਪਈ। ਉਸ ਨੇ ਇੱਕ ਹੋਰ ਵੱਟਾ ਚੁੱਕਿਆ ਤੇ ਕੁੱਤੇ ਦੀਆਂ ਲੱਤਾਂ 'ਚ ਦੇ ਮਾਰਿਆ। ਚਊਂ-ਚਊਂ ਕਰਦਾ ਕੁੱਤਾ ਭੱਜ ਗਿਆ। ਡਿੱਗਦੀ-ਢਹਿੰਦੀ ਨੇ ਰੋਟੀ ਦਾ ਟੁੱਕੜਾ ਚੁੱਕਿਆ। ਸੁੱਕਾ ਲੱਕੜ। ਪਾਣੀ 'ਚ ਭਿਓਂਇਆ। ਕੁੱਝ ਨਰਮ ਹੋਇਆ। ਭੋਰ-ਭੋਰ ਬਾਲਾਂ ਦੇ ਮੂੰਹ ਪਾਇਆ। ਢਲਦਾ ਪਰਛਾਵਾਂ ਖੌਫ਼ ਬਣ ਸਿਰ 'ਤੇ ਮੰਡਰਾਉਣ ਲੱਗਿਆ। ਸਮਝ ਨਾ ਆਵੇ ਕਿੱਧਰ ਜਾਵੇ।

ਰੱਬ ਦਾ ਨਾਂ ਲੈ ਦੋਹਾਂ ਬਾਲਾਂ ਨੂੰ ਕੁੱਛੜ ਚੁੱਕ ਲਿਆ। ਪੈਰਾਂ ਦੀ ਸੇਧ 'ਚ ਪੁਲਾਂਘ ਪੁੱਟੀ ਸੀ ਕਿ ਚੰਨ ਨੇ ਗਰਦਨ ਇੱਕ ਪਾਸੇ ਸੁੱਟ ਦਿੱਤੀ। ਤੇਜ਼ ਬੁਖਾਰ ਨਾਲ ਉਹ ਫਿਰ ਬੇਹੋਸ਼ ਹੋ ਗਿਆ ਸੀ। ਗੁਰਦੇਵ ਕੌਰ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਉਸ ਦੋਹਾਂ ਬਾਲਾਂ ਦੇ ਮੂੰਹਾਂ ਵੱਲ ਵੇਖਿਆ। ਦਿਲ ਕਰੜਾ ਕਰ ਵੀਰਪਾਲ ਦਾ ਮੱਥਾ ਚੁੰਮ ਇੱਕ ਰੁੱਖ ਦੇ ਮੁੱਢੇ ਬਿਠਾਇਆ ਤੇ ਚੰਨ ਨੂੰ ਬੁੱਕਲ 'ਚ ਲੈ ਪੈਰ ਅਗਾਂਹ ਪੁੱਟ ਲਿਆ। ਪਿੱਛੇ ਮੁੜ ਕੇ ਵੇਖਿਆ ਵੀਰਪਾਲ ਬਾਹਾਂ ਉਲਾਰਦੀ ਰੋਈ ਜਾਵੇ। ਮਾਂ ਦੀ ਮਮਤਾ ਨੇ ਉਛਾਲ ਮਾਰਿਆ। ਪੈਰ ਰੁਕੇ, ਫਿਰ ਕੁੱਛੜ ਚੁੱਕੇ ਪੁੱਤਰ ਦੀ ਕੰਨ੍ਹੀ ਨੂੰ ਸੰਭਾਲਿਆ ਤੇ ਭੱਜ ਪਈ। ਉਹ ਕਿੱਧਰ ਨੱਠੀ ਜਾਂਦੀ ਸੀ, ਹੋਸ਼ ਨਾ। ਘੁਸਮੁਸਾ ਹਨੇਰਾ ਉਤਰਨ ਲੱਗਿਆ। ਕੰਨੀਂ ਲੋਕਾਂ ਦੀਆਂ ਆਵਾਜ਼ਾਂ ਪਈਆਂ। ਸਿਰ 'ਤੇ ਨੇਜੇ, ਬਰਛੇ ਮੰਡਰਾਉਣ ਲੱਗੇ। ਅੱਖਾਂ ਅੱਗੇ ਹਨੇਰਾ ਉਤਰ ਆਇਆ ਤੇ ਉਹ ਚੱਕਰ ਖਾ ਕੇ ਜ਼ਮੀਨ 'ਤੇ ਢਹਿ ਪਈ।

***

ਹੋਸ਼ ਆਈ। ਛਾਤੀ ਉੱਤੇ ਸਿਰ ਸੁੱਟੀ 'ਬੀਬੀ, ਬੀਬੀ' ਕਰਦੀ ਹਟਕੋਰੇ ਲੈਂਦੀ ਵੀਰਪਾਲ। ਗੁਰਦੇਵ ਕੌਰ ਦਾ ਤ੍ਰਾਹ ਨਿਕਲ ਗਿਆ।

"ਚੰਨ, ਮੇਰਾ ਚੰਨ ਕਿੱਥੇ?"

"ਖੇਸਰ ਲੈ। ਰਾਜੀ ਏ ਤੇਰਾ ਚੰਨ ਵੀ। ਧੀ ਨੂੰ ਸੰਭਾਲ। ਕਿੱਥੇ ਛੱਡ ਆਈ ਸੈਂ ਕਰਮਾ ਮਾਰੀਏ?" ਉਸ ਦਾ ਸਿਰ ਪਲੋਸਦਿਆਂ ਬੀਬੀ ਨਰੈਣੋਂ ਨੇ ਪੁੱਛਿਆ।

"ਚੰਨ ਕਿੱਥੇ ਏ ਬੀਬੀ? ਵੀਰਾਂ ਕਿਵੇਂ ? ਨ੍ਹਾਂਦਾ ਭਾਪਾ ? ਆਪਾਂ ਕਿੱਥੇ ?" ਉਸ ਦੀਆਂ ਅੱਖਾਂ ਫਿਰ ਬੰਦ ਹੋਣ ਲੱਗੀਆਂ।

"ਸੁੰਨ-ਮਸਾਨ 'ਚ ਕੱਲੀ-ਕਾਰੀ ਵਿਲਕਦੀ ਬਾਲੜੀ ਨੂੰ ਵੇਖ ਭਾਈਆ ਤੇਰਾ ਲੱਖ ਰੋਕਿਆਂ ਵੀ ਨਾ ਰੁਕਿਆ ਤੇ ਕੁੱਛੜ ਚਾਅ ਲਿਆਇਆ। ਉਹ ਤੇ ਮੈਂ ਸਿਆਨਿਆ, ਬਈ ਹਾਅ ਤਾਂ ਗੁਰਦੇਵਾਂ ਦੀ ਵੀਰੋ ਏ। ਔਖੇ-ਸੌਖੇ ਜਿਵੇਂ ਹੋਇਆ ਆਵਦੇ ਬਾਲਾਂ ਨਾਲ ਇਹਨੂੰ ਵੀ ਲੈ ਆਏ ਆਂ। ਹੁਣ ਸਾਂਭ ਏਹਨਾਂ ਨੂੰ ਤੇ ਹੋਸ਼ ਕਰ। ਸ਼ੁਕਰ ਕਰ ਸ਼ਰਨਾਰਥੀ ਕੈਂਪ 'ਚ ਅੱਪੜ ਪਏ ਆਂ। " ਕਹਿ ਕੇ ਨਰੈਣੋਂ ਨੇ ਲਿਆ ਕੇ ਚੰਨ ਨੂੰ ਵੀ ਉਸ ਦੀ ਝੋਲੀ ਪਾ ਦਿੱਤਾ।

***

ਭਾਰਤ-ਪਾਕਿਸਤਾਨ ਦੋ ਆਜ਼ਾਦ ਮੁਲਖ ਹੋਂਦ 'ਚ ਆ ਚੁੱਕੇ ਸਨ। ਉਜਾੜੇ ਦਾ ਸ਼ਿਕਾਰ ਹੋਏ ਲੋਕਾਂ ਦੇ ਪੁਨਰਾਵਾਸ ਦਾ ਕੰਮ ਸ਼ੁਰੂ ਹੋ ਚੁੱਕਿਆ ਸੀ। ਪਾਕਿਸਤਾਨ ਤੋਂ ਜ਼ਮੀਨਾਂ-ਜਾਇਦਾਦਾਂ ਦੇ ਵੇਰਵੇ ਅਨੁਸਾਰ ਗੁਰਦੇਵ ਕੌਰ ਦੇ ਟੱਬਰ ਨੂੰ ਵੰਡੇ ਗਏ ਪੰਜਾਬ 'ਚ ਵੱਖ-ਵੱਖ ਥਾਈਂ ਸੈਂਕੜੇ ਏਕੜ ਜ਼ਮੀਨ ਅਲਾਟ ਹੋ ਗਈ। ਬੰਦਾ ਕੋਈ ਸਿਰ 'ਤੇ ਰਿਹਾ ਨਾ। ਬੁੱਢੀ ਸੱਸ ਤੇ ਦਾਦੇ ਸਹੁਰੇ ਦੇ ਆਸਰੇ ਬਾਲ-ਬੱਚੇ ਲੈ ਸਾਰੀਆਂ ਸ਼ਰੀਕਣੀਆਂ ਨੇ ਹੁਸੈਨੀ ਵਾਲੇ ਬਾਰਡਰ ਤੋਂ ਕੁੱਝ ਕਿਲੋਮੀਟਰ ਦੂਰ ਆਪਣੇ ਹਿੱਸੇ ਆਈ ਜ਼ਮੀਨ 'ਤੇ ਬਾਲ-ਬੱਚੇ ਲੈ ਆਣ ਡੇਰੇ ਲਾਏ। ਗੁਰਦੇਵ ਕੌਰ ਤੇ ਉਸ ਦੀਆਂ ਦਰਾਣੀਆਂ-ਜੇਠਾਣੀਆਂ ਭੱਜ-ਭੱਜ ਰਾਹਾਂ ਦੀ ਧੂੜ ਫਰੋਲਦੀਆਂ। ਰਹਿਬਰ ਅੱਖਾਂ ਦਾ ਨੂਰ ਨਾ ਬਣਦੇ। ਉਹ ਵਿਲਕਦੀਆਂ, ਤੜਪਦੀਆਂ ਹਾੜੇ ਪਾਉਂਦੀਆਂ,

ਨਾ ਪੌਣਾਂ ਅੰਗ ਸੁਹਾਂਦੀਆਂ
ਪਈਆਂ ਜਿੰਦ ਨੂੰ ਖੋਰਾ ਲਾਂਦੀਆਂ
ਕਾਹਦਾ ਸਾਵਣ ਹਰਿਆ
ਦਿਲਾਂ ਦਿਆ ਮਹਿਰਮਾਂ
ਵੇ ਸਾਨੂੰ ਪਈਆਂ ਜੁਦਾਈਆਂ ।

ਖੱਤਰੀਆਂ ਦੀ ਪੱਤੀ ਦੇ ਸਾਰੇ ਬੰਦੇ ਕਿਹੜੇ ਖੂਹ 'ਚ ਜਾ ਲੱਥੇ, ਕੋਈ ਖੋਜ ਖ਼ਬਰ ਨਾ। ਹੌਲੀ-ਹੌਲੀ ਯਕੀਨ ਹੋਣ ਲੱਗਿਆ, ਪੱਤੀਆਂ ਪਿੱਛੇ ਰਹਿ ਗਈਆਂ। ਹੁਣ ਇੱਧਰ ਢਾਣੀਆਂ ਵਸਾਉਣੀਆਂ ਪੈਣੀਆਂ ਨੇ। ਹੱਥੀਂ ਗਾਰਾ ਢੋਇਆ, ਇੱਟਾਂ ਥੱਪੀਆਂ, ਘਾਣੀ ਮਾਰੀ ਤੇ ਗੁਰਦੇਵ ਕੌਰ ਨੇ ਵੀ ਆਪਣੇ ਬੋਟਾਂ ਲਈ ਇੱਕ ਕੋਠੜੀ ਛੱਤ ਲਈ।

ਜ਼ਿੰਦਗੀ ਦੀ ਤੰਦ ਛੋਹ ਲਈ ਸੀ ਪਰ ਪਿੱਛੇ ਛੁੱਟੀ ਪੱਤੀ ਦੀ ਵੱਡੀ ਹਵੇਲੀ ਤੇ ਪਿੱਪਲੀ ਹੇਠ ਲੱਗਦੀਆਂ ਰੌਣਕਾਂ ਜਿੰਦ ਨੂੰ ਖੋਰਾ ਲਾਉਂਦੀਆਂ। ਸਵਰਨ ਸਿੰਘ ਦੀਆਂ ਸ਼ੀਰਨੀਆਂ ਦਿਲ ਨੂੰ ਵਲ੍ਹੇਟ ਭਰਦੀਆਂ। ਰਾਤ ਭਰ ਉੱਸਲਾਂ ਲੈਂਦੀ ਬਾਲਾਂ ਵੱਲ ਧਿਆਨ ਵਟਾਉਂਦੀ

ਸੋਨੇ ਦਾ ਪਲੰਘ ਵਿਛਾਵਾਂ
ਉੱਤੇ ਸੋਹਣਾ ਲਾਲ ਖਿਡਾਵਾਂ
ਤੇਰੀ ਦੂਰ ਬਲਾਈਂ
ਜੱਗ ਦਿਆ ਚਾਨਣਾ
ਪਿਉ ਦੀ ਅੰਸ ਵਧਾਵੀਂ ।

ਲੋਰੀ ਕਦੋਂ ਵੈਰਾਗਮਈ ਗੀਤ 'ਚ ਬਦਲ ਜਾਂਦੀ ਪਤਾ ਨਾ ਲੱਗਦਾ,

ਟੁੱਟ ਗਏ ਬਾਂਕਾਂ ਦੇ ਬੋਰ ਵੇ
ਰੁੱਸ ਗਏ ਵਣਾਂ ਦੇ ਮੋਰ ਵੇ
ਤੂੰ ਮੋੜ ਮੁਹਾੜਾਂ
ਦਿਲਾਂ ਦਿਆ ਮਹਿਰਮਾਂ
ਤੇਰੇ ਬਾਝ ਹਨੇਰੇ
ਵੇ ਰੂਹ ਦਿਆ ਰਾਜਿਆ
ਮੈਂ ਔਸੀਆਂ ਪਾਵਾਂ।

ਰੋ-ਰੋ ਅੱਖਾਂ ਦੇ ਕੋਏ ਸੁੱਕ ਗਏ। ਆਖਿਰ ਗੁਰਦੇਵ ਕੌਰ ਤੇ ਉਸ ਦੇ ਬਾਕੀ ਸ਼ਰੀਕੇ ਨੇ ਹੋਣੀ ਅੱਗੇ ਹਥਿਆਰ ਸੁੱਟ ਪਿੱਛੇ ਛੁੱਟਿਆਂ ਦੇ ਸਾਥ ਦੇ ਤੀਲੇ ਤੋੜ ਸੁੱਟੇ। ਗੁਰਦੇਵ ਕੌਰ ਨੇ ਸਾਵਾ ਸਾਲੂ ਸਾਂਭ ਚਿੱਟਾ ਲੀੜਾ ਸੁੰਬਰ ਲਿਆ। ਆਪ ਵਾਹੀ ਕਰਨ ਦੀ ਠਾਣ ਲਈ।

ਬੀਆਬਾਨ ਕੱਲਰੀ ਧਰਤੀ ਨੂੰ ਵਾਹੀਯੋਗ ਬਣਾਉਣਾ ਕਿਹੜਾ ਸੌਖਾ ਕੰਮ ਸੀ। ਸ਼ਰੀਕੇ ਨਾਲ ਸਾਂਝੀ ਖੇਤੀ ਜੋਤ ਲਈ। ਵੀਰਪਾਲ ਤੇ ਚੰਨ ਉਸ ਦਾ ਇੱਕ ਪਲ ਵਿਸਾਹ ਨਾ ਖਾਂਦੇ ਤੇ ਉਹ ਦੋਵਾਂ ਬਾਲਾਂ ਦਾ। ਅੱਠ-ਨੌਂ ਮਹੀਨੇ ਇਸੇ ਖੁਸ਼ਕੀ ਅਤੇ ਬੇਰੰਗੀ 'ਚ ਲੰਘ ਗਏ। ਕੌਣ ਜਾਣਦਾ ਸੀ ਜੀਵਨ ਦੀ ਪਤਝੜ ਵਿੱਚ ਫਿਰ ਤੋਂ ਬਹਾਰ ਦਸਤਕ ਦੇਵੇਗੀ ਤੇ ਔੜਾਂ ਮਾਰੀ ਧਰਤੀ 'ਚ ਵੱਤਰ ਨਿੱਤਰ ਪਵੇਗਾ।

ਕੁਦਰਤ ਸੁੱਖਦ ਸੁਨੇਹਾ ਬਣ ਆ ਬਹੁੜੀ। ਦੋਹਾਂ ਮੁਲਖਾਂ ਦੀਆਂ ਸਰਕਾਰਾਂ ਨੇ ਪਾਕਿਸਤਾਨ ਰਹਿ ਗਏ ਹਿੰਦੁਸਤਾਨੀ ਤੇ ਹਿੰਦੁਸਤਾਨ ਰਹਿ ਗਏ ਪਾਕਿਸਤਾਨੀਆਂ ਨੂੰ ਆਪੋ-ਆਪਣੇ ਮੁਲਖ ਭੇਜਣ ਦਾ ਉਪਰਾਲਾ ਵਿੱਢਿਆ ਸੀ। ਇਸੇ ਮੌਕੇ ਨੇ ਗੁਰਦੇਵ ਕੌਰ ਦੀ ਉੱਜੜੀ ਦੁਨੀਆਂ ਫਿਰ ਤੋਂ ਆਬਾਦ ਕਰ ਦਿੱਤੀ। ਪ੍ਰਭਾਤ ਨੇ ਅੱਖ ਖੋਲ੍ਹੀ ਤੇ ਗੁਰਦੇਵ ਕੌਰ ਦੀ ਜ਼ਿੰਦਗੀ ਦਾ ਹਨੇਰਾ ਮੁੱਕ ਗਿਆ। ਸਵਰਨ ਸਿੰਘ ਨੇ ਛੇਆਂ ਭਰਾਵਾਂ ਨਾਲ ਢਾਣੀ ਦੇ ਚੁਰਾਹੇ 'ਤੇ ਆ ਜੁੱਤੀ ਝਾੜੀ। ਅੱਖਾਂ ਸਾਹਮਣੇ ਅੱਖਾਂ ਦਾ ਨੂਰ ਵੇਖ ਗੁਰਦੇਵ ਕੌਰ ਦਾ ਉੱਤਲਾ ਸਾਹ ਉੱਤੇ, ਹੇਠਲਾ ਹੇਠਾਂ ਡੱਕਿਆ ਗਿਆ।

ਨਵੇਂ ਸੁਪਨਿਆਂ ਦੀ ਤੰਦ ਕੱਤਦੀ ਗੁਰਦੇਵ ਕੌਰ ਬਾਲਾਂ ਦੁਆਲੇ ਚੱਕਰੀ ਹੋਈ ਰਹਿੰਦੀ ਤੇ ਸਵਰਨ

ਸਿੰਘ ਉਸ ਦੁਆਲੇ ਲਾਟੂ ਬਣ ਘੁੰਮਦਾ ਰਹਿੰਦਾ। ਧੁੱਪਾਂ-ਸਿਆੜਾਂ 'ਚ ਮਿੱਟੀ ਨਾਲ ਮਿੱਟੀ ਹੁੰਦੀ ਗੁਰਦੇਵ ਕੌਰ ਨੂੰ ਉਸ ਹੱਥੀਂ ਛਾਂਵਾਂ ਕੀਤੀਆਂ। ਵਾਹੀ ਆਪ ਸੰਭਾਲ ਗੁਰਦੇਵ ਕੌਰ ਨੂੰ ਕੱਚੀ ਹਵੇਲੀ ਦੀ ਪਟਰਾਣੀ ਬਣਾ ਬੂਹਿਓਂ ਪੈਰ ਨਾ ਕੱਢਣ ਦਿੰਦਾ। ਵਕਤ ਦੇ ਗੇੜ ਨਾਲ ਜ਼ਿੰਦਗੀ ਦਾ ਚੱਕਾ ਫਿਰ ਤੋਂ ਰਿੜ੍ਹ ਪਿਆ। ਉੱਤੋ-ੜਿੱਤੀ ਗੁਰਦੇਵ ਕੌਰ ਦੇ ਘਰ ਤਿੰਨ ਧੀਆਂ ਤੇ ਤਿੰਨ ਪੁੱਤਾਂ ਨੇ ਜਨਮ ਲਿਆ। ਚਾਰ ਪੁੱਤਰਾਂ ਦੀ ਮਾਂ ਬਣੀ ਅੱਖਾਂ ਭਰ ਕੇ ਆਖਦੀ,

"ਆਪਣੇ ਖ਼ੂਨ ਨਾਲ ਸਿੰਜੇ ਚਾਰ ਮੋਢਿਆਂ 'ਤੇ ਸਵਾਰ ਹੋ ਜਾਊਂ ਰੱਬ ਦੇ ਘਰ ।" ਬਾਵਜੂਦ ਜੋ ਮੋਹ ਚੰਨ ਨਾਲ ਸੀ ਉਹ ਬਾਕੀਆਂ ਨਾਲ ਚਾਹ ਕੇ ਵੀ ਮਹਿਸੂਸ ਨਾ ਕਰਦੀ। ਦੂਜਿਆਂ ਦੇ ਮੂੰਹੋਂ ਕੱਢ ਚੰਨ ਦੇ ਮੂੰਹ ਗਰਾਹੀਆਂ ਪਾਉਣ ਤੱਕ ਜਾਂਦੀ, ਪਰ ਸਵਰਨ ਸਿੰਘ ਸਾਰਿਆਂ ਨੂੰ ਇੱਕੋ ਅੱਖ ਨਾਲ ਵੇਖਦਾ। ਆਪ ਪੜ੍ਹਿਆ-ਲਿਖਿਆ ਬਾਲਾਂ ਦੀ ਪੜ੍ਹਾਈ-ਲਿਖਾਈ ਵੱਲੋਂ ਅਵੇਸਲਾ ਨਾ। ਸੱਤਾਂ ਵਰ੍ਹਿਆਂ ਦਾ ਚੰਨ ਸਕੂਲ ਪੜ੍ਹਨੇ ਪਾਇਆ। ਪੜ੍ਹਾਈ 'ਚੋਂ ਚੰਗਾ ਚੱਲ ਨਿਕਲਿਆ। ਬਾਪ ਦੀ ਨੇਹਚਾ ਸਰਕਾਰੇ-ਦਰਬਾਰੇ ਝਾਕ ਰੱਖਣ ਲੱਗੀ। ਸਕੂਲ ਢਾਣੀ ਤੋਂ ਅੱਠ-ਨੌਂ ਕਿਲੋਮੀਟਰ ਦੂਰ ਸ਼ਹਿਰ 'ਚ ਪੈਂਦਾ। ਪੈਦਲ ਜਾਂਦੇ ਆਉਂਦੇ ਬਾਲ ਦੀ ਘਰ ਵਾਪਸੀ ਤੱਕ ਦੋਹਾਂ ਜੀਆਂ ਦੇ ਸਾਹ ਸੂਤੇ ਰਹਿੰਦੇ। ਮੀਂਹ ਆਉਂਦਾ ਢਾਣੀ ਤੋਂ ਸ਼ਹਿਰ ਦਾ ਕੱਚਾ ਰਾਹ ਗਰੱਬ ਬਣ ਜਾਂਦਾ। ਕੌੜਾ ਘੁੱਟ ਭਰ ਦੋ ਕਿੱਲੇ ਪੈਲੀ ਵੇਚੀ ਤੇ ਸ਼ਹਿਰ 'ਚ ਚਾਰ ਕਨਾਲਾਂ ਥਾਂ ਖ਼ਰੀਦ ਹਵੇਲੀ ਵਲ਼ ਲਈ।

ਵੇਲੇ ਸਿਰ ਵੀਰਪਾਲ ਦੇ ਹੱਥ ਪੀਲੇ ਕਰ ਧੀ ਦਾ ਭਾਰਾ ਲਾਹ ਲਿਆ। ਕੁੱਛੜ ਪੁੱਤਰ ਚੁੱਕੀ ਮਾਂ ਦਾ ਛੇਵਾਂ ਜਣੇਪਾ ਕਟਵਾਉਣ ਆਈ ਵੀਰਪਾਲ ਨਾਲ ਗੁਰਦੇਵ ਕੌਰ ਕੋਲੋਂ ਅੱਖ ਨਾ ਮੇਲੀ ਜਾਵੇ। ਸੱਤਵੀਂ ਵਾਰ ਕੁੱਖੋਂ ਹੋਈ ਤਾਂ ਚੰਨ ਮੰਗਿਆ ਹੋਇਆ। ਉੱਧਰੋਂ ਚੰਨ ਦੀ ਬਰਾਤ ਚੜ੍ਹੀ ਇੱਧਰ ਗੁਰਦੇਵ ਕੌਰ ਨੂੰ ਜੰਮਣ ਪੀੜਾਂ ਛਿੜ ਪਈਆਂ। ਡੋਲੀ ਘਰ ਆਉਣ ਤੱਕ ਚੰਨ ਦੀ ਨਿੱਕੀ ਭੈਣ ਦਾ ਜਨਮ ਹੋ ਚੁੱਕਿਆ ਸੀ। ਅੱਠਵਾਂ ਢਿੱਡ ਘਰੋੜੀ ਹੋਣ ਤੱਕ ਉਹ ਪੋਤੇ-ਪੋਤੀ ਤੇ ਚਾਰ ਦੋਹਤੇ-ਦੋਹਤੀਆਂ ਵਾਲੀ ਹੋ ਗਈ ਸੀ। ਨਿੱਕੇ ਨੇ ਮਾਂ ਦੇ ਨਾਲ ਭਰਜਾਈ ਦਾ ਵੀ ਦੁੱਧ ਚੁੰਘਿਆ ਤੇ ਮਾਂ ਨਾਲੋਂ ਵੱਧ ਉਹ ਭਰਜਾਈ ਦਾ ਹੋ ਗਿਆ। ਚੰਨ ਦੀ ਘਰਵਾਲੀ ਨੇ ਉੱਦਮ ਕੀਤਾ। ਸੱਸ ਨੂੰ ਨਾਲ ਲੈ ਆਪਣੀ ਨਸਬੰਦੀ ਕਰਵਾਉਣ ਗਈ ਸੱਸ ਦੀ ਨਾੜ ਨੂੰ ਵੀ ਟਾਂਕੇ ਲੁਆ ਲਿਆਈ।

ਉੱਧਰੋਂ ਉੱਖੜਿਆਂ ਦੀ ਇੱਧਰ ਜੜ੍ਹ ਲੱਗਣ ਲੱਗੀ। ਦੱਸਵੀਂ ਪਾਸ ਕਰਦਿਆਂ ਚੰਨ ਲਈ ਸਰਕਾਰੀ ਦੁਆਰੇ ਖੁੱਲ੍ਹ ਗਏ ਤੇ ਉਹ ਪਟਵਾਰੀ ਹੋ ਗਿਆ। ਪੈਲੀਆਂ ਵਾਧੇ ਪਈਆਂ। ਮਾਲ-ਡੰਗਰ ਲਈ ਵਾੜੇ ਛੱਤੇ ਗਏ। ਵਿਹੜੇ 'ਚ ਫ਼ਲ ਫਲਦੇ, ਫੁੱਲ ਮਹਿਕਦੇ। ਸੰਘਣੀਆਂ ਛਾਂਵਾਂ ਹੇਠ ਪੀਂਘਾਂ ਦੇ ਹੁਲਾਰੇ ਮਾਣਦੇ ਬਾਲਾਂ ਦੀਆਂ ਕਿਲਕਾਰੀਆਂ ਰੂਹ ਨੂੰ ਸਕੂਨ ਦਿੰਦੀਆਂ। ਸਵਰਨ ਸਿੰਘ ਦੀ ਹਵੇਲੀ ਮੇਲਾ ਹੋ ਗਈ।

ਸ਼ਹਿਰ ਦੀ ਧੁੰਨੀ 'ਚ ਪੈਂਦੀ ਸਵਰਨ ਸਿੰਘ ਦੀ ਹਵੇਲੀ ਨੂੰ ਤਿੰਨ ਪਾਸਿਉਂ ਸੜਕ ਲੱਗਦੀ। ਬਾਜ਼ਾਰ ਵੱਧਦਾ-ਵੱਧਦਾ ਉਸ ਦੀ ਹਵੇਲੀ ਨਾਲ ਆਣ ਲੱਗਿਆ। ਸ਼ਹਿਰੀ ਰੰਗ 'ਚ ਢਲਦੇ ਸਵਰਨ ਸਿੰਘ ਨੇ ਹਵੇਲੀ ਦੇ ਮੱਥੇ 'ਤੇ ਮਾਰਕਿਟ ਕੱਟ ਦਿੱਤੀ। ਸਵਰਨ ਸਿੰਘ ਢਾਣੀ 'ਤੇ ਹੀ ਨਹੀਂ ਸ਼ਹਿਰ ਤੇ ਆਸੇ-ਪਾਸੇ ਦੇ ਇਲਾਕੇ 'ਚ ਸਰਦਾਰ ਸਵਰਨ ਸਿੰਘ ਵਜੋਂ ਜਾਣਿਆ ਜਾਣ ਲੱਗਿਆ। ਸਵਰਨ ਸਿੰਘ ਸਰਦਾਰ ਹੋਇਆ ਤਾਂ ਗੁਰਦੇਵ ਕੌਰ ਸਰਦਾਰਨੀ ਹੋ ਗਈ। ਰੱਖ, ਰੱਖ ਭੁੱਲਦੀ। ਇੱਕ ਲਾਹੁੰਦੀ, ਇੱਕ ਪਾਉਂਦੀ ਬਣ-ਬਣ ਬਹਿੰਦੀ। ਧੀਆਂ-ਪੁੱਤ ਆਪੋ-ਆਪਣੀ ਥਾਂਈਂ ਦੁੱਧੀਂ ਨਹਾਉਂਦੇ ਪੁੱਤੀਂ ਫਲਦੇ ਕਬੀਲਦਾਰੀਆਂ ਵਾਲੇ ਹੋ ਗਏ।

ਵੱਡੇ ਕੋੜਮੇ ਵਾਲੀ ਵੀਰਪਾਲ ਨੂੰ ਸਾਹ ਲੈਣ ਦੀ ਵਿਹਲ ਨਾ, ਪਰ ਮਾਂ ਤੇ ਚੰਨ ਨਾਲੋਂ ਮੋਹ ਨਾ

ਘਟਿਆ। ਛੋਟੇ ਹੁੰਦਿਆਂ ਮਾਂ ਵੱਲੋਂ ਰੁੱਖ ਹੇਠ ਛੱਡ ਆਉਣ ਦੀ ਘਟਨਾ ਭਾਂਵੇਂ ਵਿਸਰ ਗਈ ਸੀ, ਪਰ ਇਕੱਲ ਉਸ ਨੂੰ ਹਮੇਸ਼ਾ ਡ੍ਰਾਹੁੰਦੀ। ਸੁੱਤੀ ਪਈ ਤ੍ਰਬਕ ਉੱਠਦੀ। ਮਾਂ ਨੂੰ ਭਾਲਣ ਲੱਗਦੀ। ਝੱਟ ਘੜੀ ਨਾ ਦਿਸਦੀ ਸਿਰ 'ਤੇ ਤੂਫ਼ਾਨ ਚੁੱਕ ਲੈਂਦੀ। ਆਪਣੀ ਘਰ-ਗ੍ਰਹਿਸਥੀ ਸਾਂਭਦੀ ਦਸੀਂ-ਪੰਦਰੀਂ ਦਿਨੀਂ ਪੇਕੇ ਗੇੜਾ ਮਾਰੀ ਰੱਖਦੀ। ਮਾਂ ਦੀ ਰੱਤੀ ਭਰ ਅਣਦੇਖੀ ਸਹਿ ਨਾ ਹੁੰਦੀ ਤੇ ਭਰਾ-ਭਰਜਾਈਆਂ ਨਾਲ ਖਹਿਬੜ ਪੈਂਦੀ।

ਬੰਦੇ ਦਾ ਚਿੱਤ ਤੋਲਾ ਕਦੀ ਮਾਸਾ। ਦੰਦ ਕਥਾਵਾਂ ਵਾਂਗ ਸੁਣੀ ਸੁਣਾਈ ਇੱਕ ਵਾਰ ਚੰਨ ਦੀ ਘਰਵਾਲੀ ਨੇ ਵੀਰਪਾਲ ਦੇ ਮੂੰਹ 'ਤੇ ਕਹਿ ਮਾਰੀ।

"ਚੰਗੀ-ਭਲੀ ਮਗਰੋਂ ਲਾਹ ਆਈ ਸੀ ਬੀਬੀ। ਵੱਡੀ ਚੌਧਰਾਣੀ ਨਰੈਣੋਂ । ਚੁੱਕ ਲਿਆਈ ਏਹਨੂੰ ਸਾਡਾ ਲਹੂ ਪੀਣ ਨੂੰ। ਵਿਹਲੀ ਸਿਰ ਦਾ ਖੌ। ਦੂਜੇ ਦਿਨ ਮੂੰਹ ਚੁੱਕੀ ਆ ਵੜੇਗੀ।"

ਸੁਣ ਕੇ ਚੰਨ ਨੂੰ ਅਜਿਹਾ ਵੱਟ ਚੜ੍ਹਿਆ, ਵਿਹੜੇ 'ਚ ਪਿਆ ਘੋਟਣਾ ਚੁੱਕਿਆ ਤੇ ਘਰਵਾਲੀ 'ਤੇ ਫੇਰ ਸੁੱਟਿਆ। ਸਾਰਾ ਟੱਬਰ ਛੁਡਾਉਣ ਵਾਲਾ, ਪਰ ਉਹ ਕਿੱਥੇ ਕਿਸੇ ਦੇ ਕਾਬੂ ਆਵੇ। ਪੇਕੇ ਘਰ ਦੀ ਸੁੱਖ ਮੰਗਦੀ ਵੀਰਪਾਲ ਆਪਣੇ ਘਰ ਨੂੰ ਮੁੜ ਗਈ। ਚੰਨ ਦੀ ਘਰਵਾਲੀ ਨੇ ਅਜਿਹਾ ਰੱਫੜ ਡਾਹਿਆ ਗੱਲ ਬਟਵਾਰੇ ਤੱਕ ਜਾ ਪੁੱਜੀ।

ਸਵਰਨ ਸਿੰਘ ਨੇ ਸਿਆਣਪ ਵਰਤੀ। ਜਿੰਨੇ ਪੁੱਤਰ ਉਨੇ ਚੁੱਲ੍ਹੇ। ਉਸ ਹਵੇਲੀ ਦੇ ਪੰਜ ਹਿੱਸੇ ਵੰਡ ਦਿੱਤੇ। ਚਾਰ ਬਰਾਬਰ ਹਿੱਸੇ ਚਾਰਾਂ ਪੁੱਤਰਾਂ ਦੇ ਤੇ ਪੰਜਵਾਂ ਹਿੱਸਾ ਗੁਰਦੇਵ ਕੌਰ ਦੇ ਨਾਂ ਕਰਕੇ ਚਾਲੂ ਸਾਲ ਦੀ ਫਸਲ ਬਾੜੀ ਦਾ ਮੁਨਾਫ਼ਾ ਧੀਆਂ ਨੂੰ ਵੰਡ ਦਿੱਤਾ। ਦੋ ਦੁਕਾਨਾਂ ਧੀਆਂ ਦੇ ਖਾਤੇ ਰਾਖਵੀਆਂ ਕਰ ਦਿੱਤੀਆਂ। ਗੁਰਦੇਵ ਕੌਰ ਦੇ ਨਾਂ ਵਾਲਾ ਹਿੱਸਾ ਜਦੋਂ ਤੱਕ ਉਹ ਦੋਵੇਂ ਜੀਅ ਜੀਉਂਦੇ ਹਨ ਉਨ੍ਹਾਂ ਦਾ। ਉਨ੍ਹਾਂ ਦੇ ਮਰਨ ਤੋਂ ਬਾਅਦ ਜਿਸ ਦੇ ਘਰ ਉਨ੍ਹਾਂ ਦੋਹਾਂ 'ਚੋਂ ਬਾਅਦ 'ਚ ਮਰਨ ਵਾਲੇ ਦੀ ਸਾਂਭ-ਸੰਭਾਲ ਹੋਵੇਗੀ ਉਸ ਦਾ ਹੋਵੇਗਾ। ਸਾਰੇ ਮਰਨੇ-ਪਰਨੇ ਉਹ ਇਸੇ ਹਿੱਸੇ 'ਚੋਂ ਭੁਗਤਾਏਗਾ। ਵੱਡੀ ਹਵੇਲੀ 'ਚ ਰੁੱਖਾਂ ਦੀਆਂ ਛਾਂਵਾਂ ਦੀ ਥਾਂ ਕੰਧਾਂ ਨੇ ਮਲੱਕ ਲਈ।

***

ਆਪੋ-ਆਪਣੀ ਥਾਂਈਂ ਸਾਰੇ ਸੁੱਖ ਦੀ ਖਾਂਦੇ। ਚੰਨ ਤੇ ਵੀਰਪਾਲ ਬਾਲਾਂ ਨੂੰ ਵਿਆਹ ਕੇ ਆਪ ਦਾਦੇ-ਦਾਦੀਆਂ ਤੇ ਨਾਨੇ-ਨਾਨੀਆਂ ਬਣ ਗਏ। ਪੋਤਰ-ਨੂੰਹ ਦਾ ਗੁਰਦੇਵ ਕੌਰ ਬਾਹਲਾ ਤੇਹ ਕਰਦੀ। ਉਹ ਵੀ ਦਾਦੀ ਸੱਸ ਦਾ ਸੱਸ ਨਾਲੋਂ ਵੱਧ ਸਤਿਕਾਰ ਕਰਦੀ। ਚੰਨ ਦੀ ਵਹੁਟੀ ਨੂੰਹ 'ਤੇ ਲੱਖ ਨਿਗਾਹ ਰੱਖਦੀ ਪਰ ਉਹ ਸੱਸ ਤੋਂ ਅੱਖ ਬਚਾ ਗੁਰਦੇਵ ਕੌਰ ਦੇ ਗੋਡੀਂ ਜਾ ਬਹਿੰਦੀ। ਪੋਤਰ-ਨੂੰਹ ਨੇ ਪੁੱਤਰ ਜੰਮਿਆ ਗੁਰਦੇਵ ਕੌਰ ਦੀ ਅੱਡੀ ਭੌਂਇੰ ਨਾ ਲੱਗੇ। ਮੂਲ ਨਾਲੋਂ ਵਿਆਜ ਪਿਆਰਾ ਤੇ ਜਦੋਂ ਚੱਕਰਵਰਤੀ ਵਿਆਜ ਉਸ ਵੱਲ ਬਾਹਾਂ ਉਲਾਰ ਕੁੱਛੜ ਚੜ੍ਹਨ ਲਈ ਰਿਆੜ ਕਰਦਾ ਉਹ ਵਾਰੀ-ਵਾਰੀ ਜਾਂਦੀ। ਆਨੇ-ਬਹਾਨੇ ਗੇੜਾ ਦਿੰਦੀ ਉਹ ਚੰਨ ਦੀ ਦਹਿਲੀਜ਼ ਲੰਘ ਜਾਂਦੀ। ਜਿੱਥੇ ਵੇਲੇ ਸਿਰ ਜ਼ਮੀਨ-ਜਾਇਦਾਦ ਵੰਡ ਸਵਰਨ ਸਿੰਘ ਨੇ ਪੁੱਤਰਾਂ 'ਚੋਂ ਲੜਾਈ ਦੀ ਜੜ੍ਹ ਪੁੱਟ ਸੁੱਟੀ ਸੀ, ਉੱਥੇ ਹਵੇਲੀ 'ਚ ਉੱਸਰੀਆਂ ਕੰਧਾਂ ਗੁਰਦੇਵ ਕੌਰ ਨੂੰ ਡੋਬੂ ਪਾਉਂਦੀਆਂ। ਉਸ ਨੂੰ ਪਿੱਛੇ ਛੱਡੀ ਪਿੱਪਲੀ ਵਾਢੂ ਲਾਉਂਦੀ। ਫ਼ਿਲਮ ਵਾਂਗ ਚੱਲਦੀ ਜ਼ਿੰਦਗੀ ਦੀ ਰੀਲ ਉਸ ਦਾ ਅੰਦਰ ਕੋਹੰਦੀ।

ਵੱਡੀਆਂ ਹਵੇਲੀਆਂ ਦੀ
ਬਣੀ ਮਹਾਰਾਣੀ ਬੀਬੀ
ਉੱਸਰੇ ਚੁਬਾਰੇ

ਰੰਗ ਲਾਏ ਕਰਤਾਰ ਨੇ
ਛਾਈਆਂ ਹਰਿਆਲੀਆਂ
ਤੇ ਬੰਬੀਆਂ ਛਰਾਟੇ ਲਾਏ
ਪੁਰੇ ਵਾਲੀ 'ਵਾ ਵਗੇ
ਪੰਛੀ ਫਿਰ ਕਾਸ ਤੋਂ ਉਦਾਸ ਨੇ?



***

ਕੰਮ ਕਰਦਾ ਸਵਰਨ ਸਿੰਘ ਉੱਡਿਆ ਫਿਰਦਾ। ਕੜੀ ਵਰਗਾ ਸਰੀਰ। ਜ਼ਿੰਦਗੀ ਭਰ ਢਿੱਡ ਪੀੜ ਦਾ ਚੂਰਨ ਫੱਕ ਨਾ ਵੇਖਿਆ। ਮੱਠੀ-ਮੱਠੀ ਉੱਠਦੀ ਪੀੜ ਵੱਖੀ 'ਚ ਅਜਿਹੀ ਸੂਲ ਬਣ ਬੈਠੀ, ਦਿਨਾਂ 'ਚ ਮੰਜੇ ਨਾਲ ਜੁੜ ਗਿਆ। ਕੈਂਸਰ ਕਿਸ ਸ਼ੈਅ ਨੂੰ ਕਹਿੰਦੇ ਨੇ, ਉਹਦੀ ਜਾਣੇ ਬਲਾ। ਆਖਰੀ ਸਟੇਜ 'ਤੇ ਆਖ ਡਾਕਟਰਾਂ ਨੇ ਸੇਵਾ ਕਰਨ ਦੀ ਸਲਾਹ ਦੇ ਘਰ ਨੂੰ ਮੋੜ ਦਿੱਤਾ। ਸੰਗਰਾਂਦ ਦਿਹਾੜਾ। ਰਾਤ ਦਾ ਆਖਰੀ ਪਹਿਰ। ਗੁਰਦੁਆਰੇ ਦੇ ਸਪੀਕਰ 'ਚੋਂ ਅੰਮ੍ਰਿਤ ਵੇਲੇ ਦਾ ਵਾਕ ਕੰਨੀਂ ਪਿਆ। ਸਵਰਨ ਸਿੰਘ ਨੇ ਆਖਰੀ ਹਿਚਕੀ ਲਈ। ਪੁੱਤਰਾਂ ਨੇ ਮੰਜੇ ਤੋਂ ਹੇਠਾਂ ਲਾਹ ਦੀਵਾ ਬੱਤੀ ਕੀਤਾ ਸੀ ਕਿ ਭੌਰ ਉਡਾਰੀ ਮਾਰ ਗਿਆ।

ਪਤੀ ਦਾ ਸਦੀਵੀ ਵਿਛੋੜਾ ਗੁਰਦੇਵ ਕੌਰ ਲਈ ਅਸਹਿ ਹੋ ਗਿਆ। ਬੁੱਤ ਬਣੀ ਇੱਕ ਟੱਕ ਸਵਰਨ ਸਿੰਘ ਦੀ ਮ੍ਰਿਤਕ ਦੇਹ ਨੂੰ ਤੱਕੀ ਜਾਵੇ। ਅੱਖ 'ਚੋਂ ਇੱਕ ਅੱਥਰੂ ਨਾ ਕਿਰਿਆ। ਵੀਰਪਾਲ ਦੇ ਵੈਣ ਪੱਥਰ ਦਿਲਾਂ ਦਾ ਕਲੇਜਾ ਪਾੜਦੇ,

ਇੱਕ ਵੇਰਾਂ ਅੱਖੀਆਂ ਖੋਲ੍ਹ ਵੇ ਮੇਰਿਆ ਬਾਬਲਾ
ਅੰਮੜੀ ਨੂੰ ਛਾਇਆ ਨ੍ਹੇਰ ਵੇ ਜੱਗ ਦਿਆ ਚਾਨਣਾ
ਸਾਡਾ ਹੋਇਆ ਮੰਦੜਾ ਹਾਲ ਵੇ ਜਿੰਦ ਦਿਆ ਰਾਖਿਆ।
ਸਾਨੂੰ ਵੀ ਲੈ ਜਾ ਨਾਲ ਵੇ ਰੂਹ ਦਿਆ ਰਾਜਿਆ।

ਚੰਨ ਨੇ ਮਾਂ ਨੂੰ ਬੁੱਕਲ 'ਚ ਲੈ ਧਾਹ ਮਾਰੀ ਤੇ ਗੁਰਦੇਵ ਕੌਰ ਨੇ ਬਾਂਗਰ ਲਾ ਦਿੱਤੀ। ਪਿੱਟ-ਪਿੱਟ ਛਾਤੀਆਂ ਤੇ ਪੱਟ ਛਿੱਲ ਮਾਰੇ। ਉਹ ਰੋਂਦੀ ਨਾ ਸੰਭਲੇ। ਦੰਦਲਾਂ ਪੈ-ਪੈ ਜਾਣ।

ਅੰਤਿਮ ਦਰਸ਼ਨਾਂ ਲਈ ਸਵਰਨ ਸਿੰਘ ਦੀ ਦੇਹ ਫੂੜ੍ਹੀ 'ਤੇ ਪਾਈ। ਗੁਰਦੇਵ ਕੌਰ ਪਤੀ ਦੀ ਲਾਸ਼ ਨਾਲ ਲਿਪਟ ਗਈ। ਔਖੇ-ਸੌਖੇ ਉਸ ਨੂੰ ਲਾਸ਼ ਨਾਲੋਂ ਵੱਖ ਕੀਤਾ ਗਿਆ। ਚਾਰਾਂ ਪੁੱਤਰਾਂ ਨੇ ਪਿਉ ਦੀ ਅਰਥੀ ਨੂੰ ਮੋਢਾ ਦਿੱਤਾ। ਸੰਸਕਾਰ ਦਹਿਲੀਜ਼ ਤੋਂ ਲੰਘਿਆ ਤੇ ਗੁਰਦੇਵ ਕੌਰ ਨੂੰ ਅਧਰੰਗ ਦਾ ਦੌਰਾ ਪੈ ਗਿਆ। ਇੱਕ ਬਜ਼ੁਰਗ ਨੇ ਡੱਬ 'ਚੋਂ ਕੱਢ ਚੌਲ ਦੇ ਦਾਣੇ ਜਿੰਨੀ ਅਫ਼ੀਮ ਉਸ ਦੀ ਜ਼ੁਬਾਨ ਹੇਠ ਰੱਖੀ, ਪਰ ਕੋਈ ਫ਼ਾਇਦਾ ਨਾ।

ਸਤਾਰੀਏ ਦਾ ਭੋਗ ਪੈਣ ਤੱਕ ਮਕਾਣਾਂ ਆਉਂਦੀਆਂ ਰਹੀਆਂ। ਗੁਰਦੇਵ ਕੌਰ ਨੂੰ ਸੁਰਤ ਨਾ। ਰੱਬ ਦਾ ਭਾਣਾ ਮੰਨ ਸਬਰ ਕਰਨ ਦਾ ਹੌਸਲਾ ਦਿੰਦੇ ਸਾਕ-ਸੰਬੰਧੀ ਆਪੋ-ਆਪਣੇ ਘਰਾਂ ਨੂੰ ਮੁੜ ਗਏ। ਜਿੰਨੇ ਦਿਨ

ਰਹੀ ਵੀਰਪਾਲ ਨੇ ਇੱਕ ਮਿੰਟ ਮਾਂ ਦਾ ਵਿਸਾਹ ਨਾ ਖਾਧਾ। ਘਰ-ਪਰਿਵਾਰ ਵਾਲੀ ਸੀ। ਰੋਂਦੀ-ਵਿਲਕਦੀ ਉਹ ਵੀ ਆਪਣੇ ਘਰ ਨੂੰ ਮੁੜ ਗਈ।

***

"ਮਰਿਆਂ ਨਾਲ ਮਰਿਆ ਤੇ ਨਹੀਂ ਜਾਂਦਾ ਬੀਬੀ, ਹੋਸ਼ ਕਰ।"

ਚੰਨ ਦੁੱਧ 'ਚ ਡੋਬ-ਡੋਬ ਗਰਾਹੀ ਮਾਂ ਦੇ ਮੂੰਹ ਪਾਉਂਦਾ। ਉਹ ਚੱਪਾ ਕੁ ਰੋਟੀ ਖਾ ਲੈਂਦੀ। ਨਾਲ ਹੀ ਉਸ ਨੂੰ ਜੰਗਲ ਪਾਣੀ ਦਾ ਭਾਰ ਪੈਣ ਲੱਗਦਾ ਤੇ ਕੱਪੜੇ ਖਰਾਬ ਹੋ ਜਾਂਦੇ। ਚੰਨ ਦੀ ਘਰਵਾਲੀ 'ਤੇ ਮੁਸੀਬਤ ਟੁੱਟ ਪੈਂਦੀ। ਉਹ ਟੂਟੀ ਨੂੰ ਪਾਇਪ ਲਾ ਦੂਰੋਂ ਹੀ ਗੁਰਦੇਵ ਕੌਰ 'ਤੇ ਪਾਣੀ ਦੀ ਬੁਛਾੜ ਕਰਦੀ ਘਰ ਸਿਰ 'ਤੇ ਚੁੱਕ ਲੈਂਦੀ।

"ਜਦੋਂ ਇੱਕ-ਦੂਜੇ ਦਾ ਵਿਸਾਹ ਨਹੀਂ ਸੀ ਖਾਂਦੇ ਤਾਂ ਬੁੱਢੀ ਨੂੰ ਵੀ ਨਾਲ ਲੈ ਕੇ ਮਰਦਾ। ਆਪ ਮਰ ਗਿਆ ਸਿਆਪਾ ਸਾਡੇ ਸਿਰ। ਬਲੱਡ ਪਰੈਸ਼ਰ ਮੈਨੂੰ, ਸ਼ੂਗਰ ਮੈਨੂੰ। ਹੋਰ ਛੱਤੀ ਰੋਗ। ਮੈਥੋਂ ਨਹੀਂ ਸਾਂਭ ਹੁੰਦੀ। ਨਾ ਬਾਕੀ ਕਿਸੇ ਵੱਖਰੇ ਢਿੱਡ 'ਚੋਂ ਨਿਕਲੇ ਨੇ? ਗੰਦਗੀ 'ਚ ਹੱਥ ਮਾਰਨ ਦਾ ਸਾਰਾ ਠੇਕਾ ਚੰਨ ਦਾ ਟੱਬਰ ਕਿਉਂ ਲਵੇ? ਬਾਕੀਆਂ ਨੇ ਜਾਇਦਾਦ ਦੇ ਹਿੱਸੇ ਨਹੀਂ ਲਏ ?"

ਚੰਨ ਨੇ ਘਰਵਾਲੀ ਦੇ ਬਥੇਰੇ ਹਾੜੇ ਕੱਢੇ, "ਮਾਂ ਨੇ ਮੈਨੂੰ ਬਰਛੀਆਂ ਦੀ ਛਾਂ ਹੇਠੋਂ ਬਚਾਅ ਕੇ ਲਿਆਂਦਾ। ਹੁਣ ਜਦੋਂ ਸਾਡੀ ਵਾਰੀ ਆਈ ਮਮਤਾ ਦਾ ਕਰਜਾ ਲਾਹੁਣ ਦੀ। ਇਉਂ ਵੈਰ ਨਾ ਕਮਾ, ਤੈਨੂੰ ਰੱਬ ਦਾ ਵਾਸਤਾ ਈ। ਮਾਂ ਦੀ ਸਾਫ਼-ਸਫ਼ਾਈ ਲਈ ਮੈਂ ਕੰਮਵਾਲੀ ਰੱਖ ਦੇਨਾਂ ।"

"ਠੀਕ ਏ ਡੈਡੀ। ਮੈਂ ਵੀ ਦੇਖ ਲੂੰਗੀ ਬੀਜੀ ਨੂੰ। ਵੱਡਿਆਂ ਦੀ ਸੇਵਾ ।"

ਉਸ ਦੀ ਨੂੰਹ ਨੇ ਦਾਦੀ ਸੱਸ ਦੀ ਸਾਂਭ-ਸੰਭਾਲ ਦਾ ਜਿੰਮਾ ਲੈਣ ਦੀ ਹਾਮੀ ਭਰੀ।

"ਭੌਰਾ ਜਿੰਨਾ ਬਾਲ ਕੁੱਛੜ। ਦੂਜਾ ਜਣੇਪਾ ਤੇਰਾ ਭਾਵੇਂ ਕੱਲ੍ਹ ਹੋ 'ਜੇ ਆਈ ਵੱਡੀ ਵੱਡਿਆਂ ਦੀ ਸੇਵਾ ਕਰਨ ਵਾਲੀ।" ਸੱਸ ਦੀਆਂ ਖਰੀਆਂ ਸੁਣ ਨੂੰਹ ਦੇ ਦੰਦ ਜੁੜ ਗਏ। ਆਖਿਰ ਚੰਨ ਨੇ ਹਥਿਆਰ ਸੁੱਟ ਦਿੱਤੇ।

ਸਵਾਲ ਉੱਠਿਆ। ਮਾਂ ਨੂੰ ਕੌਣ ਸਾਂਭੇ?

ਚੰਨ ਤੋਂ ਨਿੱਕਾ ਇਹ ਆਖ ਪਾਸਾ ਵੱਟ ਗਿਆ, "ਬਾਲਾਂ ਦੀਆਂ ਛੁੱਟੀਆਂ ਹੋਣ ਵਾਲੀਆਂ ਨੇ। ਹੋਸਟਲ ਤੋਂ ਸਾਲ 'ਚ ਇੱਕ ਵਾਰੀ ਤਾਂ ਘਰ ਆਂਦੇ ਨੇ। ਉਹ ਆਪ ਕੰਮ ਦੇ ਚੱਕਰ 'ਚ ਅੰਦਰ-ਬਾਹਰ ਰਹਿੰਦਾ ਏ। ਘਰਵਾਲੀ ਬਾਲਾਂ ਨੂੰ ਵੇਖੇਗੀ ਕਿ ਮਾਂ ਨੂੰ।"

ਸਭ ਤੋਂ ਨਿੱਕੇ ਨੇ ਘਰਵਾਲੀ ਦੇ ਮਾਨਸਿਕ ਰੋਗੀ ਹੋਣ ਦਾ ਆਖ ਪੱਲਾ ਝਾੜ ਦਿੱਤਾ, "ਤੁਹਾਨੂੰ ਕਿਹੜਾ ਮੇਰੀ ਹਾਲਤ ਦੀ ਭੁੱਲ ਏ। ਮੇਰੇ ਵਾਲੀ ਤੋਂ ਤਾਂ ਸਾਡੀ ਰੋਟੀ ਨਹੀਂ ਪੱਕਦੀ। ਲੱਕਵੇ ਦੀ ਮਾਰੀ ਮਾਂ ਦਾ ਕੀ ਸੰਵਾਰੇਗੀ?"

"ਬੰਦਾ ਹੋਵੇ ਵੱਲ ਤਾਂ ਵਿਹੜਾ ਲਈਏ ਠੱਲ। ਬੋਲ ਮਖਿਆਂ ਬੋਲਦਾ ਨਹੀਂ? ਘੁੰਗਣੀਆਂ ਪਾਈਆਂ ਮੂੰਹ 'ਚ? ਅਗਲੇ ਸਾਰੇ ਪੱਲਾ ਝਾੜ ਗਏ। ਰਹਿ ਗਈ ਬੁੱਢੜੀ ਮੇਰੇ ਭਾਅ ਦਾ ਸਿਆਪਾ ?" ਚੰਨ ਦੀ ਘਰਵਾਲੀ ਚੰਨ ਦੇ ਸਿਰ ਸੁਆਰ ਹੋਈ ਬੋਲਦੀ ਸਾਹ ਨਾ ਲਵੇ।

ਮਸਲਾ ਬਣੀ ਗੁਰਦੇਵ ਕੌਰ ਨੂੰ ਕੋਈ ਵੀ ਆਪਣੀ ਜ਼ਿੰਦਗੀ ਦਾ ਦਖਲ ਬਣਾਉਣ ਲਈ ਤਿਆਰ ਨਾ। ਇੱਕ-ਦੂਜੇ ਦੀ ਸਮੱਸਿਆ ਨੂੰ ਸਮਝਦੇ ਭਰਾਵਾਂ ਨੇ ਸਾਂਝੀ ਰਾਏ ਕੀਤੀ ਤੇ ਮਾਂ ਦਾ ਮੰਜਾ ਵਾਰੀ ਸਿਰ ਮਹੀਨਾ-ਮਹੀਨਾ ਸਾਰੇ ਪੁੱਤਰਾਂ ਦੇ ਘਰਾਂ ਦੀਆਂ ਗੇੜੀਆਂ ਕੱਢਣ ਲੱਗਾ।

ਗੁਰਦੇਵ ਕੌਰ ਨੂੰ ਚੰਨ ਤੋਂ ਨਿੱਕੇ ਪੁੱਤਰ ਘਰ ਆਇਆਂ ਦੂਜਾ ਦਿਨ ਹੋਇਆ ਸੀ। ਬਾਲਾਂ ਨੂੰ ਹੋਸਟਲ

ਤੋਂ ਛੁੱਟੀਆਂ ਹੋ ਗਈਆਂ ਸਨ ਤੇ ਉਹ ਘਰ ਆਏ ਹੋਏ ਸਨ। ਨਿੱਕੇ ਪੋਤਰੇ ਨੇ ਫਰੂਟੀ ਲਿਆਂਦੀ ਤੇ ਚਾਚੇ ਦੇ ਬਾਲਾਂ ਨਾਲ ਮਿਲ ਕੇ ਦਾਦੀ ਦੇ ਮੂੰਹ ਨੂੰ ਲਾ ਦਿੱਤੀ। ਗਟ-ਗਟ ਕਰਦੀ ਉਹ ਪੂਰੀ ਫਰੂਟੀ ਪੀ ਗਈ। ਉਸ ਬਾਲਾਂ ਵੱਲ ਵੇਖ ਵਾਛ ਖਿਲਾਰੀ। ਅੱਖਾਂ ਚਮਕੀਆਂ। ਬਾਲਾਂ ਨੇ ਦਾਦੀ ਨੂੰ ਘੇਰਾ ਪਾ ਲਿਆ ਤੇ ਉਸ ਦੇ ਮੰਜੇ 'ਤੇ ਬਹਿ ਹੋਸਟਲ ਦੀਆਂ ਗੱਲਾਂ ਸੁਣਾਉਣ ਲੱਗੇ। ਜਿਵੇਂ ਹੀ ਨੂੰਹ ਦੀ ਨਿਗਾਹ ਬਾਲਾਂ 'ਤੇ ਪਈ। ਉਸ ਨੂੰ ਤਾਅ ਚੜ੍ਹ ਗਿਆ।

"ਇੱਧਰ ਲਿਆਉ, ਪਿਆਵਾਂ ਇਹਨੂੰ ਫਰੂਟੀਆਂ। ਹੱਗ-ਹੱਗ ਮੰਜਾ ਭਰ ਦੇਵੇਗੀ। ਧੋਵੇਗਾ ਕੌਣ? ਤੁਹਾਡਾ ਪਿਉ? ਚੱਲੋ ਚਾਚੀ ਦੇ ਘਰ। ਮੰਜੇ 'ਤੇ ਚੜ੍ਹ ਕੇ ਬੈਠੇ ਓ। ਇਨਫੈਕਸ਼ਨ ਹੋ ਗਿਆ, ਹੋਰ ਸਿਆਪਾ ਪਾਉਗੇ।"

"ਲਾਡੀ ਵੀਰੇ ਦਾਦੀ ਮਰੀ 'ਤੇ ਆਹ ਮੰਜਾ ਆਪਾਂ ਸਾਂਭ ਰੱਖਣਾ। ਜਦੋਂ ਆਪਣੀਆਂ ਮੰਮੀਆਂ ਬੁੱਢੀਆਂ ਹੋਈਆਂ ਮੰਜਾ ਖਰੀਦਣਾ ਨਾ ਪਊ।" ਬਾਲ ਹੱਸੇ।

ਨੂੰਹ ਨੇ ਬਾਲਾਂ ਨੂੰ ਬਾਹੋਂ ਘਸੀਟਿਆ ਤੇ ਦੇਵਰ ਦੇ ਘਰ ਧੱਕ ਆਈ।

ਗੁਰਦੇਵ ਕੌਰ ਨੇ ਖਾਣਾ-ਪੀਣਾ ਛੱਡ ਦਿੱਤਾ। ਹਰ ਵੇਲੇ ਮੂੰਹ 'ਚੋਂ ਲਾਰ ਵਗਣ ਲੱਗੀ। ਹੱਡੀਆਂ ਦੀ ਮੁੱਠ ਬਣੀ ਦੀ ਚਮੜੀ ਉਧੜਨ ਲੱਗੀ ਤੇ ਦਿਨਾਂ 'ਚ ਸੁੱਕ ਕੇ ਤੀਲਾ ਹੋ ਗਈ।

ਪਿਓ ਮਰੇ ਨੂੰ ਸਾਲ ਹੋਣ ਨੂੰ ਆਇਆ ਸੀ। ਵੀਰਪਾਲ ਦਾ ਦਿਲ ਨਹੀਂ ਸੀ ਟਿਕਿਆ। ਹਰ ਵੇਲੇ ਧਿਆਨ ਮਾਂ 'ਚ ਰਹਿੰਦਾ। ਆਪ ਢਿੱਲੀ-ਮੱਠੀ ਰਹਿਣ ਲੱਗੀ ਤਾਂ ਬਾਲਾਂ ਨੇ ਜ਼ਿੱਦ ਕਰਕੇ ਘਰ ਅੰਦਰ ਡੱਕ ਲਿਆ। ਨਾ ਰਹਿ ਹੋਇਆ। ਨਿੱਕੇ ਪੁੱਤਰ ਦਾ ਮਿੰਨਤ ਤਰਲਾ ਕਰ ਨਾਲ ਲਿਆ ਤੇ ਆਣ-ਜਾਣ ਕਰਨ ਦਾ ਆਖ ਪੇਕਿਆਂ ਦੇ ਰਾਹ ਤੁਰ ਪਈ।

ਪੇਕਿਆਂ ਦੀ ਗਲੀ ਦਾ ਮੋੜ ਮੁੜੀ। ਵੀਰਪਾਲ ਦਾ ਹਲਕ ਸੁੱਕ ਗਿਆ। ਗੁਰਦੇਵ ਕੌਰ ਦਾ ਮੰਜਾ ਇੱਕ ਤੋਂ ਦੂਸਰੇ ਪੁੱਤਰ ਦੇ ਘਰ ਦਾ ਰਾਹ ਤੈਅ ਕਰ ਰਿਹਾ ਸੀ। ਧੀ ਸੀ, ਮਾਂ ਦਾ ਦੁੱਖ ਕਿੱਥੋਂ ਜਰਦੀ। ਮੰਜਾ ਥਾਵੇਂ ਰੱਖਵਾ ਰੱਜ ਕੇ ਮਨ ਦਾ ਗੁਬਾਰ ਕੱਢ ਮਾਰਿਆ।

"ਡੁੱਬ ਮਰੋ ਚੂਲੀ 'ਚ ਨੱਕ ਡੁੱਬੋ ਕੇ। ਚਾਰ ਪੁੱਤਰਾਂ ਦੇ ਹੁੰਦਿਆਂ ਮਾਂ ਦੀ ਮੰਜੀ ਗਲੀ-ਦੁਆਰੇ ਗੇੜੀਆਂ ਕੱਢਦੀ ਪਈ ਏ।" ਉੱਚੀਆਂ ਆਵਾਜ਼ਾਂ ਸੁਣ ਮੁਹੱਲਾ ਇਕੱਠਾ ਹੋਣ ਲੱਗਿਆ। ਭਰਾ ਭਰਜਾਈਆਂ ਵੀ ਮਘੋਰਿਆਂ 'ਚੋਂ ਬਾਹਰ ਨਿਕਲ ਆਏ।

"ਚੁੱਪ ਕਰ ਭੈਣੇ। ਬਥੇਰਾ ਸਹਿ ਲਿਆ ਸਾਰੀ ਉਮਰ ਤੇਰਾ ਨਖਰਾ। ਐਡਾ ਈ ਮਾਂ ਦਾ ਧ੍ਰੇਕ ਜਾਗਦਾ ਈ ਤਾਂ ਲੈ ਜਾ ਤੇ ਸਾਂਭ ਲੈ ਮਾਂ ਨੂੰ।" ਨਿੱਕੀ ਭਰਜਾਈ ਬੋਲੀ।

"ਬਸ ਹਾਅ ਸੁਣਨਾ ਰਹਿ ਗਿਆ ਸੀ। ਜੇ ਤੁਹਾਨੂੰ ਲੱਜ ਨਹੀਂ ਤਾਂ ਮੈਨੂੰ ਵੀ ਕਾਹਦੀ ਸ਼ਰਮ। ਠੀਕ ਏ ਬੀਬੀ ਮੇਰੇ ਨਾਲ ਈ ਜਾਵੇਗੀ, ਪਰ ਸਹੁੰ ਤੁਹਾਨੂੰ ਤੁਹਾਡੇ ਜੀਉਂਦਿਆਂ ਦੀ ਜੇ ਏਂਹਦੇ ਮਰੀ ਦਾ ਮੂੰਹ ਵੇਖਣ ਅਪੜਿਆ ਕੋਈ ਮੇਰੇ ਬੂਹੇ 'ਤੇ।" ਗੁੱਸੇ 'ਚ ਬੋਲਦੀ ਨੇ ਮੰਜੇ ਦੇ ਸੇਰੂ ਨੂੰ ਹੱਥ ਪਾ ਲਿਆ।

"ਚੱਲ ਨਹੀਂ ਆਂਦੇ ਮਰੀ 'ਤੇ, ਪਰ ਮਾਂ ਦੇ ਨਾਂ ਪੰਜਵੇਂ ਹਿੱਸੇ ਦਾ ਦੱਸ ਕੀ ਕਰਨੈ? ਬਾਪੂ ਦੀ ਵਸੀਅਤ ਮੁਤਾਬਿਕ ਜੀਂਹਦੇ ਦੁਆਰੇ ਮਾਂ ਆਖਰੀ ਸਾਹ ਲਵੇਗੀ ਉਸੇ ਨੂੰ ਹੀ ਪੂਰਾ ਹਿੱਸਾ ਮਿਲੇਗਾ।" ਚੰਨ ਨੇ ਘਰਵਾਲੀ ਤੋਂ ਅੱਗੇ ਹੋ ਵੀਰਪਾਲ ਹੱਥੋਂ ਸੇਰੂ ਛੁਡਾ ਮੰਜਾ ਥਾਂਏਂ ਰੱਖਵਾ ਲਿਆ। ਗੁਰਦੇਵ ਕੌਰ ਨੇ ਕਮਜ਼ੋਰ ਬਾਹਾਂ ਉਲਾਰੀਆਂ।

ਚੰਨ ਵੱਲ ਕੁਨੱਖਾ ਝਾਕਦੀ ਵੀਰਪਾਲ ਨੇ ਪਿੰਜਰ ਹੋਈ ਮਾਂ ਨੂੰ ਚੁੱਕਿਆ ਤੇ ਮੋਢੇ ਲਾ ਲਿਆ।

(**ਸੰਪਰਕ : 98146-70707**)

## ਕਹਾਣੀ

# ਕੋਈ ਤਾਂ ਹੈ

## ਨਿਰੰਜਣ ਬੋਹਾ



"ਬੇਟੇ ਇਕ ਗਲਾਸ ਪਾਣੀ ਦਾ ਦੇਣਾ।" ਸੰਤੋਖ ਨੇ ਕੋਲ ਬੈਠੇ ਪੜ੍ਹ ਰਹੇ ਜਸਪਾਲ ਅੱਗੇ ਤਰਲਾ ਜਿਹਾ ਲਿਆ ।


"ਆਹ ਮਿੰਟ- ਮਿੰਟ ਬਾਅਦ ਪਾਣੀ ਮੰਗਣ ਦੀ ਕੀ ਖੇਡ ਜਿਹੀ ਬਣਾਈ ਐ ? ਮੁੰਡੇ ਨੂੰ ਦੋ ਘੜੀ ਟਿਕ ਕੇ ਪੜ੍ਹਾਣ ਵੀ ਨਹੀਂ ਦੇਂਦੇ।" ਜਸਪਾਲ ਦੇ ਉੱਠਣ ਤੋਂ ਪਹਿਲਾਂ ਹੀ ਸੁਸ਼ੀਲਾ ਗਲ਼ ਪੈਣ ਵਾਲੇ ਅੰਦਾਜ਼ ਵਿਚ ਬੋਲ ਪਈ। ਫਿਰ ਉਹ ਪੁੱਤਰ ਦੀ ਪੜ੍ਹਾਈ ਖਰਾਬ ਕਰਨ ਦੀ ਬਜਾਇ ਆਪ ਹੀ ਪਾਣੀ ਲੈਣ ਚਲੀ ਗਈ।

ਸੁਸ਼ੀਲਾ ਕੋਲੋਂ ਪਾਣੀ ਦਾ ਗਲਾਸ ਪਕੜਦਿਆਂ ਉਸਦੇ ਹੱਥ ਕੰਬ ਰਹੇ ਸਨ। ਭਾਵੇਂ ਆਪਣੀ ਪਤਨੀ ਦੇ ਗੁਸੈਲੇ ਸੁਭਾਅ ਨੂੰ ਬਰਦਾਸ਼ਤ ਕਰਨ ਦੀ ਆਦਤ ਉਹ ਪਾ ਚੁੱਕਾ ਸੀ ਪਰੰਤੂ ਜਦੋਂ ਉਹ ਬਚਪਨ ਦੀ ਦਹਿਲੀਜ਼ ਪਾਰ ਕਰਨ ਜਾ ਰਹੇ ਜਸਪਾਲ ਦੇ ਸਾਹਮਣੇ ਹੀ ਟੁੱਟ ਕੇ ਉਸਦੇ ਗਲ ਪੈ ਜਾਂਦੀ ਤਾਂ ਉਸਦਾ ਦਿਲ ਕਰਦਾ ਕਿ ਅਜਿਹੀ ਜ਼ਲਾਲਤ ਭਰੀ ਜ਼ਿੰਦਗੀ ਤੋਂ ਕਿਨਾਰਾਕਸ਼ੀ ਹੀ ਕਰ ਲਵੇ।

ਉਹ ਪਿੱਛਲੇ ਡੇਢ ਸਾਲ ਤੋਂ ਬਿਮਾਰ ਚਲਿਆ ਆ ਰਿਹਾ ਸੀ । ਸਰੀਰਕ ਨਾਲੋਂ ਵੀ ਮਾਨਸਿਕ ਰੂਪ ਵਿਚ ਵੱਧ ਬਿਮਾਰ। ਉਹ ਸੋਚਦਾ, ਹਰ ਵੇਲੇ ਸੋਚਦਾ ਕਿ ਕੁਝ ਲੋਕ ਚੰਗੇ ਭਲੇ ਹੀ ਦਿਲ ਦਾ ਦੌਰਾ ਪੈਣ ਕਾਰਨ ਮਰ ਜਾਂਦੇ ਨੇ... ਪਰ ਦਿਮਾਗੀ ਤੌਰ ਤੇ ਏਨਾ ਪਰੇਸ਼ਾਨ ਹੋਣ ’ਤੇ ਵੀ ਉਸਨੂੰ ਹਾਰਟ -ਅਟੈਕ ਕਿਉਂ ਨਹੀਂ ਹੁੰਦਾ ? ਉਸ ਲਈ ਜ਼ਿੰਦਗੀ ਜ਼ਰੂਰੀ ਹੈ ਜਾਂ ਇਸਦਾ ਖਾਤਮਾ, ਉਹ ਆਪਣੇ ਆਪ ਤੋਂ ਹੀ ਪੁੱਛਦਾ ਪਰ ਉਸ ਨੂੰ ਆਪਣੀ ਗੱਲ ਦਾ ਜਵਾਬ ਨਾ ਮਿਲਦਾ। ਕਿਸੇ ਵੇਲੇ ਤਾਂ ਉਹ ਮੌਤ ਨੂੰ ਹੀ ਜ਼ਿੰਦਗੀ ਤੋਂ ਬਿਹਤਰ ਸਥਿਤੀ ਕਿਆਸਣ ਲੱਗ ਪੈਂਦਾ ਤੇ ਕਿਸੇ ਵੇਲੇ ਜ਼ਿੰਦਗੀ ਦਾ ਮੋਹ ਉਸ ‘ਤੇ ਭਾਰੂ ਪੈ ਜਾਂਦਾ। ਜ਼ਿੰਦਗੀ ਦੇ ਲੰਮੇ ਸੰਘਰਸ ਦੌਰਾਨ ਉਸ ਕਈ ਤਰ੍ਹਾਂ ਦੇ ਅਨੁਭਵ ਹਾਸਲ ਕੀਤੇ ਸਨ। ਰਾਤ ਨੂੰ ਨੀਂਦ ਨਾ ਆਉਂਦੀ ਤਾਂ ਉਹ ਮੌਤ ਨੂੰ ਵੀ ਇਕ ਅਨੁਭਵ ਵਜੋਂ ਲੈ ਕੇ ਸੋਚਣ ਲੱਗ ਪੈਂਦਾ ਕਿ ਕਿਵੇਂ ਆਉਂਦੀ ਹੈ ਮੌਤ? ਮੌਤ ਦੇ ਐਨ ਨੇੜੇ ਪਹੁੰਚ ਕੇ ਵਿਅਕਤੀ ਦੀ ਮਾਨਸਿਕ ਸਥਿਤੀ ਕਿਹੋ ਜਿਹੀ ਹੁੰਦੀ ਹੈ? ਮੌਤ ਤੋਂ ਪਹਿਲਾਂ ਦੀ ਅਰਧ ਚੇਤਨ ਅਵਸਥਾ ਵਿਚ ਬੰਦਾ ਕਿਨਾਂ ਕੁ ਚੇਤਨ ਤੇ ਕਿਨਾ ਕੁ ਅਵਚੇਤਨ ’ਚ ਹੁੰਦਾ ਹੈ? ਇਸ ਸਮੇਂ ਉਸਨੂੰ ਆਪਣੀ ਪਾਰਟੀ ਪ੍ਰਤੀ ਤੇ ਲੋਕਾਂ ਪ੍ਰਤੀ ਨਿਭਾਈ ਬਚਨਬੱਧਤਾ ਵੀ ਅਰਥਹੀਣ ਹੋਈ ਜਾਪਦੀ। ਇਹ ਸੋਚ ਉਸਨੂੰ ਧੁਰ ਅੰਦਰ ਤੱਕ ਬੇਚੈਨ ਕਰ ਦੇਂਦੀ ਕਿ ਕਿਸੇ ਵੇਲੇ ਹਥਿਆਰਬੰਦ ਸੰਘਰਸ਼ ਰਾਹੀਂ ਇਨਕਲਾਬ ਲਿਆਉਣ ਲਈ ਘਰੋਂ ਤੁਰਿਆ ਕਾਮਰੇਡ ਅਣ- ਹੋਇਆ ਵਾਂਗ ਜ਼ਿੰਦਗੀ ਨਾਲ ਨਾਤਾ ਤੋੜ ਕੇ ਚੁਪ ਚਾਪ ਹੀ ਤੁਰ ਜਾਵੇਗਾ। ਇਹ ਸੋਚਣਾ ਵੀ ਉਸ ਲਈ ਬਹੁਤ ਕਸ਼ਟਦਾਇਕ ਸੀ ਕਿ ਉਸ ਦੀ ਸਮਾਜਿਕ ਹੋਂਦ ਅਖ਼ਬਾਰ ਦੇ ਵਿਚਕਾਰਲੇ ਪੰਨੇ ’ਤੇ ਛਪੀ ਇਸ ਨਿੱਕੀ ਜਿਹੀ ਖਬਰ "ਪੁਰਾਣੇ ਨਕਸਲੀ ਆਗੂ ਸੰਤੋਖ ਸਿੰਘ ਦਾ ਦੇਹਾਂਤ।" ਤੱਕ ਸਿਮਟ ਕੇ ਰਹਿ ਜਾਵੇਗੀ। ਪਤਾ ਨਹੀਂ ਹੁਣ ਇਹ ਖਬਰ ਵੀ ਛਪੇਗੀ ਜਾਂ ਨਹੀਂ। ਅਜਿਹੀ ਬੇ-ਤਰਤੀਬੀ ਸੋਚ ਅਕਸਰ ਉਸਦੀ ਮਾਨਸਿਕ ਬੇਚੈਨੀ ਨੂੰ ਸਿਖ਼ਰ ਤੇ

ਪਹੁੰਚਾ ਦੇਂਦੀ ਸੀ।

ਆਪਣਾ ਦਿਮਾਗ ਹੋਰ ਪਾਸੇ ਲਾਉਣ ਲਈ ਉਸ ਸਿਰਹਾਣੇ ਪਈ ਅਖ਼ਬਾਰ ਨੂੰ ਫਰੋਲਣਾ ਸ਼ੁਰੂ ਕਰ ਦਿੱਤਾ। ਸੁਸ਼ੀਲਾ ਨੇ ਤਾਂ ਵਾਧੂ ਖਰਚਾ ਕਰਾਰ ਦੇ ਕੇ ਘਰ ਵਿਚ ਆਉਂਦਾ ਅਖ਼ਬਾਰ ਵੀ ਬੰਦ ਕਰ ਦਿੱਤਾ ਸੀ। ਉਸ ਨਾਲ ਹਮਦਰਦੀ ਰੱਖਦਾ ਉਸਦਾ ਗੁਆਂਢੀ



ਕਾਮਰੇਡ ਗਿਆਨ ਆਪਣਾ ਅਖ਼ਬਾਰ ਪੜ੍ਹਣ ਤੋਂ ਬਾਦ ਉਸ ਕੋਲ ਪੁੱਜਦਾ ਕਰ ਦੇਂਦਾ ਸੀ। ਇਹ ਉਹੀ ਅਖ਼ਬਾਰ ਸੀ ਜਿਸ ਨੂੰ ਉਹ ਆਪਣੀ ਰੂਪੋਸ਼ ਜ਼ਿੰਦਗੀ ਵੇਲੇ ਸੋਧਵਾਦੀ ਤੇ ਇਨਕਲਾਬ ਤੋਂ ਭਗੌੜੀ ਪਾਰਟੀ ਦਾ ਅਖ਼ਬਾਰ ਕਹਿ ਕੇ ਚਿਮਟੇ ਨਾਲ ਛੂਹਣਾ ਵੀ ਪਸੰਦ ਨਹੀਂ ਸੀ ਕਰਦਾ। ਪਰ ਅੱਜ ਉਹੀ ਅਖ਼ਬਾਰ ਉਸ ਲਈ ਵਕਤ ਕਟੀ ਦਾ ਸਹਾਰਾ ਬਣਿਆ ਹੋਇਆ ਸੀ। ਉਹ ਅਖ਼ਬਾਰ ਦੇ ਪਾਠ ਰਾਹੀਂ ਆਪਣਾ ਵੱਧ ਤੋਂ ਵੱਧ ਸਮਾਂ ਪਾਸ ਕਰਨ ਦੇ ਮਕਸਦ ਨਾਲ ਇਸ ਨੂੰ ਕਿਸ਼ਤਾਂ ਵਿਚ ਪੜ੍ਹਦਾ। ਐਤਵਾਰੀ ਐਡੀਸ਼ਨ ਦਾ ਸਾਹਿਤਕ ਅੰਕ ਤਾਂ ਉਸਦੀ ਰੂਹ ਦੀ ਖੁਰਾਕ ਸੀ। ਸਾਹਿਤਕ ਲੇਖਾਂ ਤੇ ਕਹਾਣੀਆਂ ਵਿੱਚ ਗੁਆਚਿਆ ਉਹ ਕੁਝ ਸਮੇਂ ਲਈ ਸਾਰੇ ਦੁੱਖ- ਕਲੇਸ਼ ਭੁੱਲ ਜਾਂਦਾ ਸੀ। ਹੁਣੇ ਆਇਆ ਐਤਵਾਰੀ ਅੰਕ ਫਰੋਲਦਿਆਂ ਉਸਦੀ ਨਜ਼ਰ ਇੱਕ ਥਾਂ 'ਤੇ ਅਟਕ ਕੇ ਰਹਿ ਗਈ। ਅਖ਼ਬਾਰੀ ਡੱਬੀ ਵਿਚ ਅਪੀਲ ਦਰਜ ਸੀ "ਲੋਕਾਂ ਦੇ ਲੇਖੇ ਸਾਰੀ ਉਮਰ ਲਾਉਣ ਵਾਲਾ ਕਾਮਰੇਡ ਸੰਤੋਖ ਸਿੰਘ ਗੰਭੀਰ ਰੂਪ ਵਿਚ ਦਮੇ ਦੀ ਬਿਮਾਰੀ ਤੋਂ ਪੀੜਤ ਹੈ, ਉਸਦੀ ਜ਼ਿੰਦਗੀ ਲੋਕਾਂ ਦੀ ਅਮਾਨਤ ਹੈ, ਅਗਾਂਹਵਧੂ ਸੋਚ ਤੇ ਲੋਕ ਹਿੱਤਾਂ ਦੇ ਮੁਦੱਈ ਆਪਣੀ ਇਸ ਅਮਾਨਤ ਦੀ ਸੰਭਾਲ ਲਈ ਅੱਗੇ ਆਉਣ।"

ਆਪਣੇ ਹੀ ਬਾਰੇ ਤਰਸ ਭਰੀ ਅਪੀਲ ਪੜ੍ਹ ਕੇ ਉਹ ਹੈਰਾਨ ਰਹਿ ਗਿਆ। ਇਹ ਅਪੀਲ ਉਸਨੂੰ ਆਪਣੇ ਸਵੈ- ਮਾਣ ਤੇ ਖੁਦਾਰੀ ਦਾ ਮਜ਼ਾਕ ਉਡਾਉਂਦੀ ਲੱਗੀ। ਉਸ ਆਪਣੇ ਦਿਮਾਗ 'ਤੇ ਜ਼ੋਰ ਪਾਇਆ। ਜ਼ਰੂਰ ਹੀ ਇਹ ਅਪੀਲ ਹਰਭਜਨ ਨੇ ਛਪਵਾਈ ਹੋਵੇਗੀ। ਉਸਦੇ ਰੂਪੋਸ਼ ਸਮੇਂ ਦਾ ਸਾਥੀ ਹਰਭਜਨ ਪਿਛਲੇ ਦਿਨੀਂ ਉਸਦੀ ਸਿਹਤ ਦਾ ਪਤਾ ਲੈਣ ਆਇਆ ਸੀ। ਉਸ ਅਪੀਲ ਦੇ ਹੇਠਾਂ ਛਪਿਆ ਟੈਲੀਫੋਨ ਨੰਬਰ ਵੇਖਿਆ ਤਾਂ ਇਹ ਹਰਭਜਨ ਦਾ ਹੀ ਸੀ।

ਪੰਜ ਕੁ ਦਿਨ ਪਹਿਲਾਂ ਹਰਭਜਨ ਦੀ ਘਰ ਵਿਚ ਹੋਈ ਆਮਦ ਭਾਵੇਂ ਸੁਸ਼ੀਲਾ ਲਈ ਖੁਸ਼ਗਵਾਰ ਨਹੀਂ ਸੀ ਤੇ ਉਸ ਦੇ ਮੱਥੇ ਤੇ ਤਿਊੜੀਆਂ ਵੀ ਪੈ ਗਈਆਂ ਸਨ, ਫਿਰ ਵੀ ਸਮਾਜਿਕ ਮਰਿਆਦਾ ਬਣਾਈ ਰੱਖਣ ਲਈ ਉਹ ਚਾਹ ਦੀਆਂ ਦੋ ਪਿਆਲੀਆਂ ਨੇੜਲੇ ਮੇਜ਼ 'ਤੇ ਰੱਖ ਗਈ ਸੀ। ਕੋਈ ਸਮਾਂ ਸੀ ਜਦੋਂ ਸ਼ੁਸੀਲਾ ਹਰਭਜਨ ਦੇ ਘਰ ਆਉਣ 'ਤੇ ਖਿੜ ਜਾਇਆ ਕਰਦੀ ਸੀ। ਪਰ ਜਦੋਂ ਦੇ ਪਤੀ ਪਤਨੀ ਵਿਚਕਾਰ ਮੱਤਭੇਦ ਪੈਦਾ ਹੋਏ ਸਨ ਉਸਦੀ ਸੰਤੋਖ ਦੇ ਦੋਸਤਾਂ ਵਿਚ ਕੋਈ ਦਿਲਚਸਪੀ ਨਹੀਂ ਸੀ ਰਹੀ। ਪਿਛਲੇ ਛੇਆਂ ਕੁ ਮਹੀਨਿਆ ਤੋਂ ਤਾਂ ਉਹ ਉਸਦੇ ਦੋਸਤਾਂ ਨਾਲ ਲਗਭਗ ਨਿਰਾਦਰੀ ਵਾਲਾ ਹੀ ਸਲੂਕ ਕਰਨ ਲੱਗ ਪਈ ਸੀ। ਕਈ ਵਾਰ ਤਾਂ ਉਹ ਉਸਦੇ ਦੋਸਤਾਂ ਨੂੰ ਪਾਣੀ ਤੱਕ ਨਾ ਪੁੱਛਦੀ ਤੇ ਇਸ ਹਾਲਤ ਵਿਚ ਆਪਣੇ ਦੋਸਤਾਂ ਲਈ ਚਾਹ ਵੀ ਸੰਤੋਖ ਨੂੰ ਆਪ ਉੱਠ ਕੇ ਬਣਾਉਣੀ ਪੈਂਦੀ।

"ਤੁਹਾਡੀ ਭਰਜਾਈ ਦੀ ਤਬੀਅਤ ਅੱਜ ਸਵੇਰ ਤੋਂ ਹੀ ਠੀਕ ਨਹੀਂ ਹੈ। ਅੱਜ ਮੈਂ ਪਿਆਉਣਾਂ ਥੋਨੂੰ ਕੰਡੇ ਵਾਲੀ ਚਾਹ।" ਭਾਵੇ ਉਹ ਹੱਸਦਿਆਂ ਸੁਸ਼ੀਲਾ ਨਾਲ ਚੱਲ ਰਹੇ ਝਗੜੇ 'ਤੇ ਪਰਦਾ ਪਾਉਣ ਦੀ ਕੋਸ਼ਿਸ਼ ਕਰਦਾ ਪਰ ਸਮਝਣ ਵਾਲੇ ਸਮਝ ਹੀ ਜਾਂਦੇ । ਬਹੁਤ ਸਾਰੇ ਦੋਸਤਾਂ ਨੇ ਉਸਦੇ ਘਰ ਆਉਣਾ ਹੀ ਛੱਡ ਦਿੱਤਾ ਸੀ। ਨੇੜਲਾ ਦੋਸਤ ਹੋਣ ਕਰਕੇ ਹਰਭਜਨ ਸਾਰੀ ਸਥਿਤੀ ਤੋਂ ਜਾਣੂ ਸੀ, ਇਸ ਲਈ ਉਹ ਸੁਸ਼ੀਲਾ ਦੇ ਬਦਲੇ ਵਿਵਹਾਰ ਦਾ ਬਹੁਤਾ ਗੁੱਸਾ ਨਹੀਂ ਸੀ ਕਰਦਾ, ਸਗੋਂ ਆਨੇ- ਬਹਾਨੇ ਦੋਹਾਂ ਨੂੰ ਸਮਝਾਉਣ ਦਾ ਯਤਨ ਵੀ ਕਰਦਾ ਰਹਿੰਦਾ ਸੀ ।

"ਭਾਬੀ ਜੀ ਬੈਠੋ...ਦੋ ਘੜੀ' ਸ਼ਾਇਦ ਹਰਭਜਨ ਫਿਰ ਕੋਈ ਸਮਝੌਤੇ ਦੀ ਗੱਲ ਛੇੜਨਾ ਚਾਹੁੰਦਾ ਸੀ ਪਰ ਸੁਸ਼ੀਲਾ ਰੁੱਖੇ ਜਿਹੇ ਸ਼ਬਦਾਂ ਵਿਚ ਇਹ ਕਹਿ ਕੇ ਰਸੋਈ ਵੱਲ ਚਲੀ ਗਈ ਕਿ ਮੈਂ ਭਾਂਡੇ ਸਾਂਭਣੇ ਨੇ। ਇਹ ਵਿਹਲੇ ਨੇ ... ਕਰ ਲਉ ਇਨ੍ਹਾਂ ਨਾਲ ਜਿੰਨੀਆਂ ਮਰਜ਼ੀ ਗੱਲਾਂ।" ਵਿਹਲੇ ਸ਼ਬਦ 'ਤੇ ਸੁਸ਼ੀਲਾ ਨੇ ਕੁਝ ਵੱਧ ਹੀ ਜ਼ੋਰ ਦਿੱਤਾ ਸੀ।

ਸੰਤੋਖ ਨੂੰ ਸ਼ਰਮਿੰਦਾ ਜਿਹਾ ਵੇਖ ਕੇ ਰਾਹਤ ਦੇਣ ਵਾਲੇ ਅੰਦਾਜ਼ ਵਿਚ ਉਸ ਆਪਣਾ ਹੱਥ ਉਸਦੇ ਮੋਢੇ 'ਤੇ ਰੱਖ ਦਿੱਤਾ ਸੀ। ਜਾਣ ਵੇਲੇ ਨਾਂਹ-ਨਾਂਹ ਕਰਦਿਆਂ ਵੀ ਉਸ ਸੰਤੋਖ ਦੀ ਜੇਬ ਵਿਚ ਪੰਜ ਸੌ ਰੁਪਏ ਪਾ ਦਿੱਤੇ ਸਨ। ਸੰਤੋਖ ਨੂੰ ਪਤਾ ਸੀ ਕਿ ਇਹ ਮੱਦਦ ਵੀ ਉਹ ਆਪਣੇ ਵਿੱਤ ਤੋਂ ਬਾਹਰ ਜਾ ਕੇ ਹੀ ਕਰ ਰਿਹਾ ਹੈ। ਇਸ ਵੇਲੇ ਅਖ਼ਬਾਰ ਵਿਚ ਅਪੀਲ ਛਪਵਾਉਣ ਬਦਲੇ ਉਸਨੂੰ ਹਰਭਜਨ 'ਤੇ ਗੁੱਸਾ ਵੀ ਆ ਰਿਹਾ ਸੀ ਤੇ ਪਿਆਰ ਵੀ।

ਉਸ ਅਖ਼ਬਾਰ ਦਾ ਅਪੀਲ ਵਾਲਾ ਪੰਨਾ ਆਪਣੀਆਂ ਕਿਤਾਬਾਂ ਵਿਚ ਲੁਕੋ ਦਿੱਤਾ। ਸੋਚਿਆ ਜੇ ਸੁਸ਼ੀਲਾ ਨੇ ਸਹਾਇਤਾ ਵਾਲੀ ਅਪੀਲ ਪੜ੍ਹ ਲਈ ਤਾਂ ਜ਼ਰੂਰ ਹੀ ਕਲੇਸ਼ ਕਰੇਗੀ ਕਿ ਸੰਤੋਖ ਨੇ ਉਸਨੂੰ ਬਦਨਾਮ ਕਰਨ ਲਈ ਹੀ ਇਹ ਅਪੀਲ ਛਪਵਾਈ ਹੈ। ਜਦੋਂ ਕਿ ਇਹ ਖਰਾ ਸੱਚ ਸੀ ਕਿ ਸਰਕਾਰੀ ਤਨਖਾਹ ਵਜੋਂ ਮਹੀਨੇ ਦੇ ਵੀਹ ਹਜਾਰ ਕਮਾਉਣ ਵਾਲੀ ਸ਼ੁਸੀਲਾ ਨੇ ਸੱਚ-ਮੁੱਚ ਹੀ ਉਸਦਾ ਇਲਾਜ਼ ਕਰਾਉਣ ਤੋਂ ਇਕ ਤਰ੍ਹਾਂ ਨਾਂਹ ਹੀ ਕਰ ਦਿੱਤੀ ਸੀ "ਮੈਂ ਸਾਰੀ ਉਮਰ ਇਸਦੀ ਤਮੀਰਦਾਰੀ ਕਰਨ ਦਾ ਠੇਕਾ ਤਾਂ ਨਹੀਂ ਲਿਆ ਇਹ ਆਪ ਵੀ ਆਪਣੇ ਲਈ ਕੁਝ ਕਰੇ ।" ਸੁਸ਼ੀਲਾ ਨੇ ਭਾਵ ਰਹਿਤ ਸ਼ਬਦਾਂ ਵਿੱਚ ਇਹ ਗੱਲ ਏਨੀ ਆਸਾਨੀ ਨਾਲ ਕਹਿ ਦਿੱਤੀ ਸੀ ਜਿਵੇਂ ਉਨ੍ਹਾਂ ਵਿਚਕਾਰ ਕਦੇ ਮੁਹੱਬਤੀ ਰਿਸ਼ਤਾ ਰਿਹਾ ਹੀ ਨਾ ਹੋਵੇ ।

ਸੁਸ਼ੀਲਾ ਦੇ ਸੂਲਾਂ ਵਰਗੇ ਸ਼ਬਦ ਸਿੱਧਾ ਉਸਦੇ ਹਿਰਦੇ ਵਿਚ ਚੁਭੇ ਸਨ। ਜ਼ਿੰਦਗੀ ਵੱਲੋਂ ਲਏ ਔਖੇ ਤੋਂ ਔਖੇ ਇਮਤਿਹਾਨ ਵੇਲੇ ਵੀ ਉਹ ਏਨਾ ਨਹੀਂ ਸੀ ਟੁੱਟਿਆ, ਜਿਨਾਂ ਉਸਨੂੰ ਸੁਸ਼ੀਲਾ ਦੇ ਸਹਿਜ ਸੁਭਾਅ ਕਹੇ ਸ਼ਬਦਾਂ ਨੇ ਤੋੜ ਦਿੱਤਾ ਸੀ। ਉਸਦੇ ਰੂਪੋਸ਼ ਸਾਥੀਆਂ ਦਾ ਪਤਾ ਲਾਉਣ ਲਈ ਡੀ. ਐਸ. ਪੀ. ਨਾਰੰਗ

ਨੇ ਉਸ ਨੂੰ ਨੰਗਾ ਕਰਕੇ ਉਸਦੀਆਂ ਲੱਤਾਂ ਪਾੜੇ ਜਾਣ ਵੇਲੇ ਵੀ ਉਸ ਆਪਣੀ ਜ਼ੁਬਾਨ ਨਹੀਂ ਸੀ ਖੋਲ੍ਹੀ ਤੇ ਮਾਨਸਿਕ ਰੂਪ ਵਿਚ ਮਜਬੂਤ ਰਿਹਾ ਸੀ। ਉਸ ਨੂੰ ਮਹਿਸੂਸ ਹੋਇਆ ਕਿ ਉਸਦੀ ਪਤਨੀ ਦੇ ਸੰਵੇਦਨਾ ਰਹਿਤ ਸਬਦਾਂ ਦੇ ਚਾਬੁਕਾਂ ਦੀ ਉਸ ਦੇ ਮਨ 'ਤੇ ਪਈ ਮਾਰ ਪੁਲਿਸ ਦੀ ਮਾਰ ਨਾਲੋਂ ਵੀ ਵੱਧ ਭਿਆਨਕ ਤੇ ਤਸੀਹੇ ਜਨਕ ਸੀ।

ਗੱਲ ਸਿਰਫ ਏਨੀ ਕੁ ਸੀ ਉਸਦੀ ਬਿਮਾਰੀ ਦਾ ਪਤਾ ਲੈਣ ਆਏ ਉਸਦੇ ਦੋਸਤ ਨਰਿੰਦਰ ਨੇ ਉਸਦੀ ਨਿਘਰਦੀ ਹਾਲਤ ਵੱਲ ਵੇਖਦਿਆਂ ਕਹਿ ਦਿੱਤਾ ਸੀ, "ਭਾਬੀ ਜੀ, ਸੰਤੋਖ ਨੂੰ ਕਿਸੇ ਚੰਗੇ ਡਾਕਟਰ ਕੋਲ ਵਿਖਾਉ ... ਅਜੇ ਬਿਮਾਰੀ ਕਾਬੂ ਵਿਚ ਹੈ, ਜੇ ਵੱਧ ਗਈ ਤਾਂ ਮੁਸ਼ਕਿਲ ਆਵੇਗੀ।" ਸ਼ਾਇਦ ਨਰਿੰਦਰ ਨੂੰ ਇਸ ਗੱਲ ਦਾ ਪਤਾ ਨਹੀਂ ਸੀ ਕਿ ਉਹ ਹੁਣ ਪਤੀ ਪਤਨੀ ਨਹੀਂ ਸਨ ਰਹੇ ਸਗੋਂ ਕੇਵਲ ਸਮਾਜੀ ਵਿਖਾਵੇ ਲਈ ਅਜਿਹਾ ਹੋਣ ਦਾ ਨਾਟਕ ਖੇਡ ਰਹੇ ਸਨ। ਉਸ ਵੇਲੇ ਤਾਂ ਉਹ ਧਰਤੀ ਵਿਚ ਹੀ ਗਰਕ ਗਿਆ ਸੀ ਜਦੋਂ ਸੁਸ਼ੀਲਾ ਨੇ ਇੱਥੋਂ ਤੱਕ ਕਹਿ ਦਿੱਤਾ ਸੀ "ਮੈਂ ਇਸ ਇਨਸਾਨ ਲਈ ਕੀ ਕੁਝ ਨਹੀਂ ਕੀਤਾ ਪਰ ... ਪਰ ਇਹ ਮੇਰੀ ਕਿਸੇ ਵੀ ਉਮੀਦ 'ਤੇ ਖਰਾ ਨਹੀਂ ਉੱਤਰਿਆ।"

ਉਸ ਸਮੇਂ ਉਹ ਨਰਿੰਦਰ ਸਾਹਮਣੇ ਕੱਖਾਂ ਤੋਂ ਵੀ ਹੌਲਾ ਹੋ ਗਿਆ ਸੀ। ਉਹ ਨਰਿੰਦਰ ਨਾਲ ਆਪਣੀ ਨਜ਼ਰ ਮਿਲਾ ਵੀ ਕਿਵੇਂ ਸਕਦਾ ਸੀ, ਜਿਸ ਪਿਛਲੇ ਸਾਲ ਹੀ ਉਸਦੀ ਲਹਿਰ ਨੂੰ ਦੇਣ ਬਦਲੇ ਆਪਣੀ ਸੰਸਥਾਂ ਵੱਲੋਂ ਉਸਨੂੰ ਕਾਮਰੇਡ ਬਾਬਾ ਬੂਝਾ ਸਿੰਘ ਯਾਦਗਾਰੀ ਸਨਮਾਨ ਦਿੱਤਾ ਸੀ। ਨਰਿੰਦਰ ਨੇ ਉਸ ਸਮੇਂ ਉਸਨੂੰ ਲੋਕ ਘੋਲਾਂ ਦਾ ਜਰਨੈਲ, ਸਮੇਂ ਦਾ ਹਾਣੀ ਤੇ ਅਸਲੀ ਮਨੁੱਖ ਸਮੇਤ ਪਤਾ ਨਹੀਂ ਕਿਨੇਂ ਕੁ ਵਿਸ਼ੇਸ਼ਣਾਂ ਨਾਲ ਨਿਵਾਜਿਆ ਸੀ। ਉਸਦੀਆਂ ਨਜ਼ਰਾਂ ਧਰਤੀ ਵਿਚ ਡੂੰਘੀਆਂ ਧੱਸਦੀਆਂ ਜਾ ਰਹੀਆਂ ਸਨ। ਕੀ ਸੋਚਦਾ ਹੋਵੇਗਾ ਨਰਿੰਦਰ ਕਿ ਲੋਕ ਘੋਲਾਂ ਵਿੱਚ ਜਰਨੈਲ ਦੀ ਭੂਮਿਕਾ ਨਿਭਾਉਣਾ ਵਾਲਾ ਸੰਤੋਖ ਆਪਣੇ ਘਰ ਵਿਚ ਏਨੀ ਨਿਗੂਣੀ ਤੇ ਸੁੱਟ ਪਾਉਣ ਵਾਲੀ ਵਸਤ ਬਣ ਗਿਆ ਹੈ। ਨਰਿੰਦਰ ਸਮੇਂ ਦੀ ਨਜ਼ਾਕਤ ਨੂੰ ਸਮਝਣ ਵਾਲਾ ਸਿਆਣਾ ਦੋਸਤ ਸਾਬਿਤ ਹੋਇਆ ਸੀ ਜੋ ਉਸ ਨੂੰ ਹੀਣ -ਭਾਵਨਾ ਦਾ ਸ਼ਿਕਾਰ ਹੋਇਆ ਵੇਖ ਕੇ ਇਜ਼ਾਜਤ ਲੈ ਕੇ ਚਲਿਆ ਗਿਆ ਸੀ। ਉਹ ਉਸਨੂੰ ਰੋਕਦਾ ਵੀ ਕਿਸ ਹੌਂਸਲੇ ਨਾਲ। ਨਰਿੰਦਰ ਦੇ ਜਾਣ ਤੋਂ ਬਾਅਦ ਉਸਦੇ ਸਰੀਰ ਨਾਲੋਂ ਵੀ ਉਸਦਾ ਮਨ ਵੱਧ ਬਿਮਾਰ ਰਹਿਣ ਲੱਗ ਪਿਆ ਸੀ।

ਜੇ ਸੁਸ਼ੀਲਾ ਨੇ ਉਸ ਲਈ ਕੁਝ ਕੀਤਾ ਹੈ ਤਾਂ ਉਸ ਨੇ ਵੀ ਤਾਂ ਆਪਣਾ ਸਭ ਕੁਝ ਉਸ 'ਤੇ ਨਿਛਾਵਰ ਕਰ ਦਿੱਤਾ ਸੀ। ਠੀਕ ਹੈ ਉਸਦੇ ਬਿਮਾਰ ਰਹਿਣ ਤੋਂ ਬਾਅਦ ਘਰ ਦਾ ਸਾਰਾ ਖਰਚਾ ਸੁਸ਼ੀਲਾ ਦੀ ਤਨਖਾਹ ਨਾਲ ਚੱਲਦਾ ਸੀ, ਪਰ ਉਹ ਕਿਹੜਾ ਜਾਣ ਬੁੱਝ ਕੇ ਮੰਜੇ 'ਤੇ ਪਿਆ ਸੀ। ਉਸਨੂੰ ਜੀਵਨ ਸਾਥੀ ਵਜੋਂ ਅਪਨਾਉਣ ਦੀ ਪਹਿਲ ਵੀ ਤਾਂ ਖੁਦ ਸੁਸ਼ੀਲਾ ਨੇ ਹੀ ਕੀਤੀ ਸੀ। ਉਸ ਨੇ ਤਾਂ ਸਗੋਂ ਉਸ ਵੇਲੇ ਸੁਸ਼ੀਲਾ ਨੂੰ ਸਮਝਾਇਆ ਵੀ ਸੀ, "ਵੇਖ ਸੁਸ਼ੀਲਾ ਇਸ ਵੇਲੇ ਤੂੰ ਭਾਵੁਕ ਹੋ ਰਹੀ ਐਂ ... ਜ਼ਿੰਦਗੀ ਦੇ ਏਡੇ ਵੱਡੇ ਫੈਸਲੇ ਭਾਵੁਕਤਾ ਦੇ ਵਹਿਣ ਵਿਚ ਨਹੀਂ ਲਈ ਜਾਂਦੇ ... ਆਪਣੀ ਸੋਚ ਨੂੰ ਯਥਾਰਥਕ ਬਣਾ ... ਇਹੀ ਕਾਫੀ ਹੈ ਕਿ ਅਸੀਂ ਇਕ ਦੂਜੇ ਨੂੰ ਦੋਸਤ ਮੰਨਦੇ ਹਾਂ ... ਵਿਆਹ ਲਈ ਸਮਾਜਿਕ ਪੱਧਰ 'ਤੇ ਬਰਾਬਰੀ ਦਾ ਦਰਜ਼ਾ ਜ਼ਰੂਰੀ ਐ ।"

" ਸੰਤੋਖ ਜੀ ! ਜੇ ਆਪਣੇ ਭਵਿੱਖ ਲਈ ਕੋਈ ਦਲੇਰ ਫੈਸਲਾ ਲੈਣਾ ਭਾਵੁਕਤਾ ਹੈ ਤਾਂ ਮੈਂ ਭਾਵੁਕ ਹੀ ਠੀਕ ਹਾਂ... ਚੁੱਲ੍ਹੇ 'ਚ ਪਵੇ ਅਜਿਹਾ ਯਥਾਰਥ ਜੋ ਕਿਸੇ ਦਾ ਵਿਚਾਰਧਾਰਕ ਮੇਲ ਹੀ ਨਾ ਹੋਣ ਦੇਵੇ ... ਜੇ ਤੁਹਾਡੇ ਤੇ ਮੇਰੇ ਵਿਚਕਾਰ ਵੀ ਅਜੇ ਪੈਸੇ ਦੀ ਦੀਵਾਰ ਖੜ੍ਹੀ ਐ ਤਾਂ ਅਸੀਂ ਆਪਣੇ ਆਪ ਨੂੰ ਅਗਾਂਹਵਧੂ ਤੇ ਕਾਮਰੇਡ ਵੀ ਨਹੀਂ ਕਹਾ ਸਕਦੇ। ਕਾਮਰੇਡ ਸਾਹਿਬ ! ਸਾਡਾ ਯਥਾਰਥ ਤਾਂ ਇਹੀ ਹੈ ਕਿ ਜੋ

ਮੇਰਾ ਹੈ ਉਹ ਤੁਹਾਡਾ ਵੀ ਤੇ ਜੋ ਤੁਹਾਡਾ ਹੈ ਉਹ ਮੇਰਾ ਹੈ।" ਉਸ ਵੇਲੇ ਸੁਸ਼ੀਲਾ ਨੇ ਉਸਦੀ ਗੱਲ ਹਾਸੇ ਵਿਚ ਪਾ ਛੱਡੀ ਸੀ।

"ਮੈਂ ਅਕਸਰ ਵੇਖਿਆ ਹੈ ਕਿ ਮੁੰਡੇ ਕੁੜੀਆਂ ਇਕ ਵਾਰ ਤਾਂ ਭਾਵੁਕ ਫ਼ੈਸਲੇ ਲੈ ਲੈਂਦੇ ਨੇ ਪਰ ਜਦੋਂ ਸਮਾਜ ਦੀਆਂ ਕਠੋਰ ਹਕੀਕਤਾਂ ਨਾਲ ਵਾਹ ਪੈਂਦਾਂ ਏ ਤਾਂ ਫਿਰ ਪਿੱਛੇ ਵੱਲ ਭੱਜਦੇ ਨੇ... ਤੇਰੀ ਭਾਵੁਕ ਕੁਰਬਾਨੀ ਵੀ ਕੱਲ੍ਹ ਨੂੰ ਤੇਰੇ ਲਈ ਪਛਤਾਵੇ ਦਾ ਕਾਰਨ ਬਣ ਸਕਦੀ ਐ.. ਚੰਗੀ ਤਰ੍ਹਾਂ ਸੋਚ ਵਿਚਾਰ ਲੈ ਇਹ ਗੱਲ।

"ਇਹ ਗੱਲ ਛੱਡੋ... ਮੈਂ ਕੋਈ ਕੁਰਬਾਨੀ ਕੁਰਬੂਨੀ ਨਹੀਂ ਕਰ ਰਹੀ, ਤਾਂ ਨਾ ਹੀ ਅਸੀਂ ਦੋਹੇਂ ਅੱਲੜ੍ਹ ਉਮਰ ਦੇ ਮੁੰਡੇ ਕੁੜੀ ਹਾਂ.... ਬਹੁਤ ਕੁਝ ਠੰਡਾ ਤੱਤਾ ਵੇਖ ਚੁੱਕੇ ਹਾਂ ਆਪਾ ਜ਼ਿੰਦਗੀ ਵਿਚ। ਜੇ ਤੁਸੀਂ ਇਸ ਨੂੰ ਕੁਰਬਾਨੀ ਦਾ ਨਾਮ ਦਿੰਦੇ ਹੋ ਤਾਂ ਫਿਰ ਤੁਹਾਡੀ ਕੁਰਬਾਨੀ ਮੈਥੋਂ ਵੱਡੀ ਹੀ ਹੋਵੇਗੀ... ਇਸ ਸਮਾਜ ਵਿਚ ਕਿਸੇ ਵਿਧਵਾ ਨੂੰ ਅਪਣਾਉਣਾ ਵੱਡੇ ਜੇਰੇ ਵਾਲਾ ਕੰਮ ਹੈ। ਕਿਸੇ ਦੀ ਔਲਾਦ ਨੂੰ ਬਾਪ ਵਜੋਂ ਆਪਣਾ ਨਾਮ ਦੇਣਾ ਦਾ ਹੌਸਲਾ ਵੀ ਹਾਰੀ- ਸਾਰੀ ਵਿੱਚ ਨਹੀਂ ਹੁੰਦਾ।" ਸੁਸ਼ੀਲਾ ਨੇ ਆਪਣੇ ਸਾਲ ਕੁ ਭਰ ਦੇ ਪੁੱਤਰ ਜਸਪਾਲ ਵੱਲ ਇਸ਼ਾਰਾ ਕਰਕੇ ਕਿਹਾ ਸੀ।

ਉਹ ਸੁਸ਼ੀਲਾ ਨੂੰ ਕਾਲਜ਼ ਸਮੇਂ ਤੋਂ ਹੀ ਜਾਣਦਾ ਸੀ। ਉਹ ਸ਼ੁਰੂ ਤੋਂ ਹੀ ਨਿਡਰ ਤੇ ਬੇਬਾਕ ਕੁੜੀ ਸੀ। ਮੋਗਾ ਸਿਨੇਮਾ ਗੋਲੀ ਕਾਂਡ ਵੇਲੇ ਜਿਸ ਤਰ੍ਹਾਂ ਉਸ ਵੱਲੋਂ ਵਿਦਿਆਰਥਣਾਂ ਨੂੰ ਲਾਮਬੰਦ ਕੀਤਾ ਗਿਆ ਸੀ ਇਹ ਗੱਲ ਅੱਜ ਵੀ ਆਪਣੇ ਹੱਕਾਂ ਲਈ ਲੜਾਈ ਲੜ੍ਹਨ ਵਾਲੇ ਵਿਦਿਆਰਥੀਆਂ ਲਈ ਇਕ ਮਿਸਾਲ ਸੀ। ਕਾਲਜ ਮੈਨਜ਼ਮੈਂਟ ਦੀਆਂ ਵਧੀਕੀਆਂ ਖ਼ਿਲਾਫ਼ ਜਦੋਂ ਵੀ ਕੋਈ ਘੋਲ ਵਿੱਢਿਆ ਗਿਆ ਤਾਂ ਸੁਸ਼ੀਲਾ ਦੀ ਭੂਮਿਕਾ ਮੋਹਰੀ ਹੀ ਰਹੀ। ਸਟੂਡੈਂਟ ਯੂਨੀਅਨ ਦੇ ਆਗੂ ਵਜੋਂ ਉਸਦੀ ਮੁਲਾਕਾਤ ਸੁਸ਼ੀਲਾ ਨਾਲ ਹੁੰਦੀ ਤਾਂ ਉਹ ਉਸਦੀਆਂ ਤੇਜ -ਤਰਾਰ ਗੱਲਾਂ ਸੁਣ ਕੇ ਉਹ ਹੈਰਾਨ ਹੁੰਦਾ ਕਿ ਇਕ ਕੁੜੀ ਹੋ ਕੇ ਵੀ ਉਸ ਅੰਦਰ ਜਬਰ ਜ਼ੁਲਮ ਵਿਰੁੱਧ ਲੜਣ ਦਾ ਕਿੰਨਾ ਜਜ਼ਬਾ ਹੈ। ਪੁਲਿਸ ਵੱਲੋ ਲਾਏ ਬੈਰੀਕੇਡ ਤੋੜਣ ਵੇਲੇ ਉਸ ਕਦੇ ਵੀ ਝਿਜਕ ਮਹਿਸੂਸ ਨਹੀ ਸੀ ਕੀਤੀ। ਉਹ ਨੇੜੇ ਹੀ ਬੈਠੀ ਸੁਸ਼ੀਲਾ ਵੱਲ ਟਿਕਟਿਕੀ ਲਾ ਕੇ ਵੇਖਣ ਲੱਗਾ। ਜਿਵੇਂ ਹੁਣ ਦੀ ਸੁਸ਼ੀਲਾ ਤੇ ਅੱਠ ਸਾਲ ਪਹਿਲਾਂ ਉਸਦੀ ਜਮਾਤਣ ਰਹੀ ਸੁਸ਼ੀਲਾ ਦੇ ਨਕਸ਼ ਮੇਲ ਰਿਹਾ ਹੋਵੇ। ਕਿੰਨਾ ਅੰਤਰ ਆ ਗਿਆ ਹੈ ਹੁਣ ਤੇ ਪਹਿਲਾਂ ਵਾਲੀ ਸੁਸ਼ੀਲਾ ਵਿੱਚ।

ਢੂਈ ਵਿਚ ਦਰਦ ਹੋਣ 'ਤੇ ਉਸ ਪਾਸਾ ਪਰਤਿਆ ਤਾਂ ਉਸਦੀਆਂ ਸੋਚਾਂ ਨੇ ਵੀ ਉਸਦੇ ਅਤੀਤ ਦਾ ਇਕ ਹੋਰ ਵਰਕਾ ਫਰੋਲ ਲਿਆ। ਕਾਲਜ ਪੜ੍ਹਦਿਆ ਕਾਮੇਰਡ ਬੂਟਾ ਸਿੰਘ ਨਾਲ ਸੰਪਰਕ ਹੋਣ ਤੇ ਸਟੂਡੈਂਟ ਯੂਨੀਅਨ ਤੋਂ ਸ਼ੁਰੂ ਹੋਇਆ ਉਸਦਾ ਸਫ਼ਰ ਨਕਸਲਬਾੜੀ ਸਰਗਰਮੀਆਂ ਤੱਕ ਪਹੁੰਚ ਗਿਆ ਤਾਂ ਉਸ ਵੱਲੋਂ ਘਰ ਪਰਿਵਾਰ ਵਸਾਉਣ ਦੀ ਗੱਲ ਅੱਗੇ ਜਾ ਪਈ। ਲੋਕ ਮੁਕਤੀ ਦੇ ਵੱਡੇ ਉਦੇਸ਼ ਸਾਹਮਣੇ ਉਸਨੂੰ ਉਸ ਵੇਲੇ ਗ੍ਰਹਿਸਥ ਤੇ ਘਰ ਪਰਿਵਾਰ ਦੀਆਂ ਗੱਲਾਂ ਬਹੁਤ ਨਿਗੂਣੀਆਂ ਲੱਗਦੀਆਂ। ਉਦੋਂ ਉਸ ਨੂੰ ਇਸ ਗੱਲ ਦਾ ਵੀ ਅਹਿਸਾਸ ਸੀ ਕਿ ਉਹ ਕਿਸੇ ਵੇਲੇ ਵੀ ਪੁਲਿਸ ਦੀ ਗੋਲੀ ਦਾ ਸ਼ਿਕਾਰ ਹੋ ਸਕਦਾ ਹੈ।

ਕਾਲਜ ਦੀ ਪੜਾਈ ਦੌਰਾਨ ਹੀ ਜਦੋਂ ਉਸਦਾ ਨਾਂ ਪੁਲੀਸ ਦੇ ਰਜਿਸ਼ਟਰਾਂ ਵਿਚ ਬੋਲਣ ਲੱਗ ਪਿਆ ਤਾਂ ਉਹ ਕਾਲਜ ਦੇ ਨਾਲ ਆਪਣਾ ਘਰ ਬਾਰ ਵੀ ਛੱਡਣ ਲਈ ਮਜਬੂਰ ਹੋ ਗਿਆ ਸੀ ਤੇ ਕਾਲਜ਼ ਦੀਆਂ ਕਲਾਸਾਂ ਦੀ ਬਜਾਏ ਜਮਾਤੀ ਹਥਿਆਰ ਬੰਦ ਸੰਘਰਸ਼ ਦੀ ਤਿਆਰੀ ਦੀਆਂ ਕਲਾਸਾਂ ਲਗਾਉਣ ਲੱਗ ਪਿਆ ਸੀ। ਲਹਿਰ ਦੇ ਆਗੂਆਂ ਦੀਆਂ ਤੱਤੀਆਂ ਤਕਰੀਰਾਂ ਸੁਣ ਕੇ ਉਸਨੂੰ ਲੱਗਦਾ ਕਿ ਇਨਕਲਾਬ ਦੀ ਆਮਦ ਦੇਸ਼ ਦੀਆਂ ਬਰੂਹਾਂ 'ਤੇ ਦਸਤਕ ਦੇ ਰਹੀ ਹੈ। ਇਹ ਉਸਦੀ ਖੁਸ਼ ਕਿਸਮਤੀ ਰਹੀ ਕਿ ਉਹ ਆਪਣੇ ਹੋਰ ਸਾਥੀਆਂ ਵਾਂਗ ਝੂਠੇ ਪੁਲਿਸ -ਮੁਕਾਬਲੇ ਦਾ ਸ਼ਿਕਾਰ ਨਹੀਂ ਸੀ ਹੋਇਆ ਪਰ ਮੁਖਬਰ ਦੀ

ਇਤਲਾਹ 'ਤੇ ਫੜ੍ਹੇ ਜਾਣ ਕਾਰਨ ਪਈ ਪੁਲਿਸ ਦੀ ਕੁੱਟ ਹੁਣ ਵੀ ਉਸਦੇ ਹੱਡਾਂ ਵਿਚ ਰੜਕਦੀ ਸੀ। ਪੁਲਿਸ ਤਸ਼ੱਦਦ ਨੂੰ ਯਾਦ ਕਰਕੇ ਉਸਦੇ ਸਾਰੇ ਸਰੀਰ ਵਿੱਚੋਂ ਝਰਨਾਹਟ ਜਿਹੀ ਨਿਕਲ ਜਾਂਦੀ ਸੀ। ਸਿਆਲ ਦੀ ਰੁੱਤ ਆਉਣ ਤੇ ਤਾਂ ਉਸਦੀਆ ਲੱਤਾਂ ਵਿਚ ਏਨੀਆਂ ਚੀਸਾਂ ਪੈਂਦੀਆਂ ਕਿ ਉਹ ਦਿਨ ਵਿਚ ਦੋ-ਤਿੰਨ ਵਾਰ ਦਰਦ ਨਿਵਾਰਕ ਗੋਲੀਆਂ ਲੈਣ ਲਈ ਮਜਬੂਰ ਹੋ ਜਾਂਦਾ ਤੇ ਕਦੇ ਕਦਾਈਂ ਸ਼ਰਾਬ ਦੀ ਘੁੱਟ ਵੀ ਲਾ ਲੈਂਦਾ।

ਲਹਿਰ ਦੇ ਖਾਤਮੇ ਤੋਂ ਬਾਅਦ ਉਸਦੇ ਪੁਲਿਸ ਰਿਕਾਰਡ ਕਾਰਨ ਸਰਕਾਰੀ ਨੌਕਰੀ ਮਿਲਣ ਦਾ ਤਾਂ ਸਵਾਲ ਹੀ ਨਹੀ ਸੀ। ਉਸ ਪੜ੍ਹਾਈ ਵੀ ਤਾਂ ਵਿਚਾਲੇ ਹੀ ਛੱਡ ਦਿੱਤੀ ਸੀ। ਜੇ ਉਸ ਆਪਣਾ ਕੋਈ ਕਾਰੋਬਾਰ ਸ਼ੁਰੂ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਸਦਾ ਪਿਛਲਾ ਰਿਕਾਰਡ ਉਸਨੂੰ ਨਿੱਤ ਦਿਹਾੜੀ ਥਾਣੇ ਕਚਿਹਰੀ ਬੁਲਾਈ ਰੱਖਦਾ ਸੀ। ਏਨੀ ਖਜ਼ਲ-ਖੁਆਰੀ ਤੋਂ ਬਾਅਦ ਵੀ ਉਸਨੂੰ ਕਦੇ ਆਪਣੇ ਕੀਤੇ ਤੇ ਅਫ਼ਸੋਸ ਨਹੀਂ ਸੀ ਹੋਇਆ ਸਗੋਂ ਉਹ ਤਾਂ ਇਸ ਗੱਲ 'ਤੇ ਮਾਣ ਜਿਹਾ ਮਹਿਸੂਸ ਕਰਦਾ ਸੀ ਕਿ ਉਹ ਲਹਿਰ ਦੇ ਕੁਝ ਭਗੌੜਿਆ ਵਾਂਗ ਆਪਣੀ ਜ਼ਮੀਰ ਵੇਚ ਕੇ ਪੁਲਿਸ ਤੋਂ ਮੁਆਫ਼ੀ ਨਹੀਂ ਸੀ ਮੰਗੀ। ਭਾਸ਼ਣ ਕਲਾ ਵਿਚ ਨਿਪੁੰਨ ਕਈ ਕਈ ਨਕਸਲੀ ਕਾਮਰੇਡ ਤਾਂ ਉਨ੍ਹਾਂ ਹੀ ਸਿਆਸੀ ਪਾਰਟੀਆਂ ਦੇ ਆਗੂ ਬਣੇ ਬੈਠੇ ਸਨ ਜਿਨ੍ਹਾਂ ਨੂੰ ਉਹ ਬੁਰਜੂਆ ਤੇ ਪਿਛਾਖੜੀ ਪਾਰਟੀਆਂ ਕਹਿ ਕੇ ਗਾਲ੍ਹਾਂ ਕੱਢਿਆ ਕਰਦੇ ਸਨ।

ਉਸਦੀਆਂ ਰਾਜਸੀ ਸਰਗਰਮੀਆਂ ਤੇ ਨਿੱਤ ਦਿਹਾੜੀ ਦੀ ਫੜੋ ਫੜਾਈ ਤੋਂ ਦੁੱਖੀ ਉਸਦੇ ਪਰਿਵਾਰ ਨੇ ਉਸ ਨਾਲੋਂ ਆਪਣੇ ਸਬੰਧ ਲਗਭਗ ਤੋੜ ਹੀ ਲਏ ਸਨ। ਉਸਦੇ ਬੁੱਢੇ ਮਾਂ ਬਾਪ ਕੋਲ ਏਨੀ ਤਾਕਤ ਨਹੀਂ ਸੀ ਕਿ ਉਹ ਪਰਿਵਾਰ ਦਾ ਬੋਝ ਚੁੱਕ ਰਹੇ ਉਸਦੇ ਛੋਟੇ ਭਰਾ ਕੋਲ ਉਸਦੇ ਹੱਕ ਵਿਚ ਇਕ ਵੀ ਸ਼ਬਦ ਬੋਲ ਸਕਣ। ਉਸਦੀਆਂ ਨਕਸਲੀ ਸਰਗਰਮੀਆਂ ਦੇ ਦੌਰ ਵਿਚ ਹੀ ਉਸਦੇ ਛੋਟੇ ਭਰਾ ਨੇ ਅਖ਼ਬਾਰ ਵਿਚ ਉਸਦੀ ਬੇ -ਦਖਲੀ ਦਾ ਨੋਟਿਸ ਛਪਵਾਉਂਦਿਆਂ ਹਰ ਆਮ ਖਾਸ ਨੂੰ ਸੂਚਿਤ ਕਰ ਦਿੱਤਾ ਸੀ ਕਿ ਹੁਣ ਉਸਦਾ ਉਨ੍ਹਾਂ ਨਾਲ ਕੋਈ ਸਬੰਧ ਨਹੀਂ ਰਿਹਾ ਤੇ ਉਸਦੀ ਕਿਸੇ ਵੀ ਕਿਸਮ ਦੀ ਸਰਗਰਮੀ ਜਾਂ ਲੈਣ ਦੇਣ ਲਈ ਉਹ ਖੁਦ ਜਿੰਮੇਵਾਰ ਹੋਵੇਗਾ। ਬੜੇ ਹੀ ਤਰੱਦਦ ਤੋਂ ਬਾਅਦ ਆਖਰ ਉਸ ਇਕ ਪ੍ਰਾਈਵੇਟ ਫਰਮ ਵਿਚ ਜੀਵਨ ਬਸਰ ਕਰਨ ਯੋਗੀ ਨੌਕਰੀ ਪ੍ਰਾਪਤ ਕਰ ਲਈ ਸੀ।

ਵਕਤ ਹੀ ਏਨੀ ਤੇਜੀ ਨਾਲ ਬਦਲਿਆ ਕਿ ਕਾਲਜ ਦੀ ਪੜ੍ਹਾਈ ਤੋਂ ਬਾਅਦ ਉਸਨੂੰ ਸੁਸ਼ੀਲਾ ਬਾਰੇ ਸੋਚਣ ਦੀ ਵਿਹਲ ਹੀ ਨਹੀਂ ਸੀ ਮਿਲੀ। ਸੁਸ਼ੀਲਾ ਬਾਰੇ ਉਸਦੀ ਜਾਣਕਾਰੀ ਕੇਵਲ ਇੱਥੋ ਤੱਕ ਹੀ ਸੀਮਤ ਸੀ ਕਿ ਉਸਦਾ ਵਿਆਹ ਕਿਸੇ ਸਰਕਾਰੀ ਮੁਲਾਜ਼ਮ ਨਾਲ ਹੋਇਆ ਹੈ ਤੇ ਉਹ ਹੁਣ ਨੇੜਲੇ ਸ਼ਹਿਰ ਦੇ ਮੱਛੀ ਪਾਲਣ ਵਿਭਾਗ ਵਿਚ ਕਲਰਕ ਹੈ। ਉਸ ਇਹ ਵੀ ਸੁਣਿਆ ਸੀ ਕਿ ਉਸਦੀ ਗੋਦ ਵਿਚ ਹੁਣ ਸਾਲ ਭਰ ਦਾ ਮੁੰਡਾ ਵੀ ਹੈ। ਕਾਲਜ ਛੱਡਣ ਤੋਂ ਬਾਅਦ ਉਸ ਕਦੇ ਸੁਪਨੇ ਵਿਚ ਵੀ ਨਹੀਂ ਸੀ ਸੋਚਿਆ ਕਿ ਜ਼ਿੰਦਗੀ ਦੇ ਕਿਸੇ ਮੋੜ 'ਤੇ ਉਸਦਾ ਸੁਸ਼ੀਲਾ ਨਾਲ ਮੁੜ ਮੇਲ ਹੋ ਜਾਵੇਗਾ। ਘਰ ਵਾਲਿਆਂ ਨਾਲ ਲਗਭਗ ਤੋੜ ਵਿਛੋੜੇ ਵਾਲੀ ਸਥਿਤੀ ਪੈਦਾ ਹੋ ਜਾਣ 'ਤੇ ਉਸ ਸਿਰ ਢੱਕਣ ਲਈ ਕਿਰਾਏ ਤੇ ਕਮਰੇ ਦੀ ਤਲਾਸ਼ ਵਿਚ ਸੀ ਤਾਂ ਅਚਨਚੇਤ ਹੀ ਉਸਦਾ ਟਕਰਾਅ ਸ਼ੁਸੀਲਾ ਨਾਲ ਹੋ ਗਿਆ।

"ਮੇਰੀ ਬਦਲੀ ਹੁਣ ਇਸ ਸ਼ਹਿਰ ਦੀ ਹੋ ਗਈ ਹੈ ...।" ਸੁਸ਼ੀਲਾ ਨੇ ਦੱਸਿਆ ਸੀ।

"ਕਿਵੇਂ ਗੁਜਰ ਰਹੀ ਏ ਫਿਰ?.. ਕੀ ਹਾਲ ਐ ਤੇਰੇ ਪਤੀ ਦੇਵ ਤੇ ਬੇਟੇ ਦਾ ?" ਚਿਰਾਂ ਬਾਅਦ ਮਿਲਣ 'ਤੇ ਉਸ ਅੰਦਰ ਸੁਸ਼ੀਲਾ ਬਾਰੇ ਵੱਧ ਤੋਂ ਵੱਧ ਜਾਣਕਾਰੀ ਲੈਣ ਦੀ ਉਤਸੁਕਤਾ ਪੈਦਾ ਹੋ ਗਈ ਸੀ।

"ਉਹ ਹੁਣ ਇਸ ਦੁਨੀਆਂ ਵਿਚ ਨਹੀਂ ਰਹੇ।" ਸੁਸ਼ੀਲਾ ਦੀਆਂ ਅੱਖਾਂ ਭਰ ਆਈਆਂ ਸਨ।

"ਉਹ ! ਸੌਰੀ ! ਮੈਨੂੰ ਇਸ ਬਾਰੇ ਨਹੀਂ ਸੀ ਪਤਾ...ਬੜੀ ਬੇ ਇਨਸਾਫੀ ਹੋਈ ਹੈ ਤੁਹਾਡੇ ਨਾਲ।" ਉਸ

ਸੁਸ਼ੀਲਾ ਦੇ ਦੁੱਖ ਵਿਚ ਸ਼ਾਮਿਲ ਹੁੰਦਿਆਂ ਆਖਿਆ ਸੀ।

ਕੁਝ ਚਿਰ ਉਹ ਦੋਹੇਂ ਚੁੱਪ ਰਹੇ ਤੇ ਫਿਰ ਸੁਸ਼ੀਲਾ ਨੇ ਹੀ ਖੁਲਾਸਾ ਕੀਤਾ ਸੀ ਕਿ ਪਤੀ ਦੀ ਮੌਤ ਤੋਂ ਬਾਅਦ ਉਸਦੀ ਸਹੁਰਿਆਂ ਨਾਲ ਨਹੀਂ ਸੀ ਬਣ ਸਕੀ। ਲਾਲਚੀ ਕਿਸਮ ਦੇ ਸਹੁਰਿਆਂ ਨਾਲ ਦਿਨ ਕਟੀ ਕਰਨ ਦੀ ਬਜਾਇ ਉਸ ਨੌਕਰੀ ਦੇ ਸਹਾਰੇ ਇੱਕਲੀ ਰਹਿਣ ਦਾ ਫੈਸਲਾ ਕੀਤਾ ਹੈ। ਪੇਕਿਆਂ ਦੇ ਨਾਂ 'ਤੇ ਉਸਦਾ ਚਾਚਾ ਹੀ ਜਿਉਂਦਾ ਹੈ ਪਰ ਚਾਚੀ ਦੇ ਚੰਦਰੇ ਸੁਭਾਅ ਕਾਰਨ ਉਹ ਉੱਥੇ ਵੀ ਨਹੀਂ ਸੀ ਗਈ।

ਸੁਸ਼ੀਲਾ ਦੇ ਸੁਭਾਅ ਵਿਚ ਜ਼ਰਾ ਵੀ ਫਰਕ ਨਹੀ ਸੀ ਪਿਆ। ਗੱਲਬਾਤ ਵਿਚ ਪਹਿਲਾਂ ਜਿਨੀਂ ਹੀ ਬੇਬਾਕੀ ਤੇ ਖੁੱਲ੍ਹਾਪਣ। ਪਹਿਲਾਂ ਉਸ ਪੇਸ਼ਕਸ਼ ਕੀਤੀ ਸੀ ਕਿ ਉਹ ਦੋ ਰੋਟੀਆਂ ਉਸ ਕੋਲ ਹੀ ਖਾ ਲਿਆ ਕਰੇ ਤੇ ਫਿਰ ਕੁਝ ਹੀ ਦਿਨਾਂ ਬਾਅਦ ਉਸ ਸਦਾ ਲਈ ਉਸਦੀ ਰੋਟੀ ਪਕਾਉਣ ਦੀ ਇੱਛਾ ਸਪੱਸ਼ਟ ਰੂਪ ਵਿਚ ਜ਼ਾਹਿਰ ਕਰ ਦਿੱਤੀ ਸੀ। ਦੋ ਮਹੀਨੇ ਬੀਤਣ 'ਤੇ ਉਹ ਕਾਨੂੰਨੀ ਰੂਪ ਵਿਚ ਅਦਾਲਤੀ ਕਾਗਜ਼ਾਂ ਤੇ ਦਸਖ਼ਤ ਕਰਕੇ ਪਤੀ ਪਤਨੀ ਬਣ ਗਏ ਸਨ।

"ਵੇਖੋ ਸੰਤੋਖ ਜੀ! ਮੈਥੋਂ ਹੁਣ ਹੋਰ ਬੱਚੇ ਦੀ ਪਾਲਣਾ ਨਹੀਂ ਹੋਣੀ।" ਸੁਸ਼ੀਲਾ ਨੇ ਵਾਅਦਾ ਮੰਗਣ ਵਾਲੇ ਸ਼ਬਦਾਂ ਵਿਚ ਕਿਹਾ ਸੀ ਤਾਂ ਜਸਪਾਲ ਨੂੰ ਉਸ ਤੋਂ ਵੀ ਵੱਧ ਪਿਆਰ ਕਰਨ ਵਾਲੇ ਸੰਤੋਖ ਨੇ ਝੱਟ ਹੋਰ ਬੱਚਾ ਪੈਦਾ ਨਾ ਕਰਨ ਦੀ ਹਾਮੀ ਭਰ ਦਿੱਤੀ ਸੀ।

ਵਿਆਹ ਦੇ ਪਹਿਲੇ ਦੋ ਵਰ੍ਹੇ ਕਿਵੇਂ ਬੀਤ ਗਏ ਇਹ ਉਨ੍ਹਾਂ ਨੂੰ ਪਤਾ ਹੀ ਨਾ ਚੱਲਿਆ। ਪ੍ਰਾਈਵੇਟ ਨੌਕਰੀ ਦੀ ਹੱਡ ਭੰਨਵੀਂ ਮੁਸ਼ੱਕਤ ਤੋਂ ਬਾਅਦ ਉਹ ਥੱਕਿਆ ਟੁੱਟਿਆ ਘਰ ਆਉਂਦਾ ਤਾਂ ਸੁਸ਼ੀਲਾ ਘਰ ਦੀ ਦਹਿਲੀਜ਼ ਅੱਗੇ ਖੜ੍ਹ ਕੇ ਉਸਦਾ ਇੰਤਜਾਰ ਕਰ ਰਹੀ ਹੁੰਦੀ।

ਵਿਆਹ ਤੋਂ ਪੰਜ ਵਰ੍ਹੇ ਤੀਕ ਵੀ ਆਮ ਘਰਾਂ ਵਿਚ ਹੁੰਦੀ ਮਾਮੂਲੀ ਨੋਕ ਝੋਕ ਤੋਂ ਇਲਾਵਾ ਉਸਦੀ ਗੱਡੀ ਲੀਹ ਤੇ ਪਈ ਰਹੀ। ਇਸ ਗੱਡੀ ਦੇ ਲੀਹ ਤੋਂ ਉਤਰਣ ਦੀ ਸ਼ੁਰੂਆਤ ਸੰਤੋਖ ਦੇ ਨੌਕਰੀ ਤੋਂ ਲਹਿਣ ਦੇ ਕੁਝ ਦਿਨ ਬਾਅਦ ਹੀ ਸ਼ੁਰੂ ਹੋਈ ਸੀ। ਪਿਛਲੇ ਸਮੇਂ ਦੇ ਪੁਲਿਸ ਤਸ਼ੱਦਦ ਕਾਰਨ ਨਕਾਰਾ ਹੋਏ ਉਸਦੇ ਸਰੀਰ ਨੂੰ ਦਮੇ ਦੀ ਬਿਮਾਰੀ ਨੇ ਆ ਘੇਰਿਆ ਸੀ। ਲਗਾਤਾਰ ਇਲਾਜ਼ ਕਰਵਾਇਆ ਪਰ ਮੋੜਾ ਨਾ ਪੈਣ ਤੇ ਨੌਕਰੀ ਛੱਡਣਾ ਉਸਦੀ ਮਜਬੂਰੀ ਬਣ ਗਈ ਸੀ। ਨੌਕਰੀ ਛੱਡਣ ਵੇਲੇ ਤਾਂ ਸੁਸ਼ੀਲਾ ਨੇ ਇਕ ਵਾਰ ਉਸ ਨੂੰ ਹੌਸਲਾ ਵੀ ਦਿੱਤਾ ਸੀ ਉਸਦੀ ਤਨਖਾਹ ਉਨ੍ਹਾਂ ਦੇ ਗੁਜਾਰੇ ਲਈ ਕਾਫੀ ਹੈ, ਪਰੰਤੂ ਮਹੀਨੇ ਕੁ ਬਾਅਦ ਹੀ ਸੰਤੋਖ ਨੂੰ ਭੁਲੇਖਾ ਜਿਹਾ ਪੈਣ ਲੱਗਾ ਕਿ ਸੁਸ਼ੀਲਾ ਕੁਝ ਖਿੱਝੀ ਜਿਹੀ ਰਹਿਣ ਲੱਗ ਪਈ ਹੈ। ਉਹ ਹੁਣ ਉਸਨੂੰ ਗੱਲੀ ਬਾਤੀਂ ਇਸ ਗੱਲ ਦਾ ਵੀ ਅਹਿਸਾਸ ਵੀ ਕਰਾਉਣ ਲੱਗ ਪਈ ਸੀ ਕਿ ਘਰ ਦਾ ਖਰਚਾ ਕੇਵਲ ਉਹ ਹੀ ਤੋਰਦੀ ਹੈ।

"ਸੁਸ਼ੀਲਾ ਮੇਰੇ ਸਿਰ ਵਿੱਚ ਚੀਸ ਜਿਹੀ ਪੈ ਰਹੀ ਏ... ਥੋੜਾ ਮੱਥਾ ਘੁੱਟ ਦੇਹ।" ਉਸ ਮਿੰਨਤ ਕਰਨ ਵਾਲੇ ਲਹਿਜੇ ਵਿਚ ਕਿਹਾ ਸੀ।

"ਆਹ ਲਉ ਅਨਾਲਜ਼ੀਨ ਦੀ ਗੋਲੀ, ਸਾਰਾ ਦਿਨ ਦਫ਼ਤਰ ਦੀਆ ਫਾਈਲਾਂ ਨਾਲ ਮੱਥਾ ਮਾਰ ਮਾਰ ਮੇਰਾ ਤਾਂ ਆਪਣਾ ਸਿਰ ਦੁੱਖ ਰਿਹੈ। ਅਜੇ ਘਰ ਦਾ ਕਿੰਨਾ ਕੰਮ ਪਿਐ ਕਰਨ ਵਾਲਾ ... ਮੈਨੂੰ ਵੀ ਕਿਸੇ ਵੇਲੇ ਅਰਾਮ ਦੀ ਲੋੜ ਹੈ... ਮੈਂ ਕੋਈ ਮਸ਼ੀਨ ਤਾਂ ਨਹੀਂ।" ਪਾਣੀ ਦੇ ਗਲਾਸ ਨਾਲ ਅਨਾਲਜ਼ੀਨ ਦੀ ਗੋਲੀ ਪਕੜਾਉਂਦਿਆ ਉਸ ਲੰਮਾ ਲੈਕਚਰ ਝਾੜ ਦਿੱਤਾ ਸੀ। ਇਹ ਉਹੀ ਸੁਸ਼ੀਲਾ ਸੀ ਜੋ ਉਸਨੂੰ ਮਾਮੂਲੀ ਜਿਹਾ ਬੁਖਾਰ ਹੋਣ 'ਤੇ ਵੀ ਛੁੱਟੀ ਲੈ ਕੇ ਘਰ ਬੈਠ ਜਾਂਦੀ ਸੀ।

"ਤਨਖਾਹ ਮਿਲ ਗਈ ਹੈ ਸੁਸ਼ੀਲਾ।" ਇਕ ਦਿਨ ਉਸਨੇ ਸੁਭਾਵਿਕ ਹੀ ਪੁੱਛ ਲਿਆ ਸੀ ।

"ਹਾਂ ਮਿਲ ਗਈ ਏ... ਪਰ ਮੰਜੇ 'ਤੇ ਪਿਆ ਤੁਸੀਂ ਤਨਖਾਹ ਦਾ ਕੀ ਕਰਨੈ।" ਸੁਸ਼ੀਲਾ ਦੇ ਇਸ ਤਰ੍ਹਾਂ

ਦੇ ਰੁੱਖੇ ਜਵਾਬ ਨੇ ਉਸਨੂੰ ਸੁੰਨ ਹੀ ਕਰ ਦਿੱਤਾ ਸੀ। ਉਸ ਨੂੰ ਪਹਿਲੀਂ ਵਾਰ ਤਿੱਖਾ ਅਹਿਸਾਸ ਹੋਇਆ ਸੀ ਕਿ ਹੁਣ ਉਹ ਕਿਨਾਂ ਗਿਆ ਗੁਜਰਿਆ ਹੋ ਗਿਆ ਹੈ , ਜਿਵੇਂ ਕਬੀਲਦਾਰੀ ਵਿਚ ਕੋਈ ਉਸਦੀ ਅਹਿਮੀਅਤ ਹੀ ਨਾ ਹੋਵੇ। ਉਹ ਇਸ ਵੇਲੇ ਇਹ ਵੀ ਸੋਚਣ ਲੱਗ ਪਿਆ ਸੀ ਕਿ ਉਸ ਕੀ ਖੱਟਿਆ ਹੈ ਲਹਿਰ ਦੇ ਲੇਖੇ ਆਪਣਾ ਜੀਵਨ ਲਾ ਕੇ ... ਜੇ ਉਹ ਇਸ ਰਾਹ ਨਾ ਪੈਂਦਾ ਤਾਂ ਅੱਜ ਉਸਨੂੰ ਘਰ ਵਿਚ ਉਸਦੀ ਹੈਸੀਅਤ ਦਾ ਅਹਿਸਾਸ ਕਰਾਉਣ ਵਾਲੇ ਇਹ ਬੋਲ ਵੀ ਨਾ ਸੁਨਣੇ ਪੈਂਦੇ ।

ਉਸਦੇ ਪੁਰਾਣੇ ਦੋਸਤ ਤੇ ਸਾਥੀ ਉਸਦੀ ਬਿਮਾਰੀ ਦਾ ਪਤਾ ਲੈਣ ਆਉਂਦੇ ਤਾਂ ਰਾਜਨੀਤੀ ਵਿਚ ਪੂਰੀ ਦਿਲਚਸਪੀ ਰੱਖਦੀ ਸੁਸ਼ੀਲਾ ਪਹਿਲਾਂ ਉਨ੍ਹਾਂ ਦੀ ਗੱਲਬਾਤ ਵਿਚ ਪੂਰੀ ਦਿਲਚਸਪੀ ਲੈਂਦੀ ਰਹੀ ਸੀ। ਪਰ ਹੁਣ ਤਾਂ ਉਹ ਉਨ੍ਹਾਂ ਦੇ ਆਉਣ 'ਤੇ ਕਮਰੇ ਵਿੱਚੋਂ ਬਾਹਰ ਹੀ ਨਾ ਨਿਕਲਦੀ। ਉਹ ਆਪਣੇ ਦੋਸਤਾਂ ਨੂੰ ਰਸਮੀ ਤੌਰ ਤੇ ਚਾਹ ਪਾਣੀ ਪੁੱਛਦਾ ਪਰ ਉਸਨੂੰ ਧੁੜਕੂ ਲੱਗਾ ਰਹਿੰਦਾ ਕਿ ਕਿਤੇ ਸੁਸ਼ੀਲਾ ਚਾਹ ਪਿਆਉਣ ਬਦਲੇ ਉਸ ਨਾਲ ਕਲੇਸ਼ ਹੀ ਨਾ ਕਰ ਲਵੇ। ਸ਼ਾਇਦ ਉਹ ਆਪਣੀ ਇੱਛਾ ਸ਼ਕਤੀ ਰਾਹੀਂ ਆਪਣੀ ਬਿਮਾਰੀ ਤੇ ਕਾਬੂ ਪਾ ਵੀ ਲੈਂਦਾ ਪਰ ਸੁਸ਼ੀਲਾ ਵੱਲੋਂ ਕੀਤੇ ਜਾ ਰਹੇ ਬਿਗਾਨਿਆਂ ਤੋਂ ਵੀ ਭੈੜੇ ਵਿਵਹਾਰ ਨੇ ਉਸ ਅੰਦਰ ਇੱਕ ਤਰ੍ਹਾਂ ਦੀ ਹੀਣ- ਭਾਵਨਾ ਜਿਹੀ ਪੈਦਾ ਕਰ ਦਿੱਤੀ ਸੀ। ਜਿਉਂਦੇ ਹੋਣ ਦੇ ਨਾ 'ਤੇ ਤਿਲ- ਤਿਲ ਕਰਕੇ ਮਰਨਾ ਉਸਨੂੰ ਚੰਗਾ ਤਾਂ ਨਹੀਂ ਸੀ ਲੱਗਦਾ ਪਰ ਸਾਬਤ ਸਬੂਤੀ ਜ਼ਿੰਦਗੀ ਜਿਉਂਣ ਦਾ ਹੁਣ ਉਸ ਕੋਲ ਕੋਈ ਰਾਹ ਵੀ ਤੇ ਨਹੀਂ ਸੀ ਰਿਹਾ।

ਪਤੀ ਪਤਨੀ ਵਿਚਕਾਰ ਚੱਲ ਰਹੇ ਤਣਾਅ ਦੀ ਕੰਨਸੋਅ ਕਈ ਤਰ੍ਹਾਂ ਦੀਆਂ ਚਰਚਾਵਾਂ ਨੂੰ ਜਨਮ ਦੇ ਰਹੀ ਸੀ। ਕੁਝ ਨੇੜਲੇ ਦੋਸਤ ਉਸਦੀ ਮਦਦ ਕਰਨਾ ਚਾਹੁੰਦੇ ਸਨ ਪਰ ਉਸਦੇ ਅਹਿੰ ਨੂੰ ਠੇਸ ਪਹੁੰਚਾਣ ਦੇ ਡਰ ਤੋਂ ਚੁੱਪ ਕਰ ਜਾਂਦੇ ਸਨ। ਉਹ ਸੋਚਦਾ ਸੀ ਕਿ ਆਰਥਿਕ ਤੌਰ ਤੇ ਗੈਰ ਉਪਜਾਊ ਸਾਬਿਤ ਹੋਣ 'ਤੇ ਜਦੋਂ ਜਦੋਂ ਜੀਵਨ ਭਰ ਸਾਥ ਨਿਭਾਉਣ ਦਾ ਵਾਅਦਾ ਕਰਨ ਵਾਲਿਆਂ ਨੇ ਵੀ ਉਸ ਤੋਂ ਮੁੱਖ ਮੋੜ ਲਿਆ ਹੈ ਤਾਂ ਦੋਸਤ ਵੀ ਉਸਦਾ ਕਿਨਾਂ ਕੁ ਚਿਰ ਸਾਥ ਦੇਣਗੇ।

ਕਿਸੇ ਵੇਲੇ ਸੁਸ਼ੀਲਾ ਤੋਂ ਆਪਣੀ ਔਲਾਦ ਨਾ ਪੈਦਾ ਕਰਨਾ ਵੀ ਉਸਨੂੰ ਆਪਣੀ ਗਲਤੀ ਲੱਗਦੀ। ਉਹ ਸੋਚਦਾ ਜੇ ਉਸਦੀ ਆਪਣੀ ਔਲਾਦ ਹੁੰਦੀ ਤਾਂ ਸ਼ਾਇਦ ਉਸਦੇ ਹੱਕ ਵਿਚ ਆਪਣੇ ਮਾਂ ਨਾਲ ਲੜਦੀ ਪਰ ਦੂਸਰੇ ਹੀ ਪਲ ਉਹ ਆਪਣੀ ਦਲੀਲ ਨੂੰ ਆਪ ਹੀ ਰੱਦ ਕਰ ਦੇਂਦਾ। ਜਸਪਾਲ ਵੀ ਤਾਂ ਉਸਨੂੰ ਆਪਣਾ ਪਾਪਾ ਹੀ ਸਮਝਦਾ ਹੈ। ਉਸ ਹਮੇਸ਼ਾ ਸੁਸ਼ੀਲਾ ਦੀ ਬਜਾਏ ਉਸਦਾ ਪੱਖ ਲੈਣ ਦੀ ਕੋਸ਼ਿਸ਼ ਕੀਤੀ ਹੈ। "ਮੰਮੀ ਤੁਸੀ ਹਰ ਵੇਲੇ ਕਿਉ ਪਾਪਾ ਨੂੰ ਟਾਰਚਰ ਕਰਦੇ ਹੋ?" ਅਲ਼ੱੜ੍ਹ ਉਮਰ ਪਾਰ ਕਰਨ ਜਾ ਰਿਹਾ ਜਸਪਾਲ ਜਦੋਂ ਵੀ ਉਸਦੇ ਪੱਖ ਵਿਚ ਬੋਲਿਆ, ਸੁਸ਼ੀਲਾ ਨੇ ਉਸਨੂੰ ਝਿੜਕ ਕੇ ਚੁੱਪ ਕਰਾ ਦਿੱਤਾ। ਆਰਥਿਕ ਜ਼ਰੂਰਤਾਂ ਲਈ ਆਪਣੇ ਪਾਪਾ ਦੀ ਬਜਾਇ ਆਪਣੀ ਮਾਂ 'ਤੇ ਨਿਰਭਰ ਰਹਿਣ ਵਾਲਾ ਬੱਚਾ ਚੁੱਪ ਰਹਿਣ ਤੋਂ ਸਿਵਾ ਹੋਰ ਕਰ ਵੀ ਕੀ ਸਕਦਾ ਸੀ।

"ਪਤਾ ਨਹੀਂ ਤੇਰੀ ਮੰਮੀ ਨੂੰ ਕੀ ਹੁੰਦਾ ਜਾ ਰਿਹੈ?" ਜਸਪਾਲ ਅੱਗੇ ਦੁੱਖ ਫਰੋਲ ਕੇ ਉਹ ਆਪਣੇ ਮਨ ਦਾ ਬੋਝ ਹਲਕਾ ਕਰਨ ਦੀ ਕੋਸ਼ਿਸ਼ ਕਰਦਾ।

"ਹਾਂ ਪਾਪਾ, ਮੰਮੀ ਪਹਿਲਾਂ ਤਾਂ ਅਜਿਹੇ ਨਹੀਂ ਸਨ।" ਜਸਪਾਲ ਵੀ ਅਗਿਉਂ ਉਸਦੀ ਗੱਲ ਦਾ ਹੁੰਗਾਰਾ ਭਰਦਾ।

"ਕਾਸ਼ ! ਲੋਕਾਂ ਲਈ ਜ਼ਿੰਦਗੀ ਲੇਖੇ ਲਾਉਣ ਵੇਲੇ ਉਸ ਇਹ ਵੀ ਸੋਚਿਆ ਹੁੰਦਾ ਕਿ ਗ੍ਰਹਿਸਥੀ ਜ਼ਿੰਦਗੀ ਬਸਰ ਕਰਨ ਲਈ ਕੇਵਲ ਭਾਵਨਾਵਾਂ ਦੀ ਨਹੀਂ ਸਗੋਂ ਪੈਸੇ ਦੀ ਲੋੜ ਵੀ ਹੁੰਦੀ ਹੈ। ਕਿਸੇ ਕਿਸੇ ਵੇਲੇ ਪਛਤਾਵੇ ਦੀ ਲਹਿਰ ਉਸਦੇ ਧੁਰ ਅੰਦਰੋਂ ਉੱਠ ਖਲੋਂਦੀ। ਉਸਦੇ ਨਾਲ ਪੜ੍ਹਦੇ ਜਮਾਤੀ ਅੱਜ

ਚੰਗੀਆਂ ਨੌਕਰੀਆਂ ਲੱਗੇ ਹੋਏ ਹਨ। ਜੇ ਉਹ ਮਹੀਨੇ ਵਿਚ ਪੰਦਰਾ ਵੀਹ ਹਜਾਰ ਰੁਪਏ ਵੀ ਕਮਾਉਣ ਦਾ ਪੱਕਾ ਵਸੀਲਾ ਬਣਾ ਲੈਂਦਾ ਤਾਂ ਉਸਦੀ ਇਹ ਹਾਲਤ ਨਹੀਂ ਸੀ ਹੋਣੀ। ਫਿਰ ਸੁਸ਼ੀਲਾ ਨਾਲ ਵਿਆਹ ਤੋਂ ਬਾਅਦ ਵੀ ਉਹ ਪੰਜ ਵਰ੍ਹੇ ਘਰ ਦਾ ਮਾਲਕ ਰਿਹਾ ਸੀ, ਜੇ ਉਸਨੇ ਉਸ ਸਮੇਂ ਵੀ ਕੁਝ ਰਕਮ ਆਪਣੇ ਨਾਮ ਤੇ ਜਮਾਂ ਕਰਕੇ ਰੱਖੀ ਹੁੰਦੀ ਤਾਂ ਕਿੰਨਾਂ ਚੰਗਾ ਰਹਿੰਦਾ। ਪਰ ਹੁਣ ਕੀ ਹੋ ਸਕਦਾ ਸੀ । ਕੁਝ ਪਲਾਂ ਬਾਅਦ ਉਹ ਇਹ ਵੀ ਸੋਚਣ ਲੱਗਦਾ ਕਿ ਉਸਦੇ ਕੁਝ ਸਾਥੀ ਤਾਂ ਸ਼ਹਾਦਤ ਦਾ ਜਾਮ ਵੀ ਪੀ ਗਏ ਨੇ, ਮੁਸ਼ਕਿਲ ਹਲਾਤ ਵਿਚ ਹੀ ਸਹੀ, ਉਹ ਜਿਉਂਦਾ ਤਾਂ ਹੈ ... ਜੇ ਲਹਿਰ ਵਿਚ ਸ਼ਾਮਿਲ ਸਾਰੇ ਹੀ ਯੋਧੇ ਉਸ ਦੀ ਤਰ੍ਹਾਂ ਸੋਚਣ ਲੱਗ ਪੈਂਦੇ ਤਾਂ ਲਹਿਰ ਦਾ ਲੋਕਾਂ ਦੇ ਮਨਾਂ ਵਿਚ ਕੀ ਸਨਮਾਨ ਰਹਿ ਜਾਣਾ ਸੀ।

"ਸਾਰਾ ਦਿਨ ਵਿਹਲੇ ਹੀ ਪਏ ਰਹਿੰਦੇ ਹੋ ? ਕੁਝ ਤੁਰੋਗੇ ਫਿਰੋਗੇ ਤਾਂ ਸਰੀਰ ਵੀ ਸਾਥ ਦੇਣ ਲੱਗੇਗਾ। ਮੈਂ ਇਕੱਲੀ ਕੀ ਕੀ ਕੰਮ ਕਰਾਂ...ਆਹ ਬਿਜਲੀ ਦਾ ਬਿਲ ਹੀ ਭਰ ਆਉ।" ਸੁਸ਼ੀਲਾ ਨੇ ਉਸਨੂੰ ਅਤੀਤ ਵਿੱਚੋਂ ਕੱਢ ਕੇ ਵਰਤਮਾਨ ਵਿਚ ਲੈ ਆਂਦਾ ।

"ਆਉਂਦੇ ਹੋਏ ਬਜਾਰ ਵਿੱਚੋਂ ਪੰਜ ਕਿਲੋ ਗੰਢੇ ਵੀ ਲਈ ਆਉਣਾ।" ਸੁਸ਼ੀਲਾ ਨੇ ਇਕ ਵਾਰ ਫਿਰ ਹਿਦਾਇਤ ਦਿੱਤੀ।

ਉਸ ਪਤਨੀ ਵੱਲੋਂ ਪਕੜਾਈ ਰਕਮ ਗਿਣੀ ਤਾਂ ਇਹ ਬਿਜਲੀ ਦੇ ਬਿਲ ਦੀ ਅਦਾਇਗੀ ਤੋਂ ਅੱਸੀਂ ਰੁਪਏ ਹੀ ਵੱਧ ਸਨ। ਯਾਨਿ ਪੰਜ ਕਿਲੋ ਗੰਢਿਆਂ ਦੀ ਕੀਮਤ ਜਿੰਨੇ ਹੀ। ਸ਼ਾਇਦ ਸੁਸ਼ੀਲਾ ਕੋਲ ਖੁੱਲ੍ਹੇ ਪੈਸੇ ਨਹੀਂ ਸਨ , ਇਸ ਲਈ ਸੌ ਰੁਪਏ ਦਾ ਨੋਟ ਦੇਣਾ ਪਿਆ ਸੀ। ਅਤਿਅੰਤ ਤਣਾਉ ਕਾਰਨ ਉਸਦੇ ਮੱਥੇ ਦੀਆਂ ਲਕੀਰਾਂ ਹੋਰ ਡੂੰਘੀਆਂ ਹੋ ਗਈਆਂ ਸਨ। ਧਿਰਕਾਰ ਹੈ ਅਜਿਹੀ ਜ਼ਿੰਦਗੀ 'ਤੇ। ਉਸ ਦੀ ਪਤਨੀ ਨੂੰ ਹੁਣ ਉਸ ਤੇ ਅੱਸੀ ਰੁਪਏ ਦਾ ਵੀ ਇਤਬਾਰ ਨਹੀਂ ਰਿਹਾ। ਅਜਿਹਾ ਵਿਵਹਾਰ ਤਾਂ ਘਰੇਲੂ ਨੌਕਰ ਨਾਲ ਵੀ ਨਹੀਂ ਕੀਤਾ ਜਾਂਦਾ । ਉਸਦਾ ਦਿਲ ਕੀਤਾ ਕਿ ਘਰ ਜਾਣ ਦੀ ਬਜਾਇ ਹੁਣ ਕਿਤੇ ਹੋਰ ਚਲਾ ਜਾਵੇ। ਪਰ ਜਾਵੇ ਕਿੱਥੇ ? ਕਾਨੂੰਨੀ ਤੌਰ ਤੇ ਬੇ- ਦਖਲ ਕੀਤੇ ਜਾਣ ਤੋਂ ਬਾਅਦ ਉਸਦਾ ਆਪਣੇ ਛੋਟੇ ਭਰਾ ਨਾਲ ਤਾਂ ਬੋਲਚਾਲ ਵੀ ਬੰਦ ਸੀ। ਉਸ ਆਪਣੇ ਦੋਸਤਾਂ ਤੇ ਪੁਰਾਣੇ ਸਾਥੀਆਂ ਵੱਲ ਨਜ਼ਰ ਮਾਰੀ। ਹਰ ਇਕ ਦਾ ਆਪਣਾ ਘਰ ਪਰਿਵਾਰ ਹੈ। ਠੀਕ ਹੈ ਕੁਝ ਦੋਸਤ ਪੰਜ ਸੱਤ ਹਜਾਰ ਦੀ ਮੱਦਦ ਕਰ ਦੇਣਗੇ। ਪਰ ਸਦਾ ਲਈ ਉਸਦਾ ਬੋਝ ਕੌਣ ਚੁੱਕ ਸਕਦੈ।

"ਹੁਣ ਬਾਈ ਆਪਣੇ ਸੰਤੋਖ ਦੇ ਸੱਤੂ ਮੁੱਕ ਗਏ ਨੇ ... ਤਾਂ ਹੀ ਭਾਬੀ ਨੇ ਢੂਕਣੇ ਵਿਚ ਲੱਤ ਮਾਰੀ ਐ।" ਤੁਰੇ ਜਾਂਦਿਆਂ ਉਸਨੂੰ ਉਸ ਨੂੰ ਆਪਣੇ ਇਕ ਦੋਸਤ ਅਮਰੀਕ ਵੱਲੋਂ ਮਜ਼ਾਕ ਵਿਚ ਕਹੇ ਸ਼ਬਦ ਯਾਦ ਆਏ ਤਾਂ ਬੇਵੱਸੀ ਭਰੇ ਗੁੱਸੇ ਨਾਲ ਉਸਦੀਆਂ ਮੁੱਠੀਆਂ ਮਿਚ ਗਈਆਂ।

ਅਮਰੀਕ ਦੇ ਮਜ਼ਾਕ ਵਿਚ ਛੁਪੇ ਸੱਚ ਤੋਂ ਉਹ ਭੱਜ ਨਹੀਂ ਸਕਦਾ। ਸੁਸ਼ੀਲਾ ਦੇ ਦਫ਼ਤਰ ਦੇ ਕੁਲੀਗ ਸਤਨਾਮ ਨਾਲ ਵੱਧ ਰਹੀ ਨੇੜਤਾ ਉਸਦੇ ਮਨ ਵਿਚ ਕਈ ਤਰ੍ਹਾਂ ਦੇ ਸ਼ੰਕੇ ਪੈਦਾ ਕਰਦੀ। ਸੁਸ਼ੀਲਾ ਦੀ ਖਿੱਝ ਦਾ ਇਕ ਕਾਰਨ ਉਸਨੂੰ ਆਪਣਾ ਅਧੂਰਾ ਪਣ ਵੀ ਲੱਗਦਾ। ਦਮੇ ਦੀ ਦਿਨੋਂ ਦਿਨ ਵੱਧ ਰਹੀ ਬਿਮਾਰੀ ਕਾਰਨ ਹੁਣ ਉਸ ਵਿਚ ਸੱਚੀ ਹੀ ਉਹ ਦਮ ਨਹੀਂ ਸੀ ਰਿਹਾ ਜੋ ਸੁਸ਼ੀਲਾ ਨਾਲ ਜੁੜਣ ਵੇਲੇ ਸੀ। ਉਸਦੇ ਬਦਲ ਰਹੇ ਵਿਵਹਾਰ ਲਈ ਉਹ ਸੁਸ਼ੀਲਾ ਦੇ ਚਾਚੇ ਰਾਮ ਨਾਥ ਨੂੰ ਵੀ ਦੋਸ਼ੀ ਮੰਨਦਾ। ਕੁਝ ਸਮੇਂ ਤੋਂ ਸੁਸ਼ੀਲਾ ਦਾ ਆਪਣੇ ਚਾਚਾ ਚਾਚੀ ਦੇ ਘਰ ਆਉਣ ਜਾਣ ਦਾ ਸਿਲਸਲਾ ਵੱਧ ਗਿਆ ਸੀ। ਰਾਮ ਨਾਥ ਤਾਂ ਸ਼ੁਰੂ ਤੋਂ ਹੀ ਸੁਸ਼ੀਲਾ ਵੱਲੋਂ ਉਸ ਨਾਲ ਵਿਆਹ ਕਰਾਉਣ ਹੋਣ ਤੋਂ ਨਰਾਜ਼ ਸੀ, ਪਰ ਉਸ ਵੇਲੇ ਸੁਸ਼ੀਲਾ ਨੇ ਉਸਦੀ ਕੋਈ ਪ੍ਰਵਾਹ ਨਹੀਂ ਸੀ ਕੀਤੀ। ਹੁਣ ਪਤਾ ਨਹੀਂ ਚਾਚਾ ਚਾਚੀ ਨੇ ਉਸ ਨੂੰ ਕੀ ਪੱਟੀ ਪੜ੍ਹਾਈ ਸੀ ਕਿ ਉਹ ਸੰਤੋਖ ਲਈ ਲਗਾਤਾਰ ਬਿਗਾਨੀ ਹੁੰਦੀ ਜਾ ਰਹੀ ਸੀ ।

"ਸੰਤੋਖ ਜੀ ! ਤੁਸੀਂ ਸਾਰੀ ਉਮਰ ਜਮਾਤੀ ਪਾੜੇ ਦੀਆ ਗੱਲਾਂ ਕਰਦੇ ਰਹੇ ਪਰ ਆਪਣੀ ਵਾਰੀ ਕਿਵੇਂ ਭੁਲੇਖਾ ਖਾ ਗਏ? ਤੁਹਾਡੀ ਤੇ ਭਰਜਾਈ ਦੀ ਆਰਥਿਕ ਸਥਿਤੀ ਵਿਚ ਜ਼ਮੀਨ ਅਸਮਾਨ ਦਾ ਅੰਤਰ ਸੀ। ਫਿਰ ਵੀ ਤੁਸੀ ਭਾਵੁਕ ਵਹਿਣ ਵਿਚ ਵਹਿ ਤੁਰੇ। ਤੁਸੀਂ ਆਪ ਹੀ ਤਾਂ ਕਿਹਾ ਕਰਦੇ ਸੀ ਕਿ ਆਰਥਿਕਤਾ ਹੀ ਸਾਡੇ ਸਮਾਜਿਕ ਰਿਸ਼ਤਿਆਂ ਦਾ ਸਰੂਪ ਨਿਰਧਾਰਤ ਕਰਦੀ ਹੈ।" ਉਸ ਨੂੰ ਕਾਮਰੇਡ ਸਤਪਾਲ ਦੀ ਗੱਲ ਯਾਦ ਆਈ ਆਪਣੇ ਆਪ ਤੇ ਹੀ ਗੁੱਸਾ ਆਉਣ ਲੱਗ ਪਿਆ। ਭਾਵੁਕਤਾ ਦੇ ਵਹਿਣ ਵਿੱਚ ਵਹਿ ਕੇ ਉਹ ਕਿੰਨੀ ਵੱਡੀ ਗਲਤੀ ਕਰ ਚੁੱਕਾ ਸੀ।

ਡਿੱਗਦਾ ਢਹਿੰਦਾ ਉਹ ਮਸਾਂ ਹੀ ਘਰ ਪਹੁੰਚਿਆ। ਆਪਣੇ ਨਹੀਂ ਸੁਸ਼ੀਲਾ ਦੇ ਘਰ। ਘਰ ਪਹੁੰਚਣ ਤੇ ਉਸਨੂੰ ਕੁਝ ਰਾਹਤ ਮਿਲੀ, ਉਸਦਾ ਲਹਿਰ ਸਮੇਂ ਦਾ ਨਜ਼ਦੀਕੀ ਸਾਥੀ ਹਰਭਜਨ ਉਸਦੀ ਸਿਹਤ ਦਾ ਪਤਾ ਲੈਣ ਆਇਆ ਹੋਇਆ ਸੀ। ਹਰਭਜਨ ਵੱਲ ਵੇਖਦਿਆਂ ਭਾਵੁਕ ਹੋਏ ਦੀਆਂ ਉਸਦੀਆਂ ਅੱਖਾਂ ਭਰ ਆਈਆਂ। ਜੁਆਬ ਵਿਚ ਹਰਭਜਨ ਦੀਆਂ ਅੱਖਾਂ ਵੀ ਸੁੱਕੀਆਂ ਨਾ ਰਹਿ ਸਕੀਆਂ।

"ਸੰਤੋਖ ... ਕੁਝ ਦਿਨ ਮੇਰੇ ਨਾਲ ਪਿੰਡ ਚੱਲ ... ਹਵਾ ਪਾਣੀ ਬਦਲਣ ਨਾਲ ਤੇਰੀ ਸਿਹਤ ਵਿਚ ਸੁਧਾਰ ਆ ਜਾਵੇਗਾ। ਉਸਦੀ ਗਿਰ ਰਹੀ ਸਿਹਤ ਤੇ ਘਰੇਲੂ ਕਲੇਸ਼ ਵੱਲ ਨਜ਼ਰ ਮਾਰਦਿਆਂ ਹਰਭਜਨ ਨੇ ਕਿਹਾ ਸੀ।

"ਨਹੀਂ ਹਰਭਜਨ, ਮੈਂ ਠੀਕ ਹਾਂ ... ਤੂੰ ਫ਼ਿਕਰ ਨਾ ਕਰ , ਇਹ ਤਾਂ ਐਵੇਂ ਥੋੜ੍ਹਾ ਤੁਰਨ ਫਿਰਨ ਨਾਲ ਸਾਹ ਚੜ੍ਹ ਜਾਂਦੈ। ਸਾਰਾ ਦਿਨ ਘਰ ਬੈਠਿਆ ਵੀ ਤਾਂ ਬੋਰ ਹੋ ਜਾਈਦਾ ਐ।" ਉਸ ਆਪਣੀ ਸਫ਼ਾਈ ਦਿੱਤੀ।

ਹਰਭਜਨ ਦੀ ਗੱਲ ਦਾ ਪ੍ਰਤੀਕਰਮ ਵੇਖਣ ਲਈ ਉਸ ਨੇ ਸੁਸ਼ੀਲਾ ਵੱਲ ਵੇਖਿਆ ਤਾਂ ਉਸ ਲਾਪ੍ਰਵਾਹੀ ਜਿਹੀ ਨਾਲ ਮੂੰਹ ਭਵਾਂ ਲਿਆ... ਜਿਵੇਂ ਉਹ ਕਹਿ ਰਹੀ ਹੋਵੇ, ਵੇਖਾਂਗੀ ਕਿੰਨੇ ਦਿਨ ਸਾਂਭੂ ਇਹ ਤੈਨੂੰ।

ਉਸ ਦਿਨ ਤਾਂ ਉਸ ਸਮਝਾ-ਬੁਝਾ ਕੇ ਹਰਭਜਨ ਨੂੰ ਵਾਪਸ ਘੱਲ ਦਿੱਤਾ ਸੀ। ਪਰ ਦੂਸਰੇ ਹੀ ਦਿਨ ਉਸਦੀ ਬਿਮਾਰੀ 'ਤੇ ਹੋਏ ਖਰਚੇ ਨੂੰ ਲੈ ਕੇ ਪਤੀ-ਪਤਨੀ ਵਿਚਲਾ ਤਕਰਾਰ ਏਨਾ ਵੱਧ ਗਿਆ ਕਿ ਨਾ ਚਾਹੁੰਦੇ ਹੋਏ ਵੀ ਉਸਦੇ ਕਦਮ ਬਦੋ ਬਦੀ ਬੱਸ ਅੱਡੇ ਵਾਲੇ ਰਾਹ ਪੈ ਗਏ ਤੇ ਉਸ ਆਪਣੇ ਆਪ ਨੂੰ ਹਰਭਜਨ ਦੇ ਪਿੰਡ ਜਾਣ ਵਾਲੀ ਬੱਸ ਵਿਚ ਸਵਾਰ ਹੋਏ ਵੇਖਿਆ। ਉਸ ਸੋਚਿਆ ਭਾਵੇਂ ਹਰਭਜਨ ਗਰੀਬ ਹੈ, ਪਰ ਉਸਦੇ ਵਿਚਾਰਾਂ ਨੂੰ ਸਮਝਦਾ ਤੇ ਕਦਰ ਵੀ ਕਰਦਾ ਹੈ। ਜੇ ਬੇ-ਇਲਾਜ਼ ਹੀ ਮਰਨਾ ਹੈ ਤਾਂ ਇੱਥੇ ਕੀ ਤੇ ਉੱਥੇ ਕੀ। ਨਾਲੇ ਨਿੱਤ ਦਿਹਾੜੀ ਦੀ ਜ਼ਲਾਲਤ ਨਾਲੋਂ ਹੁਣ ਮੌਤ ਉਸ ਨੂੰ ਮਾੜੀ ਵੀ ਨਹੀਂ ਸੀ ਵਿਖਾਈ ਦੇਂਦੀ।

ਹਰਭਜਨ ਦੇ ਘਰ ਪਹੁੰਚ ਕੇ ਉਸਨੂੰ ਕੁਝ ਰਾਹਤ ਮਿਲੀ। ਇਹ ਗੱਲ ਉਸ ਲਈ ਸਕੂਨ ਦੇਣ ਵਾਲੀ ਸੀ ਕਿ ਤੰਗੀਆਂ ਤੁਰਸੀਆਂ ਦੇ ਬਾਵਜੂਦ ਵੀ ਹਰਭਜਨ ਦੀ ਪਤਨੀ ਨੇ ਆਪਣੇ ਸੁਭਾਅ ਵਿਚਲੇ ਨਿੱਘ ਨੂੰ ਬਰਕਰਾਰ ਰੱਖਿਆ ਹੋਇਆ ਸੀ। ਘਰੇਲੂ ਕਲੇਸ਼ ਤੋਂ ਇਕ ਦਮ ਮੁਕਤੀ ਮਿਲਣ ਤੇ ਉਹ ਸਰੀਰਕ ਤੇ ਮਾਨਸਿਕ ਤੌਰ ਤੇ ਆਪਣੇ ਆਪ ਨੂੰ ਪਹਿਲਾ ਨਾਲੋਂ ਤੰਦਰੁਸਤ ਵੀ ਮਹਿਸੂਸ ਕਰਨ ਲੱਗ ਪਿਆ ਸੀ। ਉਹ ਹਰਭਜਨ ਦੇ ਪਰਿਵਾਰ ਲਈ ਬੋਝ ਸਾਬਿਤ ਨਾ ਹੋਵੇ, ਇਹ ਸੋਚ ਕੇ ਉਹ ਔਖਾ ਸੌਖਾ ਹੋ ਕੇ ਵੀ ਘਰ ਦੇ ਛੋਟੇ ਮੋਟੇ ਕੰਮ ਕਰਨ ਲੱਗ ਪਿਆ ਸੀ। ਹਰਭਜਨ ਵੱਲੋਂ ਅਖ਼ਬਾਰ ਵਿਚ ਲੁਆਈ ਅਪੀਲ ਸਦਕਾ ਵਿਦੇਸ਼ ਰਹਿ ਰਹੇ ਲਹਿਰ ਦੇ ਕਿਸੇ ਹਮਦਰਦ ਵੱਲੋਂ ਉਸਦੇ ਇਲਾਜ਼ ਲਈ ਭੇਜੀ ਸਹਾਇਤਾ ਰਾਸ਼ੀ ਵੀ ਇਸ ਸਮੇਂ ਉਸ ਲਈ ਵੱਡੀ ਰਾਹਤ ਹੋ ਨਿਬੜੀ ।

ਹਰਭਜਨ ਦੇ ਘਰ ਆਉਣ ਤੋਂ ਹਫ਼ਤਾ ਕੁ ਬਾਅਦ ਸੁਸ਼ੀਲਾ ਤੇ ਜਸਪਾਲ ਉਸਨੂੰ ਲੈਣ ਆਏ ਸਨ ਪਰ ਉਸ ਨੇ ਦੁਬਾਰਾ ਨਰਕੀ ਜੀਵਨ ਵਿਚ ਜਾਣ ਤੋਂ ਕੋਰੀ ਨਾਂਹ ਕਰ ਦਿੱਤੀ ਸੀ। ਸੁਸ਼ੀਲਾ ਨੇ ਵੀ ਬਹੁਤ ਜੋਰ ਨਹੀਂ ਸੀ ਪਾਇਆ , ਬੱਸ ਐਵੇਂ ਲੋਕ ਲਾਜ ਦੀ ਸ਼ਰਮ ਹੀ ਨਿਭਾਈ ਸੀ। ਹਾਂ, ਜਸਪਾਲ ਉਸਨੂੰ ਸੱਚੇ ਦਿਲੋਂ ਘਰ ਲੈ ਕੇ ਜਾਣਾ ਚਾਹੁੰਦਾ ਸੀ। ਮਹੀਨੇ ਕੁ ਹੀ ਉਸ ਗੁਆਂਢ ਦੇ ਬੱਚਿਆ ਨੂੰ ਟਿਊਸ਼ਨ ਪੜ੍ਹਾ ਕੇ ਆਪਣੀ ਦਵਾਈ ਦਾ ਖਰਚਾ ਬਰਦਾਸ਼ਤ ਕਰਨ ਯੋਗ ਬਣਾ ਲਿਆ ਸੀ ਤੇ ਉਸਤੋਂ ਅਗਲੇ ਮਹੀਨੇ ਆਪਣੇ ਲਈ ਇਕ ਛੋਟਾ ਜਿਹਾ ਕਮਰਾ ਵੀ ਕਿਰਾਏ ਤੇ ਲੈ ਲਿਆ ਸੀ ਪਰ ਰੋਟੀ ਅਜੇ ਵੀ ਹਰਭਜਨ ਦੇ ਘਰੋਂ ਹੀ ਆਉਂਦੀ ਸੀ।

.........

ਹਰਭਜਨ ਦੇ ਪਿੰਡ ਦੇ ਸ਼ਾਂਤ ਜਿਹੇ ਵਾਤਾਵਰਣ ਨੇ ਉਸ ਦੇ ਤਨ ਤੇ ਮਨ ਦੀ ਤੰਦਰੁਸਤੀ ਵਾਪਸ ਮੋੜਣ ਵਿਚ ਅਹਿਮ ਭੂਮਿਕਾ ਨਿਭਾਈ। ਉਹ ਹੁਣ ਆਪਣੇ ਦੋ ਫੁਲਕੇ ਵੀ ਆਪ ਲਾਹੁਣ ਦੇ ਯੋਗ ਹੋ ਗਿਆ ਸੀ। ਪਰ ਕਿਸੇ ਵੇਲੇ ਉਸਨੂੰ ਆਪਣੇ ਆਪ ਤੇ ਇਹ ਖਿੱਝ ਜ਼ਰੂਰ ਆਉਂਦੀ ਕਿ ਪੰਜ ਵਰ੍ਹੇ ਬੀਤ ਜਾਣ ਤੇ ਵੀ ਉਹ ਸੁਸ਼ੀਲਾ ਨੂੰ ਆਪਣੇ ਮਨ ਵਿੱਚੋਂ ਪੂਰੀ ਤਰ੍ਹਾਂ ਮਨਫੀ ਕਿਉਂ ਨਹੀਂ ਸੀ ਕਰ ਸਕਿਆ। ਇਹਨਾਂ ਵਰ੍ਹਿਆਂ ਵਿਚ ਨਾ ਤਾਂ ਉਹ ਸੁਸ਼ੀਲਾਂ ਦੇ ਘਰ ਗਿਆ ਸੀ ਤੇ ਨਾ ਹੀ ਸੁਸ਼ੀਲਾ ਉਸ ਨੂੰ ਦੁਬਾਰਾ ਮਿਲਣ ਆਈ ਸੀ। ਮਹੀਨੇ ਵਿਚ ਇੱਕ ਅੱਧ ਵਾਰ ਜਸਪਾਲ ਉਸ ਨੂੰ ਆ ਕੇ ਜ਼ਰੂਰ ਮਿਲ ਜਾਂਦਾ ਸੀ। ਖਾਸ ਤੌਰ ਤੇ ਬੇ -ਰੁਜ਼ਗਾਰੀ ਦੇ ਦੌਰ ਵਿਚ ਉਹ ਉਸ ਕੋਲ ਬੈਠਾ ਕਿਨਾਂ ਕਿਨਾਂ ਚਿਰ ਸਰਕਾਰਾਂ ਦੀਆਂ ਕਾਰਪੋਰੇਟ ਜਗਤ ਪੱਖੀ ਨੀਤੀਆਂ ਬਾਰੇ ਚਰਚਾ ਕਰਦਾ ਰਹਿੰਦਾ ਤੇ ਉਸਦੇ ਰੂਪੋਸ਼ ਦੌਰ ਦੀਆਂ ਕਹਾਣੀਆਂ ਸੁਣਦਾ ਰਹਿੰਦਾ।

ਜਦੋਂ ਜਸਪਾਲ ਨੇ ਪਹਿਲਾਂ ਉਸਨੂੰ ਸਰਕਾਰੀ ਨੌਕਰੀ ਮਿਲਣ ਤੇ ਫਿਰ ਆਪਣਾ ਰਿਸ਼ਤਾ ਪੱਕਾ ਹੋਣ ਦੀ ਗੱਲ ਦੱਸੀ ਤਾਂ ਉਹ ਬਹੁਤ ਖੁਸ਼ ਹੋਇਆ ਸੀ। ਉਸਨੂੰ ਆਪ ਵੀ ਇਸ ਗੱਲ ਦੀ ਸਮਝ ਨਹੀਂ ਸੀ ਆ ਰਹੀ ਕਿ ਸੁਸ਼ੀਲਾ ਨਾਲ ਤੋੜ ਵਿਛੋੜਾ ਕਰਕੇ ਵੀ ਉਹ ਉਸਦੇ ਬੇਟੇ ਦੀ ਹਰ ਪ੍ਰਾਪਤੀ ਤੇ ਖੁਸ਼ ਕਿਉਂ ਹੁੰਦਾ ਹੈ।

"ਪਾਪਾ ਮੇਰੇ ਵਿਆਹ 'ਤੇ ਤੁਹਾਨੂੰ ਅਸ਼ੀਰਵਾਦ ਦੇਣ ਜ਼ਰੂਰ ਆਉਣਾ ਪਵੇਗਾ।" ਜਸਪਾਲ ਨੇ ਬੜੇ ਦਾਅਵੇ ਨਾਲ ਕਿਹਾ ਸੀ।

"ਮੇਰਾ ਅਸ਼ੀਰਵਾਦ ਤਾਂ ਹਮੇਸ਼ਾ ਹੀ ਤੇਰੇ ਨਾਲ ਹੈ ਬੇਟੇ .. ਪਰ ਹੁਣ ਸੁਸ਼ੀਲਾ ਦੇ ਘਰ ਜਾਣਾ ਮੇਰੇ ਲਈ ਸੰਭਵ ਨਹੀ ਹੈ।"

"ਤੁਹਾਡੀ ਮਰਜ਼ੀ ਹੈ ਪਾਪਾ... ਪਰ ਜੇ ਆ ਜਾਂਦੇ ਤਾਂ ਮੈਨੂੰ ਬਹੁਤ ਖੁਸ਼ੀ ਮਿਲਣੀ ਸੀ।" ਜਸਪਾਲ ਨੇ ਮਾਯੂਸ ਜਿਹਾ ਹੋ ਕੇ ਕਿਹਾ ਸੀ।

ਜਸਪਾਲ ਦੇ ਵਿਆਹ ਨੂੰ ਛੇ ਮਹੀਨੇ ਲੰਘ ਗਏ ਸਨ। ਕਈ ਵਾਰ ਉਹਦਾ ਦਿਲ ਕਰਦਾ ਕਿ ਉਹ ਆਪਣਾ ਅਹਿੰ ਤਿਆਗ ਕੇ ਜੋੜੀ ਨੂੰ ਅਸ਼ੀਰਵਾਦ ਦੇ ਆਵੇ । ਕਸੂਰ ਸੁਸ਼ੀਲਾ ਦਾ ਹੈ, ਜਸਪਾਲ ਤਾਂ ਉਸਨੂੰ ਸਮਝਦਾ ਵੀ ਹੈ ਤੇ ਉਸਦੀ ਦਿਲੋਂ ਇੱਜ਼ਤ ਵੀ ਕਰਦਾ ਹੈ। ਪਰ ਉਹ ਕਿਵੇਂ ਨਾ ਕਿਵੇਂ ਆਪਣੀਆਂ ਭਾਵਨਾਵਾਂ ਤੇ ਕਾਬੂ ਪਾ ਹੀ ਲੈਂਦਾ।

ਇਕ ਦਿਨ ਜਸਪਾਲ ਤੇ ਉਸਦੀ ਪਤਨੀ ਆਪ ਹੀ ਉਸਨੂੰ ਮਿਲਣ ਆ ਗਏ।

"ਪਾਪਾ ਅਸੀਂ ਤੁਹਾਨੂੰ ਲੈਣ ਆਏ ਹਾਂ।" ਆਉਂਦੇ ਹੀ ਜਸਪਾਲ ਨੇ ਅਜਿਹੀ ਗੱਲ ਕਹਿ ਦਿੱਤੀ ਜਿਸ ਲਈ ਉਹ ਮਾਨਸਿਕ ਤੌਰ ਤੇ ਬਿਲਕੁਲ ਵੀ ਤਿਆਰ ਨਹੀਂ ਸੀ।

"ਨਹੀਂ ਬੇਟੇ ... ਹੁਣ ਬਹੁਤ ਦੇਰ ਹੋ ਗਈ ਹੈ।" ਸੰਤੋਖ ਨੇ ਭਰੇ ਮਨ ਨਾਲ ਕਿਹਾ ਤੇ ਨਾਲ ਹੀ

ਆਪਣੀ ਨੂੰਹ ਰਾਣੀ ਦਾ ਸਿਰ ਪਲੋਸਦਿਆਂ ਪੰਜ ਸੌ ਰੁਪਏ ਦਾ ਨੋਟ ਉਸਦੀ ਤਲੀ 'ਤੇ ਧਰ ਦਿੱਤਾ।

"ਪਾਪਾ ! ਮੈਂ ਤੁਹਾਨੂੰ ਮੰਮੀ ਦੇ ਘਰ ਨਹੀਂ ਸਗੋਂ ਤੁਹਾਡੇ ਆਪਣੇ ਪੁੱਤਰ ਦੇ ਘਰ ਚੱਲਣ ਲਈ ਕਹਿ ਰਿਹਾ ਹਾਂ ... ਮੈਨੂੰ ਸਰਕਾਰੀ ਕੁਆਟਰ ਮਿਲ ਗਿਆ ਹੈ ਤੇ ਅਸੀਂ ਉੱਥੇ ਸਿਫਟ ਵੀ ਹੋ ਗਏ ਹਾਂ।"

"ਪੁੱਤਰ ! ਤੇਰੀ ਮੰਮੀ ਮੇਰੇ ਨਾਲ ਸਬੰਧ ਬਿਲਕੁਲ ਤੋੜ ਚੁੱਕੀ ਹੈ... ਹੁਣ ਇਹ ਕਿਸੇ ਵੀ ਲਿਹਾਜ ਨਾਲ ਸੰਭਵ ਨਹੀ ਹੈ।"

"ਪਾਪਾ ! ਮੈਂ ਤੁਹਾਨੂੰ ਮੰਮੀ ਨਾਲ ਸਬੰਧ ਜੋੜਣ ਲਈ ਕਹਾਂਗਾ ਵੀ ਨਹੀਂ ... ਮੈਂ ਆਪ ਵੀ ਨਹੀਂ ਚਾਹੁੰਦਾ ਕਿ ਸਾਰੀ ਉਮਰ ਹੱਕ ਇਨਸਾਫ ਲਈ ਲੜਣ ਵਾਲਾ ਮੇਰਾ ਪਾਪਾ ਆਖਿਰ ਬੇ- ਇਨਸਾਫੀ ਅੱਗੇ ਝੁਕ ਜਾਵੇ ।ਮੈਨੂੰ ਆਪਣੇ ਹੱਕਾਂ ਲਈ ਲੜਣ ਦੀ ਗੁੜ੍ਹਤੀ ਤੁਸੀਂ ਦਿੱਤੀ ਹੈ ਪਾਪਾ ... ਉਦੋਂ ਘਰ ਮੰਮੀ ਦਾ ਹੋਣ ਕਾਰਨ ਮੈਂ ਆਪਣੇ ਵਿਆਹ 'ਤੇ ਆਉਣ ਲਈ ਤੁਹਾਡੇ 'ਤੇ ਬਹੁਤਾ ਜ਼ੋਰ ਨਹੀਂ ਸੀ ਪਾਇਆ ... ਪਰ ਹੁਣ ਤੁਹਾਡੇ ਇਸ ਪੁੱਤਰ ਦਾ ਆਪਣਾ ਘਰ ਹੈ।" ਜਸਪਾਲ ਆਪਣੀ ਉਮਰ ਨਾਲੋਂ ਵੱਧ ਕੇ ਸਿਆਣਪ ਦਾ ਪ੍ਰਗਟਾਵਾ ਕਰ ਰਿਹਾ ਸੀ।

"ਤੂੰ ਇੱਥੇ ਆਉਣ ਤੋਂ ਪਹਿਲਾਂ ਆਪਣੀ ਮੰਮੀ ਨਾਲ ਗੱਲ ਕੀਤੀ ਸੀ।" ਉਸ ਉਤਸੁਕਤਾ ਵੱਸ ਪੁੱਛਿਆ।

"ਹਾਂ ਪਾਪਾ, ਕੀਤੀ ਸੀ ਉਨ੍ਹਾਂ ਨਾਲ ਗੱਲ.. ਤੁਸੀਂ ਇਸ ਤਰ੍ਹਾ ਸਮਝ ਲਵੋ ਕਿ ਮੈਨੂੰ ਉਨ੍ਹਾਂ ਨੇ ਹੀ ਭੇਜਿਆ ਹੈ। ਉਹ ਕਹਿੰਦੇ ਸਨ ਕੇ ਤੇਰੇ ਪਾਪਾ ਬਹੁਤ ਜ਼ਿੱਦੀ ਨੇ ... ਉਹ ਤੇਰੀ ਗੱਲ ਨਹੀਂ ਮੰਨਣਗੇ। ਸ਼ਾਇਦ ਸਮੇਂ ਨਾਲ ਮੰਮੀ ਨੂੰ ਵੀ ਅਹਿਸਾਸ ਹੋ ਗਿਐ ਕਿ ਉਸ ਲਈ ਤੁਹਾਡਾ ਬਦਲ ਕੇਵਲ ਤੁਸੀਂ ਹੀ ਹੋ ... ਮੈਂ ਵੀ ਉਨ੍ਹਾਂ ਲਈ ਤੁਹਾਡਾ ਬਦਲ ਨਹੀਂ ਬਣ ਸਕਦਾ।"

"ਪਰ ਬੇਟੇ ਹੁਣ ਤਾਂ ਪੁਲਾਂ ਹੇਠੋਂ ਬਹੁਤ ਸਾਰਾ ਪਾਣੀ ਵਹਿ ਚੁੱਕਾ ਹੈ।"

"ਮੈਂ ਸਮਝਦਾ ਹਾਂ ਪਾਪਾ ਸਾਰੀਆਂ ਗੱਲਾਂ ... ਜੇ ਉਸ ਘਰ ਵਿਚ ਤੁਹਾਨੂੰ ਸਤਿਕਾਰ ਦੀ ਕਮੀ ਮਹਿਸੂਸ ਹੋਈ ਤਾਂ ਤੁਹਾਡੇ ਕੋਲ ਇੱਥੇ ਵਾਪਸ ਆਉਣ ਦਾ ਬਦਲ ਹੈ। ਪਲੀਜ਼ ! ਪਾਪਾ ਮੇਰੀ ਮੰਮੀ ਦੇ ਕਸੂਰ ਦੀ ਸਜ਼ਾ ਸਾਨੂੰ ਨਾ ਦਿਉ। ਸਾਨੂੰ ਤੁਹਾਡੇ ਪਿਆਰ ਤੇ ਅਗਵਾਈ ਦੀ ਬਹੁਤ ਜ਼ਰੂਰਤ ਹੈ। ਅਸੀਂ ਤੁਹਾਡੇ ਤੋਂ ਬਹੁਤ ਕੁਝ ਸਿੱਖਣੈ।"

"ਪਰ ਤੂੰ ਪਹਿਲਾਂ ਵੀ ਤਾਂ ਸਭ ਕੁਝ ਜਾਣਦਾ ਸੀ ...।" ਉਸ ਗਿਲਾ ਕੀਤਾ।

"ਪਹਿਲਾਂ ਅਜਿਹਾ ਕਰਨ ਦੀ ਮੇਰੀ ਹੈਸੀਅਤ ਨਹੀ ਸੀ ਪਰ ਹੁਣ ਮੈਂ ਆਪਣੇ ਪੈਰਾਂ ਤੇ ਖੜ੍ਹਾ ਹਾਂ.. ਮੈਨੂੰ ਆਪਣੀ ਸੋਚ ਨਾਲ ਵੀ ਖੜ੍ਹਣ ਦਾ ਮੌਕਾ ਦਿਉ ... ਮੇਰੇ ਚੰਗੇ ਪਾਪਾ।" ਜਸਪਾਲ ਨੇ ਬਹੁਤ ਨਪੇ ਤੁਲੇ ਤੇ ਗੰਭੀਰ ਸ਼ਬਦਾਂ ਵਿਚ ਕਿਹਾ ਸੀ। ਕਾਮਰੇਡ ਸੰਤੋਖ ਦਾ ਹੱਥ ਆਪਣੇ ਆਪ ਜਸਪਾਲ ਦੇ ਸਿਰ 'ਤੇ ਅਸ਼ੀਰਵਾਦ ਦੇਣ ਵਾਲੇ ਅੰਦਾਜ਼ ਵਿਚ ਟਿਕ ਗਿਆ।

ਉਸ ਨੂੰ ਲੱਗ ਰਿਹਾ ਸੀ ਕਿ ਉਹ ਵੀ ਹੁਣ ਜਿਉਂਦਿਆਂ ਵਿਚ ਹੋ ਗਿਆ ਹੈ ਤੇ ਉਸਦੀ ਸੋਚ ਵੀ ਜਿਉਂਦੀ ਹੈ ਅਜੇ। ਉਸਦੀ ਲੋਕਾਂ ਦੇ ਲੇਖੇ ਲਾਈ ਜਵਾਨੀ ਅਜਾਂਈ ਨਹੀਂ ਗਈ ... ਕੋਈ ਤਾਂ ਹੈ ਉਸਦਾ ਕਦਰਦਾਨ। ਜਸਪਾਲ ਨੇ ਉਸ ਨਾਲ ਖ਼ੂਨ ਦਾ ਰਿਸ਼ਤਾ ਨਾ ਹੋਣ ਤੇ ਵੀ ਉਸ ਵੱਲੋਂ ਜ਼ਿੰਦਗੀ ਵਿਚ ਕੀਤੇ ਸੰਘਰਸ਼ ਨੂੰ ਬੇਕਾਰ ਨਹੀਂ ਜਾਣ ਦਿੱਤਾ ।

"ਬੇਟੇ ਅੱਜ ਮੈਂ ਖ਼ੁਸ਼ ਹਾਂ ਬਹੁਤ ਹੀ ਖ਼ੁਸ਼ ... ਚਾਹੇ ਕੁਝ ਸਮੇਂ ਲਈ ਹੀ ਸਹੀ, ਮੈਂ ਤੇਰੇ ਘਰ ਜ਼ਰੂਰ ਜਾਵਾਂਗਾ।" ਕਹਿ ਉਸ ਆਪਣੇ ਨੂੰਹ ਪੁੱਤਰ ਨੂੰ ਆਪਣੇ ਕਲਾਵੇ ਵਿਚ ਲੈ ਲਿਆ ਸੀ।

**(ਸੰਪਰਕ : 89682-82700)**

ਕਹਾਣੀ

# ਦੇਹ ਦਾ ਰੁੱਖ

ਗੁਰਮੀਤ ਪਨਾਗ



ਇਹ ਗੱਲ ਨਹੀਂ ਸੀ ਕਿ ਦੀਪੀ ਤੋਂ ਬਿਨਾਂ ਮੇਰੀਆਂ ਹੋਰ ਸਹੇਲੀਆਂ ਨਾ ਹੋਣ। ਯੂਨੀਵਰਸਿਟੀ ਤੱਕ ਪਹੁੰਚਦਿਆਂ ਬੜੇ ਪਿਆਰੇ ਰਿਸ਼ਤੇ ਬਣੇ, ਮਾਈਕਲ ਵੀ ਉਦੋਂ ਹੀ ਮਿਲਿਆ। ਇਹ ਵੀ ਸੱਚ ਸੀ ਕਿ ਮੈਂ ਦੀਪੀ ਨੂੰ ਦਿਲ ਵਿੱਚ ਨਾਲ ਹੀ ਚੁੱਕੀ ਫਿਰਦੀ ਸਾਂ। ਕਈ ਵਾਰ ਤਾਂ ਲੱਗਦਾ ਕਿ ਉਹ ਕਿਧਰੇ ਨਹੀਂ ਗਈ, ਮੇਰੇ ਅੰਗ-ਸੰਗ ਹੀ ਹੈ। ਸਿਰਫ਼ ਉਹਨੂੰ ਦੇਖ ਹੀ ਨਹੀਂ ਸਕਦੀ। ਜੋ ਸਾਹ ਲੈਣ ਵਾਂਗੂੰ ਚੇਤਿਆਂ ਦਾ ਹਿੱਸਾ ਸੀ, ਉਹ ਦੀਪੀ ਸੀ। ਇੱਕ ਦੂਜੀ ਨੂੰ ਪਿਆਰ ਨਾਲ ਅਸੀਂ ਸਟੂਪਿਡ ਆਖ ਕੇ ਬੁਲਾਉਂਦੀਆਂ। ਨਿਆਣੀ ਉਮਰੇ ਭੋਲੇ ਭਾਅ ਕਿੰਨੇ ਦਾਈਏ ਬੰਨ੍ਹੀਦੀਆਂ। ਕੀ ਪਤਾ ਸੀ ਕੀਹਨੇ ਕਿੱਥੇ ਨਿੱਖੜ ਜਾਣਾ ਹੈ।

ਮੰਮਾ ਕਈ ਵਾਰ ਉਸਦੀਆਂ ਗੱਲਾਂ ਛੇੜ ਕੇ ਬੈਠ ਜਾਂਦੇ। ਦੁੱਖ 'ਚ ਭਿੱਜ ਕੇ ਆਖਦੇ, ਜੇ ਉਹ ਜਿਊਂਦੀ ਜਾਗਦੀ ਹੋਈ, ਇੱਕ ਦਿਨ ਜ਼ਰੂਰ ਫ਼ੋਨ ਕਰੂ। ਮਨ ਨੂੰ ਕੁਝ ਆਸ ਬੱਝਦੀ। ਭੀੜ ਵਿੱਚ ਓਪਰੇ ਚਿਹਰਿਆਂ ਵਿੱਚੋਂ ਮੈਂ ਉਸਦੇ ਨਕਸ਼ ਪਛਾਨਣ ਦੇ ਯਤਨ ਕਰਦੀ। ਸੋਸ਼ਲ ਮੀਡੀਆ 'ਤੇ ਸਕੂਲ ਟਾਇਮ ਦੋਸਤਾਂ ਤੋਂ ਉਸ ਬਾਰੇ ਪੁੱਛਦੀ ਰਹਿੰਦੀ। ਮੇਰੇ ਅੰਦਰ ਇੱਕ ਅਜੀਬ ਜਿਹੀ ਉਦਾਸੀ ਪਸਰ ਗਈ ਸੀ। ਪਤਾ ਨਹੀਂ ਮੈਥੋਂ ਕੀ ਕਿੱਥੇ ਛੁੱਟ ਗਿਆ ਸੀ।

ਦੀਪੀ ਦੀ ਮੌਮ ਦੇ ਬੋਲ ਕੰਡੇ ਵਾਂਗ ਰੜਕਦੇ... "ਤੈਨੂੰ ਸਭ ਪਤਾ ਸੀ, ਸਾਨੂੰ ਕਿਉਂ ਨਾ ਦੱਸਿਆ?"

ਚੌਦਾਂ ਵਰ੍ਹੇ ਹੋ ਗਏ ਨੇ ਉਸਨੂੰ ਵਿਛੜਿਆਂ ਪਰ ਬਨਵਾਸ ਨਹੀਂ ਮੁੱਕਿਆ। ਬਨਵਾਸੀ ਕੌਣ ਐਂ ਮੈਂ ਜਾਂ ਦੀਪੀ...? ਉਹ ਮੈਥੋਂ ਯੁੱਗਾਂ ਦੀ ਦੂਰੀ ਤੇ ਬੈਠੀ ਕਿਤੇ ਬਨਵਾਸ ਹੀ ਭੋਗ ਰਹੀ ਹੋਣੀ।

ਕੀ ਕੁਝ ਬਦਲ ਗਿਆ ਚੌਦਾਂ ਸਾਲਾਂ ਵਿੱਚ। ਮੇਰਾ ਮਾਈਕਲ ਨਾਲ ਵਿਆਹ, ਦੋ ਬੱਚੇ, ਭਰਿਆ-ਭੰਕੁਨਿਆ ਘਰ... ਅਸੀਂ ਖ਼ੁਸ਼ ਹਾਂ। ਦੀਪੀ ਦੀ ਦੁਨੀਆਂ ਕਿਹੋ ਜਿਹੀ ਹੋਵੇਗੀ? ਇਹ ਸੁਆਲ ਮੈਨੂੰ ਤੜਫਾ ਮਾਰਦਾ ਹੈ। ਮੈਂ ਸਿਰ ਛੰਡਦੀ ਹਾਂ, ਆਪਣੇ ਆਪ ਨੂੰ ਲਾਹਣਤਾਂ ਪਾਉਂਦੀ ਆਖਦੀ ਹਾਂ... ਕੀ ਪਤਾ ਉਹ ਆਪਣੇ ਘਰ ਪਰਿਵਾਰ 'ਚ ਖ਼ੁਸ਼ ਹੋਵੇ, ਕਿਸੇ ਮੌਡਲਿੰਗ ਏਜੰਸੀ ਦੀ ਮਾਲਕ ਹੋਵੇ। ਮਨ ਹੀ ਮਨ ਦੁਆ ਕਰਦੀ ਹਾਂ ਕਿ ਇਹੀ ਸੱਚ ਹੋਵੇ। ਜੇ ਇਹ ਸੱਚ ਹੁੰਦਾ ਤਾਂ ਉਹ ਮੇਰੇ ਨਾਲ ਗੱਲ ਜ਼ਰੂਰ ਕਰਦੀ। ਮਨ ਫੇਰ ਢਹਿੰਦੀ ਕਲਾ ਵੱਲ ਜਾਣ ਲੱਗਦਾ ਹੈ। ਨਿਰਾਸ਼ਾ ਦਿਮਾਗ ਤੇ ਭਾਰੂ ਹੋਣ ਲਗਦੀ ਹੈ। ਮੈਨੂੰ ਦੀਪੀ ਤੇ ਬਨਵਾਸ ਦੋਵੇਂ ਸ਼ਬਦ ਰਲਗੱਡ ਹੋਏ ਜਾਪਦੇ ਨੇ। ਬੌਂਦਲ਼ ਕੇ ਉਸਦੇ ਬਣਾਏ ਖ਼ੂਬਸੂਰਤ ਸਕੈੱਚਾਂ ਵਾਲੀ ਐਲਬਮ ਫਰੋਲਣ ਲੱਗ ਪੈਂਦੀ ਹਾਂ ਜਿਵੇਂ ਉਸਦੀ ਹੋਣੀ ਤਲਾਸ਼ ਰਹੀ ਹੋਵਾਂ। ਕੁਝ ਤਾਂ ਸਾਡੀ ਫ਼ਾਇਰ ਪਲੇਸ 'ਤੇ ਵੀ ਰੱਖੇ ਹੋਏ ਹਨ। ਮਾਂ ਉਹਨਾਂ ਨੂੰ ਕਦੇ ਵੀ ਇੱਧਰ ਉੱਧਰ ਨਹੀਂ ਕਰਨ ਦਿੰਦੀ। ਇਸ ਤਰਾਂ ਸਾਡੇ ਘਰ ਵਿੱਚੋਂ ਦੀਪੀ ਕਦੇ ਵੀ ਗ਼ੈਰਹਾਜ਼ਰ ਨਹੀਂ ਹੁੰਦੀ।

ਗਲੀ 'ਚੋਂ ਲੰਘਦਿਆਂ ਮੈਂ ਹੇਰਵੇ ਨਾਲ ਦੀਪੀ ਦੇ ਘਰ ਵੱਲ ਦੇਖਦੀ। ਅੰਕਲ ਗੈਰਾਜ ਵਿੱਚ ਟੀ-ਸ਼ਰਟਾਂ ਪ੍ਰਿੰਟ ਕਰਦੇ ਹੋਏ, ਆਂਟੀ ਸਿਰ ਬੰਨ੍ਹੀ ਸੋਫ਼ੇ 'ਤੇ ਪਈ ਹਾਲ-ਬਹੁੜੀ ਪਾਉਂਦੀ ਹੋਈ ਤੇ ਪਾਲਤੂ ਬਿੱਲੀ

ਨਾਲ ਖੇਡਦਾ ਨਿੱਕੂ। ਮੈਂ ਤੇ ਦੀਪੀ ਉਸਦੇ ਰੂਮ ਵਿੱਚ ਮੌਡਲਿੰਗ ਕਰਦੀਆਂ ਜਿਵੇਂ ਕਿਸੇ ਫ਼ੈਸ਼ਨ ਸ਼ੋਅ ਵਿੱਚ ਜਾਣਾ ਹੋਵੇ। ਉਸ ਕੋਲ ਐਨੇ ਬਰੈਂਡਨੇਮ ਕੱਪੜੇ ਦੇਖ ਕੇ ਮੇਰੀਆਂ ਅੱਖਾਂ ਟੱਡੀਆਂ ਰਹਿ ਜਾਂਦੀਆਂ। ਉਹ ਸਕੂਲ ਆਮ ਕੱਪੜੇ ਪਾ ਕੇ ਆਉਂਦੀ, ਲੌਕਰ ਰੂਮ ਵਿੱਚ ਝੱਟ ਬਦਲ ਬਰੈਂਡਨੇਮ ਪਾ ਲੈਂਦੀ। ਕਿੰਨਾ ਓਹਲਾ ਰੱਖਣ ਲੱਗ ਪਈ ਸੀ ਉਹ। ਕੱਪੜਿਆਂ ਬਾਰੇ ਪੁੱਛਣ 'ਤੇ ਉਹ ਗੱਲ ਗੋਲ-ਮੋਲ ਕਰ ਗਈ ਸੀ। ਉਲਟਾ ਢਾਕਾਂ 'ਤੇ ਹੱਥ ਰੱਖ ਮੈਨੂੰ ਪੁੱਛਣ ਲੱਗੀ, "ਤੂੰ ਕੱਲ ਫ਼ਿਲਿਪ ਨਾਲ ਜਿੰਮ ਪਿੱਛੇ ਖੜੀ ਕੀ ਕਰ ਰਹੀ ਸੀ ਸਟੂਪਿਡ?"

"ਤੂੰ ਕਿਹੜਾ ਮੈਨੂੰ ਦੱਸਦੀ ਐਂ ਸਟੂਪਿਡ, ਤੈਨੂੰ ਵੀ ਤਾਂ ਆਉਡੀ ਵਾਲਾ ਲੈਣ ਆਉਂਦੈ।" ਮੈਂ ਸ਼ਰਾਰਤ ਨਾਲ ਆਖਿਆ।

ਦੀਪੀ ਚਾਅ ਵਿੱਚ ਸਰੂਰੀ ਬੋਲੀ, "ਹੀ ਇਜ਼ ਮਾਈ ਟੋਨੀ, ਮਾਈ ਲਵ...ਮੌਡਲਿੰਗ ਏਜੰਸੀ ਐ ਓਹਦੀ। ਆਹ ਸਾਰੀ ਸ਼ੌਪਿੰਗ ਓਹਨੇ ਕਰਵਾਈ ਐ।" ਬੈੱਡ 'ਤੇ ਖਿੱਲਰੇ ਸਿਲਕ ਦੇ ਅੰਡਰ ਗਾਰਮੈਂਟਸ ਤੇ ਮੇਕਅੱਪ ਦੇ ਸਾਮਾਨ ਵੱਲ ਉਸਨੇ ਹੱਥ ਕਰਕੇ ਆਖਿਆ।

ਉਹ ਝੱਟ ਉੱਠ ਦਰਾਜ ਵਿੱਚੋਂ ਆਪਣੀ ਨੋਟਬੁੱਕ ਕੱਢ ਲਿਆਈ। ਕਿੰਨਾਂ ਕੁਝ ਉਹ ਟੋਨੀ ਲਈ ਲਿਖੀ ਬੈਠੀ ਸੀ। ਮੈਂ ਉਸਤੋਂ ਨੋਟਬੁੱਕ ਖੋਹ ਕੇ ਬੈੱਡ 'ਤੇ ਚੜ੍ਹ ਗਈ, ਉੱਚੀ-ਉੱਚੀ ਪੜ੍ਹਨ ਲੱਗੀ। ਉਸਨੇ ਝਪਟਾ ਮਾਰ ਨੋਟਬੁੱਕ ਖੋਹ ਲਈ। ਮੈਂ ਉਸਦੇ ਝੱਲਪੁਣੇ 'ਤੇ ਹੱਸ ਕੇ ਆਖਿਆ, "ਯੂ ਆਰ ਲੱਕੀ, ਯੂ ਗੌਟ ਏ ਬੋਆਏ ਫ਼ਰੈਂਡ ਹੂ ਕੇਅਰਜ਼ ਫ਼ੌਰ ਯੂ।"

ਉਸਨੇ ਲੰਮਾ ਸਾਹ ਲੈਂਦਿਆਂ ਆਖਿਆ, "ਮੇਰਾ ਦਿਲ ਘਰੋਂ ਕਿਤੇ ਦੂਰ ਜਾਣ ਨੂੰ ਕਰ ਰਿਹੈ।"

"ਇੰਪੌਸੀਬਲ, ਹਾਓ ਕੈਨ ਯੂ ਡੂ ਦੈਟ ਸਟੂਪਿਡ?" ਮੈਂ ਆਪਣੇ ਮੋਢੇ ਚੁੱਕ ਕੇ ਆਖਿਆ, "ਤੇਰੇ ਪੇਰੈਂਟਸ ਨੂੰ ਪਤੈ? ਦੱਸਿਐ ਤੂੰ ਉਨ੍ਹਾਂ ਨੂੰ?"

"ਇਹ ਤੇਰਾ ਮੇਰਾ ਸੀਕਰੇਟ ਐ, ਕਿਸੇ ਨੂੰ ਪਤਾ ਨ੍ਹੀਂ ਲੱਗਣਾ ਚਾਹੀਦਾ... ਪਰੌਮਿਸ?"

ਪਤਾ ਨਹੀਂ ਕਿਉਂ ਉਸਦੀ ਚੀਚੀ ਉਂਗਲ 'ਚ ਆਪਣੀ ਚੀਚੀ ਫਸਾਉਂਦਿਆਂ ਮੇਰੀਆਂ ਅੱਖਾਂ ਭਰ ਆਈਆਂ।

ਉਦੋਂ ਹੀ ਆਂਟੀ ਨੇ ਆਵਾਜ਼ ਮਾਰ ਲਈ, ਸਾਡੀ ਗੱਲ ਵਿਚਾਲੇ ਰਹਿ ਗਈ। ਅਗਲੇ ਹਫ਼ਤੇ ਲੌਕਰ ਵਿੱਚ ਬੈਗ ਰੱਖਣ ਮਗਰੋਂ ਉਸਨੇ ਮੇਕਅੱਪ ਕੀਤਾ, ਆਪਣੀ ਸਕੈੱਚਾਂ ਵਾਲੀ ਐਲਬਮ ਕੱਢ ਕੇ ਮੈਨੂੰ ਫੜਾਈ। ਫੇਰ ਟੈਡੀਬੀਅਰ ਤੇ ਚੌਕਲੇਟ ਦਾ ਪੈਕਟ ਮੇਰੀਆਂ ਅੱਖਾਂ ਅੱਗੇ ਝੁਲਾ ਕੇ ਬੋਲੀ, "ਗਿਫ਼ਟ ਫ਼ਰੌਮ ਟੋਨੀ ! ਐਂ ਕਰ, ਤੂੰ ਚੌਕਲੇਟ ਰੱਖ ਲੈ। ਉਸ ਦਿਨ ਵਾਲਾ ਪਰੌਮਿਸ ਯਾਦ ਐ? ਆਪਣਾ ਸੀਕਰੇਟ...।"

ਮੈਂ ਹਾਂ 'ਚ ਸਿਰ ਹਿਲਾਇਆ। ਕੀ ਪਤਾ ਸੀ ਇਹ ਸਾਡਾ ਆਖਰੀ ਮੇਲ ਸੀ...।

ਉਸ ਦਿਨ ਦੀਪੀ ਸਾਰੀਆਂ ਕਲਾਸਾਂ ਵਿੱਚੋਂ ਗ਼ੈਰਹਾਜ਼ਰ ਰਹੀ। ਸਕੂਲੋਂ ਘਰ ਨਾ ਪੁੱਜਣ 'ਤੇ ਆਂਟੀ ਦੇ ਮੈਨੂੰ ਫ਼ੋਨ 'ਤੇ ਫ਼ੋਨ ਆਈ ਜਾਣ। ਦੇਰ ਰਾਤ ਤੱਕ ਵੀ ਉਸਦਾ ਕੋਈ ਥਹੁ ਪਤਾ ਨਾ ਲੱਗਿਆ। ਮੇਰੇ ਮੰਮਾ ਵੀ ਫ਼ਿਕਰਮੰਦ ਸਨ, ਉੱਪਰੋਂ ਮੈਨੂੰ ਦਿਲਾਸਾ ਦਿੰਦੇ ਰਹੇ ਕਿ ਹੋ ਸਕਦੈ ਉਸਦਾ ਕੁਝ ਦੁਖਦਾ ਹੋਵੇ। ਉਹ ਹਸਪਤਾਲ ਚਲੀ ਗਈ ਹੋਵੇ। ਉੱਥੇ ਕਿਹੜਾ ਛੇਤੀ ਵਾਰੀ ਆਉਂਦੀ ਹੈ ਪਰ ਮੈਨੂੰ ਅੰਦਰੋਂ ਕੁਝ ਤੋੜ-ਤੋੜ ਕੇ ਖਾਈ ਜਾ ਰਿਹਾ ਸੀ।

ਪੁਲੀਸ ਸਕੂਲ 'ਚ ਆਈ। ਨਾ ਚਾਹੁੰਦਿਆਂ ਹੋਇਆਂ ਵੀ ਟੋਨੀ ਬਾਰੇ ਮੈਥੋਂ ਦੱਸਿਆ ਗਿਆ। ਉਸਨੂੰ ਕਿਸੇ ਨੇ ਕਦੀ ਨਹੀਂ ਸੀ ਦੇਖਿਆ, ਉਹ ਕਾਲੇ ਸ਼ੀਸ਼ਿਆਂ ਵਾਲੀ ਆਉਡੀ 'ਚੋਂ ਬਾਹਰ ਹੀ ਨਹੀਂ ਸੀ ਨਿਕਲਿਆ।

ਅਗਲੀ ਰਾਤ ਟੀਵੀ ਚੈਨਲਾਂ ਉੱਤੇ ਦੀਪੀ ਦੀ ਫ਼ੋਟੋ ਉੱਪਰ 'ਮਿਸਿੰਗ' ਲਿਖਿਆ ਆ ਰਿਹਾ ਸੀ। ਮੈਂ ਆਪਣੀ ਚੀਚੀ ਉਂਗਲ ਵਾਰ-ਵਾਰ ਮਰੋੜ ਕੇ ਦੁਖਣ ਲਾ ਲਈ। ਕੋਈ ਗ਼ੁਬਾਰ ਮੇਰੇ ਅੰਦਰੋਂ ਉੱਠ-ਉੱਠ ਸਿਰ ਨੂੰ ਚੜ੍ਹੀ ਜਾਵੇ। ਮੈਨੂੰ ਆਪਣਾ ਆਪ ਦੋਸ਼ੀ ਲੱਗ ਰਿਹਾ ਸੀ। ਓਹ ਰਾਤ ਮੈਂ ਬਿਨਾਂ ਕੁਝ ਖਾਧੇ ਮਾਂ ਦੇ ਬੈੱਡ 'ਤੇ ਅੱਧ ਸੁੱਤਿਆਂ ਲੰਘਾਈ।

ਅਗਲੀ ਸਵੇਰ ਆਂਟੀ ਦੇ ਫ਼ੋਨ ਨੇ ਮੈਨੂੰ ਹੋਰ ਪੈਰੋਂ ਉਖਾੜ ਦਿੱਤਾ, "ਤੂੰ ਪੁਲੀਸ ਕੋਲ ਮੇਰੀ ਧੀ ਦੀ ਬਦਨਾਮੀ ਕਰਦੀ ਫਿਰਦੀ ਐਂ ਜੇ ਦੀਪੀ ਦਾ ਕੋਈ ਬੋਆਏ ਫ਼ਰੈਂਡ ਹੁੰਦਾ ਤਾਂ ਸਾਨੂੰ ਨਾ ਪਤਾ ਹੁੰਦਾ... ਬਾਪ ਤਾਂ ਓਹਦਾ ਭੋਰਾ ਵਸਾਹ ਨ੍ਹੀਂ ਖਾਂਦਾ। ਨਿਆਣਿਆਂ ਖਾਤਰ ਉਹ ਕੰਮ ਵੀ ਘਰੋਂ ਹੀ ਕਰ ਰਿਹੈ।"

ਪਿੱਛੋਂ ਅੰਕਲ ਦੀਆਂ ਆਵਾਜ਼ਾਂ ਆ ਰਹੀਆਂ ਸਨ। "ਪੁਲੀਸ ਨੂੰ ਤਾਂ ਲੱਭੂ ਜੇ ਗੁੰਮ ਹੋਈ ਹੋਵੇ... ਜਿਹੜੀ ਆਪ ਹੀ ਭੱਜ ਗਈ ਉਹ ਜਾਵੇ ਢੱਠੇ ਖੂਹ 'ਚ। ਮੈਨੂੰ ਤਾਂ ਪਹਿਲਾਂ ਹੀ ਓਹਦੇ ਲੱਛਣ ਠੀਕ ਨ੍ਹੀਂ ਸੀ ਲੱਗਦੇ। ਹਰ ਵੇਲੇ ਸੀਂਢਲ਼ ਜਿਹੀ ਸਿੰਮੀ ਦੇ ਮਗਰ ਫਿਰਦੀ ਰਹਿੰਦੀ ਸੀ।"

"ਬਸ ਮਲਕੀਤ ਬਸ।" ਆਂਟੀ ਦੀ ਆਵਾਜ਼ ਹੋਰ ਉੱਚੀ ਹੋ ਗਈ, "ਨਿੱਕੂ ਤੇਰਾ ਆਪਣਾ ਖ਼ੂਨ ਐ ਨਾ, ਉਹਨੂੰ ਬਥੇਰਾ ਸਿਰ ਚੜ੍ਹਾ ਰੱਖਿਐ। ਦੀਪੀ ਦੀ ਤਾਂ ਤੂੰ ਹਮੇਸ਼ਾਂ ਵੱਢਵੀਂ ਕਰਦਾ ਰਿਹੈਂ।" ਆਂਟੀ ਫ਼ੋਨ ਕੱਟਣਾ ਵੀ ਭੁੱਲ ਗਏ ਸਨ। ਉਹ ਕਿੰਨਾ ਚਿਰ ਖਹਿਬੜਦੇ ਰਹੇ। ਉਹਨਾਂ ਦੇ ਦੂਹਰੇ ਤੀਹਰੇ ਚਿਹਰੇ ਨੰਗੇ ਹੁੰਦੇ ਵੇਖ ਮੈਂ ਘਾਬਰ ਕੇ ਫ਼ੋਨ ਕੱਟ ਦਿੱਤਾ।

ਇਹ ਸਾਰੀਆਂ ਗੱਲਾਂ ਅੱਜ ਫੇਰ ਉੱਘੜ-ਦੁੱਘੜ ਮੇਰੇ ਚੇਤਿਆਂ 'ਚੋਂ ਲੰਘ ਰਹੀਆਂ ਹਨ। ਬੜਾ ਕੁਝ ਹੋਰ ਵੀ ਮੈਂ ਆਪਣੇ ਧੁਰ ਅੰਦਰ ਦਫ਼ਨ ਕੀਤਾ ਹੋਇਆ ਹੈ। ਇੱਕ ਵਾਰ ਮੈਂ ਬਿੱਲੀ ਨਾਲ ਖੇਡਣ ਐਵੇਂ ਗੈਰਾਜ ਵਿੱਚ ਜਾ ਵੜੀ। ਅੰਕਲ ਟੀ-ਸ਼ਰਟਾਂ ਛੱਡ ਮੇਰੇ ਕੋਲ ਆ ਬੈਠੇ। ਉਹਨਾਂ ਦੇ ਐਨ੍ਹ ਮੇਰੇ ਨਾਲ ਖਹਿ ਕੇ ਬੈਠਣ ਨੇ ਹੀ ਮੈਨੂੰ ਬੇਚੈਨ ਕਰ ਦਿੱਤਾ ਸੀ। ਜਦੋਂ ਮੈਨੂੰ ਬਾਹਾਂ ਤੋਂ ਖਿੱਚ ਕੇ ਆਪਣੇ ਨਾਲ ਲਾਇਆ, ਮੈਂ ਉਹਨਾਂ ਦਾ ਹੋਰੂੰ ਜਿਹਾ ਰੰਗ ਢੰਗ ਦੇਖ ਬਹੁਤ ਡਰ ਗਈ ਸਾਂ। ਉਸ ਵੇਲੇ ਦੀਪੀ ਧੁੱਸ ਦੇ ਕੇ ਅੰਦਰ ਆਈ, ਮੈਨੂੰ ਬਾਹੋਂ ਧੂਹ ਕੇ ਬਾਹਰ ਲੈ ਗਈ। ਮੇਰੀਆਂ ਲੱਤਾਂ ਕੰਬ ਰਹੀਆਂ ਸਨ। ਇੱਕ ਵਾਰ ਮੈਂ ਪਿੱਛੇ ਮੁੜਕੇ ਅੰਕਲ ਨੂੰ ਘੂਰਿਆ ਤਾਂ ਉਹ ਕੱਚਾ ਜਿਹਾ ਹੋਇਆ ਦੰਦ ਕੱਢ ਰਿਹਾ ਸੀ।

ਗਲੀ ਵਿੱਚ ਬਾਸਕਿਟਬਾਲ ਖੇਡਦਿਆਂ ਮੇਰਾ ਰੋਣਾ ਨਿੱਕਲੀ ਜਾ ਰਿਹਾ ਸੀ। ਦੀਪੀ ਦੇ ਰੋਕਦਿਆਂ-ਰੋਕਦਿਆਂ ਵੀ ਮੈਂ ਘਰ ਮੁੜ ਆਈ ਸੀ। ਨਾ ਦੀਪੀ ਨੇ ਮੈਨੂੰ ਇਸ ਬਾਰੇ ਕਦੇ ਪੁੱਛਿਆ ਨਾ ਮੈਂ ਗੱਲ ਛੇੜੀ।

ਦੀਪੀ ਦੇ ਘਰ ਜਾਣ ਨੂੰ ਮੇਰਾ ਉੱਕਾ ਹੀ ਦਿਲ ਨਾ ਕਰਦਾ। ਇਸ ਤੋਂ ਪਹਿਲਾਂ ਵੀ ਇੱਕ ਵਾਰ ਮੈਂ ਤੇ ਦੀਪੀ ਡਾਇਨਿੰਗ ਟੇਬਲ 'ਤੇ ਹੋਮਵਰਕ ਕਰ ਰਹੇ ਸਾਂ। ਆਂਟੀ ਕਿਚਨ ਵੱਲ ਮੂੰਹ ਕਰਕੇ ਸੋਫ਼ੇ 'ਤੇ ਸਿਰ ਬੰਨ੍ਹੀ ਲੇਟੇ ਹੋਏ। ਅੰਕਲ ਪੀਜ਼ੇ ਦੀਆਂ ਸਲਾਈਸਾਂ ਸਾਡੇ ਅੱਗੇ ਰੱਖ ਕੇ ਚਲੇ ਗਏ। ਦੀਪੀ ਉੱਠੀ, ਚੁੱਪ-ਚਾਪ ਸਲਾਈਸਾਂ ਵਾਲੀ ਪਲੇਟ ਕਿਚਨ ਕਾਊਂਟਰ 'ਤੇ ਰੱਖ ਆਈ। ਆਂਟੀ ਦੀ ਬਿਮਾਰ ਜਿਹੀ ਆਵਾਜ਼ ਆਉਂਦੀ ਰਹੀ, "ਜੇ ਬਾਪ ਨਾਲ ਐਂ ਰੁੱਸੀ ਰਹੇਂਗੀ, ਉਹਨੂੰ ਗੁੱਸਾ ਤਾਂ ਆਊਗਾ ਹੀ।"

ਦੀਪੀ ਸਿਰ ਝੁਕਾਈਂ ਆਪਣੀਆਂ ਉਂਗਲਾਂ ਮਰੋੜਦੀ ਰਹੀ। ਦੁੱਖ ਤੇ ਰੋਹ ਨਾਲ ਉਸਦਾ ਚਿਹਰਾ ਦਗ਼-ਦਗ਼ ਕਰ ਰਿਹਾ ਸੀ। ਮੈਂ ਉਸਦਾ ਹੱਥ ਪਲੋਸਣ ਲੱਗ ਪਈ ਸਾਂ। ਸਕੂਲ ਵਿੱਚ ਉਹ ਹੋਰ ਕਿਸੇ ਨਾਲ ਬਹੁਤਾ ਘੁਲਦੀ ਮਿਲਦੀ ਨਹੀਂ ਸੀ, ਨਾ ਕੁਝ ਦੱਸਦੀ। ਹੁਣ ਕਿਤੇ ਮਿਲ ਜਾਵੇ ਤਾਂ ਮੈਂ ਉਸਦਾ ਸਾਰਾ ਦੁੱਖ ਸੁਣ ਲਵਾਂ। ਜੇ ਕਿਤੇ ਮੈਂ ਉਹਦਾ ਦੁੱਖ ਹੌਲ਼ਾ ਕਰ ਸਕਾਂ।

ਫਿਰ ਇੱਕ ਦਿਨ ਸਾਨੂੰ ਮਾਲ ਵਿੱਚ ਸ਼ੌਪਿੰਗ ਕਰਦਿਆਂ ਆਂਟੀ ਤੇ ਨਿੱਕੂ ਟੱਕਰ ਗਏ। ਉਦਾਸੀ ਦੀ ਕਾਲਖ਼ ਆਂਟੀ ਦੇ ਚਿਹਰੇ 'ਤੇ ਫਿਰੀ ਹੋਈ ਸੀ। ਮਿਲੇ ਤਾਂ ਆਂਟੀ ਓਪਰਿਆਂ ਵਾਂਗ ਹੀ ਪਰ ਨਿੱਕੂ ਨੇ ਮੇਰਾ

ਨੰਬਰ ਲੈ ਲਿਆ। ਮੇਰੀ ਦੀਪੀ ਨੂੰ ਮਿਲਣ ਦੀ ਆਸ ਫੇਰ ਬੱਝਣ ਲੱਗ ਪਈ।

*******

ਵਿਆਹ ਤੋਂ ਬਾਅਦ ਅਸੀਂ ਇੱਕ ਪੁਰਾਣਾ ਜਿਹਾ ਫ਼ਾਰਮ ਹਾਊਸ ਖ਼ਰੀਦ ਲਿਆ। ਮਾਈਕਲ ਦਾ ਸ਼ੌਂਕ ਦੋ ਚਾਰ ਗਊਆਂ ਰੱਖਣ ਦਾ ਤੇ ਮੇਰਾ ਸਟੂਡਿਓ ਬਣਾਉਣ ਦਾ ਸੀ। ਡਿਗਰੀ ਤਾਂ ਅਸੀਂ ਫ਼ਿਲਮ ਮੇਕਿੰਗ 'ਚ ਕੀਤੀ ਪਰ ਸ਼ੁਰੂ-ਸ਼ੁਰੂ ਵਿੱਚ ਜਿਹੜਾ ਵੀ ਕੰਮ ਫ਼ੋਟੋਗਰਾਫ਼ੀ ਜਾਂ ਵੈਡਿੰਗ ਸ਼ੂਟ ਦਾ ਮਿਲਦਾ, ਅਸੀਂ ਫੜ ਲੈਂਦੇ। ਡੌਕੂਮੈਂਟਰੀ ਫ਼ਿਲਮਾਂ ਬਣਾਉਣ ਦਾ ਸੁਪਨਾ ਅਜੇ ਪੂਰਾ ਨਹੀਂ ਸੀ ਹੋ ਰਿਹਾ ਪਰ ਅਸੀਂ ਡਟੇ ਹੋਏ ਸਾਂ।

ਮਹੀਨੇ ਕੁ ਬਾਅਦ ਨਿੱਕੂ ਦਾ ਫ਼ੋਨ ਆਇਆ। ਕਹਿਣ ਲੱਗਾ ਕਿ ਦੀਪੀ ਨੂੰ ਕੈਲੀਫ਼ੋਰਨੀਆ ਵਿੱਚ ਪੁਲੀਸ ਨੇ ਲੱਭ ਲਿਆ। ਸੈਨਹੋਜ਼ੇ ਸ਼ਹਿਰ ਦਾ ਜੋ ਵੀ ਸਿਰਨਾਵਾਂ ਪੁਲੀਸ ਨੇ ਦਿੱਤਾ ਸੀ ਉੱਥੇ ਉਹ ਮਾਂ-ਪੁੱਤ ਹੋ ਵੀ ਆਏ ਸਨ। ਦੀਪੀ ਉਹਨਾਂ ਨੂੰ ਨਹੀਂ ਸੀ ਮਿਲੀ। ਮੈਂ ਦੁਚਿੱਤੀ ਵਿੱਚ ਸਾਂ, ਮਾਈਕਲ ਨੂੰ ਦੱਸਾਂ ਜਾਂ ਨਾ। ਮੇਰਾ ਦਿਲ ਕਰਦਾ ਸੀ, ਉਹ ਨਾਲ ਚੱਲੇ। ਸਾਰੀ ਗੱਲ ਸੁਣਕੇ ਮਾਈਕਲ ਨੇ ਸਾਹਮਣੇ ਖੇਡਦੇ ਸਾਈਮਨ ਤੇ ਨੇਹਾ ਵੱਲ ਇਸ਼ਾਰਾ ਕਰਦਿਆਂ ਕਿਹਾ, "ਇਹ ਫ਼ੁਲ ਟਾਇਮ ਜੌਬ ਕੌਣ ਸਾਂਭੂ?"

ਆਖਰ ਤੈਅ ਹੋਇਆ ਕਿ ਮੈਂ ਇਕੱਲੀ ਜਾਵਾਂਗੀ। ਬੱਚਿਆਂ ਦੀ ਸੰਭਾਲ ਲਈ ਮੈਂ ਮੰਮਾ ਨੂੰ ਵੀ ਬੁਲਾ ਲਿਆ। ਮੇਰੇ ਜਾਣ ਦਾ ਸੁਣ ਕੇ ਉਹ ਬੁੜਬੁੜ ਕਰਦੇ ਆ ਤਾਂ ਗਏ ਪਰ ਇਸ ਗੱਲੋਂ ਔਖੇ ਸਨ ਕਿ ਉੱਥੋਂ ਪਰਤ ਕੇ ਮੈਂ ਹੋਰ ਬੇਚੈਨ ਤੇ ਉਦਾਸ ਹੋ ਜਾਣਾ ਸੀ। ਮਾਈਕਲ ਤੇ ਮੰਮਾ ਇੱਕ ਧਿਰ ਬਣੀਂ ਖੜ੍ਹੇ ਸਨ। ਮੈਂ ਘੇਸਲ ਜਿਹੀ ਵੱਟ ਕੇ ਤੁਰ ਗਈ। ਮੇਰੀ ਫ਼ਲਾਈਟ ਤੇ ਹੋਟਲ ਬੁਕਿੰਗ ਮਾਈਕਲ ਨੇ ਕਰਵਾ ਦਿੱਤੀ ਸੀ। ਸੈਨਹੋਜ਼ੇ ਏਅਰਪੋਰਟ ਤੋਂ ਟੈਕਸੀ ਫੜਕੇ ਮੈਂ ਸਮਾਨ ਹੋਟਲ ਵਿੱਚ ਜਾ ਰੱਖਿਆ। ਇਹ ਬੜੀ ਵਧੀਆ ਜਿਹੀ ਥਾਂ ਸੀ। ਉੱਥੋਂ ਟੈਕਸੀ ਕਰਕੇ ਮੈਂ ਘੁੰਮਦੀ-ਘੁਮਾਉਂਦੀ ਪੁਰਾਣੀ ਜਿਹੀ ਬਿਲਡਿੰਗ ਸਾਹਮਣੇ ਜਾ ਉਤਰੀ। ਥਾਂ-ਥਾਂ ਤੇ ਕੂੜਾ ਕਰਕਟ ਸੁੱਟਿਆ ਹੋਇਆ। ਟੈਕਸੀ ਡਰਾਇਵਰ ਨੂੰ ਰੁਕਣ ਲਈ ਆਖ ਮੈਂ ਪੌੜੀਆਂ ਚੜ੍ਹਨ ਲੱਗੀ। ਤਰਾਂ-ਤਰਾਂ ਦੇ ਮਸਾਲਿਆਂ ਦੀ ਤੇਜ਼ ਗੰਧ ਸਿਰ ਨੂੰ ਚੜ੍ਹ ਰਹੀ ਸੀ।

ਮੈਂ 302 ਨੰਬਰ ਦਰਵਾਜ਼ਾ ਜਾ ਖੜ੍ਹਕਾਇਆ। ਕੋਈ ਜਵਾਬ ਨਾ ਆਉਣ ਤੇ ਮੈਂ ਬੇਆਸ ਜਿਹੀ ਹੋ ਮੁੜਨ ਹੀ ਲੱਗੀ ਸਾਂ ਕਿ ਨਾਲ ਲਗਦਾ ਦਰਵਾਜ਼ਾ ਖੁੱਲ੍ਹਿਆ। ਮੈਕਸੀਕਨ ਮੁਹਾਂਦਰੇ ਤੇ ਉਲਝੇ ਵਾਲਾਂ ਵਾਲੀ ਇੱਕ ਔਰਤ ਨੇ ਮੂੰਹ ਦਰਵਾਜ਼ੇ ਵਿੱਚੋਂ ਬਾਹਰ ਕੱਢ ਕੇ ਪੁੱਛਿਆ, "ਲੁਕਿੰਗ ਫ਼ੌਰ ਪਰਲ?"

ਮੈਂ ਨਾਂਹ 'ਚ ਸਿਰ ਹਿਲਾਇਆ। ਉਸਨੇ ਵਿਅੰਗ ਭਰੀ ਮੁਸਕਾਨ ਨਾਲ ਪੁੱਛਿਆ, "ਡੀਪੀ...?"

"ਯੈੱਸ ਯੈੱਸ।" ਮੈਂ ਕਾਹਲ਼ੀ 'ਚ ਕਿਹਾ।

"ਇੱਥੋਂ ਮੂਵ ਹੋ ਗਈ ਐ... ਉਹ ਤੈਨੂੰ ਪਿੰਕ ਪੂਡਲ ਬਾਰ ਵਿੱਚ ਮਿਲ ਸਕਦੀ ਐ। ਕਿਸੇ ਵੀ ਟੈਕਸੀ ਵਾਲੇ 'ਤੋਂ ਬਾਰ ਦਾ ਪਤਾ ਪੁੱਛ ਲਵੀਂ।"

ਖਚਰੀ ਹਾਸੀ ਉਭਰੀ ਸੀ। ਮੈਨੂੰ ਅਜੀਬ ਜਿਹੀ ਕੋਫ਼ਤ ਹੋਣ ਲੱਗੀ। ਟੈਕਸੀ ਵਿੱਚ ਬੈਠੀ ਨੂੰ ਵੀ ਮੈਨੂੰ ਖਚਰੀ ਹਾਸੀ ਵਾਲਾ ਚਿਹਰਾ ਦਿਖੀ ਗਿਆ। ਮੈਂ ਮਾਈਕਲ ਨੂੰ ਫ਼ੋਨ ਲਾ ਲਿਆ। ਲੁਕਾਉਣ ਦੀ ਕੋਸ਼ਿਸ਼ ਦੇ ਬਾਵਜੂਦ ਉਸਨੇ ਮੇਰੀ ਆਵਾਜ਼ ਵਿਚਲੀ ਝੁੰਜਲਾਹਟ ਮਹਿਸੂਸ ਕਰ ਲਈ।

ਟੈਕਸੀ ਪਿੰਕ ਪੂਡਲ ਅੱਗੇ ਜਾ ਰੁਕੀ। ਚੌਕਸ ਕਦਮੀਂ ਮੈਂ ਬਾਰ 'ਚ ਵੜੀ। ਅੰਦਰ ਸਿਗਰਟ ਦੇ ਧੂੰਏਂ ਤੇ ਸ਼ਰਾਬ ਦੀ ਬੋਅ ਨਾਲ ਸਾਹ ਨਹੀਂ ਸੀ ਆ ਰਿਹਾ। ਫਿੱਕੀ ਜਿਹੀ ਰੋਸ਼ਨੀ 'ਚ ਟੇਬਲਾਂ ਦੁਆਲੇ ਬੈਠੇ ਲੋਕ ਮੈਨੂੰ ਤਾੜ ਰਹੇ ਸਨ। ਮੈਂ ਤਾਂ ਕੱਪੜੇ ਵੀ ਸਾਦੇ ਜਿਹੇ ਪਾਏ ਹੋਏ ਸਨ। ਦੀਪੀ ਤਾਂ ਕੀ, ਬਾਰ 'ਚ ਕੋਈ ਵੀ ਕੁੜੀ ਨਜ਼ਰ ਨਾ ਆਈ। ਬਾਹਰ ਹਨੇਰਾ ਉਤਰ ਰਿਹਾ ਸੀ। ਫੇਰ ਵੀ ਮੈਂ ਨੇੜਲੀਆਂ ਦੋ ਕੁ ਹੋਰ ਬਾਰਾਂ ਦਾ ਗੇੜਾ ਕੱਢ ਲਿਆ। ਦੀਪੀ ਨਹੀਂ ਮਿਲੀ। ਨਿਰਾਸ਼ਾ ਵਧ ਰਹੀ ਸੀ, ਮੈਂ ਹੋਟਲ ਵਾਪਸ ਆ ਗਈ। ਕਮਰੇ ਵਿੱਚ ਜਾ ਕੇ ਮੂੰਹ

ਹੱਥ ਧੋ ਫ਼ਰੈਸ਼ ਹੋਈ। ਮਾਈਕਲ ਦੀਆਂ ਦੋ ਮਿੱਸਡ ਕਾਲਾਂ ਦੇਖ ਕੇ ਮੈਂ ਵੀਡੀਓ ਕਾਲ ਲਗਾ ਲਈ। ਗੱਲ ਕਰਕੇ ਥੋੜ੍ਹਾ ਹੌਂਸਲੇ ਵਿੱਚ ਸਾਂ। ਖਾਣਾ ਖਾ ਕੇ ਮੈਂ ਲੰਮੇ-ਲੰਮੇ ਸਾਹ ਲੈਂਦਿਆਂ ਇਹ ਸੋਚ ਕੇ ਸੌਂ ਗਈ ਕਿ ਕੱਲ੍ਹ ਨੂੰ ਫੇਰ ਮੁਹਿੰਮ 'ਤੇ ਜਾਣੈ।

ਦਿਲ ਕਰੜਾ ਕਰਕੇ ਮੈਂ ਅਗਲੀ ਸ਼ਾਮ ਫੇਰ ਪਿੰਕ ਪੂਡਲ ਪੁੱਜ ਗਈ। ਅੰਦਰ ਵੜਦੇ ਸਾਰ ਮੇਰੀ ਨਜ਼ਰ ਬਾਰ ਕਾਊਂਟਰ ਅੱਗੇ ਸਟੂਲ 'ਤੇ ਬੈਠੀ ਕੁੜੀ ਵੱਲ ਗਈ। ਉਸਦੀ ਮੇਰੇ ਵੱਲ ਪਿੱਠ ਸੀ। ਉਹ ਬਾਰ ਟੈਂਡਰ ਨਾਲ ਗੱਲੀਂ ਲੱਗੀ ਹੋਈ ਸੀ। ਮਘੋਰਿਆਂ ਵਾਲੀ ਜੀਨ ਤੇ ਬਿਨਾਂ ਬਾਹਾਂ ਵਾਲੀ ਸ਼ਰਟ ਵਿੱਚੋਂ ਝਾਕਦੀਆਂ ਭਰਵੀਆਂ ਬਾਹਾਂ ਟੈਟੂਆਂ ਨਾਲ ਭਰੀਆਂ ਹੋਈਆਂ ਸਨ। ਮੈਂ ਅਜੇ ਕੋਈ ਨਿਰਣਾ ਨਹੀਂ ਸੀ ਕਰ ਸਕੀ, ਉਸਨੇ ਪਿੱਛੇ ਮੂੰਹ ਘੁੰਮਾ ਕੇ ਦੇਖਿਆ। ਮੇਰੇ ਪੈਰ ਥਾਏਂ ਜੁੜ ਗਏ। ਅੱਠਵੀਂ 'ਚ ਪੜ੍ਹਦੀ ਨਾਜ਼ਕ ਜਿਹੀ ਦੀਪੀ ਦਾ ਝੌਲ਼ਾ ਪਿਆ। ਮੈਂ ਹੌਂਸਲਾ ਕਰਕੇ ਅੱਗੇ ਵਧੀ, ਮੇਰੇ ਹੱਥ ਉਸਦੇ ਚਿਹਰੇ ਵੱਲ ਉੱਠੇ। ਉਹ ਪਰੇ ਧੱਕਦੀ ਬੋਲੀ, "ਵੱਟ ਆਰ ਯੂ ਡੂਇੰਗ ਹੇਅਰ?"

"ਲੁਕਿੰਗ ਫ਼ੌਰ ਯੂ ਸਟੂਪਿਡ।" ਮੈਂ ਦੂਰ ਕਿਤੋਂ ਆਪਣੀ ਹੀ ਆਵਾਜ਼ ਸੁਣ ਰਹੀ ਸੀ।

ਬਾਰ ਟੈਂਡਰ ਡੌਰ ਭੌਰ ਜਿਹਾ ਤੱਕ ਰਿਹਾ ਸੀ। ਉਹ ਉੱਠ ਖੜ੍ਹੀ ਹੋਈ, ਮਰੇ ਜਿਹੇ ਕਦਮ ਪੁੱਟਦੀ ਮੈਨੂੰ ਬਾਰ ਦੇ ਇੱਕ ਖੂੰਜੇ ਵੱਲ ਲੈ ਤੁਰੀ।

ਟੇਬਲ 'ਤੇ ਆਹਮੋ ਸਾਹਮਣੇ ਬੈਠੀਆਂ ਅਸੀਂ ਕਿੰਨਾ ਚਿਰ ਚੁੱਪ ਰਹੀਆਂ। ਕਦੇ ਉਹਦੇ ਬੁੱਲ੍ਹ ਫਰਕਦੇ ਕਦੇ ਮੇਰੇ। ਕੁਝ ਚਿਰ ਮਗਰੋਂ ਮੈਂ ਉਸਦੇ ਹੱਥ 'ਤੇ ਹੱਥ ਧਰਿਆ। ਉਹਨੇ ਹੱਥ ਪਿੱਛੇ ਖਿੱਚ ਲਿਆ। ਫੇਰ ਮੇਰੇ ਹੱਥ 'ਤੇ ਹੱਥ ਧਰ ਦਿੱਤਾ। ਮੇਕਅੱਪ ਦੀ ਜੰਮੀਂ ਪੇਪੜੀ ਕਰਕੇ ਉਹਦੇ ਚਿਹਰੇ ਦੇ ਰੰਗ ਵੀ ਪਛਾਣੇ ਨਹੀਂ ਸਨ ਜਾ ਰਹੇ। ਮੇਰਾ ਜੀਅ ਕਰੇ ਕਿ ਵਾਸ਼ਰੂਮ ਲਿਜਾ ਉਹਦਾ ਮੂੰਹ ਮਲ ਕੇ ਧੋ ਸੁੱਟਾਂ। ਕਿਤੋਂ ਤਾਂ ਮੈਨੂੰ ਦੀਪੀ ਦਿਸੇ।

"ਇਹ ਕੀ ਹਾਲ ਬਣਾ ਰੱਖਿਐ, ਆਹ ਟੈਟੂ...?" ਗੱਲ ਮੇਰੇ ਮੂੰਹ ਵਿੱਚ ਹੀ ਸੀ ਕਿ ਉਸਨੇ ਹੱਥ ਪਿੱਛੇ ਕਰ ਲਿਆ। ਤਲਖ ਆਵਾਜ਼ 'ਚ ਬੋਲੀ, "ਤੈਨੂੰ ਟੈਟੂਆਂ ਨਾਲ ਕੋਈ ਪਰੌਬਲਮ ਐ? ਫੇਰ ਤਾਂ ਮੇਰੇ ਬਾਰੇ ਬੜਾ ਕੁਸ਼ ਐ ਜੋ ਤੇਰੀ ਸ਼ਰਾਫ਼ਤ ਸੁਣ ਵੀ ਨਾ ਸਕੇ... ਆਈ ਐਮ ਏ ਸੈੱਕਸ ਵਰਕਰ।"

ਸ਼ੱਕ ਤਾਂ ਮੈਨੂੰ ਪਹਿਲਾਂ ਹੀ ਸੀ ਪਰ ਉਸਦੇ ਮੂੰਹੋਂ ਸੁਣ ਕੇ ਹੋਰ ਘੁਟਣ ਜਿਹੀ ਹੋਣ ਲੱਗ ਪਈ।

ਉਹ ਵਾਰ-ਵਾਰ ਗਰਦਨ ਘੁੰਮਾ ਪਿੱਛੇ ਦੇਖੀ ਜਾਂਦੀ। ਸਾਡੀ ਕੋਈ ਗੱਲਬਾਤ ਚੱਜ ਨਾਲ ਤੁਰ ਨਹੀਂ ਸੀ ਰਹੀ, ਉਦਾਂ ਮੈਂ ਨੱਕੋ-ਨੱਕ ਭਰੀ ਪਈ ਸੀ। ਮਾਈਕਲ ਤੇ ਬੱਚਿਆਂ ਦੀਆਂ ਗੱਲਾਂ ਛੇੜ ਲਈਆਂ। ਉਹ ਬੇਪਰਵਾਹੀ ਨਾਲ ਖਿੜਕੀ ਤੋਂ ਬਾਹਰ ਦੇਖ ਰਹੀ ਸੀ। ਵੇਟਰ ਸਿਰ 'ਤੇ ਆ ਖਲੋਤਾ, ਉਹ ਪਰਲ ਆਖ ਕੇ ਉਸ ਨਾਲ ਗੱਲਾਂ ਕਰ ਰਿਹਾ ਸੀ'

"ਬੀਅਰ ਪੀਵੇਂਗੀ?" ਦੀਪੀ ਨੇ ਮੈਨੂੰ ਪੁੱਛਿਆ।

"ਨਹੀਂ।"

"ਕੌਫ਼ੀ?"

ਮੈਂ ਹਾਂ ਵਿੱਚ ਸਿਰ ਹਿਲਾਇਆ। ਕੁਝ ਦੇਰ ਮਗਰੋਂ ਵੇਟਰ ਕੌਫ਼ੀ ਤੇ ਬੀਅਰ ਸਾਡੇ ਅੱਗੇ ਧਰ ਗਿਆ। ਮੈਂ ਕੌਫ਼ੀ ਦੀ ਭਾਫ਼ ਵਿੱਚੋਂ ਉਸਨੂੰ ਤੱਕਦੀ ਸੋਚ ਰਹੀ ਸਾਂ, ਜ਼ਿੰਦਗੀ 'ਚੋਂ ਚੰਗੇ ਦੋਸਤ ਕਿਉਂ ਕਿਰ ਜਾਂਦੇ ਨੇ? ਉਹ ਵੀ ਇਸ ਤਰ੍ਹਾ...।

"ਟੋਨੀ...?" ਮੈਂ ਐਨਾ ਹੀ ਪੁੱਛ ਸਕੀ। ਉਸਨੇ ਬੜੀ ਕੁੜੱਤਣ ਨਾਲ ਕਿਹਾ, "ਉਸ ਹਰਾਮਜ਼ਾਦੇ ਨੇ ਤਾਂ ਇਸ ਗੰਦਗੀ 'ਚ ਧੱਕਿਐ ਮੈਨੂੰ... ਉਹ ਵੀ ਪਿਆਰ ਦੇ ਨਾਂ 'ਤੇ ਹਰ ਰਾਤ ਸੌ ਹੱਥਾਂ ਵਿੱਚੋਂ ਲੰਘਾ ਕੇ ਉਹਨੇ ਜੋ ਖਿਲਵਾੜ ਮੇਰੇ ਨਾਲ ਕੀਤੈ, ਉਹਦੇ ਲਈ ਮੈਂ ਤਾਂ ਆਪਣੇ ਆਪ ਨੂੰ ਹੀ ਦੋਸ਼ ਦਿੰਦੀ ਰਹਿੰਨੀ

ਆਂ... ਚਾਹੇ ਭੋਰਾ ਭਰ ਨਿਆਣੀ ਸੀ ਮੈਂ ਉਦੋਂ।"

ਮੈਨੂੰ ਹੋਰ ਕੁਝ ਨਹੀਂ ਸੀ ਔੜ ਰਿਹਾ।ਉਹ ਵੀ ਚੁੱਪ ਹੋ ਗਈ ਸੀ। ਫਿਰ ਅਚਾਨਕ ਬੋਲੀ, "ਮੈਨੂੰ ਜਾਣਾ ਪੈਣੈ, ਮੇਰਾ ਜੌਨ ਆਉਣ ਵਾਲ਼ੈ।"

"ਜੌਨ...?"

"ਮੇਰਾ ਗਾਹਕ।" ਕਹਿ ਉਸਨੇ ਫੇਰ ਮੈਨੂੰ ਵਿੰਨ੍ਹ ਸੁੱਟਿਆ।

ਮੈਂ ਪਰਸ ਵਿੱਚੋਂ ਆਪਣੇ ਹੋਟਲ ਦਾ ਕਾਰਡ ਕੱਢ ਉਸ ਵੱਲ ਵਧਾਇਆ।ਉਸਨੇ ਅੱਧੀ ਕੁ ਉੱਠ, ਲੰਮੀ ਘੁੱਟ 'ਚ ਬੀਅਰ ਮੁਕਾਈ, ਡਕਾਰ ਮਾਰ ਕੇ ਤੁਰ ਪਈ। ਕੌਫ਼ੀ ਲਾਂਭੇ ਕਰ ਮੈਨੂੰ ਵੀ ਉੱਠਣਾ ਪਿਆ, ਪੀਣੀ ਤਾਂ ਕੀ ਸੀ। ਵਾਪਸ ਹੋਟਲ ਆ ਕੇ ਮੈਂ ਬੈੱਡ 'ਤੇ ਡਿੱਗ ਪਈ। ਕਿੰਨਾ ਚਿਰ ਛੱਤ ਵੱਲ ਦੇਖਦੀ ਰਹੀ। ਚਿੱਤ 'ਚ ਆਈ ਜਾਵੇ, ਇਹ ਪਲ ਕਿੰਨੇ ਖੁਸ਼ਬੋਆਂ ਭਰੇ ਹੋਣੇ ਸੀ ਜੇ ਉਹ ਮੈਨੂੰ ਠੀਕ ਠਾਕ ਹਾਲਾਤ 'ਚ ਮਿਲਦੀ। ਕੰਬਲ ਸਿਰ ਤੱਕ ਕਰਕੇ ਸੌਣ ਦਾ ਯਤਨ ਕਰਾਂ ਪਰ ਨੀਂਦ ਕਿੱਥੇ?

ਅੱਧੀ ਰਾਤ ਹੋ ਚੁੱਕੀ ਸੀ, ਅਚਾਨਕ ਫ਼ੋਨ ਦੀ ਘੰਟੀ ਵੱਜੀ।

"ਸੌਰੀ ਮੈਂ ਤੇਰੇ ਨਾਲ ਕੋਈ ਗੱਲ ਵੀ ਨਾ ਕਰ ਸਕੀ... ਇੱਕ ਤੋਂ ਮਗਰੋਂ ਦੂਜਾ ਜੌਨ ਆਈ ਗਿਆ, ਉਨ੍ਹਾਂ 'ਚੋਂ ਇੱਕ ਤਾਂ ਮੈਨੂੰ ਡੈੱਡ ਮੀਟ ਕਹਿ ਕੇ ਛੱਡ ਗਿਆ।" ਉਸਦੀ ਆਵਾਜ਼ ਨਸ਼ੇ 'ਚ ਲਰਜ਼ ਰਹੀ ਸੀ। "ਆਈ ਐਮ ਡੈੱਡ ਮੀਟ ਨਾਓ... ਉਨ੍ਹਾਂ ਨੂੰ ਤੇਰਾ ਚੌਦਾਂ ਸਾਲ ਦੀਆਂ ਚਾਹੀਦੀਆਂ ਨੇ ਨਾ...।" ਉਹ ਹੱਸੀ

ਮੈਂ ਅਸ਼ਾਂਤ, ਨਿਰਾਸ਼ਾ ਵਿੱਚ ਘਿਰੀ ਉਸਦਾ ਫ਼ੋਨ ਸੁਣੀ ਜਾ ਰਹੀ ਸਾਂ। ਉਸਦੀ ਆਵਾਜ਼ ਫੇਰ ਆਈ, "ਮੇਰੀ ਮੌਮ ਦਾ ਹਸਬੈਂਡ ਮਰਿਆ ਹਾਲੇ ਕਿ ਨਹੀਂ?"

"ਅਧਰੰਗ ਹੋਇਐ ਉਹਨੂੰ...।"

"ਫ਼ਕਿੰਗ ਐਸਹੋਲ... ਲੈੱਟ ਹਿੰਮ ਰੌਟ ਇੰਨ ਹੈੱਲ... ਘਰ ਚ ਕੀ ਕੁਸ਼ ਨ੍ਹੀਂ ਸੀ ਕਰਦਾ ਉਹ। ਮਾਂ ਨੂੰ ਪਤਾ ਨ੍ਹੀਂ ਅਕਲ ਦਾ ਘਾਟਾ ਸੀ ਜਾਂ ਉਸਤੋਂ ਡਰਦੀ ਸੀ। ਮੈਨੂੰ ਤਾਂ ਸਿੰਮੀ ਫ਼ਿਕਰ ਲੱਗਿਆ ਰਹਿੰਦਾ, ਕਿਤੇ ਉਹ ਕਸਾਈ ਤੇਰਾ ਨਾਸ ਨਾ ਮਾਰ ਦੇਵੇ। ਜਦੋਂ ਤੂੰ ਸਾਡੇ ਘਰ ਆਉਣੋਂ ਹਟੀ, ਮੇਰਾ ਦਿਲ ਤਾਂ ਦੁਖਿਆ ਪਰ ਮੈਂ ਸ਼ੁਕਰ ਕੀਤਾ।"

"ਹਾਂ, ਤੂੰ ਮੈਨੂੰ ਉਦੋਂ ਐਨ੍ਹ ਮੌਕੇ ਤੇ ਬਚਾ ਲਿਆ।" ਮੈਂ ਪਹਿਲੀ ਵਾਰ ਗੱਲ ਸਾਂਝੀ ਕਰਕੇ ਹੌਲੀ ਹੋਈ ਸਾਂ। ਭਾਵੇਂ ਉਹ ਇਸ ਵੇਲੇ ਹੋਸ਼ ਵਿੱਚ ਨਹੀਂ ਸੀ ਪਰ ਮੈਂ ਚਾਹੁੰਦੀ ਸੀ ਕਿ ਉਹ ਵੀ ਹੌਲ਼ੀ ਹੋ ਲਵੇ। ਇਸ ਮਨਸ਼ੇ ਨਾਲ ਮੈਂ ਉਸਨੂੰ ਪੁੱਛਿਆ, "ਦੀਪੀ ਹੋਰ ਕੀ-ਕੀ ਕਰਦਾ ਸੀ ਉਹ ਸਕੰਮਬੈਗ?"

"ਤੈਨੂੰ ਤਾਂ ਪਤਾ ਹੀ ਐ, ਜੋ ਕੁਸ਼ ਉਸ ਦਿਨ ਤੇਰੇ ਨਾਲ ਹੋਣ ਲੱਗਾ ਸੀ। ਉਹੀ ਮੇਰੇ ਨਾਲ ਹੁੰਦਾ ਸੀ। ਬਿੱਲੀ ਵੀ ਮੂੰਹ ਪਰੇ ਕਰਕੇ ਬੈਠ ਜਾਂਦੀ। ਮੈਨੂੰ ਤਾਂ ਬਿੱਲੀ ਤੋਂ ਵੀ ਸ਼ਰਮ ਆਉਣ ਲੱਗ ਪਈ ਸੀ। ਕਦੇ ਉਹ ਆਪਣੀਆਂ ਅੱਖਾਂ ਵਿੱਚ ਦਵਾਈ ਪਵਾਉਣ ਦੇ ਬਹਾਨੇ ਮੈਨੂੰ ਗ਼ਲਤ ਟੱਚ ਕਰਦਾ... ਕਦੇ ਮੇਰੇ ਬਾਥਰੂਮ ਵਿੱਚ ਵੜ ਆਉਂਦਾ।"

ਮੈਨੂੰ ਯਾਦ ਆਇਆ ਕਿ ਉਹ ਆਈ ਡਰੌਪਸ ਦੀ ਸ਼ੀਸ਼ੀ ਲੈ ਕੇ ਦੀਪੀ ਦੇ ਮਗਰ-ਮਗਰ ਫਿਰਦਾ ਹੁੰਦਾ ਸੀ। ਦੀਪੀ ਦੀ ਆਵਾਜ਼ ਕੰਬ ਰਹੀ ਸੀ, "ਉਹ ਹਰ ਵੇਲੇ ਮੇਰੇ ਕੰਮਾਂ ਵਿੱਚ ਨੁਕਸ ਕੱਢਕੇ ਮੌਮ ਤੋਂ ਜੁੱਤੀਆਂ ਪਵਾਉਂਦਾ... ਕਦੀਂ ਆਖਦਾ, ਬਾਹਰ ਵੀ ਤਾਂ ਰੇਪ ਕਰਾਉਂਦੀ ਫਿਰਦੀ ਐਂ, ਮੈਨੂੰ ਕੀੜੇ ਪਏ ਐ? ਆਪਣੇ ਮਤਲਬ ਦੇ ਟਾਈਮ ਉਹ ਮਿੱਠਾ ਪਿਆਰਾ ਹੋ ਜਾਂਦਾ। ਉਦੋਂ ਤੋਂ ਹੀ ਮੈਂ ਮਿੱਠਾ ਬੋਲਣ ਵਾਲਿਆਂ ਤੋਂ ਡਰਦੀ ਆਂ... ਪਰ ਇਹ ਟੋਨੀ ਬਾਸਟਡ ਦੀ ਮੈਨੂੰ ਸਮਝ ਨ੍ਹੀਂ ਸੀ ਆਈ, ਸੰਨ ਔਫ਼ ਏ ਬਿੱਚ ਨੇ ਮੈਨੂੰ ਰੋਜ਼ ਵੇਚਿਆ... ਐਂਡ ਨਾਓ ਆਈ ਐਮ ਡੈੱਡ ਮੀਟ, ਟਵੈਂਟੀ ਸਿਕਸ ਈਅਰ ਓਲਡ ਡੈੱਡ ਮੀਟ।"

ਉਸਦੀਆਂ ਸ਼ਰਾਬੀ ਹਿਚਕੀਆਂ ਟੁੱਟਣ ਲੱਗੀਆਂ। ਮੈਂ ਪਲੀਜ਼ ਕਾਮਡਾਊਨ ਵਾਰ-ਵਾਰ ਕਹਿੰਦੀ ਰਹੀ। ਫ਼ੋਨ ਚੱਲ ਰਿਹਾ ਸੀ ਪਰ ਉਸ ਵਾਲੇ ਪਾਸੇ ਤੋਂ ਸਾਰੀ ਗੱਲ ਕਹੀ ਜਾ ਚੁੱਕੀ ਸੀ। ਮੈਂ ਕਿੰਨੀ ਦੇਰ ਹੈਲੋ ਹੈਲੋ ਕਰਦੀ ਰਹੀ। ਦੂਜੇ ਪਾਸਿਓਂ ਸਿਰਫ਼ ਕੰਨ ਪਾੜਵੇਂ ਸੰਗੀਤ ਵਿੱਚ ਰਲਿਆ ਰੌਲ਼ਾ-ਗੌਲ਼ਾ ਸੁਣਾਈ ਦੇ ਰਿਹਾ ਸੀ।

ਦੀਪੀ ਦੀਆਂ ਗੱਲਾਂ ਦੀ ਉਲਝਣ ਮੈਨੂੰ ਬੇਚੈਨ ਕਰਦੀ ਰਹੀ। ਉਸਨੇ ਮਾੜਾ ਮੋਟਾ ਢਿੱਡ ਫਰੋਲ ਕੇ ਆਪਣੇ ਮਨ ਤੋਂ ਭਾਰ ਜ਼ਰੂਰ ਉਤਾਰਿਆ ਹੋਵੇਗਾ। ਇਸ ਤਸੱਲੀ ਨਾਲ ਮੈਨੂੰ ਨੀਂਦ ਆ ਗਈ।

ਸਵੇਰੇ ਮੈਂ ਡਾਇਨਿੰਗ ਹਾਲ ਵਿੱਚ ਨਾਸ਼ਤਾ ਖ਼ਤਮ ਕੀਤਾ ਹੀ ਸੀ ਕਿ ਫ਼ੋਨ ਆ ਗਿਆ, "ਸੌਰੀ ਮੈਂ ਰਾਤੀਂ ਪਤਾ ਨ੍ਹੀਂ ਕੀ ਕੁਸ਼ ਬੋਲਦੀ ਰਹੀ, ਮੈਨੂੰ ਨ੍ਹੀਂ ਯਾਦ। ਸ਼ਾਇਦ ਤੈਨੂੰ ਰੁਆਇਆ ਵੀ ਹੋਵੇ। ਤੇਰੇ ਤੋਂ ਬਿਨਾਂ ਮੇਰਾ ਹੈ ਵੀ ਕੌਣ... ਮੇਰੇ ਹਿੱਸੇ ਤਾਂ ਛਿਲਤਰਾਂ ਹੀ ਆਈਐਂ। ਉਦੋਂ ਵੀ ਇਨ੍ਹਾਂ ਛਿਲਤਰਾਂ 'ਚ ਥੋੜ੍ਹਾ ਜਿਹਾ ਸਕੂਨ ਤੂੰ ਹੀ ਸੀ... ਆ ਰਹੀ ਆਂ ਤੇਰੇ ਕੋਲ ਘੰਟੇ ਕੁ ਤੱਕ।"

ਮੈਂ ਵੀ ਫ਼ਰਮਾਇਸ਼ ਕਰ ਦਿੱਤੀ, "ਇਹ ਸਮਾਂ ਸਿਰਫ਼ ਸਾਡਾ ਹੋਏਗਾ... ਕੋਈ ਜੌਨ ਵੌਨ ਨਾ ਉਡੀਕ ਰਿਹਾ ਹੋਵੇ ਪਲੀਜ਼। ਨਾਲੇ ਮੈਨੂੰ ਮੇਕਅੱਪ ਤੋਂ ਬਿਨਾਂ ਮੇਰੀ ਦੀਪੀ ਚਾਹੀਦੀ ਐ।"

ਪੂਰੇ ਘੰਟੇ ਮਗਰੋਂ ਹੋਟਲ ਦੀ ਲੌਬੀ ਵਿੱਚ ਦੀਪੀ ਆਈ ਬੈਠੀ ਸੀ। ਅਸੀਂ ਘੁੱਟ ਕੇ ਮਿਲੀਆਂ। ਉਹ ਸਾਫ਼ ਸੁਥਰੀ ਲੱਗ ਰਹੀ ਸੀ। ਅਸੀਂ ਇੱਕ ਆਰਾਮਦੇਹ ਬੂਥ ਵਿੱਚ ਬੈਠ ਗਈਆਂ। ਕਿੰਨੀਆਂ ਹੀ ਗੱਲਾਂ ਕੀਤੀਆਂ। ਕਈ ਕੱਪ ਕੌਫ਼ੀ ਦੇ ਵੀ ਹੋ ਗਏ। ਉਸਨੇ ਆਪਣੇ ਬੈਗ ਵਿੱਚੋਂ ਇੱਕ ਨੋਟਬੁਕ ਕੱਢੀ। ਮੇਰੇ ਵੱਲ ਸਰਕਾ ਕੇ ਬੋਲੀ, "ਰੀਮੈਂਬਰ? ਓਦੋਂ ਤਾਂ ਖੋਹ-ਖੋਹ ਕੇ ਪੜ੍ਹਦੀ ਹੁੰਦੀ ਸੀ ਤੂੰ ਸਟੂਪਿਡ।"

ਨੋਟਬੁਕ ਕਾਹਦੀ ਸੀ, ਪਾਟਿਆ ਪੁਰਾਣਾ ਚੇਪੀਆਂ ਲੱਗਾ ਕਾ.ਗਜ਼ਾਂ ਦਾ ਚਿਪਚਿਪਾ ਪੁਲੰਦਾ ਸੀ। ਸਰਸਰੀ ਜਿਹੀ ਖੋਲ੍ਹ ਕੇ ਦੇਖਿਆ ਤਾਂ ਅੱਖਰਾਂ ਦੀ ਕਾਤਰ-ਵੇਤਰ ਜਾਣੀ ਪਛਾਣੀ ਸੀ।

"ਕਿੰਨੇ ਹੀ ਜੌਨਾਂ ਨੇ ਇਸਨੂੰ ਖਿੱਚਿਆ ਧੂਹਿਆ, ਪੜ੍ਹ ਪੜ੍ਹ ਮਖੌਲ ਉਡਾਇਆ... ਖਿੱਦੋ ਵਾਂਗ ਉਛਾਲ਼ਿਆ। ਇਹ ਬਚੀ ਰਹੀ। ਬਹੁਤਾ ਕੁਸ਼ ਬੋਲ ਕੇ ਨ੍ਹੀਂ ਦੱਸ ਸਕਦੀ ਮੈਂ...।" ਉਹ ਬਹੁਤ ਉਦਾਸ ਹੋ ਗਈ ਸੀ।

ਮੈਂ ਪੁਲੰਦਾ ਚੁੱਕ ਕੇ ਉਲਟਿਆ ਪਲਟਿਆ ਹੌਂਸਲਾ ਨਹੀਂ ਸੀ ਪਿਆ ਉਸਦੀ ਡਾਇਰੀ-ਨੁਮਾ ਲਿਖਤ ਪੜ੍ਹਨ ਦਾ। ਵਾਪਸ ਉਸਨੂੰ ਫੜਾਉਂਦਿਆਂ ਆਖਿਆ, "ਤੇਰੇ ਜ਼ਖ਼ਮ ਨ੍ਹੀਂ ਉਚੇੜਨਾ ਚਾਹੁੰਦੀ।"

"ਤੂੰ ਫੇਰ ਚਾਹੁੰਦੀ ਕੀ ਐਂ ਮੈਥੋਂ... ਕਿਉਂ ਮਿਲਣ ਆਈ ਐਂ?"

ਆਵਾਜ਼ ਮੇਰੇ ਗਲੇ ਵਿੱਚ ਅਟਕ ਗਈ। ਸੰਘ ਵਿੱਚ ਥੁੱਕ ਇਕੱਠਾ ਕਰਕੇ ਆਖਿਆ, "ਤੇਰੀ ਵਾਪਸੀ।"

ਉਹ ਹੱਸ ਪਈ, "ਇਹ ਐਨਾ ਸੌਖਾ ਕੰਮ ਨ੍ਹੀਂ...ਮੇਰਾ ਅਤੀਤ ਵੀ ਤੈਨੂੰ ਸਮਝਣਾ ਪੈਣੈ।"

ਮੈਂ ਇਕਦਮ ਉਸਦੀ ਬਾਂਹ ਫੜਕੇ ਆਖਿਆ, "ਮੈਨੂੰ ਤੇਰੀ ਲੋੜ ਐ... ਆਜਾ ਵਾਪਸ ਪਲੀਜ਼।"

ਉਸਦੀਆਂ ਖ਼ਾਲੀ-ਖ਼ਾਲੀ ਅੱਖਾਂ ਕੇਰਾਂ ਲਿਸ਼ਕੀਆਂ। ਮੇਰੇ ਵੱਲ ਦੇਖਦੀ ਰਹੀ ਜਿਵੇਂ ਮੈਨੂੰ ਤੋਲ ਰਹੀ ਹੋਵੇ। ਫੇਰ ਬੋਲੀ, "ਤੇਰਾ ਪਿਆਰ ਦੇਖਕੇ ਤਾਂ ਮੇਰਾ ਵਾਪਸ ਜਾਣ ਨੂੰ ਜੀਅ ਕਰਦੈ ਪਰ ਇੱਕ ਸ਼ਰਤ ਐ।"

ਉਸਦੇ ਬੋਲਾਂ ਨੇ ਇੱਕ ਵਾਰ ਤਾਂ ਮੈਨੂੰ ਪੈਰੋਂ ਉਖਾੜ ਦਿੱਤਾ, ਮੈਂ ਮਸਾਂ ਆਖਿਆ, "ਕੀ?"

"ਜੇ ਤੂੰ ਮਜ਼ਬੂਤੀ ਨਾਲ ਸਾਥ ਦੇਵੇਂਗੀ।"

ਫੇਰ ਉਹ ਆਪ ਹੀ ਕਹਿਣ ਲੱਗੀ, "ਤੂੰ ਤਾਂ ਹਮੇਸ਼ਾ ਸਾਥ ਦਿੱਤੈ... ਸ਼ਰਤ ਇਹ ਹੈ ਕਿ ਮੈਨੂੰ ਉਸ ਕਸਾਈ ਦੇ ਘਰ ਜਾਣ ਨੂੰ ਨਾ ਕਹੀਂ, ਨਾ ਮੈਂ ਕਿਸੇ ਨਾਲ ਗੱਲ ਕਰਨੀ ਐ।"

ਮੇਰੀਆਂ ਅੱਖਾਂ ਭਰ ਆਈਆਂ। ਉਸਨੇ ਕਾ.ਗਜ਼ਾਂ ਦਾ ਪੁਲੰਦਾ ਮੈਨੂੰ ਫੜਾਇਆ, ਮੈਂ ਬੈਗ ਵਿੱਚ ਪਾ ਲਿਆ।

"ਟੋਨੀ ਤਾਂ ਇਸ ਵੇਲੇ ਅੰਦਰ ਐ। ਕਿਸੇ ਕੁੜੀ ਨੂੰ ਡੇਟਿੰਗ ਦੇ ਬਹਾਨੇ ਬਾਰ 'ਚ ਲਈਂ ਬੈਠਾ ਸੀ। ਉਸਦੀ ਵਾਈਨ 'ਚ ਰੇਪ ਡਰੱਗ ਮਿਲਾਤੀ। ਕਹਿੰਦੇ ਉਹ ਤਾਂ ਬਾਰ 'ਚ ਹੀ ਮਰਨ ਕਿਨਾਰੇ ਹੋਗੀ... ਪੁਲੀਸ ਨੇ ਟੋਨੀ ਨੂੰ ਮੌਕੇ 'ਤੇ ਹੀ ਕਾਬੂ ਕਰ ਲਿਆ।"

"ਫੇਰ ਤੈਨੂੰ ਹੁਣ ਡਰ ਕਾਹਦਾ?"

"ਸਾਨੂੰ ਨਵੇਂ ਬੌਸ ਅੱਗੇ ਰਿਪੋਰਟ ਕਰਨਾ ਪੈਂਦੈ, ਰੋਜ਼ ਦਾ ਕੋਟਾ ਪੂਰਾ ਕਰਨਾ ਪੈਂਦੈ। ਉਹ ਕਾਹਲ਼ੀ-ਕਾਹਲ਼ੀ ਬੜਾ ਕੁਝ ਦੱਸ ਗਈ। ਫੇਰ ਅਚਾਨਕ ਗੱਲ ਬਦਲ ਕੇ ਖ਼ੁਸ਼ੀ ਦੀ ਰੌਂਅ 'ਚ ਬੋਲੀ, "ਮੈਂ ਤੈਨੂੰ ਆਪਣੇ ਟੈਟੂ ਪਾਰਲਰ ਵਾਲੇ ਫ਼ਰੈਂਡਜ਼ ਨੂੰ ਵੀ ਮਿਲਾਉਣੈ, ਚੱਲੇਂਗੀ?"

ਉਹ ਬਾਹਾਂ ਦੇ ਟੈਟੂ ਦਿਖਾਉਂਦਿਆਂ ਬੋਲੀ, "ਆਹ ਮੇਰੇ ਹੀ ਡਿਜ਼ਾਇਨ ਨੇ... ਪਾਰਲਰ ਦਾ ਮਾਲਕ ਔਲੀਵਰ ਕਹਿੰਦਾ, ਪਰਲ ਤੂੰ ਕੁੜੀਆਂ ਨੂੰ ਆਪਣੀਆਂ ਬਾਹਾਂ 'ਤੇ ਖੁਣਨਾ ਸਿੱਖ ਲੈਣ ਦੇ। ਮੈਂ ਕਿਹਾ ਮੈਨੂੰ ਕੀ ਫ਼ਰਕ ਪੈਂਦੈ।"

ਅਸੀਂ ਤੁਰੀਆਂ ਜਾਂਦੀਆਂ ਗੱਲਾਂ ਮਾਰਦੀਆਂ ਟੈਟੂ ਪਾਰਲਰ ਪੁੱਜ ਗਈਆਂ। ਸਾਡਾ ਸ਼ਾਨਦਾਰ ਸਵਾਗਤ ਹੋਇਆ। ਇੱਕ ਕਿਰਲੀ ਜਿਹੀ ਕੁੜੀ ਵੱਲ ਇਸ਼ਾਰਾ ਕਰਕੇ ਦੀਪੀ ਬੋਲੀ, "ਇਹ ਐ ਐਮਿਲੀ, ਮੈਨੂੰ ਉਨ੍ਹਾਂ ਦਿਨਾਂ ਵਿੱਚ ਸਾਂਭਣ ਵਾਲੀ। ਇਹੀ ਮੈਨੂੰ ਇੱਥੇ ਪਾਰਲਰ ਲੈ ਕੇ ਆਈ ਸੀ।"

ਕੰਧਾਂ 'ਤੇ ਲੱਗੇ ਡਿਜ਼ਾਇਨ ਮੈਂ ਪਛਾਣ ਲਏ ਸਨ। ਇਹ ਤਾਂ ਸਾਰਾ ਕਮਾਲ ਦੀਪੀ ਦਾ ਹੀ ਸੀ। ਕੁੜੀਆਂ ਮੇਰਾ ਨਾਂ ਪਹਿਲਾਂ ਹੀ ਜਾਣਦੀਆਂ ਸਨ। ਮੇਰੀ ਹੈਰਾਨੀ ਦੇਖਕੇ ਐਮਿਲੀ ਬੋਲੀ, "ਤੁਹਾਡੀਆਂ ਗੱਲਾਂ ਤਾਂ ਦੀਪੀ ਅਕਸਰ ਕਰਦੀ ਰਹਿੰਦੀ ਐ। ਜੇ ਤੁਸੀਂ ਇਕੱਲੇ ਆ ਕੇ ਵੀ ਖੜ੍ਹ ਜਾਂਦੇ ਅਸੀਂ ਤੁਹਾਨੂੰ ਪਛਾਣ ਲੈਣਾ ਸੀ।"

ਮੈਨੂੰ ਆਪਣਾ ਮਿਸ਼ਨ ਸਫ਼ਲ ਹੁੰਦਾ ਜਾਪਿਆ। ਮੈਂ ਸ਼ੁਕਰ ਮਨਾਇਆ ਕਿ ਦੀਪੀ ਕੋਲ ਸਾਹ ਲੈਣ ਲਈ ਥੋੜ੍ਹੀ ਜਿਹੀ ਸਪੇਸ ਹੈ ਸੀ। ਕੁੜੀਆਂ ਨੇ ਆਈਸ ਕੈਪੀਚੀਨੋ ਸਣੇ ਹੋਰ ਖਾਣ ਦਾ ਸਾਮਾਨ ਟੇਬਲ 'ਤੇ ਰੱਖਣਾ ਸ਼ੁਰੂ ਕਰ ਦਿੱਤਾ। ਔਲੀਵਰ ਵੀ ਨਾਲ ਲੱਗਾ ਹੋਇਆ ਸੀ। ਵਿੱਚ ਵਿੱਚਾਲੇ ਉਹ ਗੱਲਾਂ ਵੀ ਕਰੀ ਜਾਂਦਾ, "ਹੋਰ ਕੋਈ ਕੁੜੀ ਦਿਨੇ ਪਿੰਕ ਪੂਡਲ 'ਚੋਂ ਕੁਸਕ ਨ੍ਹੀਂ ਸਕਦੀ। ਉਹਨਾਂ ਨੂੰ ਪਤੈ, ਪਰਲ ਤੇ ਭਰੋਸਾ ਕੀਤਾ ਜਾ ਸਕਦੈ। ਤੁਸੀਂ ਪਰਲ ਦਾ ਗਰੀਕ ਸਪਾਰਟਨ ਵਾਲਾ ਟੈਟੂ ਦੇਖਿਆ? ਮੈਂ ਇਹਨੂੰ ਤਗੜੀ ਕਰਨ ਲਈ ਖ਼ੁਦ ਇਹਦੀ ਲੱਤ 'ਤੇ ਗਰੀਕ ਯੋਧੇ ਦਾ ਟੈਟੂ ਖੁਣਿਐਂ।"

ਐਮਿਲੀ ਨੇ ਹੌਲੀ ਜਿਹੀ ਦੀਪੀ ਦੀ ਲੱਤ ਤੋਂ ਪੈਂਟ ਉੱਪਰ ਚੁੱਕੀ ਤੇ ਗਿੱਟੇ ਤੋਂ ਉਤੇ ਬਣੇ ਸਪਾਰਟਨ ਨੂੰ ਪਲੋਸਣ ਲੱਗੀ। ਸਿਰ 'ਤੇ ਲੋਹ ਟੋਪ, ਇੱਕ ਹੱਥ 'ਚ ਢਾਲ਼ ਦੂਜੇ 'ਚ ਕਿਰਪਾਨ... ਇਸ ਯੋਧੇ ਦਾ ਜ਼ਿਕਰ ਮੈਂ ਮਾਈਕਲ ਤੋਂ ਸੁਣਿਆ ਹੋਇਆ ਸੀ।

ਖਾਣ ਪੀਣ ਮਗਰੋਂ ਔਲੀਵਰ ਮੈਨੂੰ ਲੈਪਟੌਪ ਦੀ ਸਕਰੀਨ 'ਤੇ ਆਪਣੀ ਵੈੱਬਸਾਈਟ ਦਿਖਾਉਣ ਲੱਗ ਪਿਆ। ਦੀਪੀ ਦੇ ਡਿਜ਼ਾਇਨਾਂ 'ਤੇ ਬੇਹਿਸਾਬ ਕੁਮੈਂਟ ਆਏ ਹੋਏ ਸਨ। ਦੀਪੀ ਵੀ ਕੋਲ ਆ ਬੈਠ ਗਈ। ਉਸਦੇ ਵਾਲਾਂ ਵਿੱਚ ਪੋਲੇ ਜਿਹੇ ਹੱਥ ਫੇਰ ਕੇ ਮੈਂ ਆਖਿਆ, "ਆਈ ਐਮ ਸੋ ਪਰਾਊਡ ਆਫ਼ ਯੂ... ਮਾਈ ਪਰਿੰਸੈਸ।"

ਔਲੀਵਰ ਮੈਨੂੰ ਕਹਿਣ ਲੱਗਾ, "ਪਰਲ ਦੇ ਡਿਜ਼ਾਇਨਾਂ ਵਿੱਚੋਂ ਇੱਕ ਟੈਟੂ ਮੈਂ ਤੁਹਾਡੇ ਬਣਾਉਣਾ ਚਾਹੁੰਨਾ।"

ਮੇਰੀ ਝਿਜਕ ਦੇਖ ਕੇ ਉਸ ਨੇ ਜ਼ਿੱਦ ਕੀਤੀ, "ਨਿੱਕਾ ਜਿਹਾ... ਪਲੀਜ਼।"

ਮੈਂ ਹਾਂ 'ਚ ਸਿਰ ਹਿਲਾਇਆ।

ਔਲੀਵਰ ਮੇਰੀ ਪਿੰਜਣੀ 'ਤੇ ਟੈਟੂ ਬਣਾਉਣ ਲੱਗ ਪਿਆ। ਬਾਕੀ ਕੁੜੀਆਂ ਵਿੱਚੋ-ਵਿੱਚ ਦੱਸ ਰਹੀਆਂ ਸਨ ਕਿ ਉਹ ਵੀ ਪਰਲ ਵਾਲੀ ਜਿੱਲਣ ਵਿੱਚੋਂ ਨਿਕਲੀਆਂ ਨੇ।ਉਹ ਅਮਰੀਕਾ ਦੇ ਹੋਰ ਸੂਬਿਆਂ ਤੋਂ ਨੇ।ਇਹੀ ਤਰੀਕਾ ਸੀ ਸੈੱਕਸ ਮਾਫੀਏ ਤੋਂ ਛੁਟਕਾਰਾ ਪਾਉਣ ਦਾ।ਔਲੀਵਰ ਦੀਆਂ ਸ਼ੁਕਰਗੁਜਾਰ ਸਨ ਕਿ ਉਸਨੇ ਕੰਮ ਦਿੱਤਾ।ਪਰਲ ਦੇ ਬਣਾਏ ਵੱਖਰੀ ਕਿਸਮ ਦੇ ਡਿਜ਼ਾਇਨਾਂ ਕਰਕੇ ਉਹਨਾਂ ਦਾ ਪਾਰਲਰ ਹੋਰਾਂ ਨਾਲੋਂ ਵੱਧ ਚੱਲਦਾ ਹੈ। ਉਹ ਮਾਣ ਨਾਲ ਜ਼ਿੰਦਗੀ ਜਿਉਂ ਰਹੀਆਂ ਹਨ। ਪਤਾ ਨਹੀਂ ਪਰਲ ਦਾ ਕਦੋਂ ਛੁਟਕਾਰਾ ਹੋਊ... ਇਸ ਸੰਸੇ ਨੂੰ ਲੈ ਕੇ ਉਹ ਉਦਾਸ ਹੋ ਗਈਆਂ।

ਸ਼ਾਮੀਂ ਅਸੀਂ ਹੋਟਲ ਮੁੜ ਆਈਆਂ।ਦੀਪੀ ਨੇ ਆਪਣੇ ਬੈਗ 'ਚੋਂ ਪੂਣੀ ਕੀਤਾ ਕਾਗਜ਼ ਕੱਢਿਆ, ਉਸਨੂੰ ਸਿੱਧਾ ਕਰਨ ਲੱਗੀ ।ਫ਼ਰੈਸ਼ ਹੋਣ ਤੋਂ ਬਾਅਦ ਕੁਝ ਦੇਰ ਬੈਠੀਆਂ ਅਸੀਂ ਗੱਲਾਂ ਕਰਦੀਆਂ ਰਹੀਆਂ। ਫੇਰ ਕਮਰੇ ਦੀ ਖਿੜਕੀ ਵਿੱਚੋਂ ਬਾਹਰ ਦੇਖ ਕੇ ਦੀਪੀ ਨੇ ਮੈਨੂੰ ਬਾਲਕੋਨੀ ਵਿੱਚ ਬੈਠਣ ਲਈ ਕਿਹਾ।ਸੂਰਜ ਡੁੱਬਣ ਦੀ ਤਿਆਰੀ ਵਿੱਚ ਸੀ।ਉਹ ਮੇਰਾ ਸਕੈੱਚ ਬਣਾਉਣ ਲੱਗੀ।ਹਨੇਰਾ ਪੈਂਦਿਆਂ ਹੀ ਉਸਨੇ ਪਿੰਕ ਪੂਡਲ ਲਈ ਟੈਕਸੀ ਮੰਗਵਾ ਲਈ।ਉਸਦੇ ਜਾਣ ਮਗਰੋਂ ਮੈਂ ਕਿੰਨੀ ਦੇਰ ਸਕੈੱਚ 'ਤੇ ਅੱਖਾਂ ਗੱਡੀਂ ਬੈਠੀ ਰਹੀ।ਫੇਰ ਉਸਦਾ ਦਿੱਤਾ ਕਾਗ਼ਜ਼ਾਂ ਦਾ ਪੁਲੰਦਾ ਖੋਲ੍ਹ ਲਿਆ...।

ਐਰੀਜ਼ੋਨਾ ਤੋਂ ਆਉਡੀ ਵਿੱਚ ਲਾਸ ਵੇਗਾਸ ਤੱਕ ਦਾ ਮਿਕਨਾਤੀਸੀ ਸਫ਼ਰ !ਉੱਚੇ ਝਿਲਮਿਲ ਕਰਦੇ ਹੋਟਲ।ਵੱਡੇ-ਵੱਡੇ ਹੋਰਡਿੰਗਾਂ 'ਤੇ ਬਣੀਆਂ ਕੁੜੀਆਂ ਦੀਆਂ ਉਕਸਾਊ ਤਸਵੀਰਾਂ।ਚਾਨਣ ਵਿੱਚ ਨਾਤ੍ਹਾ ਸ਼ਹਿਰ ਤੇ ਮੇਰੀਆਂ ਮੁੰਦ-ਮੁੰਦ ਜਾਂਦੀਆਂ ਅੱਖਾਂ...।

ਤੂੰ ਇਨ੍ਹਾਂ ਸਾਰੀਆਂ ਤਸਵੀਰਾਂ ਤੋਂ ਸੋਹਣੀ ਐਂ... ਇੱਕ ਦਿਨ ਇਨ੍ਹਾਂ ਵਿੱਚ ਸਭ ਤੋਂ ਵੱਡੀ ਹੋਰਡਿੰਗ ਤੇਰੀ ਹੋਊ।ਮੈਨੂੰ ਸੁਫ਼ਨੇ ਵਾਂਗ ਟੋਨੀ ਕਹਿੰਦਾ ਸੁਣਿਆ ਸੀ।ਦਿਨ, ਵਾਰ, ਤਰੀਕਾਂ ਤੋਂ ਮੈਂ ਕਿਤੇ ਦੂਰ ਸੀ, ਵਕਤ ਰੁਕ ਗਿਆ ਸੀ।ਮੇਰਾ ਰਾਜਕੁਮਾਰ ਚਿੱਟੇ ਖੰਭਾਂ ਵਾਲੇ ਘੋੜੇ 'ਤੇ ਨਹੀਂ, ਚਾਂਦੀ ਰੰਗੀ ਆਉਡੀ 'ਚ ਆਪਣੀ ਸ਼ਹਿਜਾਦੀ ਨੂੰ ਲੈਣ ਆਇਆ ਸੀ।

ਟੋਨੀ ਦਾ ਫ਼ੋਨ ਵੱਜਿਆ।ਮੈਂ ਉਸ ਨੂੰ ਸੁਣਨ ਨਾ ਦਿੱਤਾ।ਟੋਨੀ ਮੇਰੇ ਕੰਨ ਵਿੱਚ ਗੁਣਗੁਣਾਉਣ ਲੱਗਾ, ਹਾਸੀਆਂ-ਖੇਡੀਆਂ ਚਲਦੀਆਂ ਰਹੀਆਂ।ਫ਼ੋਨ ਫੇਰ ਵੱਜਿਆ।

"ਲਿਆ ਮੈਂ ਗੱਲ ਸੁਣ ਕੇ ਇਹਨੂੰ ਗਲ਼ੋਂ ਲਾਹ ਦਿਆਂ।"

ਮੈਂ ਫ਼ੋਨ ਨਾ ਦਿੱਤਾ।ਉਸਨੇ ਕਾਰ ਰੋਕ ਕੇ ਲਾਡ ਕਰਦਿਆਂ ਮੈਥੋਂ ਫ਼ੋਨ ਖੋਹ ਲਿਆ ਤੇ ਗੱਲ ਕਰਦਾ ਕਾਰ ਵਿੱਚੋਂ ਉਤਰ ਗਿਆ।

"ਤੀਹ ਕੁੜੀਆਂ ਦੀ ਡਿਮਾਂਡ ਆਈ ਐ? ਹੈਗੀਆਂ ਸਾਡੇ ਕੋਲ... ਰੈਸਲਿੰਗ ਮੈਚਾਂ ਕਰਕੇ ਸਾਰੇ ਹੋਟਲ ਫ਼ੁਲ ਹੋਣਗੇ, ਗੁੱਡ ਫ਼ੌਰ ਬਿਜ਼ਨਸ ਨੋ ਨੋ... ਫ਼ਲਾਈਟ ਤੇ ਨ੍ਹੀਂ ਲਿਆ ਸਕਦਾ, ਏਅਰਪੋਰਟ ਤੇ ਪਰੌਬਲਮ ਹੋਜੂ... ਛੋਟੀਆਂ ਨੇ ਸਾਰੀਆਂ।"

ਫ਼ੋਨ ਕੱਟ ਕੇ ਉਸਨੇ ਫੇਰ ਕਿਤੇ ਹੋਰ ਮਿਲਾ ਲਿਆ, "ਤੂੰ ਆਪਣੇ ਨਾਲ ਯੂਨੀਵਰਸਿਟੀ ਤੋਂ ਕਿੰਨੀਆਂ ਲਿਆ ਸਕਦੀ ਐਂ? ਦੇਖ ਲੈ ਤੇਰੀ ਮਰਜ਼ੀ... ਸਟੂਡੈਂਟ ਲੋਨ ਲਾਹੁਣ ਦਾ ਵਧੀਆ ਮੌਕਾ ਐ... ਜਿਹੜੀਆਂ ਪੋਲੀਟੀਕਲ ਜਿਹੀਆਂ ਗੱਲਾਂ ਮਾਰ ਲੈਂਦੀਆਂ ਹੋਣ, ਉਨ੍ਹਾਂ ਦੀ ਵੱਧ ਡਿਮਾਂਡ ਐ।"

ਮੈਂ ਬੈਠੀ ਉਸਨੂੰ ਦੇਖੀ ਜਾ ਰਹੀ ਸੀ, ਮੰਤਰ-ਮੁਗਧ ਹੋਈ।

ਪੁਲੰਦੇ ਦੇ ਅਗਲੇ ਕਈ ਸਫ਼ਿਆਂ 'ਤੇ ਡਿਜ਼ਾਇਨ ਬਣੇ ਹੋਏ ਸਨ।ਉਸਤੋਂ ਅੱਗੇ ਲਿਖਤ ਫੇਰ ਸ਼ੁਰੂ ਹੋ ਗਈ...।

ਹੋਟਲ ਪਿਰਾਮਿਡ ਵਿੱਚ ਅਸੀਂ ਦੋ ਰਾਤਾਂ ਰੁਕੇ। ਟੋਨੀ ਨੇ ਖ਼ੂਬ ਸੌਪਿੰਗ ਕਰਵਾਈ। ਮੈਂ ਸਿੰਮੀ ਲਈ

ਗਰੀਟਿੰਗ ਕਾਰਡਾਂ ਦਾ ਪੂਰਾ ਪੈਕੇਟ ਹੀ ਖਰੀਦ ਲਿਆ। ਟੋਨੀ ਕਹਿੰਦਾ, ਹੁਣ ਆਪਾਂ ਘਰ ਚੱਲਦੇ ਆਂ ਮੇਰਾ ਕੀ ਸੀ, ਜਿੱਥੇ ਮਰਜ਼ੀ ਲੈ ਜਾਂਦਾ ਮੇਰਾ ਸ਼ਹਿਜਾਦਾ...।

ਟੋਨੀ ਨਵੇਂ ਥਾਂ ਲੈ ਗਿਆ। ਮਹਿਲ ਵਰਗਾ ਘਰ ਸੀ, ਬਾਹਰ ਸਕਿਉਰਟੀ। ਅੰਦਰ ਗਏ ਤਾਂ ਮਹਿੰਗਾ ਫ਼ਰਨੀਚਰ ਪਿਆ, ਕੰਧਾਂ ਖ਼ਾਲਮ-ਖ਼ਾਲੀ... ਘੱਟੋ-ਘੱਟ ਇਹ ਘਰ ਨਹੀਂ ਸੀ ਜਾਪਦਾ। ਲਿਵਿੰਗ ਰੂਮ ਵਿੱਚ ਅੱਡ ਅੱਡ ਥਾਂਈ ਕੁੜੀਆਂ ਬੈਠੀਆਂ ਹੋਈਆਂ। ਕੋਈ ਨੇਲ ਪੌਲਿਸ਼ ਲਾ ਰਹੀ, ਕੋਈ ਸ਼ੀਸ਼ੇ ਅੱਗੇ ਮੇਕਅੱਪ ਕਰਨ ਮਸਤ। ਡਾਇਨਿੰਗ ਟੇਬਲ 'ਤੇ ਬੈਠੀਆਂ ਚਮਚੇ ਵਿੱਚ ਚਿੱਟਾ ਜਿਹਾ ਪਾਊਡਰ ਪਿਘਲਾ ਕੇ ਧੂਣੀ ਲੈਣ ਲੱਗੀਆਂ ਹੋਈਆਂ। ਟੋਨੀ ਨੇ ਮੈਨੂੰ ਇਨ੍ਹਾਂ ਵਿੱਚੋਂ ਕਿਸੇ ਨਾਲ ਨਹੀਂ ਸੀ ਮਿਲਾਇਆ। ਅੰਦਰੋਂ ਇੱਕ ਅੱਧਖੜ ਜਿਹੀ ਔਰਤ ਨਿੱਕਲੀ। ਟੋਨੀ ਕਹਿਣ ਲੱਗਾ, "ਮੀਟ ਸ਼ੂਗਰ ! ਦਾ ਬੌਟਮ ਬਿੱਚ।"

ਮੈਂ ਹੈਰਾਨ ਹੋ ਗਈ, "ਬੌਟਮ ਬਿੱਚ? ਵਾਏ ਯੂ ਸੇਅ ਦੈਟ...?"

ਸ਼ੂਗਰ ਖਚਰਾ ਜਿਹਾ ਹੱਸੀ, "ਮੈਂ ਬੌਸ ਆਂ, ਸਾਰੀਆਂ ਬਿੱਚਜ਼ ਨੂੰ ਕੰਮ 'ਤੇ ਭੇਜਦੀ ਆਂ। ਸ਼ਿਫ਼ਟ ਵਰਕ ਕਰਵਾਉਨੀ ਆਂ। ਕਹਿ ਉਸਨੇ ਮੈਨੂੰ ਅੱਖ ਦੱਬੀ। ਮੈਨੂੰ ਚੰਗਾ ਨਾ ਲੱਗਿਆ, ਮੈਂ ਟੋਨੀ ਦਾ ਹੱਥ ਘੁੱਟ ਕੇ ਫੜ ਲਿਆ।

ਟੋਨੀ ਉਸਨੂੰ ਪੁੱਛਣ ਲੱਗਾ, "ਰਸ਼ੀਅਨ ਮੌਡਲਾਂ ਦੇ ਪਾਸਪੋਰਟ ਤੂੰ ਆਪਣੇ ਕਬਜ਼ੇ 'ਚ ਕਰ ਲਏ?"

ਸ਼ੂਗਰ ਨੇ ਹਾਂ 'ਚ ਸਿਰ ਹਿਲਾਇਆ।

ਟੋਨੀ ਉਸ ਨਾਲ ਹਿਸਾਬ-ਕਿਤਾਬ ਕਰਨ ਲੱਗ ਪਿਆ। ਦੋਹਾਂ ਵਿਚ ਹੋ ਰਹੀ ਗੱਲਬਾਤ ਦਾ ਮੈਨੂੰ ਬਿਲਕੁਲ ਪਤਾ ਨਹੀਂ ਸੀ ਲੱਗ ਰਿਹਾ। ਟੋਨੀ ਉਸਦੇ ਗਲ਼ਾਮੇ ਵਿਚ ਹੱਥ ਪਾ ਕੇ ਬਰਾਅ ਦੀ ਤਲਾਸ਼ੀ ਲੈਣ ਲੱਗਾ। ਵਿੱਚੋਂ ਵੀਹ ਡਾਲਰ ਨਿਕਲਣ 'ਤੇ ਉਸਨੇ ਆਪਣੀ ਬੈੱਲਟ ਲਾਹ ਲਈ, ਦੋ ਤਿੰਨ ਛੱਡੀਆਂ। ਕੁੜੀਆਂ ਭੱਜ ਕੇ ਕਮਰਿਆਂ ਵਿੱਚ ਜਾ ਵੜੀਆਂ। ਡਾਇਨਿੰਗ ਟੇਬਲ 'ਤੇ ਨਿਢਾਲ ਜਿਹੀਆਂ ਬੈਠੀਆਂ ਸਭ ਕਾਸੇ ਤੋਂ ਬੇਖ਼ਬਰ ਸਨ। ਟੋਨੀ ਉਨ੍ਹਾਂ ਵੱਲ ਇਸ਼ਾਰਾ ਕਰਕੇ ਸ਼ੂਗਰ ਨੂੰ ਸਖ਼ਤੀ ਨਾਲ ਬੋਲਿਆ, "ਆਹ ਵਿਹਲੀ ਫ਼ੌਜ ਨੂੰ ਔਨਲਾਇਨ ਬਿਠਾ। ਵੈੱਬਸਾਈਟ ਦਾ ਖਰਚਾ ਪਈ ਜਾਂਦੈ... ਸਾਈਬਰ ਸੈੱਕਸ ਤੋਂ ਮੇਰੇ ਨਾਲ਼ਦੇ ਕਮਾਈਆਂ ਕਰੀ ਜਾਂਦੇ ਨੇ।"

"ਇਹ ਤਾਂ ਰਾਤ ਡਬਲ ਕੋਟਾ ਪੂਰਾ ਕਰਕੇ ਆਈਆਂ ਨੇ... ਹੰਭੀਆਂ ਪਈਆਂ ਨੇ। ਥੋੜ੍ਹਾ ਫ਼ੰਨ ਕਰ ਲੈਣਗੀਆਂ ਤਾਂ ਕੀ ਹੋਜੂ। ਆਪਣੇ ਤੀਹ ਪਰਸੈਂਟ ਵਿੱਚੋਂ ਹੀ ਕਰਦੀਆਂ ਨੇ, ਸਾਨੂੰ ਕੀ?"

ਟੋਨੀ ਹਾਲੇ ਵੀ ਬੇਚੈਨ ਸੀ। ਮੈਂ ਧਿਆਨ ਨਾਲ ਦੇਖਿਆ ਤਾਂ ਉਹ ਬਹੁਤ ਡਰਾਉਣਾ ਲੱਗ ਰਿਹਾ ਸੀ। ਮੇਰਾ ਰੋਣਾ ਨਿਕਲ ਗਿਆ। ਉਸਨੇ ਝੱਟ ਮੈਨੂੰ ਆਪਣੇ ਨਾਲ ਘੁੱਟ ਲਿਆ, "ਯੂ ਆਰ ਮਾਈ ਲਵ, ਮਿੱਸ ਅਮੈਰਿਕਾ ! ਚੱਲ ਤਿਆਰ ਹੋਜਾ। ਅੱਜ ਤੇਰਾ ਫ਼ੋਟੋਸ਼ੂਟ ਐ।" ਮੇਰਾ ਮੱਥਾ ਚੁੰਮ ਕੇ ਉਹ ਬਾਹਰ ਚਲਿਆ ਗਿਆ।

ਸ਼ੂਗਰ ਮੈਨੂੰ ਅੰਦਰ ਲੈ ਗਈ। ਮੈਂ ਆਪਣੀਆਂ ਡਰੈੱਸਾਂ ਖਿਲਾਰ ਕੇ ਚਾਮ੍ਹਲ-ਚਾਮ੍ਹਲ ਸ਼ੂਗਰ ਨੂੰ ਦਿਖਾਉਣ ਲੱਗੀ। ਇੱਕ ਡਰੈੱਸ ਚੁੱਕ ਕੇ ਆਖਿਆ, "ਅੱਜ ਤਾਂ ਆਹ ਸਿਤਾਰਿਆਂ ਵਾਲੀ ਪਾਊਂ... ਮਾਈ ਗੁੱਡਲੱਕ ਚਾਰਮ। ਟੋਨੀ ਨੇ ਆਪਣੀ ਪਸੰਦ ਦੀ ਲੈ ਕੇ ਦਿੱਤੀ ਸੀ ਮੈਨੂੰ।"

ਥੋੜ੍ਹੀ ਦੇਰ ਬਾਅਦ ਟੋਨੀ ਨਾਲ ਮੈਂ ਤਿਤਲੀ ਬਣੀਂ ਸੁਪਨ ਨਗਰੀ ਵਿਚ ਫ਼ੋਟੋਸ਼ੂਟ ਲਈ ਉੱਡੀ ਜਾ ਰਹੀ ਸਾਂ। ਇੱਥੋਂ ਤੱਕ ਪੜ੍ਹ ਕੇ ਮੇਰਾ ਸਿਰ ਸੁੰਨ ਹੋ ਗਿਆ। ਨੋਟਬੁੱਕ ਨੂੰ ਪਾਸੇ ਰੱਖਕੇ ਮੈਂ ਰੂਮ ਸਰਵਿਸ ਤੋਂ ਕੌਫ਼ੀ ਮੰਗਵਾਈ। ਸੁਸਤਾ ਕੇ ਘੁੱਟ-ਘੁੱਟ ਪੀਣ ਲੱਗੀ। ਕੱਪ ਹੇਠਾਂ ਰੱਖਦਿਆਂ ਹੀ ਮੈਂ ਫੇਰ ਕਾਗਜ਼ ਚੁੱਕ ਲਏ। ਅਗਲੇ ਸਫ਼ਿਆਂ 'ਤੇ ਕੋਈ ਤਰਲ ਡਿੱਗਣ ਕਾਰਨ ਉਹ ਆਪਸ ਵਿੱਚ ਜੁੜੇ ਪਏ ਸਨ। ਕੋਨਿਆਂ ਤੋਂ ਅੰਦਰ ਝਾਕ ਕੇ

ਵੀ ਮੈਂ ਕੁਝ ਨਾ ਪੜ੍ਹ ਸਕੀ। ਪਾਟਣ ਦੇ ਡਰੋਂ ਮੈਂ ਕਾਗਜ਼ਾਂ ਨਾਲ ਧੱਕਾ ਨਾ ਕੀਤਾ ।ਅਗਲੇ ਵਰਕੇ ਪੜ੍ਹਕੇ ਮੇਰਾ ਦਿਲ ਖੁਸਣ ਲੱਗਾ। ਪੀਰੀਅਡਜ਼ ਨ੍ਹੀਂ ਆਏ, ਦੋ ਮਹੀਨੇ ਹੋਗੇ... ਮੈਂ ਸ਼ੂਗਰ ਨਾਲ ਗੱਲ ਕੀਤੀ।

"ਸਾਡਾ ਆਪਣਾ ਡਾਕਟਰ ਐ, ਗੱਲ ਹੀ ਕੋਈ ਨ੍ਹੀਂ ਕੱਲ੍ਹ ਚਲਦੇ ਆਂ।" ਉਸਨੇ ਪਟਾਕ ਦੇਣੇ ਆਖਿਆ।

ਵੱਡੇ ਹਾਲ 'ਚ ਬੈੱਡਾਂ 'ਤੇ ਕੁੜੀਆਂ ਪੀੜ ਨਾਲ ਦੂਹਰੀਆਂ ਹੁੰਦੀਆਂ ਦੇਖ ਮੈਨੂੰ ਘਬਰਾਹਟ ਹੋਣ ਲੱਗੀ।

"ਇਨ੍ਹਾਂ ਨੂੰ ਦਵਾਈ ਦਿੱਤੀ ਹੋਈ ਐ।" ਸ਼ੂਗਰ ਦੱਬੀ ਜਿਹੀ ਆਵਾਜ਼ 'ਚ ਮੇਰੇ ਕੰਨ ਵਿੱਚ ਬੋਲੀ,

"ਪਰਲ?"

ਨਰਸ ਨੇ ਕਮਰੇ 'ਚ ਆਉਣ ਲਈ ਇਸ਼ਾਰਾ ਕੀਤਾ। ਪਹਿਲਾਂ ਹੀ ਭਰਕੇ ਰੱਖੀ ਸਰਿੰਜ ਚੁੱਕ ਕੇ ਉਸਨੇ ਕਿਹਾ, "ਹੋਲਡ ਮਾਈ ਆਰਮ।" ਮੈਂ ਦਰਦ 'ਚ ਉਸਦੀ ਬਾਂਹ ਐਨੀ ਘੁੱਟ ਕੇ ਫੜੀ ਕਿ ਨਹੁੰ ਖੁਭ ਗਏ।

ਮੈਂ ਅੱਖਾਂ ਬੰਦ ਕਰਕੇ ਕਿੰਨੀ ਦੇਰ ਬੈਠੀ ਰਹੀ। ਦਿਮਾਗੀ ਤੌਰ ਤੇ ਇਕ ਸੁਰ ਹੋਣ ਲਈ ਕਾਫੀ ਸਮਾਂ ਲੱਗਾ। ਅੱਗੇ ਪੜ੍ਹਨ ਦੀ ਮੇਰੇ ਅੰਦਰੋਂ ਜਿਵੇਂ ਸੱਤਿਆ ਹੀ ਮੁੱਕ ਗਈ ਸੀ। ਮਾਈਕਲ ਨੂੰ ਫ਼ੋਨ ਲਗਾ ਲਿਆ। ਉਸਦੀ ਚਚੇਰੀ ਭੈਣ ਦੀਆਂ ਗੱਲਾਂ ਚੱਲ ਪਈਆਂ ਜਿਹੜੀ ਦੀਪੀ ਦੀ ਤਰ੍ਹਾਂ ਹੀ ਹਨੇਰਿਆਂ 'ਚ ਗਵਾਚ ਗਈ ਸੀ। ਉਸਦਾ ਬਾਪ ਦਿਨ-ਰਾਤ ਸ਼ਰਾਬ 'ਚ ਡੁੱਬਿਆ ਰਹਿੰਦਾ। ਮਾਈਕਲ ਦੇ ਹੰਝੂ ਛਾਤੀ ਪਾੜ ਵਹਿ ਤੁਰੇ। ਬੱਚਿਆ ਨਾਲ ਗੱਲ ਹੋਈ, ਉਹਨਾਂ ਦੇ ਚੋਚਲਿਆਂ ਨੇ ਮੈਨੂੰ ਸੌਣ ਜੋਗੀ ਕਰ ਦਿੱਤਾ।

ਸਵੇਰੇ ਨੇਹਾ ਦੀ ਗੁਡ ਮੌਰਨਿੰਗ ਨੇ ਮੈਨੂੰ ਜਗਾਇਆ। ਥੋੜ੍ਹੀ ਜਿਹੀ ਗੱਲ ਕਰਕੇ ਉਹ ਨਾਨੀ ਦੀ ਗੋਦੀ ਵਿੱਚ ਸੌਂ ਗਈ। ਮੰਮੀ ਉਹੀ ਗੱਲਾਂ ਲੈ ਕੇ ਬਹਿ ਗਏ ਜੋ ਪਹਿਲਾਂ ਵੀ ਕਿੰਨੀ ਵਾਰ ਕਰ ਚੁੱਕੇ ਸਨ, "ਜੇ ਕਿਸਮਤ ਚੰਗੀ ਹੁੰਦੀ ਤਾਂ ਦੀਪੀ ਦਾ ਡੈਡੀ ਵਿਚਾਰਾ ਮਸ਼ੀਨ 'ਚ ਕਾਹਨੂੰ ਆਉਂਦਾ। ਆਹ ਦੂਜੇ ਨੇ ਤਾਂ ਟੱਬਰ ਨੂੰ ਦਿਨੇ ਤਾਰੇ ਦਿਖਾਤੇ... ਸੁਣਿਐਂ ਬੀਮੇ ਦਾ ਸਾਰਾ ਪੈਸਾ ਵੀ ਖਾ ਗਿਆ। ਗਰੋਸਰੀ ਸਟੋਰ 'ਚ ਦੀਪੀ ਦੀ ਮੰਮੀ ਨਾਲ ਕੁੱਤੇਖਾਣੀ ਕਰਦਾ ਮੈਂ ਆਪ ਦੇਖਿਐ।"

ਮੰਮੀ ਤੋਂ ਵਿਹਲੀ ਹੋ ਕੇ ਮੈਂ ਤਿਆਰ ਹੋਣ ਲੱਗੀ ਹੀ ਸੀ ਕਿ ਦੀਪੀ ਆ ਧਮਕੀ, "ਅੱਜ ਮੈਨੂੰ ਪਾਰਲਰ ਜਾਣਾ ਪੈਣੈ, ਐਮਿਲੀ ਢਿੱਲੀ ਐ।"

"ਚੱਲ ਮੈਂ ਵੀ ਚੱਲਦੀ ਆਂ... ਬਸ ਦੋ ਮਿੰਟ ਲੱਗਣਗੇ।"

ਅਸੀਂ ਪਾਰਲਰ ਨੂੰ ਤੁਰ ਪਈਆਂ। ਸਾਡੇ ਜਾਂਦਿਆਂ ਨੂੰ ਕੁੜੀਆਂ ਕੰਮ ਲੱਗੀਆਂ ਹੋਈਆਂ, ਐਮਿਲੀ ਉੱਪਰ ਸੀ। ਅਸੀਂ ਸਭ ਨੂੰ ਹੈਲੋ ਕਰਕੇ ਪੌੜੀਆਂ ਚੜ੍ਹ ਗਈਆਂ। ਕੱਲ੍ਹ ਚਿੜੀ ਵਾਂਗ ਚਹਿਕਦੀ ਐਮਿਲੀ ਦਾ ਅੱਜ ਮੂੰਹ ਉਤਰਿਆ ਪਿਆ ਸੀ। ਉਹ ਬੈੱਡ ਨਾਲ ਢੋਅ ਲਾਈ ਬੈਠੀ ਸੀ। ਦੀਪੀ ਨੇ ਉਸਦਾ ਮੱਥਾ ਛੋਹਿਆ, ਸਿਰ ਆਪਣੀ ਬੁੱਕਲ ਵਿੱਚ ਲੈ ਕੇ ਬੋਲੀ, "ਸੱਟ ਵਾਲੀ ਥਾਂ ਦਰਦ ਕਰਦੀ ਐ?"

ਐਮਿਲੀ ਨੇ ਹਾਂ 'ਚ ਸਿਰ ਹਿਲਾਇਆ।

"ਸੱਟ ਕਿਵੇਂ ਲੱਗੀ ਸੀ?" ਮੈਂ ਪੁੱਛਿਆ।

ਦੀਪੀ ਬੋਲੀ, "ਨੋਟਬੁੱਕ 'ਚ ਨ੍ਹੀਂ ਪੜ੍ਹਿਆ?" ਮੇਰੇ ਹੁੰਗਾਰੇ ਦਾ ਇੰਤਜ਼ਾਰ ਕੀਤੇ ਬਿਨਾਂ ਹੀ ਉਹ ਦੱਸਣ ਲੱਗੀ, "ਜਿੱਦਣ ਉਹ ਮੈਨੂੰ ਫ਼ੋਟੋਸ਼ੂਟ 'ਤੇ ਲੈ ਕੇ ਗਿਆ ਸੀ, ਇਹਨੂੰ ਟਰੱਕ ਸਟੌਪ 'ਤੇ ਕੋਟਾ ਪੂਰਾ ਕਰਨ ਲਈ ਛੱਡ ਆਇਆ। ਇਹ ਵੀ ਮੇਰੇ ਵਾਂਗ ਲਹੂ-ਲੁਹਾਣ ਹੋਈ ਵਾਪਸ ਆਈ ਸੀ।" ਉਸਨੇ ਐਮਿਲੀ ਦਾ ਸਿਰ ਟੇਢਾ ਜਿਹਾ ਕਰਕੇ ਕੰਨ ਪਿੱਛੇ ਜ਼ਖ਼ਮ ਦਾ ਨਿਸ਼ਾਨ ਦਿਖਾਇਆ, "ਕਿਸੇ ਸਣਕੀ ਡਰਾਇਵਰ ਨੇ ਇਹਦਾ ਕੰਨ ਹੀ ਵੱਢ ਲੈਣਾ ਸੀ। ਕਹਿੰਦਾ, ਮੈਂ ਤਾਂ ਹਰੇਕ ਕੁੜੀ ਦਾ ਕੰਨ ਨਿਸ਼ਾਨੀ ਵਜੋਂ ਰੱਖਦਾਂ। ਐਨ ਕੰਨ ਦੀ ਜੜ੍ਹ 'ਚ ਚਾਕੂ ਮਾਰਿਆ। ਇਹ ਮਸੀਂ ਜਾਨ ਬਚਾ ਕੇ ਉੱਥੋਂ ਭੱਜੀ।"

ਐਮਿਲੀ ਨੇ ਦੀਪੀ ਦੀ ਗੱਲ੍ਹ ਨੂੰ ਛੂਹ ਕੇ ਕਿਹਾ, "ਉਸ ਦਿਨ ਤੋਂ ਹੀ ਮੈਂ ਇਹਦੀ ਬੇਬੀ ਸਿਸਟਰ ਆਂ... ਇਹਨੂੰ ਵੀ ਕੋਈ ਔਲੀਵਰ ਵਰਗਾ ਮਿਲਜੇ ਜਿਹੜਾ ਇਹਦੇ ਦਿਲ ਨੂੰ ਦੇਖਣ ਦੀ ਕੋਸ਼ਿਸ਼ ਕਰੇ।"

ਐਮਿਲੀ ਫੇਰ ਬਹੁਤ ਹੀ ਠੰਡੀ ਆਵਾਜ਼ 'ਚ ਬੋਲੀ, "ਆਪਣੇ ਫ਼ੋਟੋਸ਼ੂਟ ਦੀ ਗੱਲ ਤਾਂ ਤੂੰ ਸੁਣਾਈ ਹੋਣੀ ਐ ਸਿੰਮੀ ਨੂੰ...।"

"ਟੋਨੀ ਮੈਨੂੰ ਰੋਜ਼ ਕਿਹਾ ਕਰੇ, ਆਪਾਂ ਵਿਆਹ ਕਰਾਉਣੈ... ਛੇਤੀ ਪੈਸੇ ਇਕੱਠੇ ਕਰਕੇ ਘਰ ਬਣਾਉਣੈ। ਤੈਨੂੰ ਥੋੜ੍ਹੀ ਮਿਹਨਤ ਤਾਂ ਕਰਨੀ ਪੈਣੀ ਐਂ ਜੇ ਅੱਜ ਫ਼ੋਟੋਸ਼ੂਟ 'ਤੇ ਡਾਇਰੈਕਟਰ ਦਾ ਤੈਨੂੰ ਕੁਝ ਚੰਗਾ ਨਾ ਲੱਗੇ ਤਾਂ ਅੱਖਾਂ ਮੀਟ ਕੇ ਸਮਝੀਂ ਉਹ ਤੇਰਾ ਟੋਨੀ ਹੀ ਐ ਦੀਪੀ ਫਿੱਕਾ ਜਿਹਾ ਹੱਸੀ, "ਮੈਂ ਕਮਲ਼ੀ ਜਿਹੀ ਸੋਚਦੀ ਰਹੀ, ਟੋਨੀ ਮੈਨੂੰ ਐਨਾ ਪਿਆਰ ਕਰਦੈ। ਮੈਂ ਤਾਂ ਉਦੋਂ ਸੁੰਨ ਪੱਥਰ ਹੀ ਹੋ ਗਈ ਜਦੋਂ ਮੈਨੂੰ ਬੰਦਿਆਂ ਦੇ ਹਵਾਲੇ ਕਰਕੇ, ਉਨ੍ਹਾਂ ਤੋਂ ਪੈਸੇ ਫੜ ਤੁਰਦਾ ਬਣਿਆ।" ਦੀਪੀ ਦੀ ਜ਼ਬਾਨ ਭਰੜਾ ਗਈ ਤੇ ਸ਼ਬਦ ਸਾਥ ਛੱਡ ਗਏ। "ਫ਼ਲੈਸ਼ ਲਾਈਟਾਂ ਤੇ ਕੈਮਰੇ ਵੀ ਉਹ ਚੁੱਕ ਲਿਆਏ। ਮੇਰੇ ਨਾਲ ਐਨੀ ਬੁਰੀ ਕੀਤੀ ਕਿ ਵਾਸ਼ਰੂਮ 'ਚ ਚਿੱਟੇ ਭਾਰੀ ਤੌਲੀਏ ਨਾਲ ਵੀ ਮੇਰਾ ਖ਼ੂਨ ਨਾ ਰੁਕੇ। ਮੈਂ ਦਰਦ ਨਾਲ ਮਰ ਮਰ ਜਾਵਾਂ। ਉਹ ਅਪਣਾ ਕੰਮ ਕੱਢ ਕੇ ਔਹ ਗਏ। ਕਿੰਨੀ ਦੇਰ ਮੈਂ ਹਾਲੋਂ-ਬੇਹਾਲ ਹੋਈ ਤੜਫਦੀ ਰਹੀ। ਉਪਰੋਂ ਟੋਨੀ ਅੰਦਰ ਆਉਂਦਿਆਂ ਹੀ ਗਰਜਿਆ, "ਮੈਂ ਉਨ੍ਹਾਂ ਨੂੰ ਕੈਮਰੇ ਚੁੱਕੀਂ ਜਾਂਦੇ ਦੇਖਿਐ... ਫ਼ਿਲਮ ਕਿਉਂ ਬਣਾਉਣ ਦਿੱਤੀ ਤੂੰ?"

ਉਹ ਸ਼ੂਗਰ ਵਾਂਗ ਮੇਰੇ 'ਤੇ ਝਪਟਿਆ, ਸਾਰੇ ਕੱਪੜੇ ਲਾਹ ਮਾਰੇ ਬੈੱਲਟ ਦੀਆਂ ਛਮਕਾਂ ਲਗਾਤਾਰ ਵਰ੍ਹਦੀਆਂ ਰਹੀਆਂ "ਬੇਈਮਾਨ ਕਿਸੇ ਥਾਂ ਦੇ... ਬਲੂ ਫ਼ਿਲਮ ਮੁਫ਼ਤ 'ਚ ਬਣਾ ਕੇ ਲੈ ਗਏ, ਮੇਰੇ ਮੱਥੇ ਮਾਰ ਗਏ ਸਿਰਫ਼ ਪੰਦਰਾਂ ਸੌ ਡਾਲਰ।" ਉਹ ਝੱਗ ਸੁੱਟ ਰਿਹਾ ਸੀ।

ਦੀਪੀ ਬੋਲਦੀ ਗਈ। ਮੇਰੀਆਂ ਅੱਖਾਂ ਭਰ-ਭਰ ਆਉਣ।

ਐਮਿਲੀ ਕਹਿਣ ਲੱਗੀ, "ਆਪਾਂ ਵੀ ਕਿੰਨੀਆਂ ਮੂਰਖ ਸੀ। ਆਪਣੇ ਵਿੱਚੋਂ ਬਹੁਤੀਆਂ ਨੂੰ ਤਾਂ ਟੋਨੀ ਵਿਆਹ ਦੇ ਲਾਰੇ ਲਾ ਕੇ ਲਿਆਇਆ ਸੀ ਜਾਂ ਮੌਡਲ ਬਣਾਉਣ ਦੇ ਘਰਾਂ ਵਿੱਚ ਸਾਡੀ ਕੋਈ ਸੁਣਨ ਵਾਲਾ ਨਹੀਂ ਸੀ। ਬਾਹਰਲੀ ਦੁਨੀਆਂ ਨੇ ਕਿੱਥੇ ਘੱਟ ਗੁਜ਼ਾਰਨੀ ਸੀ।"

ਮਾਹੌਲ ਬਹੁਤ ਬੋਝਲ ਹੋ ਗਿਆ। ਹੇਠੋਂ ਦੋ ਕੁੜੀਆਂ ਪੀਜ਼ਾ ਲੈ ਕੇ ਆ ਗਈਆਂ। ਸ਼ਾਮ ਦੀ ਮੇਰੀ ਫ਼ਲਾਈਟ ਸੀ, ਪੈਕਿੰਗ ਵੀ ਹਾਲੇ ਕਰਨੀ ਸੀ। ਮੈਂ ਤੇ ਦੀਪੀ ਪੀਜ਼ਾ ਖਾ ਕੇ ਉੱਥੋਂ ਤੁਰ ਪਈਆਂ। ਐਮਿਲੀ ਗੱਲਾਂ ਬਾਤਾਂ ਕਰਕੇ ਪਹਿਲਾਂ ਨਾਲੋਂ ਬਿਹਤਰ ਸੀ।

ਏਅਰਪੋਰਟ ਨੂੰ ਜਾਂਦੀ ਨੇ ਮੈਂ ਮੈਸੇਜ ਚੈੱਕ ਕੀਤੇ। ਦੀਪੀ ਦਾ ਮੈਸੇਜ ਪੜ੍ਹ ਕੇ ਮੇਰਾ ਮਨ ਭਰ ਆਇਆ, "ਤੈਨੂੰ ਪਤੈ ਮੈਂ ਸ਼ਾਮੀਂ ਕਿਤੇ ਨ੍ਹੀਂ ਜਾ ਸਕਦੀ ਨਹੀਂ ਤਾਂ ਏਅਰਪੋਰਟ ਨਾਲ ਜਾਂਦੀ। ਥੈਂਕਸ ਫ਼ੌਰ ਯੂਅਰ ਵਿਜ਼ਟ, ਆਈ ਵਿਲ ਮਿੱਸ ਯੂ...।" ਨਾਲ ਹੀ ਬੁੱਲ੍ਹਾਂ ਦੀਆਂ ਇਮੋਜੀਆਂ ਦੀ ਪੂਰੀ ਲੜੀ ਸੀ।

ਮੈਂ ਘਰ ਪਹੁੰਚ ਗਈ। ਇੱਕ ਦੋ ਵਾਰ ਦੀਪੀ ਨਾਲ ਗੱਲਬਾਤ ਹੋਈ। ਫੇਰ ਕਈ ਦਿਨ ਫ਼ੋਨ ਨਾ ਆਇਆ, ਨਾ ਮੈਂ ਕਰ ਸਕੀ। ਸਟੂਡੀਓ ਦਾ ਕੰਮ ਚੱਲ ਰਿਹਾ ਸੀ। ਕਈ ਵਾਰ ਦਿਲ ਕਰਦਾ ਮੈਂ ਵੀ ਜਾ ਕੇ ਮਾਈਕਲ ਨਾਲ ਕੁਝ ਕਰਾਵਾਂ ਪਰ ਪਤਾ ਨਹੀਂ ਮਨ 'ਚ ਕਿਹੜੀ ਕਿਰਚ ਖੁੱਭੀ ਹੋਈ ਸੀ ਕਿ ਮੈਂ ਬੱਚਿਆਂ ਨੂੰ ਲੈ ਕੇ ਪਾਰਕ ਚਲੀ ਜਾਂਦੀ, ਕਿੰਨ੍ਹਾ ਚਿਰ ਉੱਥੇ ਹੀ ਬੈਠੀ ਰਹਿੰਦੀ। ਦੋ ਤਿੰਨ ਵਾਰ ਮੰਮਾਂ ਨੂੰ ਵੀ ਧੱਕੇ ਨਾਲ ਹੀ ਮਾਲ 'ਚ ਘੁੰਮਾ ਲਿਆਈ, ਬਿਨਾਂ ਕਿਸੇ ਵਜ੍ਹਾ ਤੋਂ। ਸ਼ਾਮੀਂ ਮਾਈਕਲ ਸਟੂਡੀਓ ਦੀਆਂ ਗੱਲਾਂ ਛੇੜ ਲੈਂਦਾ। ਮੇਰੇ ਪੱਲੇ ਕੁਝ ਵੀ ਨਾ ਪੈਂਦਾ।

ਇੱਕ ਸ਼ਾਮ ਖਾ ਪੀ ਕੇ ਹਟੇ ਸਾਂ। ਮੰਮਾ ਬੱਚਿਆਂ ਦੇ ਕੱਪੜੇ ਬਦਲਣ ਲਈ ਉਹਨਾਂ ਨੂੰ ਕਮਰੇ 'ਚ ਲੈ ਗਏ। ਦਰਵਾਜ਼ੇ 'ਤੇ ਬੈੱਲ ਹੋਈ, ਮਾਈਕਲ ਨੇ ਦਰਵਾਜ਼ਾ ਖੋਲ੍ਹਿਆ। ਸਾਹਮਣੇ ਦੋ ਪੁਲੀਸ ਅਫ਼ਸਰ ਖੜ੍ਹੇ ਸਨ। ਮੈਂ

ਵੀ ਕਾਹਲ਼ੀ ਨਾਲ ਮਾਈਕਲ ਦੇ ਕੋਲ ਆ ਖੜੀ ਹੋਈ। ਪੁਲੀਸ ਵਾਲਿਆਂ ਨੇ ਸਾਨੂੰ ਆਪਣੇ ਬੈਜ ਦਿਖਾਏ। ਉਹਨਾਂ ਨੇ ਦੀਪੀ ਦੀ ਕੋਰੇ ਕਾਗਜ਼ ਉੱਪਰ ਪ੍ਰਿੰਟ ਕੀਤੀ ਫ਼ੋਟੋ ਸਾਡੇ ਵੱਲ ਕਰਦਿਆਂ ਪੁੱਛਿਆ, "ਤੁਸੀਂ ਇਸ ਨੂੰ ਜਾਣਦੇ ਹੋ?"

ਮੈਂ ਸੁਆਲ ਦਾ ਜੁਆਬ ਦੇਣ ਦੀ ਥਾਂ ਪੁੱਛਿਆ, "ਕੀ ਹੋਇਆ ਦੀਪੀ ਨੂੰ?" ਨਾਲ ਹੀ ਮੈਂ ਮਾਈਕਲ ਨੂੰ ਦੱਸ ਰਹੀ ਸਾਂ ਕਿ ਇਹ ਦੀਪੀ ਹੈ।

"ਸਾਨੂੰ ਸੈਨਹੋਜ਼ੇ ਪੁਲਿਸ ਡਿਪਾਰਟਮੈਂਟ ਤੋਂ ਫ਼ੋਨ ਆਇਐ। ਤੁਹਾਡਾ ਐਂਡਰੈਸ ਮਿਲਿਐ ਇਹਦੇ ਪਰਸ 'ਚੋਂ। ਸਾਨੂੰ ਤਾਂ ਇਹਦਾ ਨਾਂ ਪਰਲ ਦੱਸਿਆ ਗਿਐ। ਬਕਾਇਦਾ ਲੰਮਾ ਰਿਕਾਰਡ ਐ ਪੁਲੀਸ ਕੋਲ।"

ਉਹ ਨੋਟਪੈਡ 'ਤੇ ਹਸਪਤਾਲ ਦਾ ਪਤਾ ਟਿਕਾਣਾ ਲਿਖ ਕੇ ਸਾਨੂੰ ਫੜਾ ਗਏ। ਹਸਪਤਾਲ ਵਾਰ-ਵਾਰ ਫ਼ੋਨ ਕਰਨ 'ਤੇ ਵੀ ਗੱਲ ਨਹੀਂ ਸੀ ਹੋ ਰਹੀ। ਮੇਰੀ ਪਰੇਸ਼ਾਨੀ ਦੇਖ ਕੇ ਮਾਈਕਲ ਕਹਿਣ ਲੱਗਾ, "ਜਿਹੜੇ ਦੀਪੀ ਦੇ ਦੋਸਤਾਂ ਨੂੰ ਤੂੰ ਮਿਲੀ ਸੀ, ਉਹਨਾ ਦਾ ਫ਼ੋਨ ਨੰਬਰ ਤਾਂ ਹੋਊ...।"

ਮੈਨੂੰ ਯਾਦ ਆਇਆ, ਔਲੀਵਰ ਦਾ ਨੰਬਰ ਸੇਵ ਕੀਤਾ ਸੀ। ਕਾਹਲ਼ੀ 'ਚ ਉਸਨੂੰ ਫ਼ੋਨ ਲਾਇਆ। ਉਹਨੂੰ ਤਾਂ ਕੁਝ ਵੀ ਨਹੀਂ ਸੀ ਪਤਾ । ਉਹ ਵਾਰ-ਵਾਰ ਮੇਰਾ ਦਿਲ ਧਰਾ ਰਿਹਾ ਸੀ, "ਤੂੰ ਘਬਰਾ ਨਾ, ਤੈਨੂੰ ਏਧਰ ਭੱਜਣ ਦੀ ਕੋਈ ਲੋੜ ਨ੍ਹੀਂ... ਮੈਂ ਹੁਣੇ ਹਸਪਤਾਲ ਜਾਨਾ।"

ਦੀਪੀ ਵੈਂਟੀਲੇਟਰ 'ਤੇ ਸੀ। ਔਲੀਵਰ ਦੀ ਭੇਜੀ ਫ਼ੋਟੋ 'ਚ ਦੀਪੀ ਦੇ ਸਿਰ 'ਤੇ ਬੰਨ੍ਹੀ ਪੱਟੀ, ਪੋਪਲੇ ਵਾਂਗ ਸੁੱਜੀ ਹੋਈ ਅੱਖ। ਔਲੀਵਰ ਦੱਸ ਰਿਹਾ ਸੀ, "ਕੋਈ ਕਲਾਇੰਟ ਕੁੱਟ ਮਾਰ ਕਰਕੇ ਰਾਤ ਪਾਰਕ 'ਚ ਸੁੱਟ ਗਿਐ।" ਅਗਲੀ ਸਵੇਰ ਕਿਸੇ ਸੈਰ ਕਰਦੇ ਬੰਦੇ ਨੇ ਪੁਲੀਸ ਨੂੰ ਕਾਲ ਕੀਤੀ।"

"ਪੁਲੀਸ ਨੇ ਕੋਈ ਫੜਿਆ?"

"ਉਹ ਤਾਂ ਪਰਲ ਦੇ ਕਮਰੇ ਦੇ ਬਾਹਰ ਖੜੇ ਮਸ਼ਕਰੀਆਂ ਕਰ ਰਹੇ ਸੀ, "ਇਹ ਤਾਂ ਹਵਾਲਾਤ ਚ ਹੀ ਠੀਕ ਰਹਿੰਦੀਆਂ ਨੇ... ਇਹਨਾਂ ਨੂੰ ਤਾਂ ਅੰਦਰ ਕਰਕੇ ਚਾਬੀਆਂ ਸਮੁੰਦਰ ਚ ਸੁੱਟ ਦਵੇ। "

ਕੁਝ ਰੁਕ ਕੇ ਉਹ ਫੇਰ ਬੋਲਿਆ, "ਇਹਨਾਂ ਕੁੜੀਆਂ 'ਤੇ ਤਾਂ ਸਾਡਾ ਮੇਅਰ ਵੀ ਬੜਾ ਔਖੈ... ਕਹਿੰਦਾ ਅਰੈਂਸਟ ਦੀਜ਼ ਸਲੱਟਜ਼। ਕਲੀਨ ਅੱਪ ਦਾ ਡਾਊਨ ਟਾਊਨ... ਪ੍ਰਾਪਰਟੀ ਦੀ ਕੀਮਤ ਡਿੱਗ ਜਾਂਦੀ ਐ ਜਿੱਥੇ ਆ ਕੇ ਖੜਦੀਆਂ ਨੇ।"

"ਇਹ ਓਹੀ ਮੇਅਰ ਨ੍ਹੀਂ ਜਿਹੜਾ ਕਿਸੇ ਸੈੱਕਸ ਸਕੈਂਡਲ 'ਚ ਫੜਿਆ ਗਿਆ ਸੀ? ਉਦੋਂ ਤਾਂ ਪਾਰਟੀ ਨੇ ਕੁੜੀ ਨੂੰ ਪੈਸੇ ਦੇਕੇ ਮਾਮਲਾ ਰਫ਼ਾ-ਦਫ਼ਾ ਕਰ ਦਿੱਤਾ ਸੀ। "

ਔਲੀਵਰ ਨੇ ਮੇਰੀ ਗੱਲ ਦੀ ਪੁਸ਼ਟੀ ਕੀਤੀ।

ਜਦੋਂ ਦੀਪੀ ਨੂੰ ਸੁਰਤ ਆਈ, ਮੈਂ ਔਲੀਵਰ ਨੂੰ ਇਹ ਚੈੱਕ ਕਰਵਾਉਣ ਦੀ ਤਾਕੀਦ ਕੀਤੀ ਕਿ ਉਸਦੀ ਅੱਖ ਦੀ ਜੋਤ ਠੀਕ ਹੋਵੇ। ਉਸਦੇ ਸਿਰ ਦੀ ਸੱਟ ਨੇ ਕੋਈ ਗੰਭੀਰ ਨੁਕਸਾਨ ਨਾ ਕੀਤਾ ਹੋਵੇ। ਡਾਕਟਰਾਂ ਦੇ ਹਿਸਾਬ ਨਾਲ ਦੀਪੀ ਠੀਕ ਹੋ ਰਹੀ ਸੀ। ਉਸਦੀ ਐੱਚ ਆਈ ਵੀ ਰਿਪੋਰਟ ਵੀ ਠੀਕ ਸੀ। ਉਸ ਨਾਲ ਗੱਲਬਾਤ ਦੌਰਾਨ ਮੈਂ ਉਸਨੂੰ ਘੱਟ ਤੋਂ ਘੱਟ ਬੋਲਣ ਦਿੰਦੀ।

ਪੁਲੀਸ ਉਸਨੂੰ ਸ਼ੈੱਲਟਰ ਹੋਮ 'ਚ ਛੱਡਣ ਦੀ ਕਾਰਵਾਈ ਕਰ ਰਹੀ ਸੀ। ਔਲੀਵਰ ਵੀ ਇਹੀ ਕਹਿ ਰਿਹਾ ਸੀ ਕਿ ਹਾਲ ਦੀ ਘੜੀ ਸ਼ੈੱਲਟਰ ਹੀ ਬਿਹਤਰ ਤੇ ਸੁਰੱਖਿਅਤ ਥਾਂ ਹੈ। ਦੀਪੀ ਵੀ ਉੱਥੇ ਟਿਕਣ ਲਈ ਬਿਨਾਂ ਕਿਸੇ ਹੀਲ-ਹੁੱਜਤ ਦੇ ਮੰਨ ਗਈ।

ਦੀਪੀ ਦੀ ਕੁੱਟਮਾਰ ਪੁਲੀਸ ਲਈ ਕੋਈ ਬਹੁਤ ਵੱਡੀ ਗੱਲ ਨਹੀਂ ਸੀ। ਉਹਨਾਂ ਨੇ ਕੋਈ ਜਾਂਚ ਪੜਤਾਲ ਨਾ ਕੀਤੀ, ਕਿਸੇ ਨੂੰ ਫੜਨਾ ਤਾਂ ਦੂਰ ਰਿਹਾ। ਔਲੀਵਰ ਤੇ ਐਮਿਲੀ ਟੈਟੂ ਪਾਰਲਰ 'ਚੋਂ ਸਮਾਂ ਕੱਢ ਕੇ ਉਸਨੂੰ

ਮਿਲਣ ਜਾਂਦੇ। ਉੱਥੇ ਚੱਲ ਰਹੀਆਂ ਤਰ੍ਹਾਂ-ਤਰ੍ਹਾਂ ਦੀਆਂ ਕਲਾਸਾਂ 'ਚੋਂ ਪਹਿਲਾਂ ਦੀਪੀ ਨੇ ਖਾਣ-ਪਕਾਉਣ ਦੀਆਂ ਕਲਾਸਾਂ ਲਾਈਆਂ। ਫਿਰ ਉਸਦੇ ਅੰਦਰਲੀ ਡਿਜ਼ਾਇਨਰ ਦੀਪੀ ਜਾਗ ਪਈ। ਉਹਨੇ ਆਪ ਮੈਨੇਜਰ ਨੂੰ ਮਹਿੰਦੀ ਕਲਾਸ ਸ਼ੁਰੂ ਕਰਨ ਦਾ ਸੁਝਾਅ ਦਿੱਤਾ। ਐਮਿਲੀ ਹੱਸ ਰਹੀ ਸੀ, "ਪਰਲ ਨੂੰ ਤਾਂ ਮਹਿੰਦੀ ਲਵਾਉਣ ਲਈ ਜਨਾਨੀਆਂ ਅੱਡ, ਬੱਚੇ ਅੱਡ ਘੇਰੀ ਰੱਖਦੇ ਨੇ...।"

ਦੋਹਾਂ ਜੀਆਂ ਨੇ ਮੈਨੂੰ ਇੱਕ ਦੂਜੇ ਦੀ ਬਾਂਹ 'ਤੇ ਮਹਿੰਦੀ ਨਾਲ ਲਿਖਾਏ ਆਪਣੇ ਨਾਂ ਵੀ ਦਿਖਾਏ।

ਮੇਰੇ ਲਈ ਇਹ ਸਕੂਨ ਵਾਲੀ ਗੱਲ ਸੀ ਕਿ ਦੀਪੀ ਸ਼ੈਲਟਰ ਹੋਮ 'ਚ ਆਹਰੇ ਲੱਗੀ ਹੋਈ ਸੀ। ਕੋਈ ਪੈਸੇ ਦੇ ਜ਼ੋਰ 'ਤੇ ਉਸਦੀ ਦੇਹ ਦੀ ਖਿੱਚ-ਧੂਹ ਨਹੀਂ ਸੀ ਕਰ ਰਿਹਾ।

ਦੀਪੀ ਨੇ ਵਟਸਐੱਪ 'ਤੇ ਫ਼ੋਟੋ ਭੇਜੀ। ਮਹਿੰਦੀ ਨਾਲ ਦਗ਼-ਦਗ਼ ਕਰਦੇ ਅੱਖਰਾਂ 'ਚ ਹਥੇਲੀ 'ਤੇ ਲਿਖਿਆ ਸੀ..."ਸਟੂਪਿਡ।"

ਮੈਂ ਭੱਜ ਕੇ ਫ਼ੋਨ ਮੰਮਾਂ ਅੱਗੇ ਕੀਤਾ, "ਇਹ ਦੀਪੀ ਦਾ ਹੱਥ ਐ।"

ਮੰਮਾ ਨੇ ਫ਼ੋਟੋ 'ਤੇ ਸਰਸਰੀ ਹੱਥ ਫੇਰਿਆ, "ਕਹਿੰਦੇ ਹੁੰਦੇ ਨੇ ਸੱਸ ਨੂੰ ਪਿਆਰੀ ਹੁੰਦੀ ਐ, ਜੀਹਦੇ ਹੱਥ 'ਤੇ ਮਹਿੰਦੀ ਐਨੀ ਗੂੜ੍ਹੀ ਚੜ੍ਹੇ। ਬਾਕੀ ਪਤਾ ਨ੍ਹੀਂ ਹੁੰਦਾ ਰੱਬ ਦੇ ਘਰ ਦਾ... ਦੀਪੀ ਨੂੰ ਰੰਗ-ਭਾਗ ਲੱਗਣ।"

"ਮੰਮਾ, ਉਹ ਬੱਚਿਆਂ ਨੂੰ ਮਹਿੰਦੀ ਲਾਉਣੀ ਸਿਖਾ ਰਹੀ ਐ।" ਮੈਂ ਪਤਾ ਨ੍ਹੀਂ ਕੀ-ਕੀ ਸਿਫਤਾਂ ਕਰੀ ਜਾ ਰਹੀ ਸਾਂ।

ਦੀਪੀ ਨੂੰ ਸ਼ੈੱਲਟਰ ਹੋਮ 'ਚ ਰਹਿੰਦਿਆਂ ਡੇਢ ਮਹੀਨਾ ਹੋਣ ਲੱਗਾ ਸੀ। ਵੱਧ ਤੋਂ ਵੱਧ ਪੰਦਰਾਂ ਵੀਹ ਦਿਨ ਹੋਰ ਰਹਿ ਸਕਦੀ ਸੀ। ਮੈਂ ਤੇ ਔਲੀਵਰ ਕਈ ਵਾਰ ਇਸ ਮਸਲੇ 'ਤੇ ਨਿੱਠ ਕੇ ਗੱਲ ਕਰ ਚੁੱਕੇ ਸਾਂ ਕਿ ਦੀਪੀ ਦਾ ਆਉਣ ਵਾਲਾ ਸਮਾਂ ਕਿਹੋ ਜਿਹਾ ਹੋਵੇਗਾ। ਔਲੀਵਰ ਨੂੰ ਕਿਸੇ ਭਲੇ-ਮਾਣਸ ਪੁਲੀਸ ਔਫ਼ੀਸਰ ਨੇ ਵੀ ਦੱਸਿਆ ਕਿ ਅਮਰੀਕਾ ਬਥੇਰਾ ਵੱਡਾ ਹੈ, ਕਿਸੇ ਹੋਰ ਸਟੇਟ ਵਿੱਚ ਚਲੀ ਜਾਵੇ। ਮੈਂ ਇੱਕ ਦਮ ਉਸਦੀ ਗੱਲ ਕੱਟ ਕੇ ਆਖਿਆ, "ਇਹ ਤਾਂ ਹੋਰ ਵੀ ਚੰਗਾ ਹੋਊ, ਐਰੀਜ਼ੋਨਾ ਸਾਡੇ ਕੋਲ ਆਜੂ। ਸਾਡੇ ਸ਼ਹਿਰ ਦੇ ਲਾਗੇ-ਚਾਗੇ ਕਈ ਮੇਲੇ ਸ਼ੁਰੂ ਹੋਣ ਵਾਲੇ ਨੇ... ਸ਼ਾਇਦ ਦੀਪੀ ਦਾ ਮਹਿੰਦੀ ਵਾਲਾ ਸਟਾਲ ਲਗਵਾ ਦੇਈਏ।"

ਅਸੀਂ ਇਹ ਵੀ ਫ਼ੈਸਲਾ ਕਰ ਲਿਆ ਸੀ ਕਿ ਇਸ ਬਾਰੇ ਹੋਰ ਗੱਲਬਾਤ ਫ਼ੋਨ 'ਤੇ ਨਹੀਂ ਹੋਵੇਗੀ। ਅੰਡਰਵਰਲਡ ਦੇ ਜ਼ੋਰ ਦਾ ਪਤਾ ਸੀ। ਦੋ ਹਫ਼ਤੇ ਬਾਅਦ ਔਲੀਵਰ ਨੇ ਦੀਪੀ ਨੂੰ ਸਾਡੇ ਵੱਲ ਭੇਜਣ ਦੀ ਕੀਤੀ।

ਦੀਪੀ ਨੇ ਘਰ ਵੜਨ ਸਾਰ ਮੰਮਾ ਦੀ ਗੋਦੀ ਮੱਲ ਲਈ। ਇਸ ਨਿੱਘ ਲਈ ਉਹ ਯੁੱਗਾਂ ਤੋਂ ਤਰਸੀ ਹੋਈ ਸੀ। ਸਾਈਮਨ ਉਸਨੂੰ ਪਰੇ ਧੱਕੇ, ਚੀਕ-ਚਿਹਾੜਾ ਪਾਵੇ, "ਸ਼ੀ ਇਜ਼ ਮਾਈ ਗਰੈਂਡ ਮਾਂ।" ਦੀਪੀ ਅੱਗੋਂ ਕਹੀ ਜਾਵੇ..."ਮਾਈ ਮੰਮਾ।" ਮੈਂ ਪਹਿਲੀ ਵਾਰ ਉਸ ਦੇ ਪਰਲ-ਪਰਲ ਵਗਦੇ ਹੰਝੂ ਦੇਖੇ।

ਨੇਹਾ ਡੌਲ ਚੁੱਕੀਂ ਖੜ੍ਹੀ ਸੀ। ਦੀਪੀ ਨੇ ਉੱਠ ਕੇ ਉਸਨੂੰ ਆਪਣੇ ਨਾਲ ਲਾਇਆ। ਥੋੜ੍ਹੀ ਦੇਰ ਬਾਅਦ ਆਪਣਾ ਅਟੈਚੀ ਖੋਲ੍ਹਿਆ, ਓਹਦੇ 'ਚੋਂ ਰੰਗ-ਬਰੰਗੀਆਂ ਪੈੱਨਸਿਲਾਂ, ਛੋਟੀਆਂ-ਛੋਟੀਆਂ ਪੇਂਟ ਵਾਲੀਆਂ ਸ਼ੀਸ਼ੀਆਂ ਤੇ ਬੁਰੱਸ਼ ਨੇਹਾ ਨੂੰ ਫੜਾਏ। ਉਹ ਤਾਂ ਡੌਲ ਸੁੱਟ ਕੇ ਟੱਪਣ ਲੱਗ ਪਈ।

ਅਸੀਂ ਦੀਪੀ ਨੂੰ ਆਪਣਾ ਸਟੂਡੀਓ ਦਿਖਾ ਰਹੇ ਸਾਂ। ਉਸਨੇ ਮਾਈਕਲ ਤੋਂ ਇੱਕ ਕੰਧ ਬੜੇ ਹੱਕ ਨਾਲ ਆਪਣੇ ਵਾਸਤੇ ਮੰਗ ਲਈ।

ਨੇਹਾ ਵੀ ਝੱਟ ਕਹਿੰਦੀ, "ਆਈ ਵਿੱਲ ਪੇਂਟ ਵਿੱਦ ਯੂ ਡੀਪੀ ਆਂਟੀ...।"

"ਯੈੱਸ! ਯੂ ਵਿੱਲ ਬੀ ਮਾਈ ਲਿਟਲ ਅਸਿਸਟੈਂਟ।" ਆਖ ਦੀਪੀ ਨੇ ਉਸਨੂੰ ਗੋਦੀ ਚੁੱਕ ਲਿਆ। ਮਾਈਕਲ ਸ਼ਹਿਰ 'ਚ ਹੋਣ ਵਾਲੇ ਕਿਸਾਨੀ ਮੇਲੇ ਦੀਆਂ ਗੱਲਾਂ ਕਰਨ ਲੱਗਾ। ਦੀਪੀ ਨੂੰ ਸ਼ਾਇਦ ਉਸਦਾ

ਇਹ ਲਹਿਜ਼ਾ ਰੁੱਖਾ ਲੱਗਿਆ, ਜਿਵੇਂ ਆਪਣਾ ਬੰਦੋਬਸਤ ਕਿਤੇ ਹੋਰ ਕਰਨ ਲਈ ਇਸ਼ਾਰਾ ਕਰ ਰਿਹਾ ਹੋਵੇ। ਮਹਿੰਦੀ ਵਾਲੇ ਸਟਾਲ ਦੀਪੀ ਨੇ ਮੇਰੇ ਰੋਕਦੇ-ਰੋਕਦੇ ਵੀ ਘੰਟੇ ਕੁ ਬਾਅਦ ਬੁੱਕ ਕਰਵਾ ਲਏ। ਸ਼ਾਮੀਂ ਮੈਨੂੰ ਕਹਿਣ ਲੱਗੀ, "ਤੇਰੇ ਬੱਚੇ ਬਹੁਤ ਪਿਆਰੇ ਨੇ... ਮੈਂ ਤੇਰੀ ਦੁਨੀਆਂ 'ਚ ਕੋਈ ਖਲਲ ਨਹੀਂ ਪਾਉਣਾ। ਮੈਨੂੰ ਪਤੈ, ਤੇਰੇ ਘਰ ਦੀ ਛੱਤ ਹੇਠ ਮੇਰੇ ਲਈ ਠਾਹਰ ਰਹੇਗੀ। ਮੈਂ ਕਿਸੇ ਟੈਟੂ ਪਾਰਲਰ 'ਚ ਕੰਮ ਲੱਭ ਲੈਣੈ... ਨੇੜੇ ਹੀ ਕੋਈ ਕਮਰਾ।"

ਐਨੀਆਂ ਕੋਰੀਆਂ ਸੁਣਾ ਕੇ ਉਸਨੇ ਮੈਨੂੰ ਘੁੱਟ ਕੇ ਜੱਫੀ ਪਾਈ ਤੇ ਕੰਨ 'ਚ ਬੋਲੀ, "ਥੈਂਕਿਉ ਸਟੂਪਿਡ, ਫ਼ੌਰ ਐਵਰੀਥਿੰਗ...।"

ਮੇਰੇ ਲਈ ਐਨੀ ਤਸੱਲੀ ਹੀ ਬਹੁਤ ਸੀ ਕਿ ਦੀਪੀ ਮੁੜ ਆਈ। ਪਰਲ ਨੂੰ ਉਹ ਕਿਤੇ ਪਿੱਛੇ ਹੀ ਦਫ਼ਨਾ ਆਈ ਸੀ। ਸ਼ਾਇਦ ਪਰਲ ਤਾਂ ਉਸੇ ਰਾਤ ਮਰ ਗਈ ਸੀ ਜਦੋਂ ਉਸਨੂੰ ਕੋਈ ਆਪਣੇ ਵੱਲੋਂ ਮਾਰ ਕੇ ਸੁੱਟ ਗਿਆ ਸੀ।

ਦੀਪੀ ਆਪਣੇ ਰੂਮ ਦੀ ਖਿੜਕੀ 'ਚੋਂ ਬਾਹਰ ਪੱਤਿਆਂ ਦੇ ਬਦਲਦੇ ਰੰਗ ਦੇਖਦੀ ਰਹਿੰਦੀ, ਉਹਨਾਂ ਨੂੰ ਕਾਗ਼ਜ਼ 'ਤੇ ਉਤਾਰਦੀ। ਕਈ ਵਾਰ ਜੰਗਲ ਗਾਹੁਣ ਤੁਰ ਜਾਂਦੀ। ਪਹਿਲਾਂ ਤਾਂ ਉਹ ਕੁਝ ਝਿਜਕਦੀ ਰਹੀ ਕਿ ਮਾਈਕਲ ਉਸਦਾ ਘਰ 'ਚ ਰਹਿਣਾ ਪਸੰਦ ਨਹੀਂ ਕਰਦਾ ਹੋਣਾ ਪਰ ਫੇਰ ਉਹ ਗਊਆਂ ਨੂੰ ਪੱਠੇ ਪਾਉਣ ਬਾਰਨ 'ਚ ਜਾਣ ਲੱਗ ਪਈ। ਨੇਹਾ ਠੁੰਮਕ-ਠੁੰਮਕ ਉਹਦੇ ਪਿੱਛੇ। ਮੈਂ ਉਹਨਾਂ ਦੀਆਂ ਫ਼ੋਟੋਆਂ ਖਿੱਚਦੀ ਨਾ ਥੱਕਦੀ।

ਮਾਈਕਲ ਭਾਵੇਂ ਬਹੁਤੀ ਗੱਲ ਨਹੀਂ ਸੀ ਕਰਦਾ ਪਰ ਜਦੋਂ ਦੀਪੀ ਚੁੱਪ-ਗੜੁੱਪ ਬੈਠੀ ਹੁੰਦੀ, ਝੱਟ ਸਿਰ 'ਤੇ ਹੱਥ ਰੱਖਕੇ ਆਖਦਾ, "ਮੇਰਾ ਸ਼ੋਨਾ ਪੋਅਤ, ਮੇਰਾ ਬਾਅਚਾ...ਡੋਂਟ ਵਰੀ।"

ਮੰਮਾ ਹੱਸਦੇ, ਉਹਨਾਂ ਤੋਂ ਹੀ ਤਾਂ ਰੋਜ਼ ਨਵੇਂ ਟੋਟਕੇ ਸਿੱਖਦਾ ਸੀ।

ਬਾਰਨ ਦੇ ਅੰਦਰ ਇੱਕ ਪਾਸੇ ਦੀਪੀ ਤੇ ਨੇਹਾ ਨੇ ਬਿਨਾਂ ਪੁੱਛੇ ਹੀ ਰੰਗ-ਬਰੰਗਾ ਮਿਊਰਲ ਬਣਾ ਦਿੱਤਾ। ਮੈਂ ਤੇ ਮਾਈਕਲ ਇੱਕ ਦੂਜੇ ਦੇ ਮੂੰਹ ਵੱਲ ਵੇਖਦੇ ਹੀ ਰਹਿ ਗਏ। ਇੱਕ ਦਿਨ ਇਕੱਠੇ ਬੈਠੈ ਚਾਹ ਪੀਂਦਿਆਂ ਪਤਾ ਨ੍ਹੀਂ ਕੀ ਸੁੱਝੀ, ਮੈਂ ਦੀਪੀ ਨੂੰ ਆਖਿਆ, "ਜੇ ਤੂੰ ਆਪਣੀ ਜ਼ਿੰਦਗੀ ਬਾਰੇ ਕੁਝ ਲਿਖ ਦੇਵੇਂ, ਮੈਂ ਉਸਤੇ ਆਪਣੀ ਪਹਿਲੀ ਮੂਵੀ ਬਣਾਵਾਂ।"

ਦੀਪੀ ਸਾਰੀ ਗੱਲ ਸੁਣਕੇ ਚੁੱਪ ਕਰ ਗਈ, ਕੁਝ ਦੇਰ ਓਦਾਂ ਹੀ ਬੈਠੀ ਰਹੀ। ਫਿਰ ਬੋਲੀ, "ਮੈਨੂੰ ਪੁੱਛਲੈ ਜੋ ਪੁੱਛਣੈਂ... ਲਿਖਣਾ-ਲੁਖਣਾ ਨ੍ਹੀਂ ਮੈਨੂੰ ਆਉਂਦਾ।"

"ਤੇਰੀਆਂ ਕੋਈ ਸ਼ਰਤਾਂ ਹੋਣਗੀਆਂ...?"

"ਯੂ ਆਰ ਮਾਈ ਓਨਲੀ ਫ਼ੈਮਿਲੀ, ਸਟੂਪਿਡ... ਆਪਣੇ 'ਚ ਸ਼ਰਤਾਂ ਕਿੱਥੋਂ ਆ ਗਈਆਂ?"

ਮੇਲਿਆਂ ਤੇ ਜਾਣ ਤੋਂ ਪਹਿਲਾਂ ਉਹ ਆਪਣੇ ਕਮਰੇ 'ਚ ਲਿਖ ਕੇ ਰੱਖ ਗਈ... "ਮੇਰੇ ਕੋਲ ਨਾ ਕੋਈ ਹੱਕ ਹੈ ਨਾ ਕਦੇ ਸੀ... ਜੇ ਸਿੰਮੀ ਸਮਝਦੀ ਹੈ ਕੋਈ ਹੈ ਤਾਂ ਉਹ ਸਾਰਾ ਉਸਦਾ...।"

ਦੀਪੀ ਦੋ ਮਹੀਨੇ ਲਗਾਤਾਰ ਰੁੱਝੀ ਰਹੀ। ਨੇਹਾ ਡੁਸ-ਡੁਸ ਕਰਦੀ ਪੁੱਛਦੀ ਰਹਿੰਦੀ, "ਵੈੱਨ ਵਿਲ ਡੀਪੀ ਆਂਟੀ ਕੱਮ ਬੈਕ...?" ਉਹਨੂੰ ਤਾਂ ਲੀਕਾਂ ਵਾਹੁਣ ਵਾਲੀ ਖੇਡ ਲੱਭ ਗਈ ਸੀ। ਲਿਵਿੰਗ ਰੂਮ ਦੀਆਂ ਕੰਧਾਂ ਵੀ ਉਸਦਾ ਕੈਨਵਸ ਬਣ ਗਈਆਂ। ਰਿੜ੍ਹਦਾ ਸਾਈਮਨ ਪੈਨਸਿਲ ਚੁੱਕ ਕੇ ਮੂੰਹ 'ਚ ਪਾਉਣ ਦਾ ਮੌਕਾ ਨਾ ਗੁਆਉਂਦਾ।

ਔਲੀਵਰ ਦਾ ਫ਼ੋਨ ਆਇਆ। ਦੀਪੀ ਬਾਰੇ ਪੁੱਛਣ 'ਤੇ ਮੈਂ ਉਸਨੂੰ ਮੇਲਿਆਂ ਦਾ ਦੱਸਣ ਲੱਗ ਪਈ। ਗੱਲ ਵਿੱਚੋਂ ਕੱਟ ਕੇ ਕਹਿਣ ਲੱਗਾ, "ਵੱਡਾ ਮੇਲਾ ਤਾਂ ਦੀਪੀ ਲੁੱਟੀਂ ਬੈਠੀ ਐ... ਤੈਨੂੰ ਨ੍ਹੀਂ ਪਤਾ?"

ਵਿੱਚੋ ਦੀਪੀ ਦਾ ਫ਼ੋਨ ਆ ਰਿਹਾ ਸੀ। ਮੈਂ ਔਲੀਵਰ ਨੂੰ ਹੋਲਡ ਕਰਵਾ ਕੇ ਦੀਪੀ ਦੀ ਕਾਲ ਲੈ ਲਈ।

"ਹੇ ਸਟੂਪਿਡ ! ਕਮਾਲ ਹੋ ਗਿਆ ਮੈਂ ਘਰ ਆ ਕੇ ਤੈਨੂੰ ਦੱਸਦੀ ਆਂ।"

ਦੀਪੀ ਨੇ ਤਾਂ ਐਨਾ ਆਖ ਫ਼ੋਨ ਕੱਟ ਦਿੱਤਾ, ਔਲੀਵਰ ਨੇ ਮੈਨੂੰ ਸਾਰੀ ਗੱਲ ਦੱਸੀ।

ਕਿਸਮਤ ਛੱਪਰ ਪਾੜ ਕੇ ਮਿਹਰਬਾਨ ਹੋਈ ਸੀ ਦੀਪੀ ਤੇ... ਦੁੱਖਾਂ ਦੀ ਭੰਨੀ ਹੋਈ ਦੀਪੀ 'ਤੇ ਉਸਦੀ ਅੰਦਰਲੀ ਫ਼ਕੀਰੀ ਤੇ ਮਾਸੂਮੀਅਤ ਦਾ ਮਾਣ ਰੱਖ ਲਿਆ ਸੀ ਕੁਦਰਤ ਸੱਚੀ ਨੇ। ਮੈਨੂੰ ਤਾਂ ਝੱਲ ਹੀ ਚੜ੍ਹ ਗਿਆ ਸੀ। ਮੈਂ ਬੱਚਿਆਂ ਨੂੰ ਗੋਦੀ ਚੁੱਕ ਕੇ ਨੱਚਣ ਲੱਗ ਪਈ। ਮੰਮਾ ਹੈਰਾਨ, ਮੈਨੂੰ ਕੀ ਹੋ ਗਿਆ ਸੀ।

ਅਸੀਂ ਕੇਕ ਬਣਾਉਣ ਦੀਆਂ ਤਿਆਰੀਆਂ ਕਰਨ ਲੱਗੀਆਂ। ਨਿੱਕ-ਸੁੱਕ ਨਾਲ ਲੱਦੀ ਦੀਪੀ ਵੀ ਆ ਗਈ। ਬੱਚਿਆਂ ਨੂੰ ਮਿਲਣ ਤੋਂ ਬਾਅਦ ਉਸਨੇ ਮੈਨੂੰ ਸੋਫ਼ੇ 'ਤੇ ਬਿਠਾ ਲਿਆ, "ਮੇਰੇ ਟੈਟੂ ਦੇ ਡਿਜ਼ਾਇਨ ਫਰਾਂਸ ਦੀ ਇੱਕ ਕੰਪਨੀ ਨੇ ਖ਼ਰੀਦ ਲਏ ਨੇ... ਔਲੀਵਰ ਨੇ ਵੈੱਬਸਾਈਟ 'ਤੇ ਪਾਏ ਹੋਏ ਸੀ ਨਾ। ਉਹ ਵਿਚਾਰਾ ਤਾਂ ਬਹੁਤ ਕੋਸ਼ਿਸ਼ ਕਰ ਰਿਹਾ ਸੀ ਕਿ ਕਿਤੇ ਕੋਈ ਹੱਥ ਪਵੇ, ਮੇਰੀ ਜ਼ਿੰਦਗੀ ਕਿਸੇ ਲੀਹ 'ਤੇ ਆਵੇ। ਮੈਨੂੰ ਖ਼ੁਸ਼ੀ ਹੈ ਕਿ ਉਸਦੀ ਵੈੱਬਸਾਈਟ ਨੂੰ ਵੀ ਉਹ ਕੁਝ ਦੇਣਗੇ।"

ਖੁਸ਼ੀ 'ਚ ਬੌਅਰੀ ਹੋਈ ਮੈਂ ਉਸ ਦੀ ਬਾਂਹ ਨੂੰ ਘੁੱਟੀ ਜਾਵਾਂ, ਕਦੇ ਹੱਥ ਚੁੱਮਾਂ।

"ਸਿੰਮੀ, ਇੱਕ ਫ਼ੇਵਰ ਹੋਰ ਕਰਦੇ... ਪਲੀਜ਼ ਮੇਰੇ ਨਾਲ ਪੈਰਿਸ ਚੱਲ। ਉਹ ਦੋ ਜਾਣਿਆਂ ਦੀਆਂ ਟਿਕਟਾਂ, ਹੋਟਲ ਤੇ ਖਾਣ-ਪੀਣ ਦਾ ਖ਼ਰਚਾ ਚੁੱਕ ਰਹੇ ਨੇ। ਵਕੀਲਾਂ ਸਾਹਮਣੇ ਐਗਰੀਮੈਂਟ ਸਾਈਨ ਹੋਣਗੇ... ਮੈਂ ਤਾਂ ਤੈਨੂੰ ਹੀ ਆਖ ਸਕਦੀ ਆਂ।"

"ਲੈ ਮਾਈਕਲ ਵੀ ਆ ਗਿਐ।" ਦਰਵਾਜ਼ਾ ਖੁੱਲ੍ਹਣ 'ਤੇ ਮੇਰਾ ਧਿਆਨ ਉੱਧਰ ਗਿਆ। ਦੀਪੀ ਨੇ ਮਾਈਕਲ ਨੂੰ ਸਾਰੀ ਗੱਲ ਦੱਸੀ। ਕੰਪਨੀ ਤੋਂ ਆਈ ਈ-ਮੇਲ ਵੀ ਉਸਨੇ ਫ਼ੋਨ 'ਚੋਂ ਕੱਢਕੇ ਦਿਖਾਈ। ਉਹ ਮਾਈਕਲ ਨੂੰ ਨਾਲ ਜਾਣ ਲਈ ਮਨਾ ਰਹੀ ਸੀ।

ਸ਼ਾਮੀਂ ਕੇਕ ਕੱਟਿਆ ਗਿਆ। ਫ਼ੈਸਲਾ ਇਹ ਹੋਇਆ ਕਿ ਮੈਂ ਦੀਪੀ ਨਾਲ ਹਫ਼ਤੇ ਲਈ ਜਾਵਾਂਗੀ। ਦੀਪੀ ਨੂੰ ਮਾਈਕਲ ਸਲਾਹ ਦੇ ਰਿਹਾ ਸੀ, "ਹੁਣ ਤੈਨੂੰ ਇੱਕ ਘਰ ਖ਼ਰੀਦ ਲੈਣਾ ਚਾਹੀਦੈ। ਦੋ ਲੱਖ ਯੂ.ਐੱਸ. ਡਾਲਰ ਕੋਈ ਛੋਟੀ-ਮੋਟੀ ਰਕਮ ਨ੍ਹੀਂ ਹੁੰਦੀ।"

"ਗੁਡ ਆਈਡੀਆ ਬਰੋ... ਤੁਸੀਂ ਹੀ ਕਰਨੈ ਸਭ ਕੁਝ।" ਮੇਰੇ ਵੱਲ ਤੱਕ ਕੇ ਬੋਲੀ, "ਸਿੰਮੀ ਕੱਲ੍ਹ ਆਪਾਂ ਸ਼ੌਪਿੰਗ ਚੱਲੀਏ? ਕੱਪੜੇ ਵੀ ਤਾਂ ਇਹੋ ਜਿਹੇ ਮੌਕੇ ਵਾਸਤੇ ਵਧੀਆ ਹੋਣੇ ਚਾਹੀਦੇ ਨੇ...।"

ਅਗਲੇ ਹਫ਼ਤੇ ਪੈਰਿਸ ਦੇ ਚਾਰਲਸ ਡਿਗਾਲ ਏਅਰਪੋਰਟ ਤੇ ਸਾਥੋਂ ਚਾਅ ਨਹੀਂ ਸੀ ਚੁੱਕਿਆ ਜਾ ਰਿਹਾ। ਦੀਪੀ ਦੇ ਨਾਂ ਦੀ ਪਲੈਕ ਚੁੱਕੀ ਖੜ੍ਹਾ ਬੰਦਾ ਅਸੀਂ ਦੇਖ ਲਿਆ। ਉਹ ਸਿੱਧਾ ਸਾਨੂੰ ਦਫ਼ਤਰ ਲੈ ਆਇਆ। ਬੋਰਡਰੂਮ 'ਚ ਕੰਪਨੀ ਦਾ ਮਾਲਕ ਤੇ ਵਕੀਲ ਪਹਿਲਾਂ ਹੀ ਬਿਰਾਜਮਾਨ ਸਨ। ਵਕੀਲ ਇੱਕ-ਇੱਕ ਵਰਕਾ ਪੜ੍ਹਕੇ ਸੁਣਾ ਰਿਹਾ ਸੀ। ਕਿੰਨੇ ਹੀ ਕਾਗਜ਼ਾਂ 'ਤੇ ਦੀਪੀ ਤੇ ਮਾਲਕ ਦੇ ਦਸਤਖ਼ਤ ਕਰਵਾਏ ਗਏ, ਹੱਥ ਮਿਲਾਏ ਗਏ। ਦੀਪੀ ਨੂੰ ਹਰ ਸਾਲ ਮਿਲਣ ਵਾਲੀ 'ਰੋਇਲਟੀ' ਬਾਰੇ ਖੁੱਲ੍ਹ ਕੇ ਗੱਲਬਾਤ ਹੋਈ। ਵੱਡੀ ਰਕਮ ਉਸਦੇ ਅਕਾਉਂਟ ਵਿੱਚ ਪਾ ਦਿੱਤੀ ਗਈ। ਮਾਲਕ ਨੇ ਆਈਫ਼ਲ ਟਾਵਰ ਤੇ ਉਸਦੇ ਅੰਦਰ ਬਣੇ ਰੈਸਤੋਰਾਂ ਦੇ ਕੂਪਨ ਦੀਪੀ ਨੂੰ ਫੜਾਏ।

ਰੈਸਤੋਰਾਂ 'ਚ ਬੈਠਦੇ ਹੀ ਦੀਪੀ ਮੈਨੂੰ ਪੁੱਛਣ ਲੱਗੀ, "ਆਪਣੀ ਖੁਸ਼ੀ ਨੂੰ ਸੈਲੀਬਰੇਟ ਕਰਨ ਲਈ ਅੱਜ ਕੀ ਪੀਣਾ ਪਸੰਦ ਕਰੇਂਗੀ?"

"ਸ਼ੈਂਪੇਨ...!!" ਮੈਂ ਖਿੜ ਕੇ ਆਖਿਆ।

(**ਸੰਪਰਕ** : +1(226) 920-8266)

ਕਹਾਣੀ

# ਅਣਕਹੀ ਪੀੜ


## ਵਿਪਨ ਗਿੱਲ




ਅੱਜਕਲ ਬਦਬਖ਼ਤ ਸੋਚਾਂ ਮੈਨੂੰ ਇਉਂ ਘੇਰ ਲੈਂਦੀਆਂ, ਜਿਵੇਂ ਅਵਾਰਾ ਫਿਰਦੇ ਢੋਰਾਂ ਨੂੰ ਹੱਡਾਰੋੜੀ ਦੇ ਕੁੱਤੇ ਘੇਰ ਖਲੋਂਦੇ ਨੇ। ਇਹ ਸੋਚਾਂ... ਇਹ ਸੋਚਾਂ ਤਾਂ ਜਿਵੇਂ ਮੈਨੂੰ ਦਬੋਚ ਕੇ ਤੇ ਨੋਚ-ਨੋਚ ਕੇ ਚੱਬਣਾ ਚਾਹੁੰਦੀਆਂ ਹੋਣ। ਮੈਂ ਇਹਨਾਂ ਸੋਚਾਂ ਦੇ ਘੇਰੇ ਤੋਂ ਮੁਕਤ ਹੋਣਾ ਚਾਹੁੰਦਾ ਹਾਂ। ਕਾਸ਼! ਮੈਂ ਇਕ ਵਾਰੀ ਕਹਿ ਸਕਾਂ "ਸ਼ੈਲੀ! ਮੈਨੂੰ ਮੁਆਫ ਕਰ ਦੇ।".... ਪਰ ਕੁਝ ਭੁੱਲਾਂ ਅਜਿਹੀਆਂ ਹੁੰਦੀਆਂ, ਜਿਹਨਾਂ ਦੀ ਕੋਈ ਮੁਆਫੀ ਨਹੀਂ ਹੁੰਦੀ। ਕੁਝ ਮਸਲੇ ਇੰਨੇ ਗੁੰਝਲਦਾਰ ਹੁੰਦੇ, ਜੋ ਕਦੇ ਹੱਲ ਨਹੀਂ ਹੁੰਦੇ,... ਬਸ ਦਿਨ ਰਾਤ ਜ਼ਿਹਨ ਦੀ ਚੀਰਫਾੜ ਕਰਦੇ ਰਹਿੰਦੇ ਨੇ। ਸ਼ੈਲੀ ਦੇ ਉਸ ਰਾਤ ਦੇ ਬੋਲ ਮੇਰੇ ਜ਼ਿਹਨ 'ਚ ਉੱਕਰੇ ਗਏ ਨੇ.... "ਸਾਲਾ, ਹਰਾਮੀ... ਪੈਟਰੀਆਰਕੀ ਦਾ ਕੀੜਾ।" ਜਦੋਂ ਇਹ ਬੋਲ ਮੇਰੇ ਜ਼ਿਹਨ ਨੂੰ ਠਕੋਰਨ ਲੱਗਦੇ ਨੇ, ਜੀ ਕਰਦਾ, ਕਿਤੇ ਗਰਕ ਹੋ ਜਾਵਾਂ।

ਉਸ ਰਾਤ ਉਹ ਥੱਕੀ ਟੁੱਟੀ ਵਾਪਸ ਪਰਤੀ ਸੀ ਕਿਉਂਕਿ ਉਸ ਦਿਨ ਉਸਦੇ ਨਾਟਕ 'ਮੈਡੂਸਾ ਦਾ ਦੁਖਾਂਤ' ਦੀ ਆਖ਼ਿਰੀ ਰਿਹਰਸਲ ਸੀ। ਸ਼ਾਇਦ ਉਸ ਕੋਲ ਕਪੜੇ ਬਦਲਣ ਦਾ ਵੀ ਵਕਤ ਨਹੀਂ ਹੋਵੇਗਾ ਇਸ ਲਈ ਮੈਡੂਸਾ ਦੇ ਕੌਸਟਿਊਮ ਵਿਚ ਹੀ ਵਾਪਸ ਆਈ ਸੀ ਤੇ ਆਉਂਦਿਆਂ ਸਾਰ ਬਿਨਾਂ ਕੁਝ ਕਹੇ ਸੁਣੇ ਸਿੱਧੀ ਆਪਣੇ ਕਮਰੇ 'ਚ ਚਲੀ ਗਈ ਸੀ।

ਉਸ ਦਿਨ ਮੈਂ ਵੀ ਕਾਫੀ ਅਸਹਿਜ ਸੀ। ਮੇਰੇ ਜ਼ਿਹਨ 'ਤੇ ਖਿਝ, ਘਬਰਾਹਟ ਤੇ ਨਿਰਾਸ਼ਾ ਦਾ ਅਜੀਬ ਜਿਹਾ ਧੁੰਦਲਕਾ ਛਾਇਆ ਹੋਇਆ ਸੀ। ਮੈਂ ਉਸਦੇ ਆਉਣ ਤੋਂ ਪੂਰੇ ਡੇਢ ਘੰਟੇ ਬਾਅਦ ਆਪਣੀ ਅੱਥਰੀ ਸੱਧਰ ਦੀ ਖਲਾਸੀ ਲਈ ਹਲਕਾਏ ਕੁੱਤੇ ਵਾਂਗ ਉਸਦੇ ਕਮਰੇ 'ਚ ਜਾ ਵੜਿਆ ਸੀ।

ਜਦੋਂ ਮੈਂ ਉਸਦੇ ਕਮਰੇ 'ਚ ਦਾਖਿਲ ਹੋਇਆ ਤਾਂ ਉਸਦਾ ਮੈਡੂਸਾ ਵਾਲਾ ਕੌਸਟਿਊਮ ਹੈਂਗਰ 'ਚ ਟੰਗਿਆ ਕਿੱਲੀ 'ਤੇ ਲਟਕ ਰਿਹਾ ਸੀ, ਸੱਪਾਂ ਵਾਲੀ ਵਿੱਗ ਡਰੈਸਿੰਗ ਟੇਬਲ 'ਤੇ ਪਈ ਸੀ ਤੇ ਉਹ ਮੇਕਅਪ ਉਤਾਰ ਕੇ ਵਾਲ਼ ਖਿਲਾਰੀ ਬੇਪਰਵਾਹ ਹੋ ਕੇ ਸੁੱਤੀ ਪਈ ਸੀ। ਚੰਨ ਦੀ ਨਿੰਮ੍ਹੀ-ਨਿੰਮ੍ਹੀ ਚਾਨਣੀ ਖਿੜਕੀ ਦੀ ਜਾਲ਼ੀ ਥਾਣੀਂ ਛਣ ਕੇ ਉਸਦੇ ਚਿਹਰੇ ਨੂੰ ਚੁੰਮ ਰਹੀ ਸੀ। ਉਸ ਰਾਤ ਉਹ ਨਿਰੀ ਪੁਰੀ ਮੈਡੂਸਾ ਹੀ ਜਾਪਦੀ ਸੀ ਤੇ ਮੈਂ ਪੋਸਾਈਡਨ ਵਾਂਗ ਆਪਣੀ ਅੱਥਰੀ ਸੱਧਰ ਦੀ ਖਲਾਸੀ ਕਰਨਾ ਚਾਹੁੰਦਾ ਸੀ। ਉਸ ਵੇਲੇ ਉਸਦੇ ਜੋਬਨ ਦੀ ਖੁਸ਼ਬੂ ਨਾਲ ਮੇਰੀਆਂ ਨਾਸਾਂ ਕੁੱਤੇ ਵਾਂਗ ਫੜਫੜਾਉਣ ਲੱਗ ਪਈਆਂ। ਉਸਦੀਆਂ ਬਿਖਰੀਆਂ ਜ਼ੁਲਫ਼ਾਂ ਦਾ ਨਸ਼ਾ ਮੇਰੇ ਸਿਰ ਨੂੰ ਚੜ੍ਹ ਰਿਹਾ ਸੀ ਤੇ ਮੈਂ ਬਿਨਾਂ ਕੁਝ ਸੋਚੇ-ਸਮਝੇ ਜਿਉਂ ਹੀ ਉਸਦੀ ਸੰਗਮਰਮਰੀ ਦੇਹ 'ਤੇ ਝੁਕਿਆ ਤਾਂ ਅਚਾਨਕ ਉਸਦੀ ਅੱਖ ਖੁੱਲ੍ਹ ਗਈ। ਉਸਨੇ ਹੈਰਾਨੀ ਤੇ ਗੁੱਸੇ ਨਾਲ ਮੇਰੇ ਵੱਲ ਦੇਖਿਆ ਪਰ ਮੈਂ ਉਸਦੇ ਇਨਕਾਰੀ ਲਹਿਜੇ ਨੂੰ ਨਕਾਰ ਕੇ ਪੂਰੀ ਤਾਕਤ ਨਾਲ ਉਸ ਨੂੰ ਆਪਣੀਆਂ ਬਾਹਾਂ 'ਚ ਜਕੜ ਲਿਆ ਤੇ ਉਸਨੇ ਖੁਦ ਨੂੰ ਛੁਡਾਉਣ ਦੀ ਕੋਸ਼ਿਸ਼ 'ਚ ਮੇਰੀਆਂ ਦੋਹਾਂ ਲੱਤਾਂ ਦੇ ਵਿਚਾਲੇ ਆਪਣੀ ਸੱਜੀ ਲੱਤ ਨੂੰ ਇੰਨੇ ਜ਼ੋਰ ਨਾਲ ਮਾਰਿਆ ਕਿ ਮੇਰੀ ਜਾਨ ਨਿੱਕਲ ਗਈ ਤੇ ਮੈਂ ਤੜਪਦਾ ਹੋਇਆ

ਕਮਰੇ 'ਚੋਂ ਬਾਹਰ ਨਿੱਕਲ ਆਇਆ।

ਉਫ਼! ਕਿੰਨੀ ਭਿਆਨਕ ਪੀੜ ਸੀ। ਅੱਜ ਵੀ ਜਦੋਂ ਇਹ ਪੀੜ ਮੇਰੀ ਦੇਹ 'ਚ ਜਾਗਦੀ ਹੈ ਤਾਂ ਮੈਂ ਕਰਾਹ ਉੱਠਦਾ ਹਾਂ।

ਭਾਵੇਂ ਉਸ ਦਿਨ ਦੀ ਘਟਨਾ ਤੋਂ ਅਗਲੇ ਦਿਨ ਸਵੇਰੇ ਉਹ ਆਪਣਾ ਜ਼ਰੂਰੀ ਸਮਾਨ ਸਮੇਟ ਕੇ ਇੱਥੋਂ ਚਲੀ ਗਈ ਸੀ ਪਰ ਉਸਦਾ ਕਮਰਾ ਜਿਉਂ ਦਾ ਤਿਉਂ ਪਿਆ ਹੈ। ਮੈਂ ਹਰ ਰੋਜ਼ ਉਸਨੂੰ ਉਡੀਕਦਾ ਹਾਂ। ਕਮਰੇ ਦੇ ਡਰੈਸਿੰਗ ਟੇਬਲ 'ਤੇ ਕੁਝ ਸਿਗਰਟਾਂ ਦੇ ਟੋਟੇ ਤੇ ਇੱਕ ਖਰਾਬ ਲਾਈਟਰ ਪਿਆ ਹੈ ਤੇ ਇਸਦੇ ਕੋਲ ਹੀ ਮਾਇਆ ਏਂਜਲੋ ਦੀ ਕਿਤਾਬ ਪਈ ਹੈ, ਜਿਸ 'ਚ ਬੁੱਕ ਮਾਰਕ ਦੀ ਥਾਂ ਹੇਅਰ ਪਿਨ ਰੱਖੀ ਹੋਈ ਹੈ। ਬੈੱਡ ਦੀ ਉੱਘੜ-ਦੁੱਗੜੀ ਚਾਦਰ 'ਤੇ ਮੈਂ ਉਸਦੇ ਹੋਣ ਦਾ ਤਸੱਵਰ ਕਰਦਾ ਹਾਂ ਜਿਵੇਂ ਉਹ ਇੱਥੋਂ ਇਕਦਮ ਉੱਠੇਗੀ ਤੇ ਮੇਰਾ ਮੋਢਾ ਥਪਥਪਾ ਕੇ ਪੁੱਛੇਗੀ "ਮਨੂੰ, ਬਲੈਕ ਕੌਫੀ? ਪੀਏਂਗਾ ਤੂੰ ਵੀ?"

ਉਫ਼! ਮੈਂ ਵੀ ਕਿਹੋ ਜਿਹੇ ਭਰਮਾਂ ਦੇ ਜੰਗਲ 'ਚ ਗੁਆਚ ਜਾਂਦਾ ਹਾਂ। ਕਿੰਨਾ ਮੂਰਖ ਹਾਂ, ਮੈਂ ਵੀ! ਆਪਣੀ ਇਸ ਘਟੀਆ ਕਰਤੂਤ ਕਾਰਣ ਇੰਨੀ ਪਿਆਰੀ ਦੋਸਤ ਨੂੰ ਗੁਆ ਬੈਠਾ ਹਾਂ।

ਉਸ ਰਾਤ ਸ਼ੈਲੀ ਨੇ ਮੇਰੇ ਵਜੂਦ ਤੇ ਪਏ ਨਕਲੀ ਕਵਚ ਨੂੰ ਲਾਹ ਕੇ ਵਗਾਹ ਮਾਰਿਆ ਸੀ ਤੇ ਮੈਂ ਉਸਦੇ ਸਾਹਮਣੇ ਕਾਮ 'ਚ ਲਿੱਬੜੇ ਲਿਜ਼ਲਿਜ਼ੇ ਨਗਨ ਕੀੜੇ ਵਾਂਗ ਸ਼ਰਮਸਾਰ ਖੜ੍ਹਾ ਸਾਂ। ਉਸਨੇ ਸੱਚ ਹੀ ਤਾਂ ਕਿਹਾ ਸੀ... ਮੈਂ ਸੱਚਮੁੱਚ ਪੈਟਰੀਆਰਕੀ ਦਾ ਕੀੜਾ ਹੀ ਤਾਂ ਹਾਂ।

ਸ਼ੈਲੀ ਨੂੰ ਗੁਆਉਣ ਦਾ ਵਿਗੋਚਾ ਮੇਰੇ ਦਿਲ 'ਚ ਕੰਡੇ ਵਾਂਗੂੰ ਖੁੱਭਿਆ ਪਿਆ। ਜੀ ਕਰਦਾ, ਇਕ ਦਿਨ ਉਸਦੇ ਪੈਰੀਂ ਡਿੱਗ ਕੇ ਮੁਆਫੀ ਮੰਗਾਂ ਤੇ ਰੱਜ ਕੇ ਰੋਵਾਂ ਤਾਂ ਕਿ ਮੇਰਾ ਸਾਰਾ ਗੁੱਭ-ਗੁਲਾਟ ਬਾਹਰ ਨਿੱਕਲ ਆਵੇ ਪਰ ਮੇਰੇ ਜ਼ਿਹਨ 'ਚ ਬੈਠਾ ਪੈਟਰੀਆਰਕੀ ਦਾ ਕੀੜਾ ਇੰਝ ਕਦੇ ਨਹੀਂ ਕਰਨ ਦੇਵੇਗਾ। ਉਹ ਝੱਟ ਆਪਣਾ ਡੰਗ ਮਾਰੇਗਾ। 'ਮਰਦ ਵੀ ਕਦੇ ਰੋਂਦੇ ਹੁੰਦੇ, ਇਹ ਰੋਣਾ-ਧੋਣਾ ਤਾਂ ਤੀਵੀਆਂ ਲਈ ਹੁੰਦਾ।'

ਮੰਮੀ ਇਸ ਗੱਲੋਂ ਚੰਗੀ ਸੀ। ਜਦੋਂ ਜੀ ਕਰਦਾ, ਰੱਜ ਕੇ ਰੋ ਲੈਂਦੀ ਸੀ ਪਰ ਅੱਜਕਲ ਉਹ ਬੜੀ ਖੁਸ਼ ਹੈ। ਹੁਣ ਉਹ ਮੇਰੇ ਛੋਟੇ ਭਰਾ ਸੰਨੀ ਕੋਲ ਇੰਗਲੈਂਡ 'ਚ ਰਹਿੰਦੀ ਹੈ। ਮੈਂ ਮੰਮੀ ਨੂੰ ਏਨਾ ਖੁਸ਼ ਕਦੇ ਨਹੀਂ ਦੇਖਿਆ। ਉਹ ਤਾਂ ਉਦੋਂ ਵੀ ਦੁਚਿੱਤੀ 'ਚ ਗੁਆਚੀ ਜਿਹੀ ਫਿਰਦੀ ਸੀ, ਜਦੋਂ ਮਾਰਲਿਨ ਦੀ ਮੌਤ ਮਗਰੋਂ ਡੈਡੀ ਨੇ ਉਸ ਨਾਲ ਦੁਬਾਰਾ ਵਿਆਹ ਕਰਵਾਇਆ ਸੀ। ਕੱਲ ਉਹ ਮੈਨੂੰ ਫੋਨ ਤੇ ਹੁੱਬ-ਹੁੱਬ ਕੇ ਦੱਸ ਰਹੀ ਸੀ:

"ਮਨੂੰ, ਮੈਂ ਇੱਥੇ ਇੰਡੀਅਨ ਸਟੋਰ 'ਚ ਜੌਬ ਲੱਭ ਲਈ ਹੈ। ਦਿੱਲੀ ਦੇ ਭਾਪਿਆਂ ਦਾ ਕਪੜਿਆਂ ਦਾ ਸਟੋਰ ਆ। ਬਸ, ਸੂਟਾਂ ਦੀਆਂ ਤੈਹਾਂ ਲਾਉਣੀਆਂ। ਨਾਲੇ ਸੁਣ, ਇੱਥੇ ਮੇਰੀ ਇੱਕ ਫਰੈਂਡ ਵੀ ਬਣ ਗਈ ਹੈ। ਪਾਸ਼ੀ ਨਾਂ ਹੈ, ਉਹਦਾ। ਅਸੀਂ ਇਸ ਵੀਕੈਂਡ 'ਤੇ ਘੁੰਮਣ ਫਿਰਨ ਦਾ ਪਲੈਨ ਵੀ ਬਣਾਇਆ ਹੈ। ਹਾ ਹਾ... ਅਸੀਂ ਆਈਸਕਰੀਮ ਵੀ ਖਾਵਾਂਗੀਆਂ।"

ਮੈਨੂੰ ਯਾਦ ਆਇਆ ਕਿ ਮੰਮੀ ਨੂੰ ਆਈਸ ਕਰੀਮ ਬਹੁਤ ਪਸੰਦ ਸੀ। ਜਦੋਂ ਜੇਠ ਹਾੜ ਦੀਆਂ ਤਿੱਖੜ ਦੁਪਹਿਰਾਂ 'ਚ ਨਸੀਬ ਚੰਦ ਆਪਣੇ ਸਾਈਕਲ 'ਤੇ ਬਰਫ਼ ਮਲਾਈ ਵਾਲੀ ਪਿੱਤਲ ਦੀ ਡਰੰਮੀ ਲੱਦੀ ਟੱਲੀ ਵਜਾਉਂਦਾ ਗਲੀਆਂ 'ਚੋ ਭੌਂਦਾ ਫਿਰਦਾ ਤਾਂ ਮੰਮੀ ਮਲਕੜੇ ਜਿਹੇ ਮੇਰੀ ਮੁੱਠੀ 'ਚ ਪੰਜ ਰੁਪਏ ਘੁੱਟ ਦਿੰਦੀ ਤੇ ਅਸੀਂ ਦੋਵੇਂ ਭਰਾ ਤੇ ਸਾਡੇ ਚਾਚੇ ਦੀ ਕੁੜੀ ਮੀਤੀ ਸਟੀਲ ਦੀਆਂ ਕੌਲੀਆਂ 'ਚ ਬਰਫ਼ ਮਲਾਈ ਪੁਆ ਲਿਆਉਂਦੇ। ਮੈਂ ਜਾਣ-ਬੁੱਝ ਕੇ ਆਪਣੀ ਕੌਲੀ 'ਚ ਥੋੜ੍ਹੀ ਜਿਹੀ ਬਰਫ਼ ਮਲਾਈ ਮੰਮੀ ਲਈ ਛੱਡ ਦਿੰਦਾ। ਜੇ ਕਿਤੇ ਦਾਦੀ ਮੰਮੀ ਜਾਂ ਚਾਚੀ ਨੂੰ ਬਰਫ਼ ਮਲਾਈ ਖਾਂਦਿਆਂ ਦੇਖ ਲੈਂਦੀ ਤਾਂ ਝੱਟ ਮੂੰਹ ਮਰੋੜ ਕੇ ਕਹਿੰਦੀ, "ਹਾਇ ਰੱਬਾ! ਇਹ ਪੱਤੇ ਚੱਟਣੀਆਂ ਮੇਰੇ ਜੋਗੀਆਂ ਰੱਖੀਆਂ ਸੀ।"

ਕਾਸ਼! ਮਾਂ ਤੀਹ ਸਾਲ ਪਹਿਲਾਂ ਨਾਸੂਰ ਵਰਗੇ ਚੁੱਭਦੇ ਰਿਸ਼ਤਿਆਂ ਨੂੰ ਤਹਿ ਲਾ ਕੇ ਇਕ ਪਾਸੇ ਰੱਖ ਦਿੰਦੀ ਤੇ ਆਪਣੀਆਂ ਸ਼ਰਤਾਂ 'ਤੇ ਜ਼ਿੰਦਗੀ ਜਿਉਂਦੀ। ਮੰਮੀ ਦੀ ਸਾਰੀ ਜ਼ਿੰਦਗੀ ਵੀ ਉਸ ਮੁਸਾਫ਼ਿਰ ਵਰਗੀ ਰਹੀ ਹੈ, ਜੋ ਢਿਚਕੂੰ-ਢਿਚਕੂੰ ਕਰਦੇ ਟਾਂਗੇ 'ਤੇ ਸਵਾਰ ਹੋ ਕੇ ਉੱਭੜ-ਖੁੱਭੜੇ ਰਾਹਾਂ ਥਾਣੀਂ ਕਿਸੇ ਲੰਮੇ ਸਫ਼ਰ ਲਈ ਤੁਰਿਆ ਹੋਵੇ। ਖ਼ੈਰ, ਮੰਮੀ ਹੁਣ ਆਪਣੇ ਟਿਕਾਣੇ 'ਤੇ ਪਹੁੰਚ ਗਈ ਹੈ।

ਜਿਵੇਂ ਅੱਥਰੇ ਤੇ ਬੇਪਰਵਾਹ ਬੰਦੇ ਦੀ ਬੀਵੀ ਦੀ ਸਾਰੀ ਜ਼ਿੰਦਗੀ ਸੂਲੀ 'ਤੇ ਟੰਗੀ ਰਹਿੰਦੀ, ਉਵੇਂ ਮੰਮੀ ਨਾਲ ਵੀ ਹੋਇਆ। ਸਾਡਾ ਰਿਜ਼ਕ ਨਾਲ ਭਰਿਆ ਘਰ ਸੀ, ਕਿਸੇ ਗੱਲ ਦੀ ਥੁੜ੍ਹ ਨਹੀਂ ਸੀ ਪਰ ਡੈਡੀ ਨੂੰ ਬਾਹਰ ਜਾਣ ਦੀ ਲਿਲਕ ਲੱਗੀ ਹੋਈ ਸੀ। ਹਾਲੇ ਅਸੀਂ ਦੋਵਾਂ ਭਰਾਵਾਂ ਨੇ ਚੰਗੀ ਤਰ੍ਹਾਂ ਸੁਰਤ ਵੀ ਨਹੀਂ ਸੀ ਸੰਭਾਲੀ ਕਿ ਡੈਡੀ ਗੈਰਕਾਨੂੰਨੀ ਢੰਗ ਨਾਲ ਜਰਮਨ ਚਲਾ ਗਿਆ। ਡੈਡੀ ਦੇ ਜਾਣ ਮਗਰੋਂ ਮੰਮੀ ਦਾ ਦਮਖਮ ਇਕਦਮ ਰਫ਼ੂ-ਚੱਕਰ ਹੋ ਗਿਆ ਤੇ ਉਹ ਉਦਾਸੀ ਦੇ ਖੂਹ 'ਚ ਡੁੱਬ ਗਈ। ਉਹ ਰਾਤ ਰਾਤ ਜੁਗਨੂੰ ਵਾਂਗ ਜਗਦੀ-ਬੁਝਦੀ ਰਹਿੰਦੀ। ਮੈਨੂੰ ਥੋੜ੍ਹਾ-ਥੋੜ੍ਹਾ ਯਾਦ ਹੈ ਕਿ ਉਹ ਰਾਤ ਨੂੰ ਠੰਡੇ ਪਾਣੀ ਦਾ ਜੱਗ ਭਰਕੇ ਸਿਰਹਾਣੇ ਰੱਖਦੀ, ਜਿਸ 'ਚ ਸਵੇਰ ਤੱਕ ਇਕ ਤਿੱਪ ਵੀ ਨਾ ਬਚਦੀ। ਜੇ ਗੁਸਲਖਾਨੇ 'ਚ ਨਹਾਉਣ ਵੜਦੀ ਤਾਂ ਡੇਢ-ਡੇਢ ਘੰਟਾ ਬਾਹਰ ਨਾ ਨਿਕਲਦੀ। ਕਦੇ ਕਦੇ ਦਾਦੀ ਘਬਰਾ ਜਾਂਦੀ ਤੇ ਚਾਚੀ ਨੂੰ ਗੁਸਲਖਾਨੇ ਦਾ ਬੂਹਾ ਖੜਕਾਉਣ ਲਈ ਭੇਜਦੀ ਤੇ ਕਹਿੰਦੀ, "ਜਾ ਕੁੜੇ ਦੇਖ ਕੇ ਆ। ਅੰਦਰ ਹੈਗੀ ਵੀ ਆ ਕਿ ਨਹੀਂ... ਏਸ ਚੰਦਰੀ ਨੇ ਤਾਂ ਨਲਕੇ ਦਾ ਪਾਣੀ ਮੁਕਾ ਛੱਡਣਾ।" ਜਦੋਂ ਮੈਂ ਵੱਡਾ ਹੋਇਆ ਤਾਂ ਮਾਂ ਦੀ ਇਸ ਸਨਕ ਦੀ ਮੈਨੂੰ ਚੰਗੀ ਤਰ੍ਹਾਂ ਸਮਝ ਆਈ।

ਡੈਡੀ ਦੇ ਜਾਣ ਮਗਰੋਂ ਅਸੀਂ ਦੋਵੇਂ ਭਰਾ ਯਤੀਮਾਂ ਵਾਂਗੂੰ ਚਾਚੇ ਨਾਲ ਚੰਬੜੇ ਰਹਿੰਦੇ। ਚਾਚਾ ਜਦ ਸ਼ਹਿਰ ਜਾਂਦਾ ਤਾਂ ਘਰ ਦੇ ਬਾਲਾਂ ਲਈ ਸੁਗਾਤਾਂ ਲਿਆਉਂਦਾ ਪਰ ਚਾਚੀ ਨੂੰ ਸਾਡੇ ਲਈ ਲਿਆਂਦੀਆਂ ਸੁਗਾਤਾਂ ਚੁੱਭਦੀਆਂ। ਉਂਝ ਵੀ ਉਹ ਮੇਰੀ ਮੰਮੀ ਨਾਲ ਬੜੀ ਖਾਰ ਖਾਂਦੀ ਸੀ ਕਿਉਂਕਿ ਮੰਮੀ ਦੀ ਖ਼ੂਬਸੂਰਤੀ ਸਾਹਮਣੇ ਉਹਦੀ ਕੋਈ ਵੁੱਕਤ ਨਹੀਂ ਸੀ। ਡੈਡੀ ਦੇ ਜਾਣ ਮਗਰੋਂ ਭਾਵੇਂ ਦਾਦੀ ਮੰਮੀ ਦਾ ਬੜਾ ਖਿਆਲ ਰੱਖਦੀ ਸੀ ਪਰ ਮੰਮੀ ਨੂੰ ਤਾਂ ਜਿਵੇਂ ਉਦਾਸੀ ਦੇ ਭੂਤ ਨੇ ਬੁਰੀ ਤਰ੍ਹਾਂ ਜਕੜ ਲਿਆ ਸੀ। ਘਰ 'ਚ ਲੱਗੇ ਟੈਲੀਫ਼ੂਨ 'ਤੇ ਮਹੀਨੇ-ਦੋ ਮਹੀਨੀਂ ਡੈਡੀ ਦਾ ਫੋਨ ਆਉਂਦਾ। ਅਸੀਂ ਸਾਰੇ ਵਾਰੋ-ਵਾਰੀ ਥੋੜ੍ਹੀ-ਥੋੜ੍ਹੀ ਗੱਲ ਕਰਦੇ। ਮੰਮੀ ਦੀ ਵੀ ਵਾਰੀ ਆਉਂਦੀ ਪਰ ਸਾਰੇ ਟੱਬਰ ਦੇ ਸਾਹਮਣੇ ਉਹ ਝਿਜਕਦੀ ਹੋਈ ਸਿਰਫ ਰਾਜੀ ਖੁਸ਼ੀ ਹੀ ਪੁੱਛਦੀ। ਕਦੇ-ਕਦੇ ਡੈਡੀ ਦੀ ਚਿੱਠੀ ਆਉਂਦੀ, ਜਿਸ 'ਚ ਦੋ-ਚਾਰ ਰਸਮੀ ਜਿਹੀਆਂ ਸਤਰਾਂ ਮੰਮੀ ਲਈ ਵੀ ਲਿਖੀਆਂ ਹੁੰਦੀਆਂ।

ਅਸੀਂ ਦੋਵੇਂ ਭਰਾ ਤੇ ਸਾਡੇ ਚਾਚੇ ਦੀ ਕੁੜੀ ਮੀਤੀ, ਸ਼ਹਿਰ ਅੰਗਰੇਜ਼ੀ ਸਕੂਲ ਪੜ੍ਹਦੇ ਸਾਂ। ਕਦੇ-ਕਦੇ ਮੰਮੀ ਨੂੰ ਸਾਡੇ ਸਕੂਲ ਜਾਂ ਕਿਸੇ ਹੋਰ ਕੰਮ ਲਈ ਸ਼ਹਿਰ ਜਾਣਾ ਪੈਂਦਾ ਤਾਂ ਦਾਦੀ ਉਸਨੂੰ ਚਾਚੇ ਨਾਲ ਭੇਜਦੀ। ਕਈ ਵਾਰ ਮੰਮੀ ਆਪਣੇ ਪੇਕੀਂ ਵੀ ਚਾਚੇ ਨਾਲ ਚਲੀ ਜਾਂਦੀ ਸੀ ਪਰ ਉਹ ਹਮੇਸ਼ਾ ਕਾਰ ਦੀ ਪਿਛਲੀ ਸੀਟ 'ਤੇ ਬੈਠਦੀ ਸੀ। ਇਕ ਵਾਰੀ ਮੈਂ ਤੇ ਮੰਮੀ ਚਾਚੇ ਨਾਲ ਨਾਨਕੇ ਗਏ ਸਾਂ ਤਾਂ ਮੈਨੂੰ ਯਾਦ ਹੈ, ਉਦੋਂ ਨਾਨੀ ਨੇ ਮੰਮੀ ਨੂੰ ਸਭ ਤੋਂ ਉਹਲੇ ਹੌਲੀ ਜਿਹੀ ਕਿਹਾ ਸੀ, "ਜੀਤਾਂ, ਤੂੰ ਆਪਣੇ ਦਿਉਰ ਨਾਲ ਨਾ ਇੱਥੇ ਆਇਆ ਕਰ। ਲੋਕੀਂ ਸੌ-ਸੌ ਗੱਲਾਂ ਕਰਨਗੇ। ਪੁੱਤ, ਕਿਸੇ ਦੀ ਜ਼ੁਬਾਨ ਥੋੜ੍ਹੀ ਫੜੀ ਜਾਂਦੀ। ਤੇਰੀਆਂ ਭਰਜਾਈਆਂ ਕਿਹੜੀਆਂ ਘੱਟ ਨੇ।"

ਜ਼ੁਬਾਨ ਤਾਂ ਮੇਰੀ ਚਾਚੀ ਦੀ ਬੜੀ ਤੇਜ ਸੀ। ਉਹ ਗੱਲ-ਗੱਲ 'ਤੇ ਮਾਂ ਨਾਲ ਖਹਿਬੜ ਪੈਂਦੀ ਤੇ ਕਈ ਵਾਰ ਦਾਦੀ ਨੂੰ ਵੀ ਵਿੱਚੇ ਵਲ਼ ਲੈਂਦੀ। ਇੱਕ ਵਾਰੀ ਤਾਂ ਉਸਨੇ ਹੱਦਾਂ ਹੀ ਮੁਕਾ ਦਿੱਤੀਆਂ, ਜਦੋਂ ਉਸਨੇ ਮੰਮੀ ਨੂੰ ਮਿਹਣਾ ਮਾਰ ਕੇ ਕਿਹਾ ਸੀ, "ਬੇਸ਼ਰਮੇ, ਹੁਣ ਤਾਂ ਤੂੰ ਮੇਰਾ ਖਸਮ ਵੀ ਸਾਂਭੀ ਬੈਠੀ ਏਂ। ਡੁੱਬ

ਕੇ ਮਰ ਜਾ ਕਿਤੇ।" ਉਦੋਂ ਮੰਮੀ ਡਾਡਾਂ ਮਾਰ ਕੇ ਰੋ ਪਈ ਸੀ। ਉਸਨੇ ਮੇਰੇ ਸਿਰ 'ਤੇ ਹੱਥ ਰੱਖ ਕੇ ਸਹੁੰ ਖਾਂਦਿਆਂ ਕਿਹਾ ਸੀ, "ਮੈਨੂੰ ਰੱਬ ਦੀ ਮਾਰ ਵੱਜੇ, ਜੇ ਮੈਂ ਕਦੇ ਸਰਵਣ ਬਾਰੇ ਗ਼ਲਤ ਸੋਚਿਆ ਹੋਵੇ। ਇਹ ਤਾਂ ਮੇਰੇ ਛੋਟੇ ਵੀਰ ਵਾਂਗੂੰ ਆ।" ਪਰ ਚਾਚੀ ਫਿਰ ਵੀ ਬੱਕੜਵਾਹ ਕਰਦੀ ਰਹੀ ਸੀ ਤੇ ਜਦੋਂ ਚਾਚਾ ਉਸਨੂੰ ਮਾਰਨ ਲਈ ਅੱਗੇ ਵਧਿਆ ਤਾਂ ਦਾਦੀ ਨੇ ਰੋਕ ਦਿੱਤਾ। ਅਖੀਰ ਦਾਦੀ ਨੇ ਮੰਮੀ ਨੂੰ ਇਹ ਕਹਿ ਕੇ ਕਲੇਸ਼ ਮੁਕਾਇਆ,"ਸੁਰਜੀਤ ਕੌਰੇ, ਅੱਗੇ ਤੋਂ ਤੂੰ ਜਿੱਥੇ ਜਾਣਾ ਹੋਊ, ਤੈਨੂੰ ਭਜੀ ਡਰੈਵਰ ਛੱਡ ਆਇਆ ਕਰੂ।" ਤੇ ਫਿਰ ਜਦੋਂ ਕਦੇ ਮੰਮੀ ਨੇ ਕਿਤੇ ਜਾਣਾ ਹੁੰਦਾ, ਦਾਦੀ ਭਜੀ ਡਰੈਵਰ ਦੇ ਘਰ ਸੁਨੇਹਾ ਭੇਜ ਦਿੰਦੀ ਸੀ।

ਤੇਰ੍ਹੀਂ ਸਾਲੀਂ ਡੈਡੀ ਜਰਮਨ 'ਚ ਪੱਕਾ ਹੋਇਆ ਤੇ ਪਹਿਲੀ ਵਾਰ ਪਿੰਡ ਪਰਤਿਆ। ਉਦੋਂ ਮੈਂ ਸੱਤਵੀਂ ਜਮਾਤ 'ਚ ਪੜ੍ਹਦਾ ਸੀ। ਪਿੰਡ ਦੀਆਂ ਕੁੜੀਆਂ, ਬੁੜੀਆਂ ਤੇ ਬੰਦੇ ਮੈਨੂੰ ਛੇੜਦੇ ਤੇ ਪੁੱਛਦੇ, "ਉਏ, ਤੇਰਾ ਡੈਡੀ ਤੇਰੀ ਦੂਜੀ ਮੰਮੀ ਦੀਆਂ ਕੀ ਗੱਲਾਂ ਸੁਣਾਉਂਦਾ?" ਮੈਨੂੰ ਥੋੜ੍ਹਾ ਜਿਹਾ ਪਤਾ ਸੀ ਕਿ ਡੈਡੀ ਨੇ ਜਰਮਨ 'ਚ ਪੱਕਾ ਹੋਣ ਲਈ ਕਿਸੇ ਮੇਮ ਨਾਲ ਵਿਆਹ ਕਰਵਾਇਆ ਹੋਇਆ ਸੀ। ਪਿੰਡ ਦੀਆਂ ਕੁੜੀਆਂ-ਬੁੜੀਆਂ ਮੰਮੀ ਨੂੰ ਵੀ ਮਸ਼ਕਰੀਆਂ ਕਰ ਕੇ ਟੋਂਹਦੀਆਂ। ਉਹ ਉਹਨਾਂ ਨਾਲ ਤਾਂ ਹੱਸਦੀ ਰਹਿੰਦੀ ਪਰ 'ਕੱਲੀ ਦੰਦ ਕਰੀਚ-ਕਰੀਚ ਕੇ ਰੋਂਦੀ।

ਮੰਮੀ ਦੀ ਉਦਾਸੀ ਮੇਰੇ ਅੰਦਰ ਅਜੀਬ ਤਰ੍ਹਾਂ ਦੀ ਘੁਟਣ ਪੈਦਾ ਕਰਦੀ ਸੀ ਤੇ ਮੈਂ ਹਰ ਹੀਲੇ ਇਸ ਘੁਟਣ ਤੋਂ ਮੁਕਤੀ ਚਾਹੁੰਦਾ ਸੀ, ਇਸ ਲਈ ਹਾਇਰ ਸੈਕੰਡਰੀ ਤੋਂ ਬਾਅਦ ਮੈਂ ਅਗਲੇਰੀ ਪੜ੍ਹਾਈ ਲਈ ਯੂਨੀਵਰਸਿਟੀ ਨੂੰ ਚੁਣਿਆ। ਮੇਰੇ ਤੋਂ ਦੋ ਸਾਲ ਬਾਅਦ ਸੰਨੀ ਵੀ ਪੜ੍ਹਨ ਲਈ ਇੰਗਲੈਂਡ ਚਲਾ ਗਿਆ। ਸਾਡੇ ਪਿੰਡੋਂ ਜਾਣ ਪਿੱਛੋਂ ਮੰਮੀ 'ਚ ਕਾਫੀ ਬਦਲਾਅ ਆ ਗਿਆ ਸੀ। ਜਦੋਂ ਮੈਂ ਛੁੱਟੀਆਂ 'ਚ ਘਰ ਜਾਂਦਾ ਤਾਂ ਉਹ ਮੇਰੇ ਵੱਲੋਂ ਬੇਧਿਆਨੀ ਹੋ ਆਪਣੀ ਹੀ ਦੁਨੀਆ 'ਚ ਖੁੱਭੀ ਰਹਿੰਦੀ। ਉਹ ਸਵੇਰੇ ਸ਼ਾਮ ਗੁਰਦੁਆਰੇ ਜਾਂਦੀ ਤੇ ਘਰ 'ਚ ਵੀ ਸਾਰਾ ਦਿਨ ਗੁਟਕਾ ਫੜੀ ਰੱਖਦੀ। ਉਦੋਂ ਮੋਬਾਈਲ ਫੋਨ ਚੱਲ ਪਏ ਸਨ। ਕਦੇ-ਕਦੇ ਮੰਮੀ ਦੇ ਪਾਠ ਕਰਦਿਆਂ ਦਰਮਿਆਨ ਜੇ ਡੈਡੀ ਦਾ ਫੋਨ ਆ ਜਾਂਦਾ ਤਾਂ ਉਹ ਮੋਬਾਈਲ ਸਵਿੱਚ ਔਫ ਕਰਕੇ ਪਾਸੇ ਰੱਖ ਦਿੰਦੀ। ਮੇਰੇ ਨਾਲ ਵੀ ਰਸਮੀਂ ਜਿਹੀਆਂ ਗੱਲਾਂ ਕਰਦੀ ਤੇ ਜੇ ਮੈਂ ਉਸਨੂੰ ਕੁਝ ਪੁੱਛਦਾ ਤਾਂ ਮੁਸਕਰਾ ਕੇ ਜੁਆਬ ਦਿੰਦੀ ਤੇ ਕਦੇ-ਕਦੇ ਮੇਰੇ ਕਿਸੇ ਸੁਆਲ ਤੇ ਚੁੱਪ ਰਹਿੰਦੀ ਤੇ ਮੇਰੇ ਰਤਾ ਕੁ ਨਜ਼ਦੀਕ ਆ ਕੇ ਮੇਰਾ ਮੱਥਾ ਚੁੰਮ ਲੈਂਦੀ। ਉਸਦੀ ਜ਼ਿੰਦਗੀ 'ਚ ਅਜੀਬ ਜਿਹਾ ਠਹਿਰਾਅ ਆ ਗਿਆ ਸੀ। ਜਿਸ ਕਰਕੇ ਉਸਦੀਆਂ ਅੱਖਾਂ 'ਚ ਵੀ ਹੰਝੂਆਂ ਦੀ ਥਾਂ ਰੂਹਾਨੀ ਜਿਹੀ ਲਿਸ਼ਕ ਨੇ ਲੈ ਲਈ ਸੀ।

ਉਦੋਂ ਮੈਂ ਫਾਈਨਲ 'ਚ ਸੀ, ਜਦੋਂ ਡੈਡੀ ਨੇ ਮੰਮੀ ਨਾਲ ਦੁਬਾਰਾ ਵਿਆਹ ਕਰਵਾਇਆ ਸੀ। ਡੈਡੀ ਦੇ ਮੇਮ ਵਹੁਟੀ ਮਾਰਲਿਨ ਦੀ ਮੌਤ ਮਗਰੋਂ ਡੈਡੀ ਪਿੰਡ ਆਇਆ ਤੇ ਮੰਮੀ ਨਾਲ ਦੁਬਾਰਾ ਵਿਆਹ ਕਰਵਾਇਆ। ਉਦੋਂ ਹੀ ਮੈਨੂੰ ਪਤਾ ਲੱਗਾ ਕਿ ਡੈਡੀ ਨੇ ਮਾਰਲਿਨ ਨਾਲ ਵਿਆਹ ਕਰਵਾਉਣ ਲਈ ਮੰਮੀ ਨੂੰ ਤਲਾਕ ਦਿੱਤਾ ਹੋਇਆ ਸੀ ਤੇ ਹੁਣ ਉਹ ਦੁਬਾਰਾ ਵਿਆਹ ਕਰਵਾ ਕੇ ਮੰਮੀ ਨੂੰ ਜਰਮਨ ਲਿਜਾਣਾ ਚਾਹੁੰਦਾ ਸੀ। ਇਹ ਵਿਆਹ ਮਹੀਨਾ ਭਰ ਮੇਰੇ ਲਈ ਨਮੋਸ਼ੀ ਤੇ ਪਿੰਡ ਦੇ ਲੋਕਾਂ ਲਈ ਚਰਚਾ ਦਾ ਵਿਸ਼ਾ ਬਣਿਆ ਰਿਹਾ ਕਿਉਂਕਿ ਇਸ ਵਿਆਹ ਵੇਲੇ ਮੰਮੀ ਦੇ ਸਿਰ 'ਤੇ ਚਾਂਦੀ ਰੰਗੀਆਂ ਤਾਰਾਂ ਲਿਸ਼ਕ ਰਹੀਆਂ ਸਨ ਤੇ ਡੈਡੀ ਦੇ ਸਿਰ 'ਤੇ ਗੰਜ ਲਿਸ਼ਕ ਰਹੀ ਸੀ।

ਵਿਆਹ ਤੋਂ ਸਾਢੇ ਤਿੰਨ ਸਾਲ ਬਾਅਦ ਡੈਡੀ ਮੰਮੀ ਨੂੰ ਜਰਮਨ ਲੈ ਗਿਆ। ਇਸੇ ਸਮੇਂ ਦੌਰਾਨ ਮੈਨੂੰ ਇੱਕ ਬੈਂਕ 'ਚ ਨੌਕਰੀ ਮਿਲ ਗਈ ਤੇ ਮੈਂ ਚੰਡੀਗੜ੍ਹ ਸ਼ਿਫਟ ਹੋ ਗਿਆ। ਮੰਮੀ ਦਾ ਜਰਮਨ 'ਚ ਬਿਲਕੁਲ ਜੀ ਨਾ ਲੱਗਾ। ਉਹ ਹਰ ਚੌਥੇ ਦਿਨ ਫੋਨ ਕਰਕੇ ਰੋਂਦੀ ਕੁੜ੍ਹਦੀ ਰਹਿੰਦੀ ਤੇ ਮੈਂ ਉਸਨੂੰ ਸਮਝਾਉਂਦਾ ਰਹਿੰਦਾ। ਡਿਪਰੈਸ਼ਨ ਕਾਰਣ ਉਸਦੀ ਜ਼ਿਹਨੀ ਹਾਲਤ ਦਿਨ ਬ ਦਿਨ ਬਦਤਰ ਹੁੰਦੀ ਜਾ ਰਹੀ ਸੀ। ਇੱਕ ਦਿਨ

ਉਸਨੇ ਮੈਨੂੰ ਗੁੱਸੇ 'ਚ ਕਿਹਾ,"ਮਨੂੰ ਤੂੰ ਮੈਨੂੰ ਸੰਨੀ ਕੋਲ ਭੇਜ ਦੇ। ਜੇ ਮੈਂ ਇੱਥੇ ਰਹੀ ਤਾਂ ਮੈਂ ਮਰ ਜਾਣਾ ਜਾਂ ਇਸ ਬੰਦੇ ਨੂੰ ਮਾਰ ਦੇਣਾ। ਇਸ ਬੰਦੇ ਵੱਲ ਦੇਖਕੇ ਮੈਨੂੰ ਆਪਣੇ ਪਿਛਲੇ ਸਾਰੇ ਦੁੱਖ ਚੇਤੇ ਆਉਂਦੇ। ਇਹਦੇ ਕਰਕੇ ਸਾਰੀ ਉਮਰ ਸੂਲਾਂ 'ਤੇ ਕੱਟੀ ਮੈਂ...।" ਪਹਿਲਾਂ ਤਾਂ ਡੈਡੀ ਮੰਮੀ ਨੂੰ ਸੰਨੀ ਕੋਲ ਭੇਜਣ ਲਈ ਰਾਜੀ ਨਾ ਹੋਇਆ ਪਰ ਮੇਰੇ ਵਾਰ-ਵਾਰ ਸਮਝਾਉਣ ਤੇ ਮੰਨ ਗਿਆ। ਸਾਲ ਕੁ ਪਹਿਲਾਂ ਮੰਮੀ ਇੰਗਲੈਂਡ ਚਲੇ ਗਈ ਸੀ। ਹੁਣ ਉਸਦੀ ਮਾਨਸਿਕ ਹਾਲਤ ਬਿਹਤਰ ਹੈ।

ਪਰ ਸ਼ੈਲੀ ਤਾਂ ਆਪਣੀਆਂ ਸ਼ਰਤਾਂ 'ਤੇ ਜੀਵਨ ਜਿਊਣ ਵਾਲੀ ਕੁੜੀ ਹੈ। ਆਜ਼ਾਦ ਫਿਜ਼ਾਵਾਂ ਦੀ ਕਾਇਲ... ਜੋ ਰਿਸ਼ਤਾ ਉਸਦੀ ਆਜ਼ਾਦੀ 'ਚ ਖਲਲ ਪਾਉਣ ਦੀ ਕੋਸ਼ਿਸ਼ ਕਰਦਾ, ਉਸਨੂੰ ਤਹਿ ਲਾ ਕੇ ਪਾਸੇ ਰੱਖ ਦਿੰਦੀ ਹੈ।

ਉਸ ਦਿਨ, ਉਹ ਮੈਨੂੰ ਇੱਕ ਵਿਆਹ ਦੇ ਫੰਕਸ਼ਨ 'ਚ ਮਿਲੀ ਸੀ (ਭਾਵੇਂ ਰਸਮੀ ਤੌਰ ਤੇ ਅਸੀਂ ਪਹਿਲਾਂ ਵੀ ਚਾਰ-ਪੰਜ ਵਾਰ ਮਿਲ ਚੁੱਕੇ ਸਾਂ। ਉਹ ਮੇਰੇ ਬੈਂਕ 'ਚ ਅਕਸਰ ਆਉਂਦੀ ਰਹਿੰਦੀ ਸੀ) ਜਦੋਂ ਸਾਰੇ ਲੋਕ ਵਿਆਹ ਦੇ ਜਸ਼ਨਾਂ 'ਚ ਮਗਨ ਸਨ ਤਾਂ ਉਹ ਹਾਲ ਦੇ ਬਾਹਰ ਸੁਖਚੈਨ ਦੇ ਰੁੱਖ ਹੇਠਾਂ ਬੈਠੀ ਸਿਗਰਟ ਦਾ ਧੂੰਆਂ ਉਡਾਉਣ ਦਾ ਸੁੱਖ ਮਾਣ ਰਹੀ ਸੀ।

"ਹਾ ਹਾ...," ਮੈਨੂੰ ਦੇਖਕੇ ਉਹ ਖਿੜਖਿੜਾ ਕੇ ਹੱਸ ਪਈ। "ਤੁਸੀਂ ਵੀ ਭੱਜ ਆਏ ... ਸਾਲੇ ਮਿਡਲ ਕਲਾਸੀ ਲੋਕ ਕਿਵੇਂ ਪਾਗ਼ਲ ਹੋਏ ਫਿਰਦੇ ... ਲਾਲਚੀ ਕਿਸੇ ਥਾਂ ਦੇ ... ਜਿਵੇਂ ਹਰ ਖੁਸ਼ੀ ਨੂੰ ਝਪਟ ਲੈਣਾ ਚਾਹੁੰਦੇ ਹੋਣ ... ਕਿਆ ਤਮਾਸ਼ਾ ਚੱਲ ਰਿਹਾ, ਅੰਦਰ।"

"ਪਰ ਤੂੰ ਇੱਥੇ ਕਿਵੇਂ ਫਸ ਗਈ, ਇਹਨਾਂ ਮਿਡਲ ਕਲਾਸੀ ਮੱਖੀਆਂ 'ਚ?" ਮੈਂ 'ਤੁਸੀਂ' ਦੀ ਬਜਾਇ 'ਤੂੰ' ਕਹਿ ਕੇ ਦੋਸਤਾਨਾ ਲਹਿਜ਼ਾ ਅਖ਼ਤਿਆਰ ਕਰਦਿਆਂ ਪੁੱਛਿਆ। "ਕੀ ਦੱਸਾਂ, ਇਸ ਭਿਣਭਿਣ 'ਚ ਮੈਨੂੰ ਵੀ ਆਉਣਾ ਪਿਆ। ਆਹ ਵਿਆਂਦੜ ਮੁੰਡੇ ਦਾ ਪਿਉ ਸੇਠੀ ਕਈ ਵਾਰ ਸਾਡੇ ਨਾਟਕ ਸਪੌਂਸਰ ਕਰ ਦਿੰਦਾ, ਬਸ ਇਹੀ ਮਜ਼ਬੂਰੀ ਹੈ। ਤੇ ਤੁਸੀਂ ਕਿਵੇਂ?"

"ਸੇਠੀ ਸਾਬ੍ਹ ਸਾਡੇ ਵੱਡੇ ਕਲਾਈਂਟਸ 'ਚੋਂ ਇਕ ਨੇ। ਮੇਰੇ ਥਰੂਅ ਡੀਲਿੰਗ ਹੁੰਦੀ ਇਨ੍ਹਾਂ ਦੀ। ਇਸ ਲਈ ਮੈਨੂੰ ਵੀ ਆਉਣਾ ਪਿਆ, ਮਿਡਲ ਕਲਾਸੀ ਮੱਖੀਆਂ ਦੀ ਭਿਣਭਿਣ ਸੁਣਨ।" ਉਹ ਖਿੜਖਿੜਾ ਕੇ ਹੱਸ ਪਈ।

ਮੈਂ ਉਸ ਨਾਲ ਦੋਸਤੀ ਦੇ ਮੌਕੇ ਨੂੰ ਗੁਆਉਣਾ ਨਹੀਂ ਸੀ ਚਾਹੁੰਦਾ। ਮੈਨੂੰ ਉਸਦੀ ਬੇਬਾਕੀ ਤੇ ਜ਼ਿੰਦਾਦਿਲੀ ਪਹਿਲੀ ਮੁਲਾਕਾਤ 'ਚ ਹੀ ਭਾ ਗਈ ਸੀ। ਉਂਝ ਵੀ ਮੈਂ ਖੁਸ਼ਕ ਮੌਸਮਾਂ ਦੀ ਮਾਰ ਤੋਂ ਅੱਕ ਚੁੱਕਾਂ ਸਾਂ ਤੇ ਸ਼ੈਲੀ 'ਚੋਂ ਮੈਨੂੰ ਬਹਾਰ ਦੀ ਹਲਕੀ ਜਿਹੀ ਝਲਕ ਨਜ਼ਰ ਆ ਰਹੀ ਸੀ।

"ਤੇ ਹੁਣ ਫੇਰ?" ਉਸਨੇ ਮੇਰੀ ਚੁੱਪ 'ਤੇ ਸਵਾਲ ਦਾਗਿਆ।

"ਭੱਜ ਚੱਲੀਏ ਇੱਥੋਂ," ਮੈਂ ਠਹਾਕਾ ਮਾਰ ਕੇ ਸੁਲ੍ਹਾ ਮਾਰੀ।

ਫਿਰ ਅਸੀਂ ਦੋਵੇਂ ਉਸ ਭਿਣਭਿਣ ਤੋਂ ਦੂਰ ਇੱਕ ਕੌਫੀ ਹਾਊਸ 'ਚ ਚਲੇ ਗਏ ਤੇ ਸਾਹਿਤ, ਸੰਗੀਤ ਤੇ ਨਾਟਕਾਂ ਬਾਰੇ ਭਰਪੂਰ ਗੱਲਾਂ ਕੀਤੀਆਂ। ਜਾਣ ਤੋਂ ਪਹਿਲਾਂ ਉਹ ਮੇਰੇ ਕੋਲ ਇੰਨਾ ਕੁ ਛੱਡ ਗਈ, ਜਿੰਨਾ ਕੁ ਇੱਕ ਤਿਤਲੀ ਕਿਸੇ ਦੇ ਪੋਟਿਆਂ 'ਤੇ ਆਪਣਾ ਰੰਗ ਛੱਡ ਜਾਂਦੀ ਹੈ।

ਸ਼ੈਲੀ ਆਪਣੇ ਕੁਝ ਹਮਖ਼ਿਆਲ ਦੋਸਤਾਂ ਨਾਲ ਰਲ਼ ਕੇ ਇਕ ਪ੍ਰੋਗਰੈਸਿਵ ਥੀਏਟਰ ਗਰੁੱਪ ਚਲਾਉਂਦੀ ਤੇ ਰੋਜੀ ਰੋਟੀ ਲਈ ਇਕ ਕਾਲਜ 'ਚ ਪਾਰਟ ਟਾਈਮ ਪੜ੍ਹਾਉਂਦੀ ਸੀ। ਉਸਦਾ ਪਹਿਲਾ ਇਸ਼ਕ ਨਾਟਕ ਸੀ। ਸਾਡੇ ਦੋਵਾਂ ਵਿਚਕਾਰ ਕੁਝ ਸਾਂਝੀਆਂ ਸਨਕੀ ਕਸਰਾਂ ਦੀ ਬਦੌਲਤ ਮੁਲਾਕਾਤਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਨਾਟਕ ਪ੍ਰਤੀ ਉਹ ਬੇਹੱਦ ਗੰਭੀਰ ਸੀ ਭਾਵ ਸਕ੍ਰਿਪਟ, ਡਾਇਲਾਗ, ਮਿਊਜਕ, ਕਰੈਕਟਰ ਤੋਂ

ਲੈ ਕੇ ਕੌਸਟਿਊਮ, ਮੇਕਅੱਪ ਤੱਕ ਨਿੱਕੀ ਤੋਂ ਨਿੱਕੀ ਚੀਜ਼ ਨੂੰ ਬਾਰੀਕੀਆਂ ਤੱਕ ਦੇਖਦੀ ਤੇ ਸਮਝਦੀ। ਜਿੱਥੇ ਉਸਨੂੰ ਕੋਈ ਊਣਤਾਈ ਨਜ਼ਰ ਆਉਂਦੀ, ਝੱਟ ਉਸਨੂੰ ਦੂਰ ਕਰਨ ਦੀ ਕੋਸ਼ਿਸ਼ ਕਰਦੀ। ਹਰ ਨਾਟਕ ਦੀ ਮੰਚਕਾਰੀ ਉਸਦੇ ਲਈ ਇਕ ਚੈਲੰਜ ਹੁੰਦਾ। ਕਦੇ ਕਦੇ ਚੱਲ ਰਹੀ ਰਿਹਰਸਲ 'ਚ ਕੋਈ ਅਟਪਟਾ ਸੀਨ ਜਾਂ ਡਾਇਲਾਗ ਕੱਟ ਕੇ ਔਹ ਮਾਰਦੀ, ਜਿਵੇਂ ਉਸਨੇ ਆਪਣੀ ਜ਼ਿੰਦਗੀ 'ਚੋਂ ਮੇਰੀ ਮੁਹੱਬਤ ਦੇ ਸੀਨ 'ਤੇ ਕੈਂਚੀ ਮਾਰ ਕੇ ਝੱਟਪੱਟ ਮੈਨੂੰ ਆਪਣੀ ਜ਼ਿੰਦਗੀ 'ਚੋਂ ਕੱਢ ਕੇ ਵਗਾਹ ਮਾਰਿਆ।

ਆਹ! ਮੈਨੂੰ ਰੀਟੇਕ ਦਾ ਮੌਕਾ ਹੀ ਨਹੀਂ ਮਿਲਿਆ।

ਲਗਾਤਾਰ ਮੁਲਾਕਾਤਾਂ ਦੇ ਸਿਲਸਿਲੇ ਦੋਸਤੀ ਨੂੰ ਮੁਹੱਬਤ ਦੀਆਂ ਦਹਿਲੀਜ਼ਾਂ 'ਤੇ ਲੈ ਆਏ ਸਨ, ਪਰ ਉਸਨੇ ਇਸ ਮਾਮਲੇ 'ਚ ਚੁੱਪ ਧਾਰੀ ਹੋਈ ਸੀ। ਮੇਰੇ ਪੁੱਛਣ 'ਤੇ ਮੁਸਕਰਾ ਛੱਡਦੀ ਤੇ ਕਦੇ-ਕਦੇ ਖਿਝ ਕੇ ਮੇਰੇ ਗਲ਼ ਪੈ ਜਾਂਦੀ।

"ਤੈਨੂੰ ਪਤਾ? ਇਹ ਮੁਹੱਬਤ ਬੰਦੇ ਨੂੰ ਕਿੰਨਾ ਬੋਦਾ ਤੇ ਘਿਨਾਉਣਾ ਬਣਾ ਛੱਡਦੀ ਆ। ਮੁਹੱਬਤ ਦੇ ਨਾਂ ਤੇ ਚਲਾਕ ਔਰਤਾਂ ਤੇ ਸਿਪਲੇ ਮਰਦ ਭਾਵੁਕਤਾ ਦਾ ਸਵਾਂਗ ਰਚਾ ਕੇ ਬਸ ਇਕ ਦੂਜੇ ਨੂੰ ਗੁੰਮਰਾਹ ਕਰਦੇ ਤੇ ਹਮਦਰਦੀ ਬਟੋਰ ਕੇ ਇਸਤੇਮਾਲ ਕਰਨਾ ਜਾਣਦੇ। ਐਂਡ ਸੌਰੀ ਟੂ ਸੇ, ਮੈਨੂੰ ਆਪਣੀ ਆਜ਼ਾਦੀ ਪਿਆਰੀ ਹੈ।"

ਪਰ ਮੈਂ ਤਾਂ ਦਿਨ-ਬ-ਦਿਨ, ਉਸਦੀ ਮੁਹੱਬਤ 'ਚ ਡੁੱਬਦਾ ਜਾ ਰਿਹਾ ਸੀ। ਖ਼ੈਰ, ਇਕ ਦਿਨ ਉਸਦਾ ਮੁਹੱਬਤ ਪ੍ਰਤੀ ਨਫ਼ਰਤ ਵਾਲਾ ਭੇਦ ਵੀ ਖੁੱਲ੍ਹ ਕੇ ਸਾਹਮਣੇ ਆ ਗਿਆ।

ਸਾਡੇ ਇਕ ਸਾਂਝੇ ਮਿੱਤਰ ਦਾ ਵਿਆਹ ਸੀ। ਇਕ ਸਾਦੇ ਜਿਹੇ ਫੰਕਸ਼ਨ 'ਚ ਅਸੀਂ ਵੀਹ ਪੰਝੀ ਬੰਦੇ ਹੋਵਾਂਗੇ। ਸ਼ੈਲੀ ਥੋੜ੍ਹਾ ਜਿਹਾ ਪਛੜ ਕੇ ਪਹੁੰਚੀ ਤੇ ਆਉਂਦਿਆਂ ਸਾਰ ਹੀ ਵਿਅੰਗਮਈ ਮੁਸਕਾਨ ਨਾਲ ਜੋੜੀ ਨੂੰ ਮੁਬਾਰਕਬਾਦ ਦਿੱਤੀ। ਫੰਕਸ਼ਨ ਤੋਂ ਵਾਪਸੀ ਵੇਲੇ ਅਸੀਂ ਦੋਵੇਂ ਇਕੱਠੇ ਮੇਰੀ ਕਾਰ 'ਚ ਵਾਪਸ ਆ ਰਹੇ ਸਾਂ ਕਿ ਮੇਰੇ ਮੂੰਹੋਂ ਸੁਭਾਵਿਕ ਹੀ ਨਿਕਲ ਗਿਆ, "ਦੋਵੇਂ ਬੜੇ ਖੁਸ਼ ਜਾਪਦੇ ਸਨ। ਲੱਗਦਾ, ਖੂਬ ਨਿਭੇਗੀ ਦੋਵਾਂ ਦੀ।"

ਮੇਰੀ ਗੱਲ ਸੁਣ ਕੇ ਉਹ ਉਦਾਸ ਹੋ ਗਈ ਤੇ ਸੋਚਾਂ 'ਚ ਡੁੱਬੀ ਸ਼ੀਸ਼ੇ ਥਾਣੀਂ ਬਾਹਰ ਪਿਛਾਂਹ ਭੱਜੇ ਜਾ ਰਹੇ ਰੁੱਖਾਂ ਦੀ ਕਤਾਰ ਨੂੰ ਦੇਖਦੀ ਰਹੀ। ਕੁਝ ਚਿਰ ਬਾਅਦ ਉਸਨੇ ਚੁੱਪ ਤੋੜਦਿਆਂ ਕਿਹਾ, "ਤੈਨੂੰ ਇਕ ਗੱਲ ਦੱਸਾਂ, ਮੇਰੇ ਮਾਪਿਆਂ ਦੀ ਵੀ ਇੰਟਰ ਕਾਸਟ ਲਵ-ਮੈਰਿਜ ਹੋਈ ਸੀ.... ਮਾਂ ਜੱਟੀ ਤੇ ਪਿਉ ਚਮਾਰ। ਮੇਰੇ ਮਾਮੇ ਤਾਂ ਇਸ ਵਿਆਹ ਦੇ ਐਨੇ ਖ਼ਿਲਾਫ਼ ਸਨ ਕਿ ਦੋਵਾਂ ਨੂੰ ਮਾਰ ਮੁਕਾਉਣਾ ਚਾਹੁੰਦੇ ਸਨ। ਕਿੰਨੇ ਮਹੀਨੇ ਮੰਮੀ ਡੈਡੀ ਲੁਕਦੇ-ਛਿਪਦੇ ਰਹੇ।"

"ਅੱਛਾ?" ਮੈਂ ਹੁੰਗਾਰਾ ਭਰਿਆ।

"ਹੂੰਅ... ਪਰ ਵਿਆਹ ਤੋਂ ਦੋ ਸਾਲ ਬਾਅਦ ਹੀ ਉਨ੍ਹਾਂ ਦਾ ਇਸ਼ਕ ਕਾਫ਼ੂਰ ਹੋ ਗਿਆ। ਮੈਂ ਬਚਪਨ ਤੋਂ ਹੀ ਉਨ੍ਹਾਂ ਦੀ ਕਿਚ-ਕਿਚ ਦੇਖਦੀ ਆ ਰਹੀ ਹਾਂ। ਮੈਂ ਮੰਮੀ ਨੂੰ ਹਮੇਸ਼ਾ ਹਉਂ ਨਾਲ ਭਰੀ ਕੱਟੜ ਜੱਟੀ ਤੇ ਡੈਡੀ ਨੂੰ ਜਾਤੀ ਨਫ਼ਰਤ ਨਾਲ ਭਰੇ ਚਮਾਰ ਦੇ ਰੂਪ ਵਿਚ ਦੇਖਿਆ ਹੈ। ਹੁਣ ਤਾਂ ਮੰਮੀ ਦੀ ਨਾਨਕਿਆਂ ਨਾਲ ਵੀ ਸੁਲ੍ਹਾ ਹੈ। ਮਾਮੇ ਮੈਨੂੰ ਅਕਸਰ ਛੇੜਦੇ ਨੇ.... 'ਸ਼ੁਕਰ ਆ, ਕੁੜੀ ਸਾਡੇ ਅਰਗੀ ਆ, ਕਿਤੇ ਚਮਾਰਾਂ 'ਤੇ ਨਹੀਂ ਚਲੀ ਗਈ'.... ਤੇ ਹੋਰ ਸੁਣ, ਉਹਨਾਂ ਦੀ ਲੜਾਈ ਦੇ ਸੀਨ ਮੈਨੂੰ ਦੂਜੇ-ਚੌਥੇ ਦੇਖਣ ਨੂੰ ਮਿਲ ਜਾਂਦੇ ਸਨ। ਉਹ ਰਾਤ ਨੂੰ ਲੜਦੇ, ਮਿਹਣਿਉਂ-ਮਿਹਣੀ ਹੁੰਦੇ ਤੇ ਸੌਂ ਜਾਂਦੇ.... ਸਵੇਰੇ ਇੰਝ ਉੱਠਦੇ, ਜਿਵੇਂ ਕੁਝ ਹੋਇਆ ਹੀ ਨਹੀਂ....।"

ਉਹ ਕੁਝ ਚਿਰ ਚੁੱਪ ਰਹੀ ਤੇ ਉਸਨੇ ਸਾਹਮਣੇ ਸ਼ੀਸ਼ੇ 'ਤੇ ਨਿਗ੍ਹਾ ਟਿਕਾਈ ਰੱਖੀ ਫਿਰ ਅਚਾਨਕ ਜਿਵੇਂ

ਤੈਸ਼ ’ਚ ਆ ਗਈ ਹੋਵੇ। ਗੁੱਸੇ ਦੀਆਂ ਲਕੀਰਾਂ ਉਸਦੇ ਮੱਥੇ ’ਤੇ ਸਪੱਸ਼ਟ ਦਿਖ ਰਹੀਆਂ ਸਨ। ਮੈਂ ਉਸਨੂੰ ਅਪਣੱਤ ਦਾ ਅਹਿਸਾਸ ਕਰਾਉਂਦਿਆਂ ਪਲ ਭਰ ਲਈ ਆਪਣਾ ਖੱਬਾ ਹੱਥ ਸਟੇਅਰਿੰਗ ਤੋਂ ਚੁੱਕ ਕੇ ਉਸਦੇ ਹੱਥ’ਤੇ ਰੱਖ ਲਿਆ। ਉਹ ਸ਼ਾਂਤ ਹੋ ਗਈ ਤੇ ਫਿਰ ਹੌਲੀ ਜਿਹੀ ਬੋਲੀ:

“ਮੇਰੀ ਮੰਮੀ ਦੇ ਸਿਰ ਨੂੰ ਤਾਂ ਜੱਟਵਾਦ ਏਨਾ ਚੜ੍ਹਿਆ ਹੋਇਆ ਹੈ ਕਿ ਹਾਲੇ ਵੀ ਮੇਰੀ ਦਾਦੀ ਨੂੰ ਵੱਖਰੇ ਭਾਂਡਿਆਂ ’ਚ ਰੋਟੀ ਦਿੰਦੀ ਹੈ। ਮੰਮੀ ਡੈਡੀ ਨੂੰ ਅਕਸਰ ਭੁੱਖੀ ਕੌਮ ਦਾ ਮਿਹਣਾ ਮਾਰਦੀ ਤੇ ਡੈਡੀ ਜੱਟਾਂ ਦੀ ਧੌਣ ’ਚ ਹਾਉਮੇ ਦਾ ਕਿੱਲਾ ਠੁਕਿਆ ਹੋਣ ਦਾ ਮਿਹਣਾ ਮਾਰਦਾ ਰਹਿੰਦਾ।”

ਸ਼ੈਲੀ ਨੇ ਆਪਣੇ ਮਾਪਿਆਂ ਨੂੰ ਆਪਣੇ ਅੰਦਰਲੀ ਖਿਝ ਦੀ ਵੱਖਰੇ ਢੰਗ ਨਾਲ ਸਜਾ ਦਿੱਤੀ ਸੀ। ਉਸਦੇ ਮਾਪੇ, ਉਸਨੂੰ ਡਾਕਟਰ ਜਾਂ ਇੰਜੀਨੀਅਰ ਬਣਾਉਣਾ ਚਾਹੁੰਦੇ ਸਨ ਪਰ ਸ਼ੈਲੀ ਨੇ ਉਨ੍ਹਾਂ ਦੀਆਂ ਇਛਾਵਾਂ ਦੇ ਉਲਟ ਆਰਟਸ ਪੜ੍ਹਿਆ। ਕਾਲਜ ਹੋਸਟਲ ’ਚ ਉਸਨੂੰ ਵਰ੍ਹਿਆਂ ਦੀ ਘੁਟਣ ਤੋਂ ਨਿਜ਼ਾਤ ਮਿਲੀ। ਪੜ੍ਹਾਈ ਪੂਰੀ ਹੋਣ ਤੋਂ ਬਾਅਦ ਉਸਨੇ ਰੋਜ਼ੀ ਰੋਟੀ ਲਈ ਨੌਕਰੀ ਲੱਭੀ ਤੇ ਰਹਿਣ ਲਈ ਪੀ.ਜੀ. ਚੁਣਿਆ।

“ਮਨੂੰ, ਹੁਣ ਉਨ੍ਹਾਂ ਦੀ ਲੜਾਈ ਦਾ ਵਿਸ਼ਾ ਬਦਲ ਗਿਆ ਹੈ।” ਉਸਨੇ ਮੁਸਕਰਾ ਕੇ ਕਿਹਾ।

“ਕੀ ਮਤਲਬ?” ਮੈਂ ਪੁੱਛਿਆ।

“ਹੁਣ ਉਹ ਦੋਵੇਂ ਮੇਰੇ ਵਿਆਹ ਦੇ ਵਿਸ਼ੇ ਨੂੰ ਲੈ ਕੇ ਉਲਝਦੇ ਰਹਿੰਦੇ ਨੇ। ਮੰਮੀ ਮੈਨੂੰ ਜੱਟਾਂ ’ਚ ਵਿਆਹੁਣਾ ਚਾਹੁੰਦੀ ਅਤੇ ਡੈਡੀ ਚਮਾਰਾਂ ’ਚ। ਮੈਂ ਤਾਂ ਉਹਨਾਂ ਨੂੰ ਸਾਫ਼-ਸਾਫ਼ ਕਹਿ ਦਿੱਤਾ ਕਿ ਜਿਹੜੀ ਖੱਟੀ ਤੁਸੀਂ ਖੱਟ ਲਈ, ਉਹ ਮੈਂ ਨਹੀਂ ਖੱਟਣੀ। ਮੈਂ ਨਹੀਂ ਕਰਾਉਣਾ ਵਿਆਹ।”

ਭਾਵੇਂ ਸ਼ੈਲੀ ਲਈ ਉਸਦੀ ਜ਼ਿੰਦਗੀ ਤਜ਼ਰਬਿਆਂ ਦਾ ਕੀ-ਪੈਡ ਨਹੀਂ ਸੀ ਪਰ ਮੇਰੇ ਵਾਰ-ਵਾਰ ਕਹਿਣ ’ਤੇ ਉਹ ਮੇਰੇ ਨਾਲ ਲਿਵ-ਇਨ ’ਚ ਰਹਿਣ ਲਈ ਰਾਜ਼ੀ ਹੋ ਗਈ ਪਰ ਉਸਦੀਆਂ ਸ਼ਰਤਾਂ ਦੀ ਇਕ ਲੰਮੀ ਫਹਿਰਿਸਤ ਸੀ ਤੇ ਮੈਂ ਉਸਦੀਆਂ ਸਾਰੀਆਂ ਸ਼ਰਤਾਂ ਪੜ੍ਹੇ ਬਗ਼ੈਰ ‘ਹਾਂ ਸੱਜਣ’ ਕਹਿ ਦਿੱਤਾ। ਮੈਂ ਤਾਂ ਉਸ ’ਤੇ ਏਨਾ ਲੱਟੂ ਹੋ ਚੁੱਕਾ ਸੀ ਕਿ ਜੇ ਉਸ ਵੇਲੇ ਉਹ ਮੈਨੂੰ ਸੂਲੀ ’ਤੇ ਚੜ੍ਹਨ ਲਈ ਕਹਿ ਦਿੰਦੀ ਤਾਂ ਮੈਂ ਕੋਈ ਉਜ਼ਰ ਨਾ ਕਰਦਾ।

ਤੇ ਫਿਰ ਐਸ.ਬੀ.ਰੋਡ ’ਤੇ ਇਕ ਫਲੈਟ ਸਾਡੇ ਦੋਵਾਂ ਦਾ ਰੈਣ ਬਸੇਰਾ ਬਣ ਗਿਆ। ਸਾਰੀਆਂ ਸ਼ਰਤਾਂ ਹੂ-ਬ-ਹੂ ਲਾਗੂ ਹੋ ਗਈਆਂ ਸਨ, ਮਸਲਨ ਆਪੋ-ਆਪਣੇ ਕਮਰੇ, ਆਪੋ-ਆਪਣੇ ਕੰਮ ਤੇ ਆਪੋ-ਆਪਣੀ ਨਿੱਜਤਾ। ਖਾਸ ਤੌਰ ਤੇ ਉਸਦੀ ਪਹਿਲੀ ਸ਼ਰਤ, ਜਿਸ ਮੁਤਾਬਿਕ ਇੱਕ ਦੂਜੇ ਦੀ ਆਜ਼ਾਦੀ ਦੀ ਕਦਰ ’ਤੇ ਖਾਸ ਧਿਆਨ ਦਿੱਤਾ ਗਿਆ। ਕੁਝ ਮਹੀਨੇ ਸੁਖਦ ਸੁਪਨੇ ਵਾਂਗ ਲੰਘੇ। ਸਾਡੇ ਦੋਵਾਂ ’ਚੋਂ ਕੋਈ ਇੱਕ ਜਣਾ ਸਵੇਰ ਦੀ ਚਾਹ ਜਾਂ ਕੌਫੀ ਬਣਾਉਂਦਾ ਤੇ ਫਿਰ ਇਕੱਠੇ ਬ੍ਰੇਕਫਾਸਟ ਬਣਾਉਂਦੇ ਅਤੇ ਖਾਂਦੇ, ਫਿਰ ਆਪੋ-ਆਪਣੇ ਕੰਮਾਂ ’ਤੇ ਚਲੇ ਜਾਂਦੇ। ਉਹ ਕਾਲਜ ਤੋਂ ਸਿੱਧੀ ਅਕੈਡਮੀ ਚਲੀ ਜਾਂਦੀ, ਜਿੱਥੇ ਉਹਨਾਂ ਦੇ ਕਿਸੇ ਨਾਟਕ ਦੀ ਰਿਹਰਸਲ ਚੱਲ ਰਹੀ ਹੁੰਦੀ ਤੇ ਫਿਰ ਰਾਤ ਨੂੰ ਵਾਪਸ ਆਉਂਦੀ। ਰਾਤ ਵੇਲੇ ਕਦੇ-ਕਦੇ ਮੈਂ ਉਸਦੀ ਡਿਨਰ ਲਈ ਉਡੀਕ ਕਰਦਾ ਤੇ ਕਦੇ ’ਕੱਲਾ ਡਿਨਰ ਕਰਦਾ ਤੇ ਸੌਂ ਜਾਂਦਾ। ਉਹ ਆਉਂਦੀ, ਆਪਣੀ ਚਾਬੀ ਨਾਲ ਫਲੈਟ ਦਾ ਦਰਵਾਜ਼ਾ ਖੋਲ੍ਹਦੀ, ਕਿਚਨ ’ਚੋਂ ਕੁਝ ਖਾਂਦੀ ਤੇ ਆਪਣੇ ਕਮਰੇ ’ਚ ਜਾ ਕੇ ਸੌਂ ਜਾਂਦੀ।

ਕਦੇ-ਕਦੇ ਉਸਦੀ ਵਾਪਸੀ ਵੇਲੇ ਉਸਦੀ ਨਾਟਕ ਟੀਮ ਵਾਲੀ ਮਿੱਤਰ-ਮੰਡਲੀ ਵੀ ਨਾਲ ਹੁੰਦੀ। ਉਹ ਸਾਰੇ ਅੰਦਰ ਆਉਂਦੇ ਤੇ ਡਰਾਇੰਗ ਰੂਮ ’ਚ ਆਪੋ-ਆਪਣੇ ਲਈ ਜਗ੍ਹਾ ਲੱਭ ਕੇ ਸੋਫੇ, ਕੁਰਸੀਆਂ ਜਾਂ ਜ਼ਮੀਨ ’ਤੇ ਬੈਠ ਜਾਂਦੇ ਤੇ ਫਿਰ ਡਾਇਲਾਗ, ਸਟੋਰੀ ਜਾਂ ਸਕ੍ਰਿਪਟ ਤੇ ਬਹਿਸ ਕਰਦੇ, ਲੜਦੇ, ਹੱਸਦੇ,

ਸਿਗਰਟਾਂ ਫੂਕਦੇ, ਕੌਫੀ ਜਾਂ ਬੀਅਰ ਪੀਂਦੇ ਤੇ ਨੀਂਦ ਦੇ ਝੌਂਕਿਆਂ 'ਚ ਝੂਮਦੇ ਰੁਖਸਤ ਹੁੰਦੇ। ਕਈ ਵਾਰ ਤਾਂ ਉਹਨਾਂ ਦੀ ਧਮਾਲ ਚੌਂਕੜੀ ਸਾਰੀ ਰਾਤ ਲੱਗੀ ਰਹਿੰਦੀ, ਜਿਵੇਂ ਕਿਸੇ ਨੂੰ ਸੌਣ ਦੀ ਜਾਂ ਘਰ ਜਾਣ ਦੀ ਕੋਈ ਕਾਹਲ ਨਾ ਹੋਵੇ।

ਸ਼ੁਰੂ-ਸ਼ੁਰੂ ਵਿਚ ਤਾਂ ਮੈਂ ਵੀ ਉਹਨਾਂ ਦੀ ਨਾਟਕ ਮੰਡਲੀ ਦੀ ਧਮਾਲ ਚੌਂਕੜੀ 'ਚ ਸ਼ਾਮਿਲ ਹੋ ਜਾਂਦਾ ਤੇ ਇਕ ਦਰਸ਼ਕ ਵਾਂਗ ਉਹਨਾਂ ਨੂੰ ਦੇਖਦਾ ਰਹਿੰਦਾ ਪਰ ਬੜੀ ਜਲਦੀ ਹੀ ਮੇਰੀ ਇਸ ਸਭ 'ਚੋਂ ਰੁਚੀ ਖਤਮ ਹੋ ਗਈ। ਦੂਸਰਾ, ਮੈਂ ਸਵੇਰੇ ਨੌਂ ਵਜੇ ਡਿਊਟੀ 'ਤੇ ਜਾਣਾ ਹੁੰਦਾ ਸੀ ਇਸ ਲਈ ਦੇਰ ਰਾਤ ਤੱਕ ਜਾਗਣਾ ਮੇਰੇ ਵੱਸ ਦਾ ਰੋਗ ਨਹੀਂ ਸੀ। ਉਂਝ ਮੈਨੂੰ ਸ਼ੈਲੀ ਦਾ ਲਾਈਫ਼ ਸਟਾਈਲ ਪਸੰਦ ਸੀ, ਸਗੋਂ ਮੈਂ ਤਾਂ ਉਸਦੀ ਆਜ਼ਾਦ ਤਬੀਅਤ ਦਾ ਦੀਵਾਨਾ ਸੀ, ਇਸ ਕਰਕੇ ਤਾਂ ਮੈਂ ਉਸਨੂੰ ਆਪਣੀ ਲਿਵ-ਇਨ ਪਾਰਟਨਰ ਚੁਣਿਆ ਸੀ।

ਪਰ ਪਤਾ ਨਹੀਂ, ਉਸ ਦਿਨ ਮੈਂ ਉਸਦੀ ਪਹਿਲੀ ਸ਼ਰਤ ਕਿਉਂ ਭੁੱਲ ਗਿਆ ਸੀ....

ਉਸ ਦਿਨ ਉਸਦੇ ਨਾਟਕ 'ਮੈਡੂਸਾ ਦਾ ਦੁਖਾਂਤ' ਦੀ ਫਾਈਨਲ ਰਿਹਰਸਲ ਸੀ ਤੇ ਉਹ ਦੇਰ ਰਾਤ ਨੂੰ ਰਿਹਰਸਲ ਵਾਲੇ ਕੌਸਟਿਊਮ 'ਚ ਹੀ ਵਾਪਸ ਆਈ ਸੀ। ਮੈਂ ਉਸਦੀ ਉਡੀਕ ਕਰ ਰਿਹਾ ਸੀ। ਜਦੋਂ ਉਹ ਦਰਵਾਜ਼ੇ 'ਚੋਂ ਲੰਘ ਕੇ ਅੰਦਰ ਆਈ ਤਾਂ ਉਸਦੇ ਸਿਰ ਦੀ ਵਿੱਗ 'ਚੋਂ ਕਿੰਨੇ ਹੀ ਸੱਪ ਉਸਦੇ ਮੋਢਿਆਂ ਤੀਕ ਲਟਕ ਰਹੇ ਸਨ। ਉਸ ਦੀਆਂ ਅੱਖਾਂ ਵੀ ਮੇਅਕੱਪ ਨਾਲ ਵੱਡੀਆਂ ਤੇ ਡਰਾਉਣੀਆਂ ਬਣਾਈਆਂ ਹੋਈਆਂ ਸਨ। ਉਸ ਵੇਲੇ, ਉਸਨੂੰ ਦੇਖਕੇ ਮੇਰੇ ਮਨ 'ਚ ਅਜੀਬ ਜਿਹੀ ਘਿਰਣਾ ਉੱਠੀ ਸੀ.... ਅਜੀਬ ਤਰ੍ਹਾਂ ਦੀ ਉਤੇਜਨਾ ਮੇਰੇ ਜ਼ਿਹਨ 'ਤੇ ਸਵਾਰ ਹੋ ਗਈ ਸੀ..... ਪਰ ਹੁਣ ਮੈਂ ਚਾਹੁੰਦਾਂ, ਉਹ ਉਸੇ ਰੂਪ 'ਚ ਮੇਰੇ ਸਾਹਮਣੇ ਆ ਕੇ ਮੈਨੂੰ ਸਰਾਪ ਦੇਵੇ ਤੇ ਮੈਂ ਪੱਥਰ ਹੋ ਜਾਵਾਂ।

ਉਫ਼ ! ਕਿੰਝ ਉਸ ਰਾਤ ਮੈਂ ਉਸ ਦੀਆਂ ਸ਼ਰਤਾਂ ਦੀ ਫਹਿਰਿਸਤ ਨੂੰ ਭੁੱਲ ਕੇ ਭੁੱਖੇ ਭੇੜੀਏ ਵਾਂਗ ਉਸ 'ਤੇ ਝਪਟ ਪਿਆ ਸੀ।

ਉਸ ਦਿਨ ਦੀ ਘਟਨਾ ਤੋਂ ਠੀਕ ਤਿੰਨ ਦਿਨ ਪਹਿਲਾਂ ਮੈਨੂੰ ਮੇਰੇ ਮਿੱਤਰ ਕਮਲ ਦਾ ਫੋਨ ਆਇਆ ਸੀ। ਦੁਆ-ਸਲਾਮ ਤੋਂ ਤੁਰੰਤ ਬਾਅਦ ਉਹ ਫਿੱਸ ਪਿਆ। ਮੈਨੂੰ ਜਾਪਿਆ, ਸ਼ਾਇਦ ਉਸਦਾ ਆਪਣੀ ਮਹਿਬੂਬਾ ਨੈਨਾ ਨਾਲ ਤੋੜ-ਵਿਛੋੜਾ ਹੋ ਗਿਆ ਹੋਵੇਗਾ। ਜਦੋਂ ਮੈਂ ਉਸਨੂੰ ਟੋਹਣਾ ਚਾਹਿਆ ਤਾਂ ਉਹ ਜਿਵੇਂ ਪਿੱਟਣ ਲੱਗ ਪਿਆ ਹੋਵੇ:

"ਯਾਰ ਮਨੂੰ, ਮੇਰੀ ਤਾਂ ਜ਼ਿੰਦਗੀ ਤਬਾਹ ਹੋ ਗਈ। ਕੱਖ ਨੀ ਬਚਿਆ, ਮੇਰੇ ਕੋਲ। ਕੀ ਕਰਾਂ ਮੈਂ? ਮਰਨ ਨੂੰ ਜੀ ਕਰਦਾ ਮੇਰਾ।"

"ਪਰ ਹੋਇਆ ਕੀ? ਨੈਨਾ ਨਾਲ ਲੜਾਈ ਤਾਂ ਨਹੀਂ ਹੋ ਗਈ?" ਮੈਂ ਪੁੱਛਿਆ।

"ਯਾਰ, ਉਸ ਨੈਨਾ ਦੀ ਬੱਚੀ ਦਾ ਨਾਂ ਨਾ ਲੈ ਮੇਰੇ ਕੋਲ। ਇਕ ਨੰਬਰ ਦੀ ਹਰਾਮਣ ਨਿੱਕਲੀ। ਮੈਂ ਕੁਝ ਦਿਨਾਂ ਲਈ ਥਾਈਲੈਂਡ ਕੀ ਗਿਆ, ਉਸਨੇ ਤਾਂ....।"

ਕਮਲ ਨੇ ਮੈਨੂੰ ਵਿਸਥਾਰ 'ਚ ਦੱਸਿਆ ਕਿ ਕੁਝ ਦਿਨਾਂ ਤੋਂ ਉਹਨਾਂ ਦੋਵਾਂ ਵਿਚਾਲੇ ਨਰਾਜ਼ਗੀ ਚੱਲ ਰਹੀ ਸੀ। ਇਸੇ ਦੌਰਾਨ ਕਮਲ ਨੂੰ ਇੱਕ ਬਿਜਨਿਸ ਟਰਿੱਪ ਲਈ ਥਾਈਲੈਂਡ ਜਾਣਾ ਪਿਆ ਤੇ ਮਗਰੋਂ ਨੈਨਾ ਨੇ ਆਪਣੇ ਹੋਸਟਲ ਦੇ ਚੌਂਕੀਦਾਰ ਨਾਲ ਦੇਹ ਭੁੱਖ ਮਿਟਾਈ।

"ਤਾਂ ਕੀ ਹੋਇਆ ਯਾਰ, ਤੂੰ ਵੀ ਤਾਂ ਉੱਥੇ ਰੰਗੀਨੀਆਂ ਮਾਣਦਾ ਰਿਹਾ ਹੋਵੇਂਗਾ।" ਮੈਂ ਉਸਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰਦਿਆਂ ਕਿਹਾ।

"ਮੇਰੀ ਛੱਡ ਯਾਰ, ਉਹ ਤੀਵੀਂ ਏਨਾ ਗਰਕ ਗਈ ਕਿ ਆਪਣੇ ਹੋਸਟਲ ਦੇ ਚੌਂਕੀਦਾਰ ਨਾਲ

ਹੀ....।"

ਅਸਲ 'ਚ ਜਦੋਂ ਕਮਲ ਥਾਈਲੈਂਡ ਦੀਆਂ ਰੰਗੀਨੀਆਂ ਮਾਣ ਕੇ ਵਾਪਸ ਆਇਆ ਤਾਂ ਉਸਦੇ ਮਨ 'ਚੋਂ ਨੈਨਾ ਪ੍ਰਤੀ ਨਰਾਜ਼ਗੀ ਵੀ ਨਿੱਕਲ ਚੁੱਕੀ ਸੀ। ਉਸਨੇ ਆਉਂਦਿਆਂ ਹੀ ਨੈਨਾ ਨੂੰ ਫੋਨ ਮਿਲਾਇਆ ਤੇ ਨੈਨਾ ਵੀ ਅੱਗਿਉਂ ਉਸ ਨਾਲ ਹੱਸ-ਹੱਸ ਕੇ ਗੱਲਾਂ ਕਰਦੀ ਰਹੀ। ਫਿਰ ਅਚਾਨਕ ਉਸਨੇ ਕਮਲ ਤੋਂ ਮੁਆਫ਼ੀ ਮੰਗਦਿਆਂ ਚੌਂਕੀਦਾਰ ਵਾਲੀ ਗੱਲ ਦੱਸੀ ਸੀ। ਕਮਲ ਨੇ ਮੈਨੂੰ ਦੱਸਿਆ:

"ਯਾਰ, ਮੈਂ ਉਸ ਰਾਤ ਰੱਜ ਕੇ ਦਾਰੂ ਪੀਤੀ। ਮੈਂ ਉਸਨੂੰ ਫੋਨ ਮਿਲਾਇਆ ਤੇ ਗਾਲਾਂ ਕੱਢਦਾ ਰਿਹਾ। ਉਸਨੇ ਮੇਰਾ ਫੋਨ ਨਹੀਂ ਕੱਟਿਆ। ਮੇਰੀ ਹਰ ਹੁਬਕੀ 'ਤੇ ਖਿੜਖਿੜਾ ਕੇ ਇੰਝ ਹੱਸਦੀ, ਜਿਵੇਂ ਗਰਮ ਤੇਲ 'ਚ ਪਾਣੀ ਦੇ ਛਿੱਟੇ ਵੱਜਦੇ ਨੇ। ਮੇਰੇ 'ਚ ਚਿਰੜ-ਚਿਰੜ ਹੋਰ ਵੱਧ ਜਾਂਦੀ। ਮੇਰੇ ਵਜੂਦ ਨੂੰ ਅੱਗ ਕਿਉਂ ਨਹੀਂ ਲਗਦੀ? ਮੇਰੇ 'ਚੋਂ ਤੀਵੀਆਂ ਉੱਬਲਣ ਲੱਗ ਪਈਆਂ।"

"ਡਰਾਮਾ ਕੁਝ ਜਿਆਦਾ ਨਹੀਂ ਹੋ ਗਿਆ?"

"ਤੈਨੂੰ ਡਰਾਮਾ ਲੱਗਦਾ ਏ, ਮੇਰੇ ਵਜੂਦ ਨੂੰ ਅੱਗ ਲੱਗੀ ਹੋਈ ਏ।"

"ਪੈਟਰੀਆਰਕੀ ਏਦਾਂ ਹੀ ਬੋਲਦੀ ਏ, ਛੋਟੇ ਵੀਰ।"

ਮੈਂ ਉਸਨੂੰ ਕਹਿ ਤਾਂ ਦਿੱਤਾ, ਪਰ ਪੈਟਰੀਆਰਕੀ ਕਦੋਂ ਸਿਰ ਚੜ੍ਹ ਬੋਲਦੀ ਏ, ਕਿਸੇ ਨੂੰ ਕੁਝ ਪਤਾ ਨਹੀਂ ਲੱਗਦਾ।

ਸਭ ਸਿਧਾਂਤ ਧਰੇ ਧਰਾਏ ਰਹਿ ਜਾਂਦੇ ਨੇ।

ਪੈਟਰੀਆਰਕੀ ਤੇ ਮਾਲਕੀ ਕਦੋਂ ਸੱਤਾ ਬਣ ਜਾਂਦੀ ਏ... ਕਿਸੇ ਨੂੰ ਸਮਝ ਨਹੀਂ ਆਉਂਦੀ...


ਮਾਲਕੀ ਭਾਵੇਂ ਬੀਵੀ 'ਤੇ ਹੋਵੇ ਜਾਂ ਲਿਵ ਇਨ 'ਚ ਤੇ ਭਾਵੇਂ ਜ਼ਮੀਨ 'ਤੇ... ਸੱਤਾ ਤਾਂ ਬਣ ਹੀ ਜਾਂਦੀ ਏ...।

ਮੇਰੇ ਕੋਲ ਉਸਦੇ ਮਸਲੇ ਦਾ ਕੋਈ ਹੱਲ ਨਹੀਂ ਸੀ ਪਰ ਉਂਝ ਮੈਂ ਨੈਨਾ ਦੇ ਵਿਵਹਾਰ ਤੋਂ ਹੈਰਾਨ ਸੀ ਕਿ ਉਸ ਵਰਗੀ ਪੜ੍ਹੀ-ਲਿਖੀ ਕੁੜੀ ਨੇ ਏਡੀ ਮਾੜੀ ਹਰਕਤ ਕਿਉਂ ਕੀਤੀ ਸੀ? ਪਰ ਜੋ ਹਰਕਤ ਤਿੰਨ ਦਿਨ ਬਾਅਦ ਮੈਂ ਸ਼ੈਲੀ ਨਾਲ ਕੀਤੀ ਸੀ, ਉਹ ਇਸ ਤੋਂ ਵੱਧ ਘਿਨਾਉਣੀ ਸੀ। ਉਸ ਰਾਤ ਮੈਂ ਸ਼ੈਲੀ ਦੇ ਵਿਸਵਾਸ਼ ਨੂੰ ਬੁਰੀ ਤਰ੍ਹਾਂ ਤੋੜਿਆ ਸੀ। ਕੀ ਸਿਰਫ ਮਰਦ ਨੂੰ ਹੀ ਆਪਣੀ ਹਉਂ ਨੂੰ ਪੱਠੇ ਪਾਉਣ ਦੀ ਆਜ਼ਾਦੀ ਹੈ?

ਸ਼ੈਲੀ ਨੇ ਤਾਂ ਮੈਨੂੰ ਆਪਣੇ ਇਸ ਨਵੇਂ ਨਾਟਕ ਦੀ ਸਕ੍ਰਿਪਟ ਸੁਣਾਉਂਦਿਆਂ ਕਾਫੀ ਦਿਨ ਪਹਿਲਾਂ ਹੀ ਦੱਸ ਦਿੱਤਾ ਸੀ। ਉਸਨੇ ਕਿਹਾ ਸੀ, "ਮਨੂੰ, ਜਿੰਨਾ ਚਿਰ ਨਾਟਕ ਨਹੀਂ ਪੂਰਾ ਹੋ ਜਾਂਦਾ, ਮੈਨੂੰ ਸਿਰ ਖੁਰਕਣ ਦੀ ਵੀ ਵਿਹਲ ਨਹੀਂ। ਇਸ ਨਾਟਕ ਦੀ ਮੰਚਕਾਰੀ ਮੇਰੇ ਲਈ ਇਕ ਵੱਡਾ ਚੈਲੰਜ ਹੈ। ਇਸ ਲਈ ਜਿੰਨਾ ਚਿਰ ਇਹ ਨਾਟਕ ਪੂਰਾ ਨਹੀਂ ਹੋ ਜਾਂਦਾ, ਮੈਨੂੰ ਕੋਈ ਡਿਸਟਰਬੈਂਸ ਨਹੀਂ ਚਾਹੀਦੀ। ਮੈਂ ਸਿਰਫ ਆਪਣੇ ਕੰਮ 'ਤੇ ਹੀ ਫੋਕਸ ਕਰਾਂਗੀ।"

ਸੱਚ ਦੱਸਾਂ, ਉਨ੍ਹੀ ਦਿਨੀਂ ਮੇਰੇ ਦਿਲ 'ਚ ਸ਼ੈਲੀ ਪ੍ਰਤੀ ਅਜੀਬ ਜਿਹੀ ਈਰਖਾ ਪੈਦਾ ਹੋ ਗਈ ਸੀ। ਕਮਲ ਦੀ ਕਹਾਣੀ ਨੇ ਮੇਰੀ ਈਰਖਾ ਦੀ ਅੱਗ ਨੂੰ ਹੋਰ ਵਧਾ ਦਿੱਤਾ ਸੀ ਤੇ ਮੇਰੀ ਮਰਦਾਵੀਂ ਹਉਂ ਨੇ ਮੈਨੂੰ ਅੰਦਰੋਂ-ਅੰਦਰੀਂ ਕੁਰੇਦਣਾ ਸ਼ੁਰੂ ਕਰ ਦਿੱਤਾ ਸੀ। ਬਾਹਰੋਂ ਮੈਂ ਸਹਿਜ ਹੋਣ ਦਾ ਨਾਟਕ ਕਰਦਾ ਪਰ ਅੰਦਰੋਂ ਮੈਂ ਪੂਰੀ ਤਰ੍ਹਾਂ ਅਸਹਿਜ ਸੀ। ਸ਼ੈਲੀ ਆਪਣੇ ਨਵੇਂ ਨਾਟਕ 'ਚ ਇੰਨੀ ਰੁਝ ਗਈ ਸੀ ਕਿ ਉਸਨੇ ਮੇਰਾ ਚੇਤਾ ਹੀ ਭੁਲਾ ਛੱਡਿਆ ਸੀ। ਉਹ ਸਭ ਕਾਸੇ ਤੋਂ ਬੇਖਬਰ ਸੀ। ਘਰ 'ਚ ਥਾਂ-ਥਾਂ ਚੀਜ਼ਾਂ ਦਾ ਖਿਲਾਰਾ ਪਿਆ ਰਹਿੰਦਾ, ਰਸੋਈ ਦਾ ਸਿੰਕ ਜੂਠੇ ਭਾਂਡਿਆਂ ਨਾਲ ਭਰਿਆ ਰਹਿੰਦਾ ਤੇ ਮੈਂ ਸੜੂੰ-ਭੁਜੂੰ ਕਰਦਾ ਖਿਲਾਰੇ ਸਮੇਟਦਾ ਰਹਿੰਦਾ। ਮੈਨੂੰ ਪਤਾ ਹੀ ਨਹੀਂ ਲੱਗਾ ਕਿ ਕਿਵੇਂ ਮੈਂ ਹੌਲੀ-ਹੌਲੀ ਮਰਦਾਵੀਂ ਹਉਂ ਦੀ ਦਲਦਲ 'ਚ

ਧਸਦਾ ਜਾ ਰਿਹਾ ਸੀ ਤੇ ਉਸ ਰਾਤ ਵੀ ਮੇਰੇ ਜ਼ਿਹਨ 'ਤੇ ਮਰਦਾਵੀਂ ਹਉਂ ਦਾ ਨਸ਼ਾ ਚੜ੍ਹਿਆ ਹੋਇਆ ਸੀ, ਜੋ ਸ਼ੈਲੀ ਵਰਗੀ ਆਜ਼ਾਦ ਤਬੀਅਤ ਕੁੜੀ ਨੂੰ ਸਬਕ ਸਿਖਾਉਣਾ ਚਾਹੁੰਦਾ ਸੀ।



ਅੱਜ ਦੁਪਹਿਰੇ ਕਮਲ ਮੇਰੇ ਦਫ਼ਤਰ 'ਚ ਆਇਆ ਸੀ। ਮੈਨੂੰ ਉਸਦੇ ਚਿਹਰੇ 'ਤੇ ਸੰਤੁਸ਼ਟੀ ਦਿਸੀ। ਮੇਰੇ ਪੁੱਛਣ ਤੋਂ ਬਗ਼ੈਰ ਹੀ ਉਸਨੇ ਦੱਸਣਾ ਸ਼ੁਰੂ ਕਰ ਦਿੱਤਾ:

"ਯਾਰ, ਇਨ੍ਹਾਂ ਔਰਤਾਂ ਨੂੰ ਸਮਝਣਾ ਬੜਾ ਔਖਾ?"

"ਕਿਉਂ? ਹੁਣ ਕੀ ਹੋਇਆ?" ਮੈਂ ਪੁੱਛਿਆ

"ਯਾਰ, ਉਸ ਦਿਨ ਨੈਨਾ ਦੀ ਬੱਚੀ ਨੇ ਮੇਰੇ ਅੱਗੇ ਝੂਠੀ ਬਕਵਾਸ ਕੀਤੀ ਸੀ। ਅਸਲ 'ਚ ਉਹ ਮੇਰੇ ਤੋਂ ਛੁਟਕਾਰਾ ਚਾਹੁੰਦੀ ਸੀ, ਇਸ ਲਈ ਉਸਨੇ ਚੌਂਕੀਦਾਰ ਵਾਲੀ ਝੂਠੀ ਕਹਾਣੀ ਘੜੀ ਤਾਂ ਕਿ ਮੈਨੂੰ ਚੰਗੀ ਤਰ੍ਹਾਂ ਤੜਪਾ ਸਕੇ। ਇਸੇ ਲਈ, ਉਸ ਰਾਤ ਜਦ ਮੈਂ ਸ਼ਰਾਬ ਦੇ ਨਸ਼ੇ 'ਚ ਉਸਨੂੰ ਵਾਰ-ਵਾਰ ਫੋਨ ਮਿਲਾਉਂਦਾ, ਉਹ ਝੱਟ ਰਸੀਵ ਕਰ ਲੈਂਦੀ ਸੀ.... ਅਸਲ 'ਚ ਉਹ ਮੇਰੀ ਤੜਪ ਨੂੰ ਇੰਜੁਆਏ ਕਰ ਰਹੀ ਸੀ।"

ਕਦੇ ਕਦੇ ਮੇਰੇ ਮਨ 'ਚ ਖਿਆਲ ਆਉਂਦਾ ਕਿ ਇੱਕ ਵਾਰ ਸ਼ੈਲੀ ਨੂੰ ਮਿਲ ਕੇ ਮੁਆਫ਼ੀ ਮੰਗ ਲਵਾਂ ਪਰ ਉਸਦੀ ਤੀਜੀ ਸ਼ਰਤ ਮੇਰੀ ਇਸ ਸੋਚ ਨੂੰ ਜੜ੍ਹ ਕਰ ਦਿੰਦੀ ਹੈ, ਜਿਸ ਮੁਤਾਬਿਕ ਸਾਡੇ ਦੋਵਾਂ 'ਚੋਂ ਕੋਈ ਇੱਕ ਵੀ, ਜੇਕਰ ਲਿਵ-ਇਨ ਦੀਆਂ ਸ਼ਰਤਾਂ ਨੂੰ ਤੋੜੇਗਾ ਤਾਂ ਉਸਨੂੰ ਦੁਬਾਰਾ ਮੌਕਾ ਨਹੀਂ ਮਿਲੇਗਾ। ਉਂਝ ਵੀ ਉਹ ਮੈਨੂੰ ਕਦੇ ਮੁਆਫ਼ ਨਹੀਂ ਕਰੇਗੀ ਸਗੋਂ ਉਸਨੇ ਮੇਰਾ ਨਾਂ ਵੀ ਆਪਣੀ ਪੈਟਰੀਆਰਕੀ ਕੀੜਿਆਂ ਦੀ ਉਸ ਲਿਸਟ 'ਚ ਲਿਖ ਲਿਆ ਹੋਵੇਗਾ ਜਿਸ 'ਚ ਪਹਿਲਾਂ ਉਸਦੇ ਮਾਪੇ, ਮਾਮੇ ਤੇ ਹੋਰ ਅਨੇਕਾਂ ਲੋਕਾਂ ਦੇ ਨਾਂ ਹੋਣਗੇ, ਜਿਨ੍ਹਾਂ ਦੇ ਨਿਰਦਈ ਹੱਥ ਆਜ਼ਾਦ ਉੱਡ ਰਹੀਆਂ ਤਿਤਲੀਆਂ ਦੇ ਖੰਭਾਂ ਨੂੰ ਨੋਚਣ ਲਈ ਹਮੇਸ਼ਾ ਉਤਾਵਲੇ ਰਹਿੰਦੇ ਹਨ ਤੇ ਮੈਂ ਪੈਟਰੀਆਰਕੀ ਦਾ ਖੰਭਹੀਣ ਕੀੜਾ ਉਹਨਾਂ ਕੀੜਿਆਂ 'ਚ ਹਮੇਸ਼ਾ ਰੀਂਘਦਾ ਰਹਾਂਗਾ।

ਮੈਨੂੰ ਤਾਂ ਇੰਝ ਜਾਪਦਾ! "ਏਥੀਨਾ ਦਾ ਸਰਾਪ ਮੈਡੂਸਾ ਨੂੰ ਨਹੀਂ, ਮੈਨੂੰ ਮਿਲਿਆ ਹੈ ਜਿਸਦਾ ਸੇਕ ਮੈਨੂੰ ਲੂਹ ਰਿਹਾ ਹੈ। ਮੇਰੀ ਰੂਹ ਵਲੂੰਧਰੀ ਜਾ ਰਹੀ ਹੈ...

ਨਹੀਂ ਮੈਂ ਪੋਸਾਈਡਨ ਨਹੀਂ ਹਾਂ! ਕੀ ਫਿਰ ਮੈਂ ਇੰਦਰ ਹਾਂ? ਨਹੀਂ, ਮੈਂ ਇੰਦਰ ਵੀ ਨਹੀਂ! ਕੀ ਸਾਰੀ ਦੁਨੀਆ ਇੰਦਰ ਜਾਂ ਪੋਸਾਈਡਨ 'ਤੇ ਟਿਕੀ ਹੈ?

ਕੋਈ ਹੋਰ ਵੀ ਹੋ ਸਕਦਾ ਹੈ, ਯੂਸਫ਼ ਜਿਹਾ! ਜਿਹੜਾ ਅੱਟੀ ਮੁੱਲ ਲਈ ਵੀ ਵਿਕਦਾ! ਜ਼ੁਲੈਖਾਂ ਦੀ ਮੁਹੱਬਤ ਦਾ ਠੁਕਰਾਇਆ!

ਉਫ਼! ਸ਼ੈਲੀ ਦੀ ਤੀਜੀ ਸ਼ਰਤ ਦਾ ਸਰਾਪ ਮੈਨੂੰ ਸਾੜ ਸੁੱਟੇਗਾ। ਮੇਰੀ ਮੁਹੱਬਤ ਕੋਲੋਂ ਇਹ ਹੱਕ ਕਦੋਂ ਖੁੱਸ ਗਿਆ।

ਕਾਸ਼! ਮੈਂ ਕਹਿ ਸਕਦਾ, "ਸ਼ੈਲੀ! ਇਕ ਵਾਰ ਮੁਆਫ਼ ਕਰ ਦੇ ਮੈਨੂੰ।"

(**ਸੰਪਰਕ : 94632-23251**)

ਸੰਵਾਦ

# ਭਾਰਤੀ ਸਾਹਿਤ ਅਕਾਦਮੀ ਤੇ ਬਾਲ ਸਾਹਿਤ ਪੁਰਸਕਾਰ

*ਭਾਰਤੀ ਸਾਹਿਤ ਅਕਾਦਮੀ, ਨਵੀਂ ਦਿੱਲੀ ਵੱਲੋਂ ਦਿੱਤੇ ਜਾਂਦੇ 'ਬਾਲ ਸਾਹਿਤ ਪੁਰਸਕਾਰ' ਸੰਬੰਧੀ ਸੰਵਾਦ ਤੋਰਨ ਲਈ ਅਸੀਂ ਬਾਲ ਸਾਹਿਤ ਪੁਰਸਕਾਰ (ਗੁਰਬਚਨ ਭੁੱਲਰ ਨੂੰ ਛੱਡ ਕੇ) ਪ੍ਰਾਪਤ ਕਰ ਚੁੱਕੇ ਲੇਖਕਾਂ ਨੂੰ ਹੇਠ ਲਿਖੇ ਸਵਾਲ ਭੇਜੇ ਸਨ ।*

*1. ਪਿਛਲੇ 2 ਸਾਲਾਂ (2021-22) ਤੋਂ ਭਾਰਤੀ ਸਾਹਿਤ ਅਕਾਦਮੀ ਵੱਲੋਂ 'ਬਾਲ ਸਾਹਿਤ ਪੁਰਸਕਾਰ' ਨਹੀਂ ਦਿੱਤਾ ਗਿਆ। 'ਮਿਆਰੀ ਪੁਸਤਕ ਨਾ ਛਪਣ ਕਾਰਨ ਨਹੀਂ ਦਿੱਤੇ ਗਏ ' ਅਜਿਹਾ ਅਕਾਦਮੀ ਦੇ Convener ਦਾ ਕਹਿਣਾ ਹੈ। ਕੀ ਸੱਚਮੁੱਚ ਬਾਲ ਸਾਹਿਤ 'ਚ ਐਨਾ ਨਿਘਾਰ ਆ ਗਿਆ ਹੈ?*

*2. ਜੇ ਨਹੀਂ ਤਾਂ ਕੋਈ ਤਿੰਨ ਕਿਤਾਬਾਂ ਦੇ ਨਾਂ ਲਿਖ ਭੇਜੋ ਜੋ ਬਾਲਾਂ ਦੇ ਹਾਣ ਦੀਆਂ ਛਪੀਆਂ ਹਨ।*

*3. ਅਕਾਦਮੀ ਦੀ ਇਕ ਸ਼ਰਤ ਇਹ ਵੀ ਹੈ ਕਿ ਕਿਤਾਬ ਦੇ ਘੱਟੋ ਘੱਟ 48 ਪੰਨੇ ਹੋਣ ਅਤੇ ਉਸ ਲੇਖਕ ਦੀ ਕਿਤਾਬ ਵਿਚਾਰੀ ਜਾਵੇਗੀ ਜਿਸ ਲੇਖਕ ਦੀਆਂ ਬਾਲ ਸਾਹਿਤ ਦੀਆਂ ਘੱਟੋ ਘੱਟ ਤਿੰਨ ਕਿਤਾਬਾਂ ਛਪੀਆਂ ਹੋਣ। ਕੀ ਇਹ ਸ਼ਰਤਾਂ ਪਹਿਲਾਂ ਇਨਾਮ ਦੇਣ ਦਾ ਫੈਸਲਾ ਕਰਨ ਲੱਗਿਆ ਵੀ ਲਾਗੂ ਹੁੰਦੀਆਂ ਸਨ।*

*4. ਅਕਾਦਮੀ ਦੇ ਨਿਯਮਾਂ ਵਿੱਚ ਇਕ ਮੱਦ ਇਹ ਵੀ ਦਰਜ ਹੈ ਕਿ ground list ਤਿਆਰ ਕਰਨ ਵਾਲੇ ਵਿਦਵਾਨ ਉਹ ਨਾਂ ਵੀ ਭੇਜ ਸਕਦੇ ਹਨ ਜਿਨ੍ਹਾਂ ਨੇ ਬਾਲ ਸਾਹਿਤ ਵਿੱਚ ਸਮੁੱਚੀ ਦੇਣ ਦਿੱਤੀ ਹੈ। (ਇਹ ਨਿਯਮ 2019 ਤੱਕ ਹੀ ਸੀ) ਕੀ ਤੁਸੀਂ ਸਮਝਦੇ ਹੋ ਕਿ ਅਕਾਦਮੀ ਵੱਲੋਂ ਇਸ ਨਿਯਮ ਵਿੱਚ ਸੋਧ ਕਰਨੀ ਚਾਹੀਦੀ ਹੈ, ਤਾਂ ਕਿ ਭਵਿੱਖ ਵਿੱਚ ਵੀ ਸਮੁੱਚੀ ਦੇਣ ਲਈ ਇਨਾਮ ਦਿੱਤਾ ਜਾ ਸਕੇ।*

*5. ਕੀ ਤੁਸੀਂ ਸਮਝਦੇ ਹੋ ਕਿ ਬਾਲ ਸਾਹਿਤ 'ਚ ਪਿਛਲੇ 6 ਸਾਲ ਤੋਂ ਨਿਘਾਰ ਆਇਆ ਹੈ? ਜਾਂ ਕੀ ਸੱਚਮੁੱਚ ਪਹਿਲਾਂ ਬਾਲ ਸਾਹਿਤ ਉਤਮ ਦਰਜੇ ਦਾ ਲਿਖਿਆ ਗਿਆ ਤੇ ਹੁਣ ਨਹੀਂ।*

*6. ਕੀ ਤੁਸੀਂ ਸਮਝਦੇ ਹੋ ground list ਤਿਆਰ ਕਰਨ ਵਾਲੇ ਮਹਿਰਾਂ ਵੱਲੋਂ ਚੁਣੀਆਂ ਕਿਤਾਬਾਂ ਵਿੱਚੋਂ ਇਨਾਮ ਦਾ ਫ਼ੈਸਲਾ ਲੈਣ ਵਾਲੀ Jury ਕੋਲ ਕਿਤਾਬਾਂ ਜਾਣੀਆਂ ਚਾਹੀਦੀਆਂ ਸਨ। 2021-22 ਵਿੱਚ ਬਾਲ ਸਾਹਿਤ ਦੀ Jury ਹੀ ਨਹੀਂ ਸੱਦੀ ਗਈ, ਕਿਉਂਕਿ ਅਕਾਦਮੀ ਕਹਿੰਦੀ ਹੈ ਕਿ ਕੋਈ ਕਿਤਾਬ ਅਕਾਦਮੀ ਦੇ ਨਿਯਮਾਂ ਅਤੇ ਬਾਲਾਂ ਦੇ ਮਿਆਰ ਦੀ ਛਪੀ ਹੀ ਨਹੀਂ। ਅਗਲੇ ਪੰਨਿਆਂ 'ਤੇ ਉਨ੍ਹਾਂ ਦੇ ਮੌਲਿਕ ਵਿਚਾਰ , ਲੇਖ ਦੇ ਰੂਪ ਵਿਚ ਅਸੀਂ ਇਸ ਮਸਲੇ 'ਤੇ ਸੰਵਾਦ ਤੋਰਨ ਲਈ ਦੇ ਰਹੇ ਹਾਂ...*

*ਪੁਰਸਕਾਰ ਦੇਣ ਲਈ ਅਕਾਦਮੀ ਨੇ ਨਿਯਮ ਬਣਾਏ ਹੋਏ ਹਨ। ਇਨ੍ਹਾਂ ਨਿਯਮਾਂ ਦੇ ਅਧਾਰ ਤੇ ground list ਤਿਆਰ ਕਰਨ ਵਾਲੇ ਕਿਤਾਬਾਂ ਦੇ ਨਾਂ ਭੇਜਦੇ ਹਨ। ਨਿਯਮਾਂ ਅਨੁਸਾਰ ਮੌਤ ਉਪਰੰਤ ਛਪੀ ਪੁਸਤਕ ਨੂੰ ਤਾਂ ਹੀ ਵਿਚਾਰਿਆ ਜਾਵੇਗਾ ਜੇਕਰ ਉਸ ਦੀ ਮੌਤ ਨਿਰਧਾਰਤ ਪੰਜ ਸਾਲ ਦੇ ਵਿਚਕਾਰ ਜਾਂ ਬਾਅਦ ਵਿੱਚ ਹੋਈ ਹੋਵੇ। ਇਸੇ ਕਰਕੇ ਸੁਖਬੀਰ ਦੀ ਕਿਤਾਬ ਨਹੀਂ ਵਿਚਾਰੀ ਜਾਵੇਗੀ ਕਿਉਂਕਿ ਉਸ ਦੀ ਮੌਤ 2012 'ਚ ਹੋ ਗਈ ਸੀ। ਇਸੇ ਤਰ੍ਹਾਂ ਹੀ ਕੁਲਬੀਰ ਸਿੰਘ ਸੂਰੀ ਦੀ ਕਿਤਾਬ ਦਾ ਨਾਂ ਲਿਖਿਆ ਹੈ ਉਸ ਨੂੰ ਪਹਿਲਾਂ ਹੀ ਪੁਰਸਕਾਰ ਮਿਲ ਚੁੱਕਾ ਹੈ। ਜੇਕਰ ਅਕਾਦਮੀ ਦੇ ਨਿਯਮ ਵੇਖੀਏ ਤਾਂ ਸੰਵਾਦ ਵਿਚ ਸ਼ਾਮਿਲ ਲੇਖਕਾਂ ਵੱਲੋਂ ਦਿੱਤੀਆਂ ਅਨੇਕਾਂ ਕਿਤਾਬਾਂ ਆਪਣੇ ਆਪ ਬਾਹਰ ਹੋ ਜਾਂਦੀਆਂ ਹਨ। ਮਸਲਾ ਏਥੇ ਆ ਕੇ ਖੜ ਜਾਂਦਾ ਹੈ ਕਿ ਭਵਿੱਖ 'ਚ ਅਕਾਦਮੀ ਨਿਯਮਾਂ ਵਿੱਚ ਸੋਧ ਕਰੇ ਤਾਂ ਕਿ ਹਰ ਸਾਲ ਬਾਲ ਸਾਹਿਤ ਦੀਆਂ ਕਿਤਾਬਾਂ Language Advisory Board , Jury ਅੱਗੇ ਰੱਖਣ ਲਈ ਮਜਬੂਰ ਹੋ ਜਾਵੇ। ਇਸ ਮਸਲੇ ਦਾ ਹੱਲ Language Advisory Board ਤੇ Convener ਹੀ ਕਰ ਸਕਦਾ ਹੈ। - **ਸੰਪਾਦਕ***

## “ਇਸ ਇਨਾਮ ਨਾਲ ਸੰਬੰਧਿਤ ਲੋਕ ਪੰਜਾਬੀ ਬਾਲ-ਸਾਹਿਤ ਬਾਰੇ ਕੁਝ ਨਹੀਂ ਜਾਣਦੇ” - ਗੁਰਬਚਨ ਸਿੰਘ ਭੁੱਲਰ



ਇਹ ਪੰਜਾਬੀ ਬਾਲ-ਸਾਹਿਤ ਦੇ ਮਿਆਰ ਦਾ ਨਿਘਾਰ ਨਹੀਂ, ਪੁਸਤਕ-ਸੂਚੀ ਤਿਆਰ ਕਰਨ ਵਾਲਿਆਂ ਦੀ ਅਤੇ ਜਿਊਰੀ ਦੇ ਮੈਂਬਰਾਂ ਦੀ ਬਾਲ-ਸਾਹਿਤ ਦੀ ਜਾਣਕਾਰੀ ਦਾ ਨਿਘਾਰ ਹੈ। ਇਹ ਛੋਟੇ ਰੱਸੇ ਕਾਰਨ ਪਾਣੀ ਕੱਢਣ ਵਿਚ ਅਸਫ਼ਲ ਹੋਕੇ ਖੂਹ ਨੂੰ ਖਾਲੀ ਕਹਿਣ ਵਾਲੀ ਗੱਲ ਹੈ। ਮੇਰਾ ਸਿੱਧਾ ਇਲਜ਼ਾਮ ਹੈ ਕਿ ਇਸ ਇਨਾਮ ਨਾਲ ਸੰਬੰਧਿਤ ਲੋਕ ਪੰਜਾਬੀ ਬਾਲ-ਸਾਹਿਤ ਬਾਰੇ ਕੁਝ ਨਹੀਂ ਜਾਣਦੇ।

ਮੈਂ ਸਵੈ-ਵਡਿਆਈ ਦੇ ਤਾਅਨੇ ਦੀ ਕੋਈ ਵੀ ਪਰਵਾਹ ਕੀਤੇ ਬਿਨਾਂ ਆਪਣੀਆਂ ਹੀ ਤਿੰਨ ਬਾਲ-ਪੁਸਤਕਾਂ ਦੇ ਨਾਂ ਲੈਂਦਾ ਹਾਂ ਅਤੇ ਕੋਈ ਇਨਾਮ ਜੋਗ ਬਾਲ-ਪੁਸਤਕ ਨਾ ਮਿਲੀ ਕਹਿਣ ਵਾਲਿਆਂ ਨੂੰ ਖੁੱਲ੍ਹਾ ਵੰਗਾਰਦਾ ਹਾਂ ਕਿ ਉਹ ਮੇਰੀਆਂ ਇਹ ਪੁਸਤਕਾਂ ਪੜ੍ਹ ਕੇ ਇਹਨਾਂ ਨੂੰ ਰੱਦ ਕਰਨ :

ੳ. ‘ਗੱਲਾਂ ਸਫ਼ਰ ਦੀਆਂ’ (ਸੜਕ-ਸੁਚੱਜ ਦਸਦੀ ਪੁਸਤਕ), 2019, ਪੰਨੇ 72, ਸਚਿੱਤਰ, ਅ. ‘ਬਾਤ-ਬੁਝਾਰਤਾਂ’ (ਕਥਾ-ਰੂਪੀ ਬਾਤ ਦਾ ਅੰਤ ਬੁਝਾਰਤ ਵਿਚ ਕਰਨ ਵਾਲੀ ਪੰਜਾਬੀ ਦੀ ਪਹਿਲੀ ਮੌਲਕ ਪੁਸਤਕ), 2020, ਪੰਨੇ 64, ਸਚਿੱਤਰ, ‘ਕਥਾ ਮਹਾਂ-ਬਿਰਛਾਂ ਦੀ’ (ਸੰਸਾਰ ਵਿਚ ਸਿਰਫ਼ ਇਕੋ ਥਾਂ ਮਿਲਦੇ ਮਹਾਂ-ਆਕਾਰੀ ਬਿਰਛਾਂ ਬਾਰੇ), 2020, ਪੰਨੇ 36, ਸਚਿੱਤਰ।

ਸ਼ੁਕਰ ਹੈ, ਅਕਾਦਮੀ ਨੇ ਪੁਸਤਕ ਦੇ 48 ਪੰਨਿਆਂ ਦੀ ਸ਼ਰਤ ਹੀ ਲਾਈ ਹੈ, ਭਾਰ ਦੀ ਨਹੀਂ! ਅਕਾਦਮੀ ਇਹ ਵੀ ਕਹਿ ਸਕਦੀ ਸੀ ਕਿ ਪੁਸਤਕ ਪਾਈਏ ਤੋਂ ਹੌਲੀ ਨਾ ਹੋਵੇ।

ਅਨੇਕ ਬਾਲ-ਪੁਸਤਕਾਂ ਵਿਚ ਪੰਨੇ ਉੱਤੇ ਦੋ-ਚਾਰ ਸਤਰਾਂ ਲਿਖਤ ਦੇ ਕੇ ਬਾਕੀ ਥਾਂ ਤਸਵੀਰ ਹੁੰਦੀ ਹੈ ਅਤੇ ਇਉਂ 48 ਪੰਨਿਆਂ ਵਿਚ ਲਿਖਤ ਚਾਰ ਪੰਨਿਆਂ ਜਿੰਨੀ ਵੀ ਨਹੀਂ ਹੁੰਦੀ।

ਬਾਲ-ਪੁਸਤਕਾਂ ਵੱਡੇ ਅੱਖਰਾਂ ਵਿਚ ਛਪਦੀਆਂ ਹਨ। 40 ਪੰਨੇ ਦੀ ਪੁਸਤਕ ਦਾ ਪੁਇੰਟ ਵਧਾ ਕੇ ਭਾਵੇਂ 60 ਪੰਨੇ ਕਰ ਲਵੋ! ਪੰਨਿਆਂ ਦੀ ਗਿਣਤੀ ਦਾ ਕੀ ਮਤਲਬ ਹੈ? ਜੇ 64 ਪੰਨੇ ਦੀ ਪੁਸਤਕ ਊਲ-ਜਲੂਲ ਹੋਵੇ ਤੇ 32 ਪੰਨੇ ਦੀ ਪੁਸਤਕ ਅਰਥਪੂਰਨ ਹੋਵੇ, ਫੇਰ?

ਤਿੰਨ ਬਾਲ-ਪੁਸਤਕਾਂ ਲਿਖੀਆਂ ਹੋਣ ਦੀ ਸ਼ਰਤ ਅਜੀਬ ਹੈ! ਜਦੋਂ ਅਕਾਦਮੀ ਇਕੋ ਪੁਸਤਕ ਅਨੁਵਾਦਣ ਵਾਲੇ ਨੂੰ ਅਨੁਵਾਦ ਪੁਰਸਕਾਰ ਅਤੇ ਕਿਸੇ ਵਿਧਾ ਵਿਚ ਪਹਿਲੀ ਪੁਸਤਕ ਲਿਖਣ ਵਾਲੇ ਨੂੰ ਸਾਹਿਤ ਅਕਾਦਮੀ ਪੁਰਸਕਾਰ ਦੇ ਦਿੰਦੀ ਹੈ, ਉਹੋ ਅਕਾਦਮੀ ਬਾਲ-ਸਾਹਿਤ ਪੁਰਸਕਾਰ ਬਾਰੇ ਤਿੰਨ ਪੁਸਤਕਾਂ ਲਿਖੀਆਂ ਹੋਣ ਦੀ ਸ਼ਰਤ ਕਿਸ ਮੂੰਹ ਨਾਲ ਲਾਉਂਦੀ ਹੈ?

ਸਾਹਿਤ ਅਕਾਦਮੀ ਪੁਰਸਕਾਰ ਸਮੇਤ ਜਿਹੜੇ ਇਨਾਮ ਲੇਖਕ ਨੂੰ ਇਕ ਪੁਸਤਕ ਦੇ ਹਵਾਲੇ ਨਾਲ ਵੀ ਦਿੱਤੇ ਜਾਂਦੇ ਹਨ, ਅਸਲ ਵਿਚ ਅਚੇਤ ਮਨ ਵਿਚ ਲੇਖਕ ਦੀ ਸਮੁੱਚੀ ਦੇਣ ਹੀ ਹੁੰਦੀ ਹੈ। ਪੁਸਤਕਾਂ ਜਿਊਰੀ ਵਾਲਾ ਕੌਣ ਪੜ੍ਹਦਾ ਹੈ? ਮੇਰਾ ਨਿੱਜੀ ਅਨੁਭਵ ਹੈ, ਜਿਊਰੀ ਦੀ ਬੈਠਕ ਵਿਚ ਕਿਹਾ ਵੀ ਇਹੋ ਜਾਂਦਾ ਹੈ, “ਇਹ ਨੇ ਜੀ ਲੇਖਕ, ਕਰੋ ਫੈਸਲਾ।” ਉਥੇ ਕੋਈ ਪੁਸਤਕ ਦੀ ਚਰਚਾ ਨਹੀਂ ਕਰਦਾ, ਲੇਖਕ ਦੀ ਕਰਦੇ ਹਨ। ਮੇਰਾ ਮੰਨਣਾ ਹੈ, ਇਹ ਪੁਸਤਕਾਂ ਦਾ ਝੰਜਟ ਮੁਕਾ ਕੇ ਇਨਾਮ ਹੋਣਾ ਹੀ ਲੇਖਕ ਦੀ ਸਮੁੱਚੀ ਦੇਣ ਲਈ ਚਾਹੀਦਾ ਹੈ।

ਸਾਹਿਤ ਸਮੇਤ ਕਿਸੇ ਵੀ ਕਲਾ ਵਿਚ ਕਿਸੇ ਨਿਸਚਿਤ ਕਾਲ-ਖੰਡ ਵਿਚ ਨਾ ਉਭਾਰ ਆਉਂਦਾ ਹੁੰਦਾ ਹੈ ਤੇ ਨਾ ਨਿਘਾਰ। ਰਚਨਾਕਾਰੀ ਕਿਸੇ ਸਮਾਜ ਦਾ ਇਕ ਨਿਰੰਤਰ ਵਰਤਾਰਾ ਹੁੰਦੀ ਹੈ ਜਿਸ ਵਿਚ ਗੁਣਤਾ ਦੇ ਥੋੜ੍ਹੇ-ਬਹੁਤੇ ਫ਼ਰਕ ਨਾਲ ਰਚਨਾ ਹੁੰਦੀ ਰਹਿੰਦੀ ਹੈ। ਚੰਗੀਆਂ ਤੇ ਕਮਜ਼ੋਰ ਰਚਨਾਵਾਂ ਹਮੇਸ਼ਾ ਹੀ ਨਾਲੋ-ਨਾਲ ਹੁੰਦੀਆਂ ਰਹੀਆਂ ਹਨ, ਹੋ ਰਹੀਆਂ ਹਨ ਤੇ ਹੁੰਦੀਆਂ ਰਹਿਣਗੀਆਂ।(**80763-63058**)

---

## "ਬਾਲ ਸਾਹਿਤ ਦੀਆਂ ਜਿਊਣ ਜੋਗੀਆਂ ਕਿਤਾਬਾਂ ਪੁਰਸਕਾਰ ਲਈ ਵਿਚਾਰਨ ਯੋਗ ਹੈਗੀਆਂ ਨੇ" - ਜਸਬੀਰ ਭੁੱਲਰ



ਪੰਜਾਬੀ ਦਾ ਬਾਲ ਸਾਹਿਤ ਆਪਣਾ ਬਚਪਨ ਤਾਂ ਬਹੁਤ ਪਿੱਛੇ ਛੱਡ ਆਇਆ ਹੈ। ਵਕਤ ਦੇ ਬੀਤਣ ਨਾਲ ਬਾਲ-ਸਾਹਿਤ ਬਾਰੇ ਸਾਡੀ ਸਮਝ ਤਿੱਖੀ ਹੋਈ ਹੈ। ਇਹ ਤਾਂ ਬੀਤ ਗਏ ਦੀ ਗਾਥਾ ਹੈ ਕਿ ਸਾਡੇ ਵੱਡੇ ਲੇਖਕ ਬਾਲ-ਸਾਹਿਤ ਨਹੀਂ ਸਨ ਲਿਖਦੇ ਜਾਂ ਫਿਰ ਉਦੋਂ ਲਿਖਦੇ ਸਨ ਜਦੋਂ ਉਹਨਾਂ ਨੂੰ ਪਾਠ ਪੁਸਤਕਾਂ ਤਿਆਰ ਕਰਨ ਦਾ ਕੰਮ ਸੌਂਪਿਆ ਜਾਂਦਾ ਸੀ। ਹੁਣ ਤਾਂ ਸਾਡੇ ਕੋਲ ਉਹ ਲੇਖਕ ਵੀ ਹਨ ਜੋ ਸਿਰਫ ਤੇ ਸਿਰਫ਼ ਬਾਲਾਂ ਲਈ ਲਿਖਦੇ ਹਨ। ਪਹਿਲੋਂ ਖ਼ਬਰ ਆਈ ਸੀ ਕਿ 2021 ਦਾ ਸਾਹਿਤ ਅਕਾਦਮੀ ਪੁਰਸਕਾਰ ਪੰਜਾਬੀ ਨੂੰ ਨਹੀਂ ਦਿੱਤਾ ਗਿਆ। ਹੁਣ 2022 ਦੇ ਪੁਰਸਕਾਰਾਂ ਦੇ ਫੈਸਲੇ ਵੇਲੇ ਵੀ ਉਹਨਾਂ ਪੰਜਾਬੀ ਦੇ ਬਾਲ-ਸਾਹਿਤ ਉੱਤੇ ਲੀਕ ਫੇਰੀ ਹੈ। ਸਾਹਿਤ ਅਕਾਦਮੀ ਵਾਲਿਆਂ ਨੂੰ ਪੰਜਾਬੀ ਦੀ ਬਾਲ-ਸਾਹਿਤ ਦੀ ਕੋਈ ਮਿਆਰੀ ਪੁਸਤਕ ਹੀ ਨਹੀਂ ਦਿਸੀ। ਇਹ ਤੱਥ ਉਹਨਾ ਕਿੱਥੋਂ ਇਕੱਠੇ ਕੀਤੇ ਸਨ? ਖੋਜਬੀਨ ਲਈ ਕੀ ਕੀਤਾ ਸੀ? ਕੀਹਨੂੰ ਕੀਹਨੂੰ ਪੁੱਛਿਆ ਸੀ? ਕਿ ਉਹ ਬਾਲ-ਸਾਹਿਤ ਦੀਆਂ ਮਿਆਰੀ ਪੁਸਤਕਾਂ ਦੀ ਦੱਸ ਪਾਉਣ? ਬਾਲ ਸਾਹਿਤ ਦੀਆਂ ਜਿਊਣ ਜੋਗੀਆਂ ਕਿਤਾਬਾਂ 2021-22 ਦੇ ਵਰ੍ਹਿਆਂ ਦੇ ਪੁਰਸਕਾਰ ਲਈ ਵਿਚਾਰਨ ਯੋਗ ਨਿਰਸੰਦੇਹ ਹੈਗੀਆਂ ਨੇ, ਕੋਈ ਪੁੱਛਦਾ ਤਾਂ ਸਹੀ। ਜਿਨ੍ਹਾਂ ਲੋਕਾਂ ਦਾ ਬਾਲ-ਸਾਹਿਤ ਨਾਲ ਕੋਈ ਵਾਹ-ਵਾਸਤਾ ਨਹੀਂ, ਕਿਧਰੇ ਉਹ ਤਾਂ ਪੰਜਾਬੀ ਲਈ ਕਿਤਾਬਾਂ ਲੱਭਣ ਦੀ ਮੁਹਿੰਮ ਉੱਤੇ ਤਾਂ ਨਹੀਂ।

ਜਦੋਂ ਪੰਜਾਬੀ ਦੇ ਬਾਲ-ਸਾਹਿਤ ਉੱਤੇ ਲੀਕ ਫੇਰਨ ਦੀ ਖ਼ਬਰ ਮਿਲੀ ਤਾਂ ਮੈਂ ਆਪਣਾ ਸਰੋਕਾਰ ਸਾਡੇ ਵੱਡੇ ਲੇਖਕ ਗੁਰਬਚਨ ਸਿੰਘ ਭੁੱਲਰ ਨਾਲ ਸਾਂਝਾ ਕੀਤਾ ਸੀ। ਬਕੌਲ ਭੁੱਲਰ, ਜੇ ਖੂਹ ਵਿੱਚੋਂ ਪਾਣੀ ਕੱਢਣ ਵਾਲਿਆਂ ਦਾ ਰੱਸਾ ਨਿੱਕਾ ਹੋਵੇ ਤਾਂ ਇਸ ਦਾ ਇਹ ਭਾਵ ਹਰਗਿਜ਼ ਨਹੀਂ ਕਿ ਖੂਹ ਵਿਚ ਪਾਣੀ ਹੀ ਨਹੀਂ। ਉਹਨਾਂ ਗਿਆਨਵਾਨਾ (?) ਦੇ ਨਾਂ ਤਾਂ ਨਸ਼ਰ ਕਰੋ ਜੀਹਨਾ ਦੀ ਨਜ਼ਰ ਵਿਚ ਮੋਤੀਆਂ ਬਿੰਦ ਉਤਰਿਆ ਹੋਇਆ ਹੈ।

ਬਹੁਤ ਵਰ੍ਹੇ ਪਹਿਲਾਂ ਭਾਸ਼ਾ ਵਿਭਾਗ, ਪੰਜਾਬ ਦੇ ਰਸਾਲੇ 'ਜਨ ਸਾਹਿਤ' ਅਤੇ 'ਪੰਜਾਬੀ ਦੁਨੀਆਂ' ਦੇ ਆਖ਼ਰੀ ਸਫ਼ਿਆਂ ਉੱਤੇ ਨਵੀਆਂ ਛਪੀਆਂ ਕਿਤਾਬਾਂ ਦੀ ਫਹਿਰਿਸਤ ਛਪਦੀ ਹੁੰਦੀ ਸੀ। ਨਵੀਆਂ ਛਪੀਆਂ ਕਿਤਾਬਾਂ ਬਾਰੇ ਹਰ ਕੋਈ ਜਾਣ ਜਾਂਦਾ ਸੀ। ਹੁਣ ਕਿਸੇ ਨੂੰ ਵੀ ਨਵੀਆਂ ਛਪੀਆਂ ਕਿਤਾਬਾਂ ਦੀ ਪੂਰੀ ਲਿਸਟ ਮੁਹੱਈਆ ਨਹੀਂ ਹੁੰਦੀ। ਕਈ ਸਿਰੇ ਦੀਆਂ ਕਿਤਾਬਾਂ ਲੁਕੀਆਂ ਵੀ ਰਹਿ ਜਾਂਦੀਆਂ ਨੇ। ਇਸ ਦੇ ਬਾਵਜੂਦ ਪੁਰਸਕਾਰ ਹਾਸਲ ਕਰਨ ਦੇ ਕਾਬਲ ਪੁਸਤਕਾਂ ਦੀ ਸੂਹ ਲੇਖਕਾਂ ਨੂੰ ਰਹਿੰਦੀ ਹੈ।

ਮੇਰੀ ਨਜ਼ਰ ਵਿਚ ਤਿੰਨ ਕਿਤਾਬਾਂ ਤਾਂ ਗੁਰਬਚਨ ਸਿੰਘ ਭੁੱਲਰ ਦੀਆਂ ਹੀ ਨੇ। ਪਹਿਲੀ 'ਗੱਲਾਂ

ਸਫ਼ਰ ਦੀਆਂ' (ਪੰਨੇ-72), ਦੂਸਰੀ 'ਕਥਾ ਮਹਾਂ-ਬਿਰਛਾਂ ਦੀ' (ਪੰਨੇ-36), ਤੀਸਰੀ 'ਬਾਤ-ਬੁਝਾਰਤਾਂ' (ਪੰਨੇ 64), ਕੀ ਐਨ. ਬੀ. ਟੀ. ਦੀ ਛਾਪੀ ਹੋਈ ਕਿਤਾਬ ਵੀ ਸਾਹਿਤ ਅਕਾਦਮੀ ਨੂੰ ਨਿੱਘਰੀ ਹੋਈ ਲੱਗੀ ਹੈ। ਗੁਰਿੰਦਰ ਕਲਸੀ ਦਾ ਬਾਲ ਨਾਵਲ 'ਨਿੱਕਾ ਵਿਗਿਆਨੀ' (ਪੰਨ-46) ਵੀ ਨਿਰਸੰਦੇਹ ਸਾਹਿਤ ਅਕਾਦਮੀ ਦੇ ਬਾਲ-ਸਾਹਿਤ ਪੁਰਸਕਾਰ ਦੇ ਯੋਗ ਹੈ। ਤੇਜਿੰਦਰ ਹਰਜੀਤ ਅਤੇ ਅਵਤਾਰ ਸਿੰਘ ਸੰਧੂ ਦੀਆਂ ਇਸ ਸਮੇਂ ਛਪੀਆਂ ਬਾਲ ਪੁਸਤਕਾਂ ਨੂੰ ਵਿਚਾਰਿਆ ਜਾਣਾ ਬਣਦਾ ਹੈ। ਹੋਰ ਵੀ ਕਈ ਯੋਗ ਨਾਮ ਹਨ ਜੋ ਹੱਕਦਾਰ ਹਨ। ਬਾਲ-ਸਾਹਿਤ ਪੁਰਸਕਾਰ ਦੇ। ਪਰ ਉਹਨਾਂ ਦੀਆਂ ਕਿਤਾਬਾਂ ਬਾਰੇ ਸੂਚਨਾ ਕਿਥੋਂ ਲੱਭਾਂ? ਮੇਰੀ ਜਾਣਕਾਰੀ ਵਿਚ ਇਹੋ ਜਿਹਾ ਕੋਈ ਨੇਮ ਨਹੀਂ ਕਿ ਪੁਰਸਕਾਰ ਦੇਣ ਲਈ ਸਫ਼ਿਆਂ ਦਾ 48 ਹੋਣਾ ਜ਼ਰੂਰੀ ਹੈ। ਅਕਾਦਮੀ ਨੇ ਇਨਾਮ ਸਫ਼ਿਆ ਨੂੰ ਦੇਣਾ ਹੈ ਕਿ ਮਿਆਰੀ ਰਚਨਾ ਨੂੰ? ਲੇਖਕ ਦੀਆਂ ਤਿੰਨ ਕਿਤਾਬਾਂ ਛਪੀਆਂ ਹੋਈਆਂ ਹੋਣ ਦੀ ਸ਼ਰਤ ਵੀ ਹਾਸੋਹੀਣੀ ਮਹਿਸੂਸ ਹੁੰਦੀ ਹੈ। ਮੈਨੂੰ ਨਹੀਂ ਲਗਦਾ ਕਿ ਇਹ ਨੇਮ ਕਿਧਰੇ ਲਿਖਤੀ ਵੀ ਹੈਗੇ ਨੇ। ਇਹ ਨੇਮ ਪੁਰਸਕਾਰ ਦਾ ਫ਼ੈਸਲਾ ਕਰਨ ਵਾਲਿਆਂ ਦੀ ਮਨ ਦੀ ਮੌਜ ਨੇ ਹੀ ਤਾਂ ਪੈਦਾ ਨਹੀਂ ਕੀਤੇ? ਇਹੋ ਜਿਹੀਆਂ ਮਿਸਾਲਾਂ ਵੀ ਦਿੱਤੀਆਂ ਜਾ ਸਕਦੀਆਂ ਨੇ ਕਿ ਕਿਸੇ ਲੇਖਕ ਦੀ ਇਕੋ ਕਿਤਾਬ ਉਹਦੇ ਬੀਤ ਜਾਣ ਪਿੱਛੋਂ ਵੀ ਅੱਜ ਤੱਕ ਜਿਉਂਦੀ ਹੈ। ਸਾਡੇ ਬਹੁਤ ਪਹਿਲਾਂ ਵਾਲੇ ਲੇਖਕ ਤਾਂ ਇਕ ਉਮਰ ਵਿਚ ਇਕ ਹੀ ਕਿਤਾਬ ਲਿਖਦੇ ਸਨ।

ਇਹ ਲਾਜ਼ਿਮ ਨਹੀਂ ਕਿ ਕੋਈ ਲੇਖਕ ਲਗਾਤਾਰ ਲਿਖਦਾ ਰਹੇ ਅਤੇ ਸਾਹਿਤ ਅਕਾਦਮੀ ਦੀਆਂ ਪੁਰਸਕਾਰਾਂ ਦੀਆਂ ਤਰੀਕਾਂ ਅਨੁਸਾਰ ਉਹਦੀਆਂ ਪੁਸਤਕਾਂ ਵੀ ਛਪਦੀਆਂ ਰਹਿਣ। ਸਿਰਜਣਾ ਦੇ ਪਲ ਹਰ ਵੇਲੇ ਤਾਂ ਹਾਜ਼ਰ ਨਹੀਂ ਹੁੰਦੇ। ਲੇਖਕ ਦੀ ਚੁੱਪ ਦਾ ਵਕਫ਼ਾ ਕਈ ਵਾਰ ਸਾਲਾਂ ਲੰਮਾ ਵੀ ਹੁੰਦਾ ਹੈ ਪਰ ਉਹਦਾ ਪਹਿਲਾਂ ਲਿਖਿਆ ਹੋਇਆ ਸਾਹਿਤ ਇਸ ਚੁੱਪ ਕਾਰਨ ਪਰ੍ਹਾਂ ਸੁੱਟਣ ਵਾਲਾ ਤਾਂ ਨਹੀਂ ਹੋ ਜਾਂਦਾ।

ਮੇਰੇ ਕੋਲ ਡਾ. ਸਰਬਜੀਤ ਬੇਦੀ ਦੀ ਮਿਸਾਲ ਹੈ। ਉਹਨੇ ਆਪਣੀ ਸਮੁੱਚੀ ਉਮਰ ਬਾਲ-ਸਾਹਿਤ ਦੇ ਲੇਖੇ ਲਾਈ ਹੈ। ਬਾਲਾਂ ਦੇ ਦੋ ਰਸਾਲਿਆਂ 'ਪ੍ਰਾਇਮਰੀ ਸਿੱਖਿਆ' ਅਤੇ 'ਪੰਖੜੀਆਂ' ਦੀ ਸੰਪਾਦਨਾ ਕੀਤੀ ਹੈ। ਬਾਲਾਂ ਤਕ ਨਰੋਆ ਤੇ ਮਿਆਰੀ ਬਾਲ-ਸਾਹਿਤ ਪਹੁੰਚਾਇਆ ਹੈ। ਖ਼ੁਦ ਵੀ ਜਿੰਨਾ ਲਿਖਿਆ ਹੈ ਕਮਾਲ ਹੈ। ਲੇਖਕ ਦੇ ਸਮੁੱਚੇ ਯੋਗਦਾਨ ਵੱਲੋਂ ਅੱਖਾਂ ਮੀਟ ਲੈਣੀਆਂ ਠੀਕ ਨਹੀਂ। ਸਮੁੱਚੇ ਯੋਗਦਾਨ ਲਈ ਇਨਾਮ ਦਿੱਤਾ ਜਾਣਾ ਚਾਹੀਦਾ ਹੈ।

ਇਕ ਦਿਨ ਸਾਡੇ ਇਕ ਜਾਣੇ-ਪਛਾਣੇ ਲੇਖਕ ਨਾਲ ਸਹਿਜ ਭਾਅ ਗੱਲ-ਬਾਤ ਹੋ ਰਹੀ ਸੀ। ਉਹਨੀ ਦਿਨੀਂ ਉਹ ਬਾਲ ਸਾਹਿਤ ਵੀ ਲਿਖਣ ਲੱਗ ਪਿਆ ਸੀ। ਉਸ ਦੱਸਿਆ, "ਬਾਲ-ਸਾਹਿਤ ਲਿਖਣਾ ਲਾਹੇਵੰਦ ਹੈ। ਇਕ-ਡੇਢ ਘੰਟਾ ਝੂਠੀ ਲਾ ਕੇ ਕਹਾਣੀ ਲਿਖ ਦਿਉ, ਬੋਤਲ ਖਰੀ ਹੋ ਜਾਂਦੀ ਐ।" ਨਿਰਸੰਦੇਹ ਗ਼ੈਰਜ਼ਿੰਮੇਵਾਰ ਲੇਖਕਾਂ ਦੀ ਗਿਣਤੀ ਵੀ ਬਥੇਰੀ ਹੈ। ਪਰ ਇਕੋ ਰੱਸੇ ਅਸੀਂ ਬਾਲ-ਸਾਹਿਤ ਲਿਖਣ ਵਾਲੇ ਸਾਰੇ ਲੇਖਕਾਂ ਨੂੰ ਨਹੀਂ ਬੰਨ੍ਹ ਸਕਦੇ। ਪੂਰੀ ਗੰਭੀਰਤਾ ਅਤੇ ਸੁਹਿਰਦਾ ਨਾਲ ਲਿਖਣ ਵਾਲੇ ਲੇਖਕ ਵੀ ਸਾਡੇ ਕੋਲ ਹੈਗੇ ਨੇ।

ਹਰ ਭਾਸ਼ਾ ਦੀ ਤ੍ਰਾਸਦੀ ਲੱਗਭੱਗ ਇਕੋ ਜਿਹੀ ਹੈ। ਸਾਡੇ ਕਈ ਲੇਖਕਾਂ ਨੂੰ ਇਹ ਨਹੀਂ ਪਤਾ ਕਿ ਬਾਲਾਂ ਨੂੰ ਕਿਹੜੀ ਗੱਲ ਕਿਸ ਤਰ੍ਹਾਂ ਕਹਿਣੀ ਹੈ ਤੇ ਕਦੋਂ ਕਹਿਣੀ। ਮਿਸ਼ਾਲ ਵਜੋਂ ਉਹ ਨਹੀਂ ਜਾਣਦੇ, ਬਾਲਾਂ ਨੂੰ ਸੈਕਸ ਬਾਰੇ ਜਾਣਕਾਰੀ ਕਿਹੜੀ ਉਮਰੇ ਦੇਣੀ ਹੈ ਜਾਂ ਮੌਤ ਬਾਰੇ ਕਦੋਂ ਦੱਸਣਾ ਹੈ। ਵਰਕਸ਼ਾਪਾਂ ਸਮਝ ਨੂੰ ਤਿੱਖਾ ਕਰ ਸਕਦੀਆਂ ਹਨ। ਹਰ ਸਮੇਂ ਬਾਲਾਂ ਲਈ ਚੰਗਾ ਸਾਹਿਤ ਵੀ ਲਿਖਿਆ ਗਿਆ ਤੇ ਮਾੜਾ ਵੀ। ਹੁਣ ਵੀ ਪੰਜਾਬੀ ਵਿਚ ਮਿਆਰੀ ਬਾਲ ਸਾਹਿਤ ਦੀ ਸਿਰਜਣਾ ਹੋ ਰਹੀ।

**(ਸੰਪਰਕ: 97810-08582)**

## ਬਾਲ ਸਾਹਿਤ ਪੁਰਸਕਾਰ ਲਈ ਪੰਜਾਬੀ ਲੇਖਕ ਦਾ ਨਾ ਚੁਣਿਆ ਜਾਣਾ, ਮੰਦਭਾਗਾ ਫ਼ੈਸਲਾ-ਮਨਮੋਹਨ ਸਿੰਘ ਦਾਊਂ



ਸਾਹਿਤ ਅਕਾਦਮੀ ਦਿੱਲੀ ਵੱਲੋਂ 2021 ਅਤੇ 2022 ਦੇ ਸਾਲਾਂ ਲਈ ਬਾਲ ਸਾਹਿਤ ਪੁਰਸਕਾਰ ਲਈ ਪੰਜਾਬੀ ਲੇਖਕ ਦਾ ਨਾ ਚੁਣਿਆ ਜਾਣਾ, ਮੰਦਭਾਗਾ ਫ਼ੈਸਲਾ ਹੈ। ਇਹ ਨਹੀਂ ਹੋ ਸਕਦਾ ਕਿ ਇਨ੍ਹਾਂ ਵਰ੍ਹਿਆਂ 'ਚ ਕੋਈ ਮਿਆਰੀ ਬਾਲ ਸਾਹਿਤ ਪੁਸਤਕ ਨਾ ਛਪੀ ਹੋਵੇ। ਗਰਾਊਂਡ ਲਿਸਟ ਤਿਆਰ ਕਰਾਉਣ ਦੀ ਜਿੰਮੇਵਾਰੀ ਅਕਾਦਮੀ ਦੀ ਹੁੰਦੀ ਹੈ ਕਿ ਉਹ ਯੋਗ ਲੇਖਕਾਂ ਤੋਂ ਇਹ ਜਾਣਕਾਰੀ ਪ੍ਰਾਪਤ ਕਰੇ।

ਇਨ੍ਹਾਂ ਵਰ੍ਹਿਆਂ 'ਚ ਵਿਚਾਰਨ ਯੋਗ ਬਾਲ-ਸਾਹਿਤ ਪੁਸਤਕਾਂ, ਭਾਰਤ ਦੇ ਸਿਰਤਾਜ (ਡਾ. ਬਲਦੇਵ ਸਿੰਘ ਬੱਦਨ), ਇਸ ਦੀਆਂ ਦਰਜਨਾ ਬਾਲ ਸਾਹਿਤ ਪੁਸਤਕਾਂ ਛਪੀਆਂ। 2. 'ਹੁਸਨ ਪਹਾੜਾਂ ਦਾ' (ਸਫ਼ਰਨਾਮਾ) ਅਵਤਾਰ ਸਿੰਘ ਸੰਧੂ ਜਿਸ ਦੀਆਂ 50 ਤੋਂ ਵੱਧ ਬਾਲ ਸਾਹਿਤ ਪੁਸਤਕਾਂ ਹਨ। 3. ਕਿੰਨਾ 'ਸੋਹਣਾ ਅੰਬਰ ਲਗਦਾ' (2021) ਸੁਦਰਸ਼ਨ ਗਾਸੋ। 4. 'ਅੱਖੀਂ ਡਿੱਠੇ ਰੰਗਲੇ ਪੰਛੀ' ਸਤਵਿੰਦਰ ਸਿੰਘ ਮੜੌਲੀ। 'ਗਿਆਨ ਦੇ ਪਾਂਧੀ' (ਨਾਵਲ) ਸਰੋਜ ਆਦਿ। ਪੁਸਤਕ ਦੇ ਪੰਨਿਆਂ (48) ਦੀ ਸ਼ਰਤ ਵਾਜਬ ਹੈ। ਲੇਖਕ ਦੀਆਂ ਤਿੰਨ ਪੁਸਤਕਾਂ ਛਪੀਆਂ ਹੋਣ ਵਾਲੀ ਕੋਈ ਮੱਦ ਪਹਿਲਾਂ ਨਹੀਂ ਸੀ ਪ੍ਰੰਤੂ ਇਸ ਰਾਸ਼ਟਰੀ ਪੁਰਸਕਾਰ ਲਈ ਬਾਲ ਸਾਹਿਤ ਲੇਖਕ ਦੀਆਂ ਮਿਆਰੀ ਪੁਸਤਕਾਂ ਗਿਣਤੀ ਪੱਖੋਂ 5-6 ਜ਼ਰੂਰ ਹੋਣੀਆਂ ਚਾਹੀਦੀਆਂ ਹਨ।

ਬਾਲ ਸਾਹਿਤ ਲੇਖਕ ਦੀ ਸਮੁੱਚੀ ਦੇਣ ਨੂੰ ਮੱਦੇ ਨਜ਼ਰ ਰੱਖਣ ਵਾਲਾ ਫ਼ੈਸਲਾ ਠੀਕ ਸੀ। ਕਈ ਵਾਰ ਸਮਰਥ ਲੇਖਕ ਦੀ ਕੋਈ ਰਚਨਾ, ਉਨ੍ਹਾਂ ਵਰ੍ਹਿਆਂ 'ਚ ਛਪੀ ਨਾ ਹੋਣ ਕਾਰਨ ਬੇਇਨਸਾਫ਼ੀ ਹੋ ਜਾਵੇਗੀ। ਸਮੁੱਚੀ ਦੇਣ ਨੂੰ ਮੁੜ ਚਾਲੂ ਰੱਖਿਆ ਜਾਵੇ। ਇੰਝ ਬਾਲ ਸਾਹਿਤ ਸਿਰਜਣਾ ਨੂੰ ਉਤਸ਼ਾਹ ਮਿਲੇਗਾ।

ਬਾਲ ਸਾਹਿਤ ਪਿਛਲੇ 6 ਸਾਲਾਂ ਵਿੱਚ ਚੰਗਾ ਲਿਖਿਆ ਜਾ ਰਿਹਾ ਹੈ। ਚਿੱਤਰਕਾਰੀ ਵਾਲੀਆਂ ਤੇ ਰੰਗਦਾਰ ਪੁਸਤਕਾਂ ਬੱਚਿਆਂ ਨੂੰ ਆਕਰਸ਼ਿਤ ਕਰਦੀਆਂ ਹਨ, ਬਹੁਤ ਵਾਧਾ ਹੋਇਆ ਹੈ। ਇਨਾਮ ਹਥਿਆਉਣ ਨਾਲੋਂ ਸ਼ਬਦ ਸਿਰਜਣਾ ਕਮਾਉਣ ਲਈ ਨਵੇਂ ਲੇਖਕਾਂ ਨੂੰ ਧਿਆਨ ਦੇਣ ਦੀ ਲੋੜ ਹੈ। ਨਵੇਂ ਨਵੇਂ ਵਿਸ਼ਿਆਂ 'ਤੇ ਲਿਖਿਆ ਜਾਵੇ। ਬਾਲ-ਇਕਾਂਗੀ, ਬਾਲ ਨਾਵਲ, ਜੀਵਨੀਆਂ, ਵਿਗਿਆਨ ਤੇ ਅਜੋਕੇ ਮਸਲੇ ਛੋਹੇ ਜਾਣ। ਵਿਰਸੇ ਤੇ ਇਤਿਹਾਸ ਨੂੰ ਪੁਨਰ ਸੁਰਜੀਤ ਕਰ ਕੇ ਕਲਾਤਮਿਕ ਤੇ ਰੌਚਿਕ ਬਣਾ ਕੇ ਲਿਖਿਆ ਜਾਵੇ। ਜਿਊਰੀ ਦੇ ਤਿੰਨ ਮੈਂਬਰ ਹੁੰਦੇ ਹਨ। ਅਕਾਦਮੀ ਦੇ ਪੰਜਾਬੀ ਕਨਵੀਨਰ ਨੇ ਗਰਾਊਂਡ ਲਿਸਟ ਵਾਲੀਆਂ ਪੁਸਤਕਾਂ 'ਚੋਂ (ਨਿਯਮਾਂ ਅਨੁਸਾਰ) ਪੰਜ ਲੇਖਕਾਂ ਦੀਆਂ (ਇੱਕ-ਇੱਕ) ਪੁਸਤਕਾਂ ਭਾਵ ਪੰਜ ਚੁਣੀਆਂ ਪੁਸਤਕਾਂ ਦੀਆਂ ਕਾਪੀਆਂ ਤਿੰਨੇ ਜਿਊਰੀ ਮੈਂਬਰਾਂ ਨੂੰ ਭੇਜਣੀਆਂ ਹੁੰਦੀਆਂ ਹਨ। ਜਿਨ੍ਹਾਂ 'ਚੋਂ ਪੁਰਸਕਾਰ ਦਾ ਫੈਸਲਾ ਕਰਨਾ ਹੁੰਦਾ।

* ਮੈਂ ਇਹ ਸੁਝਾਅ ਦੇਣਾ ਚਾਹਾਂਗਾ ਕਿ ਅਕਾਦਮੀ ਨੂੰ ਗਰਾਊਂਡ ਲਿਸਟ, ਸਬੰਧਤ ਤੇ ਯੋਗ ਬਾਲ-ਸਾਹਿਤ ਲੇਖਕਾਂ ਤੋਂ ਤਿਆਰ ਕਰਵਾਈ ਜਾਵੇ।

*ਚੰਗਾ ਹੋਵੇ, ਅਕਾਦਮੀ ਪੰਜਾਬੀ ਬਾਲ ਸਾਹਿਤ ਪ੍ਰਕਾਸ਼ਿਤ ਕਰਨ ਵਾਲੇ ਪ੍ਰਕਾਸ਼ਕਾਂ ਤੋਂ ਮਿੱਥੇ ਸਾਲਾਂ 'ਚ ਛਪੀਆਂ ਪੁਸਤਕਾਂ ਦੀ ਸੂਚੀ (ਪੂਰੀ ਵੇਰਵੇ ਸਹਿਤ) ਮੰਗਵਾਵੇ ਤਾਂ ਜੋ ਕੋਈ ਪੁਸਤਕ ਅਣਗੌਲੀ ਨਾ ਰਹੇ ਇੰਝ ਪ੍ਰਕਾਸ਼ਕਾਂ ਨੂੰ ਵੀ ਉਤਸ਼ਾਹ ਮਿਲੇਗਾ।

ਭਾਸ਼ਾ ਵਿਭਾਗ ਪੰਜਾਬ ਜਿਵੇਂ ਵੱਖ-ਵੱਖ ਸ਼ਖ਼ਸੀਅਤਾਂ ਦੇ ਨਾਮ ਵਾਲੇ ਸ਼੍ਰੋਮਣੀ ਪੁਸਤਕ ਪੁਰਸਕਾਰ ਲਈ ਨਿਸ਼ਚਿਤ ਕੀਤੇ ਸਾਲ ਦੌਰਾਨ ਛਪੀਆਂ ਪੁਸਤਕਾਂ ਲੇਖਕਾਂ ਜਾਂ ਪ੍ਰਕਾਸ਼ਕਾਂ ਤੋਂ ਚਾਰ-ਚਾਰ ਕਾਪੀਆਂ (ਪੁਸਤਕਾਂ) ਦੀ ਮੰਗ ਕਰਦਾ ਹੈ ਤੇ ਫਿਰ ਤਿੰਨ ਜੱਜਾਂ ਤੋਂ ਵੱਖ-ਵੱਖ ਪੁਸਤਕ ਪੁਰਸਕਾਰ ਦਾ ਨਿਰਣਾ ਕਰਦਾ ਹੈ, ਉਵੇਂ ਹੀ ਅਕਾਦਮੀ ਨੂੰ ਇਹ ਨਵੀਂ ਮੱਦ ਸ਼ਾਮਲ ਕਰ ਲੈਣੀ ਚਾਹੀਦੀ ਹੈ ਤਾਂ ਜੋ ਲੇਖਕ-ਪ੍ਰਕਾਸ਼ਕ ਇਹ ਨਹੀਂ ਕਹਿ ਸਕੇਗਾ ਕਿ ਮੇਰੀ ਪੁਸਤਕ ਤੇ ਵਿਚਾਰ ਨਹੀਂ ਕੀਤੀ ਗਈ।

**(ਸੰਪਰਕ: 98151-23900)**

---

## "ਪੰਜਾਬੀ ਬਾਲ ਸਾਹਿਤ ਵਿਚ ਨਿਘਾਰ ਆਉਣ ਦੀ ਗੱਲ ਹਜ਼ਮ ਨਹੀਂ ਹੁੰਦੀ"- ਦਰਸ਼ਨ ਸਿੰਘ ਆਸ਼ਟ

---



ਸਾਲ 2020 ਤੋਂ ਬਾਅਦ ਛਪੀ ਕਿਸੇ ਵੀ ਬਾਲ ਪੁਸਤਕ ਨੂੰ ਇਸ ਪੁਰਸਕਾਰ ਦੇ ਯੋਗ ਨਹੀਂ ਮੰਨਿਆ ਗਿਆ। ਦੂਜੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਪਿਛਲੇ ਛੇ ਸਾਲਾਂ ਵਿਚ ਪੰਜਾਬੀ ਵਿਚ ਛਪੀਆਂ ਬਾਲ ਪੁਸਤਕਾਂ ਵਿੱਚੋਂ ਕਿਸੇ ਦਾ ਵੀ ਇਸ ਪੁਰਸਕਾਰ ਦੇ ਮਾਪਦੰਡਾਂ ਉਪਰ ਖ਼ਰਾ ਨਾ ਉਤਰਨਾ ਜਿੱਥੇ ਚਿੰਤਾ ਦੀ ਗੱਲ ਹੈ। ਉਥੇ ਜ਼ਿਹਨ ਵਿਚ ਕੁਝ ਸੰਦੇਹ ਵੀ ਪੈਦਾ ਕਰਦਾ ਹੈ। ਪਿਛਲੇ 6 ਸਾਲਾਂ ਵਿਚ ਪੰਜਾਬ, ਹਰਿਆਣਾ ਅਤੇ ਦਿੱਲੀ ਦੇ ਸਰਕਾਰੀ ਅਤੇ ਨਿੱਜੀ ਪ੍ਰਕਾਸ਼ਕਾਂ ਨੇ ਦੋ ਸੌ ਤੋਂ ਵੱਧ ਬਾਲ ਪੁਸਤਕਾਂ ਛਾਪੀਆਂ ਹਨ। ਅਕਾਦਮੀ ਵੱਲੋਂ ਬਾਲ ਸਾਹਿਤ ਜਾਂ ਕਈ ਵਾਰ ਪ੍ਰੌੜ ਸਾਹਿਤਕਾਰਾਂ ਨੂੰ ਜ਼ਮੀਨੀ ਪੱਧਰ (ਗਰਾਊਂਡ ਲੈਵਲ) ਤੇ ਪੱਤਰ ਭੇਜ ਕੇ ਬਾਲ ਪੁਸਤਕਾਂ ਦੀ ਸੂਚੀ ਦੀ ਮੰਗ ਕੀਤੀ ਜਾਂਦੀ ਹੈ। ਮੁਮਕਿਨ ਹੈ ਕਿ ਬੀਤੇ ਦੋ ਸਾਲਾਂ ਵਿਚ ਵੀ ਅਕਾਦਮੀ ਨੇ ਮਾਹਿਰ ਲੇਖਕਾਂ ਵੱਲੋਂ ਗਰਾਊਂਡ ਲੈਵਲ 'ਤੇ ਚੋਣਵੀਆਂ ਬਾਲ ਪੁਸਤਕਾਂ ਦੀਆਂ ਸੂਚੀਆਂ ਮੰਗਵਾਈਆਂ ਹੋਣਗੀਆਂ। ਇਸ ਦੇ ਬਾਵਜੂਦ ਅਕਾਦਮੀ ਨੇ ਇਹਨਾਂ ਦੋ ਸਾਲਾਂ ਵਿਚ ਕੋਈ ਬਾਲ ਸਾਹਿਤ ਪੁਸਤਕ ਨੂੰ ਇਨਾਮ ਦੇ ਯੋਗ ਨਹੀਂ ਪਾਇਆ ਇਸ ਸਮੁੱਚੀ ਸਥਿਤੀ ਦੇ ਸੰਦਰਭ ਵਿਚ ਦੋ ਪ੍ਰਸ਼ਨ ਪੈਦਾ ਹੁੰਦੇ ਹਨ :1. ਕੀ ਪੰਜਾਬੀ ਵਿਚ ਬਾਲ ਸਾਹਿਤ ਦਾ ਮਿਆਰ ਇੰਨਾ ਡਿੱਗ ਚੁੱਕਾ ਹੈ ਕਿ ਉਹ ਦੂਜੀਆਂ ਭਾਰਤੀ ਜ਼ੁਬਾਨਾਂ ਦੇ ਮੁਕਾਬਲਤਨ ਆਪਣਾ ਬਰ ਨਹੀਂ ਮੇਚ ਸਕਦਾ। ਜਿਸ ਕਰਕੇ ਅਕਾਦਮੀ ਵੱਲੋਂ ਇਸ ਨੂੰ ਬਾਹਰ ਦਾ ਰਸਤਾ ਵਿਖਾਇਆ ਗਿਆ ਹੈ।2. ਕੀ ਇਸ ਪਿਛੇ ਕੁਝ ਹੋਰ ਹੀ ਕਿਸਮ ਦਾ ਵਰਤਾਰਾ ਕਾਰਜਸ਼ੀਲ ਹੈ ਜੋ ਗਿਣੀ ਮਿੱਥੀ ਯੋਜਨਾ ਅਧੀਨ ਪੰਜਾਬੀ ਬਾਲ ਸਾਹਿਤ ਨੂੰ ਅੱਗੇ ਨਹੀਂ ਵਧਣ ਦੇ ਰਿਹਾ।

ਪੰਜਾਬੀ ਬਾਲ ਸਾਹਿਤ ਵਿਚ ਨਿਘਾਰ ਆਉਣ ਦੀ ਗੱਲ ਹਜ਼ਮ ਨਹੀਂ ਹੁੰਦੀ। ਪਿਛਲੇ ਪੰਜ ਛੇ ਸਾਲਾਂ ਵਿਚ ਪੰਜਾਬੀ ਵਿਚ ਮਿਆਰੀ ਪੁਸਤਕਾਂ ਦੀ ਸਿਰਜਣਾ ਹੋਈ ਹੈ ਅਤੇ ਇਹਨਾਂ ਪੁਸਤਕਾਂ ਨੂੰ ਨੈਸ਼ਨਲ ਬੁੱਕ ਟਰੱਸਟ, ਇੰਡੀਆ ਤੋਂ ਇਲਾਵਾ ਭਾਸ਼ਾ ਵਿਭਾਗ,ਪੰਜਾਬ ਅਤੇ ਪੰਜਾਬੀ ਦੇ ਪ੍ਰਸਿੱਧ ਪ੍ਰਕਾਸ਼ਕਾਂ ਵੱਲੋਂ ਛਾਪਿਆ ਗਿਆ ਹੈ ਇਹਨਾਂ ਵਿੱਚੋਂ ਘੱਟੋ ਘੱਟ 25 ਪੁਸਤਕਾਂ ਦੇ ਨਾਂ ਲਏ ਜਾ ਸਕਦੇ ਹਨ ਪਰੰਤੂ ਪ੍ਰਸ਼ਨ ਦੀ ਮੰਗ ਅਨੁਸਾਰ ਕੇਵਲ ਪ੍ਰਸਿੱਧ ਸਾਹਿਤਕਾਰਾਂ ਦੀਆਂ ਤਿੰਨ ਪੁਸਤਕਾਂ ਦੇ ਨਾਂ ਨਿਮਨ ਅਨੁਸਾਰ ਲਏ ਜਾ ਸਕਦੇ ਹਨ ਜਿਨ੍ਹਾਂ ਨੇ ਬਾਲ ਸਾਹਿਤ ਦੇ ਮਿਆਰ ਨੂੰ ਬਰਕਰਾਰ ਰੱਖਿਆ ਅਤੇ ਬਾਲ ਮਾਨਸਿਕਤਾ,

ਬੌਧਿਕਤਾ ਅਤੇ ਮਨ ਵਿਗਿਆਨ ਦੀ ਕਸਵੱਟੀ ਉੱਪਰ ਵੀ ਖ਼ਰੀਆਂ ਉੱਤਰਦੀਆਂ ਹਨ। ਇਹ ਪੁਸਤਕਾਂ ਹਨ :1. ਸੁਖਬੀਰ 'ਨਾ ਬੁਝਣ ਵਾਲਾ ਦੀਵਾ', 2. ਗੁਰਬਚਨ ਸਿੰਘ ਭੁੱਲਰ 'ਬਾਤ ਬੁਝਾਰਤਾਂ', 3. ਕੁਲਬੀਰ ਸਿੰਘ ਸੂਰੀ 'ਦੁੱਧ ਦੀਆਂ ਧਾਰਾਂ'।

ਜਿੱਥੋਂ ਤੱਕ ਮੈਨੂੰ ਇਲਮ ਹੈ, ਅਕਾਦਮੀ ਵੱਲੋਂ ਜਦੋਂ ਬਾਲ ਸਾਹਿਤ ਪੁਰਸਕਾਰ ਦੀ ਸਥਾਪਨਾ ਕੀਤੀ ਸੀ ਉਦੋਂ ਅਜਿਹੀ ਕੋਈ ਸ਼ਰਤ ਨਹੀਂ ਸੀ ਕਿ ਇਸ ਪੁਰਸਕਾਰ ਲਈ ਪੁਸਤਕ ਤਦ ਹੀ ਵਿਚਾਰੀ ਜਾਵੇਗੀ ਜੇਕਰ ਉਸ ਦੇ ਘੱਟੋ ਘੱਟ 48 ਪੰਨੇ ਹੋਣਗੇ ਜਾਂ ਜਿਸ ਲੇਖਕ ਦੀਆਂ ਤਿੰਨ ਪੁਸਤਕਾਂ ਪੂਰਵ ਪ੍ਰਕਾਸ਼ਿਤ ਹੋਈਆਂ ਹੋਣਗੀਆਂ, ਉਸੇ ਲੇਖਕ ਦੀ ਪੁਸਤਕ ਨੂੰ ਹੀ ਪੁਰਸਕਾਰ ਲਈ ਵਿਚਾਰਿਆ ਜਾਵੇਗੀ। ਪਹਿਲਾਂ ਅਤੇ ਹੁਣ ਵੀ ਗਰਾਊਂਡ ਲੈਵਲ ਤੇ ਪ੍ਰਾਪਤ ਹੋਈਆਂ ਪੁਸਤਕ ਸੂਚੀਆਂ ਵਿੱਚੋਂ ਅੱਗੋਂ ਹਰ ਭਾਸ਼ਾ ਦੇ ਦੋ ਵਿਸ਼ੇਸ਼ ਵਿਦਵਾਨਾ ਵੱਲੋਂ ਹੀ ਚੋਣ ਕੀਤੀ ਜਾਂਦੀ ਹੈ। ਉਪਰੰਤ ਸੰਬੰਧਤ ਭਾਸ਼ਾ ਸਲਾਹਕਾਰ ਬੋਰਡ ਦੇ ਤਿੰਨ ਜਿਊਰੀ ਮੈਂਬਰਾਂ ਵੱਲੋਂ ਸਰਬ ਉਤਮ ਪੁਸਤਕ ਦੀ ਚੋਣ ਕੀਤੀ ਜਾਂਦੀ ਸੀ ਜਿਸ ਉਪਰ ਬਾਕਾਇਦਾ ਅਕਾਦਮੀ ਦੇ ਸੰਬੰਧਤ ਭਾਸ਼ਾਈ ਕਨਵੀਨਰ ਅਤੇ ਮੁੱਖੀ ਦੀ ਮੋਹਰ ਲਾਈ ਜਾਂਦੀ ਹੈ। ਭਾਵ ਹੇਠਲੀ ਪੱਧਰ ਤੇ ਸਿਫ਼ਾਰਸ਼ ਕੀਤੀ ਜਿਊਰੀ ਵੱਲੋਂ ਲਏ ਗਏ ਨਿਰਣੇ ਨਾਲ ਸਹਿਮਤੀ ਪ੍ਰਗਟ ਕੀਤੀ ਜਾਂਦੀ ਹੈ।

ਹਾਂ, ਇਹ ਸ਼ਰਤ ਅੱਜ ਵੀ ਬਰਕਰਾਰ ਹੈ ਕਿ ਪੁਰਸਕਾਰ ਲਈ ਵਿਚਾਰੀ ਜਾਣ ਵਾਲੀ ਪੁਸਤਕ 9 ਤੋਂ 16 ਸਾਲਾਂ ਦੇ ਬਾਲਾਂ ਦੇ ਆਯੂ ਗੁੱਟ ਨੂੰ ਕੇਂਦਰ ਵਿਚ ਰੱਖ ਕੇ ਲਿਖੀ ਗਈ ਹੋਵੇ। ਕਿਸੇ ਅਦਾਰੇ ਜਾਂ ਅਕਾਦਮੀ ਕੋਲ ਸਮੇਂ ਸਮੇਂ ਤੇ ਆਪਣੀ ਸਥਾਪਨਾ ਸਮੇਂ ਘੜੇ ਗਏ ਨਿਯਮਾਂ ਵਿਚ ਸੋਧ ਜਾਂ ਵਾਧਾ ਕਰਨ ਦਾ ਅਧਿਕਾਰ ਜ਼ਰੂਰ ਹੁੰਦਾ ਹੈ ਵੈਸੇ, ਕਿਸੇ ਲੇਖਕ ਉੱਪਰ ਅਜਿਹੀ ਸ਼ਰਤ ਨਹੀਂ ਥੋਪਣੀ ਚਾਹੀਦੀ ਕਿ ਉਸ ਦੀਆਂ ਪਹਿਲਾਂ ਤਿੰਨ ਪੁਸਤਕਾਂ ਜ਼ਰੂਰ ਛਪੀਆਂ ਹੋਣ। ਆਰਥਿਕ ਸਮੱਸਿਆਵਾਂ ਜਾਂ ਕਿਸੇ ਹੋਰ ਮਜਬੂਰੀ ਵੱਸ ਕਈ ਵਾਰੀ ਲੇਖਕ ਕੋਲ ਪੁਸਤਕ ਛਪਾਉਣ ਦੇ ਵਸੀਲੇ ਨਹੀਂ ਹੁੰਦੇ। ਜੇਕਰ ਉਹ ਮੁਸ਼ਕਲ ਨਾਲ ਕੋਈ ਪੁਸਤਕ ਛਪਵਾ ਵੀ ਲੈਂਦਾ ਹੈ ਤਾਂ ਹੋ ਸਕਦਾ ਹੈ ਕਿ ਉਸ ਦੀ ਪਹਿਲੀ ਪੁਸਤਕ ਹੀ ਪੁਰਸਕਾਰ ਦੇ ਯੋਗ ਹੋਵੇ। ਉਸ ਉਪਰ ਇਹ ਸ਼ਰਤ ਆਇਦ ਕਰਨੀ ਕਿ ਉਹ ਦੋ ਪੁਸਤਕਾਂ ਹੋਰ ਛਪਵਾਵੇ, ਫਿਰ ਚੌਥੀ ਪੁਸਤਕ ਨੂੰ ਹੀ ਜਿਊਰੀ ਵੱਲੋਂ ਵਿਚਾਰਿਆ ਜਾਵੇਗਾ,ਉਚਿਤ ਨਹੀਂ ਅਜਿਹੀ ਪ੍ਰਵਿਰਤੀ ਨਾਲ ਬਾਲ ਸਾਹਿਤ ਦੇ ਗੌਰਵ ਨੂੰ ਸੱਟ ਵੱਜਦੀ ਹੈ ਅਤੇ ਬਾਲ ਸਾਹਿਤ ਦੇ ਸਿਰਜਕਾਂ ਨੂੰ ਮਾਯੂਸੀ ਹੁੰਦੀ ਹੈ ਅਜਿਹਾ ਨਹੀਂ ਹੋਣਾ ਚਾਹੀਦਾ।

ਸ਼ੁਰੂਆਤੀ ਦੌਰ ਤੋਂ ਲੈ ਕੇ ਅਕਾਦਮੀ ਦੀ ਇਹ ਰਵਾਇਤ ਰਹੀ ਹੈ ਕਿ ਜੇਕਰ ਕਿਸੇ ਬਾਲ ਸਾਹਿਤ ਲੇਖਕ ਦੀ ਪੁਸਤਕ ਮਿਆਰ ਉਪਰ ਖ਼ਰੀ ਨਹੀਂ ਉਤਰਦੀ ਅਤੇ ਮੁੱਢਲੇ ਪੈਨਲ ਦੀਆਂ ਸਿਫ਼ਾਰਸ਼ਾਂ ਦੇ ਬਾਵਜੂਦ ਵੀ ਜਿਊਰੀ ਕਿਸੇ ਵੀ ਪੁਸਤਕ ਦੀ ਸਿਫ਼ਾਰਿਸ਼ ਨਹੀਂ ਕਰਦੀ ਤਾਂ ਕਿਸੇ ਲੇਖਕ ਨੂੰ ਉਸ ਦੀ ਸਮੁੱਚੀ ਦੇਣ ਲਈ ਇਹ ਪੁਰਸਕਾਰ ਦਿੱਤਾ ਜਾ ਸਕਦਾ ਹੈ। ਅਕਾਦਮੀ ਵੱਲੋਂ ਪੰਜਾਬੀ ਵਿਚ ਇਹ ਰਵਾਇਤ ਸਾਲ 2017 ਤੱਕ ਕਾਰਜਸ਼ੀਲ ਰਹੀ ਹੁਣ ਅਕਾਦਮੀ ਵੱਲੋਂ ਜੇਕਰ ਸਮੁੱਚੀ ਦੇਣ ਲਈ ਕਿਸੇ ਲੇਖਕ ਨੂੰ ਇਨਾਮ ਵਿਚਾਰਨ ਦੀ ਸ਼ਰਤ ਹਟਾ ਲਈ ਗਈ ਹੈ ਤਾਂ ਮੈਂ ਸਮਝਦਾ ਹਾਂ ਕਿ ਇਹ ਉੱਚਿਤ ਨਹੀਂ ਹੈ। ਇਸ ਨੂੰ ਜ਼ਰੂਰ ਲਾਗੂ ਕਰਨਾ ਚਾਹੀਦਾ ਹੈ ਲਗਭਗ ਅੱਧੀ ਸਦੀ ਬਾਲ ਸਾਹਿਤ ਦੀ ਸਿਰਜਣਾ ਕਰਨ ਵਾਲੇ ਲਿਖਾਰੀਆਂ ਵਿੱਚੋਂ ਹਿਰਦੇਪਾਲ ਸਿੰਘ (ਸੰਪਾਦਕ 'ਬਾਲ ਸੰਦੇਸ਼), ਸੁਖਦੇਵ ਮਾਦਪੁਰੀ ਅਤੇ ਮਨਮੋਹਨ ਸਿੰਘ ਦਾਊਂ ਆਦਿ ਨੂੰ ਉਹਨਾਂ ਦੀਆਂ ਪੁਸਤਕਾਂ ਉਪਰ ਨਹੀਂ ਸਗੋਂ ਉਹਨਾਂ ਦੀ ਸਮੁੱਚੀ ਦੇਣ ਦੇ ਮੱਦੇਨਜ਼ਰ ਹੀ ਇਹ ਪੁਰਸਕਾਰ ਪ੍ਰਾਪਤ ਹੋਇਆ। ਜੇਕਰ ਅਕਾਦਮੀ ਵੱਲੋਂ ਕੇਵਲ ਪੁਸਤਕ ਉੱਪਰ ਹੀ ਇਨਾਮ ਦੇਣ ਦੀ ਸ਼ਰਤ ਕਾਇਮ ਰੱਖੀ ਜਾਂਦੀ ਤਾਂ ਹਿਰਦੇਪਾਲ ਸਿੰਘ ਵਰਗੇ ਦਿੱਗਜ ਲੇਖਕਾਂ ਨੂੰ ਤਾਂ ਇਹ ਪੁਰਸਕਾਰ ਕਦੇ ਮਿਲਣਾ ਹੀ ਨਹੀਂ ਸੀ। ਸਾਲਾਂ ਤੋਂ ਉਹਨਾਂ ਦੀ ਕੋਈ ਬਾਲ ਪੁਸਤਕ ਛਪੀ ਹੀ ਨਹੀਂ।

ਨਿਘਾਰ ਪੱਖੋਂ ਇੰਨੀ ਫ਼ਿਕਰਮੰਦੀ ਵਾਲੀ ਕੋਈ ਗੱਲ ਨਹੀਂ ਵੀਹਵੀਂ ਸਦੀ ਦੇ ਆਰੰਭਕ ਦੌਰ ਵਿਚ ਜਦੋਂ ਛਾਪਾਖ਼ਾਨਾ ਕਾਰਜਸ਼ੀਲ ਹੋ ਗਿਆ ਅਤੇ ਪੰਜਾਬੀ ਬਾਲ ਸਾਹਿਤ ਦੇ ਰਿਸਾਲੇ, ਪਾਠ ਪੁਸਤਕਾਂ ਅਤੇ ਸਾਹਿਤਕ ਪੁਸਤਕਾਂ ਛਪਣ ਲੱਗੀਆਂ ਤਾਂ ਉਦੋਂ ਬਹੁਤਾ ਕਰਕੇ ਜਿੰਨਾਂ, ਭੂਤਾਂ ਪ੍ਰੇਤਾਂ,ਪਰੀਆਂ,ਜਾਦੂਗਰਾਂ ਅਤੇ ਰਾਖ਼ਸ਼ਸ਼ਾਂ ਆਦਿ ਪ੍ਰਾਸਰੀਰਕ ਪਾਤਰਾਂ ਦੀਆਂ ਕਹਾਣੀਆਂ ਉਪਰ ਵਧੇਰੇ ਕੇਂਦ੍ਰਿਤ ਸੀ ਪਰ ਉਹ ਦਿਲਚਸਪ ਸੀ। ਜਿਵੇਂ ਬਾਤਾਂ ਸਾਰੀ ਸਾਰੀ ਰਾਤ ਚੱਲਦੀਆਂ ਰਹਿੰਦੀਆਂ। ਹੌਲੀ ਹੌਲੀ ਵਿਗਿਆਨਕ ਚੇਤਨਾ ਦੇ ਫੈਲਾਓ ਨਾਲ ਅੰਧਵਿਸ਼ਵਾਸੀ ਕਦਰਾਂ ਕੀਮਤਾਂ ਦੇ ਬੱਦਲ ਛੱਟਣ ਲੱਗੇ ਅਤੇ ਨਵੇਂ ਗਿਆਨ ਵਿਗਿਆਨ ਦਾ ਸਾਹਿਤ ਬਾਲ ਹੱਥਾਂ ਤੱਕ ਪੁੱਜਣ ਲੱਗਾ ਬਾਲ ਸਾਹਿਤ ਪਹਿਲਾਂ ਵੀ ਵਧੀਆ ਲਿਖਿਆ ਜਾਂਦਾ ਸੀ ਅਤੇ ਹੁਣ ਵੀ ਵਧੀਆ ਲਿਖਿਆ ਜਾਂਦਾ ਹੈ ਫਰਕ ਕੇਵਲ ਵਿਸ਼ਿਆਂ ਵਿਚ ਆਏ ਪਰਿਵਰਤਨ ਅਤੇ ਉਹਨਾਂ ਦੀ ਪੇਸ਼ਕਾਰੀ ਹੁੰਦਾ ਹੈ ਦੂਜੇ ਪਾਸੇ, ਕੁਝ ਅਜਿਹੀਆਂ ਪੁਸਤਕਾਂ ਵੀ ਆਈਆਂ ਹਨ ਜਿਨ੍ਹਾਂ ਨੂੰ ਬਾਲ ਸਾਹਿਤ ਦੀ ਕੋਟੀ ਵਿਚ ਨਹੀਂ ਰੱਖਿਆ ਜਾ ਸਕਦਾ। ਬੱਚਿਆਂ ਨੂੰ ਠੋਸ ਕਦਰਾਂ ਕੀਮਤਾਂ ਅਤੇ ਚਰਿੱਤਰ ਨਿਰਮਾਣ ਵਿਚ ਉਸਾਰੂ ਭੂਮਿਕਾ ਨਿਭਾਉਣ ਵਾਲੀਆਂ ਪੁਸਤਕਾਂ ਅੱਜ ਵੀ ਲਿਖੀਆਂ ਜਾ ਰਹੀਆਂ ਹਨ ਅਤੇ ਲਿਖੀਆਂ ਜਾਂਦੀਆਂ ਰਹਿਣਗੀਆਂ। ਪੰਜਾਬੀ ਬਾਲ ਸਾਹਿਤ ਦੇ ਵਿਕਾਸ ਲਈ ਤਵੱਜੋ ਦੇਣ ਦੀ ਜ਼ਰੂਰਤ ਹੈ।

ਗਰਾਊਂਡ ਲਿਸਟ ਉਪਰੰਤ ਦੋ ਮਾਹਿਰਾਂ ਵੱਲੋਂ ਚੁਣੀਆਂ ਬਾਲ ਪੁਸਤਕਾਂ ਜਿਊਰੀ ਕੋਲ ਜ਼ਰੂਰ ਜਾਣੀਆਂ ਚਾਹੀਦੀਆਂ ਸਨ। ਇਸ ਨਾਲ ਪੰਜਾਬੀ ਬਾਲ ਸਾਹਿਤ ਨੂੰ ਪ੍ਰੋਤਸਾਹਨ ਮਿਲਣਾ ਸੀ ਮੰਨ ਲਈਏ ਕਿ ਪਿਛਲੇ ਛੇ ਸਾਲਾਂ ਵਿਚ ਛਪੀਆਂ ਵੱਡੀ ਤਾਦਾਦ ਵਿਚ ਛਪੀਆਂ ਬਾਲ ਪੁਸਤਕਾਂ ਵਿੱਚੋਂ ਕੋਈ ਵੀ ਪੁਸਤਕ ਪੁਰਸਕਾਰ ਦੇ ਯੋਗ ਹੀ ਨਹੀਂ ਪਾਈ ਗਈ ਤਾਂ ਅਕਾਦਮੀ ਨੂੰ ਆਪਣੀ ਪੂਰਵ ਮਰਿਆਦਾ (ਪਰੰਪਰਾ) ਨੂੰ ਬਰਕਰਾਰ ਰੱਖਦੇ ਹੋਏ ਕਿਸੇ ਅਜਿਹੇ ਬਾਲ ਸਾਹਿਤ ਲੇਖਕ ਦੀ ਚੋਣ ਕਰਨੀ ਚਾਹੀਦੀ ਸੀ ਜਿਸ ਨੇ ਲੰਮਾ ਸਮਾਂ ਇਸ ਖੇਤਰ ਵਿਚ ਆਪਣਾ ਯੋਗਦਾਨ ਪਾਇਆ ਹੈ ਇਸ ਨਾਲ ਪੰਜਾਬੀ ਮਾਂ ਬੋਲੀ ਦੀ ਵਡਿਆਈ ਵਿਚ ਵਾਧਾ ਹੋਣਾ ਸੀ ਅਤੇ ਬਾਲ ਸਾਹਿਤ ਲੇਖਕ ਵੀ ਇਸ ਗੱਲ ਦਾ ਗੌਰਵ ਅਨੁਭਵ ਕਰਦਾ ਕਿ ਅਕਾਦਮੀ ਨੇ ਉਸ ਨੂੰ ਬਾਲਾਂ ਲਈ ਲਿਖਣ ਲਈ ਉਚਿਤ ਮਾਣ ਸਨਮਾਨ ਦੇ ਕੇ ਉਸ ਦੀ ਪਿੱਠ ਥਾਪੜੀ ਸੀ।

(ਸੰਪਰਕ: 98144-23703)

## ''ਪਿਛਲੇ ਦੋ ਸਾਲਾਂ ਤੋਂ ਪੰਜਾਬੀ 'ਚ ਬਾਲ ਸਾਹਿਤ ਪੁਰਸਕਾਰ ਨਾ ਦੇਣਾ ਚਿੰਤਾ ਦਾ ਵਿਸ਼ਾ''-ਤਰਸੇਮ



ਭਾਰਤੀ ਸਾਹਿਤ ਅਕਾਦਮੀ ਵੱਲੋਂ ਪਿਛਲੇ ਦੋ ਸਾਲਾਂ ਤੋਂ ਪੰਜਾਬੀ 'ਚ ਬਾਲ ਸਾਹਿਤ ਪੁਰਸਕਾਰ ਨਾ ਦੇਣਾ ਚਿੰਤਾ ਦਾ ਵਿਸ਼ਾ ਹੈ। ਖਾਸਕਾਰ ਭਾਰਤੀ ਭਾਸ਼ਾਵਾਂ 'ਚੋਂ ਪੰਜਾਬੀ ਦਾ ਬਾਹਰ ਹੋਣਾ ਹੋਰ ਵੀ ਨਿਰਾਸ਼ਾਜਨਕ ਹੈ।

ਜਿਵੇਂ ਪਹਿਲੀ ਦੂਜੀ ਦੇ ਬਚਿਆਂ ਨੂੰ ਸਿਖਾਉਣਾ-ਪੜ੍ਹਾਉਣਾ ਮੁਸ਼ਕਿਲ ਕਾਰਜ ਹੈ, ਉਵੇਂ ਬੱਚਿਆਂ ਲਈ ਲਿਖਣਾ ਹੋਰ ਵੀ ਔਖਾ ਕੰਮ ਹੈ। ਬਾਲ ਸਾਹਿਤ ਲੇਖਨ ਵਿਚ ਥੋੜ੍ਹੀ ਬਹੁਤ ਕਸਰ ਹੋ ਸਕਦੀ ਹੈ ਪਰ ਬਿਲਕੁਲ ਵੀ ਮਿਆਰੀ ਨਾ ਲਿਖਿਆ ਹੋਣਾ, ਇਹ ਗੱਲ

ਸਹੀ ਨਹੀਂ ਹੈ। ਵਧੀਆ -ਮਿਆਰੀ ਵੀ ਲਿਖਿਆ ਜਾ ਰਿਹਾ ਹੈ ਪਰ ਉਹਨਾਂ ਵਿਦਵਾਨਾਂ-ਮਹਿਰਾਂ ਦੀ ਸੁਵੱਲੀ ਨਜ਼ਰ ਉਸ ਤੱਕ ਪਹੁੰਚਦੀ ਨਹੀਂ ਜੋ ਅਕਾਦਮੀ ਵੱਲੋਂ ਗਰਾਊਂਡ ਲਿਸਟ ਤਿਆਰ ਕਰਦੇ ਹਨ। ਬਾਲ ਸਾਹਿਤ ਵਿੱਚ ਵਧੀਆ ਅਤੇ ਨਿਰੰਤਰ ਲਿਖਣ ਵਾਲੇ ਲੇਖਕਾਂ ’ਚ ਗੁਰਬਚਨ ਸਿੰਘ ਭੁੱਲਰ, ਕੇਵਲ ਧਾਲੀਵਾਲ, ਬਲਦੇਵ ਸਿੰਘ, ਅਵਤਾਰ ਬਿਲਿੰਗ, ਗੁਰਮੀਤ ਕੜਿਆਲਵੀ, ਬਲਜਿੰਦਰ ਮਾਨ, ਡਾ ਹਰਨੇਕ ਕਲੇਰ, ਡਾ. ਸਰਬਜੀਤ ਬੇਦੀ (ਜਿਨ੍ਹਾਂ ਨੇ ਬਾਲ ਸਾਹਿਤ ਉੱਤੇ ਆਪਣੀ ਉਮਰ ਦਾ ਬਹੁਤ ਵੱਡਾ ਹਿੱਸਾ ਲਾ ਦਿੱਤਾ। ਪਾਲੀ ਖਾਦਿਮ, ਗੁਰਿੰਦਰ ਕਲਸੀ, ਸੁਖਵੰਤ ਕੌਰ ਮਾਨ, ਬਲਰਾਜ ਧਾਲੀਵਾਲ, ਨਰਿੰਦਰਪਾਲ ਕੌਰ, ਅਨਿਲ ਆਦਮ ਆਦਿ ਨਾ ਸ਼ਾਮਿਲ ਹਨ।

ਸੋ ਬਾਲ ਸਾਹਿਤ ਵਧੀਆ ਤੇ ਮਿਆਰੀ ਲਿਖਿਆ ਜਾ ਰਿਹਾ ਹੈ। 19-21 ਦਾ ਪੱਧਰ ਤਾਂ ਹਰ ਭਾਸ਼ਾ ਦੇ ਸਾਹਿਤ ਵਿਚ ਹੋ ਸਕਦੀ ਹੈ। ਮੇਰੀ ਨਜ਼ਰ ਵਿਚ ਕੁਝ ਚੰਗੀਆਂ ਬਾਲ ਸਾਹਿਤ ਦੀਆਂ ਪੁਸਤਕਾਂ ਹਨ-1. ਨਿੱਕਾ ਵਿਗਿਆਨੀ (ਗੁਰਿੰਦਰ ਕਲਸੀ), ਜਾਦੂ ਪੱਤਾ, ਨਾਵਲ (ਪਾਲੀ ਖਾਦਿਮ), ਹੀਰਾ, ਬਾਲ ਨਾਵਲ (ਅਵਤਾਰ ਸਿੰਘ ਸੰਧੂ), ਨਵੀਂ ਫੱਟੀ , ਬਾਲ ਕਹਾਣੀਆਂ (ਅਵਤਾਰ ਸਿੰਘ ਸੰਧੂ), ਗੱਲਾਂ ਸਫ਼ਰ ਦੀਆਂ (ਗੁਰਬਚਨ ਸਿੰਘ ਭੁੱਲਰ), ਗਿਆਨ ਦੇ ਪਾਂਧੀ , ਨਾਵਲ (ਸਰੋਜ)

ਪਹਿਲਾਂ ਤਾਂ ਸ਼ਾਇਦ ਇਹ ਸ਼ਰਤਾਂ (48 ਪੰਨੇ+ਤਿੰਨ ਕਿਤਾਬਾਂ) ਨਹੀਂ ਸਨ ਹੋ ਸਕਦੈ ਪਿਛਲੇ ਸਮੇਂ ’ਚ ਬਣ ਗਈਆਂ ਹੋਣ। ਪਰ ਇਹ ਸ਼ਰਤ 48 ਪੰਨੇ ਵਾਲੀ ਵੀ ਬਾਲ ਸਾਹਿਤ ਦੇ ਮਿਆਰ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦੀ ਹੈ। ਮੰਨ ਲਓ ਕੋਈ ਕਿਤਾਬ ਬਹੁਤ ਮਿਆਰੀ ਹੈ ਪਰ ਉਸਦੇ ਪੰਨੇ ਘੱਟ ਹਨ। ਕੋਈ ਅਕਾਰ ’ਚ ਵੱਡੀ ਹੈ ਪਰ ਉਹ ਮਿਆਰ ਤੋਂ ਊਣੀ ਹੈ। ਬੱਚਿਆਂ ਲਈ ਰਚਨਾਵਾਂ ਨਿੱਕੀਆਂ ਅਤੇ ਸਚਿੱਤਰ ਹੋਣੀਆਂ ਚਾਹੀਦੀਆਂ ਨੇ ਜੋ ਬੱਚਾ ਬੜੇ ਚਾਅ ਨਾਲ ਪੜ੍ਹ ਸਕੇ। ਪੰਚ ਤੰਤਰ ਦੀਆਂ ਕਹਾਣੀਆਂ ਪੜ੍ਹਦਿਆਂ ਪੀੜ੍ਹੀਆਂ ਦੀਆਂ ਪੀੜ੍ਹੀਆਂ ਲੰਘ ਗਈਆਂ ਉਹ ਹੁਣ ਵੀ ਯਾਦ ਨੇ। ਪਿਆਸਾ ਕਾਂ, ਲਾਲਚੀ ਕੁੱਤਾ ਆਦਿ ਨਿੱਕੀਆਂ ਨਿੱਕੀਆਂ ਕਹਾਣੀਆਂ ਕਿੰਨੀਆਂ ਵੱਡੀਆਂ ਹਨ। ਇਸ ਲਈ ਮੇਰੀ ਸਮਝ ਅਨੁਸਾਰ ਪੰਨਿਆਂ ਦੀ ਸ਼ਰਤ ਕਿਸੇ ਵੀ ਤਰ੍ਹਾਂ ਵਾਜਿਬ ਨਹੀਂ।

ਬਿਲਕੁਲ ਇਸ ਵਿੱਚ ਸੋਧ ਕਰਨ ਦੀ ਬਹੁਤ ਲੋੜ ਹੈ। ਸਾਡੇ ਉਹ ਲੇਖਕ ਜਿਨ੍ਹਾਂ ਨੇ ਬਾਲ ਸਾਹਿਤ ’ਚ ਉਮਰਾਂ ਲਾ ਦਿੱਤੀਆਂ ਉਹਨਾਂ ਨੂੰ ਵੀ ਇਹ ਮਾਣ ਮਿਲਣਾ ਚਾਹੀਦਾ ਹੈ।

ਜਿਵੇਂ ਕਿ ਮੈਂ ਪਹਿਲਾਂ ਕਿਹਾ ਕਿ ਹਰ ਭਾਸ਼ਾ ’ਚ ਹਰ ਪੱਧਰ (ਸਧਾਰਨ, ਔਸਤ, ਵਧੀਆ, ਉੱਤਮ) ਦਾ ਸਾਹਿਤ ਲਿਖਿਆ ਗਿਆ ਅਤੇ ਲਿਖਿਆ ਵੀ ਜਾ ਰਿਹਾ ਹੈ। ਇਸੇ ਤਰ੍ਹਾਂ ਪੰਜਾਬੀ ’ਚ ਬਾਲ ਸਾਹਿਤ ਵੀ ਹੈ। ਇਹ ਵਧੀਆ ਵੀ ਲਿਖਿਆ ਗਿਆ ਅਤੇ ਔਸਤ ਪੱਧਰ ਦਾ ਵੀ। ਜੇ ਪਿੱਛੇ ਨਜ਼ਰ ਮਾਰੀਏ ਤਾਂ ਧਨਵੰਤ ਸਿੰਘ ਸੀਤਲ ਅਜਾਇਬ ਚਿੱਤਰਕਾਰ, ਗੁਰਬਖਸ਼ ਸਿੰਘ ਪ੍ਰਤੀਲੜੀ, ਪ੍ਰੋ. ਪ੍ਰੀਤਮ ਸਿੰਘ, ਮੋਹਨ ਭੰਡਾਰੀ ਆਦਿ ਲੇਖਕਾਂ ਨੇ ਉੱਤਮ ਦਰਜੇ ਦਾ ਬਾਲ ਸਾਹਿਤ ਲਿਖਿਆ। ਹੁਣ ਵੀ ਜਸਬੀਰ ਭੁੱਲਰ, ਮਨਮੋਹਨ ਦਾਊਂ, ਭੁਪਿੰਦਰ ਸਿੰਘ ਆਸ਼ਟ, ਡਾ. ਰਮਾ ਰਤਨ, ਗੁਰਬਚਨ ਸਿੰਘ ਭੁੱਲਰ, ਸਤਪਾਲ ਭੀਖੀ ਆਦਿ ਲੇਖਕ ਵਧੀਆ ਬਾਲ ਸਾਹਿਤ ਰਚ ਰਹੇ ਹਨ।

ਸੁਣਨ ’ਚ ਇਹ ਆ ਰਿਹਾ ਹੈ ਕਿ ਪਿਛਲੇ ਦੋ ਸਾਲਾਂ (2021-22) ਲਈ ਪੁਰਸਕਾਰ ਲਈ ਮਾਹਿਰ ਵਿਦਵਾਨਾਂ ਨੂੰ ਕੋਈ ਮਿਆਰੀ ਬਾਲ ਪੁਸਤਕ ਨਹੀਂ ਲੱਭੀ। ਪੰਜਾਬੀ ਬਾਲ ਸਾਹਿਤ ਦੇ ਮਿਆਰ ’ਚ ਕੋਈ ਹਨੇਰ ਨਹੀਂ ਆਇਆ ਪਰ ਵਿਦਵਾਨ ਮਾਹਿਰਾਂ ਨੂੰ ਆਪਣੀ ਖੋਜ ਦਾ ਘੇਰਾ ਹੋਰ ਵਸੀਹ ਅਤੇ ਮੋਕਲਾ ਕਰਨ ਦੀ ਈਮਾਨਦਾਰੀ ਨਾਲ ਲੋੜ ਹੈ ਤਾਂ ਕਿ ਪੰਜਾਬੀ ਭਾਸ਼ਾ ਸਾਹਿਤ ਨਾਲ ਨਿਆ ਹੋ ਸਕੇ।

**(ਸੰਪਰਕ: 98159-76485)**

## ''ਪਿਛਲੇ ਦੋ ਵਰ੍ਹਿਆਂ ਤੋਂ 'ਬਾਲ ਸਾਹਿਤ ਪੁਰਸਕਾਰ' ਨਾ ਦੇਣ ਕਰਕੇ ਅਕਾਦਮੀ ਦੇ ਪੰਜਾਬੀ ਵਿੰਗ ਨੇ ਇਕ ਖਲਾਅ ਪੈਦਾ ਕਰ ਦਿੱਤਾ''- ਸਤਪਾਲ ਭੀਖੀ



ਵਿਜੈਵੜਾ 'ਚ ਹੋਏ ਸਮਾਗਮ ਵਿਚ 22 ਭਾਸ਼ਾਵਾਂ ਦੇ ਬਾਲ ਪੁਰਸਕਾਰ ਪ੍ਰਾਪਤ ਲੇਖਕਾਂ ਨੇ ਆਪਣੀ ਸਿਰਜਣ ਪ੍ਰਕ੍ਰਿਆ ਅਤੇ ਲਿਖਤਾਂ ਸਾਂਝੀਆਂ ਕੀਤੀਆਂ। ਪੰਜ ਛੇ ਭਾਸ਼ਾਵਾਂ ਨੂੰ ਛੱਡ ਬਾਕੀ ਭਾਸ਼ਾਵਾਂ ਵਿਚ ਰਚੇ ਜਾ ਰਹੇ ਬਾਲ ਸਾਹਿਤ ਦੀ ਹਾਲਤ ਠੀਕ-ਠੀਕ ਲੱਗੀ। ਪਿਛਲੇ ਵਰ੍ਹਿਆਂ 'ਚ ਬਾਲਾਂ ਨੇ ਵੀ ਸਾਹਿਤ ਰਚਿਆ ਹੈ। ਕੁਝ ਬੱਚਿਆ ਨੂੰ ਭਾਸ਼ਾ ਵਿਭਾਗ ਪੰਜਾਬ ਅਤੇ ਸਾਹਿਤ ਅਕਾਦਮੀ ਲੁਧਿਆਣਾ ਨੇ ਸਨਮਾਨਤ ਵੀ ਕੀਤਾ। ਇਨ੍ਹਾਂ ਦੀਆਂ ਛਪੀਆਂ ਪੁਸਤਕਾਂ ਵੀ ਸਾਡੇ ਕੋਲ ਹਨ। ਇਹ ਮੈਂ ਇਸ ਲਈ ਲਿਖ ਰਿਹਾ ਹਾਂ ਕਿ ਪਿਛਲੇ ਦੋ ਵਰ੍ਹਿਆਂ ਤੋਂ 'ਬਾਲ ਸਾਹਿਤ ਪੁਰਸਕਾਰ' ਨਾ ਦੇਣ ਕਰਕੇ ਅਕਾਦਮੀ ਦੇ ਪੰਜਾਬੀ ਵਿੰਗ ਨੇ ਇਕ ਖਲਾਅ ਪੈਦਾ ਕਰ ਦਿੱਤਾ। ਇਕ ਤਰ੍ਹਾਂ ਨਾਲ ਹੋਰਨਾ ਭਾਸ਼ਾਵਾਂ ਅੱਗੇ ਪੰਜਾਬੀ ਭਾਸ਼ਾ ਨੂੰ ਅਪਮਾਨਿਤ ਕਰਨ ਵਰਗੀ ਗੱਲ ਹੈ। ਸਤਹੀ ਸਾਹਿਤ ਹਰ ਭਾਸ਼ਾ ਵਿਚ ਮੌਜੂਦ ਹੈ। ਸਾਰਾ ਸਾਹਿਤ ਐਵਰੇਜ਼ ਹੋਵੇ ਇਹ ਕਦਾਚਿਤ ਠੀਕ ਨਹੀਂ। ਸਾਡੇ ਕੋਲ ਬਿਹਤਰ ਬਾਲ ਸਾਹਿਤ ਹੈ ਤੇ ਕਿਤਾਬਾਂ ਵੀ। ਇਹ ਤਾਂ ਇਨਾਮ ਦੇਣ ਵਾਲੀ ਸੰਸਥਾ ਦਾ ਫ਼ਰਜ਼ ਬਣਦਾ ਹੈ ਕਿ ਉਹ ਆਪਣਾ ਫੀਲਡ ਵਰਕ ਬਿਹਤਰ ਢੰਗ ਨਾਲ ਕਰੇ। ਹੋਰ ਭਾਸ਼ਾਵਾਂ ਵਿਚ ਸਰਬਸੰਮਤੀ ਨਾਲ ਸਨਮਾਨ ਦਿੱਤੇ ਗਏ ਹਨ। ਕੀ ਅਸੀਂ ਨਹੀਂ ਇੰਝ ਕਰ ਸਕਦੇ? ਸਾਡੇ ਕੋਲ ਬਲਜਿੰਦਰ ਮਾਨ, ਸਰਬਜੀਤ ਬੇਦੀ ਵਰਗੇ ਕਿੰਨੇ ਹੀ ਲੇਖਕ ਹਨ ਜਿਨ੍ਹਾਂ ਨੇ ਸੰਸਥਾਵਾਂ ਜਿੰਨਾ ਕੰਮ ਕੀਤਾ ਹੈ।

ਮੈਂ ਤਿੰਨ ਨਹੀਂ ਵੱਧ ਕਿਤਾਬਾਂ ਦੇ ਵੇਰਵੇ ਦੇਣਾ ਚਾਹੁੰਦਾ ਹਾਂ-1. ਗਾਉਣ ਵਾਲਾ ਫੁੱਲ (ਸੁਖਬੀਰ), ਛੱਪੜ ਤੇ ਅਸਮਾਨ (ਸੁਖਬੀਰ), ਬਾਤ ਬੁਝਾਰਤਾਂ (ਗੁਰਬਚਨ ਸਿੰਘ ਭੁੱਲਰ), ਕਥਾ ਮਹਾਂ-ਬਿਰਛਾਂ ਦੀ), ਆਓ ਅਮਰੀਕਾ ਚੱਲੀਏ (ਗੁਰਬਚਨ ਸਿੰਘ ਭੁੱਲਰ), ਪੰਚ ਪ੍ਰਮੇਸ਼ਵਰ (ਗੁਰਮੀਤ ਕੜਿਆਲੀ), ਫੁੱਲ ਤਿਤਲੀਆਂ , ਬੱਚੇ (ਪ੍ਰੇਮ ਸਰੂਪ ਛਾਜਲੀ), ਪੰਜਾਬੀ ਕੈਦਾ (ਚਰਨ ਪੁਆਧੀ), ਸਾਡੀ ਕਿਤਾਬ (ਪਾਲੀ ਖਾਦਿਮ) ਘੱਟੋ ਘੱਟ 48 ਪੰਨੇ ਅਤੇ 3 ਕਿਤਾਬਾਂ ਛਪੀਆਂ ਹੋਣ ਦੀ ਸ਼ਰਤ ਬਾਰੇ ਪੂਰਾ ਇਲਮ ਨਹੀਂ। ਬਾਲ ਪੁਸਤਕਾਂ ਲਈ 48 ਪੰਨਿਆਂ ਵਾਲੀ ਸ਼ਰਤ ਠੀਕ ਨਹੀਂ ਹੈ। ਇੰਝ ਪੁਸਤਕ ਵਿੱਚ ਰਲ਼ਾਅ ਪੈਣ ਲੱਗਦਾ ਹੈ। ਉਂਝ 48 ਪੰਨੇ ਤੇ ਤਿੰਨ ਕਿਤਾਬਾਂ ਦੀ ਸ਼ਰਤ ਪੂਰੀ ਕਰਨ ਵਾਲੇ ਅਨੇਕ ਬਾਲ ਲੇਖਕ ਹਨ। ਸਾਡਾ ਮਕਸਦ ਤਾਂ ਵਧੀਆ ਸਾਹਿਤ ਦੇ ਉਤਸਾਹਤ ਤੋਂ ਹੈ। ਇਸ ਲਈ ਸ਼ਰਤਾਂ ਨਰਮ ਚਾਹੀਦੀਆਂ ਹਨ ਪਰ ਕੁਆਲਿਟੀ ਨੂੰ ਪਹਿਲ ਮਿਲੇ। ਸਮੁੱਚੀ ਦੇਣ ਨੂੰ ਵੀ ਧਿਆਨ ਹਿੱਤ ਰੱਖਣਾ ਚਾਹੀਦਾ ਹੈ। ਇਹ ਕੋਈ ਮਸ਼ੀਨੀ ਕਾਰਜ ਨਹੀਂ ਕਿ ਪਿਛਲੇ 6 ਸਾਲਾਂ 'ਚ ਗਿਰਾਵਟ ਆ ਗਈ। ਪਹਿਲਾਂ ਤੋਂ ਹੁਣ ਤੱਕ ਲਿਖੇ ਗਏ ਸਾਹਿਤ ਵਿਚ ਮਿਆਰ ਦਾ ਹਰ ਪੱਧਰ ਹੁੰਦਾ ਹੀ ਹੈ। ਕੀ ਅਸੀਂ ਇਹ ਕਹੀਏ ਕਿ ਜਸਬੀਰ ਭੁੱਲਰ, ਗੁਰਬਚਨ ਸਿੰਘ ਭੁੱਲਰ, ਸੁਖਦੇਵ ਮਾਦਪੁਰੀ, ਕਮਲਜੀਤ ਨੀਲੋਂ ਆਦਿ ਨੇ ਪਹਿਲਾਂ ਵਧੀਆ ਲਿਖਿਆ ਪਰ ਪਿਛਲੇ 6 ਸਾਲਾਂ ਤੋਂ ਮਾੜਾ ਲਿਖ ਰਹੇ ਹਨ। ਹੁਣ ਵੀ ਵਧੀਆ ਲਿਖਿਆ ਜਾ ਰਿਹਾ ਹੈ।

ਜਿਊਰੀ ਦਾ ਹੋਣਾ ਤੇ ਕਿਤਾਬਾਂ ਜਿਊਰੀ ਕੋਲ ਜਾਣੀਆਂ ਜ਼ਰੂਰੀ ਹਨ। ਇਹ ਗੱਲ ਗ਼ਲਤ ਹੈ ਕਿ ਪੰਜਾਬੀ ਬਾਲ ਸਾਹਿਤ ਦੀਆਂ ਕਿਤਾਬਾਂ ਅਕਾਦਮੀ ਦੇ ਨਿਯਮਾਂ ਤੇ ਬਾਲ ਮਿਆਰਾਂ ਤੇ ਖ਼ਰੀਆਂ ਉਤਰਨ ਵਾਲੀਆਂ ਨਹੀਂ ਸਨ। ਨਾ ਮਿਹਨਤ ਕੀਤੀ, ਨਾ ਦਿਆਨਤਦਾਰੀ ਦਿਖਾਈ। **(98761-55530)**

# ਰੀਵਿਊ : ਸਰੋਜ ਦਾ ਬਾਲ-ਨਾਵਲ 'ਗਿਆਨ ਦੇ ਪਾਂਧੀ'


## - ਗੁਰਬਚਨ ਸਿੰਘ ਭੁੱਲਰ

ਬਾਲ-ਨਾਵਲ 'ਗਿਆਨ ਦੇ ਪਾਂਧੀ' ਮਿਲਿਆ ਤਾਂ ਇਸ ਦੀ ਲੇਖਿਕਾ ਬੀਬੀ ਸਰੋਜ ਦਾ ਨਾਂ ਮੇਰੇ ਲਈ ਅਸਲੋਂ ਹੀ ਨਵਾਂ ਸੀ। ਦੇਖਿਆ ਤਾਂ ਇਹ ਬਾਲ-ਨਾਵਲ ਜੀਵਨ ਵਿੱਚੋਂ ਲਈ ਹੋਈ ਕਥਾ ਨੂੰ ਪੇਸ਼ ਕਰਨ ਵਾਲੀ ਮੌਲਿਕ ਰਚਨਾ ਸੀ। ਬਾਲ-ਸਾਹਿਤ ਦੇ ਸੰਬੰਧ ਵਿਚ ਮੇਰੀ ਬੇਚੈਨੀ ਦਾ ਇਕ ਕਾਰਨ ਇਹ ਰਿਹਾ ਹੈ ਕਿ ਇਹਦਾ ਵੱਡਾ ਹਿੱਸਾ ਮੌਲਿਕ ਰਚਨਾ ਹੋਣ ਦੀ ਥਾਂ ਪੁਨਰ-ਕਥਨ ਅਤੇ ਕਈ ਵਾਰ ਤਾਂ ਪੁਨਰ-ਪੁਨਰ-ਕਥਨ ਹੁੰਦਾ ਹੈ। ਮੁੱਢਲੇ ਦੌਰ ਦੇ ਬਾਲ-ਲੇਖਕਾਂ ਦੀ ਲਗਨ ਸਦਕਾ ਪੰਜਾਬੀ ਬਾਲ-ਪਾਠਕਾਂ ਨੂੰ ਲਿਖਿਤ ਸਾਹਿਤ ਤਾਂ ਪਰਾਪਤ ਹੋਇਆ, ਪਰ ਉਹਨਾਂ ਨੇ ਬਹੁਤਾ ਕਰ ਕੇ ਪੰਚਤੰਤਰ ਜਿਹੇ ਪੁਰਾਤਨ ਕਥਾ-ਸੋਮਿਆਂ, ਬਾਤਾਂ, ਸਾਖੀਆਂ ਅਤੇ ਅਨੁਵਾਦਾਂ ਉੱਤੇ ਟੇਕ ਰੱਖੀ, ਜਿਸਦਾ ਇਕ ਨਾਂਹਮੁਖੀ ਅਸਰ ਇਹ ਪਿਆ ਕਿ ਕਾਫ਼ੀ ਲੰਮੇ ਸਮੇਂ ਤੱਕ ਸਾਡੇ ਅਗਲੇ ਬਾਲ-ਸਾਹਿਤ ਲੇਖਕਾਂ ਨੇ ਵੀ ਇਹੋ ਰਾਹ ਅਪਣਾਈ ਰੱਖਿਆ। ਅਜੇ ਵੀ ਅਜਿਹੇ ਲੇਖਕਾਂ ਦੀ ਕੋਈ ਘਾਟ ਨਹੀਂ। ਕਈ ਬੇਸਮਝ ਲੋਕ ਤਾਂ ਬਾਲ-ਸਾਹਿਤ ਲਿਖਣ ਨੂੰ ਚੁਟਕੀ-ਮਾਰਵਾਂ ਕੰਮ ਸਮਝਦੇ ਅਤੇ ਆਖਦੇ ਹਨ। ਹੋਰ ਕੁਝ ਨਹੀਂ ਲਿਖਿਆ ਜਾ ਰਿਹਾ, ਚਲੋ ਮੋਰ, ਤੋਤੇ ਜਾਂ ਬੁੱਢੀ ਨਾਨੀ ਬਾਰੇ ਹੀ ਤੁਕਬੰਦੀ ਕਰ ਛੱਡੀਏ !

ਅਜਿਹੇ ਬਾਲ-ਸਾਹਿਤ ਦਾ ਨਾ ਕੋਈ ਸਾਹਿਤਕ ਮਹੱਤਵ ਹੈ ਅਤੇ ਨਾ ਹੀ ਇਹ ਬਾਲਾਂ ਲਈ ਮਾਨਸਿਕ ਖਿੱਚ ਦਾ ਵਸੀਲਾ ਬਣ ਕੇ ਉਹਨਾਂ ਨੂੰ ਸਾਹਿਤ ਨਾਲ ਜੋੜ ਸਕਦਾ ਹੈ। ਸਾਹਿਤ ਵਿਚ ਕੋਈ ਵੀ ਵਿਸ਼ਾ ਪੁਰਾਣਾ ਜਾਂ ਵਰਜਿਤ ਨਹੀਂ ਹੁੰਦਾ ਪਰ ਜੇ ਉਸ ਵਿਚ ਕੋਈ ਨਵੀਨਤਾ ਲਿਆਂਦੀ ਜਾਵੇ, ਉਸ ਨੂੰ ਕਿਸੇ ਨਵੇਂ ਕੋਣ ਤੋਂ ਦੇਖਿਆ ਤੇ ਪੇਸ਼ ਕੀਤਾ ਜਾਵੇ। ਸਭ ਤੋਂ ਪਹਿਲਾਂ ਇਹ ਸਮਝਣਾ ਜ਼ਰੂਰੀ ਹੈ ਕਿ ਬਾਲ-ਸਾਹਿਤ ਦੀ ਰਚਨਾ ਕੋਈ ਬਾਲਾਂ ਦੀ ਖੇਡ ਨਹੀਂ। ਇਹ ਗੰਭੀਰ ਕਲਮੀ ਕਾਰਜ ਹੈ ਜੋ ਲੇਖਕ ਤੋਂ ਮਨੋਵਿਗਿਆਨਕ ਸਮਝ ਵੀ ਲੋੜਦਾ ਹੈ ਅਤੇ ਸਾਹਿਤਕ ਸੁਚੱਜ ਵੀ।

ਬਾਲ-ਨਾਵਲ **'ਗਿਆਨ ਦੇ ਪਾਂਧੀ'** (**ਪ੍ਰਕਾਸ਼ਕ**: **ਪਰਵਾਜ਼ ਪ੍ਰਕਾਸ਼ਨ**, **ਜਲੰਧਰ**, **ਮੁੱਲ**: 150, **ਪੰਨੇ**: **96**, **ਸਾਲ**: 2021) ਇਹਨਾਂ ਪਰਖਾਂ ਉੱਤੇ ਖਰਾ ਉੱਤਰਦਾ ਹੈ। ਇਸਦੀ ਕਥਾ ਸਕੂਲਆਧਾਰਿਤ ਹੈ ਅਤੇ ਸਕੂਲ, ਬਿਨਾਂ-ਸ਼ੱਕ, ਬੱਚੇ ਦੇ ਵਿਕਾਸ ਉੱਤੇ ਘਰ ਅਤੇ ਸਮਾਜ ਨਾਲੋਂ ਵੀ ਵੱਧ ਅਸਰ ਪਾਉਂਦਾ ਹੈ। ਘਰ ਅਤੇ ਸਮਾਜ ਨਾਲੋਂ ਸਕੂਲ ਵਿਚ ਸਮਾਂ ਭਾਵੇਂ ਘੱਟ ਬੀਤਦਾ ਹੋਵੇ ਪਰ ਇਹ ਬਾਲਾਂ ਦੇ ਆਪਣੇ ਵਿਚਕਾਰ ਅਤੇ ਬਾਲਾਂ ਤੇ ਅਧਿਆਪਕਾਂ ਵਿਚਕਾਰ ਲਗਾਤਾਰ ਅੰਤਰ-ਅਮਲ ਨਾਲ ਭਰਪੂਰ ਹੁੰਦਾ ਹੈ। ਇਸ ਨਾਵਲ ਵਿਚੋਂ ਇਹ ਅੰਤਰ-ਅਮਲ ਵੀ ਦਿਸਦਾ ਹੈ ਅਤੇ ਬਾਲਾਂ ਦੀ ਸ਼ਖ਼ਸੀਅਤ ਉੱਤੇ ਇਸ ਅੰਤਰ-ਅਮਲ ਦੇ ਪ੍ਰਭਾਵ ਵੀ ਉਜਾਗਰ ਹੁੰਦੇ ਹਨ।

ਇਸ ਤੱਥ ਦੇ ਨਤੀਜੇ ਵਜੋਂ ਇਹ ਨਾਵਲ ਕੇਵਲ 'ਬਾਲਾਂ ਵਾਸਤੇ' ਹੀ ਨਹੀਂ ਰਹਿ ਗਿਆ, 'ਬਾਲਾਂ ਬਾਰੇ' ਵੀ ਹੋ ਗਿਆ ਹੈ ਜੋ ਵੱਡਿਆਂ ਨੂੰ ਬਾਲਾਂ ਦੀ ਸ਼ਖ਼ਸੀਅਤ ਦੇ ਵਿਕਾਸ ਉੱਤੇ ਝਾਤ ਪੁਆਉਂਦਾ ਹੈ। ਇਸ ਤਰ੍ਹਾਂ ਉਹ ਬਾਲਾਂ ਨਾਲ ਵਿਹਾਰ ਬਾਰੇ ਬਹੁਤ ਕੁਝ ਜਾਣ, ਸਿੱਖ ਤੇ ਸੋਚ ਸਕਦੇ ਹਨ। ਬਾਲਾਂ ਦੇ ਵਿਕਾਸ ਵਿਚ ਸਹਾਇਕ ਬਣਨ ਲਈ ਬਾਲ-ਸਾਹਿਤ ਦੇ ਲੇਖਕਾਂ ਦਾ ਅਤੇ ਬਾਲਾਂ ਦੇ ਪਰਿਵਾਰਕ ਵਡਿਆਂ ਦਾ ਇਸ ਦੌਰ ਦੇ ਬੱਚਿਆਂ ਦੀ ਮਾਨਸਿਕਤਾ ਨੂੰ ਅਤੇ ਉਹਨਾਂ ਦੇ ਦਿਮਾਗ਼ੀ ਮਿਆਰ ਨੂੰ ਜਾਣਨਾ ਬਹੁਤ ਜ਼ਰੂਰੀ ਹੈ। ਜਿਵੇਂ ਇਸ ਨਾਵਲ ਤੋਂ ਵੀ ਪ੍ਰਤੱਖ ਹੈ, ਉਹਨਾਂ ਦਾ ਬੌਧਿਕ ਪੱਧਰ, ਸਦੀਆਂ ਤਾਂ ਛੱਡੋ, ਕੁਝ ਦਹਾਕੇ ਪਹਿਲਾਂ ਦੇ ਆਪਣੇ ਹਾਣੀਆਂ ਨਾਲੋਂ ਕਿਆਸੋਂ ਬਾਹਰੀ ਹੱਦ ਤੱਕ ਉੱਚਾ ਹੈ। ਸੂਚਨਾ ਦੇ ਵਿਸਫੋਟ ਨੇ ਉਹਨਾਂ ਉਤੇ ਕਰਾਮਾਤੀ ਪ੍ਰਭਾਵ ਪਾਇਆ ਹੈ। ਅੱਜ ਦੇ ਬਾਲਾਂ ਨੂੰ ਤਾਂ ਇਹ ਪਤਾ ਵੀ ਨਹੀਂ ਕਿ ਕਿਸੇ ਸਮੇਂ ਲੋਕਾਂ




ਲਈ 30-40 ਕੋਹ ਤੋਂ ਅੱਗੇ ਕੋਈ ਦੁਨੀਆ ਹੀ ਨਹੀਂ ਸੀ ਹੁੰਦੀ ਅਤੇ ਸੰਚਾਰ ਤੇ ਸੰਪਰਕ ਦੀ ਘਾਟ ਕਾਰਨ ਬਾਗੀਂ ਕੋਹੀਂ ਬੋਲੀ ਬਦਲ ਜਾਂਦੀ ਸੀ।" ਅੱਜ ਬਾਲਾਂ ਦੀ ਬੁੱਧੀ ਅਨੁਸਾਰ ਉਹਨਾਂ ਲਈ ਸਾਹਿਤ ਦੇ ਵਿਸ਼ੇ ਤੇ ਨਿਭਾਅ ਬਾਰੇ ਸਾਨੂੰ ਬਹੁਤ ਸਾਵਧਾਨੀ ਵਰਤਣ ਦੀ ਲੋੜ ਹੈ। ਉਹਨਾਂ ਦੀਆਂ ਮਾਨਸਿਕ-ਬੌਧਿਕ ਲੋੜਾਂ ਬਦਲ ਗਈਆਂ ਹਨ ਕਹਿੰਦੇ ਹਨ ਕਿ ਕਾਂਉਣੀ ਆਪਣੇ ਬੱਚੇ ਨੂੰ ਸਿਖਿਆ ਦੇਣ ਲੱਗੀ, "ਜੇ ਕਦੀ ਤੈਨੂੰ ਦੇਖ ਕੇ ਆਦਮੀ ਧਰਤੀ ਵੱਲ ਅਹੁਲੇ ਤਾਂ ਉੱਡ ਜਾਈਂ, ਕਿਉਂਕਿ ਉਹ ਤੇਰੇ ਮਾਰਨ ਲਈ ਰੋੜਾ ਚੁੱਕੇਗਾ। ਉਹਦਾ ਬੱਚਾ ਬੋਲਿਆ, ਮਾਂ, ਪਰ ਜੇ ਰੋੜਾ ਪਹਿਲਾਂ ਹੀ ਉਹਦੇ ਹੱਥ ਵਿਚ ਹੋਵੇ?" ਅੱਜ ਸਾਡੇ ਬੱਚਿਆਂ ਦਾ ਵੀ ਇਹੋ ਹਾਲ ਹੈ। ਅਸੀਂ ਆਪਣੇ ਬਾਲਪਨ ਵਿਚ ਤਿਹਾਏ ਕਾਂ ਦਾ ਨੀਵੇਂ ਪਾਣੀ ਨੂੰ ਕੰਕਰਾਂ ਨਾਲ ਉੱਚਾ ਕਰ ਕੇ ਪੀਣਾ ਕਿਸੇ ਵੀ ਕਿੰਤੂ-ਪ੍ਰੰਤੂ ਤੋਂ ਬਿਨਾਂ ਪੜ੍ਹਦੇ ਸੀ ਜੇ ਤੁਸੀਂ ਇਹ ਕਹਾਣੀ ਅੱਜ ਦੇ ਬਾਲ ਨੂੰ ਸੁਣਾਉਗੇ ਤਾਂ ਹੋ ਸਕਦਾ ਹੈ ਕਿ ਉਲਟਾ ਉਹ ਤੁਹਾਡੀ ਜਾਣਕਾਰੀ ਵਿਚ ਇਹ ਆਖ ਕੇ ਵਾਧਾ ਕਰ ਦੇਵੇ ਕਿ ਏਨੇ ਕੰਕਰ-ਠੀਕਰੀਆਂ ਤਾਂ ਕਾਂ ਦੀ ਚੁੰਝ ਉਸ ਤੱਕ ਪੁੱਜਣ ਤੋਂ ਪਹਿਲਾਂ ਹੀ ਪਾਣੀ ਨੂੰ ਸੋਕ ਜਾਣਗੇ।

ਇਸ ਰਚਨਾ ਤੋਂ ਸਪੱਸ਼ਟ ਹੁੰਦਾ ਹੈ ਕਿ ਬੀਬੀ ਸਰੋਜ ਨੇ ਦੋ ਦਹਾਕਿਆਂ ਤੋਂ ਵੱਧ ਦਾ ਸਮਾਂ ਆਮ ਅਧਿਆਪਕਾਂ ਵਾਂਗ ਵਿਦਿਆਰਥੀਆਂ ਨੂੰ ਪਾਠ-ਪੁਸਤਕਾਂ ਪੜ੍ਹਾ ਕੇ ਨੌਕਰੀ ਨਿਭਾਉਂਦਿਆਂ ਹੀ ਨਹੀਂ ਬੀਤਾਇਆ ਸਗੋਂ ਇਕ ਮਨੋਵਿਗਿਆਨੀ ਵਾਂਗ ਬਾਲਾਂ ਦੇ ਵਿਕਾਸ ਨੂੰ, ਉਹਨਾਂ ਵਿਚ ਚੰਗੀਆਂ-ਮਾੜੀਆਂ ਆਦਤਾਂ ਪੈਦਾ ਹੋਣ ਨੂੰ ਦੇਖਦਿਆਂ ਤੇ ਨਿਰਖਦਿਆਂ ਬੀਤਾਇਆ ਹੈ। ਇਸੇ ਦਾ ਨਤੀਜਾ ਇਹ ਬਾਲ-ਨਾਵਲ ਹੈ। ਬਾਲਾਂ ਦੇ ਨਾਲ ਨਾਲ ਇਹ ਅਧਿਆਪਕਾਂ ਤੇ ਮਾਪਿਆਂ ਵੱਲੋਂ ਵੀ ਪੜ੍ਹਿਆ ਜਾਣਾ ਚਾਹੀਦਾ ਹੈ ਤਾਂ ਜੋ ਉਹ ਬਾਲ-ਵਿਕਾਸ ਵਿਚ ਹਾਂਮੁਖ ਭੂਮਿਕਾ ਨਿਭਾ ਸਕਣ। ਆਸ ਹੈ, ਬੀਬੀ ਸਰੋਜ ਆਪਣੇ ਲੰਮੇ ਅਨੁਭਵ ਵਿੱਚੋਂ ਅਜਿਹੀਆਂ ਹੋਰ ਰਚਨਾਵਾਂ ਵੀ ਦਿੰਦੀ ਰਹੇਗੀ ਜੋ ਬਾਲਾਂ ਦੇ ਅਤੇ ਇਉਂ ਸਾਡੇ ਭਵਿੱਖੀ ਸਮਾਜ ਦੇ ਭਲੇ ਵਿਚ ਹਿੱਸਾ ਪਾ ਸਕਣਗੀਆਂ। (**ਸੰਪਰਕ 80763-63058**)

ਸ਼ਬਦ ਚਿੱਤਰ

# ਇਕ ਘਰ ਜੀਹਦਾ ਨਾਮ ਮੁਹੱਬਤ:ਡਾ.ਗੁਰਮਿੰਦਰ ਸਿੱਧੂ



**ਜਸਬੀਰ ਭੁੱਲਰ**

ਮੈਂ ਗਾਹੇ-ਬਗਾਹੇ ਆਪਣਾ ਰਾਹ ਬਦਲ ਲੈਂਦਾ ਸਾਂ ਤਾਂ ਕਿ ਸਵੇਰ ਦੀ ਸੈਰ ਬੋਰੀਅਤ ਨਾ ਬਣੇ।

ਇਕ ਕੋਠੀ ਨਿੱਤ ਮੇਰੇ ਰਾਹ ਵਿਚ ਆਉਂਦੀ ਸੀ।ਉਹ ਕੋਠੀ ਵੀ ਆਮ ਕੋਠੀਆਂ ਵਾਂਗੂੰ ਹੀ ਇੱਟਾਂ ਅਤੇ ਸੀਮਿੰਟ ਦੀ ਬਣੀ ਹੋਈ ਸੀ।

ਉਸ ਕੋਠੀ ਦੇ ਗੇਟ ਦੀ ਬੁਰਜੀ ਉੱਤੇ 'ਮੁਹੱਬਤ' ਲਿਖਿਆ ਹੋਇਆ ਸੀ ਕਿਸੇ ਕੋਠੀ ਦਾ ਇਹੋ ਜਿਹਾ ਨਾਮ ਨਾ ਮੈਂ ਪਹਿਲੋਂ ਕਦੀ ਸੁਣਿਆ ਸੀ ਅਤੇ ਨਾ ਹੀ ਕਿਧਰੇ ਪੜ੍ਹਿਆ ਸੀ।

ਮੈਂ ਸੋਚਿਆ,ਕੀ ਪਤਾ ਉਹ ਕੋਠੀ ਘਰ ਹੀ ਹੋਵੇ।

ਸ਼ਹਿਰ ਦੀਆਂ ਕੋਠੀਆਂ ਦੀ ਘੜਮੱਸ ਵਿੱਚ ਟਾਵੇਂ ਟੱਲੇ ਘਰ ਵੀ ਤਾਂ ਹੁੰਦੇ ਹੀ ਹੋਣਗੇ।

ਮੁਹਾਲੀ ਸ਼ਹਿਰ ਵਿਚ ਕੋਠੀਆਂ ਦੇ ਨਾਮ ਕੁਝ ਹੋਰੂੰ ਜਿਹੇ ਸਨ, ਮਸਲਨ ਆਲ੍ਹਣਾ, ਮੇਰੀ ਕੁੱਲੀ, ਇਹ ਭੀ ਦਾਤੁ ਤੇਰੀ ਦਾਤਾਰ, ਇਸ ਮੇਂ ਮੇਰਾ ਕਿਛੁ ਨਹੀਂ,ਅਤੇ..... ਸ਼ਹਿਰ ਦੇ ਇਕ ਮੋਹਤਬਰ ਨੇ ਤਾਂ ਹੋਰ ਹੱਦ ਕੀਤੀ ਹੋਈ ਸੀ।ਉਹਨੇ ਕਾਲੀ ਕਮਾਈ ਨਾਲ ਚਿੱਟੇ ਰੰਗ ਦੀ ਕੋਠੀ ਬਣਵਾ ਲਈ ਸੀ ਤੇ ਫਿਰ ਕੋਠੀ ਦੇ ਮੱਥੇ ਉੱਤੇ ਮੋਟੇ ਅੱਖਰਾਂ ਵਿਚ ਲਿਖ ਦਿੱਤਾ, 'ਅਬ ਰੱਛਾ ਮੇਰੀ ਤੁਮ ਕਰੋ'



ਉਥੇ ਮੁਹੱਬਤ ਕੁਸ਼ ਅਜੀਬ ਲੱਗਦੀ ਸੀ।

ਉਸ ਕੋਠੀ ਅੱਗੋਂ ਲੰਘਦਿਆਂ ਮੈਂ ਕਵਿਤਾ ਬੁਣਨ ਲੱਗ ਪੈਂਦਾ ਸਾਂ :

ਰੁਮਕਦੀ ਪੌਣ ਵਿੱਚ
ਇਕ ਘਰ
ਜੀਹਦਾ ਨਾਮ ਮੁਹੱਬਤ

ਫੇਰ ਉਹ ਘਰ ਮੇਰਾ ਦੋਸਤ ਹੋ ਗਿਆ ਸੀ।

ਮੁਹੱਬਤ ਦੇ ਉਸ ਘਰ ਦਾ ਇਕ ਹੋਰ ਨਾਂ ਡਾਕਟਰ ਗੁਰਮਿੰਦਰ ਸਿੱਧੂ ਵੀ ਸੀ ਤੇ ਡਾਕਟਰ ਬਲਦੇਵ ਸਿੰਘ ਖਹਿਰਾ ਵੀ।ਦੋਹਾਂ ਨਾਵਾਂ ਵਿਚਕਾਰ ਕੋਈ ਲੀਕ ਨਹੀਂ ਸੀ।ਜੇ ਕੋਈ ਲੀਕ ਹੁੰਦੀ ਤਾਂ ਮੈਂ ਉਹਨਾਂ ਨੂੰ ਵੱਖਰੀਆਂ-ਵੱਖਰੀਆਂ ਕੁਰਸੀਆਂ ਉੱਤੇ ਬਿਠਾ ਦੇਣਾ ਸੀ, ਫੇਰ ਪੁੱਛਣਾ ਸੀ, "ਬਈ, ਮੈਂ ਤਾਂ ਸੁਣਿਆ ਹੈ, ਮੁਹੱਬਤ ਦਾ ਕੋਈ ਘਰ ਨਹੀਂ ਹੁੰਦਾ,ਸਿਰਫ ਹਵਾ ਹੁੰਦੀ ਹੈ।"

ਮੈਨੂੰ ਪਤਾ ਹੈ, ਮੇਰੇ ਸੁਆਲ ਦੇ ਜੁਆਬ ਵਿਚ ਉਹਨਾਂ ਖਿੜਖਿੜਾ ਕੇ ਹੱਸ ਪੈਣਾ ਸੀ।ਦਰਅਸਲ ਉਹਨਾਂ ਨੂੰ ਕੀਤੇ ਗਏ ਹਰ ਸੁਆਲ ਦਾ ਜੁਆਬ ਉਹਨਾਂ ਦੇ ਜਿਉਣ ਦੇ ਰਾਗ ਵਿਚ ਲੁਕਿਆ ਹੁੰਦਾ ਹੈ।

ਜੇ ਉਹਨਾਂ ਦੇ ਕੋਲ ਬੈਠ ਜਾਈਏ ਤਾਂ ਮੁਹੱਬਤ ਦਿਲ ਵਾਂਗੂੰ ਧੜਕਦੀ ਹੋਈ ਸੁਣਦੀ ਹੈ।

*****

ਉਹ ਘਰ ਮੇਰੇ ਘਰ ਤੋਂ ਬਹੁਤੀ ਦੂਰ ਨਹੀਂ।

ਇਕ ਦਿਨ ਉਹਨਾਂ ਨੂੰ ਮਿਲਣ ਨੂੰ ਜੀਅ ਕੀਤਾ।ਮੈਂ ਮੁਹੱਬਤ ਵਾਲੀ ਬੁਰਜੀ ਦੇ ਹੇਠਾਂ ਲੱਗਾ

ਹੋਇਆ ਕਾਲ ਬੈੱਲ ਦਾ ਬਟਨ ਦੱਬ ਦਿੱਤਾ। ਜਪੁਜੀ ਸਾਹਿਬ ਦੀ ਪਹਿਲੀ ਪਾਉੜੀ ਦਾ ਪਾਠ ਆਰੰਭ ਹੋ ਗਿਆ।

ਲੋਹੇ ਦਾ ਗੇਟ ਚੌੜ-ਚੁਪੱਟ ਖੁੱਲ੍ਹ ਗਿਆ।

"ਵਾਹ !....ਕਮਾਲ!" ਮੈਂ ਕਿਹਾ।

ਡਾਕਟਰ ਖਹਿਰਾ ਖਿੜ-ਪੁੜ ਗਿਆ।

"ਵੇਖੀ ਐ ਕਦੀ ਇਹੋ ਜਿਹੀ ਕਾਲ-ਬੈੱਲ ਜਿਹੜੀ ਜਪੁਜੀ ਸਾਹਿਬ ਦਾ ਪਾਠ ਕਰਦੀ ਹੋਵੇ?"

ਇਹੋ ਜਿਹੀ ਕਾਲ-ਬੈੱਲ ਮੈਂ ਸੱਚਮੁੱਚ ਹੀ ਕਦੀ ਨਹੀਂ ਸੀ ਵੇਖੀ।

ਉਹਨਾਂ ਦੋਹਾਂ ਜੀਆਂ ਨੂੰ ਨਿੱਕੀਆਂ ਨਿੱਕੀਆਂ ਗੱਲਾਂ ਵਿੱਚੋਂ ਖ਼ੁਸ਼ੀ ਲੱਭ ਲੈਣ ਦੀ ਮੁਹਾਰਤ ਹਾਸਲ ਹੈ। ਉਹਨਾਂ ਦਾ ਚਾਅ ਵੇਖ ਕੇ ਜੀਅ ਕਰਦਾ ਹੈ, ਮਨ ਬਾਲ ਹੋ ਜਾਵੇ।

ਮੈਂ ਡਾਕਟਰ ਖਹਿਰਾ ਦੇ ਪਿੱਛੇ ਪਿੱਛੇ ਅੰਦਰ ਚਲਿਆ ਗਿਆ।

ਬੈਠਕ ਦੇ ਬੂਹੇ ਦੇ ਐਨ ਸਾਹਮਣੇ ਲੱਗੇ ਪੋਸਟਰ ਨੇ ਮੈਨੂੰ 'ਜੀ ਆਇਆਂ' ਦੇ ਬੋਲ ਕਹੇ:

ਦਿਨ ਅੱਜ ਦਾ ਖੁਸ਼ੀ ਦੇ ਰੰਗ ਵਰਗਾ<br>
ਗੋਰੀ ਵੀਣੀ 'ਚ ਛਣਕਦੀ ਵੰਗ ਵਰਗਾ<br>
ਆਓ ਬੰਨ੍ਹੀਏ ਸਮਾਂ ਰੁਮਾਲ ਦੇ ਵਿੱਚ<br>
ਕਦੀ ਗੁੜ ਵਰਗਾ, ਕਦੀ ਖੰਡ ਵਰਗਾ।

ਬੈਠਕ ਦੀ ਵੱਡੀ ਕੰਧ ਉੱਤੇ ਸਮੁੰਦਰ ਦਾ ਚਿੱਤਰ-ਸੀ ਚਿੱਤਰ ਉੱਤੇ ਦਿਸਹੱਦੇ ਵੱਲ ਪਹਾੜ ਦਿਸਦੇ ਸਨ ਸਮੁੰਦਰ ਸ਼ਾਂਤ ਸੀ। ਤਿੰਨ ਉੱਚੀਆਂ-ਲੰਮੀਆਂ ਖਜੂਰਾਂ ਸਮੁੰਦਰ ਵੱਲ ਝੁਕੀਆਂ ਹੋਈਆਂ ਸਨ। ਖਲੋਤੀ ਹੋਈ ਹਵਾ ਰੁਮਕ ਰਹੀ ਪ੍ਰਤੀਤ ਹੁੰਦੀ ਸੀ।

ਪੋਸਟਰਾਂ ਉੱਤੇ ਲਿਖੇ ਕਾਵਿ-ਬੋਲ ਪੜ੍ਹਦਾ ਮੈਂ ਇਕ ਸ਼ੇਅਰ ਸਾਹਵੇਂ ਖਲੋ ਗਿਆ:

"ਮੁਹੱਬਤ ਧਰਤ, ਕੰਧਾਂ, ਤੇ ਮੁਹੱਬਤ ਦੀ ਹੀ ਛੱਤ ਦੇਣੀ<br>
ਕਿਸੇ ਨਹੀਂ ਵਾਂਗਰਾਂ ਤੇਰੇ ਵਫਾ ਨੂੰ ਵਰਤਿਆ ਹੋਣਾ।"

ਇਹ ਸ਼ੇਅਰ ਉਸੇ ਲਈ ਸੀ, ਜੀਹਦਾ ਹੱਥ ਫੜ ਕੇ ਗੁਰਮਿੰਦਰ ਹਯਾਤੀ ਦੇ ਲੰਮੇ ਪੈਂਡੇ ਵੱਲ ਤੁਰੀ ਸੀ।

ਜਗਿਆਸਾ ਦੀ ਕਰੂੰਬਲ ਫੁੱਟੀ ਤੋਂ ਬੋਲ ਝਾਂਜਰਾਂ ਵਾਂਗੂੰ ਛਣਕੇ,

"ਡਾਕਟਰ ਸਾਹਿਬ ਦੇ ਪਾਪਾ ਵੀ ਫੌਜ ਵਿੱਚ ਸਨ ਤੇ ਮੇਰੇ ਪਾਪਾ ਦੇ ਦੋਸਤ ਸਨ। ਦੋਹਾਂ ਨੇ ਸੋਚਿਆ ਕਿ ਜੇ ਸਾਡੀ ਸਹਿਮਤੀ ਹੋਵੇ ਤਾਂ ਵਿਆਹ ਕਰ ਦਿੱਤਾ ਜਾਵੇ। ਡਾਕਟਰ ਸਾਹਿਬ ਉਦੋਂ ਫੌਜ ਵਿੱਚ ਕੈਪਟਨ ਸਨ ਇਕ ਦਿਨ ਅਚਾਨਕ ਉਹ ਹੋਸਟਲ ਵਿੱਚ ਮੈਨੂੰ ਮਿਲਣ ਆ ਗਏ। ਉਸ ਦਿਨ ਮੈਂ ਬੜੀ ਭੈੜੀ ਤਰ੍ਹਾਂ ਸਜੀ-ਸੰਵਰੀ ਹੋਈ ਸਾਂ। ਹੋਲੀ ਖੇਡਦਿਆਂ ਰੰਗ ਮੁੱਕ ਗਏ ਤਾਂ ਅਸੀਂ ਸਹੇਲੀਆਂ ਨੇ ਇੱਕ ਦੂਜੀ ਦੇ ਚਿਹਰਿਆਂ ਉੱਤੇ ਨੀਲੀ ਸਿਆਹੀ ਹੀ ਮਲ਼ ਦਿੱਤੀ ਸੀ ਮੂੰਹ ਧੋਤਿਆਂ ਉਹ ਰੰਗ ਉੱਤਰਿਆ ਨਹੀਂ ਸੀ ਸੋਚਿਆ ਕੋਈ ਘਰ ਦਾ ਹੀ ਹੋਣੈ ਮੈਂ ਹੇਠਾਂ ਗੈਸਟ ਰੂਮ ਵਿੱਚ ਆ ਗਈ, ਪਰ ਉਥੇ ਖੜ੍ਹੇ ਲੋਕਾਂ ਵਿੱਚ ਕੋਈ ਵੀ ਮੇਰੀ ਜਾਣ-ਪਛਾਣ ਦਾ ਨਹੀਂ ਸੀ। ਸਾਡੇ ਹੋਸਟਲ ਦੇ ਚੌਂਕੀਦਾਰ ਨੂੰ ਕੁਝ ਉੱਚਾ ਸੁਣਦਾ ਸੀ। ਉਹ ਅਕਸਰ ਇਕ ਦੀ ਥਾਂ ਕਿਸੇ ਦੂਜੀ ਕੁੜੀ ਨੂੰ ਬੁਲਾ ਲਿਆਉਣ ਦੀ ਗ਼ਲਤੀ ਕਰ ਦਿੰਦਾ ਸੀ। ਮੈਂ ਉਸ ਨੂੰ ਉੱਚੀ ਉੱਚੀ ਡਾਂਟਣ ਲੱਗੀ ਤਾਂ ਡਾਕਟਰ ਸਾਹਿਬ ਅੱਗੇ ਹੋ ਕੇ ਕਹਿਣ ਲੱਗੇ, "ਆਰ ਯੂ ਡਾਕਟਰ ਗੁਰਮਿੰਦਰ ? ...ਮੈਂ ਜੰਮੂ ਤੋਂ ਕੈਪਟਨ ਬਲਦੇਵ ਸਿੰਘ ਹਾਂ।" ਮੇਰੇ 'ਤੇ ਜਾਣੀ ਸੱਤ ਘੜੇ ਪਾਣੀ ਪੈ ਗਿਆ। ਨਾਮ ਤਾਂ ਸੁਣਿਆ ਹੋਇਆ ਸੀ, ਪਰ ਪਛਾਣ ਨਹੀਂ ਸੀ। ...ਤੇ ਫਿਰ ਇਹ ਪਛਾਣ ਇੰਨੀ ਗੂੜ੍ਹੀ

ਹੋ ਗਈ ਕਿ ਉਮਰ ਭਰ ਦੇ ਸਾਥ ਵਿੱਚ ਬਦਲ ਗਈ।"

ਗੱਲ ਸਿਰਫ ਏਨੀ ਕੁ ਨਹੀਂ ਸੀ।

ਡਾਕਟਰ ਗੁਰਮਿੰਦਰ ਦੀ ਕਹਾਣੀ ਕਦੀ ਅਗਾਂਹ ਤੁਰ ਪੈਂਦੀ ਤੇ ਕਦੀ ਪਿਛਾਂਹ ਤੁਰ ਪੈਂਦੀ।

ਲੁਧਿਆਣੇ ਜ਼ਿਲ੍ਹੇ ਦੇ ਇਕ ਪਿੰਡ ਸਿਧਵਾਂ ਬੇਟ ਦੀ ਜੰਮਪਲ ਕੁੜੀ ਨੇ ਪਿੰਡ ਦੇ ਸਕੂਲ ਤੋਂ ਦਸਵੀਂ ਪਾਸ ਕੀਤੀ ਤੇ ਮਨ ਹੀ ਮਨ ਡਾਕਟਰ ਬਣਨ ਬਾਰੇ ਸੋਚ ਲਿਆ।

ਇਹ ਉਸ ਕੁੜੀ ਦੇ ਸੁਪਨਿਆਂ ਦੀ ਉਮਰ ਸੀ।

ਕਵਿਤਾ ਨੇ ਆਖਿਆ, "ਮੈਂ ਤੇਰੇ ਨਾਲ ਜੰਮੀ ਹਾਂ,ਉਮਰ ਭਰ ਤੇਰੇ ਨਾਲ ਤੁਰਾਂਗੀ।"

ਉਹਦੀ ਇਕ ਉਂਗਲ ਕਵਿਤਾ ਨੇ ਫੜ ਲਈ ਤੇ ਦੂਜੀ ਡਾਕਟਰ ਬਣਨ ਦੇ ਦਾਈਏ ਨੇ।

ਡਾਕਟਰ ਗੁਰਮਿੰਦਰ ਨੇ ਦੱਸਿਆ, "ਮੇਰੀ ਬੇਬੇ ਇਕ ਗੱਲ ਕਹਿੰਦੀ ਹੁੰਦੀ ਸੀ...'ਭਜਾਈ ਚੱਲ ਘੋੜਾ ਕਦੇ ਤਾਂ ਪਿੰਡ ਆਊਗਾ, ਭਜਾਈ ਚੱਲ ਘੋੜਾ...।" ਮੈਂ ਇਹ ਬੋਲੀ ਏਨੀ ਵਾਰ ਸੁਣੇ ਕਿ ਮੇਰੇ ਲਹੂ ਵਿਚ ਰਮ ਗਈ। ਹੁਣ ਜਦੋਂ ਜ਼ਿੰਦਗੀ ਸਾਹਮਣੇ ਕੋਈ ਇਮਤਿਹਾਨ 'ਚ ਜਾਂ ਕੋਈ ਔਖਾ ਨਿਸ਼ਾਨਾ ਹੁੰਦੈ ਤਾਂ ਬਸ ਮੈਂ ਵੀ ਆਪਣਾ ਘੋੜਾ ਭਜਾਈ ਜਾਨੀ ਆਂ, ਇਹ ਸੋਚ ਕੇ ਕਿ ਕਦੀ ਤਾਂ ਪਿੰਡ ਆਊਗਾ ਈ ਆਊਗਾ ਤੇ ਸੱਚੀਂ-ਮੁੱਚੀਂ ਪਿੰਡ ਆ ਜਾਂਦੈ।"

ਡਾਕਟਰ ਬਣਨ ਦੇ ਸੁਪਨੇ ਦੇ ਬੀਜ ਬਾਹਰ ਦੀ ਹਵਾ ਵਿਚ ਸਨ। ਉਹ ਬੀਜ ਮਨ ਦੀ ਜ਼ਰਖ਼ੇਜ਼ ਮਿੱਟੀ ਵਿੱਚ ਕਿਵੇਂ ਬੀਜਿਆ ਗਿਆ? ਇਸ ਬਾਰੇ ਗੁਰਮਿੰਦਰ ਸਿੱਧੂ ਦੱਸਦੀ ਹੈ,

"ਮੇਰੇ ਪਿੰਡ ਦੇ ਪ੍ਰਾਇਮਰੀ ਹੈਲਥ ਸੈਂਟਰ ਦੇ ਇੰਚਾਰਜ ਡਾ. ਸ਼ਮਸ਼ੇਰ ਸਿੰਘ ਅਕਸਰ ਸਾਡੇ ਘਰ ਆਉਂਦੇ ਸਨ। ਉਨ੍ਹਾਂ ਦੇ ਹੱਥਾਂ ਵਿਚ ਬਹੁਤ ਸ਼ਫਾ ਸੀ ਤੇ ਮਰੀਜ਼ਾਂ ਨੂੰ ਰਾਜ਼ੀ ਕਰਨ ਦੀ ਲਗਨ ਲੋਕ ਉਨ੍ਹਾਂ ਨੂੰ ਦੇਵਤਾ ਮੰਨਦੇ। ਉਹ ਹਸਪਤਾਲ ਕਿਸੇ ਪਵਿੱਤਰ ਅਸਥਾਨ ਵਰਗਾ ਸੀ। ਉਥੇ ਹੀ ਇਕ ਕੋਨੇ ਵਿਚ ਮਰੀਜ਼ਾਂ ਲਈ ਲੰਗਰ ਤਿਆਰ ਹੁੰਦਾ ਸੀ। ਉੱਥੇ ਪਿੰਡ ਦੇ ਘਰਾਂ 'ਚੋਂ ਰਸਦ ਪਹੁੰਚਦੀ ਸੀ। ਮਰੀਜ਼ਾਂ ਦੇ ਨਾਲ ਆਈਆਂ ਰਿਸ਼ਤੇਦਾਰ ਔਰਤਾਂ ਰਲ ਕੇ ਭੋਜਨ ਤਿਆਰ ਕਰਦੀਆਂ ਸਨ। ਸਾਰਿਆਂ ਨੂੰ ਤੱਪੜਾਂ ਉੱਤੇ ਬਿਠਾ ਕੇ ਲੰਗਰ ਛਕਾਇਆ ਜਾਂਦਾ ਸੀ। ਮੈਂ ਤੇ ਮੇਰੀਆਂ ਸਹੇਲੀਆਂ ਉਥੇ ਕਈ ਵਾਰ ਲੰਗਰ ਵਰਤਾਉਂਦੀਆਂ ਸਾਂ। ਮੇਰੇ ਲਈ ਸਭ ਤੋਂ ਦਿਲਕਸ਼ ਨਜ਼ਾਰਾ ਉਹ ਹੁੰਦਾ ਜਦੋਂ ਡਾਕਟਰ ਸਾਹਿਬ ਰਾਊਂਡ 'ਤੇ ਆਉਂਦੇ। ਉਨ੍ਹਾਂ ਚਿੱਟਾ ਲਿਬਾਸ ਪਾਇਆ ਹੁੰਦਾ ਸੀ। ਉਹ ਮੈਨੂੰ ਕਿਸੇ ਫਰਿਸ਼ਤੇ ਵਾਂਗ ਦਿਸਦੇ। ਉਨ੍ਹਾਂ ਦੇ ਆਉਣ ਉੱਤੇ ਲੋਕ ਹੱਥ ਜੋੜ ਕੇ ਖੜ੍ਹੇ ਹੋ ਜਾਂਦੇ ਸਨ। ਉਹ ਸਾਰਿਆਂ ਨਾਲ ਹੱਸਦੇ-ਹੱਸਦੇ ਗੱਲਾਂ ਕਰਦੇ ਤੁਰੇ ਜਾਂਦੇ। ਬਸ ਉਦੋਂ ਹੀ ਕਿਤੇ ਡਾਕਟਰ ਬਣਨ ਦਾ ਸੁਪਨਾ ਮੇਰੀਆਂ ਅੱਖਾਂ ਵਿਚ ਬੀਜਿਆ ਗਿਆ ਸੀ।"

ਡਾ.ਗੁਰਮਿੰਦਰ ਸਿੱਧੂ ਦੇ ਡਾਕਟਰ ਬਣਨ ਦੇ ਸੁਪਨੇ ਦੀ ਤਾਮੀਰ ਦੇ ਰਾਹ ਵਿਚ ਪ੍ਰੇਰਨਾ ਦੇ ਰੌਸ਼ਨ ਚਿਰਾਗ ਵੀ ਸਨ ਤੇ ਸਮਾਜਿਕ ਰੁਕਾਵਟਾਂ ਵੀ ਇਕ ਵਾਰ ਡਾਕਟਰ ਦਲਜੀਤ ਸਿੰਘ,ਜੋ ਅੰਤਰਰਾਸ਼ਟਰੀ ਪ੍ਰਸਿੱਧੀ ਦੇ ਮਾਲਕ, ਅੱਖਾਂ ਦੀਆਂ ਬਿਮਾਰੀਆਂ ਦੇ ਮਾਹਿਰ ਡਾਕਟਰ ਸਨ, ਉਥੋਂ ਦੇ ਹਸਪਤਾਲ ਤਾਇਨਾਤ ਹੋ ਗਏ। ਉਨ੍ਹਾਂ ਦੇ ਪਿਤਾ ਪਿੰ: ਸਾਹਿਬ ਸਿੰਘ ਗੁਰਮਿੰਦਰ ਦੇ ਦਾਦਾ ਜੀ ਦੇ ਦੋਸਤ ਬਣ ਗਏ। ਉਨ੍ਹਾਂ ਗੁਰਮਿੰਦਰ ਦੀ ਕਾਬਲੀਅਤ ਵੇਖ ਕੇ ਇਕ ਦਿਨ ਆਖਿਆ, "ਇਸ ਕੁੜੀ ਨੂੰ ਡਾਕਟਰ ਬਣਾਉਣੈ।"

ਬਸ,ਉਸ ਸੁਪਨੇ ਨੂੰ ਪੂਰਿਆਂ ਕਰਨ ਲਈ ਪਹਿਲੀ ਇੱਟ ਧਰੀ ਗਈ ਸੀ, ਪੂਰਾ ਮਕਾਨ ਤਾਂ ਗੁਰਮਿੰਦਰ ਦੀ ਮਿਹਨਤ ਨੇ ਹੀ ਉਸਾਰਨਾ ਸੀ।

...ਤੇ ਗੁਰਮਿੰਦਰ ਡਾਕਟਰ ਬਣ ਗਈ। ਡਾ ਗੁਰਮਿੰਦਰ ਸਿੱਧੂ ਪੁਰਾਣੇ ਦਿਨਾਂ ਨੂੰ ਚੇਤੇ ਕਰਦਿਆਂ ਆਖਦੀ ਹੈ, "ਉਸ ਰਹਿਨੁਮਾਈ ਦੇ ਬਾਵਜੂਦ ਮੈਂ ਡਾਕਟਰ ਨਹੀਂ ਸੀ ਬਣ ਸਕਣਾ ਜੇ ਮੇਰੇ ਦਾਦੀ ਜੀ ਹਰ

ਕਦਮ'ਤੇ ਮੇਰਾ ਸਾਥ ਨਾ ਦਿੰਦੇ। ਲੋਕ ਮੇਰੀ ਪੜ੍ਹਾਈ ਦੇ ਖ਼ਿਲਾਫ਼ ਉਨ੍ਹਾਂ ਨੂੰ ਭੜਕਾਉਂਦੇ ਰਹੇ। ਗੁਆਂਢਣਾਂ ਮੇਰੇ ਵਿਗੜ ਜਾਣ ਦੇ ਸੰਸੇ ਦੱਸਦੀਆਂ ਰਹੀਆਂ, ਪਰ ਦਾਦੀ ਡਟੀ ਰਹੀ ਤੇ ਲੁਧਿਆਣੇ ਕਿਰਾਏ ਦੇ ਕਮਰੇ ਵਿਚ ਮੇਰੇ ਨਾਲ ਰਹਿ ਕੇ ਮੈਨੂੰ ਪਾਲਦੀ-ਪੜ੍ਹਾਉਂਦੀ ਰਹੀ।

*******

ਕਵਿਤਾ ਅਤੇ ਡਾਕਟਰੀ ਦੋ ਵਿਰੋਧੀ ਦਿਸ਼ਾਵਾਂ ਸਨ, ਪਰ ਦੋਹਾਂ ਦੀਆਂ ਜੜ੍ਹਾਂ ਜ਼ਿੰਦਗੀ ਵਿਚ ਸਨ, ਮਨੁੱਖ ਅਤੇ ਮਨੁੱਖਤਾ ਵਿਚ ਸਨ।

ਡਾਕਟਰ ਗੁਰਮਿੰਦਰ ਦੀ ਤਰਜ਼ੇ-ਜ਼ਿੰਦਗੀ ਵਿਚ ਇਹ ਦੋਵੇਂ ਦਿਸ਼ਾਵਾਂ ਇਕ-ਦੂਜੇ ਦੀਆਂ ਪੂਰਕ ਹੋ ਗਈਆਂ। ਬਿਮਾਰ ਲੋਕਾਈ ਦਾ ਉਹ ਦਵਾਈਆਂ ਨਾਲ ਵੀ ਇਲਾਜ਼ ਕਰਦੀ ਹੈ ਤੇ ਕਵਿਤਾ ਨਾਲ ਵੀ। ਉਸ ਦੀਆਂ ਕਾਰਗੁਜ਼ਾਰੀਆਂ ਵੇਖ ਕੇ ਮੇਰਾ ਜੀਅ ਕਰਦਾ ਏ ਕਿ ਉਸਨੂੰ 'ਜ਼ਿੰਦਗੀ ਦੀ ਡਾਕਟਰ' ਕਹਿ ਕੇ ਮੁਖਾਤਿਬ ਹੋਵਾਂ।

ਜੇ ਗੁਰਮਿੰਦਰ ਸਿੱਧੂ ਦਾ ਘਰ ਅੱਜ ਵੀ ਸਾਹਿਤ ਤੇ ਕਵਿਤਾ ਦਾ ਘਰ ਹੈ ਤਾਂ ਬਚਪਨ ਵਿਚ ਵੀ ਉਹ ਘਰ ਕੁਝ ਵੱਖਰਾ ਨਹੀਂ ਸੀ। ਉਦੋਂ ਵੀ ਘਰ ਦਾ ਮਾਹੌਲ ਸਾਹਿਤਕ ਸੀ। ਗੁਰਮਿੰਦਰ ਦੇ ਦਾਦਾ ਜੀ ਵਧੀਆ ਸਾਹਿਤ ਪੜ੍ਹਨ ਦੇ ਸ਼ੌਕੀਨ ਸਨ। ਅਲਮਾਰੀਆਂ ਕਿਤਾਬਾਂ ਨਾਲ ਭਰੀਆਂ ਹੋਈਆਂ ਸਨ। ਉਨ੍ਹਾਂ ਵਿਚ ਅੰਮ੍ਰਿਤਾ ਪ੍ਰੀਤਮ,ਪ੍ਰੋ: ਮੋਹਨ ਸਿੰਘ,ਧਨੀ ਰਾਮ ਚਾਤ੍ਰਿਕ,ਨਾਨਕ ਸਿੰਘ,ਜਸਵੰਤ ਸਿੰਘ ਕੰਵਲ ਦੀਆਂ ਕਿਤਾਬਾਂ ਸ਼ਾਮਿਲ ਸਨ ਤੇ ਗੁਰਮਿੰਦਰ ਦੀ ਜ਼ਿੰਦਗੀ ਦਾ ਹਿੱਸਾ ਹੋ ਗਈਆਂ ਸਨ।

ਡਾ ਗੁਰਮਿੰਦਰ ਸਿੱਧੂ ਨੂੰ ਕਿਤਾਬਾਂ ਵਿਚ ਗੁਆਚਣਾ ਚੰਗਾ ਲੱਗਦਾ ਸੀ। ਉਹ ਦੱਸਦੀ ਹੈ, "ਮੈਂ ਸ਼ਾਇਦ ਤੀਜੀ-ਚੌਥੀ ਜਮਾਤ ਵਿਚ ਸਾਂ ਜਦੋਂ ਬਾਬਾ ਜੀ(ਦਾਦਾ) ਗੁਰਦੁਆਰੇ ਤੋਂ ਰੋਜ਼ ਰਾਤੀਂ ਮੇਰੇ ਪੜ੍ਹਨ ਲਈ 'ਅਜੀਤ' ਜਾਂ 'ਕੌਮੀ ਦਰਦ' ਅਖ਼ਬਾਰ ਲੈ ਕੇ ਆਉਂਦੇ ਸਨ। ਪਾਪਾ ਜੀ ਨੇ ਮੇਰੇ ਸੁਰਤ ਸੰਭਾਲਦਿਆਂ ਹੀ 'ਬਾਲ-ਸੰਦੇਸ਼' ਤੇ 'ਬਾਲਕ' ਨਾਂ ਦੇ ਰਿਸਾਲੇ ਮੇਰੇ ਨਾਂ ਜਾਰੀ ਕਰਵਾ ਦਿੱਤੇ ਸਨ। ਮੈਂ ਵੱਡੀ ਹੋਈ ਤਾਂ ਇਹ 'ਪ੍ਰੀਤ ਲੜੀ', 'ਆਰਸੀ' ਅਤੇ 'ਕਵਿਤਾ' ਵਿਚ ਬਦਲ ਗਏ।

ਡਾ ਗੁਰਮਿੰਦਰ ਸਿੱਧੂ ਪਹਿਲਾਂ ਕਵਿਤਾ ਲਿਖਦੀ ਨਹੀਂ ਸੀ, ਕਵਿਤਾ ਸੁਣਾਉਂਦੀ ਸੀ। ਉਸ ਦੱਸਿਆ, ਬਾਬਾ ਜੀ ਗੁਰਪੁਰਬ ਉੱਤੇ ਪੜ੍ਹਨ ਲਈ ਆਪਣੇ ਕੋਲੋਂ ਹੀ ਮੈਨੂੰ ਕਵਿਤਾ ਲਿਖ ਕੇ ਦਿੰਦੇ ਸਨ। ਮੈਂ ਸਜੇ ਹੋਏ ਦੀਵਾਨ ਵਿਚ ਕਵਿਤਾ ਪੜ੍ਹਦੀ ਤਾਂ ਬਹੁਤ ਸ਼ਾਬਾਸ਼ ਮਿਲਦੀ। ਸਾਡੇ ਸਕੂਲ ਵਿਚ ਹਰ ਸ਼ਨਿਚਰਵਾਰ ਬਾਲ-ਸਭਾ ਹੁੰਦੀ। ਭੂਆ ਜੀ ਇਧਰੋਂ ਉਧਰੋਂ ਕਵਿਤਾਵਾਂ ਲੱਭ ਕੇ ਇੱਕ ਕਾਪੀ ਵਿੱਚ ਲਿਖਦੇ ਤੇ ਮੈਂ ਉਹ ਕਵਿਤਾਵਾਂ ਬਾਲ-ਸਭਾ ਵਿਚ ਸੁਣਾ ਦਿੰਦੀ। ਬਸ ਇਵੇਂ ਹੀ ਕਵਿਤਾ ਪੜ੍ਹਦੀ-ਪੜ੍ਹਦੀ, ਸੁਣਾਉਂਦੀ-ਸੁਣਾਉਂਦੀ ਮੈਂ ਆਪ ਵੀ ਕਵਿਤਾ ਲਿਖਣ ਲੱਗ ਪਈ।

ਕਵਿਤਾ ਦੇ ਬੀਜ ਤਾਂ ਡਾ.ਗੁਰਮਿੰਦਰ ਸਿੱਧੂ ਦੇ ਅੰਦਰ ਹੀ ਸਨ, ਵੇਲੇ ਦੀ ਕਿਣਮਿਣ ਹੋਈ ਤਾਂ ਪੁੰਗਰ ਪਏ। ਇਹ ਬੜਾ ਸਹਿਜ ਅਮਲ ਸੀ।

ਮੈਂ ਕਿੰਨੇ ਚਿਰ ਦਾ ਸੰਦਲੀ ਜੰਗਲਾਂ ਵਿਚ ਤੁਰਿਆ ਫਿਰ ਰਿਹਾ ਸਾਂ,ਖ਼ੁਸ਼ਬੂਆਂ ਵਿਚ ਲੰਮੇ ਲੰਮੇ ਸਾਹ ਲੈ ਰਿਹਾ ਸਾਂ। ਸੋਚਿਆ ਹੁਣ ਗੁਰਮਿੰਦਰ ਸ਼ਾਇਰਾ ਦੀ ਕਵਿਤਾ ਦੀ ਬਾਉਲੀ ਵੱਲ ਪੌੜੀਆਂ ਉਤਰਾਂ ਉਹਦੀ ਕਵਿਤਾ ਦੇ ਪਾਣੀਆਂ ਦੀ ਥਾਹ ਪਾਵਾਂ।

ਬਾਉਲੀ ਦੀਆਂ ਪੌੜੀਆਂ ਉੱਤੇ ਗੁਰਮਿੰਦਰ ਦੀਆਂ ਕਵਿਤਾ ਦੀਆਂ ਕਿਤਾਬਾਂ ਸਨ,ਕਵਿਤਾ ਵਰਗੀ ਵਾਰਤਕ ਦੇ ਸੰਗ੍ਰਹਿ ਸਨ। ਰੁਕ ਰੁਕ ਕੇ ਤੁਰਦਿਆਂ ਮੈਂ ਕਿਤਾਬਾਂ ਦੇ ਨਾਂ ਪੜ੍ਹਨ ਲੱਗ ਪਿਆ ਸਾਂ,'ਹੰਝੂ ਭਿੱਜਿਆ ਮੌਸਮ , 'ਤਾਰਿਆਂ ਦੀ ਛਾਵੇਂ', 'ਮੱਸਿਆ ਤੇ ਗੁਲਾਬੀ ਲੋਅ', 'ਬੁੱਕਲ਼ ਵਿਚਲੇ

ਸੂਰਜ', 'ਹੁਣ ਅਲਵਿਦਾ ਹੁੰਦੇ ਨੇ ਖ਼ਤ', 'ਕਹਿ ਦਿਓ ਉਸ ਕੁੜੀ ਨੂੰ','ਧੀਆਂ ਨਾਲ ਜੱਗ ਵਸੇਂਦਾ' ਤੇ

...ਮੈਂ ਪਾਣੀਆਂ ਦੀ ਥਾਹ ਤਕ ਨਹੀਂ ਪਹੁੰਚਿਆ,ਫਿਲਹਾਲ ਪੌੜੀਆਂ ਵਿਚ ਹੀ ਰੁਕ ਗਿਆ ਹਾਂ।

ਉਸ ਦੁਪਹਿਰ ਮੁਹੱਬਤ ਵਾਲੇ ਘਰ ਵਿਚ ਲੇਖਕਾਂ ਦੀ ਮਹਿਫ਼ਲ ਸੀ।

ਇਕ ਇਕ ਕਰਕੇ ਲੇਖਕ ਆਉਣੇ ਸ਼ੁਰੂ ਹੋ ਗਏ।

ਮਹਿਫ਼ਲ ਨੇ ਆਪਣੇ ਰੰਗ ਵਿਚ ਆਉਂਦਿਆਂ ਅਜੇ ਕੁਝ ਚਿਰ ਲੈਣਾ ਸੀ।

ਗੁਰਮਿੰਦਰ ਉੱਠ ਕੇ ਨਵੇਂ ਆਇਆਂ ਦੀ ਪ੍ਰਾਹੁਣਾਚਾਰੀ ਵਿਚ ਰੁਝ ਗਈ।

ਮੈਂ ਤਿਪਾਈ ਉੱਤੇ ਪਈ ਅਖ਼ਬਾਰੀ ਕਾਤਰਾਂ ਵਾਲੀ ਫ਼ਾਈਲ ਫਰੋਲਣ ਲੱਗ ਪਿਆ। ਗਾਹੇ-ਬਗਾਹੇ ਗੁਰਮਿੰਦਰ ਦੇ ਸਮਕਾਲੀਆਂ ਨੇ ਉਹਦੇ ਬਾਰੇ ਲੇਖ ਲਿਖੇ ਸਨ,ਉਹੀ ਕਾਤਰਾਂ ਉਸ ਫ਼ਾਈਲ ਵਿਚ ਸਨ। ਮੈਨੂੰ ਜਾਪਿਆ,ਉਹਨਾਂ ਲੇਖਾਂ ਦੇ ਸਿਰਲੇਖ ਕਵਿਤਾ ਬਣਨ ਲੱਗ ਪਏ ਸਨ:



ਰੁਮਕਦੀ ਪੌਣ ਦੀ ਜਾਈ
ਸ਼ਬਦਾਂ ਦੀ ਤਿਰਹਾਈ ਹੰਸਣੀ
ਹਨੇਰਿਆਂ 'ਚੋਂ ਝਰਦੀ ਚਾਨਣੀ
ਮੋਮਬੱਤੀਆਂ ਦੀ ਲੋਅ
ਸੱਚ ਦੀ ਸਰਦਲ ਉੱਤੇ
ਪੌਣਾਂ ਦੀ ਖ਼ੁਸ਼ਬੋ....

ਸਿਰਲੇਖ ਮੁੱਕ ਨਹੀਂ ਸਨ ਰਹੇ। ਸਿਰਲੇਖਾਂ ਦੀ ਨਜ਼ਮ ਲੰਮੀ ਹੋਈ ਜਾ ਰਹੀ ਸੀ। ਮਹਿਫ਼ਲ ਦੇ ਰੰਗਾਂ ਲਈ ਲੇਖਕ ਆਉਣੇ ਸ਼ੁਰੂ ਹੋ ਗਏ ਸਨ। ਮੈਂ ਫ਼ਾਈਲ ਬੰਦ ਕਰਕੇ ਮੁੜ ਤਿਪਾਈ ਉੱਤੇ ਰੱਖ ਦਿੱਤੀ।

ਛੇਤੀ ਹੀ ਮਹਿਫ਼ਲ ਜਲੌਅ ਵਿਚ ਆ ਗਈ।

ਕਵਿਤਾ ਦੀ ਹਵਾ ਰੁਮਕਣ ਲੱਗ ਪਈ। ਕਵਿਤਾਵਾਂ ਦਾ ਦੌਰ ਮੁੱਕਿਆ ਵੀ ਨਹੀਂ ਸੀ ਕਿ ਅਚਨਚੇਤੀ ਉਥੇ ਪੁਰਾਣਾ ਪੰਜਾਬ ਜਿਊਂਦਾ ਹੋ ਗਿਆ ਲੇਖਕ ਦੋਸਤਾਂ ਨੇ ਸੂਹ ਕੱਢ ਲਈ ਸੀ ਕਿ 18 ਨਵੰਬਰ ਉਹਨਾਂ ਦੇ ਵਿਆਹ ਦਾ ਦਿਨ ਸੀ।

ਯਾਨੀ ਉਸ ਦਿਨ ਉਹ ਸਾਰੇ ਡਾਕਟਰ ਗੁਰਮਿੰਦਰ ਸਿੱਧੂ ਅਤੇ ਡਾਕਟਰ ਬਲਦੇਵ ਸਿੰਘ ਖਹਿਰਾ ਦੇ ਵਿਆਹ ਦੀ ਵਰ੍ਹੇ-ਗੰਢ ਦੇ ਜਸ਼ਨ ਵਿਚ ਸ਼ਾਮਲ ਸਨ। ਲੇਖਕ ਦੋਸਤ ਦੋ ਟੋਲੀਆਂ ਵਿਚ ਵੰਡੇ ਗਏ। ਇਕ ਟੋਲੀ ਗੁਰਮਿੰਦਰ ਦਾ ਪੇਕਾ ਹੋ ਗਈ ਤੇ ਦੂਜੀ ਸਹੁਰਾ ਧਿਰ ਬਣ ਗਈ।

ਕੁੜੀ ਵਾਲਿਆਂ ਨੇ ਧੀ ਲਈ ਸੁਹਾਗ ਗਾਏ।

ਲਾੜੇ ਵਾਲੀ ਧਿਰ ਨੇ ਘੋੜੀਆਂ ਗਾਈਆਂ।

ਤੇ ਫਿਰ ਸਿੱਠਣੀਆਂ ਦਾ ਦੌਰ ਸ਼ੁਰੂ ਹੋ ਗਿਆ।

ਮਹਿਫ਼ਲ ਸਿਖ਼ਰ ਉੱਤੇ ਸੀ ਜਦੋਂ ਕਾਲ-ਬੈੱਲ ਨੇ ਪਹਿਲੀ ਪਾਉੜੀ ਦਾ ਪਾਠ ਆਰੰਭ ਦਿੱਤਾ।

ਬਾਹਰ ਕੋਈ ਪੀ.ਜੀ. ਆਈ. ਦੇ ਗਰੀਬ ਮਰੀਜ਼ਾਂ ਲਈ ਦਵਾਈਆਂ ਖਰੀਦਣ ਲਈ ਸਹਾਇਤਾ ਲੈਣ ਆਇਆ ਸੀ।

ਉਹ ਸ਼ਖ਼ਸ ਪਹਿਲਾਂ ਵੀ ਆਉਂਦਾ ਸੀ। ਉਸ ਦਿਨ ਵੀ ਉਹ ਪਤਾ ਨਹੀਂ ਕਿੰਨੇ ਕੁ ਰੁਪਏ ਲੈ ਕੇ ਪਰਤ ਗਿਆ।

ਪਹਿਲੋਂ ਵੀ ਕਈ ਲੋਕ, ਕੁਝ ਅਸਲੀ ਤੇ ਕੁਝ ਨਕਲੀ,ਉਹਨਾਂ ਕੋਲੋਂ ਸਹਾਇਤਾ ਵਜੋਂ ਵੱਡੀ ਰਾਸ਼ੀ ਲੈ ਜਾਂਦੇ ਸਨ।

ਅਚਨਚੇਤੀ ਮੇਰੇ ਜ਼ਿਹਨ ਵਿਚ ਆਇਆ, ਮੈਂ ਤਾਂ ਡਾਕਟਰ ਜੋੜੀ ਨੂੰ ਜਾਣਦਾ ਹੀ ਨਹੀਂ ਸਾਂ ਮੇਰੀ ਦੋਸਤੀ ਉਹਨਾਂ ਦੋਹਾਂ ਜੀਆਂ ਦੀ ਕਵਿਤਾ-ਕਹਾਣੀ ਤਕ ਸੀਮਤ ਸੀ। ਲੇਖਕ ਹੋਣ ਤੋਂ ਪਹਿਲਾਂ ਉਹ ਮਨੁੱਖ ਸਨ। ਮੈਨੂੰ ਉਹਨਾਂ ਮਨੁੱਖਾਂ ਅਤੇ ਉਹਨਾਂ ਦੀ ਮਨੁੱਖਤਾ ਦੇ ਨੈਣ-ਨਕਸ਼ ਪਛਾਨਣੇ ਚਾਹੀਦੇ ਸਨ।

*******

ਉਹਨਾਂ ਦੀ ਉਮਰ ਦੀ ਕਿਤਾਬ ਦੇ ਨਿੱਤ ਨਵੇਂ ਵਰਕੇ ਖੁੱਲ੍ਹ ਜਾਂਦੇ ਨੇ ਮੇਰੇ ਅੱਗੇ।

ਪੰਜਾਬ ਸਕੂਲ ਐਜੂਕੇਸ਼ਨ ਬੋਰਡ ਦੇ ਰਾਜ-ਪੱਧਰੀ ਮੁਕਾਬਲੇ ਸ਼ੁਰੂ ਹੋ ਚੁਕੇ ਸਨ। ਕਵਿਤਾ ਉਚਾਰਣ ਮੁਕਾਬਲੇ ਦੇ ਪੈਨਲ ਵਿਚ ਮੈਂ ਇਕ ਜੱਜ ਵਜੋਂ ਬੈਠਾ ਹੋਇਆ ਸਾਂ। ਪੰਜਾਬ ਦੇ ਵੱਖ ਵੱਖ ਸਕੂਲਾਂ ਤੋਂ ਆਏ ਵਿਦਿਆਰਥੀ ਵਾਰੀ ਸਿਰ ਕਵਿਤਾਵਾਂ ਸੁਣਾ ਰਹੇ ਸਨ ਪੈਨਲ ਵਿਚ ਬੈਠੇ ਹੋਏ ਜੱਜ ਆਪੋ ਆਪਣੇ ਨੁਕਤੇ ਤੇ ਟਿਪਣੀਆਂ ਨੋਟ ਕਰੀ ਜਾ ਰਹੇ ਸਨ। ਆਪਣੀ ਵਾਰੀ ਉੱਤੇ ਇਕ ਵਿਦਿਆਰਥਣ ਨੇ ਕਵਿਤਾ ਸੁਣਾਈ। ਮੈਂ ਤ੍ਰਭਕਿਆ, ਅੱਗੇ ਪਏ ਕਾਗਜ਼ਾਂ ਉੱਤੇ ਕੁਝ ਵੀ ਲਿਖਣਾ ਭੁੱਲ ਗਿਆ। ਕਵਿਤਾ ਦੇ ਬੋਲ ਮੇਰਾ ਜ਼ਿਹਨ ਖੁਰਚਣ ਲੱਗ ਪਏ-



ਨਾ! ਮੰਮੀ ਨਾ!
ਮੈਨੂੰ ਨਾ ਤੂੰ ਮਾਰੀਂ ਮਾਂ ! ਹਾੜ੍ਹਾ ਨਾ ਵਿਸਾਰੀਂ ਮਾਂ !
ਨਾ! ਮੰਮੀ ਨਾ! ਮੈਨੂੰ ਨਾ ਤੂੰ ਮਾਰੀਂ ਮਾਂ !
ਮੇਰੀ ਜਿੰਦ ਨੂੰ ਬਚਾ ਲਈਂ
ਦੇਖੀਂ ਜੱਗ ਤੋਂ ਨਾ ਹਾਰੀਂ ਮਾਂ !
ਮੈਨੂੰ ਡੋਲੀ ਵਿੱਚ ਤੋਰੀਂ,ਏਦਾਂ ਅਰਥੀ ਨਾ ਚਾੜ੍ਹੀ ਮਾਂ !
ਨਾ! ਮੰਮੀ ਨਾ! ਨਾ! ਮੰਮੀ ਨਾ! ਨਾ! ਮੰਮੀ ਨਾ!

ਉਸ ਕਾਵਿ ਉਚਾਰਣ ਮੁਕਾਬਲੇ ਤੋਂ ਪਿਛੋਂ ਵੀ ਮੈਂ ਉਹ ਕਵਿਤਾ ਅਨੇਕਾਂ ਮੁਕਾਬਲਿਆਂ ਵਿਚ ਸੁਣੀ ਸੀ, ਮੈਂ ਉਦਾਸ ਹੋਇਆ ਸਾਂ,ਪ੍ਰੇਸ਼ਾਨ ਹੋਇਆ ਸਾਂ। ਗਰਭ ਵਿਚ ਅਣਜੰਮੇ ਬੱਚੇ ਦੀ ਸ਼ਨਾਖਤ ਕਰਾਉਣੀ ਤੇ ਫਿਰ ਕੁੜੀ ਹੋਣ ਦੀ ਸੂਰਤ ਵਿਚ ਉਸ ਮਾਂ ਦਾ ਗਰਭਪਾਤ ਕਰਵਾ ਦੇਣਾ ਮਨੁੱਖੀ ਵਹਿਸ਼ਤ ਦੀ ਇੰਤਹਾ ਸੀ।

ਉਹ ਕਵਿਤਾ ਗੁਰਮਿੰਦਰ ਸਿੱਧੂ ਦੀ ਲਿਖੀ ਹੋਈ ਸੀ। ਉਸ ਕਵਿਤਾ ਦਾ ਸਰੋਤ ਇਕ ਖ਼ਤ ਸੀ। ਉਹ ਖ਼ਤ ਅਜੀਤ ਅਖ਼ਬਾਰ ਵਿਚ ਛਪਿਆ ਸੀ। ਉਹ ਖ਼ਤ ਲਿਖਣ ਵਾਲਾ ਵੀ ਕੋਈ ਹੋਰ ਨਹੀਂ ਸੀ, ਸ਼ਾਇਰਾ ਗੁਰਮਿੰਦਰ ਹੀ ਸੀ।

ਉਸ ਦੱਸਿਆ, ਇਕ ਦਿਨ ਉਹ ਨਿੱਤ ਵਾਂਗੂੰ ਹੀ ਹਸਪਤਾਲ ਵਿਚ ਮਰੀਜ਼ਾਂ ਨੂੰ ਵੇਖ ਰਹੀ ਸੀ। ਇਕ ਮਰੀਜ਼ ਉੱਠ ਕੇ ਗਿਆ ਤਾਂ ਆਪਣੀ ਵਾਰੀ ਉੱਤੇ ਇਕ ਹਲਦੀ ਰੰਗ ਦੀ ਔਰਤ ਸਟੂਲ ਉੱਤੇ ਆ ਕੇ ਬੈਠ ਗਈ। ਉਹਨੇ ਕੁੱਖ ਵਿਚ ਧੀ ਚੁੱਕੀ ਹੋਈ ਸੀ। ਅਣਜੰਮੀ ਧੀ ਦਾ ਬਾਬਲ ਉਹਦਾ ਕਤਲ ਕਰਨ ਉੱਤੇ ਤੁਲਿਆ ਹੋਇਆ ਸੀ। ਡਾਕਟਰ ਗੁਰਮਿੰਦਰ ਨੇ ਉਸ ਕਤਲ ਦੀ ਹਿੱਸੇਦਾਰ ਨਹੀਂ ਸੀ ਬਣਨਾ। ਜੇ ਉਸ ਔਰਤ ਦੇ ਘਰਵਾਲੇ ਨੇ ਕਿਸੇ ਹੋਰ ਥਾਉਂ ਗਰਭਪਾਤ ਕਰਵਾ ਵੀ ਦਿੱਤਾ ਤਾਂ ਉਸ ਔਰਤ ਦੇ ਮਰ ਜਾਣ ਦੀ ਸੰਭਾਵਨਾ ਸੀ। ਗੁਰਮਿੰਦਰ ਨੇ ਦੋਹਾਂ ਜੀਆਂ ਨੂੰ ਸਮਝਾਇਆ ਕਿ ਉਹ ਇਹ ਪਾਪ ਨਾ ਕਰਨ।

ਡਾਕਟਰ ਗੁਰਮਿੰਦਰ ਦੀ ਉਹ ਰਾਤ ਕੰਡਿਆਂ ਉੱਤੇ ਸਰਕਦੀ ਰਹੀ। ਉਹਦਾ ਮਨ ਵਲੂੰਧਰਿਆ ਗਿਆ। ਬੇਬਸ ਮਾਂ ਦੀ ਥਾਵੇਂ ਬੈਠ ਕੇ ਉਹਨੇ ਕਹਾਣੀ ਲਿਖੀ, 'ਪਹੁ ਫੁਟਾਲਾ' ! ਉਹਦੇ ਅਵਚੇਤਨ ਨੂੰ ਫੇਰ ਵੀ ਆਵਾਜ਼ਾਂ ਸੁਣਦੀਆਂ ਰਹੀਆਂ... ਨਾ ਮੰਮੀ !... ਨਾ... ਨਾ !

ਇਕ ਰਾਤ ਉਹ ਅਬੜਵਾਹੀ ਉੱਠ ਕੇ ਬੈਠ ਗਈ। ਉਹਨੇ ਕੋਈ ਚੰਦਰਾ ਸੁਪਨਾ ਨਹੀਂ ਸੀ ਵੇਖਿਆ। ਜਿਊਣ ਦੇ ਹੱਕ ਦੀ ਆਵਾਜ਼ ਨੇ ਉਹਨੂੰ ਝੰਜੋੜਿਆ ਸੀ। ਉਸ ਰਾਤ ਉਹ ਉਸ ਮਾਂ ਦੀ ਕੁੱਖ ਵਿਚ ਪਲਦੀ ਧੀ ਹੋ ਗਈ: ਉਸ ਅਣਜੰਮੀ ਧੀ ਨੇ ਮਾਂ ਨੂੰ ਖ਼ਤ ਲਿਖਿਆ:

ਮਾਂ !
ਕੱਲ੍ਹ ਮੈਂ ਇੱਕ ਸਨਸਨੀਖੇਜ਼ ਖਬਰ ਸੁਣੀ ਐ
ਤੁਹਾਨੂੰ ਮੇਰੇ ਧੀ ਹੋਣ ਦਾ ਪਤਾ ਲੱਗ ਗਿਐ
ਤੇ ਹੁਣ ਤੁਸੀਂ
ਮੈਨੂੰ ਇਸ ਕੱਚੀ ਉਮਰੇ ਹੀ ਆਪਣੀ ਨਿੱਘੀ ਨਿੱਘੀ ਕੁੱਖ
ਵਿੱਚੋਂ ਕੱਢ ਕੇ
ਇਸ ਪਥਰੀਲੀ ਧਰਤੀ ਉੱਤੇ ਪਟਕਾ ਮਾਰੋਗੇ
ਸੱਚ ਮੰਮੀ !
ਮੈਨੂੰ ਤਾਂ ਇਸ ਗੱਲ ਦਾ ਯਕੀਨ ਹੀ ਨਹੀਂ ਆਇਆ
ਬੱਸ ਤੁਸੀਂ ਇੱਕ ਵਾਰੀ ਕਹਿ ਦਿਓ ਕਿ ਇਹ ਖ਼ਬਰ ਝੂਠ ਹੈ
ਮੈਂ ਤੇਰੇ ਪਿਆਰ ਦਾ ਬੀਜ ਆਂ !
ਮੇਰੀ ਗੱਲ ਮੰਨ ਲੈਣਾ ਮੰਮੀ !
ਮੇਰਾ ਇਹ ਦੁਨੀਆਂ ਦੇਖਣ ਨੂੰ ਬਹੁਤ ਜੀਅ ਕਰਦੈ
ਨਾ ਲੈ ਕੇ ਦਿਓ ਮੈਨੂੰ ਨਵੀਂਆਂ ਝਾਂਜਰਾਂ !
ਮੈਂ ਤਾਂ ਦੀਦੀ ਦੀਆਂ ਛੋਟੀਆਂ ਹੋ ਚੁੱਕੀਆਂ
ਝਾਂਜਰਾਂ ਹੀ ਪਾ ਲਊਂਗੀ।
ਨਾ ਲੈ ਕੇ ਦੇਣਾ ਮੈਨੂੰ ਨਵੇਂ ਨਵੇਂ ਕਪੜੇ !
ਮੈਂ ਤਾਂ ਵੀਰੇ ਦੇ ਤੰਗ ਹੋਏ ਕਪੜੇ ਹੀ ਪਾ ਲਊਂਗੀ
ਤੂੰ ਮੈਥੋਂ ਨਿੱਕੇ ਨਿੱਕੇ ਸਾਹ ਲੈਂਦੀ ਤੋਂ
ਜ਼ਿੰਦਗੀ ਦੀ ਕੰਨੀ ਨਾ ਖੋਹੀਂ ਮਾਂ !
ਨਾ ! ਮੰਮੀ ਨਾ ! ਮੈਨੂੰ ਇੰਜ ਬੇਰਹਿਮੀ ਨਾਲ ਨਾ ਮਾਰੀਂ !
ਨਾ ! ਮੰਮੀ !...ਨਾ !
ਨਾ ! ਮੰਮੀ !...ਨਾ !



ਅਗਲੀ ਸਵੇਰ ਡਾਕਟਰ ਗੁਰਮਿੰਦਰ ਸੰਸਿਆਂ ਵਿਚ ਘਿਰੀ ਹਸਪਤਾਲ ਪਹੁੰਚੀ। ਕਿਧਰੇ ਉਹ ਔਰਤ ਮੁੜ ਨਾ ਉਥੇ ਆ ਕੇ ਬੈਠ ਗਈ ਹੋਵੇ,ਪਰ ਉਹ ਨਹੀਂ ਆਈ ਕੀ ਪਤੈ, ਉਸ ਅਣਜੰਮੀ ਧੀ ਦੇ ਬਾਬਲ ਨੂੰ ਸੁਮੱਤ ਆ ਗਈ ਹੋਵੇ।

*********

ਜਦੋਂ ਕੁੱਖ ਵਿਚ ਪਲਦੀ ਧੀ ਦੇ ਹਓਂਕੇ ਵਰਗਾ ਖ਼ਤ ਅਜੀਤ ਅਖ਼ਬਾਰ ਵਿਚ ਛਪਿਆ, ਉਸ ਸਵੇਰ ਸੁਲਤਾਨਪੁਰ ਲੋਧੀ ਦਾ ਇਕ ਡਾਕਟਰ ਜਸਵੰਤ ਸਿੰਘ ਨੰਦਾ ਅਤੇ ਉਸ ਦੀ ਪਤਨੀ ਸਤਨਾਮ ਕੌਰ ਇਕ ਕਲੀਨਿਕ ਵਿਚ ਬੈਠੇ ਹੋਏ ਸਨ।

ਪਤਨੀ ਦੀ ਕੁੱਖ ਵਿਚ ਧੀ ਪਲ ਰਹੀ ਸੀ। ਉਹ ਧੀ ਜ਼ਿੰਦਗੀ ਦਾ ਚਾਨਣ ਵੇਖਣ ਲਈ ਉਤਾਵਲੀ

ਸੀ।

ਜੀਹਨੇ ਇਹ ਕਾਰਾ ਕਰਨਾ ਸੀ, ਉਸ ਡਾਕਟਰ ਨਾਲ ਲੈਣ-ਦੇਣ ਤੈਅ ਹੋ ਚੁਕਿਆ ਸੀ। ਉਹਨੇ ਕੁੱਖ ਸਾਫ਼ ਕਰਨ ਪਿੱਛੋਂ ਮਾਸ ਦੇ ਲੋਥੜੇ ਨੂੰ ਖ਼ੁਰਦ-ਬੁਰਦ ਕਰ ਦੇਣਾ ਸੀ।

ਉਥੇ ਮਰੀਜ਼ ਕੁਝ ਵਧੇਰੇ ਸਨ। ਸਤਨਾਮ ਕੌਰ ਦੀ ਵਾਰੀ ਬਾਅਦ ਵਿਚ ਆਉਣੀ ਸੀ। ਉਹਨੇ ਭਰੀਆਂ ਅੱਖਾਂ ਪੂੰਝੀਆਂ ਤੇ ਵਾਰੀ ਉਡੀਕਣ ਲੱਗ ਪਈ। ਜਸਵੰਤ ਸਿੰਘ ਉਥੇ ਪਈ ਹੋਈ ਅਖ਼ਬਾਰ ਚੁੱਕ ਕੇ ਪੜ੍ਹਨ ਲੱਗ ਪਿਆ।

"ਨਾ ਮੰਮੀ !...ਨਾ !"

ਉਹ ਬੇਚੈਨੀ ਜਿਹੀ ਵਿਚ ਉੱਠ ਕੇ ਖਲੋ ਗਿਆ ਤੇ ਇਧਰ ਉਧਰ ਟਹਿਲਣ ਲੱਗ ਪਿਆ। ਅਚਾਨਕ ਉਹ ਸਤਨਾਮ ਕੌਰ ਦੇ ਸਾਹਮਣੇ ਆ ਕੇ ਖਲੋ ਗਿਆ, "ਭਾਗਵਾਨੇ !.....ਚੱਲ ਉੱਠ !...ਘਰ ਚੱਲੀਏ ! ਆਪਣੀ ਧੀ ਜਨਮ ਲਊਗੀ ! ਸਾਡਾ ਲਾਡ-ਪਿਆਰ ਵੀ ਲਊਗੀ ਤੇ ਸਾਡਾ ਮਾਣ ਵੀ ਬਣੂੰਗੀ।"

ਸਤਨਾਮ ਕੌਰ ਦੀਆਂ ਅੱਖਾਂ ਛਲ੍ਹਕ ਪਈਆਂ। ਉਹਦੇ ਅੱਥਰੂਆਂ ਵਿਚ ਮਾਂ ਦੀ ਮਮਤ ਸੀ, ਧੀ ਦੇ ਦੁਨੀਆਂ ਵੇਖ ਸਕਣ ਦਾ ਚਾਅ ਅਤੇ ਖ਼ੁਸ਼ੀ ਵੀ ਰਲੀ ਹੋਈ ਸੀ।

ਕੌਣ ਕਹਿੰਦਾ ਹੈ ਕਿ ਸਾਹਿਤ ਸੋਚ ਵਿਚ ਵੱਡੀ ਤਬਦੀਲੀ ਨਹੀਂ ਲਿਆ ਸਕਦਾ !

ਜੋ ਕ੍ਰਿਸ਼ਮਾ ਗੁਰਮਿੰਦਰ ਦੀ ਇਕੱਲੀ ਰਚਨਾ ਨੇ ਕਰ ਦਿਖਾਇਆ ਹੈ, ਉਹ ਮੁਲਕ ਦਾ ਕਾਨੂੰਨ ਨਹੀਂ ਕਰ ਸਕਿਆ।

ਉਹ ਚਿੱਠੀ ਅਨੇਕਾਂ ਭਾਸ਼ਾਵਾਂ ਵਿਚ ਅਨੁਵਾਦ ਹੋਈ,ਦਰਦਮੰਦਾਂ ਦੇ ਅੱਥਰੂਆਂ ਵਿਚ ਭਿੱਜੀ। ਉਹਨਾਂ ਧੀਆਂ ਦੀ ਕੋਈ ਗਿਣਤੀ ਨਹੀਂ ਜਿਹੜੀਆਂ ਇਸ ਰਚਨਾ ਕਾਰਨ ਮਾਂ ਦੀ ਕੁੱਖ ਵਿਚ ਕਤਲ ਹੋਣ ਤੋਂ ਬਚ ਗਈਆਂ।

ਗੁਰਮਿੰਦਰ ਸਿੱਧੂ ਨੂੰ ਅਹਿਸਾਸ ਵਾਲਿਆਂ ਦੇ ਸਾਹਾਂ ਵਿਚ ਜਿਊਣਾ ਆਉਂਦਾ ਹੈ ਤੇ ਜ਼ਿੰਦਗੀ ਦੇਣੀ ਵੀ ਆਉਂਦੀ ਹੈ।

ਬਾਗ ਵਿਚ ਖਿੜੇ ਫੁੱਲ ਨੂੰ ਕੀ ਪਤਾ ਕਿ ਉਹਦੀ ਖ਼ੁਸ਼ਬੂ ਦੀ ਸੀਮਾਂ ਕਿਥੋਂ ਤਕ ਹੈ।

ਇਹ ਘਟਨਾ ਬਹੁਤ ਵਰ੍ਹੇ ਪਹਿਲਾਂ ਵਾਪਰੀ ਸੀ।

ਉਸ ਧੀ ਨੇ ਭਾਗਾਂ ਭਰੀ ਮਾਂ ਦੀ ਕੁੱਖੋਂ ਜਨਮ ਲੈ ਲਿਆ ਸੀ। ਉਸ ਦਾ ਨਾਂ ਸੁਖਮੀਨ ਹੈ। ਲਾਡਾਂ ਵਿਚ ਪਲ਼ ਕੇ ਉਹ ਵੱਡੀ ਹੋ ਗਈ ਹੈ। ਕਦੀ ਕਦਾਈਂ ਡਾਕਟਰ ਗੁਰਮਿੰਦਰ ਨੂੰ ਮਿਲਣ ਵੀ ਆਉਂਦੀ ਹੈ। ਸੁਖਮੀਨ ਗੁਰਮਿੰਦਰ ਨੂੰ ਭੂਆ ਆਖ ਕੇ ਬੁਲਾਉਂਦੀ ਹੈ। ਉਸ ਨੂੰ ਪਤਾ ਹੈ,ਉਸ ਦੇ ਸਾਹ ਗੁਰਮਿੰਦਰ ਦੇ ਦਿੱਤੇ ਹੋਏ ਨੇ।

ਪਿੱਛੇ ਜਿਹੇ ਉਸਨੇ ਆਈ.ਏ.ਐਸ. ਦੀ ਪ੍ਰੀਖਿਆ ਦਿੱਤੀ ਹੈ ਕੀ ਪਤਾ ਹੁਣ ਉਹ ਕਿਧਰੇ ਕਮਿਸ਼ਨਰ ਹੋਵੇ ਤੇ ਗੁਰਮਿੰਦਰ ਦੇ ਅਕੀਦਿਆਂ ਲਈ ਸੰਘਰਸ਼ਸ਼ੀਲ ਵੀ ਹੋਵੇ।

*******

ਇਕ ਵਾਰ ਅਚਨਚੇਤੀ ਮੈਂ ਬਿਸਤਰਾ ਮੁੱਲ ਲਿਆ। ਪੰਜ-ਭੱਠ ਬੁਖ਼ਾਰ, ਸਰੀਰ ਦਰਦ ਨਾਲ ਪਰੁੱਚ ਗਿਆ। ਸਿਰ ਪਾਟਣ ਉੱਤੇ ਆ ਗਿਆ।

ਮੇਰਾ ਸਾਹ-ਸੱਤ ਨੁਚੜਿਆ ਹੋਇਆ ਸੀ। ਮੈਨੂੰ ਗੁਸਲਖਾਨੇ ਤਕ ਜਾਣ ਲਈ ਵੀ ਮੋਢੇ ਦਾ ਆਸਰਾ ਚਾਹੀਦਾ ਸੀ। ਬੀਵੀ ਨੇ ਘਬਰਾਈ ਹੋਈ ਨੇ ਡਾਕਟਰ ਗੁਰਮਿੰਦਰ ਨੂੰ ਫ਼ੋਨ ਕਰ ਦਿੱਤਾ, ਅਲਾਮਤਾਂ ਦੱਸੀਆਂ।

ਜਾਂਚ ਤੋਂ ਪਤਾ ਲੱਗਾ, ਮੈਨੂੰ ਡੇਂਗੂ ਸੀ। ਮੇਰੇ ਪਲੇਟਲੈਟਸ ਤੇਜ਼ੀ ਨਾਲ ਘਟ ਰਹੇ ਸਨ।

ਉਹਨਾਂ ਐਮਰਜੈਂਸੀ ਵਿਚ ਮੈਨੂੰ ਹਸਪਤਾਲ ਦਾਖ਼ਲ ਕਰਵਾ ਦਿੱਤਾ।

ਸ਼ਾਮ ਵੇਲੇ ਡਾਕਟਰ ਗੁਰਮਿੰਦਰ ਅਤੇ ਡਾਕਟਰ ਖਹਿਰਾ ਮੇਰਾ ਹਾਲ ਜਾਣਨ ਲਈ ਮੁੜ ਹਸਪਤਾਲ ਪਹੁੰਚ ਗਏ। ਗੁਰਮਿੰਦਰ ਨੇ ਹਥਲੇ ਬੈਗ ਵਿੱਚੋਂ ਅਖ਼ਬਾਰ ਵਿਚ ਵਲ੍ਹੇਟਿਆ ਹੋਇਆ ਇਕ ਥੱਬਾ ਕੱਢਿਆ ਤੇ ਹੱਥ ਮੇਰੇ ਵੱਲ ਲੰਮਾ ਕਰ ਦਿੱਤਾ।

ਉਸ ਥੱਬੇ ਵਿਚ ਡੇਢ-ਦੋ ਲੱਖ ਦੇ ਕਰੀਬ ਰੁਪਏ ਸਨ।

ਮੈਂ ਹੈਰਾਨ ਹੋ ਕੇ ਦੋਹਾਂ ਜੀਆਂ ਵੱਲ ਵੇਖਿਆ।

ਗੁਰਮਿੰਦਰ ਬੋਲੀ, "ਜਸਬੀਰ ! ਇਹਨਾਂ ਹਸਪਤਾਲਾਂ ਦੇ ਖਰਚੇ ਵੱਡੇ ਨੇ ਪੈਂਦੀ ਸੱਟੇ ਲੱਖਾਂ ਰੁਪਏ ਮੰਗ ਲੈਂਦੇ ਨੇ। ਕਈ ਵਾਰ ਝੱਟ-ਪਟ ਪ੍ਰਬੰਧ ਕਰਨਾ ਔਖਾ ਹੋ ਜਾਂਦੈ ਅਸੀਂ ਸੋਚਿਆ...।

ਉਹਨਾਂ ਘਰ ਦੀ ਮੁਰੰਮਤ ਦਾ ਕੰਮ ਵਿੱਢਿਆ ਹੋਇਆ ਸੀ। ਖਰਚਿਆਂ ਦੇ ਭੁਗਤਾਨ ਲਈ ਉਹਨਾਂ ਉਸ ਦਿਨ ਹੀ ਰੁਪਏ ਬੈਂਕ ਵਿੱਚੋਂ ਕਢਵਾਏ ਸਨ ਤੇ ਉਹ ਰੁਪਏ ਮੇਰੀ ਬਿਮਾਰੀ ਦੇ ਖਰਚੇ ਲਈ ਰਾਖਵੇਂ ਹੋ ਗਏ।

ਕਈ ਵਰ੍ਹਿਆਂ ਤੋਂ ਮੈਂ ਆਪਣੇ ਸ਼ਹਿਰ ਗਰਾਂ ਨੂੰ ਅਲਵਿਦਾ ਕਹਿ ਕੇ ਮੁਹਾਲੀ ਆਣ ਵੱਸਿਆ ਸਾਂ। ਉਹ ਸ਼ਹਿਰ ਮੇਰਾ ਆਪਣਾ ਨਹੀਂ ਸੀ ਹੋਇਆ। ਬੇਮੁਰੱਵਤ ਜਿਹਾ ਲੱਗਦਾ ਸੀ ਉਹ ਮੈਨੂੰ, ਨਿਰੀਆਂ ਇੱਟਾਂ, ਨਿਰਾ ਸੀਮਿੰਟ। ਜਾਪਦਾ ਸੀ, ਮੋਹ ਮੁਹੱਬਤ ਦੀ ਹਵਾ ਉਥੇ ਕਿਧਰੇ ਵੀ ਨਹੀਂ ਸੀ ਰੁਮਕਦੀ।

ਉਸ ਸ਼ਾਮ ਉਹ ਸ਼ਹਿਰ ਅਚਨਚੇਤੀ ਮੇਰਾ ਆਪਣਾ ਹੋ ਗਿਆ। ਮੈਂ ਮਨ ਭਰ ਲਿਆ ਤੇ ਨੋਟਾਂ ਦਾ ਥੱਬਾ ਉਹਨਾਂ ਵੱਲ ਕਰ ਦਿੱਤਾ, "ਇਹ ਰੱਖ ਲਵੋ ! ਮੈਨੂੰ ਕੋਈ ਫ਼ਿਕਰ ਨਹੀਂ। ਮੇਰੇ ਲਈ ਤੁਸੀਂ ਏਸੇ ਸ਼ਹਿਰ ਵਿਚ ਹੀ ਤਾਂ ਹੈਗੇ ਓਂ।"

********

ਬਹੁਤ ਸਾਰੇ ਡਾਕਟਰਾਂ ਨੇ ਰੱਬ ਦੇ ਰੁਤਬੇ ਤੋਂ ਖ਼ੁਦ ਨੂੰ ਡੇਗਿਆ ਹੋਇਆ ਸੀ। ਉਹ ਜ਼ਮੀਰ ਦੀਆਂ ਲਾਹਨਤਾਂ ਇਕੱਠੀਆਂ ਕਰਨ ਵਿਚ ਰੁਝੇ ਹੋਏ ਸਨ।

ਡਾਕਟਰ ਗੁਰਮਿੰਦਰ ਸਿੱਧੂ ਨੇ ਡਾਕਟਰਾਂ ਦੇ ਕਿਰਦਾਰ ਦੇ ਪਤਨ ਬਾਰੇ ਲੇਖ ਲਿਖਿਆ ਤੇ ਪੰਜਾਬੀ ਟ੍ਰਿਬਿਊਨ ਵਿਚ ਛਪਵਾ ਦਿੱਤਾ।

ਉਸ ਮਜ਼ਮੂਨ ਵਿਚ ਉਹਦੇ ਖ਼ੁਦ ਨਾਲ ਵਾਪਰੀ ਇਕ ਘਟਨਾ ਦਾ ਜ਼ਿਕਰ ਸੀ। ਜਦੋਂ ਡਾਕਟਰ ਗੁਰਮਿੰਦਰ ਸਿਵਲ ਹਸਪਤਾਲ ਮੋਹਾਲੀ ਵਿਖੇ ਤਾਇਨਾਤ ਸੀ ਤਾਂ ਇਕ ਲੈਬਾਰੇਟਰੀ ਦਾ ਮਾਲਕ ਨੋਟਾਂ ਦਾ ਭਰਿਆ ਹੋਇਆ ਇਕ ਲਿਫ਼ਾਫਾ ਉਹਨੂੰ ਦੇਣ ਆਇਆ। ਉਹ ਚਾਹੁੰਦਾ ਸੀ, ਨੋਟਾਂ ਦੇ ਇਵਜ਼ ਵਿਚ ਗੁਰਮਿੰਦਰ ਮਰੀਜ਼ਾਂ ਨੂੰ ਟੈਸਟਾਂ ਲਈ ਉਹਦੀ ਲੈਬਾਰੇਟਰੀ ਵਿਚ ਭੇਜੇ।

ਗੁਰਮਿੰਦਰ ਨੇ ਸਾਫ਼ ਸ਼ਬਦਾਂ ਵਿਚ ਕਿਹਾ ਕਿ ਉਹ ਪੈਸਿਆਂ ਦੇ ਲਾਲਚ ਵਿਚ ਮਰੀਜ਼ਾਂ ਨਾਲ ਧੋਖਾ ਨਹੀਂ ਕਰ ਸਕਦੀ।

ਅਖ਼ਬਾਰ ਦਾ ਮਜ਼ਮੂਨ ਪੜ੍ਹ ਕੇ ਮਲੇਰਕੋਟਲਾ ਤੋਂ ਆਏ ਇਕ ਫ਼ੋਨ ਨੇ ਉਹਨੂੰ ਧੁਰ ਅੰਦਰ ਤਕ ਝੰਜੋੜ ਦਿੱਤਾ। ਉਸ ਨਾਲ ਹੋਈ ਗੱਲਬਾਤ ਡਾ. ਗੁਰਮਿੰਦਰ ਦੇ ਸ਼ਬਦਾਂ ਵਿੱਚ ਇੰਨ ਬਿੰਨ ਇਸ ਤਰ੍ਹਾਂ ਹੈ-

"ਕੀ ਇਹੋ ਜਿਹੇ ਵੀ ਹੁੰਦੇ ਨੇ ਡਾਕਟਰ?" ਫ਼ੋਨ ਕਰਨ ਵਾਲੇ ਨੇ ਪੁੱਛਿਆ।

"ਹਾਂ, ਹੁੰਦੇ ਨੇ, ਭਾਵੇਂ ਥੋੜ੍ਹੇ ਹੀ ਹੋਣ,ਪਰ ਹੈਗੇ ਨੇ।"

"ਮੈਨੂੰ ਯਕੀਨ ਨਹੀਂ ਆਉਂਦਾ, ਤੁਹਾਡਾ ਆਰਟੀਕਲ ਪੜ੍ਹ ਕੇ ਮੈਂ ਸਾਰੀ ਰਾਤ ਨਹੀਂ ਸੌਂ ਸਕਿਆ। ਮੈਨੂੰ ਤਾਂ ਡਾਕਟਰ ਨਹੀਂ ਬਘਿਆੜ ਹੀ ਟੱਕਰੇ ਨੇ ਹੁਣ ਤੱਕ।"

"ਤੁਸੀਂ ਐਹੋ ਜਿਹੀ ਗੱਲ ਕਿਉਂ ਕਹਿ ਰਹੇ ਓ?"

"ਮੈਂ ਗਰੀਬ ਮਜ਼ਦੂਰ ਹਾਂ ਜੀ, ਮਲੇਰਕੋਟਲੇ ਫੈਕਟਰੀ ਵਿਚ ਕੰਮ ਕਰਦਾਂ, ਛੇ ਹਜ਼ਾਰ ਮਹੀਨਾ ਤਨਖਾਹ ਐ ਮੇਰੀ, ਅਖ਼ਬਾਰ ਖਰੀਦਣ ਜੋਗੇ ਪੈਸੇ ਨਹੀਂ, ਇਹ ਤਾਂ ਜੀ ਫੈਕਟਰੀ ਦੇ ਬਾਹਰ ਚਾਹ ਵਾਲੇ ਖੋਖੇ ਉੱਤੇ ਪਿਆ ਸੀ ਅਖਬਾਰ, ਉਥੋਂ ਪੜ੍ਹਿਆ ਏ ਤੁਹਾਡਾ ਲੇਖ...।"

ਪਰ ਐਸਾ ਹੋਇਆ ਕੀ ਐ ਤੁਹਾਡੇ ਨਾਲ?

"ਹੋਣਾ ਕੀ ਐ ਜੀ? ਸਿਵਲ ਹਸਪਤਾਲ ਦੇ ਡਾਕਟਰ ਨੇ ਪਰਚੀ ਹਸਪਤਾਲ ਦੀ ਦਿੱਤੀ ਤੇ ਕਿਹਾ ਇਲਾਜ ਲਈ ਲੁਧਿਆਣੇ ਮੇਰੇ ਘਰ ਆਇਓ, ਹੁਣ ਮੇਰੇ ਗਰੀਬ ਕੋਲ ਏਨਾ ਕਿਰਾਇਆ ਕਿੱਥੋ? ਘਰ ਵਾਲੀ ਨੂੰ ਸ਼ੈਕਲ 'ਤੇ ਬਿਠਾ ਕੇ ਮਲੇਰਕੋਟਲੇ ਤੋਂ ਲੁਧਿਆਣੇ ਗਿਆ, ਉਥੇ ਡਾਕਟਰਨੀ ਸੀ, ਉਹਦੀ ਘਰਵਾਲੀ, ਉਹਨੇ ਮੇਰੀ ਘਰਵਾਲੀ ਦੇ ਦੋ ਟੀਕੇ ਲਾ ਕੇ ਪੰਜ ਸੌ ਮੰਗ ਲਏ।"

"ਫੇਰ..? "

"ਫੇਰ ਕੀ..ਤਿੰਨ ਚਾਰ ਵਾਰੀ ਏਵੇਂ ਈ ਹੋਇਆ..ਮਰਦਾ ਕੀ ਨਾ ਕਰਦਾ, ਮੰਗ-ਤੰਗ ਕੇ ਦੇਣੇ ਪਏ, ਪਰ ਕੋਈ ਫੈਦਾ ਨਹੀਂ।"

"ਹੋਇਆ ਕੀ ਸੀ ਤੁਹਾਡੀ ਘਰਵਾਲੀ ਨੂੰ?"

"ਔਲਾਦ ਲਈ ਇਲਾਜ ਕਰਵਾਉਂਦੇ ਸੀ।"

"ਠਹਿਰਦਾ ਨਹੀਂ ਸੀ ਬੱਚਾ?"

"ਠਹਿਰਿਆ ਹੋਇਆ ਸੀ, ਕਹਿੰਦੇ ਫਲਾਨੀ ਦੁਕਾਨ ਤੋਂ ਅਲਟਰਾਸਾਊਂਡ ਕਰਾਓ, ਉਹ ਕਰਾਇਆ ਤਾਂ ਕਹਿੰਦੇ ਸਭ ਕੁਸ਼ ਠੀਕ ਐ, ਰਾਤ ਨੂੰ ਘਰ ਵਾਲੀ ਨੂੰ ਲਹੂ ਦੇ ਦਾਗ ਲੱਗ ਗਏ, ਕਹਿੰਦੇ ਹੁਣ ਫਲਾਨਿਆਂ ਤੋਂ ਅਲਟਰਾਸਾਊਂਡ ਕਰਾਓ, ਉਹਨਾਂ ਤੋਂ ਕਰਾਇਆ ਤਾਂ ਅਗਲੇ ਕਹਿੰਦੇ ਦੋ ਬੱਚੇ ਐ, ਬਚਣੇ ਨੀ, ਅਬਾਰਸ਼ਨ ਕਰਾਉਣੀ ਪਊ, ਬੱਸ ਕਰਾਉਣੀ ਪਈ।"

"ਬਹੁਤ ਮਾੜਾ ਹੋਇਆ..ਕਿੰਨਾ ਚਿਰ ਹੋ ਗਿਆ ਤੁਹਾਡੇ ਵਿਆਹ ਨੂੰ?"

"ਚਾਰ ਸਾਲਾਂ ਤੋਂ ਉਤੇ ਹੋ 'ਗੇ..ਫਿਰ ਦੋਬਾਰਾ ਦਿਨ ਚੜ੍ਹ ਗਏ, ਅਸੀਂ ਫਿਰ ਹਸਪਤਾਲ ਚਲੇ ਗਏ ਤਾਂ ਉਸ ਡਾਕਟਰ ਨੇ ਹੋਰ ਟੀਕੇ, ਦਵਾਈਆ ਲਿਖ 'ਤੇ, ਕਹਿੰਦਾ ਹੁਣ ਬਚ ਜਾਊ ਬੱਚਾ।"

"ਅੱਛਾ...।"

"ਅਗਲੀ ਵਾਰ ਚੈਕ ਅਪ ਲਈ ਗਏ ਤਾਂ ਹੋਰ ਡਾਕਟਰਨੀ ਬੈਠੀ ਸੀ, ਪਹਿਲਾਂ ਵਾਲਾ ਛੁਟੀ 'ਤੇ ਸੀ..ਬਸ ,, ਉਹਨੇ ਆਵਦੇ ਹਿਸਾਬ ਨਾਲ ਦਵਾਈ ਲਿਖ'ਤੀ..ਜਿਹੜੇ ਗਾਈਨੀ ਵਾਲੇ ਹੁੰਦੇ ਐ ਜੀ ਉਹਨਾਂ ਦੀ ਗੱਲ ਕਰਦਾਂ...।"

"ਹਾਂ ਮੈਂ ਸਮਝ ਗਈ, ਫਿਰ ਹੁਣ ਠੀਕ ਐ ਘਰਵਾਲੀ?"

"ਡੁੱਬੀ ਤਾਂ ਜੇ ਸਾਹ ਨਾ ਆਇਆ...ਮੈਡਮ ਜੀ ! ਅਗਲੀ ਵਾਰੀ ਪਹਿਲਾ ਡਾਕਟਰ ਫੇਰ ਬੈਠਾ ਸੀ, ਉਹ ਪਰਚੀ ਦੇਖ ਕੇ ਕਹਿੰਦਾ ਪਿਛਲੀ ਵਾਰ ਕਿਸੇ ਹੋਰ ਨੂੰ ਕਿਉਂ ਦਿਖਾਇਆ? ਮੈਂ ਕਿਹਾ 'ਸਰ ਜੀ, ਤੁਸੀਂ ਛੁਟੀ ਤੇ ਸੀ, ਡਿਊਟੀ 'ਤੇ ਉਹ ਬੈਠੀ ਸੀ, ਅਸੀਂ ਤਾਂ ਬੇਸਮਝ ਆਂ, ਸਾਨੂੰ ਕੀ ਪਤਾ?' ਬੱਸ ਡਾਕਟਰ ਨੇ ਮੇਰੀ ਪਰਚੀ ਵਗਾਹ ਕੇ ਮਾਰੀ, ਮੈਂ ਬਹੁਤ ਮਿੰਨਤਾਂ ਕੀਤੀਆਂ, ਤਾਂ ਕਿਤੇ ਉਹਨੇ ਚੈਕ ਕੀਤਾ ਤੇ ਬਦਲ ਕੇ ਦਵਾਈ ਲਿਖ 'ਤੀ, ਦੋ ਦਿਨਾਂ ਪਿੱਛੋਂ ਅਬਾਰਸ਼ਨ ਹੋ 'ਗੀ।"

ਮੈਂ ਸੱਚਮੁਚ ਸੁੰਨ ਜਿਹੀ ਹੋ ਗਈ, ਉਹ ਹੀ ਫੇਰ ਬੋਲਿਆ, "ਅਸੀਂ ਤਾਂ ਫੇਰ ਚੁੱਪ ਕਰਕੇ ਘਰ ਈ ਬੈਠ'ਗੇ, ਬਈ ਹੁਣ ਨਹੀਂ ਇਲਾਜ ਕਰਾਉਣਾ....ਜੇ ਕਿਸਮਤ ਵਿਚ ਬੱਚਾ ਨਹੀਂ ਤਾਂ ਨਾ ਸਹੀ...ਪਰ

ਇਹਨਾਂ ਦੇ ਵੱਸ ਨਹੀਂ ਪੈਣਾ।''

''ਤੁਸੀਂ ਏਨਾ ਦਿਲ ਨਾ ਛੱਡੋ, ਮੈਂ ਦੇਖਦੀ ਹਾਂ ਜੇ ਮੈਨੂੰ ਕੋਈ ਤੁਹਾਡੇ ਪਾਸੇ ਡਾਕਟਰ ਮਿਲਿਆ, ਉਹਦੇ ਨਾਲ ਗੱਲ ਕਰੂੰਗੀ ਕਿ ਤੁਹਾਡੀ ਮੱਦਦ ਕਰੇ।''

''ਮੈਂ ਮੱਦਦ ਲਈ ਫੋਨ ਨਹੀਂ ਸੀ ਕੀਤਾ ਡਾ: ਸਾਹਿਬ! ਇਹ ਤਾਂ ਤੁਹਾਡੇ ਲੇਖ ਦਾ ਮੇਰੇ 'ਤੇ ਏਨਾ ਡੂੰਘਾ ਅਸਰ ਹੋਇਆ ਤਾਂ ਕੀਤਾ ਸੀ।''

''ਮੈਂ ਜਾਣਦੀ ਹਾਂ, ਮੈਂ ਹੀ ਤੁਹਾਨੂੰ ਪੁਛਿਆ ਸੀ ਕਿ ਘਰਵਾਲੀ ਨੂੰ ਕੀ ਤਕਲੀਫ ਐ? ਤੁਸੀਂ ਨਹੀਂ ਸੀ ਕਿਹਾ, ਪਰ ਮੈਂ ਕੋਸ਼ਿਸ਼ ਕਰਕੇ ਦੇਖਦੀ ਹਾਂ, ਫੋਨ ਕਰੂੰਗੀ ਤੁਹਾਨੂੰ ਪਤਾ ਕਰਕੇ।''

ਉਹਦਾ ਫੋਨ ਬੰਦ ਹੁੰਦਿਆਂ ਹੀ ਮੈਂ ਡਾਇਰੀ ਫੋਲਣ ਲੱਗੀ, ਮੇਰੀ ਸਹੇਲੀ ਦਾ ਭਰਾ ਡਾਕਟਰ ਹੁੰਦਾ ਸੀ ਮਲੇਰਕੋਟਲੇ, ਖਬਰਾ ਹੁਣ ਵੀ ਹੋਵੇ ਉਥੇ, ਉਂਜ ਉਹ ਅਮਰੀਕਾ ਵੀ ਜਾਂਦਾ ਰਹਿੰਦਾ ਸੀ, ਤੇ ਆਖਿਰ ਉਹਦਾ ਫੋਨ ਲੱਭ ਗਿਆ, ਮੈਂ ਉਹਦਾ ਨੰਬਰ ਮਿਲਾ ਕੇ ਸਾਰੀ ਗੱਲ ਦੱਸਦਿਆਂ ਕਿਹਾ, ''ਸਤਿੰਦਰ ਇਹ ਤਾਂ ਆਪਣੇ ਪ੍ਰੋਫੈਸ਼ਨ'ਤੇ ਬਹੁਤ ਵੱਡਾ ਕਲੰਕ ਐ, ਆਪਾਂ ਇਹ ਨ੍ਹੀਂ ਹੋਣ ਦੇਣਾ..ਇਹ ਤਾਂ ਜ਼ੁਲਮ ਐ।''

''ਕੋਈ ਨੀ ਭੈਣ ਜੀ, ਤੁਸੀਂ ਭੇਜ ਦਿਓ ਉਹਨਾਂ ਨੂੰ ਮੇਰੇ ਕੋਲ, ਮੈਂ ਏਥੋਂ ਸਭ ਤੋਂ ਵਧੀਆ ਗਾਈਨੀਕਾਲੋਜਿਸਟ ਨੂੰ ਦਿਖਾ ਦਊਂਗਾ।''

''ਆਪਾਂ ਉਹਨਾਂ ਦਾ ਪੂਰਾ ਇਲਾਜ ਕਰਨੈਂ ਤੇ ਉਹਨਾਂ ਤੋਂ ਇਕ ਪੈਸਾ ਨਹੀਂ ਲੈਣਾ, ਗਾਈਨੀਕਾਲੋਜਿਸਟ ਦਾ ਬਿੱਲ ਮੈਨੂੰ ਭੇਜ ਦਈਂ, ਮੈਂ ਪੇ ਕਰੂੰਗੀ।''

''ਕੋਈ ਨੀ ਭੈਣ ਜੀ, ਕਰ ਲਾਂਗੇ।''

''ਨਹੀਂ ਸਤਿੰਦਰ, ਪੈਸੇ ਕਰਕੇ ਕਮੀ ਨਾ ਰਹਿ ਜਾਏ ਇਲਾਜ ਵਿਚ, ਮੈਂ ਦੇ ਦਊਂਗੀ।''

''ਫਿਕਰ ਨਾ ਕਰੋ ਭੈਣ ਜੀ, ਭੇਜ ਦਿਓ ਉਹਨਾਂ ਨੂੰ ਮੇਰੇ ਕੋਲ, ਮੈਨੂੰ ਫੋਨ ਕਰ ਲੈਣ ਪਹਿਲਾਂ।''

ਹੁਣ ਮੈਂ ਉਸ ਬੰਦੇ ਦਾ ਨੰਬਰ ਮਿਲਾਇਆ, ਪਰ ਉਹਨੇ ਚੁਕਿਆ ਨਹੀਂ, ਸ਼ਾਮ ਨੂੰ ਫਿਰ ਮਿਲਾਇਆ, ਫਿਰ ਨਹੀਂ ਚੁਕਿਆ, ਕਈ ਵਾਰ ਕੋਸ਼ਿਸ਼ਾਂ ਕੀਤੀਆਂ, ਪਰ ਉਹ ਫੋਨ ਨਹੀਂ ਸੀ ਚੁਕ ਰਿਹਾ ਡਾ: ਸਾਹਿਬ ਨੇ ਵੀ ਦੋ ਤਿੰਨ ਵਾਰ ਪੁਛਿਆ,

''ਉਸ ਵਿਚਾਰੇ ਨੂੰ ਫੋਨ ਕਰ ਲਿਆ ਕਿ ਨਹੀਂ?''

ਪਰ ਦੋ ਦਿਨ ਤੱਕ ਉਹ ਨਹੀਂ ਮਿਲਿਆ, ਫਿਰ ਉਹਦਾ ਹੀ ਫੋਨ ਆਇਆ, ''ਡਾਕਟਰ ਸਾਹਬ! ਮੈਂ ਮਿਸਡ ਕਾਲਾਂ ਦੇਖ ਕੇ ਫੋਨ ਕੀਤੈ, ਡਬਲ ਡਿਊਟੀ ਲੱਗੀ ਸੀ ਫੈਕਟਰੀ ਵਿਚ,ਅੱਜ ਟੈਮ ਮਿਲਿਐ ਫੋਨ ਕਰਨ ਦਾ।''

ਖੈਰ..ਮੈਂ ਉਹਨੂੰ ਡਾ: ਸਤਿੰਦਰ ਦਾ ਫੋਨ ਦਿੱਤਾ ਤੇ ਕਿਹਾ ਕਿ ''ਤੂੰ ਕਿਸੇ ਨੂੰ ਇਕ ਪੈਸਾ ਨਹੀਂ ਦੇਣਾ, ਸਾਰੇ ਕਾਗਜ਼-ਪੱਤਰ ਨਾਲ ਲਿਜਾ ਕੇ ਚੈਕ ਕਰਵਾਇਓ ਤੇ ਆ ਕੇ ਮੈਨੂੰ ਫੋਨ ਕਰਕੇ ਦੱਸਿਓ ਕਿ ਕੀ ਹੋਇਆ।''

ਮੇਰਾ ਪਿੰਡ ਏਥੋਂ 15-16 ਕਿਲੋਮੀਟਰ ਐ ਜੀ, ਜਿੱਦਣ ਛੁੱਟੀ ਮਿਲੀ ਘਰ ਆਲੀ ਨੂੰ ਨਾਲ ਲਿਆ ਕੇ ਚਲੇ ਜਾਊਂਗਾ ਡਾ: ਸਾਹਬ ਕੋਲ, ਜਿਵੇਂ ਤੁਸੀਂ ਕਹਿੰਨੇ ਓ, ਪਰ ਤੁਸੀਂ ਏਨਾ ਕੁਸ਼ ਮੇਰੇ ਲਈ ਕੀਤਾ, ਏਦਾਂ ਮੇਰੀ ਗੱਲ ਧਿਆਨ ਨਾਲ ਸੁਣੀ, ਫਿਰ ਡਾ: ਲੱਭਿਆ, ਇਹ ਵੀ ਬਹੁਤ ਵੱਡੀ ਗੱਲ ਐ ਜੀ।''

''ਗੱਲ ਤਾਂ ਫੇਰ ਐ ਜੇ ਕੰਮ ਬਣ ਜੇ, ਪਰ ਤੁਸੀਂ ਛੇਤੀ ਹੀ ਚਲੇ ਜਾਇਓ ਜਦੋਂ ਛੁਟੀ ਮਿਲੇ, ਠੀਕ ਐ?''

''ਠੀਕ ਐ ਜੀ, ਥੋਡਾ ਬਹੁਤ ਬਹੁਤ ਧੰਨਵਾਦ ਡਾ: ਸਾਹਿਬ।''

ਪਰ ਉਹਦਾ ਅਜੇ ਫੋਨ ਨਹੀਂ ਆਇਆ, ਕੁਝ ਦਿਨ ਉਡੀਕ ਕੇ ਫਿਰ ਕਰੂੰਗੀ ਉਹਦੇ ਨਾਲ ਗੱਲ।

*******

ਇਬਾਰਤ ਅੱਗੇ ਡੰਡੀ ਲਾਉਣ ਬਾਰੇ ਸੋਚਿਆ ਤਾਂ ਕਿਤਾਬ ਦਾ ਇਕ ਹੋਰ ਵਰਕਾ ਮੇਰੇ ਸਾਹਵੇਂ ਖੁੱਲ੍ਹ ਗਿਆ।

ਤੌਬਾ !...ਕਿੰਨੇ ਕੁ ਵਰਕੇ ਨੇ ਉਹਦੀ ਜ਼ਿੰਦਗੀ ਦੀ ਕਿਤਾਬ ਦੇ?

ਮੈਂ ਤਾਂ ਐਵੇਂ ਸੁਖਸਾਂਦ ਪੁੱਛਣ ਲਈ ਫੋਨ ਕੀਤਾ ਸੀ।

ਗੁਰਮਿੰਦਰ ਨੇ ਦੱਸਿਆ, "ਅਸੀਂ ਬਾਜ਼ਾਰ ਵਿਚ ਹਾਂ, ਬੜਾ ਕੁਝ ਖਰੀਦਣਾ ਏ ਅੱਜ ਤਾਂ।"

"ਏਨਾ ਕੀ ਖਰੀਦਣ ਲੱਗ ਪਏ ਓ? ਕੁਝ ਹੋਰ ਦਿਨਾਂ ਨੂੰ ਤਾਂ ਤੁਸੀਂ ਕੈਨੇਡਾ ਤੁਰ ਜਾਣਾ ਏ।"

ਗੁਰਮਿੰਦਰ ਹੱਸਣ ਲੱਗ ਪਈ, "ਪਰਸੋਂ ਨੂੰ ਵਿਆਹ ਏ...ਇਕ ਹੋਰ ਧੀ ਦਾ ਵਿਆਹ।"

ਉਸ ਧੀ ਦੀ ਜਾਨ ਬਚਾਈ ਸੀ ਗੁਰਮਿੰਦਰ ਨੇ। ਕਦੋ?...ਕਿਸ ਤਰ੍ਹਾਂ? ਮੈਂ ਉਹਨੂੰ ਪੁੱਛਿਆ ਨਹੀਂ ਸੀ, ਪਰ ਮੈਂ ਜਾਣ ਲਿਆ ਸੀ, ਫ਼ੋਨ ਕਰ ਕੇ ਮੈਂ ਇਕ ਨਵੀਂ ਬਾਤ ਦਾ ਮੁੱਢ ਬੰਨ੍ਹ ਲਿਆ ਸੀ।

ਬੁਰਜੀ ਉਤੇ ਲਿਖੀ ਹੋਈ ਮੁਹੱਬਤ ਬੁਰਜੀ ਤਕ ਨਹੀਂ, ਉਹਨੇ ਪਤਾ ਨਹੀਂ ਕਿਹੜੇ ਕਿਹੜੇ ਸ਼ਹਿਰ ਗਰਾਂ ਤਕ ਜਾਣਾ ਹੈ।

ਉਹਨਾਂ ਦੋਹਾਂ ਜੀਆਂ ਦੇ ਮੁਹੱਬਤ ਵਾਲੇ ਦੋ ਹੋਰ ਘਰਾਂ ਦਾ ਤਾਂ ਮੈਨੂੰ ਪਤੈ। ਪਹਿਲਾ ਉਹ ਜਿਥੇ ਇਕ ਸ਼ਖ਼ਸ ਨੇ ਧੀਆਂ ਨੂੰ ਪਨਾਹ ਦਿੱਤੀ ਹੋਈ ਐ। ਉਹਨੂੰ ਜਿਥੋਂ ਵੀ ਕੋਈ ਯਤੀਮ, ਨਿਆਸਰੀ, ਕੂੜੇਦਾਨ ਵਿਚ ਸੁੱਟੀ ਹੋਈ ਜਾਂ ਝਾੜੀਆਂ ਉਹਲੇ ਪਈ ਹੋਈ ਬੱਚੀ ਲਭਦੀ ਹੈ ਤਾਂ ਉਹ ਚੁੱਕ ਕੇ ਧੀਆਂ ਵਾਲੇ ਉਸ ਘਰ ਵਿਚ ਲੈ ਆਉਂਦਾ ਹੈ। ਉਹਨਾਂ ਧੀਆਂ ਦੀ ਗਿਣਤੀ ਇਕ ਇਕ ਕਰਕੇ ਇਕ ਸੌ ਪੱਚੀ ਹੋ ਗਈ ਹੈ।

ਗੁਰਮਿੰਦਰ ਉਹਨਾਂ ਧੀਆਂ ਦੀ ਦੀਦੀ ਹੈ। ਹਰ ਤਿੱਥ ਤਿਉਹਾਰ ਵੇਲੇ ਨੇ ਧੀਆਂ ਉਹਨਾਂ ਨੂੰ ਉਡੀਕ ਰਹੀਆਂ ਹੁੰਦੀਆਂ ਨੇ। ਉਹ ਰਲ਼ ਕੇ ਖ਼ੂਬ ਹੱਸਦੇ ਖੇਡਦੇ ਨੇ। ਉਦੋਂ ਉਹ ਆਪਣੀਆਂ ਉਹਨਾਂ ਧੀਆਂ ਦੇ ਚਾਅ ਪੂਰੇ ਕਰਦੇ ਨੇ।

ਉਹ ਧੀਆਂ ਨਾਲ ਆਖ਼ਰ ਤੱਕ ਨਿਭਣਗੇ,ਧੀਆਂ ਨੂੰ ਇਸ ਗੱਲ ਦਾ ਪਤਾ ਹੈ।

ਦੂਸਰਾ ਘਰ ਵੀ ਬਹੁਤੀ ਦੂਰ ਨਹੀਂ, ਡਾਕਟਰਾਂ ਦੇ ਮੁਹਾਲੀ ਵਾਲੇ ਘਰ ਤੋਂ ਮਸਾਂ ਪੰਦਰਾਂ-ਵੀਹ ਕਿਲੋਮੀਟਰ ਹੀ ਹੋਊ।

ਉਸ ਘਰ ਦੇ ਉਹ ਦੋਵੇਂ ਲਾਡਲੇ ਪੁੱਤ,ਧੀ ਨੇ ।

ਉਸ ਘਰ ਵਿਚ ਮਾਵਾਂ ਨੇ,ਉਹ ਪਿਓ ਨੇ, ਜੀਹਨਾਂ ਨੂੰ ਘਰੋਂ ਆਪਣਿਆਂ ਨੇ ਧੱਕਾ ਦਿੱਤਾ ਹੋਇਆ ਹੈ। ਉਹ ਉਹਨਾਂ ਦਾ ਦੁੱਖ ਸੁੱਖ ਵੀ ਵੰਡਦੇ ਨੇ ਤੇ ਉਹਨਾਂ ਦੀਆਂ ਬਿਮਾਰੀਆਂ ਦਾ ਇਲਾਜ ਵੀ ਕਰਦੇ ਨੇ।

*******

ਅੱਜ ਕਲ੍ਹ ਮੈਂ ਮੁਹੱਬਤ ਵਾਲਿਆਂ ਦੀ ਗਲੀ ਵੱਲ ਫੇਰਾ ਮਾਰਦਾ ਹਾਂ ਤਾਂ ਉਹ ਘਰ ਉਥੇ ਨਹੀਂ ਹੁੰਦਾ।

ਉਹ ਘਰ ਲੁਕਣਮੀਚੀ ਖੇਡਣ ਲੱਗ ਪਿਆ ਹੈ।

ਉਸ ਜੂਹ ਵਿਚੋਂ ਮੈਨੂੰ ਮੱਧਮ ਜਿਹੀ ਆਵਾਜ਼ ਸੁਣਦੀ ਹੈ:

ਲੁਕ ਛਿਪ ਜਾਣਾ<br>
ਮਕਈ ਦਾ ਦਾਣਾ<br>
ਰਾਜੇ ਦੀ ਬੇਟੀ ਆਈ ਜੇ।

ਦੂਰੋਂ ਆਵਾਜ਼ਾਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਨੇ, "ਆ ਜਾ!...ਆ ਜਾ!....ਆ ਜਾ..।"

ਇਹ ਕੀ ਖੇਡ ਹੋਈ ਭਲਾ, ਜੀਹਦੇ ਵਿਚ ਪੂਰਾ ਘਰ ਹੀ ਗੁਆਚ ਜਾਵੇ।

ਕੁਝ ਵਕਫ਼ੇ ਪਿੱਛੋਂ ਫੇਰ ਉਧਰ ਜਾਣ ਦਾ ਸਬੱਬ ਬਣਦਾ ਹੈ ਤਾਂ ਵੇਖਦਾ ਹਾਂ, ਘਰ ਉਥੇ ਦਾ ਉਥੇ ਹੀ ਹੈ, ਇਹੋ ਜਿਹੇ ਭਰਮ ਜਾਲ ਤਾਂ ਅਲਫ਼ ਲੈਲਾ ਦੀਆਂ ਕਹਾਣੀਆਂ ਬੁਣਦੀਆਂ ਹੁੰਦੀਆਂ ਸਨ।

ਦਰਅਸਲ ਮੇਰੀਆਂ ਨਜ਼ਰਾਂ ਘਰ ਲੱਭ ਰਹੀਆਂ ਹੁੰਦੀਆਂ ਨੇ ਤੇ ਉਥੇ ਮਕਾਨ ਖਲੋਤਾ ਹੋਇਆ ਵਿਖਾਈ ਦਿੰਦਾ ਹੈ।

ਖੱਗੇ ਹੋਏ ਰੁੱਖ ਵਾਂਗੂੰ ਹੋ ਗਏ ਨੇ ਦੋਵੇ ਜੀਅ। ਕੈਨੇਡਾ ਤੁਰ ਜਾਂਦੇ ਨੇ। ਉਥੇ ਉਹਨਾਂ ਦਾ ਹਰਿਆ ਭਰਿਆ ਬਾਗ ਹੈ। ਉਸ ਬਾਗ ਵਿਚ ਪੁੱਤਰ ਰਿਸ਼ਮਦੀਪ ਹੈ,ਧੀ ਦਿਲਦੀਪ ਹੈ ਤੇ ਹੋਰ ਵੀ ਬਹੁਤ ਸਾਰੇ ਦੀਪ ਨੇ। ਦੋਹਾਂ ਨੂੰ ਬੜਾ ਚਾਨਣ ਦਿੰਦੇ ਨੇ ਉਹ।

ਖੱਗੇ ਹੋਏ ਦੋਵਾਂ ਰੁੱਖਾਂ ਦੀਆਂ ਜੜ੍ਹਾਂ ਮੋਹਾਲੀ ਵਿਚ ਵੀ ਨੇ ਤੇ ਸਰੀ,ਵੈਨਕੂਵਰ ਵਿਚ ਵੀ। ਹੁਣ ਕਈ ਵਰ੍ਹਿਆਂ ਤੋਂ ਉਹਨਾਂ ਦਾ ਆਉਣਾ ਜਾਣਾ ਕੁਝ ਇਸ ਤਰ੍ਹਾਂ ਦਾ ਹੈ।

ਇਸ ਆਉਣ ਜਾਣ ਵਿਚ ਉਹ ਥੱਕ ਵੀ ਜਾਂਦੇ ਨੇ।

ਕੈਨੇਡਾ ਤੋਂ ਆਉਣਸਾਰ ਹੀ ਘਰ ਨੂੰ ਮੁੜ ਜਿਉਂਦਿਆਂ ਕਰਨ ਲਈ ਉਹਨਾਂ ਦੀ ਭੱਜ ਨੱਸ ਸ਼ੁਰੂ ਹੋ ਜਾਂਦੀ ਹੈ।

ਘਰ ਮੁੜ ਸਾਹ ਲੈਣ ਲੱਗ ਪੈਂਦਾ ਹੈ ਤਾਂ ਵਾਪਸ ਜਾਣ ਲਈ ਉਹ ਸਮਾਨ/ਬੰਨ੍ਹਣਾ ਸ਼ੁਰੂ ਕਰ ਦਿੰਦੇ ਹਨ। ਜੇ ਸਰਫ਼ੇ ਦੇ ਕੁਝ ਦਿਨ ਬਾਕੀ ਹੋਣ ਤਾਂ ਪਿੰਡ ਜਾਣ ਦੀ ਤਿਆਰੀ ਵਿੱਢ ਲੈਂਦੇ ਹਨ। ਆਪਣੇ ਪੁਰਾਣੇ ਸਕੂਲ ਲਈ ਉਹ ਹਜ਼ਾਰਾਂ ਰੁਪਈਆਂ ਦੀਆਂ ਕਿਤਾਬਾਂ ਖਰੀਦਦੇ ਹਨ। ਕੁਝ ਕਿਤਾਬਾਂ ਲੇਖਕ ਦੋਸਤਾਂ ਕੋਲੋਂ ਵੀ ਇਕੱਠੀਆਂ ਕਰਦੇ ਹਨ। ਸਕੂਲ ਦੇ ਹੋਣਹਾਰ ਵਿਦਿਆਰਥੀਆਂ ਨੂੰ ਸ਼ਾਬਾਸ਼ ਕਹਿਣ ਲਈ ਵੀ ਉਹ ਤੋਹਫ਼ੇ ਖਰੀਦਦੇ ਹਨ। ਸਕੂਲ ਨੂੰ ਕੁਝ ਹੋਰ ਅਮੀਰ ਕਰਕੇ ਉਹ ਮੋਹਾਲੀ ਪਰਤ ਆਉਂਦੇ ਹਨ। ਜਹਾਜ਼ ਵਿਚ ਬੈਠਣ ਤੋਂ ਬਾਅਦ ਉਹ ਘਰ ਨੌਕਰਾਣੀ ਗੀਤਾ ਦਾ ਹੋ ਜਾਂਦਾ ਹੈ। ਉਸ ਨੂੰ ਆਮ ਨਾਲੋਂ ਵੱਧ ਤਨਖਾਹ ਮਿਲਦੀ ਹੈ। ਉਹਦੇ ਬੱਚੇ ਚੰਗੇ ਸਕੂਲ ਵਿਚ ਪੜ੍ਹਦੇ ਨੇ। ਉਹਨਾਂ ਦੀ ਸਕੂਲ ਦੀ ਫ਼ੀਸ ਅਤੇ ਹੋਰ ਖਰਚੇ ਵੀ ਡਾਕਟਰਾਂ ਦੇ ਸਿਰ ਹੀ ਹਨ। ਗੀਤਾ ਦੇ ਬੱਚਿਆਂ ਦੀ ਪੜ੍ਹਾਈ ਵਿਚ ਵਿਘਨ ਨਾ ਪਵੇ ਇਸ ਲਈ ਕੋਠੀ ਦੀ ਉਪਰਲੀ ਮੰਜ਼ਿਲ ਗੀਤਾ ਪਰਿਵਾਰ ਕੋਲ ਹੀ ਹੈ। ਗੁਰਮਿੰਦਰ ਹੁਰਾਂ ਉਸ ਮੰਜ਼ਿਲ ਨੂੰ ਕਿਰਾਏ ਉਤੇ ਦੇਣ ਬਾਰੇ ਕਦੀ ਨਹੀਂ ਸੋਚਿਆ। ਦਸ-ਪੰਦਰਾਂ ਹਜ਼ਾਰ ਰੁਪਏ ਮਹੀਨਾ ਉਹਨਾਂ ਕਰਨਾ ਵੀ ਕੀ ਹੈ। ਵੈਸੇ ਵੀ ਉਹਨਾਂ ਦੇ ਰੁਪਏ ਉਹਨਾਂ ਦੇ ਨਹੀਂ।

ਉਹ ਆ ਗਏ ਨੇ। ਉਹ ਚਲੇ ਗਏ ਨੇ। ਖੂਹ ਦੀਆਂ ਟਿੰਡਾਂ ਦਾ ਅਜੀਬ ਗੇੜਾ ਹੈ।

ਮੈਂ ਉਦਾਸ ਹੋ ਜਾਂਦਾ ਹਾਂ। ਮੇਰੇ ਮੱਥੇ ਵਿਚ ਅਚਨਚੇਤੀ ਦੀਵਾ ਬਲ ਪੈਂਦਾ ਹੈ। ਡੋਲਦੀ ਲਾਟ ਵਿਚ ਵੇਖਦਾ ਹਾਂ, ਉਹ ਤਾਂ ਇਥੇ ਹੀ ਨੇ,ਕਿਧਰੇ ਵੀ ਨਹੀਂ ਗਏ। ਇਥੇ ਤਾਂ ਸਗੋਂ ਉਹਨਾਂ ਨੇ ਦਿਲਾਂ ਦੀ ਬਹੁਤ ਸਾਰੀ ਜ਼ਮੀਨ ਵੀ ਮੱਲੀ ਹੋਈ ਹੈ। ਮੈਂ ਪਤਾ ਲਾ ਲਿਆ ਹੈ, ਉਸ ਜ਼ਮੀਨ ਉੱਤੇ ਕਬਜ਼ਾ ਨਜ਼ਾਇਜ਼ ਨਹੀਂ ਹੱਕ-ਹਕੂਕ ਹਾਸਲ ਕਰਨ ਪਿੱਛੋਂ ਹੀ ਇਸ ਤਰ੍ਹਾਂ ਹੋਇਆ।

ਉਹ ਦੋਵੇਂ ਜੀਅ ਖ਼ੁਸ਼ਬੂ ਵਰਗੇ ਨੇ। ਖ਼ੁਸ਼ਬੂ ਕਿਸੇ ਦੀ ਨਿੱਜੀ ਮਲਕੀਅਤ ਨਹੀਂ ਹੁੰਦੀ।

ਖ਼ੁਸ਼ਬੂ ਆਪਣਾ ਸੁਭਾਅ ਵੀ ਨਹੀਂ ਬਦਲਦੀ ਨਾ ਇਸ਼ਤਿਹਾਰ ਬਣ ਕੇ ਭਟਕਦੀ ਹੈ।

ਇਹ ਮੇਰਾ ਵਹਿਮ ਮਾਤਰ ਸੀ ਕਿ ਉਹ ਘਰ ਗੁਆਚ ਜਾਂਦਾ ਹੈ ਕਦੀ ਕਦਾਈਂ, ਬੱਸ ਝਿਲਮਿਲ ਹੁੰਦਾ ਹੈ ਉਹ ਘਰ, ਕਦੀ ਮੁਹਾਲੀ ਵਾਲਿਆਂ ਲਈ ਤੇ ਕਦੀ ਵੈਨਕੂਵਰ ਵਾਲਿਆਂ ਲਈ।

ਜਿਥੇ ਵੀ ਮਨੁੱਖ ਨੇ, ਉਥੇ ਖ਼ੁਸ਼ਬੂ ਦੀ ਵੀ ਤਾਂ ਲੋੜ ਹੈ।(**ਸੰਪਰਕ: 97810-08582**)

# ਜਨ ਬੋਧ

## ਮਸਤੀ ਦਾ ਵਣਜਾਰਾ : ਗੁਰਦਾਸ ਮਾਨ

ਤਸਕੀਨ



ਗੁਰਦਾਸ ਮਾਨ 31 ਦਸੰਬਰ 1980 ਨੂੰ ਜਲੰਧਰ ਦੂਰਦਰਸ਼ਨ 'ਤੇ 'ਦਿਲ ਦਾ ਮਾਮਲਾ ਹੈ' ਗੀਤ ਰਾਹੀਂ ਪਹਿਲੀ ਵਾਰ ਨਜ਼ਰ ਆਇਆ। ਲੁਧਿਆਣਾ ਮਾਰਕਾ ਗਾਇਕੀ ਦਾ ਅੰਨ੍ਹਾ ਹੜ੍ਹ ਵਗਦਾ ਹੋਣ ਦੇ ਬਾਵਜੂਦ ਗੁਰਦਾਸ ਮਾਨ ਦੀ ਪਹਿਲੀ ਪੇਸ਼ਕਾਰੀ ਨੇ ਲੋਕਾਂ ਦਾ ਧਿਆਨ ਖਿੱਚਿਆ ਜੋ ਪ੍ਰੰਪਰਿਕ ਗਾਇਨ ਦੀ ਲੀਹ ਤੋਂ ਹਟ ਕੇ ਆਧੁਨਿਕ ਵਿਚਾਰਾਂ ਦੀ ਗਾਇਕੀ ਦਾ ਮੀਲ ਪੱਥਰ ਬਣਨ ਜਾ ਰਹੀ ਸੀ। ਭਾਵੇਂ ਗੁਰਦਾਸ ਮਾਨ ਸੁਰ ਦੀਆਂ ਗ੍ਰਾਰੀਆਂ ਦਾ ਗਾਇਕ ਨਹੀਂ ਸੀ। ਉਸ ਕੋਲ ਆਧੁਨਿਕ ਵਿਚਾਰ ਦਾ ਵਹਾਅ ਸੀ ਜੋ ਨਵੇਂ ਸਮੇਂ ਦੀ ਸਥਿਤੀ ਨਾਲ ਬਰ ਮੇਚਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਸ ਕੋਲ ਨੌਜੁਆਨਾਂ ਦੇ ਦਿਲ ਨੂੰ ਧੂਹ ਪਾਉਣ ਵਾਲੀ ਪ੍ਰਫਾਰਮੈਂਸ ਸੀ, ਜੋ ਲਕੀਰੀ ਗਾਇਕੀ ਦੇ ਗਾਇਨ ਤੋਂ ਵੱਖਰਤਾ ਹਾਸਿਲ ਕਰਦੀ ਸੀ। ਆਧੁਨਿਕ ਕਵਿਤਾ ਵਾਂਗ ਉਸਦੇ ਗੀਤ ਕਿਸੇ ਵਿਧਾ ਦੀ ਗ਼ੁਲਾਮੀ ਕਰਨ ਦੀ ਬਜਾਏ ਆਜ਼ਾਦ ਰੂਪ ਵਿਚ ਵਹਿ ਰਹੇ ਸਨ। ਉਸਦੀ ਕਾਵਿ ਭਾਸ਼ਾ ਉਸਦੇ ਵਰਤਮਾਨ ਨਾਲੋਂ ਮੱਧਕਾਲ ਦੇ ਆਜ਼ਾਦ ਦਾਨਸ਼ਵਰਾਂ ਦੀ ਹਮਰਾਹ ਸੀ, ਜੋ ਸਥਾਪਤੀ ਦੇ ਪੱਕੇ ਪੀਡੇ ਰਾਹ 'ਤੇ 'ਧਾਰ' ਵੀ ਨਹੀਂ ਮਾਰਦੇ ਸਨ। ਉਹ ਲੁਧਿਆਣਾ ਮਾਰਕਾ ਦੇ ਲੱਚਰ ਰਾਹ ਨੂੰ ਚੁਣੌਤੀ ਦੇ ਰਿਹਾ ਸੀ। 1982 'ਚ ਈ ਐਮ ਆਈ ਦੇ ਐਲ ਪੀ ਰੀਕਾਰਡ 'ਦਿਲ ਦਾ ਮਾਮਲਾ ਹੈ' ਰਾਹੀਂ ਉਹ ਰੀਕਾਰਡਿੰਗ ਦੀ ਦੁਨੀਆਂ ਦਾ ਸਿਤਾਰਾ ਬਣਨ ਜਾ ਰਿਹਾ ਸੀ, ਜਿਸ ਵਿਚ ਪੰਜ ਗੀਤ ਸਨ (ਦਿਲ ਦਾ ਮਾਮਲਾ ਹੈ, ਇੰਝ ਨਹੀਂ ਕਰੀਂਦੇ, ਕੀ ਬਣੂੰ ਦੁਨੀਆਂ ਦਾ, ਮਾਮਲਾ ਗੜਬੜ ਹੈ, ਟੁੱਟ ਗਈ ਤੜੱਕ ਕਰਕੇ)। ਇਹ ਪੰਜੇ ਗੀਤ ਆਜ਼ਾਦੀ ਤੋਂ ਬਾਅਦ ਉੱਭਰ ਰਹੇ ਤਰੱਕੀ ਪਸੰਦ ਹਿੰਦੁਸਤਾਨ ਦੇ ਨੌਜੁਆਨਾਂ ਦੇ ਵਿਚਾਰਾਂ ਦੀ ਤਰਜ਼ਮਾਨੀ ਕਰ ਰਹੇ ਸਨ।




1947 ਤੋਂ ਬਾਅਦ ਹਿੰਦੁਸਤਾਨ ਦੇ ਚਿੱਤਰਪੱਟ 'ਤੇ ਧੱਕ ਦਿੱਤੇ ਗਏ ਪੰਜਾਬੀਆਂ ਨੂੰ ਫਿਲਮਾਂ ਤੋਂ ਬਾਹਰ ਗੁਰਦਾਸ ਮਾਨ ਨੇ ਪਹਿਲੀ ਵਾਰ ਪੰਜਾਬੀ ਸੰਗੀਤ ਨਾਲ ਮੁੜ ਤੋਂ ਜੁੜਨ ਦਾ ਰਾਹ ਮੋਕਲਾ ਕੀਤਾ ਸੀ। ਲੁਧਿਆਣਾ ਮਾਰਕਾ ਮੰਡੀ ਸੱਭਿਆਚਾਰ ਜਿਸ ਸੁੰਗੜੇ ਹੋਏ ਪਿੰਡ ਦੇ ਜਗੀਰੂ ਵਿਚਾਰਾਂ ਦੇ ਜਸ਼ਨੀ ਸ਼ੁਗਲ ਵਿਚ ਮਸ਼ਗੂਲ ਸੀ ਗੁਰਦਾਸ ਮਾਨ ਦੀ ਪੇਂਡੂ ਪੀੜ੍ਹੀ ਪੜ੍ਹ ਲਿਖ ਕੇ ਇਸ ਤੋਂ ਮੁਕਤ ਹੋਣ ਦੀ ਅੰਗੜਾਈ ਲੈ ਰਹੀ ਸੀ। ਲੁਧਿਆਣਾ ਮਾਰਕਾ ਇਸ਼ਕੀਆ ਗਾਇਕੀ ਵਿਚ ਵਿਆਹ ਕੁੜੀ ਅਤੇ ਮੁੰਡੇ ਦੇ ਇਸ਼ਕ ਵਿਚ ਖਲਨਾਇਕ ਬਣ ਜਾਂਦਾ ਸੀ। ਇਸ ਤੋਂ ਬਚਣ ਲਈ

ਮੁੰਡੇ ਨੂੰ ਕੁੜੀ ਕੱਢ ਕੇ ਲਿਜਾਣੀ ਪੈਂਦੀ ਸੀ। ਮੁੰਡੇ ਕੁੜੀ ਦੀ ਮਰਜ਼ੀ ਦਾ ਵਿਆਹ ਅਤੇ ਮੁੰਡੇ ਦਾ ਕੁੜੀ ਨੂੰ ਕੱਢ ਕੇ ਲੈ ਜਾਣਾ ਦੋਹਾਂ ਨੂੰ ਪੰਜਾਬ ਦਾ ਪੇਂਡੂ ਸਮਾਜ ਵਿਉ ਖਾਣੀ ਦ੍ਰਿਸ਼ਟੀ ਨਾਲ ਤੱਕਦਾ ਸੀ। ਇਸੇ ਲਈ ਲੁਧਿਆਣਾ ਮਾਰਕਾ ਗਾਇਕੀ ਦਾ ਇਸ਼ਕ ਜਿਸਮਾਨੀ ਖੇਡ ਦੇ ਜਸ਼ਨ ਤੱਕ ਸੀਮਤ ਸੀ। ਇਸ ਸਮਾਜ ਦੇ ਵਿਚਾਰਾਂ ਦੀ ਤਬਦੀਲੀ ਦਾ ਹੋਕਾ ਇਹਨਾਂ ਦੀ ਨਿਰੰਤਰ ਮੋਟੀ ਕਮਾਈ ਵਿਚ ਵਿਘਨ ਪਾ ਸਕਦਾ ਸੀ। ਮੰਡੀ ਉਦਯੋਗ ਇਸਦਾ ਰਿਸਕ ਕਿਉਂ ਲੈਂਦਾ? ਉਹ ਤਾਂ ਜਗੀਰੂ ਵਿਚਾਰਾਂ ਦੀ ਪਿਛਾਖੜੀ ਪੈੜ ਨੂੰ ਗਾਡੀਰਾਹ ਬਣਾਉਂਦਾ ਜਾ ਰਿਹਾ ਸੀ। ਉਹ ਤਾਂ ਲੱਚਰਤਾ 'ਚੋਂ ਮੋਟੀ ਕਮਾਈ ਕਰ ਰਿਹਾ ਸੀ ਜਿਸਨੂੰ ਭੈਣ ਅਤੇ ਭਰਾ ਇਕੱਠਿਆਂ ਬੈਠ ਕੇ ਉਸ ਵਕਤ ਕਦੇ ਨਾ ਸੁਣ ਸਕਦੇ। ਭਾਵ ਇਸ ਮੰਡੀ ਸੱਭਿਆਚਾਰ ਦਾ ਕੋਈ ਸਮਾਜਿਕ ਸਰੋਕਾਰ ਰਿਹਾ ਹੀ ਨਹੀਂ ਸੀ, ਜੋ ਯਮਲੇ ਵਰਗੇ ਗਾਇਕਾਂ ਦੇ ਦਿਲਾਂ ਨੂੰ ਠੇਸ ਪਹੁੰਚਾ ਰਿਹਾ ਸੀ ਅਤੇ ਉਹਨਾਂ ਦੇ ਸਮਾਜਿਕ ਸਰੋਕਾਰ ਉਹਨਾਂ ਨੂੰ ਇਹ ਕਹਿਣ ਲਈ ਮਜ਼ਬੂਰ ਕਰ ਰਹੇ ਸਨ ਕਿ 'ਅਣਖ ਜੀਹਦੇ ਵਿਚ ਬਚੀ ਰਤਾ ਨਹੀਂ, ਬਣਿਆ ਫਿਰੇ ਰੰਗੀਲਾ।' ਗੁਰਦਾਸ ਮਾਨ ਪੰਜਾਬੀ ਵਿਰਸੇ ਦੇ ਸਮਾਜਿਕ ਸਰੋਕਾਰਾਂ ਦੀ ਧਰੋਹਰ ਬਣ ਰਿਹਾ ਸੀ, ਜੋ ਕਰੂਰ ਯਥਾਰਥ ਨਾਲ ਟਕਰਾਉਣ ਦੀ ਤਾਰਕਿਕ ਰੌਸ਼ਨੀ ਨਾਲ ਭਰਪੂਰ, ਆਧੁਨਿਕ ਨਜ਼ਰੀਏ ਰਾਹੀਂ ਸਮਾਜ ਨੂੰ ਦੇਖਣ ਪਰਖਣ ਦੀ ਕੋਸ਼ਿਸ਼ ਸੀ।


ਗੁਰਦਾਸ ਮਾਨ ਭਾਵੇਂ ਮਾਲਵੇ ਦੇ ਪੇਂਡੂ ਸਮਾਜ ਦਾ ਹਿੱਸਾ ਸੀ, ਪਰ ਉਸਦਾ ਵਾਹ ਜਵਾਨੀ ਦੇ ਚੜ੍ਹਾਅ ਤੋਂ ਹੀ ਸ਼ਹਿਰੀ ਮਹੌਲ ਨਾਲ ਰਿਹਾ ਸੀ। ਇਸੇ ਲਈ ਉਸਦੇ ਪੇਂਡੂ ਸੱਭਿਆਚਾਰ ਦੇ ਵਿਚਾਰਾਂ ਵਿਚ ਪ੍ਰਗਤੀਸ਼ੀਲ ਵਿਚਾਰ ਘੁਲ਼ ਰਹੇ ਸਨ। ਇਸ ਸਮੇਂ ਪੜ੍ਹ ਰਹੀ ਪੀੜ੍ਹੀ ਭਾਵੇਂ ਮਾਲਵੇ ਦੀ ਹਰੀ ਕ੍ਰਾਂਤੀ ਦੀ ਦੇਣ ਸੀ, ਪਰ ਉਹਨਾਂ ਵਿਚ ਖੱਬੇ ਪੱਖੀ ਵਿਚਾਰਾਂ ਵੱਲ ਖਿਚ ਹੋ ਜਾਣਾ ਸੁਭਾਵਕ ਸੀ, ਜੋ ਵਿਸ਼ਵ ਵਿਚ ਘਟਿਤ ਹੋ ਰਹੀ ਸਥਿਤੀ ਨੂੰ ਨਵੇਂ ਜਾਵੀਏ ਤੋਂ ਵੇਖਣ ਦਾ ਯਤਨ ਕਰ ਰਹੀ ਸੀ। ਸੰਤਾਲੀ ਦਾ ਬਟਵਾਰਾ ਵੀ ਉਹਨਾਂ ਨੂੰ ਵਲੂੰਧਰ ਰਿਹਾ ਸੀ। ਪੰਜਾਬੀ ਸੱਭਿਆਚਾਰ ਦਾ ਆਧਾਰ ਇਸਲਾਮਿਕ ਧਰੋਹਰ ਹੈ। ਇਸਦੀ ਜ਼ੁਬਾਨ ਵਿਚ ਅਰਬੀ-ਫਾਰਸੀ ਦੀ ਤਾਜ਼ਗੀ ਭਰੀ ਮਹਿਕ ਸੀ। ਵੰਡ ਤੋਂ ਬਾਅਦ ਚੜ੍ਹਦੇ ਪੰਜਾਬ ਦੇ ਸਾਹਿਤਕ ਅਤੇ ਸੱਭਿਆਚਾਰਕ ਕਾਮਿਆਂ ਵਿਚ ਆਪਣੀ ਵਿਰਾਸਤੀ ਧਰੋਹਰ ਕਾਇਮ ਸੀ, ਜੋ 'ਹਰੇ ਇਨਕਲਾਬ' ਦੀ ਸਿਆਸੀ ਆਰਥਿਕਤਾ ਕਾਰਨ ਤੇਜ਼ੀ ਨਾਲ ਖੁਰਦਿਆਂ ਮਾਲਵੇ ਦੇ ਰਿਆਸਤੀ ਵਿਚਾਰਾਂ ਦੇ ਰੰਗ ਵਿਚ ਰੰਗਦੀ ਵਿਰਸੇ ਨੂੰ ਧੁਮਿਲ ਕਰਨ ਜਾ ਰਹੀ ਸੀ। ਸੰਤਾਲੀ ਦੇ ਬਟਵਾਰੇ ਤੋਂ ਬਾਅਦ ਗੁਰਦਾਸ ਮਾਨ ਦੀ ਕਾਵਿ ਭਾਸ਼ਾ ਵਿੱਚ ਵਿਰਸੇ ਦੀ ਜ਼ਬਾਨ ਅਤੇ ਸੱਭਿਆਚਾਰ ਦੀ ਸੁਆਦਲੀ ਲੱਜ਼ਤ ਦਾ ਰੱਜ ਸੀ। ਫਿਰਕਿਆਂ ਮਜ਼ਹਬਾਂ ਤੋਂ ਦੂਰ ਫਕੀਰਾਂ ਦੇ ਵਿਚਾਰਾਂ ਦੀ ਉਡਾਨ ਨੂੰ ਗੁਰਦਾਸ ਮਾਨ ਨੇ ਮੁੜ ਆਪਣੇ ਵਿਚਾਰਾਂ ਦੀ ਜ਼ੁਬਾਨ ਵਿੱਚ ਸਮੋਅ ਲਿਆ ਸੀ।

ਹਿੰਦੂ ਕਹਿੰਦਾ ਮੰਦਿਰ ਆ, ਮੁੱਲਾਂ ਆਖੇ ਮਸਜਿਦ ਜਾ
ਕਹਿਣ ਇਸਾਈ ਰੌਲ਼ਾ ਪਾ, ਸਭ ਤੋਂ ਹੈ ਗਿਰਜਾ ਅੱਛਾ
ਜੋਗੀ ਕਹਿੰਦੇ ਕੰਨ ਪੜਵਾ, ਭੇਸ ਵਟਾਅ ਤੇ ਧੂਣੀ ਲਾ
ਸਾਧੂ ਕਹਿੰਦੇ ਭਗਵੇਂ ਪਾ, ਰੁੱਖੀ ਸੁੱਕੀ ਮੰਗ ਕੇ ਖਾ
ਕੋਈ ਕਹਿੰਦਾ ਵਾਲ ਵਧਾਅ, ਕੋਈ ਕਹਿੰਦਾ ਵਾਲ ਕਟਾ
ਕਿੰਨੇ ਰੱਬ ਦੇ ਖ਼ੈਰ-ਖੁਆਹ, ਆਪਣੀ ਆਪਣੀ ਦੇਣ ਸਲਾਹ
ਉਂਝ ਕਹਿੰਦੇ ਰੱਬ ਇੱਕੋ ਈ ਆ, ਕਿਸਨੂੰ ਹੈ ਕਿਸਦੀ ਪ੍ਰਵਾਹ
ਆਪਣੇ ਆਪਣੇ ਲਾਉਂਦੇ ਦਾਅ...
ਛੱਡ ਧਰਮਾਂ ਦੇ ਝਗੜੇ ਝੇੜੇ, ਨਾ ਵੱਸ ਤੇਰੇ ਨਾ ਵੱਸ ਮੇਰੇ

ਰੱਬ ਦੇ ਪੇਕੇ ਸਾਹੁਰੇ ਕਿਹੜੇ, ਤੈਨੂੰ ਕੀ ਪਰਵਾਹ
ਮਸਤੀ ਮਨਾ ਮਯਖਾਨੇ ਆ...
ਸੱਜਣਾ ਤੇਰੀ ਇਹੋ ਦੁਆ, ਇਹਨੂੰ ਪੀ ਤੇ ਹੋਰ ਮੰਗਾ... ਮਸਤੀ ਮਨਾ ਮਯਖਾਨੇ ਆ..

ਹਰੀ ਕ੍ਰਾਂਤੀ ਦੇ ਧਨ ਨਾਲ ਉੱਸਰੇ ਲੁਧਿਆਣਾ ਗੀਤ-ਸੰਗੀਤ ਉਦਯੋਗ ਕੋਲ ਗੁਰਦਾਸ ਮਾਨ ਜਿਹੇ ਵਿਚਾਰਾਂ ਦਾ ਫੈਲਾਅ ਅਸੰਭਵ ਹੀ ਨਹੀਂ ਨਾਮੁਮਕਿਨ ਸੀ। ਇਹ ਉਦਯੋਗ ਸ਼ਹਿਰ ਵਿਚ ਪਲ਼ਿਆ ਅਤੇ ਵੱਡਾ ਹੋਇਆ ਹੋਣ ਦੇ ਬਾਵਜੂਦ ਨਵੀਂ ਉੱਭਰ ਰਹੀ ਜਵਾਨੀ ਦੇ ਮਨ ਅੰਦਰ ਵਾਪਰ ਰਹੇ ਨਵੇਂ ਵਿਚਾਰਾਂ ਨੂੰ ਜਾਨਣ ਬੁੱਝਣ ਦੀ ਬਜਾਏ 'ਫਿਊਡਲ' ਵਿਚਾਰਾਂ ਦੇ ਲਘੂ ਖੋਲ ਅੰਦਰ ਸੁੰਗੜ ਚੁੱਕਾ ਸੀ। ਵਸਤੂਵਾਦੀ ਤਬਦੀਲੀ ਸ਼ਹਿਰ ਵੱਲ ਪੁਲਾਂਘ ਤਾਂ ਪੁੱਟਦੀ ਸੀ, ਮਗਰ ਕੇਵਲ ਖਪਤਵਾਦੀ ਭਰਪਾਈ ਲਈ। ਇਸ ਕੋਲ ਲਿੰਗਕ ਦਮਨ ਦੀ ਮਾਰ ਸਹਿੰਦੀ ਅਨਪੜ੍ਹ ਲੋਕਾਈ ਨੂੰ ਖਿੱਚਣ ਵਾਸਤੇ ਸਿਰਫ ਇੱਕੋ ਰਾਹ ਸੀ: ਕਾਮੁਕ ਤੜਕਾ। ਜਿਸਦਾ ਵਾਰ ਵਾਰ ਜਿਕਰ ਝਰੀ ਪਏ ਰੀਕਾਰਡ ਵਾਂਗ ਝਰ-ਝਰ ਝਰਦਾ ਰਹਿੰਦਾ। ਇਸਦਾ ਇਸ਼ਕ ਵੀ ਸੈਕਸ ਦੀ ਮਾਰ ਨਾਲ ਲਬਰੇਜ਼ ਸੀ, ਜਿਸ ਵਿੱਚੋਂ ਜਗੀਰੂ ਵਿਚਾਰਾਂ ਦੀਆਂ ਲੀਰਾਂ ਦਾ ਮੁਸ਼ਕ ਸਿਰ ਨੂੰ ਚੜ੍ਹਦਾ ਹੈ, ਮਗਰ ਭੇਡਾਂ ਦੇ ਰੇਵੜਾਂ ਵਿਚ ਰਹਿੰਦੇ ਗੱਦੀਆਂ ਵਾਂਗ ਇਹਨਾਂ ਨੂੰ ਇਸ ਲੱਚਰਤਾ ਦੇ ਮੁਸ਼ਕ ਤੋਂ ਖਿਝ ਹੀ ਨਹੀਂ ਚੜ੍ਹਦੀ? ਲੁਧਿਆਣਾ ਮਾਰਕਾ ਮੰਡੀ ਸੱਭਿਆਚਾਰ ਦਾ ਮੁਹਾਵਰਾ ਨਿਰੋਲ ਪੇਂਡੂ ਮਲਵਈ ਨਿੱਘਰੇ ਹੋਏ ਜਗੀਰੂ ਵਿਚਾਰਾਂ 'ਤੇ ਟਿਕਿਆ ਹੋਇਆ ਸੀ।

ਸ਼ਹਿਰ ਵਿਚਲਾ ਵਿਵੇਕੀ ਰੁਪਾਂਤਰਣ ਪੜ੍ਹੇ ਲਿਖੇ/ਖੱਬੇ ਪੱਖੀ ਵਿਚਾਰਾਂ ਨੂੰ ਸਮਝਣ ਵਾਲੇ ਮਨੁੱਖਾਂ ਤੱਕ ਸੀਮਤ ਹੋ ਕੇ ਰਹਿ ਜਾਂਦਾ ਸੀ। ਆਮ ਜਨ; ਇਸ ਜਮਾਤੀ ਪਾੜੇ ਦੇ ਵਿਵੇਕ ਤੱਕ ਪਹੁੰਚਣ 'ਚ ਅਸਮਰੱਥ ਸੀ। ਇਸੇ ਲਈ ਲੁਧਿਆਣਾ ਮਾਰਕਾ ਗਾਇਕੀ ਜਿਸ ਗਾਲਿਬ ਧਿਰ ਦੇ ਸੱਭਿਆਚਾਰ ਰਾਹੀਂ ਆਮ ਜਨ ਦੀ ਚੇਤਨਾ ਨੂੰ ਕਾਬੂ ਕਰ ਰਹੀ ਸੀ, ਹੇਠਲੀ ਜਮਾਤ ਅੰਦਰ ਇਸਦੇ ਪ੍ਰਤੀਕਰਮ ਦੀ ਕੋਈ ਸੁਰ ਸੁਣਾਈ ਦੇਣ ਦੀ ਬਜਾਏ ਇਹ ਜਗੀਰੂ ਵਿਚਾਰਾਂ ਦੀ ਉਪਰਲੀ ਜਮਾਤ ਦੇ ਸੱਭਿਆਚਾਰ ਦੇ ਜਸ਼ਨ ਦੀ ਪੈੜ ਵਿਚ ਪੈਰ ਹੀ ਰੱਖ ਰਹੀ ਸੀ। ਉਸ ਕੋਲ ਇਸਦੇ ਬਦਲ ਦੀ ਕੋਈ ਦਿਸ਼ਾ/ਚੇਤਨਾ ਦੀ ਅਣਹੋਂਦ ਸੀ। ਜਿਸ ਕਾਰਨ ਨਵੇਂ ਵਿਚਾਰਾਂ ਦੀ ਜਮਾਤੀ ਰੌਸ਼ਨੀ ਉੱਗਣੀ ਲੱਗਭਗ ਨਾਮੁਮਕਿਨ ਹੋ ਚੁੱਕੀ ਸੀ। ਧਰਮ ਦਾ ਉਂਝ ਵੀ ਇਤਿਹਾਸ ਨਹੀਂ ਹੁੰਦਾ, ਜਿਸਦਾ ਪੰਜਾਬ ਉੱਤੇ ਪੂਰਨ ਕਬਜ਼ਾ ਹੈ। ਖੱਬੇ ਪੱਖੀ, ਸਥਾਨਕ ਇਤਿਹਾਸਕ ਬਿੰਬਾਂ ਰਾਹੀਂ ਇਤਿਹਾਸ ਨੂੰ ਧਰਮ ਅੰਦਰ ਖੜਾ ਕਰਨ ਦੀ ਕੋਸ਼ਿਸ਼ ਕਰ ਰਹੇ ਸਨ, ਮਗਰ ਧਰਮ ਦੁਆਰਾ ਚਲਾਈ ਜਾ ਰਹੀ ਖਾੜਕੂ ਲਹਿਰ ਨੇ ਇਹ ਬਿੰਬ ਹਥਿਆ ਲਏ ਕਿਉਂਕਿ ਇਹ ਉਹਨਾਂ ਦਾ ਹੀ (ਧਰਮ) ਅਸਲ 'ਸਰਮਾਇਆ' ਸਨ। "ਲੋਕ ਏਨੇ ਸੰਘਣੇ ਨੇ ਲੱਖੀ ਦੇ ਜੰਗਲ ਵਾਂਗੂੰ/ ਸਿੰਘ ਤੈਥੋਂ ਜਾਣੇ ਨਾ ਫੜੇ।" ਸੰਤ ਰਾਮ ਉਦਾਸੀ ਦੇ ਇਸ ਪ੍ਰਤੀਰੋਧੀ ਬਿੰਬ 'ਸਿੰਘ' ਵਿੱਚੋਂ ਨਕਸਲਵਾੜੀ ਤਾਂ ਕਦੇ ਵੀ ਚਿਹਨਤ ਨਹੀਂ ਹੋ ਸਕਦੇ। ਇਸੇ ਲਈ ਇਹ ਜਮਾਤੀ ਸੰਘਰਸ਼ ਬਣਨ ਦੀ ਬਜਾਏ ਭਾਰੂ ਧਰਮ ਦੀ ਵਿਚਾਰਧਾਰਕ ਧੌਂਸ ਦੇ ਸੰਕੇਤ ਵਿਚ ਸੁੰਗੜ ਕੇ ਰਹਿ ਗਏ। ਜਿਸਨੂੰ ਪੰਜਾਬ ਲਗਾਤਾਰ ਢੋਅ ਰਿਹਾ ਹੈ।





ਲੁਧਿਆਣਾ ਮਾਰਕਾ ਗਾਇਕੀ ਇਕ ਅਜਿਹੀ

ਘੁੰਮਣਘੇਰੀ ਸੀ ਜੋ ਪੇਂਡੂ ਸਮਾਜ ਦੁਆਲੇ ਘੁੰਮਦੀ ਉਸਨੂੰ ਨਵੇਂ ਦਿਸਹੱਦਿਆਂ ਵੱਲ ਝਾਕਣ ਵੀ ਨਾ ਦਿੰਦੀ। ਇਸ ਗਾਇਕੀ ਵਿਚ ਬੰਦੇ ਅੱਗੇ ਹੱਦਾਂ ਤੋੜ ਵਗਦਾ ਲਿੰਗਕ ਦਮਨ ਦਾ ਦਰਿਆ ਸੀ ਜਿਸਨੂੰ ਪਾਰ ਕਰਨਾ ਹੀ ਜਿਵੇਂ ਉਸਦੀ ਜ਼ਿੰਦਗੀ ਦਾ ਇੱਕੋ ਇੱਕ ਮਕਸਦ ਹੋਵੇ। ਇਸਨੂੰ ਪਾਰ ਕਰਨ ਲਈ ਪੇਂਡੂ ਸਮਾਜ ਦੀਆਂ ਹੱਦਾਂ ਨੂੰ ਤੋੜਨਾ ਬਹੁਤ ਜ਼ਰੂਰੀ ਸੀ, ਮਗਰ ਲੁਧਿਆਣਾ ਮਾਰਕਾ ਗਾਇਕੀ ਇਸਨੂੰ ਪਾਰ ਕਰਨ ਦੇ ਮਕਸਦ ਦੀ ਬਜਾਏ ਫੈਂਟੇਸੀ ਦਾ ਬੇੜਾ ਠੇਲ ਦਿੰਦੀ ਹੈ, ਜਿਸ ਨਾਲ ਸੁਪਨਈ ਪਹੁੰਚ ਤਾਂ 'ਪਾਰ' ਚਲੀ ਜਾਂਦੀ ਮਗਰ ਬੰਦਾ ਖੁਸ਼ਕੀ ਦੇ ਦਰਿਆ 'ਤੇ ਢਿੱਡ ਰਗੜਦਾ ਸੁਪਨਿਆਂ ਨੂੰ ਜ਼ਖ਼ਮੀ ਕਰਦਾ ਜਾਂਦਾ। ਇਸ ਸੁਪਨ ਸੰਸਾਰ ਦੀ ਕਾਮੁਕਤਾ ਦਾ ਗਰੱਸਿਆ ਬੰਦਾ ਮਨੋਰੋਗੀ ਦੀ ਅਵਸਥਾ 'ਚ ਆਪਣੇ ਲਘੂ ਮਾਨਵ ਦੇ ਖੋਲ੍ਹ ਅੰਦਰ ਸੁੰਘੜ ਜਾਂਦਾ ਜਿਵੇਂ, ਹਮੇਸ਼ਾ ਪ੍ਰਤੀਕੂਲ ਸਥਿਤੀਆਂ 'ਚ ਕਾਫ਼ਕਾ ਦੇ 'ਮੈਟਾਮੌਰਫਿਜ਼' ਵਿਚਲੇ ਕਿਰਦਾਰ ਦੀ ਆਤਮਾ ਕੌਕਰੋਚ ਦੇ ਖੋਲ ਅੰਦਰ ਪ੍ਰਵੇਸ਼ ਕਰ ਜਾਂਦੀ ਹੈ। ਅਜਿਹਾ ਮਨੁੱਖ ਆਪਣੇ ਹੀ ਦੁਆਲੇ ਰੇਸ਼ਮ ਦੇ ਕੀੜੇ ਵਾਂਗ ਜ਼ਾਲ ਉਣਦਾ ਜਾਂਦਾ ਹੈ, ਜਿਸ 'ਚੋਂ ਕਦੇ ਬਾਹਰ ਨਹੀਂ ਨਿਕਲ ਪਾਉਂਦਾ। ਹਰੀ ਕ੍ਰਾਂਤੀ 'ਚੋਂ ਪੈਦਾ ਹੋਈ ਲੁਧਿਆਣਾ ਮਾਰਕਾ ਹਾਈਬਰੈੱਡ ਗਾਇਕੀ ਨੇ ਪੇਂਡੂ ਪੰਜਾਬੀ ਬੰਦੇ ਦੁਆਲੇ ਜਗੀਰੂ ਵਿਚਾਰਾਂ ਦਾ ਅਜਿਹਾ ਸੰਘਣਾ ਜ਼ਾਲ ਉਣ ਦਿੱਤਾ, ਜਿਸਨੂੰ ਚੀਰ ਸਕਣ ਦੇ ਸੰਦ-ਸਾਧਨ ਉਸਨੂੰ ਮੁਹੱਈਆ ਨਾ ਹੋ ਸਕੇ। ਉਹ ਦੁਨੀਆਂ ਦੇ ਕਿਸੇ ਹਿੱਸੇ ਵਿੱਚ ਵੀ ਰਹੇ ਉਸਦੀ ਲਘੂ ਹੋਣੀ ਇਕ ਟਾਪੂ ਵਾਂਗ ਵਿਸ਼ਾਲ ਖੌਰੂ ਪਾਉਂਦੇ ਸਮੁੰਦਰ ਦੇ ਖੌਫ਼ ਨਾਲ ਘਿਰੀ ਰਹਿੰਦੀ ਹੈ, ਜਿਸਨੂੰ ਪਾਰ ਕਰਨ ਦਾ ਸੁਪਨਾ ਵੀ ਉਹ ਨਹੀਂ ਸਿਰਜ ਸਕਦਾ (ਉਹ ਜਿਸ ਸੱਭਿਆਚਾਰ ਦੀ ਉੱਤਮਤਾ ਦਾ ਗਰੱਸਿਆ ਉਸ ਉੱਪਰ ਮਾਣ ਕਰਦਾ ਹੈ ਅਸਲ 'ਚ ਉਹ ਉਸਦੇ ਵਿਚਾਰਾਂ ਦੇ ਰੁਪਾਂਤਰਤ ਨਾ ਹੋ ਸਕਣ ਦੀ ਅਹਿਸਾਸੇ ਕਮਤਰੀ ਹੈ) । ਸੁਪਨਾ ਉਹ ਸਿਰਜਦੇ ਨੇ ਜਿਹਨਾਂ ਨੂੰ ਇਹ ਅਹਿਸਾਸ ਹੋ ਜਾਵੇ ਕਿ ਉਹ ਕੈਦ ਵਿਚ ਹਨ। ਇਹਨਾਂ ਵਿਚਾਰਾਂ ਦੀ ਕੈਦ ਵਿਚ ਘਿਰੇ ਲਘੂ ਪੰਜਾਬੀ ਬੰਦੇ ਨੂੰ ਇਹ ਵੀ ਕਦੇ ਅਹਿਸਾਸ ਨਹੀਂ ਹੁੰਦਾ ਕਿ ਉਹ ਗਤੀਸ਼ੀਲ ਵਿਚਾਰਾਂ ਦੇ ਬੇੜੇ 'ਤੇ ਚੜ੍ਹਨ ਤੋਂ ਖੁੰਝ ਚੁੱਕਾ ਹੈ। ਇਸੇ ਲਈ ਉਹ ਆਪਣੇ ਲਘੂ ਮਨੁੱਖ ਦੀ ਹੋਣੀ ਦੇ ਜਸ਼ਨ ਵਿੱਚ ਹੀ ਹਰ ਵੇਲੇ ਮਸ਼ਗੂਲ ਰਹਿੰਦਾ ਹੈ। ਇਹ ਬਜ਼ਾਰੂ ਚਕਾਚੌਂਧ ਦੀ ਕਸ਼ਿਸ਼ ਸਦਕਾ ਪਿੜੀਆਂ ਵਾਲਾ ਖਿੱਦੋ ਤਾਂ ਬਣ ਜਾਂਦਾ ਹੈ, ਮਗਰ ਅੰਦਰੋਂ (ਚੇਤਨਾ 'ਚੋਂ) ਫਰੋਲਿਆਂ ਇਸ ਵਿਚ ਜਗੀਰੂ ਵਿਚਾਰਾਂ ਦੀ ਬੇਹਿਯਾਈ ਦੀਆਂ ਲੀਰਾਂ ਸੜਿਆਂਦ ਮਾਰਦੀਆਂ ਹਨ। ਜਗੀਰੂ 'ਚਕਾਚੌਂਧ' ਬਾਹਰੀ ਪ੍ਰਭਾਵ ਦੀ ਸੱਤਾ ਰਾਹੀਂ ਜਨ ਦੀ ਚੇਤਨਾ 'ਤੇ ਕਬਜ਼ਾ ਹਾਸਿਲ ਕਰਦੀ ਹੈ। ਭੂਪਤ ਇਸੇ ਰਾਹੀਂ ਸਰਦਾਰੀ ਹਾਸਿਲ ਕਰਦੇ ਹਨ। ਇਹ ਇਹਨਾਂ ਦਾ ਇਤਿਹਾਸਕ ਖਾਸਾ ਹੈ।

ਗੁਰਦਾਸ ਮਾਨ ਦਾ ਪਿਛੋਕੜ ਧੁਰ ਮਾਲਵੇ ਦੇ ਪੇਂਡੂ ਸਮਾਜ ਨਾਲ ਹੈ। ਉਹ ਉਸ ਕਿਸਾਨੀ ਧਿਰ 'ਚੋਂ ਹੈ ਜਿਸਨੇ ਹਰੇ ਇਨਕਲਾਬ 'ਚੋਂ ਵਿਦਿਆ ਵੱਲ ਕਦਮ ਪੁੱਟੇ ਅਤੇ ਵੱਡੇ ਸ਼ਹਿਰਾਂ ਦੇ ਕਾਲਜਾਂ/ਯੂਨੀਵਰਸਿਟੀਆਂ 'ਚ ਪਹਿਲ ਪਲੱਕੜੇ ਦਾਖਲੇ ਜਾ ਲਏ। ਉਹਨਾਂ ਦਿਨਾਂ 'ਚ ਇੱਕ ਪਾਸੇ ਸ਼ਹਿਰਾਂ ਅੰਦਰ ਪਿੰਡਾਂ ਤੋਂ ਹੱਟ ਕੇ 'ਗਿਆਨ ਕੀ ਆਂਧੀ' ਚੱਲ ਰਹੀ ਸੀ। ਦੂਜੇ ਪਾਸੇ ਨਵੇਂ ਨਵੇਂ ਅਮੀਰ ਬਣੇ ਜੱਟਾਂ ਦੇ ਵਿਹਲੜ ਕਾਕੇ ਸ਼ਰਾਬ/ ਨਸ਼ਿਆਂ 'ਚ ਗੜੁੱਚ ਕੁੜੀਆਂ ਪਿੱਛੇ ਲੜ੍ਹ ਰਹੇ ਸਨ।[1] ਕੁੜੀਆਂ ਨਾਲ ਸਿੱਧੇ ਆਕਰਸ਼ਣ ਦਾ ਮੌਕਾ ਪੇਂਡੂ ਪੰਜਾਬੀਆਂ ਨੂੰ ਪਹਿਲੀ ਵਾਰ ਮਿਲ ਰਿਹਾ ਸੀ। ਤੀਵੀਆਂ ਦੀ ਘਾਟ ਦੇ ਮਾਰੇ ਮਾਲਵਈਆਂ ਲਈ ਤਾਂ ਇਹ ਜਸ਼ਨ ਨਾਲੋਂ ਘੱਟ ਨਹੀਂ ਸੀ (ਹਜ਼ਾਰਾ ਸਿੰਘ ਰਮਤਾ ਦੇ ਗੀਤਾਂ ਰਾਹੀਂ ਮਾਲਵਈ ਬੰਦੇ ਅੰਦਰ ਰੜਕਦਾ ਤੀਵੀਂ ਦਾ ਵਿਗੋਚਾ ਸਮਝਿਆ ਜਾ ਸਕਦਾ ਹੈ)। ਚਮਕੀਲੇ ਦੇ ਵੈਲੀ ਦੇ ਉਲਟ ਗੁਰਦਾਸ ਮਾਨ ਜ਼ਮੀਨੀ ਹਕੀਕਤ 'ਤੇ ਘਟਿਤ ਹੋ ਰਹੇ ਰੁਪਾਂਤਰਣ ਨੂੰ ਨੀਝ ਨਾਲ ਤੱਕ ਰਿਹਾ ਸੀ। ਪੈਸੇ ਦੀ ਬਹੁਤਾਤ ਜੇ ਉੱਦਮੀ ਬਣਨ ਵੱਲ ਰੁਚਿਤ ਨਾ ਹੋਵੇ ਤਾਂ ਇਹ ਭੂਪਤਾਂ ਵਾਂਗ ਬਜ਼ਾਰ, ਨਸ਼ੇ ਅਤੇ ਝਗੜਿਆਂ ਦਾ ਕਾਰਨ ਬਣਨ ਲੱਗਦੀ ਹੈ।

ਐਸੀ ਪੀਣੀ ਪੀਉ ਸੱਜਣ ਜੀ, ਲੂੰਅ ਲੂੰਅ ਤੇਰਾ ਨੱਚੇ
ਪੀ ਕੇ ਲੜਨਾ ਤੇ ਲੜ ਕੇ ਮਰਨਾ, ਇਹ ਗੱਲ ਮੂਲ ਨਾ ਜੱਚੇ
ਜਾਂ ਫਿਰ ਪੀਉ ਸ਼ਹੀਦਾਂ ਵਾਲੇ, ਜ਼ਾਮ ਵਤਨ ਦੇ ਸੱਚੇ
ਜਾਂ ਪੀ ਮਸਤ ਮਲੰਗਾਂ ਵਾਲੀ ਤੇ ਜਿਹੜੀ ਉਮਰ ਭਰਾਂ ਨਾ ਲੱਥੇ।

ਜਿਹਨਾਂ ਕੋਲ ਨਵੀਆਂ ਦਿਸ਼ਾਵਾਂ ਵੱਲ ਨੂੰ ਵਹੀਰਾਂ ਘੱਤਣ ਦੇ ਨਵੇਂ ਸੁਪਨੇ ਸਨ। ਉਹਨਾਂ ਨੂੰ ਸਿਆਸਤ ਸਮਝ ਤਾਂ ਆ ਰਹੀ ਸੀ ਪਰ ਰਾਸ ਨਹੀਂ ਸੀ ਆ ਰਹੀ। ਉਹਨਾਂ ਦਿਨਾਂ ਵਿਚ ਹੀ ਪੰਜਾਬ ਕੇਂਦਰ ਦੇ ਵਿਤਕਰੇ ਦਾ ਮਤਰਈ ਮਾਂ ਵਾਲਾ ਸਲੂਕ ਸਹਿ ਰਿਹਾ ਸੀ। ਉਸਨੂੰ ਮਿਹਨਤੀ ਅਤੇ ਦਲੇਰ ਪੰਜਾਬ ਵਿੱਚੋਂ 'ਹਰੇ ਇਨਕਲਾਬ' ਦੁਆਰਾ ਉਪਜਾਇਆ ਅਨਾਜ ਤਾਂ ਚਾਹੀਦਾ ਸੀ, ਪਰ ਇਸ ਹੋਣਹਾਰ ਪੰਜਾਬ ਦੇ ਪਾਣੀ ਅਤੇ ਮਿਹਨਤਾਨੇ ਲਈ ਕੁਝ ਅਧਿਕਾਰ ਵੀ ਸਨ (ਹਰੀ ਕ੍ਰਾਂਤੀ ਦੇ 'ਚਮਤਕਾਰੀ' ਬੀਜ਼ ਦੀ ਤ੍ਰੇਹ ਕਦੇ ਬੁਝਦੀ ਨਾ, ਜਿਸ ਸਦਕਾ ਪੰਜਾਬ ਨੂੰ ਪਾਣੀ ਦੀ ਡਾਢੀ ਲੋੜ ਸੀ, ਪਰ ਕੇਂਦਰ ਪੰਜਾਬ ਦੇ ਪਾਣੀ ਨੂੰ ਨਹਿਰਾਂ ਰਾਹੀਂ ਬਾਹਰੀ ਸੂਬਿਆਂ ਵੱਲ ਧੱਕ ਰਿਹਾ ਸੀ)। ਜਿਸਨੂੰ ਉਹ ਕੌੜੇ ਘੁੱਟ ਵਾਂਗ ਨਿਗਲ ਨਹੀਂ ਸੀ ਸਕਦਾ। ਇਸੇ ਸਿਆਸਤ ਨੂੰ ਝਗੜੇ ਵਿਚ ਬਦਲਦਿਆਂ ਕੇਂਦਰ ਨੇ ਪੰਜਾਬ ਨੂੰ ਖ਼ੂਨੀ ਫਿਰਕੂ ਹੋਲੀ ਵਿਚ ਤਬਦੀਲ ਕਰ ਦਿੱਤਾ। ਗੁਰਦਾਸ ਮਾਨ ਇਸ ਰੰਗ ਬਦਲ ਰਹੇ ਪੰਜਾਬ ਦੀ ਹੋਣੀ 'ਚ ਜਵਾਨ ਹੋ ਰਿਹਾ ਸੀ। ਜਿੱਥੇ ਇਕ ਪਾਸੇ ਧੰਨ ਦਾ ਅੰਬਾਰ ਸੀ, ਜੋ ਲੁਧਿਆਣਾ ਮਾਰਕਾ ਗਾਇਕੀ ਦੇ ਅਜਿਹੇ ਭੰਵਰ 'ਚ ਸੀ ਜਿਸ ਨਾਲ ਪੰਜਾਬੀ ਸੱਭਿਆਚਾਰ ਰਸਾਤਲ ਵੱਲ ਜਾ ਰਿਹਾ ਸੀ, ਜਿਸਦੀ ਮਿਸਾਲ ਇਤਿਹਾਸ ਵਿਚ ਕਿਤੇ ਨਹੀਂ ਮਿਲਦੀ। ਪੇਂਡੂ ਬੰਦਾ ਹਰੇ ਇਨਕਲਾਬ 'ਚੋਂ ਉਪਜੇ ਧਨ ਰਾਹੀਂ ਇਸ ਸੱਭਿਆਚਾਰਕ ਰਸਾਤਲ ਦਾ ਜਸ਼ਨ ਮਨਾ ਰਿਹਾ ਸੀ, ਜੋ ਉਸਨੂੰ ਲਘੂ ਮਨੁੱਖ ਦੇ ਖੋਲ ਅੰਦਰ ਕੈਦ ਕਰ ਰਹੀ ਸੀ। ਲਘੂ ਮਨੁੱਖ ਨਸ਼ੇ ਅਤੇ ਮਾਰ-ਕਾਟ ਨੂੰ ਹੀ ਜਸ਼ਨ ਸਮਝਣ ਲੱਗ ਜਾਂਦਾ ਹੈ। ਮਾਨ ਦੇ ਸਮਾਜਿਕ ਸਰੋਕਾਰ ਇਸ ਅੰਨ੍ਹੇ ਖੂਹ ਵੱਲ ਜਾਂਦੀ ਨੌਜੁਆਨੀ ਨੂੰ ਵਰਜ਼ ਰਹੇ ਸਨ, ਮਗਰ ਚਮਕੀਲੇ ਦਾ ਡੰਗਿਆ ਕਿੱਥੇ ਆਖੇ ਲੱਗਦਾ ਹੈ।[2] ਇਸੇ ਕਰਕੇ ਗੁਰਦਾਸ ਮਾਨ ਦੀ ਚਮਕ ਦਾ ਕੱਦ ਚਮਕੀਲੇ ਦੇ ਗਿਰਾਫ਼ ਤੋਂ ਬਹੁਤ ਹੇਠਾਂ ਹੀ ਰਿਹਾ। ਦੂਸਰੇ ਪਾਸੇ ਖ਼ੂਨੀ ਸਿਆਸਤ ਅਤੇ ਫਿਰਕੂ ਹਨੇਰੀ ਸੰਤਾਲੀ ਵਾਂਗ ਮੁੜ ਪੰਜਾਬ 'ਤੇ ਘਿਰ ਆਈ ਸੀ। 84 ਦੇ ਕਤਲੇਆਮ 'ਚ ਭਾਰੂ ਫਿਰਕੂ ਧੜਵੈਲ ਧਿਰ ਨੇ ਖ਼ੂਨ ਦੀ ਹੋਲੀ ਖੇਡਦਿਆਂ ਪੰਜਾਬ ਨੂੰ ਇਕ ਨਵੀਂ ਵੰਡ ਦੇ ਸੰਕਟ ਵੱਲ ਧੱਕ ਦਿੱਤਾ। ਗੁਰਦਾਸ ਮਾਨ ਆਪਣੀਆਂ ਰਚਨਾਵਾਂ ਨਾਲ 'ਹਰੀ ਕ੍ਰਾਂਤੀ' 'ਚੋਂ ਉਪਜੇ ਦੋਹਰੇ-ਚੌਹਰੇ ਸੰਕਟਾਂ ਨਾਲ ਜੂਝ ਰਿਹਾ ਸੀ, ਕਿਉਂਕਿ ਉਹ ਇਨਸਾਨੀ ਫਿਕਰਾਂ ਵਾਲੇ ਦਾਨਿਸ਼ਮੰਦਾਂ ਦਾ ਜਾਨਸ਼ੀਨ ਸੀ।




ਗੁਰਦਾਸ ਮਾਨ ਇਸ ਨਵੇਂ 'ਮਾਮਲਾ ਗੜਬੜ ਹੈ' ਨਾਲ ਹੋਣ ਵਾਲਾ ਆਪਣੇ ਸਮੇਂ ਦਾ ਅਣਥੱਕ ਯੋਧਾ ਸੀ। ਜੋ ਸੰਵੇਦਨਾ ਦੇ ਭਰ ਵਗਦੇ ਦਰਿਆ ਵਾਂਗ ਉਹਨਾਂ ਨੂੰ ਆਪਣੇ ਵਿਵੇਕ ਨਾਲ ਵਹਾਅ ਰਿਹਾ ਸੀ, ਜਿਹਨਾਂ ਦੀ ਆਸਥਾ ਹਰ ਹਾਲਤ ਵਿਚ ਫਿਰਕੂ ਅੱਗ 'ਚੋਂ ਮਾਨਵਤਾ ਨੂੰ ਬਚਾਅ ਲੈਣ ਵਿਚ ਹੁੰਦੀ ਹੈ। ਜ਼ਾਹਿਰ ਹੈ ਕਿ ਇਸ ਮਾਨਵੀ ਸੰਵੇਦਨਾ

ਦੀ ਸਾਂਝ ਪੰਜਾਬ ਦੇ ਉਹਨਾਂ ਫ਼ਕੀਰਾਂ ਨੇ ਸਾਡੀ ਝੋਲੀ ਪਾਈ ਸੀ ਜੋ 'ਕੀ ਜਾਣਾ ਮੈਂ ਕੌਣ' ਦੇ ਫਲਸਫੇ 'ਤੇ ਟਿਕੇ ਹੋਏ ਸਨ। ਫਿਰਕਿਆਂ ਵਿਚ ਵੰਡੇ ਸਮਾਜ ਦੇ ਫਿਰਕੂ ਹੋਣ ਤੋਂ ਉਰਲੇ ਕੰਢੇ ਹੀ ਉਹਨਾਂ ਨੇ ਇਸ਼ਕ ਦਾ ਬੇੜਾ ਖੜਾ ਕਰ ਦਿੱਤਾ ਸੀ। ਜੋ ਸਥਾਪਤੀ ਦੀਆਂ ਜਾਤਾਂ ਅਤੇ ਧਰਮਾਂ ਦੀ ਮਨੁੱਖੀ ਵੰਡ ਨੂੰ ਚੁਣੌਤੀ ਦਿੰਦਾ ਵਿਚਾਰਾਂ ਦਾ ਮੂਲ ਮੰਤਰ ਸੀ/ਹੈ।[3] ਮਨੁੱਖੀ ਇਸ਼ਕ ਹੀ ਅਜਿਹੇ ਫਿਰਕੂ ਤੂਫ਼ਾਨ ਵਿੱਚੋਂ ਨਿਕਲਣ ਦਾ ਮੰਤਰ ਹੈ, ਜਦੋਂ ਸਥਾਪਤੀ ਫਿਰਕੂ ਵਿਚਾਰਾਂ ਦਾ ਝੱਖੜ ਝੁਲਾਅ ਰਹੀ ਹੋਵੇ। ਅਜਿਹੇ ਸਮੇਂ 'ਚ ਬਹੁਤ ਕੁਝ ਸੜ ਕੇ ਸਵਾਹ ਹੋ ਜਾਂਦਾ ਹੈ, ਜੋ ਸੰਵੇਦਨਾ ਨੂੰ ਕਾਇਮ ਰੱਖ ਸਕੇ। ਪਰ ਇਸ਼ਕ ਹੀ ਉਹ ਰਾਹ ਹੈ ਜੋ ਏਨੇ ਡਾਢੇ ਸੇਕ ਵਿੱਚੋਂ ਵੀ ਮਾਨਵੀ ਆਸਥਾ ਨੂੰ ਬਚਾਈ ਰੱਖਦਾ ਹੈ ਤਾਂ ਕਿ ਇਹ ਸਿੱਧ ਹੋ ਸਕੇ ਕੇ ਮਾਨਵ ਦੇ ਹਜ਼ਾਰਾਂ ਸੱਭਿਆਚਾਰਾਂ/ਜ਼ਬਾਨਾਂ ਦੇ ਵਖਰੇਵੇਂ ਦੇ ਬਾਵਜੂਦ ਉਹ ਇੱਕ ਆਦਮ ਤੇ ਹਵਾ ਦਾ ਪੁੱਤਰ ਹੈ। ਮਾਨ ਹਰ ਤਰ੍ਹਾਂ ਦੀ ਸਥਾਪਤੀ ਨੂੰ ਚੁਣੌਤੀ ਦੇ ਰਿਹਾ ਸੀ। ਪ੍ਰੰਪਰਾਵਾਂ ਦੀ ਤੜਾਗੀ ਨਾਲ ਬੰਨ੍ਹੇ ਹਿੰਸਕ ਸਾਨ੍ਹ ਉਸਨੂੰ ਢੁੱਡ ਮਾਰਨ ਦੀਆਂ ਘੁਰਕੀਆਂ ਦੇ ਰਹੇ ਸਨ ਮਗਰ ਉਹ ਮੁੰਡੇ ਕੁੜੀਆਂ ਦੇ ਇਸ਼ਕ ਦੇ ਕਾਰਵਾਂ ਨੂੰ ਠੱਲੀ ਤੁਰਿਆ ਜਾ ਰਿਹਾ ਸੀ। ਮਾਂ ਪਿਉ ਅਤੇ ਰਿਸ਼ਤੇਦਾਰ ਨਵੀਂ ਆਰਥਿਕਤਾ ਨਾਲ ਨਵੇਂ ਵਿਚਾਰਾਂ ਵੱਲ ਵਧਣ ਦੀ ਬਜਾਏ ਫ਼ਿਊਡਲ ਰਵਾਇਤਾਂ ਦੀ ਘੀਸੀ ਕਰ ਰਹੇ ਸਨ। ਮਾਨ ਚੇਤਨਾ 'ਤੇ ਜੰਮੀ ਜਗੀਰੂ ਵਿਚਾਰਾਂ ਦੀ ਮੋਟੀ ਤੈਅ ਦੇ ਮਜ਼ਹਬ ਨਾਲ ਘਾਲ਼ਮੇਲ ਵਿੱਚ ਸੂਏ ਮਾਰ ਰਿਹਾ ਸੀ–

ਅੱਜਕਲ ਲੋਕ ਤਰੱਕੀ ਕਰ ਗਏ ਦੁਨੀਆ ਚੰਦ 'ਤੇ ਚੜ੍ਹ ਗਈ
ਤੇਰੀ ਅਕਲ ਤਾਂ ਬਾਪੂ ਸਾਰੀ ਪੂਜਾ ਪਾਠ 'ਚ ਵੜ ਗਈ
ਕਿਸੇ ਦਾ ਮੁੰਡਾ ਕਿਸੇ ਦੀ ਧੀ ਨਾਲ ਅੱਖ ਕਿਸੇ ਦੀ ਲੜ ਗਈ
ਤੇਰੇ ਬਲੱਡ ਪ੍ਰੈਸ਼ਰ ਦੀ ਬਿਨ ਗੱਲ ਤੋਂ ਸੂਈ ਚੜ੍ਹ ਗਈ
ਐਵੇਂ ਸੋਚ ਸੋਚ ਨਾ ਮਰਿਆ ਕਰ, ਕੁਛ ਆਪਣਾ ਫਿਕਰ ਵੀ ਕਰਿਆ ਕਰ
ਮੁੰਡੇ ਕੁੜੀਆਂ 'ਕੱਠੇ ਫਿਰਦੇ, ਵੇਖ–ਵੇਖ ਨਾ ਸੜਿਆ ਕਰ
ਬਹੁਤੀ ਨਾ ਪੋਥੀ ਪੜ੍ਹਿਆ ਕਰ, ਬਹੁਤੀ ਨਾ ਪੋਥੀ ਪੜ੍ਹਿਆ ਕਰ
ਨਵੀਂ ਪਨੀਰੀ ਕੁਛ ਨਹੀਂ ਦਿੰਦੀ, ਮਾਂ ਪਿਉ ਨੂੰ ਵੀ ਮੱਤਾਂ ਦਿੰਦੀ
ਹੁਣ ਧੋਤੀ ਪੋਥੀ ਛੱਡੋ, ਦਿਲ ਸਾਫ਼ ਹੋਣਾ ਚਾਹੀਦਾ
ਅੱਜਕਲ ਮੁੰਡੇ ਕੁੜੀਆਂ ਨੂੰ ਸਭ ਮੁਆਫ਼ ਹੋਣਾ ਚਾਹੀਦਾ
ਬਾਕੀ ਦੀਆਂ ਗੱਲਾਂ ਛੱਡੋ ਦਿਲ ਸਾਫ਼ ਹੋਣਾ ਚਾਹੀਦਾ।[4]

ਭਾਰੂ ਧਰਮ ਦੇ ਹਿੰਸਕ ਨੁਮਾਇੰਦੇ ਇਹ ਕਿਵੇਂ ਬਰਦਾਸ਼ਤ ਕਰ ਸਕਦੇ ਸਨ, ਪਰ ਗੁਰਦਾਸ ਮਾਨ ਇਸ ਸਥਾਪਤੀ ਨੂੰ ਚੁਣੌਤੀ ਦੇਣੋਂ ਬਾਜ ਨਹੀਂ ਸੀ ਆ ਰਿਹਾ। ਉਹ ਕਿਸੇ ਇਕੱਲੀ ਸਥਾਪਤੀ ਨੂੰ ਨਹੀਂ ਸਥਾਪਤੀਆਂ ਦੇ ਸਮੂਹ ਨਾਲ ਟੱਕਰ ਲੈ ਰਿਹਾ ਸੀ। ਉਸ ਵੇਲੇ ਸਟੇਟ ਧਰਮਾਂ ਦੀ ਮਰਯਾਦਾ ਪ੍ਰਤੀ ਏਨੀ ਉਲਾਰ ਨਹੀਂ ਸੀ ਜਿਨ੍ਹੀਂ ਅੱਜ ਦਿਖਾਈ ਦਿੰਦੀ ਹੈ। ਅੱਜ ਧਰਮ ਆਧਾਰ 'ਤੇ ਇਨਸਾਨੀ ਵੰਡ ਆਪਣੇ ਇਤਿਹਾਸਕ ਰੀਕਾਰਡ ਤੋੜ ਕੇ ਵਹਿ ਰਹੀ ਹੈ, ਜਦੋਂ ਸਟੇਟ ਅਤੇ ਉਸਦਾ ਨਿਆਂ ਪ੍ਰਬੰਧ ਸਿੱਧਾ ਇਸ ਵਿਚ ਸ਼ਾਮਿਲ ਹੋ ਗਏ ਹਨ। ਮਾਨ ਨੇ ਜਦੋਂ ਲੰਮੀ ਸੀਟੀ ਮਾਰ ਮਿੱਤਰਾ ਗਾਇਆ ਸੀ ਤਾਂ ਇਹ ਸਥਾਪਤੀ ਨੂੰ ਚੁਣੌਤੀ ਦਾ ਖਤਰਨਾਕ ਸੰਕੇਤ ਸੀ। ਉਸ ਵੇਲੇ ਮਾਨ ਹਰ ਤਰ੍ਹਾਂ ਦੀਆਂ ਵਲਗਣਾਂ ਦੀ ਕੈਦ ਤੋਂ ਬਾਹਰ ਆਉਣ ਦਾ ਸੁਨੇਹਾ ਨੌਜੁਆਨ ਪੀੜ੍ਹੀ ਨੂੰ ਦੇ ਰਿਹਾ ਸੀ। ਉਸਦੇ ਵਿਚਾਰਾਂ ਨੂੰ ਉਸ ਵੇਲੇ ਪੰਜਾਬ ਦੀ 'ਆਬੋ–ਹਵਾ' ਝੱਲਣ ਤੋਂ ਇਨਕਾਰੀ ਹੋ ਰਹੀ ਸੀ। ਚਮਕੀਲਾ ਇਸਦੀ ਆਬੋ–ਹਵਾ 'ਚ ਕੈਦ ਸਵੀਕਾਰਨ ਲਈ ਤਿਆਰ ਸੀ। ਜਿਹੜੇ ਵੈਲੀ ਡਰਾਉਣ 'ਚ ਯਕੀਨ ਰੱਖਦੇ ਨੇ, ਉਹ ਤ੍ਰਹਿ ਕੇ ਡਾਡਾਂ ਵੀ ਛੇਤੀ ਮਾਰਨ ਲੱਗ ਜਾਂਦੇ ਹਨ। ਮਾਨ ਨੂੰ ਪੰਜਾਬ

ਛੱਡਣ ਦਾ ਸੰਤਾਪ ਤਾਂ ਹੰਡਾਉਣਾ ਪੈ ਰਿਹਾ ਸੀ, ਮਗਰ ਉਹ ਆਪਣੇ ਵਿਚਾਰਾਂ ਤੋਂ ਅਡਿੱਗ ਸੀ।

ਪਹਿਲੇ ਮੋੜ 'ਤੇ ਠਾਕੁਰਦੁਆਰਾ, ਦੂਜੇ ਮੋੜ 'ਤੇ ਗੁਰੂ ਦੁਆਰਾ
ਤੀਜੇ ਮੋੜ 'ਤੇ ਮਸਜਿਦ ਮੰਦਰ, ਜਾਵਾਂ ਕੀਹਦੇ ਅੰਦਰ
ਵੇ ਲੰਮੀ ਸੀਟੀ ਮਾਰ ਮਿੱਤਰਾ, ਘਰ ਭੁੱਲ ਗਈ ਮੋੜ 'ਤੇ ਆ ਕੇ
ਸੁੱਤੀ ਪਈ ਮੈਨੂੰ ਸੁਪਨਾ ਆਇਆ, ਰੌਲ਼ਾ ਪਾਵੇ ਜੱਗ
ਕੋਠੇ ਚੜ੍ਹ ਕੇ ਵੇਖਣ ਲੱਗ ਪਈ, ਗਲੀ ਗਲੀ ਵਿੱਚ ਰੱਬ
ਮੈਂ ਜਾ ਕੇ ਸਮਝਾਵਣ ਲੱਗੀ, ਮੈਨੂੰ ਕਹਿੰਦੇ ਠੱਗ
ਠੱਗਾਂ ਦੇ ਵਿਚ ਫਿਰਾਂ ਗਵਾਚੀ, ਰੱਬ ਦਾ ਸਾਰਾ ਯੱਬ
ਵੇ ਲੰਮੀ ਸੀਟੀ ਮਾਰ ਮਿੱਤਰਾ....[5]

ਮਨੁੱਖ ਸਾਹਮਣੇ ਜਦੋਂ ਉਪਰੋਕਤ ਸਥਿਤੀਆਂ ਦਾ ਘੇਰਾ ਪੇਚੀਦਾ ਹੋਵੇ ਤਾਂ ਉਸਦੇ ਜਿਉਣ ਦੇ ਸਭ ਸਰੋਤ ਮੁੱਕਦੇ ਜਾਪਦੇ ਹਨ। ਅਜਿਹੇ ਸਮੇਂ 'ਚ ਕੋਈ ਦਾਨਿਸ਼ਵਰ ਹੀ ਸੀਟੀ ਮਾਰ ਕੇ ਅਜਿਹੀਆਂ ਭੂਲ ਭੁਲੱਈਆਂ 'ਚੋਂ ਬਾਹਰ ਕੱਢ ਸਕਦਾ ਹੈ, ਜਿੱਥੇ ਇਨਸਾਨੀ ਸਾਂਝ ਦੇ ਸਭ ਦਰਵਾਜਿਆਂ 'ਤੇ ਸਥਾਪਤੀ ਦੇ ਪਹਿਰੇ ਲੱਗੇ ਹੋਣ। ਅਜਿਹੇ ਅਨੁਭਵ ਵਿਚ ਸੰਵੇਦਨਾ ਹੀ ਲੰਮੀ ਸੀਟੀ ਮਾਰਨ ਦੀ ਚੁਣੌਤੀ ਕਬੂਲ ਕਰ ਸਕਦੀ ਹੈ। ਇਹ ਲੰਮੀਆਂ ਸੀਟੀਆਂ ਦੀ ਕਵਾਇਦ ਹੀ ਉਸ ਲਈ ਪੰਜਾਬ ਤੋਂ ਹਿਜ਼ਰ ਹੰਡਾਉਣ ਦਾ ਸੰਤਾਪ ਸੀ। ਗੁਰਦਾਸ ਮਾਨ ਬਾਬਾ ਬੁੱਲ੍ਹੇ ਸ਼ਾਹ ਦੇ ਉਸ ਵਿਵੇਕ ਤੋਂ ਪ੍ਰੇਰਤ ਹੈ ਜਿਸ ਵਿਚ ਬੁੱਲ੍ਹਾ ਦੋ-ਆਧਾਰੀ ਪਛਾਣਾਂ (binary opposition) ਦੀ ਸਿਆਸਤ ਨੂੰ ਸਿਰੇ ਤੋਂ ਰੱਦ ਕਰਦਿਆਂ ਆਖਦਾ ਹੈ, "ਕੀ ਜਾਣਾ ਮੈਂ ਕੌਣ?" ਬੁੱਲ੍ਹੇ ਸ਼ਾਹ ਨੇ ਇਤਿਹਾਸਕ ਸੰਦਰਭ 'ਚ ਇਸ ਗੱਲ ਨੂੰ ਅਮਲੀ ਤੌਰ 'ਤੇ ਜਾਣ ਲਿਆ ਸੀ ਕਿ ਇਨਸਾਨੀ ਵੰਡ ਦਾ ਅਸਲ ਕਾਰਣ ਦੋ-ਆਧਾਰੀ ਪਛਾਣਾਂ ਹੀ ਹਨ। ਇਕ ਪਾਸੇ ਆਪਣੇ ਆਪ ਨੂੰ ਪਾਕ ਅਤੇ ਦੂਸਰੇ ਨੂੰ ਪਲੀਤ ਦੀ ਦੋ ਆਧਾਰੀ ਪਛਾਣ ਵੰਡ, ਮੂਸਾ ਅਤੇ ਫਿਰਔਨ ਦੀ ਭਾਵ ਮੂਸਾ ਨੂੰ ਨਾਇਕ ਮੰਨ ਲੈਣਾ ਅਤੇ ਦੂਸਰੇ ਪਾਸੇ ਫਿਰਔਨ ਨੂੰ ਖਲਨਾਇਕ। ਇਸ ਤਰ੍ਹਾਂ ਸਮੁੱਚੀ ਖਲਕਤ ਦੀ ਵੰਡ ਦਾ ਆਧਾਰ ਦੋ-ਆਧਾਰੀ ਪਛਾਣਾਂ 'ਚੋਂ ਇਕ ਨਾਲ ਖੜੇ ਹੋਣ ਦਾ ਸਮੁੱਚਾ ਸੰਕਟ ਹੈ ਜਿਵੇਂ ਹਿੰਦੂ ਅਤੇ ਮੁਸਲਿਮ ਦੋ ਪਛਾਣਾਂ ਇਨਸਾਨੀ ਵੰਡ ਦਾ ਆਧਾਰ ਬਣਦੀਆਂ ਹਨ। ਜਿਵੇਂ ਭਾਰਤ ਅਤੇ ਪਾਕਿਸਤਾਨ ਦੋ ਆਧਾਰੀ ਪਛਾਣਾਂ ਹੋਂਦ 'ਚ ਆ ਚੁੱਕੀਆਂ ਹਨ। ਇਹਨਾਂ 'ਚੋਂ ਇਕ ਨਾਲ ਲਾਜ਼ਮੀ ਖਲੋਣਾ ਹੀ ਆਪਣੇ ਆਪ ਨੂੰ ਦੇਸ਼ ਭਗਤ ਸਾਬਿਤ ਕਰਨਾ ਹੈ। ਬਾਬਾ ਬੁੱਲ੍ਹੇ ਸ਼ਾਹ ਇਹਨਾਂ ਦੋ ਆਧਾਰੀ ਪਛਾਣਾਂ ਨੂੰ ਮੂਲੋਂ ਰੱਦ ਕਰਦਿਆਂ ਆਖਦੇ ਹਨ ਕਿ ਪਛਾਣਾਂ ਨੂੰ ਉਜਾਗਰ ਕਰਨ ਵਾਲਾ ਮੇਰਾ ਕੋਈ ਨਾਮ ਹੀ ਨਹੀਂ ਹੈ। ਮੈਂ ਪਛਾਣ ਆਧਾਰਿਤ ਸਥਾਪਤੀ ਤੰਤਰ ਨੂੰ ਸਿਰੇ ਤੋਂ ਰੱਦ ਕਰਦਾ ਹਾਂ, "ਕੀ ਜਾਣਾਂ ਮੈਂ ਕੌਣ?" ਦੁਨੀਆ ਦੀ ਲਾਜਵਾਬ ਫਿਲਾਸਫੀ ਜੋ ਦੋ-ਆਧਾਰੀ ਪਛਾਣਾਂ ਨੂੰ ਸਿਰੇ ਤੋਂ ਖਾਰਿਜ਼ ਕਰਦਿਆਂ ਕਿਸੇ ਵੀ ਪਛਾਣ ਨਾਲ ਖੜੀ ਨਹੀਂ ਹੁੰਦੀ। ਜਿਸਦੀ ਪਛਾਣ ਸਿਰਫ਼ ਕਾਦਰ ਦੀ ਕੁਦਰਤ ਦਾ ਹਿੱਸਾ ਹੋਣਾ ਹੈ। 'ਪਛਾਣਾਂ ਦੀ ਸਿਆਸਤ' ਵਿਚ ਮੇਰੀ ਕੋਈ ਪਛਾਣ ਹੀ ਨਹੀਂ। ਬੁੱਲ੍ਹਾਂ ਤਨਜ਼ ਕੱਸਦਿਆਂ ਆਖਦਾ ਹੈ ਕਿ ਮੈਨੂੰ 'ਅਕਲ ਦੇ ਅੰਨ੍ਹਿਆਂ' ਕੋਲ ਰਹਿਣਾ ਮਨਜ਼ੂਰ ਹੈ ਕਿਉਂਕਿ ਉਹ ਮੇਰੀ ਜਾਤੀ/ ਮਜ਼ਹਬੀ ਪਛਾਣ ਨੂੰ ਨਹੀਂ ਵਾਚਦੇ। 'ਅਕਲਾਂ' ਵਾਲਿਆਂ ਦਾ ਆਧਾਰ ਹੀ ਪਛਾਣਾਂ ਰਾਹੀਂ ਮਨੁੱਖਾਂ ਨੂੰ ਵੰਡਣ ਦੀ ਸਿਆਸਤ ਹੈ। 'ਪਾੜੋ ਤੇ ਰਾਜ ਕਰੋ' ਦੀ ਨੀਤੀ ਰਾਹੀਂ।[6] ਇਹ ਪੈਂਡਾ ਔਖਾ ਹੈ ਮਗਰ ਗੁਰਦਾਸ ਮਾਨ ਦਾ 'ਤਿਲਕਣ ਬਾਜ਼ੀ ਵਿਹੜੇ 'ਚੋਂ ਪੈਰ ਥੰਮ ਥੰਮ ਕੇ ਤੁਰਨਾ' ਇਸ ਗੱਲ ਦੀ ਗਵਾਹੀ ਸੀ ਕਿ ਉਹ 'ਅੰਦਰ ਵੜ ਕੇ ਵੇਖਣ' ਦੇ ਰਾਹ ਚੜ੍ਹ ਤੁਰਿਆ ਸੀ।

ਮਾਨ ਆਪਣੇ ਵਿਚਾਰਾਂ ਲਈ ਪੰਜਾਬ ਤੋਂ ਹਿਜ਼ਰ ਦੇ ਪੈਂਡੇ ਹੋ ਤੁਰਿਆ, "ਬੁੱਲ੍ਹੇ ਸ਼ਾਹ ਅਸਾਂ ਮਰਨਾ

ਨਾਹੀਂ, ਗ਼ੌਰ ਪਿਆ ਕੋਈ ਹੋਰ।" ਬੰਬਈ ਦੇ ਨਵੇਂ ਮਹੌਲ 'ਚ ਜੇ ਉਸ ਵਾਸਤੇ ਚੁਣੌਤੀਆਂ ਸਨ ਤਾਂ ਉੱਡਣ ਲਈ ਬਹੁਤ ਵੱਡਾ ਆਕਾਸ਼ ਮਿਲ ਗਿਆ ਸੀ। ਬੰਬਈ ਵਰਗੇ ਮਹਾਂਨਗਰ ਸੰਵੇਦਨਾ ਨੂੰ ਡਕਾਰ ਜਾਂਦੇ ਹਨ। ਇਹਨਾਂ ਪੂੰਜੀਵਾਦੀ ਚਕਾਚੌਂਧ ਖਿਲਾਰਦੇ ਸ਼ਹਿਰਾਂ ਦਾ ਇੱਕੋ ਖੁਦਾ ਹੈ ! ਧਨ/ਪੈਸਾ।

ਅੱਜ ਦਾ ਜ਼ਮਾਨਾ ਜ਼ਹਿਰ ਸੱਪ ਵਾਂਗੂੰ ਘੋਲਦਾ
ਹੋ ਓ ਹੀ ਡੰਗ ਮਾਰੇ ਜਿਹੜਾ ਮੂੰਹੋਂ ਮਿੱਠਾ ਬੋਲਦਾ
ਆਪਣੇ ਆਪ ਨੂੰ ਯਾਰ ਕਹਾਉਂਦੇ ਕਰਕੇ ਵਾਰ ਗੰਡਾਸੇ ਦਾ
ਹਰ ਕੋਈ ਓ ਗਾਹਕ ਤਮਾਸ਼ੇ ਦਾ...
ਜਿਸਮਾਂ ਦੀ ਭੁੱਖ ਗੋਰੇ ਅੰਗਾਂ ਦੀ ਸ਼ੌਕੀਨੀ ਏਂ
ਦਿਨ ਨਾਲੋਂ ਵੱਧ ਏਥੇ ਰਾਤ ਦੀ ਰੰਗੀਨੀ ਏਂ
ਹਰ ਇੱਕ ਸ਼ਖ਼ਸ ਦੀਵਾਨਾ ਏਥੇ, ਬੁੱਲੀਂ ਮਲ਼ੇ ਦੰਦਾਸੇ ਦਾ...
ਖੁਸ਼ੀ ਤੇ ਤਸੱਲੀ ਯਾਰੋ ਮੰਗਿਆਂ ਨਹੀਂ ਮਿਲਦੀ
ਏਹੋ ਤੇ ਤਰੰਗ ਏ ਮਲੰਗਾਂ ਵਾਲੇ ਦਿਲ ਦੀ
ਛੱਡ ਮਰ ਜਾਣੇ ਮਾਨਾ ਖਹਿੜਾ, ਹੁਣ ਹੋ ਜਾ ਇੱਕ ਪਾਸੇ ਦਾ....

ਲੁਧਿਆਣਾ ਮਾਰਕਾ ਮੰਡੀ ਸੱਭਿਆਚਾਰ ਦੀ ਬੁਨਿਆਦ ਮਾਲਵੇ ਦਾ ਕਿੱਸਾ ਕਾਵਿ ਸੀ ਜਿਸਦਾ ਖਾਸਾ ਜਗੀਰੂ ਵਿਚਾਰਾਂ ਦੀ ਵਡਿਆਈ ਉੱਪਰ ਟਿਕਿਆ ਹੋਇਆ ਸੀ। ਅਣਖ ਜੋ ਨਿਰੋਲ ਜਗੀਰੂ ਧੌਂਸ ਦਾ ਵਿਖਾਲਾ ਹੁੰਦੀ ਹੈ। ਮਲਵਈ ਸੱਭਿਆਚਾਰ ਇਸ ਬੁਨਿਆਦ ਦੀ ਧੌਂਸ ਉੱਪਰ ਹੀ ਖੜਾ ਦਿਖਾਈ ਦਿੰਦਾ ਹੈ। ਇਹ ਜਗੀਰੂ ਧੌਂਸ/ਅਣਖ ਭੂਪੇ ਜਿਹੇ ਭੂਪਤਾਂ ਨੂੰ ਤਾਂ ਸੋਭਦੀ ਹੈ ਮਗਰ ਲੋਕਾਈ ਇਸਤੋਂ ਵਿਰਵਾ ਹੁੰਦੀ ਹੈ, ਕਿਉਂਕਿ ਇਸ ਧੌਂਸ ਨੂੰ ਜਾਇਦਾਦ ਦਾ ਭਰਵਾਂ ਪਰਾਗਾ ਸਿੰਝਦਾ ਹੈ। ਅਣਖ ਨੂੰ ਅਪਨਾਉਣ ਵਾਲਾ ਨਾਬਰ; ਡਾਕੂ ਤਾਂ ਬਣ ਸਕਦਾ ਹੈ, ਮਗਰ ਅੰਤਿਮ ਰੂਪ 'ਚ ਭੁਗਤਦਾ ਜਗੀਰੂ ਵਿਚਾਰਾਂ ਦੇ ਹਿੱਤ ਵਿਚ ਹੀ ਹੈ। ਲੁੱਟਣੀਆਂ ਤਾਂ ਹਾਸ਼ੀਆਗਤਾਂ ਦੀਆਂ **ਤੀਆਂ** ਹੀ ਹਨ। ਵੈਲੀ ਵੀ ਅਜਿਹਾ ਹੀ ਕਰਨ ਦਾ ਸੰਕੇਤ ਤਾਂ ਦਿੰਦਾ ਹੈ, ਮਗਰ ਲੁੰਪਨ ਦੇ ਬਿੰਬ ਵਿਚ ਢਲਕੇ ਆਮ ਜਨ ਲਈ ਆਫ਼ਤ ਦਾ ਸੰਦ ਬਣ ਜਾਂਦਾ ਹੈ। ਸਿੱਧੂ ਮੂਸੇਵਾਲਾ ਪੁਰਾਣੇ ਇਸ਼ਕ ਆਧਾਰਤ ਸੱਭਿਆਚਾਰ ਦੇ ਲਹੌਰ ਆਧਾਰਤ ਕੇਂਦਰੀ ਵਿਚਾਰਾਂ ਨੂੰ ਰੱਦ ਕਰਦਿਆਂ ਮਾਲਵੇ ਦੀ ਅਣਖ ਆਧਾਰਿਤ ਜਗੀਰੂ ਹੈਂਕੜ ਨੂੰ ਮਾਲਵੇ ਦੀ ਇਤਿਹਾਸਕ ਵਿਰਾਸਤ ਪ੍ਰਭਾਸ਼ਤ ਕਰਦਾ ਹੈ,"ਸਾਡੇ ਲਾਣੇ ਜਿਉਣੇ ਸੁੱਚਿਆਂ ਦੇ/ਸਾਡੇ ਮਿਰਜ਼ੇ ਰਾਂਝੇ ਜੰਮਦੇ ਨਹੀਂ।" ਚਮਕੀਲਾ ਇਹਨਾਂ ਜਗੀਰੂ ਵਿਚਾਰਾਂ ਦੀ ਧੌਂਸ ਦਾ ਸਿਖਰ ਸੀ ਤਾਂ ਗੁਰਦਾਸ ਮਾਨ ਉਸਦਾ ਸਮਕਾਲੀ ਉਸਤੋਂ ਐਨ ਉਲਟ ਮੱਧਕਾਲੀ ਆਧੁਨਿਕ/ਰੌਸ਼ਨ ਖਿਆਲ ਚਿੰਤਕਾਂ ਦੀ ਬੁਨਿਆਦ 'ਇਸ਼ਕ' ਉੱਪਰ ਟਿਕਿਆ ਹੋਇਆ ਸੀ (ਜੋ ਲੁਧਿਆਣਾ ਮਾਰਕਾ ਗਾਇਕੀ ਸਾਹਮਣੇ ਚੁਣੌਤੀ ਖੜੀ ਕਰ ਰਿਹਾ ਸੀ। ਉਹ ਇਸ ਉੱਸਰ ਰਹੇ ਜਗੀਰੂ ਸੱਭਿਆਚਾਰ ਉੱਪਰ ਖੜੀ ਹੋ ਰਹੀ ਸਿਆਸਤ ਦੀ ਇਮਾਰਤ ਨੂੰ ਵੀ ਚੁਣੌਤੀ ਦੇ ਰਿਹਾ ਸੀ, ਜਿਸਦੀ ਬੁਨਿਆਦ ਭਾਰੂ ਧਰਮ ਬਣ ਰਿਹਾ ਸੀ), ਜਿਹਨਾਂ ਦਾ ਸਬੰਧ ਇਲਮੋ ਫ਼ਜ਼ਲ ਨਾਲ ਸੀ। ਬਾਬਾ ਫਰੀਦ, ਬਾਬਾ ਨਾਨਕ, ਸ਼ਾਹ ਹੁਸੈਨ, ਸੁਲਤਾਨ ਬਾਹੂ, ਬਾਬਾ ਬੁੱਲ੍ਹੇ ਸ਼ਾਹ, ਵਾਰਿਸ ਸ਼ਾਹ ਆਦਿ ਆਲਮੀ ਦਾਨਿਸ਼ਵਰ ਸਨ ਜਿਹਨਾਂ ਨੇ ਪੰਜਾਬੀ ਆਵਾਮ ਨੂੰ ਇਨਸਾਨੀ ਮੁਹੱਬਤ ਨਾਲ ਸਰਸ਼ਾਰ ਕਰਦਿਆਂ ਉੱਪਰਲੀਆਂ ਜਮਾਤਾਂ ਦੇ ਆਹੂ ਲਾਹ ਦਿੱਤੇ ਅਤੇ ਕਾਮਾ ਜਮਾਤ ਨੂੰ ਪੱਤ/ਗ਼ੈਰਤ ਦੇ ਜਜ਼ਬੇ ਨਾਲ ਨੱਕੋ ਨੱਕ ਭਰਦਿਆਂ ਕਿਰਤ ਨੂੰ ਵੱਡਿਆਇਆ। ਜਿਸਦਾ ਰਾਹ ਖ਼ੁਦਦਾਰੀ/ਗ਼ੈਰਤ ਅਤੇ ਸਬਰ ਜਿਹੇ ਕੁਦਰਤੀ ਖਜ਼ਾਨਿਆਂ ਵਿੱਚ ਦੀ ਹੋ ਕੇ ਲੰਘਦਾ ਹੈ।

ਪੰਜਾਬ ਦੇ ਸਭਿਆਚਾਰ ਉੱਤੇ ਯੋਗੀ/ਸਿੱਧਾਂ ਦੀ ਪੈੜ ਏਨੀ ਡੂੰਘੀ ਸੀ ਕਿ ਇਸਨੂੰ ਇਸਲਾਮਿਕ

ਸੂਫੀਆਂ/ਦਾਨਿਸ਼ਵਰਾਂ ਨੇ ਧੂਮਲ ਕਰਨ ਦੀ ਬਜਾਏ ਸਥਾਪਤੀ ਨੂੰ ਇਹਨਾਂ ਵਿਚਾਰਾਂ ਦੀ ਰੌਸ਼ਨੀ ਰਾਹੀਂ ਟੱਕਰ ਦਿੰਦਿਆਂ ਇਕ ਪ੍ਰਤੀਰੋਧੀ ਸੱਭਿਆਚਾਰ ਮਾਡਲ (ਮੁਕਾਬਲ ਸੱਭਿਆਚਾਰ) ਉਸਾਰਨ ਦੀ ਕੋਸ਼ਿਸ਼ ਕੀਤੀ, ਜਿਸ ਵਿੱਚੋਂ ਮਜ਼ਹਬ ਅਤੇ ਜਾਤ ਮੁਕਤ ਇਸ਼ਕ ਦੀ ਸਦੀਵੀ ਖ਼ੁਸ਼ਬੂ ਆਉਂਦੀ ਰਹੇਗੀ। ਸਥਾਪਤੀ ਨਾਲ ਟਕਰਾਉਣ ਵਾਲੇ ਇਹਨਾਂ ਦਾਨਿਸ਼ਵਰ ਫ਼ਕੀਰਾਂ [7] ਨੇ ਸਥਾਪਤੀ ਅਤੇ ਇਸਦੇ ਕਹਿਰ ਨੂੰ ਲੋਕਾਂ 'ਤੇ ਬਰਪਾ ਕਰਨ ਵਾਲੇ ਦੁਨੀਆਦਾਰਾਂ ਦੇ ਖ਼ਿਲਾਫ਼ ਤਰਕ ਦੇ ਤਨਕੀਦੀ ਵਿਵੇਕ ਰਾਹੀਂ ਪਰਖੱਚੇ ਉਡਾਅ ਦਿੱਤੇ। ਇਹਨਾਂ ਵਿੱਚੋਂ ਬਹੁਤ ਸਾਰੇ ਦਾਨਿਸ਼ਵਰ ਕੇਂਦਰੀ ਪੰਜਾਬ ਦੇ ਸ਼ਹਿਰੀ ਵਾਤਾਵਰਨ ਨਾਲ ਸਬੰਧ ਰੱਖਦੇ ਸਨ, ਜਿੱਥੇ ਦਾਰਸ਼ਨਿਕ ਬਹਿਸਾਂ ਜ਼ੋਰਾਂ ਉੱਤੇ ਰਹੀਆਂ ਸਨ। ਇਹ ਚਿੰਤਕ ਸ਼ਹਿਰੀ ਆਰਥਿਕਤਾ ਦੇ ਰੁਪਾਂਤਰਣ 'ਚੋਂ ਮਜ਼ਹਬ ਨੂੰ ਖਾਰਿਜ਼ ਕਰਦਿਆਂ ਮਨੁੱਖੀ ਸਾਂਝ ਨੂੰ ਕੁਦਰਤ ਦੇ ਬਰਾਬਰੀ ਵਾਲੇ ਸੰਕਲਪ ਵਿਚ ਬੰਨ੍ਹ ਰਹੇ ਸਨ, ਕਿਉਂਕਿ ਨਫ਼ਸ ਸੱਤਾ/ਧੰਨ 'ਚੋਂ ਪੈਦਾ ਹੋਣ ਵਾਲਾ ਦੀਰਘ ਰੋਗ ਹੈ। ਸ਼ਿਵ ਕੁਮਾਰ ਬਟਾਲਵੀ ਤੋਂ ਬਾਅਦ ਗੁਰਦਾਸ ਮਾਨ ਹੀ ਉਹ ਵਿਅਕਤੀ ਹੈ, ਜਿਸਨੇ ਯੂਰਪੀ ਉਧਾਰ 'ਆਧੁਨਿਕਤਾ' ਦੀ ਬਜਾਏ 'ਦੇਸੀ' ਆਧੁਨਿਕਤਾ ਦੇ ਇਲਮ ਅਤੇ ਉਸਦੇ ਅਮਲ ਨੂੰ ਜਾਣਿਆ। ਜਿਸ ਦੀਆਂ ਜੜ੍ਹਾਂ ਪੰਜਾਬ ਦੀ ਧਰਤੀ ਦੇ ਇਤਿਹਾਸਕ ਵਜੂਦ ਅੰਦਰ ਕਬੀਲਿਆਂ ਦੇ ਰੂਪ 'ਚ ਡੂੰਘੀਆਂ ਧਸੀਆਂ ਹੋਈਆਂ ਸਨ, ਜਿਸਨੂੰ ਸਾਡੇ ਆਪਣੇ ਆਲਮ ਸਿੰਵ ਚੁੱਕੇ ਸਨ। ਜਿਸ ਵਿਚ ਤਰਕ ਦੀ ਵਿਰੋਧ-ਵਿਕਾਸੀ ਦ੍ਰਿਸ਼ਟੀ ਰਾਹੀਂ ਆਪਣੇ ਵਿਚਾਰਕ ਅੰਜ਼ਾਮ ਤੱਕ ਪਹੁੰਚਣਾ ਹੁੰਦਾ ਹੈ। ਜਿਸ ਵਿਚ ਦਰਵੇਸ਼/ਦਾਨਿਸ਼ਵਰ ਕੌਮੀਅਤਾਂ ਦੀਆਂ ਵਲਗਣਾਂ ਨੂੰ ਉਲੰਘ ਕੇ ਆਲਮੀ ਸਫ਼ਾਂ ਤੱਕ ਇਨਸਾਨੀ ਬਰਾਬਰੀ (ਸਥਾਪਤੀ ਦੁਆਰਾ ਉਸਾਰੀਆਂ ਲਿੰਗਕ, ਜਾਤੀ, ਧਾਰਮਿਕ, ਨਸਲੀ, ਕੌਮੀ ਵਲਗਣਾਂ ਨੂੰ ਤੋੜਕੇ) ਦੇ ਪੱਧਰ ਨੂੰ ਪਹੁੰਚਦੇ ਹਨ। ਉਹ ਸਾਰੇ ਇਨਸਾਨੀ ਪਾੜਿਆਂ ਨੂੰ ਰੱਦ ਕਰ ਦਿੰਦੇ ਹਨ, "ਜਿਹੜਾ ਵਤਨ ਤੇ ਜਾਤ ਦਾ ਧਿਆਨ ਰੱਖੇ, ਦੁਨੀਆਦਾਰ ਹੈ ਉਹ ਦਰਵੇਸ਼ ਨਾਹੀਂ।" ਵਾਰਿਸ ਸ਼ਾਹ।

ਗੁਰਦਾਸ ਮਾਨ ਜਦੋਂ ਪੰਜਾਬੀ ਸੰਗੀਤ ਦੇ ਅਰਸ਼ 'ਤੇ ਨਮੂਦਾਰ ਹੋਇਆ ਤਾਂ ਪੰਜਾਬ ਆਰਥਿਕ ਪ੍ਰਕਿਰਿਆ ਦੇ ਰੁਪਾਂਤਰਣ ਦੇ ਨਾਲ ਨਾਲ ਸਿਆਸੀ ਸੰਕਟ 'ਚੋਂ ਲੰਘ ਰਿਹਾ ਸੀ। ਇਸ ਆਰਥਿਕਤਾ ਦੀ ਮਜ਼ਬੂਤੀ ਪੰਜਾਬ ਨੂੰ ਚੇਤਨਾ/ਚਿੰਤਨ ਦੇ ਪੱਧਰ 'ਤੇ ਵਿਗਾਸੀ ਰਾਹੇ ਪਾਉਣ ਦੀ ਬਜਾਏ ਪਿਛਲਖੁਰੀ ਹੋ ਤੁਰੀ ਸੀ। ਪੰਜਾਬ ਦੀ ਮੁੱਖ ਹਕੂਮਤੀ ਪਾਰਟੀ ਵੱਡੇ ਰਾਜਨੀਤਕ ਏਜੰਡੇ ਫੈਡਰਲ ਸਟੇਟ ਦੇ ਕੌਮੀ ਮਕਸਦ ਨੂੰ ਹਾਸਿਲ ਕਰਨ ਦੀ ਜੱਦੋ-ਜਹਿਦ ਨੂੰ ਤਿਲਾਂਜਲੀ ਦੇ ਆਨੰਦਪੁਰ ਮਤੇ ਦੇ ਸੌੜੇ ਸਥਾਨਕ ਏਜੰਡੇ ਤੱਕ ਸੀਮਤ ਹੋ ਕੇ ਰਹਿ ਗਈ ਸੀ। ਜਿਸ ਨਾਲ ਕੇਂਦਰ ਪੰਜਾਬ ਨੂੰ ਸਬਕ ਸਿਖਾਉਣ ਦੇ ਰਾਹੇ ਹੋ ਤੁਰਿਆ। ਕੌਮੀ ਪੱਧਰ 'ਤੇ ਰਾਜਾਂ ਦੇ ਵੱਧ ਅਧਿਕਾਰ ਲਈ ਖੱਬੇ ਪੱਖੀਆਂ ਨਾਲ ਮਿਲ ਕੇ ਕੇਂਦਰ ਖ਼ਿਲਾਫ਼ ਲੜੀ ਜਾਣ ਵਾਲੀ ਲੜਾਈ ਸਥਾਨਕ ਰਾਜ ਉੱਤੇ ਕੇਂਦਰਤ ਹੁੰਦੀ ਸਿੱਖ ਸਿਆਸਤ ਤੱਕ ਸੁੰਘੜਦੀ ਗਈ। ਕੇਂਦਰ ਦੀ ਕਾਣ ਮਾਰੀ ਸੋਚ ਇਸ ਸਿਆਸੀ ਜੰਗ ਨੂੰ ਪੱਟੜੀ ਤੋਂ ਲਾਹੁੰਦੀ ਗਈ ਅਤੇ ਇਸਨੂੰ ਫ਼ਿਰਕਾਵਰਾਨਾ ਜੰਗ ਵਿਚ ਤਬਦੀਲ ਕਰਦੀ ਗਈ। ਸਿੱਟਾ ਸਿੱਖਾਂ ਦੇ ਨਰਸੰਘਾਰ ਵਿਚ ਤਬਦੀਲ ਹੁੰਦਾ ਪੰਜਾਬ ਨੂੰ ਸਿਆਸੀ ਅਤੇ ਮਾਲੀ ਨਿਘਾਰ ਵੱਲ ਧੱਕਦਾ ਗਿਆ।

ਗੁਰਦਾਸ ਮਾਨ ਭਾਵੇਂ ਮੁੱਢਲੇ ਐਲ. ਪੀ. ਰੀਕਾਰਡ ਰਾਹੀਂ ਪੰਜਾਬ 'ਚ ਵਾਪਰ ਰਹੀ ਰੁਪਾਂਤਰਣ ਪ੍ਰਕਿਰਿਆ ਨੂੰ ਫੜਨ ਦੀ ਕੋਸ਼ਿਸ਼ ਕਰ ਰਿਹਾ ਸੀ, ਮਗਰ ਅਗਲੇ ਹੀ ਰੀਕਾਰਡ ਵਿੱਚ 'ਮਸਤੀ' ਗੀਤ ਰਾਹੀਂ ਉਸਨੇ ਦਰਸਾਇਆ ਕਿ ਉਸਦੀ ਪ੍ਰੇਰਨਾ ਦੀਆਂ ਜੜ੍ਹਾਂ ਮੱਧਕਾਲੀ ਫ਼ਕੀਰਾਂ ਦੇ 'ਮਸਤੀ ਦਰਸ਼ਨ' ਵਿੱਚ ਹਨ। ਗੁਰਦਾਸ ਮਾਨ ਵੀਹਵੀਂ ਸਦੀ ਦਾ ਸਭ ਤੋਂ ਨਿਵੇਕਲਾ ਗਾਇਕ ਸੀ। ਉਹ ਨਾ ਤਾਂ ਕਿਸੇ ਪ੍ਰੰਪਰਿਕ ਸੰਗੀਤਕ ਘਰਾਣਿਆਂ ਨਾਲ ਸਬੰਧਿਤ ਸੀ (ਉਹ ਅਤਾਈ ਸੀ) ਅਤੇ ਨਾ ਹੀ ਲੁਧਿਆਣਾ ਮਾਰਕਾ ਗਾਇਕੀ ਦੇ

ਜਗੀਰੂ ਕਿੱਸਿਆਂ ਦਾ ਅਨੁਆਈ ਸੀ। ਉਹ ਇਹਨਾਂ ਦੋਹਾਂ ਰੂਪਾਂ ਲਈ ਚੁਣੌਤੀ ਸੀ, ਕਿਉਂਕਿ ਉਸਦੀ ਸੂਝ ਸਿਆਸੀ ਅਤੇ ਆਧੁਨਿਕ ਸੀ। ਉਸਦੇ ਗਾਇਨ ਦਾ ਮੁੱਖ ਕਾਰਨ ਉਸਦਾ ਲੇਖਨ ਅਤੇ ਉਸਦੀ ਖ਼ੂਬਸੂਰਤ ਆਵਾਜ਼ ਦਾ ਜਾਦੂ ਸੀ। ਉਸਨੂੰ ਆਪਣੇ ਆਪ ਨੂੰ ਪ੍ਰੰਪਰਿਕ ਸੰਗੀਤ ਦੇ ਕਿਸੇ ਮੀਟਰ ਵਿੱਚ ਬੰਨਣ ਦੀ ਲੋੜ ਨਹੀਂ ਸੀ, ਕਿਉਂਕਿ ਉਹ ਮੁੱਢਲੇ ਰੂਪ 'ਚ ਇਕ ਮੰਚ ਕਲਾਕਾਰ ਸੀ, ਜਿਸਨੂੰ ਪ੍ਰਫ਼ਾਰਮਰ ਕਿਹਾ ਜਾ ਸਕਦਾ ਹੈ। ਉਸ ਕੋਲ ਸਿਰਫ ਗਾਇਨ ਹੀ ਨਹੀਂ ਹੋਰ ਕਈ ਪ੍ਰਫ਼ਾਰਮਿੰਗ ਕਲਾਵਾਂ ਦੀ ਵੀ ਭਰਮਾਰ ਸੀ, ਜਿਵੇਂ ਗੀਤਕਾਰੀ, ਸੰਗੀਤ, ਲੋਕ ਨਾਚ, ਡਰਾਮਾ, ਵਿਅੰਗ/ਸ਼ਬਦਾਂ ਦਾ ਜਾਦੂ ਆਦਿ ਜੋ ਉਸਨੂੰ ਗਾਇਕ ਦੀ ਬਜਾਏ ਨੌਟੰਕੀ ਅਭਿਨੈ ਨਾਲ ਜੋੜਦੀਆਂ ਹਨ। ਜਿਸ ਵਿਚ ਨਾਚ ਦੀ ਅਹਿਮ ਭੂਮਿਕਾ ਹੁੰਦੀ ਹੈ (ਨੌਟੰਕੀ ਵਿਚ ਫੂਹੜਪਨ ਵੀ ਹੁੰਦਾ ਹੈ, ਜਿਸਨੂੰ ਮਾਨ ਨੇ ਬਿਲਕੁਲ ਨਹੀਂ ਅਪਣਾਇਆ)। ਉਸੇ ਤਰ੍ਹਾਂ ਲੋਕ ਕਲਾ ਦੀ ਵਿਧਾ ਨੌਟੰਕੀ ਪ੍ਰਫ਼ਾਰਮੈਂਸ ਵਿਚ ਡੱਫਲੀ ਦੀ ਭੂਮਿਕਾ ਵੀ ਮਹੱਤਵਪੂਰਨ ਹੁੰਦੀ ਹੈ। ਉਹ ਪੰਜਾਬ ਵਿਚ ਡੱਫਲੀ ਵਰਗੇ ਨਿਵੇਕਲੇ ਸਾਜ ਨਾਲ ਮੰਚ 'ਤੇ ਨਮੂਦਾਰ ਹੋਇਆ ਸੀ (ਜਿਵੇਂ ਲੁਧਿਆਣਾ ਮਾਰਕਾ ਗਾਇਕੀ ਨੇ ਯਮਲੇ ਦੀ ਤੂੰਬੀ ਨੂੰ ਅਪਣਾ ਲਿਆ ਸੀ)। ਅਰਬ ਕਬੀਲਿਆਂ ਵਿਚ ਡੱਫ (ਡੱਫਲੀ) ਲੋਕ ਨਾਚ ਲਈ ਮਹੱਤਵਪੂਰਨ ਸਾਜ ਹੈ। ਤੁਰਕੀ, ਅਰਬ ਅਤੇ ਮਿਸਰ ਦਾ ਬੈਲੀ ਲੋਕ ਨਾਚ, ਡੱਫ ਦੀ ਤਾਲ 'ਤੇ ਹੀ ਆਪਣਾ ਜ਼ੋਬਨ ਬਿਖੇਰਦਾ ਹੈ। ਗੁਰਦਾਸ ਮਾਨ ਦੀ ਗਾਇਕੀ ਦਾ ਇਕ ਹੋਰ ਮਹੱਤਵਪੂਰਨ ਅੰਗ ਇਹ ਹੈ ਕਿ ਉਹ ਵਿਧਾ ਦੇ ਕਿਸੇ ਨਿਸ਼ਚਤ ਰੂਪ 'ਤੇ ਨਿਰਭਰ ਨਹੀਂ ਕਰਦਾ, ਉਸ ਕੋਲ ਆਧੁਨਿਕ ਵਿਚਾਰਾਂ ਵਰਗੀ ਆਜ਼ਾਦ ਖੁੱਲ੍ਹ ਹੈ। ਮੁੱਢਲੇ ਦੌਰ 'ਚ ਉਹ ਵਿਚਾਰਾਂ ਦੇ ਪੱਧਰ 'ਤੇ ਜਿਸ ਉਚਾਈ ਨੂੰ ਛੂੰਹਦਾ ਹੈ, ਵੀਹਵੀਂ ਸਦੀ ਦਾ ਬਹੁਤਾ ਪੰਜਾਬੀ ਸਾਹਿਤ ਵੀ ਨਹੀਂ ਛੂਹ ਸਕਿਆ। ਉਹ ਆਪਣੇ ਵਿਚਾਰਾਂ ਨੂੰ ਅਰਸ਼ ਤੋਂ ਕਿਸ ਬ੍ਰਹਿਮੰਡ ਦੇ ਭਰਮਣ ਉੱਤੇ ਲੈ ਜਾਵੇਗਾ, ਸਰੋਤਾ ਇਸਦਾ ਅਨੁਮਾਨ ਹੀ ਨਹੀਂ ਲਗਾ ਸਕਦਾ। ਅਦਬ/ਦਾਨਿਸ਼ਵਰੀ ਸਿਆਣਪ ਨਹੀਂ ਕਲਪਨਾ ਦੇ ਅਛੂਹ ਆਭਾਮੰਡਲ 'ਚ ਤਾਰੀਆਂ ਲਾਉਣਾ ਹੈ। ਉਹ ਧਰਮ ਤੋਂ ਸਿਆਸਤ, ਸਿਆਸਤ ਤੋਂ ਧੰਨ ਦੀ ਗ਼ੁਲਾਮੀ, ਗ਼ੁਰਬਤ ਦੇ ਚੱਕਰ ਤੱਕ ਇਕੋ ਵੇਲੇ ਉੱਡ ਸਕਦਾ ਸੀ। ਨਮੂਨੇ ਵਜੋਂ ਵੇਖਦੇ ਹਾਂ ਕਿ ਇਕੋ ਵੇਲੇ ਉਹ ਵਿਚਾਰਾਂ ਦੀ ਵੰਨ-ਸੁਵੰਨਤਾ ਵਿਚ ਘਿਰਿਆ ਨਜ਼ਰ ਆਉਂਦਾ ਹੈ-

ਪਹਿਲਾ ਚੱਕਰ ਧੇਲੀ ਦਾ, ਜੋ ਸਭ ਨੂੰ ਪਿਆ ਨਚਾਵੇ
ਏਸ ਨੜਿੱਨਵੇਂ ਦੇ ਚੱਕਰ ਵਿਚ ਬੰਦਾ ਚੱਕਰ ਖਾਵੇ
ਬੇਲੀ ਬੇਲੀ ਕਰਦੀ ਦੁਨੀਆ ਕੌਣ ਕਿਸੇ ਦਾ ਬੇਲੀ
ਬੇਲੀ ਬਣਦੇ ਬਾਅਦ 'ਚ, ਪਹਿਲਾਂ ਜੇਬ 'ਚ ਵੇਖਣ ਧੇਲੀ
ਚੱਕਰ ਹੈ, ਚੱਕਰ ਹੈ, ਚੱਕਰ ਹੈ...
ਕਿਸੇ ਦੇ ਪੈਰ ਵਿਚ ਚੱਕਰ, ਕਿਸੇ ਦੇ ਲੇਖ ਵਿਚ ਚੱਕਰ
ਕਿਸੇ ਦੇ ਹੱਥੀਂ ਚੱਕਰ ਏ, ਕਿਸੇ ਦੇ ਪੇਟ ਵਿਚ ਚੱਕਰ
ਜੋ ਚੱਕਰ ਹੈ ਗ਼ਰੀਬੀ ਦਾ, ਕਿਸੇ ਦੀ ਬਦਨਸੀਬੀ ਦਾ
ਪੇਟ ਬੱਚੇ ਦਾ ਭੁੱਖਾ ਮਾਂ ਵੇਚੇ/ਮੁਸਲਮਾਂ ਸੂਰ ਹਿੰਦੂ ਗਾਂ ਵੇਚੇ
ਪੇਟ ਪਾਪੀ ਏ ਬੰਦਾ ਤਾਂ ਵੇਚੇ
ਕਿਸੇ ਨੂੰ ਲੱਖਾਂ ਦਾ, ਕਿਸੇ ਨੂੰ ਕੱਖਾਂ ਦਾ
ਲੱਖਾਂ ਦਾ ਕੱਖਾਂ ਦਾ ਸਭ ਚੱਕਰ ਹੈ, ਚੱਕਰ ਹੈ, ਚੱਕਰ ਹੈ
ਤਿੰਨ ਸੌ ਪੈਂਹਠ ਦਿਨਾਂ ਵਿਚ, ਧਰਤੀ ਪੂਰਾ ਚੱਕਰ ਲਾਵੇ
ਚੰਦ, ਸਿਤਾਰੇ, ਮੌਸਮ, ਰੁੱਤਾਂ, ਹਰ ਸ਼ੈਅ ਚੱਕਰ ਖਾਵੇ

ਜਦ ਤੱਕ ਦਿਲ ਦੇ ਚੱਕਰ ਦੇ ਵਿਚ, ਖ਼ੂਨ ਦਾ ਚੱਕਰ ਰਹਿੰਦਾ
ਤਦ ਤੱਕ ਬੰਦਾ ਇਸ ਦੁਨੀਆ ਦੀ ਗਰਮੀ ਸਰਦੀ ਸਹਿੰਦਾ, ਕਿਉਂਕਿ
ਚੱਕਰ ਹੈ, ਚੱਕਰ ਹੈ, ਚੱਕਰ ਹੈ....

ਜਗੀਰੂ ਵਿਚਾਰਾਂ ਦੀ ਸੰਘਣਤਾ ਉੱਪਰ ਜਦ ਧਨ ਦਾ ਗਿਲਾਫ਼ ਚੜ੍ਹ ਜਾਵੇ ਤਾਂ ਵਿਵੇਕ ਦੇ ਚਾਨਣ ਦੀ ਲੀਕ ਦਾ ਇਸ ਵਿਚ ਪ੍ਰਵੇਸ਼ ਅਸੰਭਵ ਹੁੰਦਾ ਜਾਂਦਾ ਹੈ। ਹਰੀ ਕ੍ਰਾਂਤੀ ਨੇ ਕਿਸਾਨੀ ਵਿਚ ਆਰਥਿਕ ਨਾਬਰਾਬਰੀ ਦੀ ਮੋਟੀ ਲਕੀਰ ਖਿਚਣੀ ਆਰੰਭ ਕਰ ਦਿੱਤੀ ਸੀ। ਇੱਕ ਪਾਸੇ ਸਰਦਾਰੀ/ਅਣਖ ਬੜਕਾਂ ਮਾਰ ਰਹੀ ਸੀ ਅਤੇ ਦੂਸਰੇ ਪਾਸੇ ਹਾਸ਼ੀਆਗਤ ਹੁੰਦੇ ਲੋਕ ਬੜਕਾਂ ਵਾਲਿਆਂ ਲਈ ਦੁੱਕੀ-ਤਿੱਕੀ ਦੇ ਸਲੋਗਨ ਵਿਚ ਢਲ ਰਹੇ ਸਨ, ਜਿਹਨਾਂ ਦੀ ਗ਼ੈਰਤ ਨੂੰ ਜਗੀਰੂ ਧੌਂਸ ਲਲਕਾਰ ਰਹੀ ਸੀ। ਅਜਿਹੀ ਸਥਿਤੀ ਦੇ ਦਰਦ ਨੂੰ ਯਮਲਾ ਜੱਟ ਅਤੇ ਗੁਰਦਾਸ ਮਾਨ ਮਾਨਵੀ ਸੰਵੇਦਨਾ ਰਾਹੀਂ ਮਹਿਸੂਸ ਕਰ ਰਹੇ ਸਨ। ਗੁਰਦਾਸ ਮਾਨ ਨੱਬਵਿਆਂ ਤੱਕ ਪੰਜਾਬ ਅਤੇ ਪੰਜਾਬੀ ਪੁੱਤਰਾਂ ਦੇ ਦਰਦ ਨੂੰ ਆਪਣੇ ਗੀਤਾਂ ਵਿਚ ਪ੍ਰਗਟ ਕਰ ਰਿਹਾ ਸੀ।

ਪੰਜਾਬ ਦੀ ਮੁਜ਼ਾਰਾ ਕਿਸਾਨੀ 'ਜ਼ਮੀਨ ਹਲਵਾਹ ਦੀ' ਅੰਦੋਲਨ ਰਾਹੀਂ ਜਗੀਰਦਾਰੀ ਦਮਨ ਦੇ ਖ਼ਿਲਾਫ਼ ਦਹਾਕਿਆਂ ਤੱਕ ਜੰਗ ਲੜਦੀ ਰਹੀ। ਇਸ ਦੀ ਅਗਵਾਈ ਖੱਬੇ ਪੱਖੀ ਨੇਤਾ ਕਰ ਰਹੇ ਸਨ। ਛੇਵੇਂ ਦਹਾਕੇ ਵਿਚ ਮੁਜ਼ਾਰੇ ਜਿਉਂ ਹੀ ਜ਼ਮੀਨਾਂ ਦੇ ਮਾਲਕ ਬਣੇ ਉਹਨਾਂ ਆਪਣੇ ਜਮਾਤੀ (ਮਾਲਕੀ) ਰੰਗ ਦਿਖਾਉਣੇ ਸ਼ੁਰੂ ਕਰ ਦਿੱਤੇ। 'ਹਰੇ ਇਨਕਲਾਬ' ਦੇ ਆਰੰਭ ਨਾਲ ਮਾਲਵੇ ਦੇ ਕਿਸਾਨਾਂ ਦੀਆਂ ਬਾਸ਼ਾਂ ਖਿੜ ਗਈਆਂ। ਟਿੱਬਿਆਂ ਦੀ ਰੇਤਾ ਫੱਕਦੇ ਕਿਸਾਨ ਰੇਆਂ-ਸਪਰੇਆਂ ਦੀ ਮਾਰ ਨਾਲ ਖਾਂਦੇ ਪੀਂਦੇ ਸਰਦਾਰ ਬਣਨ ਦੇ ਰਾਹੇ ਹੋ ਤੁਰੇ। ਆਪਣੇ ਗੁਰਬਤ ਦੇ ਕਿਰਤੀਆਂ ਵਾਲੇ ਰੂਪ ਨੂੰ ਭੁੱਲ ਭੁਲਾਅ ਕੇ ਉਹ ਮੰਡੀ ਵੱਲ ਆਕਰਸ਼ਤ ਹੋਏ ਤਾਂ ਉਹਨਾਂ ਅੰਦਰਲਾ ਗ਼ੈਰਤ ਵਾਲਾ ਮਾਨਵੀ ਰੂਪ ਅਣਖ/ਬਦਲਿਆਂ ਦੀ ਮਾਰ ਹੇਠ ਆ ਗਿਆ। ਅਣਖ ਅਸਲ 'ਚ ਮਾਲਕੀ ਦੀ ਜਗੀਰੂ ਧੌਂਸ 'ਚੋਂ ਪੈਦਾ ਹੁੰਦੀ ਹੈ, ਜੋ ਦਮਨਕਾਰੀ ਹੋ ਨਿਬੜਦੀ ਹੈ।

'ਹਰੇ ਇਨਕਲਾਬ' ਰਾਹੀਂ ਮੰਡੀ ਲਈ ਪੈਦਾ ਕੀਤੀ ਜਾ ਰਹੀ ਵਾਧੂ ਪੈਦਾਵਾਰ ਸਰਮਾਏਦਾਰੀ ਮੁਨਾਫ਼ੇ ਦਾ ਹਿੱਸਾ ਬਣ ਜਾਂਦੀ ਹੈ। ਜਿਉਂ ਹੀ ਪੇਂਡੂ ਪੰਜਾਬੀ ਬੰਦੇ ਨੂੰ ਮੁਨਾਫ਼ੇ ਦੀ ਜਾਗ ਲੱਗਦੀ ਹੈ, ਵਿਰਸੇ 'ਚ ਮਿਲੇ ਸਬਰ, ਸ਼ੁਕਰ, ਜ਼ਮੀਰ, ਗ਼ੈਰਤ, ਇਨਸਾਨੀਅਤ, ਨੈਤਿਕਤਾ ਜਿਹੇ ਇਨਸਾਨੀ ਜਜ਼ਬਿਆਂ ਦੀ ਸਾਂਝ ਦਾ ਦੁੱਧ ਫੁੱਟ ਜਾਂਦਾ ਹੈ। ਮਿੱਟੀ 'ਚੋਂ ਨਿਕਲਿਆ ਮੁਨਾਫ਼ਾ ਇਹਨਾਂ ਨੂੰ ਮੰਡੀ ਦੀ ਭਾਸ਼ਾ ਵਿਚ ਬਦਲ ਦਿੰਦਾ ਹੈ। ਅਚਾਨਕ ਮਿਲੇ ਮੁਨਾਫ਼ੇ ਨੇ ਇਹਨਾਂ 'ਨਵ-ਧਨਾਢਾਂ' ਅੰਦਰੋਂ ਸਭ ਇਨਸਾਨੀ ਢੇਲੇ ਫੇਹ ਦਿੱਤੇ। ਲੁਧਿਆਣਾ ਮਾਰਕਾ ਮੰਡੀ ਸੱਭਿਆਚਾਰ ਨੇ ਇਹ ਸਿੱਧ ਕਰਕੇ ਦਿਖਾਇਆ ਕਿ ਸਰਮਾਏ ਦੀ ਲਾਲਸਾ ਕਿਸੇ ਵੀ ਗੰਦਗੀ ਵਿਚ ਮੂੰਹ ਮਾਰਨ ਤੋਂ ਬਾਜ ਨਹੀਂ ਆਉਂਦੀ ਭਾਵੇਂ ਸਮਾਜ ਕੂੜ ਦੇ ਹਨੇਰੇ ਵਿਚ ਗਰਕ ਜਾਵੇ। ਅਵਾਰਾ ਪੂੰਜੀ ਦਾ ਕੋਈ ਇਨਸਾਨੀ/ਸਮਾਜੀ ਸਰੋਕਾਰ ਨਹੀਂ ਹੁੰਦਾ। ਇਸ ਯੁੱਗ ਵਿਚ ਪੈਸਾ ਹੀ ਬੰਦੇ ਦਾ ਅਸਲੀ ਰੱਬ ਹੈ। ਧਰਮਾਂ ਦੇ ਠੇਕਾਦਾਰਾਂ ਅਤੇ ਉਸ ਨਾਲ ਜੁੜੀਆਂ ਸਿਆਸਤਾਂ ਦਾ ਰੱਬ ਵੀ ਕੇਵਲ ਸੱਤਾ ਅਤੇ ਸਰਮਾਇਆ ਹੈ। ਧਨ ਅਤੇ ਸੱਤਾ ਉੱਤੇ ਟਿਕੀ ਸਿਆਸਤ ਮਨੁੱਖੀ ਵੰਡ ਨੂੰ ਕਿਸੇ ਵੀ ਸਮਾਜ ਦੇ ਗਰਕਣ ਤੱਕ ਦੀ ਸਥਿਤੀ ਤੱਕ ਲਿਜਾ ਸਕਦੀ ਹੈ। ਮੱਧਕਾਲੀ ਸਮਾਜ ਵਿਚ ਕੰਜਰੀ ਅਤੇ ਦੱਲਾ ਪੰਜਾਬੀ ਬੰਦੇ ਨੂੰ ਦਿੱਤੀ ਜਾਣ ਵਾਲੀ ਸਭ ਤੋਂ ਵੱਡੀ ਗਾਲ ਸੀ। ਮਗਰ ਬੰਦਾ ਜਿਉਂ ਹੀ ਇਸ ਸਰਮਾਏ ਦੀ ਮੰਡੀ ਵਿਚ ਪ੍ਰਵੇਸ਼ ਕਰਦਾ ਹੈ, ਸਮੁੱਚੀ ਦੁਨੀਆ 'ਕੰਜਰੀ ਦੇ ਕੋਠੇ' 'ਚ ਦੱਲਿਆਂ ਦੀ ਭੀੜ ਨਾਲ ਭਰ ਜਾਂਦੀ ਹੈ। ਭਾਵ ਸਮੁੱਚੀ ਸਮਾਜੀ/ਮਾਨਵੀ ਸਾਂਝ ਖੁਰ ਕੇ ਪੈਸੇ ਦੁਆਲੇ ਘੁੰਮਣ ਲੱਗਦੀ ਹੈ। ਕੌਲ ਇਕਰਾਰ ਪੈਸੇ ਦੇ ਲਾਟੂ ਵਿਚ ਘੁੰਮਦੇ ਆਪਣੇ ਨਕਸ਼ ਗਵਾਅ ਲੈਂਦੇ ਹਨ। ਪਰਿਵਾਰਕ ਸਾਂਝ ਵੀ ਮੰਡੀ ਦੇ ਯੁੱਗ ਵਿਚ ਆਪਣੀ ਪਛਾਣ ਗਵਾ ਲੈਂਦੀ ਹੈ। ਗੁਰਦਾਸ ਮਾਨ ਕੋਲ ਬਦਲ ਰਹੇ ਪੰਜਾਬ ਦੇ ਅਨੁਭਵ ਨਾਲ ਮਹਾਂਨਗਰੀ ਇਨਸਾਨੀ ਮੰਡੀ ਦਾ ਅਨੁਭਵ ਮਿਲਕੇ

ਸਮਾਜ ਅਤੇ ਮਨੁੱਖ ਦਾ ਜੋ ਨਕਸ਼ਾ ਉਲੀਕਦੇ ਹਨ, ਪੜ੍ਹ/ਸੁਣ ਕੇ ਸੰਵੇਦਨਾ ਪਥਰਾ ਜਾਂਦੀ ਹੈ। ਬੁੱਲ੍ਹੇ ਦੀ ਤਲਵਾਰ ਵਾਂਗ ਚੀਰਵੀਂ ਤਨਕੀਦ ਦੇ ਨਕਸ਼ ਗੁਰਦਾਸ ਮਾਨ ਦੀ ਕਾਵਿ-ਭਾਸ਼ਾ ਵਿਚ ਸਮਾਅ ਜਾਂਦੇ ਹਨ। ਪਿਛਲੇ ਪੰਜਾਹ ਸਾਲਾਂ 'ਚ ਲੋਕ ਗਾਇਨ ਦੇ ਖੇਤਰ ਵਿਚ ਅਜਿਹੀ ਕਾਵਿ ਭਾਸ਼ਾ ਦੀ ਅਣਹੋਂਦ ਰਹੀ ਹੈ। ਬੋਹੇਮੀਆ ਨੇ ਜ਼ਰੂਰ ਕੋਸ਼ਿਸ਼ ਕੀਤੀ ਹੈ। ਪੰਜਾਬ ਦੀਆਂ ਰਗਾਂ 'ਚ ਗ਼ੈਰਤ ਦੀ ਰੱਤ ਦੌੜਦੀ ਸੀ। ਜਿਸ ਵਿਚ ਕਾਰਪੋਰੇਟ ਮੰਡੀ ਨੇ ਬੇਜ਼ਮੀਰਾ ਮੁਆਦ ਭਰ ਦਿੱਤਾ ਹੈ, ਜਿਸਨੂੰ ਪੈਸੇ ਦਾ ਪੰਪ ਧੱਕੀ ਤੁਰਿਆ ਜਾਂਦਾ ਹੈ। ਇਸ ਮੰਡੀ ਵਿਚ ਕਲਾ ਅਤੇ ਵਿਵੇਕ ਦਾ ਕੋਈ ਕਦਰਦਾਨ ਨਹੀਂ। ਮੰਡੀ ਪ੍ਰਚਾਰ ਦੇ ਚਮਕੀਲੇ ਵਰਕ ਵਿਚ ਲਿਪਟੀ ਹਰ ਚੀਜ਼ ਹੀਰਾ ਹੈ।

ਇਹ ਦੁਨੀਆ ਮੰਡੀ ਪੈਸੇ ਦੀ, ਹਰ ਚੀਜ਼ ਵਿਕੇਂਦੀ ਭਾਅ ਸੱਜਣਾ
ਏਥੇ ਰੋਂਦੇ ਚਿਹਰੇ ਨਹੀਂ ਵਿਕਦੇ, ਹੱਸਣ ਦੀ ਆਦਤ ਪਾ ਸੱਜਣਾ
ਇਹ ਦੁਨੀਆ ਕੋਠਾ ਕੰਜਰੀ ਦਾ, ਏਥੇ ਜਿਸਮ ਜਵਾਨੀ ਵਿਕਦੀ ਏ
ਏਥੇ ਅਕਲਾਂ ਦੇ ਮੁੱਲ ਘੱਟ ਪੈਂਦੇ , ਏਥੇ ਸ਼ਕਲ ਸੁਹਾਨੀ ਵਿਕਦੀ ਏ
ਇਥੇ ਧਰਮ ਕਰਮ ਸਭ ਵਿਕਦੇ ਨੇ ਤੂੰ ਵਿਕਣਾ ਏਂ ਤਾਂ ਆ ਸੱਜਣਾ
ਇਹ ਦੁਨੀਆ ਮੰਡੀ ਪੈਸੇ ਦੀ......
ਇਹ ਗਲ਼ੀ ਮੁਹੱਲਾ ਕੁੱਤਿਆਂ ਦਾ, ਖ਼ੁਦ ਭੌਂਕਣ ਵਾਲੇ ਜਿਉਂਦੇ ਨੇ
ਜਿਹੜੇ ਆਪਣਿਆਂ ਨੂੰ ਵੱਢਦੇ ਨੇ, ਗ਼ੈਰਾਂ ਲਈ ਪੂਛ ਹਿਲਾਉਂਦੇ ਨੇ
ਜਾਂ ਭੌਂਕਣ ਵਾਲਾ ਤੂੰ ਬਣ ਜਾ, ਜਾਂ ਨਿਉਂ ਕੇ ਵਕਤ ਲੰਘਾਅ ਸੱਜਣਾ
ਇਹ ਦੁਨੀਆਂ ਮੰਡੀ ਪੈਸੇ ਦੀ.... [8]

ਪੰਜਾਬ ਵਿਚ ਲੁਧਿਆਣਾ ਮਾਰਕਾ ਮੰਡੀ ਸੱਭਿਆਚਾਰ ਵਿਚ ਪੰਜਾਬੀ ਜ਼ਬਾਨ ਨਾਲ ਹੁੰਦੇ ਧੱਕੇ, ਨਿੱਘਰ ਰਹੀ ਸਿਆਸਤ ਦੀ ਪੀੜ ਨੂੰ ਗੁਰਦਾਸ ਮਾਨ ਨੇ ਪੰਜਾਬ ਦੀ ਵੰਡ ਨਾਲ ਜਾ ਜੋੜਿਆ। ਇਹੋ ਹੀ ਇਤਿਹਾਸਕ ਘੁਮਾਓਦਾਰ ਮੋੜ ਸੀ, ਜਿਸਨੂੰ ਚੜ੍ਹਦੇ ਪੰਜਾਬ ਨੇ ਗਵਾਅ ਲਿਆ ਸੀ। ਪੰਜਾਬ ਦੇ ਸੱਭਿਆਚਾਰ, ਪੰਜਾਬੀ ਜ਼ੁਬਾਨ, ਇਨਸਾਨੀ ਸਾਂਝਾਂ, ਸਬਰ ਸੰਤੋਖ ਉਪਰ ਡੂੰਘਾ ਇਸਲਾਮਿਕ ਪ੍ਰਭਾਵ ਸੀ। ਕੇਂਦਰੀ ਪੰਜਾਬ/ਲਾਹੌਰ ਦੀ ਇਤਿਹਾਸਕ ਧਰੋਹਰ 'ਚ ਉਪਰੋਕਤ ਸਭ ਕਾਸੇ ਦੀ ਪੈਂਠ ਡੂੰਘੀ ਸੀ। ਮੁਹੱਬਤ ਅਤੇ ਸਥਾਪਤੀ ਵਿਰੋਧ ਇਸਦਾ ਕੇਂਦਰੀ ਧੁਰਾ ਸੀ। ਪੰਜਾਬ ਦੀ ਵੰਡ ਪਿੱਛੋਂ ਚੜ੍ਹਦੇ ਪੰਜਾਬ ਦੀ ਜ਼ਬਾਨ ਅਤੇ ਸੱਭਿਆਚਾਰ ਆਪਣੇ ਇਤਿਹਾਸਕ ਦਾਨਿਸ਼ਵਰ ਵਿਰਸੇ ਅਰਬੀ, ਫ਼ਾਰਸੀ ਦੀਆਂ ਜੜ੍ਹਾਂ ਤੋਂ ਟੁੱਟ ਗਈ। ਸੰਤਾਲੀ ਤੋਂ ਬਾਅਦ ਇਸਦੀਆਂ ਸੱਭਿਆਚਾਰਕ ਜੜ੍ਹਾਂ ਲਈ ਕੋਈ ਜ਼ਮੀਨ ਨਹੀਂ ਸੀ। ਇਹ ਜੜ੍ਹਹੀਣ ਖਲਾਅ ਵਿਚ ਤੈਰ ਰਿਹਾ ਸਭਿਆਚਾਰ ਅਣਖ ਦੀ ਸੁਰਾਲ ਦੇ ਮੂੰਹ ਵਿਚ ਜਾ ਫਸਿਆ। ਪੰਜਾਬੀ ਅਦਬ ਅਤੇ ਸੱਭਿਆਚਾਰ ਇਨਸਾਨੀ ਹੋਂਦ ਦੇ ਆਧਾਰ ਪਤਿ/ਗ਼ੈਰਤ ਉੱਤੇ ਟਿਕਿਆ ਹੋਇਆ ਸੀ। ਅਣਖ ਇਕ ਸੱਤਾ ਦੀ ਹਉਮੈ ਹੈ ਜੋ ਦੂਸਰਿਆਂ ਦੇ ਦਮਨ ਦੇ ਸੰਕਲਪ 'ਚ ਲਿਪਟੀ ਹੋਈ ਹੈ। ਪਤਿ/ਗ਼ੈਰਤ ਆਪਣੇ ਵਿਚਾਰ ਦੀ ਹੋਂਦ ਲਈ ਜੂਝਣਾ ਹੈ। ਇਸ ਵਿਚ ਵਿਚਾਰ ਦੇ ਅਹਿਦ ਲਈ ਆਪਣੀ ਕੁਰਬਾਨੀ ਦੇਣਾ ਸ਼ਾਮਿਲ ਹੈ। ਮਨਸੂਰ/ਸਰਮੱਦ ਇਸੇ ਜੁਮਰੇ 'ਚ ਸ਼ੁਮਾਰ ਹੁੰਦੇ ਹਨ। ਬਾਬਾ ਨਾਨਕ ਇਸਨੂੰ ਪ੍ਰਭਾਸ਼ਿਤ ਕਰਦਿਆਂ ਆਖਦੇ ਹਨ, "ਜੇ ਜੀਵੈ ਪਤਿ ਲਥੀ ਜਾਇ/ਸਭੁ ਹਰਾਮੁ ਜੇਤਾ ਕਿਛੁ ਖਾਇ॥" ਲੁਧਿਆਣਾ ਮਾਰਕਾ ਮੰਡੀ ਸੱਭਿਆਚਾਰ ਪੰਜਾਬੀ ਜ਼ਬਾਨ ਨੂੰ ਨੰਗਿਆਂ ਕਰਕੇ ਮੰਡੀ ਵਿਚ ਵੇਚ ਰਿਹਾ ਸੀ। ਹਵਸ ਦੇ ਮਾਰੇ ਸਰੋਤੇ 'ਮਾਂ' ਦੇ ਨੰਗੇਜ਼ ਦੇ ਜਸ਼ਨ 'ਚੋਂ ਤ੍ਰਿਪਤੀ ਪਾ ਰਹੇ ਸਨ। ਪੰਜਾਬੀ ਜ਼ਬਾਨ ਦੇ ਵਿਕਾਸ ਵਿਚਲੇ ਇਤਿਹਾਸਕ ਤੱਥਾਂ ਤੋਂ ਸੰਤਾਲੀ 'ਚ ਇਸਦੇ ਅਧਰੰਗ ਮਾਰੇ ਸਰੀਰ ਦਾ ਜੋ ਵਿਸ਼ਲੇਸ਼ਣ ਗੁਰਦਾਸ ਮਾਨ ਨੇ ਆਪਣੇ ਗੀਤ ਰਾਹੀਂ ਕੀਤਾ ਉਹ ਬੇਮਿਸਾਲ ਹੈ।

ਉਸਨੇ ਰੋਗ ਦਾ ਤਾਂ ਪਤਾ ਲਾ ਲਿਆ, ਮਗਰ ਲਾਲਚਾਂ ਦੀ ਪੰਡ ਵਿੱਚ ਬੱਝੀ ਪੰਜਾਬੀ ਲੋਕਾਈ ਦੀ ਨੁਮਾਇੰਦਗੀ ਕਰਨ ਵਾਲੀ ਦਾਨਿਸ਼ਵਰ ਧਿਰ ਲਾਪਤਾ ਹੋ ਗਈ। ਜਿਸਦੀ ਅਣਹੋਂਦ ਵਿਚ ਇਹ ਬਿਮਾਰੀ ਲਾਇਲਾਜ਼ ਬਣਦੀ ਗਈ।

ਪੰਜਾਬੀਏ ਜ਼ਬਾਨੇ ਨੀ ਰਕਾਨੇ ਮੇਰੇ ਦੇਸ ਦੀਏ
ਫਿੱਕੀ ਪੈ ਗਈ ਚਿਹਰੇ ਦੀ ਨੁਹਾਰ
ਮੀਡੀਆਂ ਖ਼ਿਲਾਰੀ ਫਿਰੇਂ, ਨੀ ਬੁੱਲ੍ਹੇ ਦੀਏ ਕਾਫ਼ੀਏ
ਕਿਨ੍ਹੇ ਤੇਰਾ ਲਾਹ ਲਿਆ ਸ਼ਿੰਗਾਰ
ਤੂੰ ਗੋਰਖ ਦੀ ਗੁੜਤੀ ਲੈ ਕੇ ਨਾਥਾਂ ਟਿੱਲੇ ਜਾਈ
ਤੂੰ ਬਾਬੇ ਦੀ ਬਾਣੀ ਬਣਕੇ ਗੁਰੂਆਂ ਦੇ ਘਰ ਆਈ
ਸੰਗਤਾਂ ਨੇ ਲਾਡ ਤੇ ਪਿਆਰ ਦਿੱਤਾ ਐਸਾ ਤੈਨੂੰ
ਦਿਨਾਂ ਵਿਚ ਹੋ ਗਈ ਮੁਟਿਆਰ....
ਯਮਲਾ ਜੱਟ ਮਸਤਾਨਾ ਓ ਪ੍ਰਕਾਸ਼ ਸੁਰਿੰਦਰ ਕੌਰਾਂ
ਕਦਰ ਬਿਨਾਂ ਕੋਈ ਕਦ ਤੱਕ ਜੀਵੇ ਤੂੰ ਵੱਸ ਪੈ ਗਈ ਚੋਰਾਂ
ਮਾਨ ਵੀ ਨਿਮਾਣਾ ਤੇਰਾ ਮਰ ਜਾਣਾ ਇਕ ਦਿਨ
ਨੂਰਪੁਰੀ ਸ਼ਿਵ ਵਾਲੀ ਮਾਰ...[9]

ਵੰਡ ਤੋਂ ਬਾਅਦ ਚੜ੍ਹਦੇ ਪੰਜਾਬ 'ਚ ਬੇਅਦਬਾਂ ਨੇ ਅਦਬ ਅਤੇ ਕਲਾ ਦੀ ਜਿਵੇਂ ਜਿਵੇਂ ਬੇਕਦਰੀ ਕੀਤੀ, ਫੂਹੜਪੁਣੇ ਨੇ ਪੰਜਾਬੀ ਬੰਦੇ ਦੀ ਚੇਤਨਾ ਵਿਚ ਕਿੱਲ ਠੋਕਣੇ ਸ਼ੁਰੂ ਕਰ ਦਿੱਤੇ। ਫ਼ਨਕਾਰੀ ਅਤੇ ਅਦਬ ਦਾ ਇਤਿਹਾਸਕ ਵਿਰਸਾ ਮਰਾਸੀਆਂ ਨਾਲ ਜੁੜਦਾ ਸੀ, ਜਿਹਨਾਂ ਨੇ ਆਪਣੀ ਚੇਤਨਾ 'ਚ ਸਮਾਜਿਕ ਸਰੋਕਾਰਾਂ ਨੂੰ ਡੂੰਘਾ ਵਸਾਅ ਰੱਖਿਆ ਸੀ। ਉਹ ਅਦਬ ਨਵਾਜ਼ ਅਤੇ ਅਦਬ ਦੇ ਕਦਰਦਾਨ ਸਨ। ਪੁਰਾਤਨ ਕਿਰਤਾਂ ਦੇ ਖਰੜੇ ਨਾ ਵੀ ਹੋਣ ਦੇ ਬਾਵਜੂਦ ਉਹਨਾਂ ਮੌਖਿਕ ਪ੍ਰੰਪਰਾ ਰਾਹੀਂ ਪੁਰਾਤਨ ਅਦਬ ਨੂੰ ਸਾਡੇ ਤੱਕ ਪਹੁੰਚਾਇਆ ਜੋ ਦੁਰਲੱਭ ਹਨ। ਇਸਦਾ ਕਾਰਨ ਉਹਨਾਂ ਦਾ ਚੰਗੇ ਅਦਬ ਦਾ ਕਦਰਦਾਨ ਹੋਣਾ ਵੀ ਸੀ, ਅਤੇ ਸਮਾਜ ਨੂੰ ਵਿਵੇਕੀ ਅਤੇ ਸੰਘਰਸ਼ਸ਼ੀਲ ਬਣਾਉਣ ਲਈ ਕਿਸ ਸਾਹਿਤ ਸੱਭਿਆਚਾਰ ਦੀ ਲੋੜ ਹੈ? ਇਸ ਗੱਲ ਦੀ ਵੀ ਡੂੰਘੀ ਸਮਝ ਸੀ। ਇਹ ਤਾਂ ਹੀ ਹੋ ਸਕਦਾ ਹੈ, ਜੇ ਉਹ ਸਮਾਜਿਕ ਸਰੋਕਾਰਾਂ ਪ੍ਰਤੀ ਡੂੰਘੀ ਸੰਵੇਦਨਸ਼ੀਲ ਦਿੱਖ ਰੱਖਦੇ ਹੋਣ। ਉਹ ਧਨ ਦੀ ਬਜਾਏ ਕਲਾ ਦੀ ਸਿਖਰ ਨੂੰ ਤਰਜ਼ੀਹ ਦਿੰਦੇ ਸਨ। ਉਹ ਆਪਣੀ ਗ਼ੈਰਤ ਨੂੰ ਧਨ ਦੀ ਮਾਰ ਥੱਲੇ ਨਹੀਂ ਰੋਲ਼ਦੇ ਸਨ।[10] ਬਹੁਗਿਣਤੀ ਮਰਾਸੀ ਭਾਵੇਂ ਵੰਡ ਤੋਂ ਬਾਅਦ ਲਹਿੰਦੇ ਪੰਜਾਬ ਵੱਲ ਚਲੇ ਗਏ, ਮਗਰ ਜਿਹੜੇ ਚੜ੍ਹਦੇ ਪੰਜਾਬ ਵਿਚ ਵੀ ਕਾਫ਼ੀ ਹਿੱਸਾ ਰਹਿ ਗਏ। ਉਹਨਾਂ ਨੇ ਮੰਡੀ ਦੇ ਗਾਇਨ ਨੂੰ ਠੋਕਰ ਮਾਰ ਕੇ ਗੁਰਬਤ ਦੀ ਮਾਰ ਭਾਵੇਂ ਸਹਿ ਲਈ, ਸਮਾਜਿਕ ਸਰੋਕਾਰਾਂ ਨਾਲ ਸਮਝੌਤਾ ਨਹੀਂ ਕੀਤਾ। ਪੰਜਾਬੀ ਗਾਇਨ ਵਿਚ ਖੁੰਬਾਂ ਵਾਂਗ ਉੱਗੇ ਇਹਨਾਂ ਮੰਡੀ ਗਾਇਕਾਂ ਦਾ ਗਾਇਨ ਦੇ ਸਮਾਜਿਕ ਸਰੋਕਾਰਾਂ ਨਾਲ ਸੰਤਾਲੀ ਤੋਂ ਪਹਿਲਾਂ ਦੂਰ ਦੂਰ ਤੱਕ ਕੋਈ ਵਾਹ ਵਾਸਤਾ ਨਹੀਂ ਸੀ। ਜਿਹਨਾਂ ਦਾ ਵਾਸਤਾ ਸੀ ਉਹ ਲਾਹੌਰ ਦੀ ਰੇਡੀਉ ਪ੍ਰੰਪਰਾ 'ਚੋਂ ਆਏ ਸਨ ਅਤੇ ਜਿਹਨਾਂ ਦਾ ਸਬੰਧ ਲਹਿੰਦੇ ਪੰਜਾਬ ਨਾਲ ਹੀ ਸੀ। ਗੁਰਦਾਸ ਮਾਨ ਨੇ ਜਿੰਨੇ ਵੀ ਨਾਂ ਆਪਣੇ ਗੀਤ ਦੇ ਆਖਰੀ ਪਹਿਰੇ 'ਚ ਲਏ ਹਨ। ਉਹਨਾਂ ਸਾਰਿਆਂ ਦਾ ਸਬੰਧ ਵੀ ਲਹਿੰਦੇ ਪੰਜਾਬ ਦੇ ਅਮੀਰ ਅਦਬੀ ਲੋਕ ਪੱਖੀ ਵਿਰਸੇ ਨਾਲ ਹੀ ਹੈ।

ਇੱਥੇ ਗੁਰਦਾਸ ਮਾਨ ਬਾਰੇ ਲੁਧਿਆਣਾ ਮਾਰਕਾ ਮੰਡੀ ਸੱਭਿਆਚਾਰ ਦੇ ਮੁਕਾਬਲ ਗੱਲ ਕੀਤੀ ਜਾ ਰਹੀ ਹੈ ਅਤੇ ਉਸਦੀ 1992-93 ਤੱਕ ਦੀ ਗਾਇਕੀ ਨੂੰ ਵਿਚਾਰਿਆ ਜਾ ਰਿਹਾ ਹੈ, ਜਦੋਂ ਪੰਜਾਬ ਇਕ

ਪਾਸੇ ਹਰੀ ਕ੍ਰਾਂਤੀ ਦੇ ਜਸ਼ਨ ਵਿੱਚੋਂ ਲੰਘ ਰਿਹਾ ਸੀ ਅਤੇ ਦੂਸਰੇ ਪਾਸੇ ਇਹ ਕ੍ਰਾਂਤੀ ਪੰਜਾਬ ਨੂੰ ਹਿੰਸਕ ਅਖਾੜੇ ਵਿਚ ਧੱਕ ਰਹੀ ਸੀ। ਇਕ ਪਾਸੇ ਜਸ਼ਨ ਅਤੇ ਦੂਸਰੇ ਪਾਸੇ ਸੋਗ ਦੀ ਲਹਿਰ ਅਤੇ ਇਹਨਾਂ ਉੱਤੇ ਹੁੰਦੀ ਸਿਆਸਤ ਨੇ ਪੰਜਾਬ ਨੂੰ ਗਹਿਰੇ ਸੰਕਟ ਵਿੱਚ ਧੱਕ ਦਿੱਤਾ ਸੀ। ਇਕ ਪਾਸੇ ਮੌਕਾਪ੍ਰਸਤ ਸਿਆਸੀ ਲੀਡਰਾਂ ਦੀ ਪਨੀਰੀ ਤੇਜ਼ੀ ਨਾਲ ਵਧ ਰਹੀ ਸੀ ਅਤੇ ਦੂਸਰੇ ਪਾਸੇ ਆਰਥਿਕ ਮਾਰ ਸਹਿੰਦੀ ਤੱਤੇ ਨੌਜੁਆਨਾਂ ਦੀ ਪੌਧ ਕਦੇ ਨਕਸਲੀ ਅਤੇ ਬਾਅਦ ਵਿੱਚ ਖਾੜਕੂਆਂ ਦੇ ਰੂਪ 'ਚ ਸਟੇਟ ਨੂੰ ਟੱਕਰ ਰਹੀ ਸੀ। ਇਕ ਪਾਸੇ ਲੁਧਿਆਣਾ ਮਾਰਕਾ ਗਾਇਕਾਂ ਦੀ ਹੇੜ ਪੰਜਾਬੀ ਸੱਭਿਆਚਾਰ ਦੇ ਅਮੀਰ ਵਿਰਸੇ ਨੂੰ ਕੌਡੀਆਂ ਘੱਟੇ ਰੋਲ਼ ਰਹੀ ਸੀ ਅਤੇ ਦੂਸਰੇ ਪਾਸੇ ਢਾਡੀਆਂ, ਕਵੀਸ਼ਰਾਂ ਦੇ ਤੱਤੇ ਬੋਲ ਨੌਜੁਆਨ ਪੀੜ੍ਹੀ ਨੂੰ ਵੰਗਾਰਦਿਆਂ ਸ਼ਹਾਦਤਾਂ ਦੇ ਅਖਾੜੇ ਵੱਲ ਧੱਕ ਰਹੇ ਸਨ। ਪੰਜਾਬੀ ਬੰਦੇ ਦੇ ਸਮਝੋਂ ਬਾਹਰੇ ਵਰਤ ਰਹੇ ਇਸ ਘੱਲੂਘਾਰੇ ਦੀਆਂ ਤੰਦਾਂ ਡੋਰ ਦੇ ਪਿੰਨੇ ਵਾਂਗ ਉਲਝ ਗਈਆਂ ਜਾਪਦੀਆਂ, ਇਸ ਪਿੱਛੇ ਕੰਮ ਕਰ ਰਹੀਆਂ ਏਜੰਸੀਆਂ ਦੇਸੀ ਸਨ ਜਾਂ ਵਿਦੇਸ਼ੀ? ਜਿਸਦਾ ਕੋਈ ਸਿਰਾ ਸੰਘਰਸ਼ਸ਼ੀਲ ਲੋਕਾਂ ਦੇ ਹੱਥ ਵੀ ਨਹੀਂ ਲੱਗ ਰਿਹਾ ਸੀ। ਸਟੇਟ ਦੇ ਕਰਿੰਦੇ ਅਤੇ ਖਾੜਕੂ ਪੰਜਾਬ ਦੀ ਧਰਤੀ ਦੇ ਜੰਮਪਲ ਸਨ। ਕੇਂਦਰ ਨੇ ਇਹਨਾਂ ਨੂੰ ਆਪਸ ਵਿਚ ਐਸਾ ਉਲਝਾਇਆ ਕਿ ਇਹ ਇਕ ਦੂਜੇ ਨੂੰ ਦੁਸ਼ਮਣ ਮੰਨ ਆਪਸ ਵਿਚ ਉਲਝ ਗਏ ਸਨ। ਇਹਨਾਂ ਨੂੰ ਉਲਝਾਉਣ ਵਾਲੀ ਤਾਕਤ ਅਦਿੱਖ ਸੀ। ਕੀ ਇਸ ਉਲਝਣ ਦੀ ਕੋਈ ਤੰਦ ਹਰੀ ਕ੍ਰਾਂਤੀ ਦੇ ਆਕਾਵਾਂ ਨਾਲ ਵੀ ਜੁੜਦੀ ਸੀ? ਇਹ ਸਵਾਲ ਅੱਜ ਤੱਕ ਵੀ ਅਣਸੁਲਝਿਆ ਹੀ ਹੈ।

ਇਸ ਧੁੰਦੂਕਾਰੇ 'ਚ ਵਿਵੇਕ ਤਾਂ ਇਹੋ ਕਹਿੰਦਾ ਹੈ ਕਿ ਹੋਰ ਸੱਭ ਝਮੇਲਿਆਂ 'ਚੋਂ ਬਾਹਰ ਹੋ ਮਨੁੱਖਾਂ ਨੂੰ ਜਾਤਾਂ, ਧਰਮਾਂ ਦੇ ਨਾਂ 'ਤੇ ਵੰਡਣ ਵਾਲੇ ਫਰੇਬੀ ਰਸਤੇ ਨੂੰ ਓਨੀ ਦੇਰ ਰੋਕੀ ਰੱਖਿਆ ਜਾਵੇ ਜਦ ਤੱਕ ਚਾਨਣ/ਸੰਵਾਦ ਦੀ ਕੋਈ ਤੰਦ ਹੱਥ ਨਾ ਆ ਜਾਵੇ। ਸੰਵਾਦ ਰਾਹੀਂ ਵਿਵੇਕ ਦਾ ਪੱਲਾ ਫੜਿਆ ਜਾ ਸਕਦਾ ਹੈ। ਧੁੰਦੂਕਾਰਾ ਤਾਂ ਕਤਲੋਗਾਰਤ, ਲਹੂ-ਮਿੱਝ, ਹਵਾੜ ਨਾਲ ਭਰੀ ਵਬਾ ਹੈ, ਜੋ ਆਫਤ ਬਣ ਕਿਸੇ ਕੌਮ 'ਤੇ ਬਰਕ ਵਾਂਗ ਡਿੱਗਦੀ ਹੈ। ਆਫ਼ਤ ਵਿੱਚ ਮਨੁੱਖੀ ਸਾਂਝ-ਪਿਆਰ ਹੀ ਦਿਸਹੱਦੇ ਵੱਲ ਜਾਂਦਾ ਇੱਕੋ ਇੱਕ ਰਾਹ ਹੁੰਦਾ ਹੈ। ਗੁਰਦਾਸ ਮਾਨ ਪੰਜਾਬ ਸੰਕਟ ਦੇ ਇਸ ਧੁੰਦੂਕਾਰੇ 'ਚੋਂ ਨਿਕਲਣ ਲਈ ਵਿਰਸੇ ਨੂੰ ਖੰਗਾਲ ਰਿਹਾ ਸੀ, ਜਿਸ ਵਿਚ ਬਾਬਾ ਬੁੱਲ੍ਹੇ ਸ਼ਾਹ ਕਹਿ ਰਹੇ ਸਨ,

ਇਹ ਤਿਲਕਣਬਾਜ਼ੀ ਵਿਹੜਾ ਏ/ਪੈਰ ਥੰਮ ਥੰਮ ਤੁਰੋ ਹਨੇਰਾ ਏ
ਵੇਖੋ ਅੰਦਰ ਵੜਕੇ ਕਿਹੜਾ ਏ/ਐਵੇਂ ਖਲਕਤ ਬਹਾਰ ਢੂੰਡੇਂਦੀ ਏ।

ਧਰਮਾਂ ਜਾਤਾਂ ਤੋਂ ਬਾਹਰ ਨਿਕਲ ਕੇ ਮਨੁੱਖ ਹੋਣ 'ਤੇ ਜ਼ੋਰ ਦਿੰਦਾ ਗੁਰਦਾਸ ਮਾਨ ਅਗਲੇ ਦਹਾਕਿਆਂ 'ਚ ਮੁੱਖ-ਧਾਰਾ ਦੇ ਧਰਮਾਂ 'ਤੋਂ ਬਾਹਰ ਨਿਕਲ ਜਾਂਦਾ ਹੈ, ਕਿਉਂਕਿ ਇਹ ਮੁੱਖ-ਧਾਰਾ ਦੇ ਧਰਮ ਦੋ-ਅਧਾਰੀ ਪਛਾਣਾਂ ਦੀ ਲੋਹ 'ਤੇ ਹਮੇਸ਼ਾ ਦੀ ਤਰ੍ਹਾਂ ਸਿਆਸੀ ਰੋਟੀਆਂ ਸੇਕਦੇ ਰਹਿੰਦੇ ਹਨ। ਵਿਗਿਆਨ ਅਤੇ ਤਕਨੀਕੀ ਤਰੱਕੀ ਨਾਲ ਹੋਈ ਸਮੇਂ ਦੀ ਤਬਦੀਲੀ ਨੇ ਇਹਨਾਂ ਦੇ ਜ਼ਮੂਦ ਨੂੰ ਹੋਰ ਵੀ ਪੀਡਾ ਕਰ ਦਿੱਤਾ ਹੈ। ਗੁਰਦਾਸ ਮਾਨ ਇਹਨਾਂ ਮੁੱਖ-ਧਾਰਾ ਦੇ ਧਰਮਾਂ ਨੂੰ ਚੁਣੌਤੀ ਦਿੰਦਾ ਹਾਸ਼ੀਆਗਤਾਂ ਦੇ ਡੇਰਿਆਂ ਵਿਚ ਜਾ ਕਯਾਮ ਕਰਦਾ ਹੈ। ਮੁੱਖ-ਧਾਰਾ ਤੋਂ ਦੂਰ ਪੀਰਾਂ ਦੇ ਡੇਰੇ ਹਾਸ਼ੀਆਗਤਾਂ ਦੀਆਂ ਰਾਹਤਾਂ ਦੇ ਮੁਕਾਮ ਹਨ। ਹਰਜੋਤ ਉਬਰਾਏ ਨੇ ਆਪਣੀ ਕਿਤਾਬ 'ਕਨਸਟ੍ਰੱਕਸ਼ਨ ਆਫ ਰਲੀਜੀਅਸ ਬਾਊਂਡਰੀਜ਼' ਇਸ ਸਥਿਤੀ ਨੂੰ ਵਿਸ਼ੇਸ਼ ਰੂਪ 'ਚ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਗੁਰਦਾਸ ਮਾਨ ਮੁੱਖ-ਧਾਰਾ ਦੇ ਧਰਮਾਂ ਤੋਂ ਦੂਰ ਹੁੰਦਾ ਹੈ ਤਾਂ ਸਿੱਖੀ ਦੀ ਅੱਖ 'ਚ ਚੁਭਣ ਲੱਗਦਾ ਹੈ। ਗੁਰਦਾਸ ਮਾਨ ਦਾ ਦੋਸ਼ ਉਸਦਾ ਆਪਣਾ ਨਹੀਂ ਸਿੱਖਾਂ ਦੇ ਘਰ 'ਚ ਪੈਦਾ ਹੋਣਾ ਸੀ। ਉਸਨੂੰ ਇਹ ਤਨਕੀਦ ਸਹਾਰਨੀ ਹੀ ਪੈਣੀ ਸੀ। ਜਦੋਂ ਮੁੱਖ-ਧਾਰਾ ਦੀ ਉਤਮਤਾ ਨੂੰ ਉਹਨਾਂ ਦੇ ਘਰੋਂ ਹੀ ਚੁਣੌਤੀ ਦਿੱਤੀ ਜਾ ਰਹੀ ਹੋਵੇ ਤਾਂ ਉਹਨਾਂ ਦਾ ਗੁੱਸਾ ਜਾਇਜ਼ ਹੈ। ਇਹ ਡੇਰੇ ਹਾਸ਼ੀਆਗਤ ਲੋਕਾਂ ਨੂੰ ਰਾਹਤ

ਦਿੰਦੇ ਹਨ, ਕਿਉਂਕਿ ਸੰਗੀਤ ਅਤੇ ਸ਼ਬਦ ਇੱਥੇ ਆਪਣਾ ਜਾਦੂ ਬਖੇਰਦੇ ਦੋ-ਅਧਾਰੀ ਪਛਾਣਾਂ ਦੀ ਜੰਗ ਤੋਂ ਦੂਰ ਇਨਸਾਨੀ ਸਾਂਝ ਦਾ ਸਬਕ ਦਿੰਦੇ ਉਹਨਾਂ ਨੂੰ ਮਸਤੀ ਦਾ ਪਾਠ ਪੜ੍ਹਾਉਂਦੇ ਹਨ। ਇਸ ਮਸਤੀ ਵਿਚ ਕੋਈ ਰੰਗ ਭੇਦ, ਕੋਈ ਜਾਤ-ਮਜ਼ਹਬ ਨਹੀਂ ਹੈ। ਨਸ਼ਾ ਹੈ ਇਨਸਾਨ ਹੋਣ ਦਾ ਅਤੇ ਇਸ ਵਿਚ 'ਅਮਲ' ਦਾ ਅਮਲ ਵੀ ਸ਼ਾਮਿਲ ਹੁੰਦਾ ਹੈ। ਆਖ਼ਿਰ ਮਸਤੀ ਦਾ ਮੁਕਾਮ ਤਾਂ ਇਨਸਾਨੀ ਵੰਡ ਦੀ ਵਿਚਾਰਧਾਰਾ ਤੋਂ ਦੂਰ ਹੋ ਕੇ ਹੀ ਕੀਤਾ ਜਾ ਸਕਦਾ ਹੈ। ਡੇਰਿਆਂ ਵਾਲਾ ਵਿਸ਼ਾ ਡਾਢ੍ਹਾ ਪੇਚੀਦਾ ਹੈ, ਇਹ ਪੂਰੇ ਥੀਸਿਸ ਦੀ ਮੰਗ ਕਰਦਾ ਹੈ। ਇੱਥੇ ਸਿਰਫ਼ ਗੁਰਦਾਸ ਮਾਨ ਨੂੰ ਪੰਜਾਬ ਸੰਕਟ ਦੇ ਆਸ ਪਾਸ ਅਤੇ ਲੁਧਿਆਣਾ ਮਾਰਕਾ ਮੰਡੀ ਸੱਭਿਆਚਾਰ ਨੂੰ ਚੁਣੌਤੀ ਵਜੋਂ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। ਉਸਦੇ ਬਾਅਦ ਵਾਲੇ ਕਈ ਗੀਤਾਂ ਵਿਚ ਵਿਦਵਾਨ ਉਸਨੂੰ ਸੱਭਿਆਚਾਰਕ ਹੇਰਵੇ ਦਾ ਸ਼ਿਕਾਰ ਹੋਣ ਵਜੋਂ ਵੀ ਪ੍ਰਭਾਸ਼ਿਤ ਕਰਦੇ ਹਨ। ਇਹ ਸੰਕਟ ਗੁਰਦਾਸ ਮਾਨ ਦੀ ਪੂਰੀ ਪੀੜ੍ਹੀ ਦਾ ਰਿਹਾ ਹੈ। ਜਦੋਂ ਕੁਝ ਉਸਾਰੂ ਉੱਸਰ ਨਾ ਰਿਹਾ ਹੋਵੇ ਤਾਂ ਹੇਰਵਾ ਸਾਡਾ ਜ਼ਮਾਂਦਰੂ 'ਅਧਿਕਾਰ' ਬਣ ਜਾਂਦਾ ਹੈ। ਗੁਰਦਾਸ ਮਾਨ ਵੀ ਅਗਲੇ ਦਹਾਕਿਆਂ 'ਚ ਇਸੇ ਵੇਦਨ ਵਿੱਚੋਂ ਲੰਘਿਆ।

**ਹਵਾਲੇ ਤੇ ਟਿੱਪਣੀਆਂ-**

1. ਘੱਗਰੇ ਵੀ ਗਏ ਫੁਲਕਾਰੀਆਂ ਵੀ ਗਈਆਂ/ਕੰਨਾਂ ਵਿਚ ਕੋਕੜੂ ਤੇ ਵਾਲ਼ੀਆਂ ਵੀ ਗਈਆਂ
ਰੇਸ਼ਮੀ ਦੁਪੱਟੇ ਡੋਰੇ ਜ਼ਾਲੀਆਂ ਵੀ ਗਈਆਂ/ਘੁੰਡ ਵੀ ਗਏ ਤੇ ਘੁੰਡ ਵਾਲੀਆਂ ਵੀ ਗਈਆਂ
ਚੱਲ ਪਏ ਵਲੈਤੀ ਬਾਣੇ, ਕੀ ਬਣੂ ਦੁਨੀਆਂ ਦਾ, ਸੱਚੇ ਪਾਤਸ਼ਾਹ ਵਾਹਿਗੁਰੂ ਜਾਣੇ....
ਸਿਰ ਉਤੇ ਮਟਕਾ ਖੂਹੀ ਦੇ ਪਾਣੀ ਦਾ/ਤਾਬ ਕਿਹੜਾ ਝੱਲੇ ਅੱਥਰੀ ਜਵਾਨੀ ਦਾ
ਜਿਹੜੇ ਪਾਸੇ ਜਾਵੇਂ ਘੁੰਮਕਾਰਾਂ ਪੈਂਦੀਆਂ/ਅਡੀ ਨਾਲ ਤੇਰੀਆਂ ਪੰਜੇਬਾਂ ਖਹਿੰਦੀਆਂ
ਵੱਡੀਏ ਮਜ਼ਾਜਣੇ ਮਜ਼ਾਜ ਭੁੱਲ ਗਈ/ਗਿੱਧਿਆਂ ਦੀ ਰਾਣੀ ਫੈਸ਼ਨਾਂ 'ਚ ਰੁੱਲ ਗਈ
ਸੁਣਦੀ ਅੰਗਰੇਜ਼ੀ ਗਾਣੇ, ਕੀ ਬਣੂ ਦੁਨੀਆਂ ਦਾ....
ਮੁੰਡੇ ਵੀ ਵਿਚਾਰੇ ਕਿਹੜੀ ਗੱਲੋਂ ਘੱਟ ਨੇ/ਹਰ ਵੇਲ਼ੇ ਚਾੜ੍ਹਦੇ ਮੁੱਛਾਂ ਨੂੰ ਵੱਟ ਨੇ
ਬਾਪੂ ਫਿਰੇ ਖੇਤਾਂ ਵਿਚ ਨੱਕੇ ਮੋੜਦਾ/ਮੁੰਡਾ ਪੜ੍ਹੇ ਕਾਲਜ ਡੱਕਾ ਨੀ ਤੋੜਦਾ
ਚੰਗੀਆਂ ਪੜ੍ਹਾਈਆਂ ਤੋਰਾ ਫੇਰਾ ਮਿੱਤਰੋ/ਬੱਸ ਦੋਹਾਂ ਥਾਵਾਂ ਉੱਤੇ ਗੇੜਾ ਮਿੱਤਰੋ
ਜਾਂ ਠੇਕੇ ਜਾਂ ਠਾਣੇ, ਕੀ ਬਣੂ ਦੁਨੀਆਂ ਦਾ....
ਨਸ਼ਿਆਂ ਨੇ ਪੱਟ ਤੇ ਪੰਜਾਬੀ ਗੱਭਰੂ/ਖੜਕਣ ਹੱਡੀਆਂ ਵਜਾਉਣ ਡਮਰੂ
ਸਿਆਸਤਾਂ ਨੇ ਮਾਰ ਲਈ ਜਵਾਨੀ ਚੜ੍ਹਦੀ/ਦਿਲ ਮਿਲੇ ਕਿਤੇ ਅੱਖ ਹੋਰ ਲੜਦੀ
ਮਰਜਾਣੇ ਮਾਨਾ ਕੀ ਭਰੋਸਾ ਕੱਲ੍ਹ ਦਾ/ਬੁਰਾ ਨਹੀਂ ਮਨਾਈਦਾ ਕਿਸੇ ਦੀ ਗੱਲ ਦਾ
ਕਹਿ ਗਏ ਨੇ ਲੋਕ ਸਿਆਣੇ, ਕੀ ਬਣੂ ਦੁਨੀਆ ਦਾ...
2. ਵੱਡਿਆ ਸ਼ਰਾਬੀਆ ਵੇ, ਮੈਂ ਹਾਂ ਸ਼ਰਾਬ ਤੇਰੀ
ਗਿਣ ਗਿਣ ਤੇਰੇ ਮੈਂ ਹਿਸਾਬ ਲਊਂਗੀ/ਅੱਜ ਤੂੰ ਮੈਨੂੰ ਪੀਨਾ ਕੱਲ ਮੈਂ ਪੀਊਂਗੀ
ਵੱਡਿਆ ਸ਼ਰਾਬੀਆ ਵੇ...
ਸਾਡੇ ਨਾਲ ਲਾਵੇਂਗਾ ਤੇ ਬੜਾ ਪਛਤਾਵੇਂਗਾ/ਵੇਖੀਂ ਮੱਲਾ ਵੇਖੀਂ ਐਵੇਂ ਕੰਮੋਂ ਕਾਜੋਂ ਜਾਵੇਂਗਾ
ਕੰਮੋਂ ਕਾਜੋਂ ਜਾਵੇਂਗਾ, ਤੂੰ ਮੰਗ ਮੰਗ ਖਾਵੇਂਗਾ/ਠੂਠਾ ਤੇਰੇ ਹੱਥ 'ਚ ਫੜਾ ਕੇ ਰਹੂੰਗੀ
ਅੱਜ ਤੂੰ ਮੈਨੂੰ ਪੀਨਾ ਕੱਲ੍ਹ ਮੈਂ ਪੀਊਂਗੀ...
ਵੰਡੀਆਂ ਪਵਾਵਾਂ, ਸਕੇ ਭਾਈਆਂ ਨੂੰ ਲੜਾਵਾਂ ਮੈਂ
ਭਾਈਆਂ ਹੱਥੋਂ ਭੈਣਾਂ ਦੀਆਂ ਇਜ਼ਤਾਂ ਲੁਟਾਵਾਂ ਮੈਂ
ਅਕਲਾਂ ਨੂੰ ਪੀਵਾਂ ਜੱਟਾ, ਸ਼ਕਲਾਂ ਨੂੰ ਖਾਵਾਂ ਮੈਂ
ਹੱਡਾਂ ਵਿਚ ਤੇਰੇ ਜਦੋਂ ਮੈਂ ਬਹੂੰਗੀ ਈ ਈ ਈ ਈ...
3. ਏਥੇ ਹਿੰਦੂ ਵੀ ਹੈ, ਏਥੇ ਭਾਈ ਵੀ ਹੈ/ਏਥੇ ਮੁੱਲਾਂ ਵੀ ਹੈ, ਇਸਾਈ ਵੀ ਹੈ
ਏਥੇ ਜਾਤ ਨਹੀਂ, ਕੋਈ ਧਰਮ ਨਹੀਂ/ਕੋਈ ਪਰਦਾ ਨਹੀਂ, ਕੋਈ ਸ਼ਰਮ ਨਹੀਂ

ਦਿਲਦਾਰ ਤੇਰੇ, ਗ਼ਮਖਾਰ ਤੇਰੇ/ਸਭ ਪੀਰ ਤੇਰੇ, ਅਵਤਾਰ ਤੇਰੇ
ਸਭ ਧਰਮਾਂ ਦੇ ਬੰਦੇ ਆਂਦੇ, ਮਯਖਾਨੇ ਵਿਚ ਇਕ ਹੋ ਜਾਂਦੇ
ਧਰਮਾਂ ਵਾਲੇ ਰੌਲਾ ਪਾਂਦੇ, ਤੌਬ-ਤੌਬਾ.... ਮਸਤੀ ਮਨਾ ਮਯਖਾਨੇ ਆ....
ਦੁਨੀਆ ਘੂਮੇ ਤੀਰਥ ਤੀਰਥ, ਤੀਰਥ ਨਾ ਪਹਿਚਾਨਾ
ਮੈਂ ਤੀਰਥ ਕਾ ਭੇਤ ਨਾ ਜਾਨੂੰ, ਭੇਤ ਬਿਨਾਂ ਕਿਯਾ ਮਾਇਨਾ
ਅਪਨਾ ਰਾਮ ਪੀਆ ਕੇ ਭੀਤਰ, ਅਪਨਾ ਵਹੀ ਠਿਕਾਨਾ
ਮੈਂ ਪੀਆ ਕੀ ਹੁਈ ਬਾਵਰੀ, ਮੈਂ ਪੀਆ ਸੰਗ ਜਾਨਾ....
ਮੈਂ ਤੋ ਜਾਊਂਗੀ, ਮੈਂ ਤੋ ਜਾਊਂਗੀ/ਪੀਆ ਸੰਗ ਜਾਊਂਗੀ ਮੈਂ
ਮਹਿੰਦੀ ਲਗਾਊਂਗੀ ਮੈਂ, ਕਜਰਾ ਭੀ ਪਾਊਂਗੀ ਮੈਂ
ਬਿੰਦੀਆ ਸਜਾਊਂਗੀ ਮੈਂ, ਸੁਰਖੀ ਲਗਾਊਂਗੀ ਮੈਂ
ਹਾਏ ਸ਼ਰਮਾਊਂਗੀ ਮੈਂ....
ਪੀਆ ਜਬ ਛੇੜੇਂਗੇ ਤੋ, ਰੂਠ ਕਰ ਜਾਊਂਗੀ ਮੈਂ
ਪੀਆ ਮਨਾਏਂਗੇ ਤੋ, ਗਲੇ ਲੱਗ ਜਾਊਂਗੀ ਮੈਂ
ਦੁਨੀਆ ਮੁਝ ਕੋ ਬੇਸ਼ੱਕ ਰੋਕੇ, ਚਾਹੇ ਘਰਵਾਲੇ ਭੀ ਟੋਕੇਂ
ਮੈਂ ਤੋਂ ਬੱਸ ਕਹਿ ਦੂੰਗੀ ਓ ਕੇ, ਬੱਸ
ਮੈਂ ਤੋ ਜਾਊਂਗੀ, ਮੈਂ ਤੋ ਜਾਊਂਗੀ
ਪਿਆਰ ਮੁਹੱਬਤ ਸਭ ਨੂੰ ਕਰ, ਐਵੇਂ ਨਾ ਪੈਸੇ ਲਈ ਮਰ
ਛੋਟੇ ਵੱਡੇ ਸਭ ਦੀ ਜੜ੍ਹ, ਦੀਨ ਦੁਖੀ ਦੀ ਹਾਮੀ ਭਰ
ਰੱਬ ਦੇ ਬੰਦੇ ਰੱਬ ਤੋਂ ਡਰ, ਰੱਬ ਦੇ ਬੰਦੇ ਰੱਬ ਤੋਂ ਡਰ
ਇਹ ਮਾਇਆ ਹੇਰਾ ਫੇਰੀ ਹੈ, ਨਾ ਤੇਰੀ ਹੈ ਨਾ ਮੇਰੀ ਹੈ
ਜਿਸ ਦੌਲਤ ਨੂੰ ਆਪਣਾ ਸਮਝੇਂ, ਕੱਲ ਰਾਖ਼ ਦੀ ਢੇਰੀ ਹੈ
ਇਹੀ ਹਕੀਕਤ ਤੇਰੀ ਹੈ, ਇਹੀ ਹਕੀਕਤ ਮੇਰੀ ਹੈ
ਇਹੀ ਹਕੀਕਤ ਸੱਭਦੀ ਹੈ, ਇਹੀ ਹਕੀਕਤ ਜੱਗਦੀ ਹੈ
ਇਹੀ ਹਕੀਕਤ ਕੱਲ੍ਹ ਦੀ ਸੀ, ਇਹੀ ਹਕੀਕਤ ਅੱਜ ਦੀ ਹੈ
ਓ ਬੰਦੇ ਕੁਝ ਕਰਮ ਕਮਾਅ, ਅਮਲਾਂ ਬਾਝੋਂ ਕੌਣ ਗਵਾਅ
ਸਭ ਝੂਠੇ ਨੇ ਭੈਣ ਭਰਾ, ਮਸਤੀ ਮਨਾ ਮਯਖਾਨੇ ਆ...
ਸੰਭਲ ਕੇ ਪੀਓ, ਸੰਭਲ ਕੇ ਪੀਓ, ਸੰਭਲ ਕੇ ਪੀਓ
ਸੱਜਣ ਜੀ ਜੀਓ, ਮੌਜ਼ ਵਿਚ ਆਵੋ, ਜ਼ਖ਼ਮ ਨਾ ਸੀਓਂ
ਪੁੱਠਾ ਪੈਮਾਨਾ, ਤੇਰਾ ਮਯਖਾਨਾ/ਝੂਮ ਕੇ ਗਾਵੋ, ਨਾ ਵਕਤ ਲੰਘਾਵੋ
ਵਕਤ ਕਦ ਮੁੜਿਆ, ਕਿਧਰ ਨੂੰ ਤੁਰਿਆ/ਕਿਸੇ ਦਾ ਟੁੱਟਿਆ ਕਿਸੇ ਦਾ ਜੁੜਿਆ
ਵਕਤ ਨੇ ਚੱਲਦੇ ਜਾਣਾ, ਰਾਤ ਨੇ ਢਲਦੇ ਜਾਣਾ
ਸੂਰਜ ਨੇ ਚੜ੍ਹਦੇ ਜਾਣਾ, ਲੱਕਾਂ ਨੇ ਜੰਮਦੇ ਜਾਣਾ
ਲੱਖਾਂ ਨੇ ਮਰਦੇ ਜਾਣਾ, ਮੌਤ ਨਾ ਰੁਕਦੀ/ਜਿੱਥੇ ਆ ਢੁੱਕਦੀ, ਏਥੇ ਗੱਲ ਮੁਕਦੀ
ਰੱਬ ਦੇ ਘਰ ਬੇਅੰਤ ਅਥਾਹ, ਔਧਰ ਨਹੀਂ ਤੇ ਐਧਰ ਆ
ਜਿੱਥੇ ਮਰਜ਼ੀ ਧੱਕੇ ਖਾ, ਪਰ ਮਸਤੀ ਮਨਾ, ਮਯਖਾਨੇ ਆ...

4. ਹੁਣ ਸੁਣ ਲਓ ਗੱਲ ਕੁੜੀਆਂ ਦੀ ਕੁੜੀ ਮਾਂ ਆਪਣੀ ਨੂੰ ਕਹਿੰਦੀ
ਮੈਂ ਤਾਂ ਤਿੰਨੀ ਕੱਪੜੇ ਤੁਰ ਜਾਊਂ, ਬਿਨ ਸੁਰਖੀ ਬਿਨ ਮਹਿੰਦੀ
ਹੁਣ ਮੈਂ ਨਹੀਂ ਤੇਰੇ ਰਹਿੰਦੀ, ਹੁਣ ਮੈਂ ਨਹੀਂ ਤੇਰੇ ਰਹਿੰਦੀ
ਹੁਣ ਮੈਂ ਨਹੀਂ ਝਿੜਕਾਂ, ਹੁਣ ਮੈਂ ਨਹੀਂ ਝਿੜਕਾਂ

ਹੁਣ ਥੋਡੇ ਨਾ ਰਹੇ ਨਾ ਜ਼ਮਾਨੇ, ਅੱਜਕਲ ਆ ਗਏ ਡਿਸਕੋ ਦੀਵਾਨੇ
ਮਾਲ਼ਾ ਦੇ ਮਣਕੇ ਛੱਡੋ, ਦਿਲ ਸਾਫ਼ ਹੋਣਾ ਚਾਹੀਦਾ...

5. ਇੱਕ ਆਖਣ ਮੈਨੂੰ ਜੋਗੀ ਬਣਜਾ, ਕੰਨ ਵਿਚ ਮੁੰਦਰਾਂ ਪਾ ਲੈ, ਭੁੱਲ ਬਖਸ਼ਾ ਲੈ
ਇਕ ਆਖਣ ਜਾ ਮੰਦਰ ਬਹਿ ਜਾ, ਮੱਥੇ ਤਿਲਕ ਲਗਾ ਲੈ, ਭੁੱਲ ਬਖਸ਼ਾ ਲੈ
ਇਕ ਆਖਣ ਪੜ੍ਹ ਪੰਜ ਨਮਾਜ਼ਾਂ, ਆਪਣਾ ਮਨ ਸਮਝਾ ਲੈ, ਭੁੱਲ ਬਖਸ਼ਾ ਲੈ
ਯਾਰ ਕਹਿਣ ਛੱਡ ਰੱਬ ਦੇ ਝੰਜਟ, ਨੱਚ ਕੇ ਯਾਰ ਮਨਾ ਲੈ, ਭੁੱਲ ਬਖਸ਼ਾ ਲੈ
ਮੈਂ ਐਸ ਪਾਸੇ ਜਾਵਾਂ ਕਿ ਮੈਂ ਔਸ ਪਾਸੇ ਜਾਵਾਂ
ਮੈਂ ਕੀਹਦੀ ਗੱਲ ਮੰਨਾ, ਮੈਂ ਕੀਹਦੀ ਠੁਕਰਾਵਾਂ
ਮੈਨੂੰ ਦੱਸਦੇ ਮੇਰੇ ਯਾਰਾ ਕਿਹੜੇ ਪਾਸੇ ਆਵਾਂ
ਵੇ ਲੰਮੀ ਸੀਟੀ ਮਾਰ ਮਿੱਤਰਾ, ਘਰ ਭੁੱਲ ਗਈ ਮੋੜ 'ਤੇ ਆ ਕੇ...
ਪਹਿਲੀ ਗਲੀ ਵਿੱਚ ਜਾਤਾਂ ਪਾਤਾਂ, ਦੂਜੀ ਵਿੱਚ ਵਿਉਪਾਰੀ
ਤੀਜੀ ਗਲੀ ਵਿੱਚ ਚਾਕੂ ਛੁਰੀਆਂ, ਚੌਥੀ ਚੋਰ ਬਾਜ਼ਾਰੀ
ਪੰਜਵੀਂ ਗਲੀ ਵਿਚ ਪੈਣ ਪੁਆੜੇ, ਛੇਵੀਂ ਫਿਰਕੇਦਾਰੀ
ਸੱਤਵੀਂ ਵਿੱਚ ਸਿਆਸਤ ਵੱਸਦੀ, ਅੱਠਵੀਂ ਵਿਚ ਸਰਕਾਰੀ
ਨੌਵੀਂ ਵਿੱਚ ਸਮਸ਼ਾਨ ਘਾਟ ਨੇ ਦੱਸਵੀਂ ਪੀੜਾਂ ਮਾਰੀ
ਦਸ ਗਲੀਆਂ ਦੇ ਦਸ ਦਰਵਾਜ਼ੇ, ਸਭ ਦੀ ਪਹਿਰੇਦਾਰੀ
ਤੂੰ ਹੀ ਦੱਸ ਮਰ ਜਾਨਿਆ ਮਾਨਾ, ਕਿਵੇਂ ਨਿਭਾਵਾਂ ਯਾਰੀ
ਵੇ ਲੰਮੀ ਸੀਟੀ ਮਾਰ ਮਿੱਤਰਾ, ਘਰ ਭੁੱਲਗੀ ਮੋੜ 'ਤੇ ਆ ਕੇ

6. ਕੀ ਜਾਣਾ ਮੈਂ ਕੌਣ....
ਚੱਲ ਬੁੱਲ੍ਹਿਆ ਚੱਲ ਓਥੇ ਚੱਲੀਏ ਜਿੱਥੇ ਸਾਰੇ ਅਕਲ ਦੇ ਅੰਨ੍ਹੇ
ਨਾ ਕੋਈ ਸਾਡੀ ਜਾਤ ਪਛਾਣੇ, ਨਾ ਕੋਈ ਸਾਨੂੰ ਮੰਨੇ
ਬੁੱਲ੍ਹਾ ਕੀ ਜਾਣਾ ਮੈਂ ਕੌਣ...
ਨਾ ਮੈਂ ਮੋਮਨ ਵਿਚ ਮਸੀਤਾਂ/ਨਾ ਮੈਂ ਵਿਚ ਕੁਫ਼ਰ ਦੀਆਂ ਰੀਤਾਂ
ਨਾ ਮੈਂ ਪਾਕਾਂ ਵਿਚ ਪਲੀਤਾਂ/ਨਾ ਮੈਂ ਮੂਸਾ ਨਾ ਫਿਰਔਨ
ਬੁੱਲ੍ਹਾ ਕੀ ਜਾਣਾ ਮੈਂ ਕੌਣ...
ਨਾ ਮੈਂ ਭੇਦ ਮਜ਼ਹਬ ਦਾ ਪਾਇਆ/ਨਾ ਮੈਂ ਆਦਮ ਹਵਾ ਜਾਇਆ
ਨਾ ਮੈਂ ਆਪਣਾ ਨਾਮ ਧਰਾਇਆ/ਨਾ ਵਿਚ ਬੈਠਣ ਨਾ ਖਲੋਣ
ਬੁੱਲ੍ਹਾ ਕੀ ਜਾਣਾ ਮੈਂ ਕੌਣ...
ਨਾ ਮੈਂ ਅੰਦਰ ਵੇਦ ਕਿਤਾਬਾਂ/ਨਾ ਵਿਚ ਭੰਗਾਂ ਨਾ ਸ਼ਰਾਬਾਂ
ਨਾ ਮੈਂ ਰਿੰਦਾਂ ਮਸਤ ਖਰਾਬਾਂ/ਨਾ ਵਿਚ ਜਾਗਣ ਨਾ ਵਿਚ ਸੌਣ
ਬੁੱਲ੍ਹਾ ਕੀ ਜਾਣਾ ਮੈਂ ਕੌਣ...
ਅੱਵਲ ਆਖ਼ਿਰ ਆਪ ਨੂੰ ਜਾਣਾ/ਨਾ ਕੋਈ ਦੂਜਾ ਹੋਰ ਪਛਾਣਾਂ
ਮੈਥੋਂ ਨਾ ਕੋਈ ਹੋਰ ਸਿਆਣਾ/ਬੁੱਲ੍ਹਾ ਸ਼ਹੁ ਖੜਾ ਹੈ ਕੌਣ
ਬੁੱਲ੍ਹਾ ਕੀ ਜਾਣਾ ਮੈਂ ਕੌਣ... –ਬਾਬਾ ਬੁੱਲ੍ਹੇ ਸ਼ਾਹ

7. ਦਾਨਿਸ਼ਵਰ ਫ਼ਕੀਰ ਭਾਵ ਨਿੱਜੀ ਜਾਇਦਾਦ ਵਿਰੋਧੀ ਨੱਕਾਦ/ਅਲੋਚਕ ਜਿਹਨਾਂ ਇਲਮ ਦੇ ਅਮਲ ਰਾਹੀਂ ਜਾਣਿਆ ਕਿ ਇਨਸਾਨੀ ਨਫ਼ਸ/ਹਾਉਮੇ ਦੀ ਦਮਨਕਾਰੀ ਬਿਰਤੀ ਦੇ ਉਪਜਣ ਦਾ ਮੁੱਖ ਸਰੋਤ ਧਨ/ਜਾਇਦਾਦ ਹੈ। ਇਸ ਲਈ ਉਹਨਾਂ ਦੁਨੀਆ ਅਤੇ ਦੁਨੀਆਦਾਰ ਦੇ ਦਰਜ਼ੇ ਨੂੰ ਰੱਦ ਕੀਤਾ ਜੋ ਨਿੱਜੀ ਜਾਇਦਾਦ ਨੂੰ ਬਣਾਈ ਰੱਖਣ/ਵਾਧੇ ਲਈ ਸਥਾਪਤੀ ਦੀ ਚਾਕਰੀ 'ਚ ਕਾਮਾ ਜਮਾਤ ਨੂੰ ਦਮਨ ਦੀ ਸਥਿਤੀ 'ਚ ਧੱਕਦੇ ਜਾਂਦੇ ਹਨ। ਸੱਤਾ ਅਤੇ ਸਥਾਪਤੀ ਦੇ ਗੰਢ ਚਿਤਰਾਵੇ ਦਾ ਮੁੱਖ ਕਾਰਨ ਨਿੱਜੀ

ਜਾਇਦਾਦ ਹੀ ਹੈ। ਸਥਾਪਤੀ ਅਤੇ ਸੱਤਾ ਦੀ ਤਨਕੀਦ ਤਾਂ ਹੀ ਕੀਤੀ ਜਾ ਸਕਦੀ ਹੈ, ਜੇ ਨਿੱਜੀ ਜਾਇਦਾਦ ਨੂੰ ਤਿਆਗ ਕੇ ਫ਼ਕੀਰ ਦੇ ਆਲਮ 'ਚ ਆ ਜਾਵੇ, ਤਾਂ ਸੱਤਾ ਦਾ ਖੌਫ਼ ਲੁਪਤ ਹੋ ਜਾਂਦਾ ਹੈ। ਨਿੱਜੀ ਜਾਇਦਾਦ ਦੇ ਖੁੱਸ ਜਾਣ ਦੇ ਖੌਫ਼ ਤੋਂ ਮੁਕਤ ਹੋ ਕੇ ਹੀ ਲੋਕ-ਪੱਖੀ ਦਾਨਿਸ਼ਵਰ ਦੀ ਸਥਿਤੀ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਨਹੀਂ ਤਾਂ ਅੱਜ ਦੇ ਸਮੇਂ ਵਾਂਗ ਈ ਡੀ ਦੇ ਖੌਫ਼ ਤੋਂ ਬਚਣ ਲਈ ਸੱਤਾ ਅਤੇ ਸਥਾਪਤੀ ਦਾ ਹੱਥਠੋਕਾ ਬਣੇ ਬਿਨਾਂ ਕੋਈ ਗੁਜ਼ਾਰਾ ਨਹੀਂ ਅਤੇ ਇਹੋ ਦੁਨੀਆਦਾਰੀ ਹੈ।

8. ਏਥੇ ਲਾਠੀ ਦੇ ਗਜ਼ ਚੋਰਾਂ ਲਈ, ਤੇ ਹੋਰਾਂ ਲਈ ਪੈਮਾਨੇ ਨੇ
ਏਥੇ ਕਰੇ ਕੋਈ ਤੇ ਭਰੇ ਕੋਈ, ਏਥੇ ਉਲਟੇ ਸਭ ਅਫ਼ਸਾਨੇ ਨੇ
ਏਥੇ ਤਮਗ਼ੇ ਮਿਲਦੇ ਮਰਿਆਂ ਨੂੰ, ਏਥੇ ਜਿਉਣਾ ਸਖ਼ਤ ਗੁਨਾਹ ਸੱਜਣਾ
ਇਹ ਦੁਨੀਆਂ ਮੰਡੀ ਪੈਸੇ ਦੀ...
ਏਥੇ ਬੰਦੇ ਵੱਸਦੇ ਮਜ਼ਹਬਾਂ ਦੇ, ਕੋਈ ਕਹਿੰਦਾ ਨਹੀਂ ਇਨਸਾਨ ਹਾਂ ਮੈਂ
ਹੈ ਹਿੰਦੂ, ਮੁੱਲਾਂ, ਸਿੱਖ ਐਸਾ, ਜੋ ਆਖੇ ਹਿੰਦੁਸਤਾਨ ਹਾਂ ਮੈਂ
ਏਥੇ ਪਈ ਮੁਸੀਬਤ ਚੌਧਰ ਦੀ, ਏਥੇ ਬੰਦੇ ਬਣੇ ਖ਼ੁਦਾ ਸੱਜਣਾ
ਇਹ ਦੁਨੀਆਂ ਮੰਡੀ ਪੈਸੇ ਦੀ...
ਮੇਰੀ ਭਾਗਾਂ ਵਾਲੀ ਧਰਤੀ ਨੂੰ, ਕੋਈ ਨਜ਼ਰ ਕਿਸੇ ਦੀ ਖਾ ਗਈ ਏ
ਸੁੱਖ ਵੱਸਦੇ ਸੀ ਸਭ ਭੈਣ ਭਰਾ, ਅੱਜ ਘਰ ਘਰ ਅੱਗਾਂ ਲਾ ਗਈ ਏ
ਮੈਂ ਕਿਹੜੇ ਰੱਬ ਦੇ ਘਰ ਜਾ ਕੇ, ਵਤਨਾਂ ਲਈ ਕਰਾਂ ਦੁਆ ਸੱਜਣਾ
ਇਹ ਦੁਨੀਆਂ ਮੰਡੀ ਪੈਸੇ ਦੀ...

9. ਸੂਫ਼ੀ ਸੰਤ ਫ਼ਕੀਰਾਂ ਤੈਨੂੰ ਦਿੱਤੀ ਘੁੰਡ ਚੁਕਾਈ
ਹਰ ਪੰਜਾਬੀ ਦੀ ਮਾਂ ਬਣਕੇ ਘਰ ਘਰ ਕਦਰ ਪਵਾਈ
ਢੋਲੇ ਮਾਹੀਏ ਟੱਪੇ ਤੇਰੇ ਰੂਪ ਦਾ ਸ਼ਿੰਗਾਰ ਬਣੇ
ਕਾਫ਼ੀਆਂ ਸਵੱਯੀਏ ਤੇਰਾ ਪਿਆਰ...
ਵਾਰਿਸ ਬੁੱਲ੍ਹੇ ਸ਼ਾਹ ਹੁਸੈਨ ਜਿਹੇ ਹਾਸ਼ਮ ਕਾਦਰ ਯਾਰਾਂ
ਘਰ ਘਰ ਵਿਚ ਤੈਨੂੰ ਅਦਬ ਬਖਸ਼ਿਆਂ ਸ਼ਾਇਰਾਂ ਤੇ ਫ਼ਨਕਾਰਾਂ
ਸੰਨ ਸੰਤਾਲੀ ਵਿਚ ਹੋਇਆ ਅਧਰੰਗ ਤੈਨੂੰ
ਫੇਰ ਨਾ ਤੂੰ ਹੋਈ ਪੱਬਾਂ ਭਾਰ....
ਬੇਅਦਬਾਂ ਬੇਕਦਰਾਂ ਨੇ ਕਦ ਕਦਰ ਕਿਸੇ ਦੀ ਪਾਈ
ਆਪਣੀ ਮਾਂ ਨੂੰ ਨੰਗਿਆਂ ਕਰਕੇ ਓਏ ਲੱਗ ਪਏ ਖਾਣ ਕਮਾਈ
ਪੁੱਤਾਂ ਨੂੰ ਪੜ੍ਹਾਕੇ ਅੰਗਰੇਜ਼ੀ ਕਾਇਦੇ ਅਸੀਂ ਤੇਰੀ
ਚਿਖਾ ਕਰੀ ਬੈਠੇਂ ਆਂ ਤਿਆਰ ਨੀ...

10. ਦੇਵ ਥਰੀਕਿਆਂ ਵਾਲੇ ਦੀ ਲੁਧਿਆਣਾ ਮਾਰਕਾ ਗਾਇਕੀ ਤਾਂ ਕਿੱਸਿਆਂ ਦੀ ਚੋਰੀ ਦੇ ਅਮਲ ਰਾਹੀਂ ਧਨ ਨੂੰ ਖਿੱਚਣ ਦੀ ਕਲਾ 'ਤੇ ਟਿਕੀ ਹੋਈ ਸੀ। ਮਾਨ ਜਦੋਂ "ਤੂੰ ਵੱਸ ਪੈ ਗਈ ਚੋਰਾਂ" ਕਹਿੰਦਾ ਹੈ ਤਾਂ ਦੇਵ ਦੀਆਂ ਕਥਾਵਾਂ, ਕਲੀਆਂ, ਕਿੱਸਿਆਂ ਦੇ ਚਰਬਿਆਂ ਦੀ ਚੋਰੀ ਅਤੇ ਬਾਬੂ ਰਜ਼ਬ ਅਲੀ ਦੀ ਕਵੀਸ਼ਰੀ ਨਕਲ ਦੇ ਜਲੌਅ ਦੀ ਮਾਰ ਝੱਲ ਰਹੀ ਅਨੁਭਵ ਹੁੰਦੀ ਹੈ। ਨਵੇਂ ਮੰਡੀ ਸੱਭਿਆਚਾਰ ਦੇ ਦੌਰ ਵਿੱਚ ਅਦਬੀ ਚੋਰ ਕਲੀਆਂ ਅਤੇ ਕਥਾਵਾਂ ਦੀ ਬਾਦਸ਼ਾਹੀ ਡਕਾਰ ਜਾਂਦੇ ਹਨ। ਕਿੱਸੇ ਦੇ ਬ੍ਰਿਤਾਂਤਕ ਪੱਖ ਜਾਂ ਇਤਿਹਾਸ ਦਾ ਵਿਖੰਡਨ ਕਰਕੇ ਜੋ ਤਬਾਹੀ ਪੈਦਾ ਹੁੰਦੀ ਹੈ, ਦੇਵ ਨੇ ਕਿੱਸਿਆਂ ਨਾਲ ਅਜਿਹਾ ਹੀ ਸਲੂਕ ਕੀਤਾ, ਕਿਉਂਕਿ ਬ੍ਰਿਤਾਂਤ ਕਿੱਸੇ ਦੀ ਜਾਨ ਹੈ ਅਤੇ ਕਿਸੇ ਕਿਰਦਾਰ ਨੂੰ ਉਸਦੇ ਬ੍ਰਿਤਾਂਤ ਰਾਹੀਂ ਹੀ ਸਮਝਿਆ ਜਾ ਸਕਦਾ ਹੈ। ਕਲੋਜ-ਅੱਪ ਕਿਰਦਾਰ ਨੂੰ ਨਾਇਕ ਜਾ ਖਲਨਾਇਕ ਦੀ ਸਥਿਤੀ 'ਚ ਸੁੱਟ ਦਿੰਦਾ ਹੈ। ਦੇਵ ਨੇ ਔਰਤ ਦੀ ਕਿਰਦਾਰਕੁਸ਼ੀ ਕਰਦਿਆਂ ਇਹੋ ਜੱਗੋਂ ਤੇਰ੍ਹਵੀਂ ਕੀਤੀ।

(**ਸੰਪਰਕ: 98140-99426**)

# ਕਹਾਣੀ ਸ਼ਾਸਤਰ



## ਬਲੀਜੀਤ ਦੇ ਚਾਲ੍ਹੀ ਸਾਲ ਤੇ ਵੀਹ ਕਹਾਣੀਆਂ

**ਡਾ. ਮਨਮੋਹਨ**

ਬਲੀਜੀਤ ਪੰਜਾਬੀ ਕਹਾਣੀ ਜਗਤ ਦਾ ਅਜਿਹਾ ਹਸਤਾਖਰ ਹੈ ਜੋ ਆਪਣੇ ਘੱਟ ਲਿਖਣ ਕਾਰਨ ਪੰਜਾਬੀ ਪਾਠਕਾਂ ਵਿੱਚ ਆਮ ਕਹਾਣੀਕਾਰਾਂ ਨਾਲੋਂ ਕਿਤੇ ਵੱਧ ਪੜ੍ਹਿਆ ਗਿਆ। ਮੈਂ ਉਹਦੀਆਂ ਕੁਝ ਕਹਾਣੀਆਂ ਪੰਜਾਬੀ ਦੇ ਰਿਸਾਲਿਆਂ ਵਿਸ਼ੇਸ਼ਕਰ 'ਲਕੀਰ', 'ਸਿਰਜਣਾ', 'ਕਹਾਣੀ ਧਾਰਾ' ਜਾਂ 'ਸੰਖ' ਵਿੱਚ ਪੜ੍ਹੀਆਂ ਤੇ ਮਾਣੀਆਂ। ਪਿਛਲੇ ਦਿਨੀਂ ਉਸਦੇ ਦੋ ਕਹਾਣੀ ਸੰਗ੍ਰਹਿ 'ਸੌ ਗੱਲਾਂ' (2006) ਅਤੇ 'ਇਬਾਰਤਾਂ' (2010) ਪੜ੍ਹਨ ਨੂੰ ਮਿਲੇ। ਇਨ੍ਹਾਂ ਵੀਹ ਕਹਾਣੀਆਂ ਦਾ ਲਿਖਣ ਕਾਲ ਪਿਛਲੇ ਚਾਲ੍ਹੀ ਸਾਲਾਂ ਵਿੱਚ ਫੈਲਿਆ ਹੋਇਆ ਹੈ। ਸਮੁੱਚੇ ਰੂਪ ਵਿੱਚ ਇਨ੍ਹਾਂ ਕਹਾਣੀਆਂ ਨੂੰ ਪੜ੍ਹਦਿਆਂ ਪ੍ਰਭਾਵ ਬਣਦਾ ਹੈ ਕਿ ਬਲੀਜੀਤ ਨੂੰ ਕਹਾਣੀ ਲਿਖਣ ਨਾਲੋਂ ਨਾ ਲਿਖਣਾ ਵੱਧ ਆਉਂਦਾ ਹੈ। ਉਸ ਨੂੰ ਪਤੈ ਕਿ ਕਹਾਣੀ 'ਚ ਕਹੇ ਨਾਲੋਂ ਅਣਕਿਹਾ ਜਾਂ ਲੁਕਾਅ ਕੇ ਕਿਹਾ ਵੱਧ ਮਹੱਤਵਪੂਰਨ ਹੁੰਦਾ ਹੈ। ਸਾਰਾ ਕੁਝ ਕਹਾਣੀ ਦੀ ਕਾਲ-ਬਣਤਰ ਅਤੇ ਕਹਾਣੀ ਦੀ ਅੰਤਲੀ ਮਰੋੜੀ (Twist in the tale/ tail) ਵਿੱਚ ਹੀ ਹੁੰਦੈ। ਇਨ੍ਹਾਂ ਜੁਗਤਾਂ ਕਰਕੇ ਹੀ ਉਸਦੀਆਂ ਕਹਾਣੀਆਂ ਦਾ ਵੱਥ-ਵਿਸ਼ਾ ਵਸਤੂ ਅਤੇ ਭਾਸ਼ਾ ਬਹੁਪਰਤੀ, ਬਹੁਅਰਥੀ ਅਤੇ ਬਹੁਪਾਸਾਰੀ ਹੀ ਨਹੀਂ ਹੁੰਦੀ ਸਗੋਂ ਕਹਾਣੀ ਦੀ ਬੁਣਤਰ (Texture) ਵੀ ਬੜੀ ਸੰਘਣੀ ਅਤੇ ਗੂੜ੍ਹੀ ਹੁੰਦੀ ਹੈ। ਉਸਦੀ ਵਿਲੱਖਣ ਢੰਗ ਨਾਲ ਕਥਾ ਕਹਿਣ ਦੀ ਜੁਗਤ ਅਤੇ ਸਮਰੱਥਾ ਤੋਂ ਪਾਠਕ ਸਹਿਵਨ ਹੀ ਪ੍ਰਭਾਵਿਤ ਹੋਇਓਂ ਬਗ਼ੈਰ ਨਹੀਂ ਰਹਿ ਸਕਦਾ।

ਬਲੀਜੀਤ ਨੂੰ ਸਾਹਿਤ ਅਤੇ ਸ਼ਬਦ ਸਾਧਨਾ ਦੀ ਦੀਖਿਆ/ਸੰਥਿਆ ਪੰਜਾਬੀ ਸਾਹਿਤ ਦੇ ਬਹੁਵਿਧਾਈ ਲੇਖਕ ਭੂਸ਼ਨ ਧਿਆਨਪੁਰੀ ਤੋਂ ਮਿਲੀ ਅਤੇ ਨਿਰੰਤਰ ਪ੍ਰੇਰਨਾ ਅਤੇ ਪ੍ਰੋਤਸਾਹਨ ਪ੍ਰੇਮ ਪ੍ਰਕਾਸ਼ ਤੋਂ। ਇਨ੍ਹਾਂ ਦੋਹਾਂ ਅਤੇ ਆਪਣੀ ਨਿਵੇਕਲੀ ਕਥਾਕਾਰੀ ਸਦਕਾ ਬਲੀਜੀਤ ਨੇ ਆਪਣੀ ਪਛਾਣ ਪੰਜਾਬੀ ਜਗਤ ਵਿੱਚ ਬਣਾਈ ਹੈ। ਇਸ ਪਿੱਛੇ ਕਿਹੜੇ ਕਾਰਣ ਕਾਰਜਸ਼ੀਲ ਹਨ, ਉਨ੍ਹਾਂ ਨੂੰ ਪਛਾਨਣਾ ਅਤੇ ਸਮਝਣਾ ਇਸ ਲੇਖ ਦਾ ਮਕਸਦ ਹੈ।

'ਸੌ ਗੱਲਾਂ' ਦਾ ਦੀਬਾਚਾ ਲਿਖਦਿਆਂ ਪ੍ਰੇਮ ਪ੍ਰਕਾਸ਼ ਕਹਾਣੀ ਕਹਿਣ ਦੀ ਅਜਿਹੀ ਵਿਲੱਖਣਤਾ ਬਾਰੇ ਲਿਖਦਾ ਹੈ; 'ਚੰਗੀ ਕਹਾਣੀ ਕਿਵੇਂ ਬਣਦੀ ਏ?...ਕਹਾਣੀ 'ਚ ਕੁਝ ਪਾਤਰ ਹੁੰਦੇ ਹਨ। ਕੁਝ ਘਟਨਾਵਾਂ ਦਾ ਤਾਣਾ ਬਾਣਾ ਹੁੰਦਾ ਏ। ਉਨ੍ਹਾਂ ਵਿਚੀਂ ਲੰਘਦਾ ਇਕ ਧਾਗਾ ਹੁੰਦਾ ਏ। ਜਿਹੜਾ ਪਾਠਕ ਨੂੰ ਬੰਨ੍ਹੀ ਰੱਖਦਾ ਏ। ਉਹ ਧਾਗਾ ਕੁਝ ਸਵਾਲ ਬੋਲਦਾ ਰਹਿੰਦਾ ਏ, "ਫੇਰ ਕੀ ਹੋਇਆ?... ਇਹ ਕੀ ਹੋ ਗਿਆ?" ਇਹੀ ਸਵਾਲ ਪਾਠਕ ਦੇ ਮਨ ਵਿੱਚ ਜਿਗਿਆਸਾ ਜਗਾਈ ਰੱਖਦੇ ਨੇ। ਬਸ, ਕਹਾਣੀ ਬਣ ਜਾਂਦੀ ਏ। ਫੇਰ ਲੇਖਕ ਦਾ ਚਿੰਤਨ? ਉਹ ਤਾਂ ਵਿੱਚੇ ਲੁਕਿਆ ਹੁੰਦਾ ਏ ਸਮੁੱਚੀ ਰਚਨਾ ਦੇ। ਉਹ ਜ਼ਾਹਰ ਹੋਇਆ ਨਹੀਂ ਤਾਂ ਕਹਾਣੀ ਖੁਰੀ ਨਹੀਂ। ਪ੍ਰਤੀਬੱਧ ਸਾਹਿਤਕਾਰਾਂ ਦੇ 'ਸਮਾਜੀ ਸਰੋਕਾਰਾਂ' ਨਾਲ ਘੜੇ ਜੜੇ ਬਹੁਤੇ ਸਾਹਿਤ ਨੂੰ ਇਹੀ ਰੋਗ ਲੈ ਕੇ ਬੈਠ ਜਾਂਦਾ ਏ'।


'ਸੌ ਗੱਲਾਂ' ਅਤੇ 'ਇਬਾਰਤਾਂ' ਦੀਆਂ ਬਹੁਤੀਆਂ ਕਹਾਣੀਆਂ ਦਲਿਤ ਪਰਿਵੇਸ਼ ਅਤੇ ਪ੍ਰਾਮਰਸ਼

ਨਾਲ ਜੁੜੀਆਂ ਹਨ ਪਰ ਇਨ੍ਹਾਂ ਨੂੰ ਦਲਿਤਵਾਦੀ ਕਹਾਣੀਆਂ ਨਹੀਂ ਕਿਹਾ ਜਾ ਸਕਦਾ। ਇਸ ਦਾ ਕਾਰਨ ਹੈ ਕਿ ਬਲੀਜੀਤ ਕਿਸੇ ਵਿਚਾਰ ਜਾਂ ਵਿਚਾਰਵਾਦ ਨਾਲ ਪ੍ਰਤੀਬੱਧਤ ਨਹੀਂ। ਸ਼ਾਇਦ ਇਸੇ ਲਈਪ੍ਰੇਮ ਪ੍ਰਕਾਸ਼ ਨੂੰ ਕਹਿਣਾ ਪਿਆ ਕਿ ਸਮਾਜ ਤੇ ਪਾਤਰਾਂ ਨੂੰ ਵਰਗ ਤੇ ਜਾਤਾਂ ਦੀ ਵੰਡ ਦੇ ਹਿਸਾਬ ਨਾਲ ਕਹਾਣੀਆਂ ਲਿਖਣੀਆਂ ਬੜਾ ਸੌਖਾ ਕੰਮ ਹੈ ਪਰ ਇਨ੍ਹਾਂ ਨਾਲ ਪਾਤਰਾਂ 'ਚ ਪੈਦਾ ਹੋਣ ਵਾਲੀਆਂ ਮਾਨਸਿਕ ਗੰਢਾਂ ਬਾਰੇ ਲਿਖਣਾ ਬੜਾ ਔਖਾ ਕੰਮ ਹੁੰਦਾ ਏ।

ਬਲੀਜੀਤ ਦੀਆਂ ਕਾਹਣੀਆਂ ਦਲਿਤ ਸਮਾਜ ਦੀਆਂ ਸਥਿਤੀਆਂ ਪ੍ਰਸਥਿਤੀਆਂ ਦੀਆਂ ਸੂਖ਼ਮਤਾਵਾਂ ਅਤੇ ਦਲਿਤ ਪਾਤਰਾਂ ਦੀਆਂ ਸੰਵੇਦਨਾਵਾਂ ਅਤੇ ਉਨ੍ਹਾਂ ਦੇ ਮਨਾਂ ਦੀਆਂ ਬਿਰਤੀਆਂ ਅਤੇ ਤਹਿਆਂ ਫਰੋਲਦੀਆਂ ਹਨ। ਦਲਿਤ ਸਥਿਤੀਆਂ ਨੂੰ ਬਲੀਜੀਤ ਨੇ ਸਹਾਨੂਭੂਤੀ, ਰੁਦਨ ਜਾਂ ਭਾਵੁਕ ਮੁਹਾਵਰੇ ਵਿੱਚ ਨਹੀਂ ਬਲਕਿ ਸਹਿਨਭੂਤੀ, ਮਨੋਵਿਸ਼ਲੇਸ਼ਣੀ ਅਤੇ ਚਿੰਤਨੀ ਲਹਿਜੇ 'ਚ ਆਪਣੀ ਕਥਾਕਾਰੀ ਵਿੱਚ ਪ੍ਰਗਟਾਇਆ ਹੈ। ਉਸਦੀ ਦਲਿਤ ਚੇਤਨਾ ਜਾਤੀਗਤ ਪ੍ਰਤੀਬੱਧਤਾ ਵਾਲੀ ਨਹੀਂ ਬਲਕਿ ਉਸਦੇ *ਦਲਿਤ ਯਥਾਰਥ ਦੇ ਅਨੁਭਵਾਂ ਦੀ ਪ੍ਰਮਾਣਿਕਤਾ* ਵਿੱਚੋਂ ਆਪਣਾ ਆਪ ਸਾਕਾਰ ਕਰਦੀ ਹੈ। ਇਸੇ ਪ੍ਰਮਾਣਿਕ ਅਨੁਭਵ ਵਿੱਚੋਂ ਬਲੀਜੀਤ ਆਪਣੀਆਂ ਕਹਾਣੀਆਂ ਵਿੱਚ ਦਲਿਤ ਨਾਇਕਤੱਵ ਦੀ ਤਲਾਸ਼ ਕਰਦਾ ਹੈ। ਜਿਸ ਕਾਰਨ ਉਸਦਾ ਦਲਿਤ ਸਥਿਤੀਆਂ ਦਾ ਯਥਾਰਤ ਅਤੇ ਦਲਿਤ ਨਾਇਕ ਦੂਜੇ ਕਹਾਣੀਕਾਰਾਂ ਦੇ ਦਲਿਤ ਪਾਤਰਾਂ ਤੋਂ ਭਿੰਨ ਦਿਖਾਈ ਦਿੰਦੇ ਹਨ।

'ਦਲਿਤ ਨਾਇਕਤੱਵ' ਦੇ ਪ੍ਰਸ਼ਨ ਨੂੰ ਸਮਝਣ ਲਈ ਸਾਨੂੰ ਇਸ ਪਿੱਛੇ ਪਈ ਨਸਲ ਮੁੱਖਤਾ ਦੇ ਸਨਾਤਨੀ ਪ੍ਰਸੰਗ ਨੂੰ ਖੋਲ੍ਹਣਾ ਪਵੇਗਾ ਤਾਂ ਕਿ ਇਸ ਵਿੱਚ ਕਾਰਜਸ਼ੀਲ ਹੀਗੇਲੀਅਨ ਪਰਾਭੌਤਿਕਤਾ ਨੂੰ ਸਮਝਿਆ ਜਾਵੇ ਜੋ ਆਪਣੀ ਉੱਤਮਤਾ ਦੀ ਸਥਾਪਤੀ ਲਈ ਦਾਬੇ ਦੀਆਂ ਸੰਰਚਨਾਵਾਂ ਬਣਾਉਂਦੀ ਹੈ। ਇਨ੍ਹਾਂ ਸੰਰਚਨਾਵਾਂ ਵਿੱਚੋਂ ਹੀ ਅਨਿਆਂ, ਸੋਸ਼ਣ ਤੇ ਹੀਣ ਭਾਵਨਾ ਪੈਦਾ ਕਰਕੇ ਆਪਣੀ ਹਓਂ ਦੀ ਸਥਾਪਤੀ ਕਰਦੀ ਹੈ। ਇਸ ਨਾਲ ਹੀ ਇਨ੍ਹਾਂ ਕਲਾਸਕੀ ਪ੍ਰਸੰਗਾਂ 'ਚ ਪਈ ਕਾਰਜਸ਼ੀਲ ਮਿੱਥਕ ਦਾਰਸ਼ਨਿਕ ਤੇ ਸਭਿਆਚਾਰਕ ਪਰਤਾਂ ਨੂੰ ਸਮਝਿਆਂ ਹੀ 'ਦਲਿਤ ਨਾਇਕਤੱਵ' ਨਾਲ ਜੁੜੀ ਸਹੀ ਸਮਝ ਉੱਭਰ ਸਕਦੀ ਹੈ। ਮਿੱਥਕ ਪਾਸਾਰਾਂ ਵਿੱਚ ਸਾਨੂੰ ਦ੍ਰਾਵੜੀ ਮਿੱਥਕ ਚਿਹਨ ਭਾਵ ਸ਼ਿਵ ਤੇ ਸ਼ਿਵ ਨਾਲ ਜੁੜੀਆਂ ਹੋਰ ਮੂਰਤੀਆਂ ਜਿਵੇਂ ਧਰਤੀ, ਲਿੰਗ ਦੀਆਂ ਚਿਹਨਕਤਾਵਾਂ ਦੀ ਭਾਸ਼ਕ ਡੀਕੋਡਿੰਗ ਕਰਨੀ ਪਵੇਗੀ। ਇਸ ਨੂੰ ਦਰਸ਼ਨ ਦੀ ਦ੍ਰਿਸ਼ਟੀ ਤੋਂ ਸਾਂਖ, ਜੋਗ ਤੇ ਨਾਥ-ਸਿੱਧ ਪਰੰਪਰਾਵਾਂ ਤੋਂ ਤੇ ਸ਼ਬਦ ਦੀ ਬੁੱਧਵਾਦੀ ਸਮਝ ਤੋਂ ਪੜ੍ਹਨ ਦੀ ਵੀ ਲੋੜ ਹੈ। ਜਿੰਨੀ ਦੇਰ ਤੱਕ 'ਦਲਿਤ'ਨਾਲ ਜੁੜੇ ਨਾਇਕਤੱਵ ਤੇ ਉਸ ਦੇ ਗੌਰਵ ਦੀ ਤਲਾਸ਼ ਨਹੀਂ ਹੁੰਦੀ ਓਨੀਂ ਦੇਰ ਤੱਕ 'ਦਲਿਤ'ਪ੍ਰਸ਼ਨ ਓਵੇਂ ਹੀ ਖੜ੍ਹੇ ਰਹਿਣਗੇ। ਦਲਿਤ ਦੇ ਨਾਇਕਤੱਵ ਦੀ ਤਲਾਸ਼ ਲਈ ਸਾਨੂੰ ਉਸ ਦੀਆਂ ਫਰੈਡਰਿਕ ਨੀਤਸ਼ੇ ਦੀ ਦਰਸ਼ਨ ਵਿੱਚ ਨਾਇਕ ਦੀਆਂ ਡਾਇਨੋਸੀਅਸ ਤੇ ਅਪੋਲੋਨਿਕ ਪਾਸਾਰਾਂ ਦੀਆਂ ਚਿਹਨਾਤਮਕਤਾਵਾਂ ਨੂੰ ਪਛਾਨਣਾ ਪਵੇਗਾ ।

ਨੀਤਸ਼ੇ ਅਨੁਸਾਰ ਯੂਨਾਨੀ ਦਰਸ਼ਨ ਵਿੱਚ ਜਿਥੇ ਸ਼ਾਂਤੀ, ਸਹਿਜਤਾ, ਵਿਸਮਾਦ, ਸੁਹਜ, ਜਜ਼ਬੇ, ਬੌਧਿਕ ਚਿੰਤਨ ਅਤੇ ਮਹਾਂਕਾਵਿਕ ਵਿਚਾਰਾਂ ਦੇ ਦੇਵਤੇ ਅਪੋਲੋ ਦੀ ਵੰਦਨਾ ਹੁੰਦੀ ਹੈ ਜੋ ਸ਼ਾਂਤੀ ਤੇ ਨਿਰਮਲਤਾ ਦਾ ਪ੍ਰਤੀਕ ਹੈ। ਉਥੇ ਯੂਨਾਨੀ ਸਭਿਆਚਾਰ ਵਿੱਚ ਖ਼ੁਸ਼ੀ, ਸੁੱਖ ਦੇ ਅਨੁਭਵ ਜੀਵਨ ਦੇ ਕਰਮ ਕਾਂਡੀ ਅਮਲ ਤੋਂ ਪਾਰਗਾਮੀ ਪ੍ਰੇਰਨਾ ਤੇ ਜ਼ੋਖ਼ਮ, ਨਿਰਭਉ, ਰੰਗ, ਸੰਗੀਤ ਲੈਅ ਤੇ ਰਿਦਮ ਦੇ ਦੇਵਤੇ ਡਾਈਓਨੀਸੀਅਸ ਦੀ ਸਾਧਨਾ ਤੇ ਅਰਾਧਨਾਵੀ ਹੁੰਦੀ ਹੈ। ਇਹ ਦੋਵੇਂ ਜੀਵਨ ਦੇ ਵਿਰਾਟ ਸਰੂਪ ਦੇ ਪ੍ਰਤੀਕ ਹਨ। ਨੀਤਸ਼ੇ ਅਨੁਸਾਰ ਯੂਨਾਨੀ ਦੌਰ ਵਿੱਚ ਉਤਮਤਾ ਤੇ ਬੌਧਿਕ ਸਾਂਸਕ੍ਰਿਤਿਕ/ਸਭਿਆਚਾਰ, ਸਮਾਜਿਕ ਪਦਾਰਥਵਾਦ ਵਿਕਾਸ ਦੇ ਸਿਖਰ 'ਤੇ ਸੀ। ਇਸ ਸਿਖਰ ਦੀ ਗਿਰਾਵਟ ਇਸ ਦਾ ਸੰਤੁਲਨ




ਸਮਨਵੈ ਡੋਲਣ ਨਾਲ ਹੋਈ। ਉਸ ਦਾ ਮੱਤ ਹੈ ਕਿ ਡਾਇਓਨੀਸੀਅਸ ਦੀ ਮਰਦਾਵੀਂ ਪ੍ਰਤਿਭਾ ਤੇ ਅਪੋਲੋਨਿਕ ਅਪਸਰਾਈ-ਇਸਤਰੀ ਪ੍ਰਤਿਭਾ ਦਾ ਮਿਲਾਪ ਜ਼ਰੂਰੀ ਹੈ। 'ਦਲਿਤ ਨਾਇਕਤੱਵ' ਦੇ ਡਾਇਓਨੀਸੀਅਸ ਤੇ ਅਪੋਲੋਨਿਕ ਪਾਸਾਰਾਂ ਨੂੰ ਉਸ ਨਾਲ ਜੁੜੀ ਭਾਸ਼ਾ, ਸੰਗੀਤ, ਨਾਚ, ਰਿਦਮ, ਮਿੱਥਾਂ ਤੇ ਦਰਸ਼ਨ ਦੇ ਕੇਂਦਰਾਂ ਵਿੱਚੋਂ ਦੇਖਿਆ ਜਾ ਸਕਦਾ ਹੈ। ਇਸ ਨੀਝ ਦੇ ਤਿੰਨ ਕੇਂਦਰ ਰੋਮਾਂਸ, ਧਰਮ ਤੇ ਬਹਾਦਰੀ ਬਣਦੇ ਹਨ। ਇਨ੍ਹਾਂ ਕੇਂਦਰਾਂ ਵਿੱਚ ਹੀ ਕਿਸੇ ਚਰਿੱਤਰ ਦੇ ਨਾਇਕਤੱਵ ਦਾ ਗੌਰਵ ਪਿਆ ਹੁੰਦਾ ਹੈ।

'ਸੌ ਗੱਲਾਂ' ਵਿਚਲੀ ਕਹਾਣੀ 'ਲੈਂਟਰ' ਦੀ ਇਸ ਦ੍ਰਿਸ਼ਟੀ ਤੋਂ ਡੂੰਘੀ ਪੜ੍ਹਤ ਇਹ ਸਥਾਪਿਤ ਕਰਦੀ ਹੈ ਕਿ ਪ੍ਰਤਾਪੀ ਕਿਵੇਂ ਪ੍ਰਾਪਤ ਸਥਿਤੀਆਂ-ਪ੍ਰਸਥਿਤੀਆਂ ਦੇ ਦਵੰਦ ਵਿੱਚੋਂ ਆਪਣਾ ਨਾਇਕਤੱਵ ਤਲਾਸ਼ ਕਰਦੀ ਹੈ। ਭਾਵੇਂ ਉਹ ਆਪ ਵੀ ਦਲਿਤ ਪਰਿਵਾਰ 'ਚੋਂ ਹੈ ਪਰ ਉਸਦਾ ਪਿਉ ਸੂਬੇਦਾਰੀ ਕਰ ਪੈਨਸ਼ਨ 'ਤੇ ਆਇਆ ਹੈ। ਉਸਦਾ ਵਿਆਹ ਬਚਿੱਤਰ ਨਾਲ ਇਸ ਲਈ ਹੋ ਜਾਂਦਾ ਕਿਉਂ ਕਿ ਉਹ ਸਰਕਾਰੀ ਨੌਕਰ ਹੈ ਅਤੇ ਮਰੇ ਡੰਗਰਾਂ ਦੀ ਠੇਕੇਦਾਰੀ ਵੀ ਇਸ ਟੱਬਰ ਕੋਲ ਹੈ। ਚੰਗੀ ਰੋਟੀ ਚਲੱਦੀ ਹੈ। ਕਦੇ ਕਦੇ ਮੀਟ ਵੀ ਬਣਦਾ ਹੈ ਜਿਸਨੂੰ ਬਣਾਉਣ 'ਚ ਸੱਸ ਮਾਹਿਰ ਹੈ। ਸੱਸ ਹੱਥੀਂ ਬਣੇ ਮੀਟ ਦਾ ਸਹੁਰਾ ਸ਼ੁਦਾਈ ਹੈ। ਟੱਬਰ ਕੋਲ਼ ਰਹਿਣ ਲਈ ਛੋਟਾ ਜਿਹਾ ਕੱਚਾ ਕੋਠਾ ਹੈ ਜਿਸਨੂੰ ਹਰ ਵਾਰ ਬਰਸਾਤ ਤੋਂ ਪਹਿਲਾਂ ਕੋਠੇ ਦੀ ਛੱਤ ਸਾਰਾ ਟੱਬਰ ਰੱਲ਼ ਲਿੱਪਦਾ ਹੈ। ਨਾਹੁਣ ਧੋਣ ਲਈ ਸੁਫ਼ਾ ਹੈ। ਜੰਗਲ ਪਾਣੀ ਲਈ ਵੀ ਬਾਹਰ ਜਾਣਾ ਪੈਂਦਾ। ਪ੍ਰਤਾਪੀ ਦੀ ਮਨੋਇੱਛਾ ਹੈ ਕਿ ਕੋਠੇ 'ਤੇ ਪੱਕਾ ਲੈਂਟਰ ਪੈ ਜਾਵੇ। ਸਾਰਾ ਟੱਬਰ ਰੱਲ਼ ਮਿਲ ਲੈਂਟਰ ਪਾਉਣ ਦੀ ਮੁਹਿੰਮ 'ਚ ਸ਼ਾਮਿਲ ਹਨ। ਲੈਂਟਰ ਪਾਉਣਾ ਲੰਕਾ ਜਿੱਤਣ ਜਿਹੀ ਜੰਗ ਹੈ। ਪ੍ਰਤਾਪੀ ਲੈਂਟਰ ਪੈਣ 'ਤੇ ਖ਼ੁਸ਼ ਹੈ ਪਰ ਉਸ ਲਈ ਅਸਲ ਜਿੱਤ ਸੱਸ ਤੋਂ ਮੀਟ ਬਣਾਉਣ ਦਾ ਠੇਕਾ ਖੋਹਣਾ ਹੈ। ਸੱਸ ਨੂੰਹ 'ਚ ਕੜਛੀ ਜੋ ਪਰਿਵਾਰ ਅੰਦਰ ਸੱਤਾ ਦਾ ਚਿਹਨ ਹੈ ਲਈ ਧੂਅ ਖਿੱਚ ਹੁੰਦੀ ਹੈ। ਸੱਸ ਅੰਦਰੋਂ ਡਰ ਜਾਂਦੀ ਹੈ ਕਿਉਂ ਕਿ ਉਸਨੂੰ ਆਪਣੇ ਹੱਥੀਂ ਆਪਣੀ ਸੱਸ ਕੁੱਟਣੀ ਚੇਤੇ ਆ ਜਾਂਦੀ ਹੈ। ਸੱਸ ਸੋਚਦੀ ਹੈ ਕਿ ਹੁਣ ਨੂੰਹ

ਵੀ ਸੱਸ ਕੁੱਟ ਸਕਦੀ ਹੈ। ਪਰ ਸੱਸ ਨੂੰਹ ਦੀ ਮਾਨਸਿਕਤਾ ਸਮਝ ਮੁਸਕਰਾਅ ਦਿੰਦੀ ਹੈ ਜਦੋਂ ਨੂੰਹ ਕਹਿੰਦੀ ਹੈ; 'ਬੇਬੇ' ਤੂੰ ਮੀਟ ਕਿੱਕਣਾ ਬਣਾ ਲੂੰਗੀ। ਮੈਂ ਤੈਨੂੰ ਕੜਛੀ ਓ ਨੀਂ ਦੇਣੀ'। ਲੈਂਟਰ ਦਰਅਸਲ ਸਭ ਦੀ ਹੁਉਮੈ ਨੂੰ ਲੈਵਲ ਕਰ ਦਿੰਦਾ ਹੈ। ਪ੍ਰਤਾਪੀ ਨੂੰ ਲੈਂਟਰ ਪੈਣ ਨਾਲੋਂ ਵੱਧ ਪ੍ਰਸੰਨਤਾ ਮੀਟ ਬਣਾਉਣ ਦੇ ਅਧਿਕਾਰ ਦੀ ਪ੍ਰਾਪਤੀ 'ਚ ਹੈ। ਇਸੇ ਪ੍ਰਾਪਤੀ ਵਿੱਚੋਂ ਪ੍ਰਤਾਪੀ ਆਪਣਾ ਨਾਇਕਤੱਵ ਤਲਾਸ਼ਦੀ ਹੈ ਜੋ ਅਪੋਲੋਨਿਕ-ਡਾਇਓਨੀਸੀਅਸ ਭਾਵਾਂ ਦੇ ਸੰਤੁਲਨ 'ਤੇ ਖੜ੍ਹਾ ਹੈ। ਸੁੰਦਰ ਘਰ ਦੀ ਇੱਛਾ ਅਪੋਲੋਨਿਕ ਅਪਸਰਾਈ ਭਾਵ ਦੀ ਲੱਖਣਾ ਹੈ ਜਦ ਕਿ ਘਰ ਪਰਿਵਾਰ ਵਿੱਚ ਆਪਣੇ ਅਧਿਕਾਰ ਲਈ ਸੰਘਰਸ਼ ਡਾਇਓਨੀਸੀਅਸ ਮਰਦਾਵੀਂ ਸੰਘਰਸ਼ ਦਾ ਲਖਾਇਕ ਹੈ।

'ਭੂਰੀਆਂ ਅੱਖਾਂ ਦਾ ਸੇਕ' ਕਹਾਣੀ ਵਾਤਸਲ+ਬਾਲ ਮਨੋਵਿਗਿਆਨ+ਮਾਤ੍ਰਤੱਵ ਦੇ ਮਿਲੇ ਜੁਲੇ ਭਾਵਾਂ ਦੀ ਦਲਿਤ ਸਮਾਜ ਦੇ ਨਾਇਕ ਪਵਿੱਤਰ ਦੀ ਕਥਾ ਹੈ ਜਿਸ ਨੇ ਆਪਣੇ ਇਰਦ ਗਿਰਦ ਫੈਲੇ ਕਠੋਰ ਯਥਾਰਥ ਨੂੰ ਆਤਮਸਾਤ ਕਰ ਲਿਆ ਹੈ। ਸਕੂਲ ਮਾਸਟਰ ਉਸਦਾ 'ੜ' ਸਿੱਧਾ ਨਾ ਕਰਵਾ ਸਕਿਆ। ਉਸਨੂੰ ਵੱਡੇ ਘਰਾਂ ਦੇ ਅਮੀਰ ਸੋਹਣੇ ਮੁੰਡੇ ਗਾਲ੍ਹਾਂ ਕੱਢ ਦਿੰਦੇ ਪਰ ਪਵਿੱਤਰ ਅੱਗੋਂ ਕੋਈ ਪ੍ਰਤੀਕਰਮ ਨਾ ਦਿਖਾਉਂਦਾ। ਪੜ੍ਹਨ ਲਿਖਣ ਬਾਅਦ ਵੀ ਉਸਦੀ ਹੋਂਦ ਨਾ ਹੋਇਆਂ ਜਿਹੀ ਹੀ ਰਹੀ। ਉਹ ਆਪਣੀ ਜ਼ਿੰਦਗੀ ਦੀ ਹਰਨਾ-ਕਾਮਯਾਬੀ ਲਈ ਉਹਨਾਂ ਤਿੰਨ ਸਕਿੰਟਾਂ ਨੂੰ ਜ਼ਿੰਮੇਵਾਰ ਸਮਝਦਾ ਜਦੋਂ ਉਹ ਆਪਣੀ ਮਾਂ ਨੂੰ ਓਪਰੇ ਬੰਦੇ ਨਾਲ ਵੇਖਦਾ ਹੈ। ਮਾਂ ਨਾਲ ਉਸਦੀ ਸੌਦੇਬਾਜ਼ੀ ਚੱਲਦੀ ਰਹਿੰਦੀ। ਪਹਿਲਾਂ ਦੁੱਧ ਕਿ ਖਾਜ। ਮਾਂ ਦਾ ਜਿਸ ਭੂਰੀਆਂ ਅੱਖਾਂ ਵਾਲੇ ਬੰਦੇ ਨਾਲ ਸਬੰਧ ਹੈ ਉਹ ਪਵਿੱਤਰ ਨਾਲ ਲਾਡ ਲਡਾਉਂਦਾ ਪਰ ਪਵਿੱਤਰ ਨੂੰ ਉਸ ਤੋਂ ਭੈਅ ਆਉਂਦਾ। ਜੁਲਾਹਿਆਂ ਦੀ ਕੁੜੀ ਭਿੰਦੀ ਨਾਲ ਚੁਬੱਚੇ 'ਚ ਨਹਾਉਂਦਿਆਂ ਪਵਿੱਤਰ ਕੋਲੋਂ ਸਹਿਵਨ ਹੀ ਉਸਦੀ ਬਾਂਹ 'ਤੇ ਦੰਦੀ ਵੱਢੀ ਗਈ। ਇਸ ਹਰਕਤ ਦਾ ਭੈਅ ਉਸਦੇ ਮਨ 'ਚ ਘਰ ਕਰ ਜਾਂਦਾ ਹੈ। ਰਾਤੀ ਸਬਾਤ 'ਚ ਲੰਮੇ ਪਿਆਂ ਚੰਨ ਦੀ ਚਾਨਣੀ ਵਿੱਚ ਉਸਨੂੰ ਭੂਰੀਆਂ ਅੱਖਾਂ ਦਾ ਸੇਕ ਮਹਿਸੂਸ ਹੁੰਦਾ ਹੈ ਤੇ ਉਸਦੀ ਹਾਲਤ ਨੀਮਬੇਹੋਸ਼ ਵਰਗੀ ਹੋ ਜਾਂਦੀ ਹੈ। ਪਵਿੱਤਰ ਦੇ ਨਾਇਕਤੱਵ ਦੀ ਬਾਲ ਮਨੋਸਥਿਤੀ ਨੂੰ ਬਲੀਜੀਤ ਇਸ ਡਾਇਨੋਸੀਅਨ-ਅਪੋਲੋਨਿਕ ਸੰਤੁਲਨ ਦੇ ਸਹਿਜ ਭਾਵ ਨਾਲ ਸਿਰਜਦਾ ਹੈ ਜਿਸ ਨੂੰ ਪ੍ਰੇਮ ਪ੍ਰਕਾਸ਼ 'ਸਾਕਸ਼ੀ ਭਾਵ' ਕਹਿੰਦਾ ਹੈ ਜੋ ਇਕ ਭਾਰਤੀ ਸਨਾਤਨ ਦਾ ਅਹਿਮ ਅੰਗ ਹੈ।

'ਧਰਤੀ ਦੇ ਮਾਲਕ' ਕਹਾਣੀ ਵਿੱਚ ਜੱਟ ਦੀ ਸੱਤਾ ਨੂੰ ਸੱਪ ਦੀ ਹੋਂਦ ਤੇ ਡਰ ਨਾਲ ਲੜਨ ਲਈ ਡਾਂਗ ਦਾ ਸਹਾਰਾ ਲੈਣ ਦਾ ਬਿਰਤਾਂਤ ਹੈ। ਬਲੀਜੀਤ ਇਸ ਕਹਾਣੀ ਵਿੱਚ ਇਕ ਪ੍ਰਸੰਗ ਸਿਰਜਦਾ ਹੈ ਜੋ ਇਸ ਬਿਰਤਾਂਤ ਦੀ ਕੇਂਦਰੀ ਚੂਲ ਬਣਦਾ ਹੈ ਜਿਸ ਵਿੱਚ ਜੱਟ ਤੇ ਸੱਪ ਇਕ ਦੂਜੇ ਦਾ ਪ੍ਰਤੀਰੂਪ ਬਣ ਜਾਂਦੇ ਹਨ; 'ਮੁਸ਼ਤਰਕਾ ਜ਼ਮੀਨ ਦੇ ਝਗੜੇ ਕਾਰਨ, ਮੂੰਹ ਨ੍ਹੇਰੇ ਸੱਤ ਕਿਲਿਆਂ ਵਿੱਚ ਲੱਗੇ ਬੋਰ ਦੇ ਕੋਠੇ 'ਚ ਇਕੱਲੇ ਸੁੱਤੇ ਬਾਬੇ ਉੱਤੇ ਜੱਟਾਂ ਨੇ ਦਰਵਾਜ਼ਾ ਭੰਨ ਕੇ ਇੱਖ ਗੁੱਡਣ ਵਾਲੀਆਂ ਕਹੋਲੀਆਂ ਤੇ ਬਰਛਿਆਂ ਨਾਲ ਹਮਲਾ ਕਰ ਦਿੱਤਾ। ਆਪਣੇ ਵੱਲੋਂ ਉਹ ਬਾਬੇ ਨੂੰ ਮਾਰ ਕੇ ਲਾਗਲੇ ਖੇਤ ਵਿੱਚ ਸੁੱਟ ਗਏ ਸਨ ਪਰ ਬਾਬਾ ਮਰਿਆ ਨਹੀਂ ਸੀ। ਉਸਦੇ ਹੱਥਾਂ ਪੈਰਾਂ ਵਿੱਚ ਬਾਈ ਟੱਕ ਸਨ। ਮਹੀਨਾ ਉਹ ਹਸਪਤਾਲ ਰਿਹਾ। ਉਸਦੇ ਤੰਦਰੁਸਤ ਹੋ ਕੇ ਘਰ ਪੁੱਜਣ ਤੋਂ ਪਹਿਲਾਂ ਸਾਡੇ ਘਰੇ ਡਾਂਗਾਂ ਸੂ ਪਈਆਂ ਸਨ। ਹੁਣ ਸਾਨੂੰ ਇਹ ਵੀ ਪਤਾ ਸੀ ਕਿ ਪਿਛਲੇ ਸੰਦੂਕ ਵਿੱਚ ਕਿਰਪਾਨਾਂ, ਸਫ਼ਾਜੰਗ ਤੇ ਗੰਡਾਸੀਆਂ ਵੀ ਪਈਆਂ ਸਨ। ਭਾਵੇਂ ਇਨ੍ਹਾਂ ਦੀ ਲੋੜ ਕਦੇ ਨਹੀਂ ਪਈ ਸੀ ਪਰ ਇਨ੍ਹਾਂ ਦੀ ਘਰ ਵਿੱਚ ਰੱਖਣ ਦੀ ਜ਼ਰੂਰਤ ਜ਼ਰੂਰ ਸੀ'। ਪੰਜਾਬੀ ਸਭਿਆਚਾਰ ਤੇ ਸਮਾਜ ਦੇ ਪ੍ਰਸੰਗ ਵਿੱਚ 'ਦਲਿਤ' ਦਾ ਪ੍ਰਸ਼ਨ ਹੋਰ ਵੀ ਉਲਝਿਆ ਹੋਇਆ ਹੈ ਕਿਉਂਕਿ ਪੰਜਾਬ ਵਿੱਚ ਦਲਿਤ ਦਾ ਤਣਾਓ ਬ੍ਰਾਹਮਣੀ ਸੱਤਾ ਨਾਲ ਨਹੀਂ ਸਗੋਂ ਜੱਟ ਦੀ ਸੱਤਾ ਨਾਲ ਹੈ। ਪੰਜਾਬ ਦੀ ਸਥਿਤੀ

ਵਿੱਚ ਜੱਟ ਵੀ ਜ਼ਮੀਨ ਤੇ ਜਾਇਦਾਦ ਕਾਰਣ ਦਾਬੇ ਤੇ ਨਕਾਰਾਤਮਕਤਾ ਦਾ ਲਖਾਇਕ ਹੋ ਨਿਬੜਿਆ ਹੈ। ਪੰਜਾਬ 'ਚ ਦਲਿਤ ਦੇ ਨਾਇਕਤੱਵ ਦਾ ਪ੍ਰਸ਼ਨ ਜੱਟ ਬਨਾਮ ਚਮਾਰ ਤੇ ਹੋਰ ਕਾਰੀਗਰ ਜਾਤੀਆਂ ਨਾਲ ਜ਼ਿਆਦਾ ਉੱਭਰ ਕੇ ਸਾਹਮਣੇ ਆ ਰਿਹਾ ਹੈ ਕਿਉਂਕਿ ਇਨ੍ਹਾਂ ਜਾਤੀਆਂ ਦੇ ਡਾਇਨੋਸੀਅਸ ਤੇ ਅਪੋਲੋਨਿਕ ਪ੍ਰਗਟਾਵੇ ਤੋਂ ਜੱਟ ਖ਼ਤਰਾ ਮਹਿਸੂਸ ਕਰਦਾ ਹੋਇਆ ਆਪਣੀ ਹੋਂਦ ਜ਼ਮੀਨ ਤੇ ਸੱਤਾ ਦੀ ਹਉਂ ਰਾਹੀਂ ਪ੍ਰਗਟਾਉਂਦਾ ਹੈ। ਮਜ਼੍ਹਬੀ ਕਿਉਂਕਿ ਅਜੇ ਵੀ ਜੱਟ 'ਤੇ ਆਰਥਿਕ ਰੂਪ ਵਿੱਚ ਆਸ਼ਰਿਤ ਹਨ, ਇਸ ਲਈ ਉਹ ਇਥੇ ਤਣਾਓ 'ਚ ਨਹੀਂ ਹਨ। ਜੱਟ ਬਨਾਮ ਚਮਾਰ ਦੇ ਤਣਾਓ ਦੀ ਪਿਛਲੇ ਸਮੇਂ 'ਚ ਪੰਜਾਬ ਵਿੱਚ ਵਾਪਰੀਆਂ ਕਈ ਘਟਨਾਵਾਂ ਸ਼ਾਹਦੀ ਭਰਦੀਆਂ ਹਨ।

ਕਹਾਣੀ 'ਘਰਾਂ' 'ਚੋਂ 'ਘਰ' ਦਲਿਤ ਪਰਿਵੇਸ਼ 'ਚ ਜੀਵਨ ਸੰਘਰਸ਼ ਰਾਹੀਂ ਮਾਨਵੀ ਗੌਰਵ ਦੀ ਤਲਾਸ਼ ਕਰਦੀ ਕਹਾਣੀ ਹੈ। ਇਸੇ ਵਿੱਚ ਦਲਿਤ ਸਥਿਤੀਆਂ 'ਤੇ ਰੁਦਨ ਜਾਂ ਝੋਰੇ ਦਾ ਵਾਤਾਵਰਣ ਨਹੀਂ ਬਲਕਿ ਬਿਖਮ ਹਾਲਾਤ 'ਚੋਂ ਪੜ੍ਹ ਲਿਖ ਕੇ ਮੁਕਤੀ ਦਾ ਪ੍ਰਵਚਨ ਸਿਰਜਿਆ ਗਿਆ ਹੈ। ਬਾਬਾ ਭੀਮ ਰਾਓ ਅੰਬੇਦਕਰ ਨੇ ਆਪਣੀ ਕਿਤਾਬ (Annihilation of caste) ਵਿੱਚ ਵਰਣਨ ਕੀਤਾ ਸੀ; 'ਪੜ੍ਹੋ ਜੁੜੋ ਸੰਘਰਸ਼ ਕਰੋ'। ਦਲਿਤ ਪਰਿਵਾਰ ਵਿੱਚ ਪੜ੍ਹਿਆ ਲਿਖਿਆ ਨੌਕਰੀ ਯਾਫ਼ਤਾ ਜੀਜਾ ਕਿੰਨੇ ਹੀਲਿਆਂ ਨਾਲ ਆਪਣੇ ਸਾਲੇ ਨੂੰ ਸਕੈਂਡਰੀ ਸਕੂਲ 'ਚ ਦਾਖਲ ਕਰਵਾਉਂਦਾ ਹੈ। ਉਹ ਪੂਰੀ ਕਹਾਣੀ ਵਿੱਚ ਇਕ ਪ੍ਰੇਰਨਾ ਵਜੋਂ ਆਰ ਪਾਰ ਫ਼ੈਲਿਆ ਹੋਇਆ ਹੈ। ਜੀਜੇ ਦਾ ਸਾਈਕਲ ਚਲਾਉਣ ਦਾ ਰੂਪਕ ਆਪਣੇ ਆਪ ਵਿੱਚ ਸੰਘਰਸ਼ ਦੀ ਭਾਸ਼ਾ ਸਿਰਜਦਾ ਹੈ। ਦੂਜੇ ਪਾਸੇ ਸਕੂਲ ਦਾ ਜੱਟ ਪ੍ਰਿੰਸੀਪਲ ਬੜੇ ਘਿਰਨਾ ਭਾਵ ਨਾਲ ਕਟਾਖ਼ਸ਼ੀ ਅੰਦਾਜ਼ 'ਚ ਕਹਿੰਦਾ ਹੈ; "ਮੈਟ੍ਰਿਕ...ਥਰਡ ਕਲਾਸ...ਸ਼ਡਿਊਲਡ ਕਾਸਟ ... ਇਨਆਰਟਸ ... ਆਈ ਡੂ ਨੌਟ ਅੰਡਰ ਸਟੈਂਡ ਵ੍ਹਾਈ ਯੂ ਪੀਪਲ ਆਲਵੇਜ਼ ਗੈੱਟ ਥਰਡ ਡਵੀਜ਼ਨ...।"। ਆਉਣ ਵਾਲੇ ਵਰ੍ਹਿਆਂ ਵਿੱਚ ਮੁੰਡਾ ਪੜ੍ਹ ਲਿਖ ਜਾਂਦਾ ਹੈ ਅਤੇ ਇਕ ਦਲਿਤ ਅਫ਼ਸਰ ਸੁੱਚਾ ਰਾਮ ਬੰਗੜ ਜੋ ਸਰਕਾਰੀ ਵਿਭਾਗ ਦਾ ਮੁੱਖੀ ਹੈ, ਦੀ ਮਦਦ ਨਾਲ ਸਰਕਾਰੀ ਲੋਹੇ ਦੇ ਗੁਦਾਮ ਦਾ ਇੰਚਾਰਜ ਲੱਗ ਜਾਂਦਾ ਹੈ। ਨੌਕਰੀ ਦੌਰਾਨ ਉਸਨੂੰ ਸਰਕਾਰੀ ਭ੍ਰਿਸ਼ਟਾਚਾਰ ਦਾ ਵੀ ਅੰਗ ਬਣਨਾ ਪੈਂਦਾ ਹੈ। ਪੈਸਾ ਆਉਣ ਨਾਲ ਘਰ 'ਚ ਖ਼ੁਸ਼ਹਾਲੀ ਆ ਜਾਂਦੀ ਹੈ। ਛੋਟੀ ਭੈਣ ਦਾ ਵਿਆਹ ਪੂਰੇ ਜਲੌਅ ਨਾਲ ਕਰਦਾ ਜਿਸ 'ਤੇ ਫੌਜੀ ਮਾਮਾ ਪੀ ਕੇ ਭੁੜਕ ਪੈਂਦਾ ਹੈ,"ਜੱਟਾਂ ਵਰਗਾ ਵਿਆਹ ਕਰਤਾ"। ਮਾਂ ਕਹਿੰਦੀ ਹੈ, "ਪੁੱਤ ਅੱਜ ਅਸੀਂ ਜਿਊਂਦਿਆਂ ਵਿੱਚ ਹੋਗੇ। ਸੁਰਖ਼ਰੂ।" ਇਸ ਕਹਾਣੀ ਵਿੱਚ ਬਲੀਜੀਤ ਨੇ ਦਲਿਤ ਯਥਾਰਥ ਦਾ ਬਿਰਤਾਂਤ ਕਿਸੇ ਤਰ੍ਹਾਂ ਦੀ ਭਾਵੁਕਤਾ ਜਾਂ ਹੀਣ ਭਾਵਨਾ ਤੋਂ ਨਿਰਲੇਪ ਰਹਿ ਕੇ ਸਿਰਜਿਆ ਹੈ। ਜਿਸ ਰਾਹੀਂ ਉਹ ਦਲਿਤ ਡਾਇਨੋਸੀਅਨ-ਅਪੋਲੋਨਿਕ ਨਾਇਕਤੱਵ ਦੀ ਤਲਾਸ਼ ਕਰਦਾ ਦਿਖਾਈ ਦਿੰਦਾ ਹੈ।

'ਸੌ ਗੱਲਾਂ' ਕਹਾਣੀ ਦਲਿਤ ਵਿਮਰਸ਼ ਅਤੇ ਕਾਮ (libidinal) ਮਨੋਗ੍ਰੰਥੀ ਕਾਰਨ ਪੈਦਾ ਹੋਈਆਂ ਗੁੰਝਲਾਂ ਨੂੰ ਬਿਰਤਾਂਤਕਤਾ ਪ੍ਰਦਾਨ ਕਰਦੀ ਹੈ। ਜੀਤੇ ਦਾ ਆਪਣੇ ਆੜੀ ਦੇ ਘਰ ਆਉਣਾ ਜਾਣਾ ਹੈ। ਉਸਦੀ ਸੋਹਣੀ ਸਨੁੱਖੀ ਮਾਂ ਜੋ ਆਪਣੇ ਆਪ ਨੂੰ ਅਜੇ ਵੀ ਜਵਾਨ ਸਮਝਦੀ ਹੈ ਅਤੇ ਉਹਦੀਆਂ ਕਾਮ ਭਾਵਨਾ ਹਾਲੇ ਵੀ ਅਤ੍ਰਿਪਤ ਹਨ, ਦਾ ਜੀਤੇ ਨਾਲ ਇਕ ਤਰ੍ਹਾਂ ਦਾ ਮੋਹ ਭਾਵ ਦਾ ਉਲਾਰ ਹੈ। ਉਹ ਅਕਸਰ ਜੀਤੇ ਨਾਲ ਆਪਣੀਆਂ ਕਾਮੁਕ ਉਤਸਕਤਾ ਵਾਲੀਆਂ ਗੱਲਾਂ ਕਰਦੀ ਰਹਿੰਦੀ ਹੈ ਪਰ ਉਸਦੀ ਜੱਟ ਜਗੀਰੂ ਮਾਨਸਿਕਤਾ ਉਸ ਅਤੇ ਜੀਤੇ ਵਿਚਾਲੇ ਹਰ ਵਾਰ ਆ ਖੜ੍ਹਦੀ ਹੈ ਕਿਉਂਕਿ ਜੀਤਾ ਚਮਾਰ ਜਾਤ ਤੋਂ ਹੈ। ਉਸਨੂੰ ਵੱਖਰੇ ਭਾਂਡੇ 'ਚ ਰੋਟੀ ਖਵਾਉਂਦੀ ਅਤੇ ਭਾਂਡੇ ਅਲੱਗ ਕਰ ਰੱਖਣ ਲਈ ਕਹਿੰਦੀ ਹੈ। ਜੀਤੇ ਦੇ ਘਰ ਇਕ ਵਾਰੀ ਜਾਂਦੀ ਹੈ ਪਰ ਜੀਤੇ ਦੀ ਮਾਂ ਵੱਲੋਂ ਦਿੱਤੇ ਪਾਣੀ ਵਾਲੇ ਗਲਾਸ ਨੂੰ ਬੀਮਾਰੀ ਦਾ ਬਹਾਨਾ ਲਾ ਹੱਥ ਤੱਕ ਨਹੀਂ ਲਾਉਂਦੀ।

'ਇਬਾਰਤਾਂ' ਸੰਗ੍ਰਹਿ ਦੀ ਕਹਾਣੀ 'ਠੀਹਾ'ਦਲਿਤ ਯਥਾਰਥ ਦੀਆਂ ਬਿਖਮ ਜੀਵਨ ਪ੍ਰਸਥਿਤੀਆਂ ਵਿਚੋਂ ਰਾਜੂ ਮੋਚੀ ਦੇ ਨਾਇਕਤੱਵ ਦੇ ਡਾਇਨੋਸੀਅਨ-ਅਪੋਲੋਨਿਕ ਪਾਸਰਾਂ ਨੂੰ ਚਮੜੇ ਦੇ ਕੰਮ ਨਾਲ ਜੁੜੇ ਸੰਦਾਂ, ਔਜਾਰਾਂ, ਨਾਂਵਾਂ, ਥਾਂਵਾਂ ਕੱਚੇ ਮਾਲ ਅਤੇ ਵਿਓਪਾਰ ਨਾਲ ਸਬੰਧਿਤ ਸਭਿਆਚਾਰਕ ਦ੍ਰਿਸ਼ ਨੂੰ ਕਸਬ ਦੀ ਨੈਤਿਕਤਾ ਅਤੇ ਸਦਾਚਾਰਕਤਾ ਨੂੰ ਮੂਲ ਰੂਪ 'ਚ ਬਿਰਤਾਂਤਕਤਾ ਪ੍ਰਦਾਨ ਕਰਦੀ ਹੈ। ਪੁਆਧ ਦੇ ਅਰਧ ਪਹਾੜੀ ਦ੍ਰਿਸ਼ ਵਿੱਚ ਹਜ਼ਾਰਾ ਸਿੰਘ ਜ਼ਿਮੀਂਦਾਰ ਦੀ ਕੱਟੀ ਮਰ ਜਾਂਦੀ ਹੈ। ਉਹ ਬਰਸਾਤੀ ਮੌਸਮ 'ਚ ਤੱਲਹਟੀ 'ਤੇ ਰੁੱਖਾਂ ਦੀ ਝਿੜੀ ਤੇ ਖੂਹੀ ਦੇ ਕੰਢੇ ਰਾਜੂ ਮੋਚੀ ਦੇ ਠੀਹੇ 'ਤੇ ਪਹੁੰਚ ਮਰੀ ਕੱਟੀ ਨੂੰ ਚੁੱਕਣ ਲਈ ਰਾਜੂ ਨੂੰ ਕਹਿੰਦਾ ਹੈ। ਰਾਜੂ ਨੂੰ ਪਤਾ ਕਿ ਕੱਟੀ ਅਜੇ ਪੂਰੀ ਨਹੀਂ ਹੋਈ ਅਧਮੋਈ ਹੈ ਪਰ ਹਜ਼ਾਰਾ ਉਸਨੂੰ ਬਾਰ ਬਾਰ ਕੱਟੀ ਚੁੱਕਣ ਲਈ ਕਹਿੰਦਾ। ਰਾਜੂ ਆਪਣੇ ਮੁੰਡੇ ਪਖੀਰੀਏ ਨੂੰ ਇਸ ਕੰਮ ਲਈ ਭੇਜਣਾ ਚਾਹੁੰਦਾ ਹੋਇਆ ਹਜ਼ਾਰਾ ਸਿੰਘ ਨੂੰ ਕਹਿੰਦਾ ਹੈ; " ... ਮੈਂ ਜਾਵਾਂ ... ਭਮਾਂ ਮੁੰਡਾ ਜਾਵੇ... ਸਰਦਾਰਾ ਅਸੀਂ ਮਰੀ ਦੇ ਗਾਹਕ ਐਂ.... ਜਿਉਂਦੀ ਦਾ ਤੂੰ।" ਕਹਾਣੀ ਦੇ ਅੰਤ ਤੱਕ ਰਾਜੂ ਦੇ ਮਨ ਵਿੱਚ ਆਪਣੇ ਰੱਬ ਮੂਹਰੇ ਅਰਦਾਸ ਦੇ ਰੂਪ ਵਿੱਚ ਦੁਬਿਧਾ ਬਣੀ ਰਹਿੰਦੀ ਹੈ ਜੋ ਇਸ ਕਹਾਣੀ ਨੂੰ ਬੜਾ ਅਰਥ ਪੂਰਣ ਕਲਾਈਮੈਕਸ ਪ੍ਰਦਾਨ ਕਰਦੀ ਹੈ; "ਮੇਰੇ ਮਿਹਰਬਾਨ... ਮਿਹਰਬਾਨ, ਦਾਤਾ ਦੋ ਰੋਟੀਆਂ ਖਾਤਰ ਤੈਂ ਦੋ ਕਸਬ ਮੈਨੂੰ ਸਿਖਾਏ ... ਦੋਅ... ਜੁੱਤੀਆਂ ਗੱਠਣਾ... ਅਰ ਮਰੇ ਡੰਗਰਾਂ ਦੀਆਂ ਖੱਲਾਂ ਲ੍ਹਾਉਣਾ... ਹੁਣ ਕਸਾਈ ਨਾ ਬਣਾਈ।" ਇਹ ਦੁਬਿਧਾ ਹੀ ਰਾਜੂ ਨਾਲ ਜੁੜੇ ਸਮਾਜਿਕ ਯਥਾਰਥ ਵਿਚੋਂ ਦਲਿਤ ਨਾਇਕਤੱਵ ਦੇ ਡਾਇਨੋਸੀਅਨ-ਅਪੋਲੋਨਿਕ ਪਾਸਾਰਾਂ ਨੂੰ ਸਥਾਪਿਤ ਕਰਦੀ ਹੈ।

ਸਮਾਜ 'ਚ ਸਬਾਲਟਰਨ ਹੋਂਦਾਂ ਦੀ ਚੁੱਪੀ ਨੂੰ ਆਵਾਜ਼ ਦੇਣ ਵਿੱਚ ਬਲੀਜੀਤ ਦੀਆਂ ਕਹਾਣੀਆਂ ਦੀ ਭੂਮਿਕਾ ਬੜੀ ਅਹਿਮ ਹੈ। ਸਬਾਲਟਰਨ ਸ਼ਬਦ ਦੀ ਵਰਤੋਂ (hegemony) ਧੌਂਸ ਦਾ ਸੰਕਲਪ ਦੇਣ ਵਾਲੇ ਨਵ ਮਾਰਕਸਵਾਦੀ ਚਿੰਤਕ ਅੰਨਤੋਨੀਓ ਗ੍ਰਾਮਸ਼ੀ ਨੇ ਆਪਣੀ ਕਿਤਾਬ (The Prison Notebooks 1929-35) ਵਿੱਚ ਇੰਜ ਕੀਤੀ ਹੈ: "Subaltern is a term which refers to those groups in the society who are under the hegemony of the ruling elite class. Subalterns include peasants, tribes, women and other groups denied excess to the hegemonic power. Historically speaking, subaltern studies defined itself as an attempt by giving them opportunity to allow people to speak and share their pains, anger, sufferings and experiences.''

'ਸੌ ਗੱਲਾਂ' ਸੰਗ੍ਰਹਿ ਦੀ ਕਹਾਣੀ 'ਬਾਬੂ ਜੀ ਸਾਅਬ' ਵਿਚਲਾ ਮੱਝਾਂ ਚਾਰਣ ਵਾਲਾ ਮੁੰਡਾ ਅਤੇ ਉਹਦਾ ਬੁੱਢਾ ਪਿਉ ਅਜਿਹੀਆਂ ਹੀ ਸਬਾਲਟਰਨ ਹੋਂਦਾਂ ਹਨ ਜਿਨ੍ਹਾਂ ਨੂੰ ਸਾਰਾ ਜੀਵਨ ਆਪਣੇ ਦੁੱਖੜੇ ਸੁਣਾਉਣ ਦਾ ਮੌਕਾ ਨਹੀਂ ਮਿਲਿਆ। ਕਹਾਣੀ ਦਾ ਮੈਂ ਪਾਤਰ ਉਰਫ਼ ਬਾਬੂ ਜੀ ਸਾਹਿਬ ਘਰੋਂ ਦੁਖੀ ਹੋ ਬਾਹਰ ਦਰਿਆ ਕੰਢੇ ਤਾਜ਼ੀ ਹਵਾ ਤੇ ਮਾਹੌਲ ਵਿੱਚ ਤਫ਼ਰੀਹ ਲਈ ਨਿਕਲਦਾ ਹੈ ਜਿੱਥੇ ਉਸਨੂੰ ਮੱਝਾਂ ਚਾਰਨ ਵਾਲਾ ਮੁੰਡਾ ਮਿਲਦਾ ਹੈ ਜੋ ਉਸ ਤੋਂ ਸਿਗਰਟ ਮੰਗ ਕੇ ਪੀਂਦਾ ਹੈ। ਉਹ ਮੁੰਡੇ ਤੋਂ ਪੁੱਛਦਾ ਹੈ ਕਿ ਪਹਿਲਾਂ ਵੀ ਇਕ ਤੇਰੇ ਜਿਹਾ ਮੁੰਡਾ ਹੁੰਦਾ ਸੀ ਜੋ ਮੈਥੋਂ ਸਿਗਰਟ ਮੰਗਦਾ ਹੁੰਦਾ ਸੀ ਤਾਂ ਮੁੰਡਾ ਕਹਿੰਦਾ ਉਸਨੂੰ ਮੇਰੇ ਬਾਪ ਨੇ ਦੌੜਾਅ ਦਿੱਤਾ। ਅਗਲੀ ਵਾਰੀ ਮੈਂ ਪਾਤਰ ਨੂੰ ਮੱਝਾਂ ਚਰਾਉਂਦਾ ਬੁੱਢਾ ਪਿਉ ਮਿਲਦਾ ਹੈ ਜੋ ਕਿ ਆਪਣੇ ਮੁੰਡਿਆਂ ਤੋਂ ਦੁਖੀ ਤੇ ਆਪਣੀਆਂ ਸਥਿਤੀਆਂ ਤੋਂ ਅਵਾਜ਼ਾਰ ਹੈ। ਮੈਂ ਪਾਤਰ ਬੁੱਢੇ ਤੋਂ ਮੁੰਡੇ ਬਾਰੇ ਪੁੱਛਦਾ ਹੈ; 'ਕਿੱਥੇ ਐ ਮੁੰਡਾ? "ਜਾਣਾ ਉਹਨੇ ਅੰਗਲੈਂਡ। ਟਰੱਕ ਮਾ ਕਲੀਂਡਰ ਬਣ ਗਿਆ।

ਵੱਗ ਗਿਆ ਦਿੱਲੀ ਨੂੰ।" ਏਨੀਂ ਗੱਲ ਕਹਿ ਬੁੱਢਾ ਪਿੰਡ ਮੁੜਨ ਦੀ ਤਿਆਰੀ ਕਰਨ ਲਗਦਾ ਹੈ। ਬਲੀਜੀਤ ਨੇ ਇਸ ਕਹਾਣੀ ਵਿੱਚ ਪਿੰਡਾਂ 'ਚ ਵਿਚਰਦੀਆਂ ਬੇਆਵਾਜ਼ ਸਬਾਲਟਰਨ ਹੋਂਦਾਂ ਨੂੰ ਆਵਾਜ਼ ਪ੍ਰਦਾਨ ਕਰਨ ਦੀ ਕੋਸ਼ਿਸ਼ ਕੀਤੀ ਹੈ।

'ਇਬਾਰਤਾਂ' ਕਹਾਣੀ ਸੰਗ੍ਰਹਿ ਦੀ ਕਹਾਣੀ 'ਸੁਨੇਹਾ' ਵੀ ਕਿਸਾਨੀ ਜੀਵਨ ਦੇ ਜਿਊਣ-ਥੀਣ ਦੇ ਮਸਲਿਆਂ ਅਤੇ ਸੰਕਟਾਂ ਦੇ ਯਥਾਰਥ ਨੂੰ ਸਬਾਲਟਰਨ ਦ੍ਰਿਸ਼ਟੀਕੋਣ ਤੋਂ ਆਧਾਰ ਬਣਾ ਅਜਿਹਾ ਬਿਰਤਾਂਤ ਸਿਰਜਦੀ ਹੈ ਜਿਸਦੇ ਅੰਦਰ ਮਾਨਵੀ ਰਿਸ਼ਤੇ-ਨਾਤਿਆਂ ਦੀ ਸਿਮਓਟਿਕਸ ਦਾ ਸਭਿਆਚਾਰਕ ਭਾਸ਼ਾ ਤੋਂ ਪ੍ਰਗਟਾਓ ਉਸਾਰਿਆ ਗਿਆ ਹੈ। ਇਸ ਬਿਰਤਾਂਤ 'ਚ ਸੰਯੁਕਤ ਕਿਸਾਨੀ ਪਰਿਵਾਰ 'ਚ ਵੰਡ ਪੈਣ ਤੇ ਰਿਸ਼ਤਿਆਂ 'ਚ ਚਾਹੇ ਬਾਹਰੀ ਤੌਰ 'ਤੇ ਵੰਡ ਪਈ ਦਿਖਾਈ ਦਿੰਦੀ ਹੈ ਪਰ ਆਤਮਿਕ ਤੇ ਭਾਵਕ ਤੌਰ 'ਤੇ ਮੋਹ ਦੀਆਂ ਤੰਦਾਂ ਕਾਰਣ ਫਿਰ ਵੀ ਇਕ ਅਦਿੱਖ ਸਾਂਝ ਅਤੇ ਤਾਂਘ ਬਣੀ ਰਹਿੰਦੀ ਹੈ ਜੋ ਮੂਲ ਮਨੁੱਖੀ ਪ੍ਰਵਿਰਤੀ ਹੈ ਕਿ ਰਿਸ਼ਤੇ ਨਾਤੇ ਨੌਂਹ ਮਾਸ ਜਿਹੇ ਹੁੰਦੇ ਹਨ। 'ਸੁਨੇਹਾ' ਕਹਾਣੀ 'ਚ ਚਾਚੇ ਭਤੀਜੇ ਦਾ ਰਿਸ਼ਤਾ ਇਸੇ ਭਾਵਨਾ ਦੀ ਭਾਸ਼ਾ 'ਚ ਪ੍ਰਗਟਾਇਆ ਗਿਆ ਹੈ। ਚਾਚਾ ਸਾਂਝੀ ਜਾਇਦਾਦ ਵਿਚੋਂ ਇੱਟਾਂ ਰੋੜੇ ਵੇਚੀ ਜਾ ਰਿਹਾ ਹੈ। ਚਾਚੇ ਦੀ ਸ਼ਿਕਾਇਤ ਭਤੀਜਾ ਥਾਣੇ ਦਰਜ ਕਰਵਾਉਣ ਲਈ ਅਰਜ਼ੀ ਲਿਖਣ ਬੈਠਿਆ ਹੋਇਆ ਹੈ ਪਰ ਉਸ ਕੋਲੋਂ ਅਰਜ਼ੀ ਵਿੱਚ ਚਾਚੇ ਦਾ ਨਾਮ ਨਹੀਂ ਲਿਖ ਹੋ ਰਿਹਾ। ਬਚਪਨ 'ਚ ਇਸੇ ਚਾਚੇ ਨਾਲ ਭਤੀਜੇ ਦਾ ਬਹੁਤ ਮੋਹ ਸੀ। ਚਾਚਾ ਭਤੀਜੇ ਨੂੰ ਹਮੇਸ਼ਾ ਦੁਆਨੀਆਂ ਚੁਆਨੀਆਂ ਦਿੰਦਾ ਹੁੰਦਾ ਸੀ। ਇਸ ਮੋਹ ਦੇ ਅਵਿਸ਼ੇਸ਼ ਅੱਜ ਵੀ ਕਾਇਮ ਹਨ। ਕਹਾਣੀ ਦਾ ਆਖ਼ਰੀ ਸੰਵਾਦ ਜੋ ਭਤੀਜੇ ਤੇ ਉਸਦੀ ਮਾਂ ਦਰਮਿਆਨ ਹੈ, ਇਸ ਸੰਵੇਦਨਾ ਦੀ ਸ਼ਾਹਦੀ ਭਰਦਾ ਹੈ; "ਚੱਲ ਵੇਚੀ ਜਾਣ ਦੇ", ਕੱਲ ਮੈਂ ਮਾਂ ਨੂੰ ਕਿਹਾ ਸੀ। "ਤੂੰ ਸੋਚੀ ਜਾ। ਤੈਂ ਸੋਚੀ ਓ ਜਾਣਾ। ਤੇਰੇ ਤੋਂ ਨੀਂ ਹੋਣਾ ਕੁਸ।" "ਚਲ ਵੇਚੀ ਜਾਣ ਦੇ ਰੋੜੀ। ਜਿੱਦਣ ਉਹ ਚੜ੍ਹਾਈ ਕਰ ਜੂ ਮੈਂ ਭਰਤ ਪੁਆ ਕੇ ਸਾਰੇ ਖ਼ਦਾਨ, ਸਾਰੀ ਜਗ੍ਹਾ ਪੱਧਰੀ ਕਰਾ ਦੂੰ।" ਤੇ ਮੈਨੂੰ ਪਤਾ ਐ ਕਿ ਜਿੱਦਣ ਚਾਚਾ ਚੜ੍ਹਾਈ ਕਰ ਜੂ ਓਦਣ ਮੈਨੂੰ ਓਹਦਾ ਸੁਨੇਹਾ ਜ਼ਰੂਰ ਆਊ।"

'ਨਵਾਂ ਜਨਮ' ਕਹਾਣੀ ਦਾ ਬਿਰਤਾਂਤ ਇਸ ਮਸਲੇ 'ਤੇ ਆਧਾਰਿਤ ਹੈ ਕਿ ਪਿੰਡਾਂ ਵਿੱਚ ਚੌਂਕੀਦਾਰ, ਪਟਵਾਰੀ ਅਤੇ ਸਕੂਲ ਮਾਸਟਰ ਕਿਵੇਂ ਭੋਲ਼ੇ ਭਾਲ਼ੇ, ਬੇਆਵਾਜ਼ ਅਤੇ ਅਨਪੜ੍ਹ ਪੇਂਡੂਆਂ ਦੇ ਜਨਮ ਮਰਨ ਨਾਲ ਸਬੰਧਿਤ ਵੇਰਵਿਆਂ ਨਾਲ ਆਪਣੀ ਸੱਤਾ ਦੀ ਧੌਂਸ ਕਾਰਨ ਖਿਲਵਾੜ ਅਤੇ ਛੇੜਛਾੜ ਕਰਦੇ ਹਨ ਜਿਸਦਾ ਖ਼ਮਿਆਜ਼ਾ ਪਿੰਡ ਵਾਸੀਆਂ ਨੂੰ ਸਾਰੀ ਉਮਰ ਭੋਗਣਾ ਪੈਂਦਾ ਹੈ। ਮੈਂ ਪਾਤਰ ਦੀ ਜਨਮ ਤਿਥੀ ਪੰਦਰਾਂ ਮਾਰਚ ਸੰਨ ਉੱਨੀ ਸੌ ਬਾਹਠ ਉਰਦੂ ਵਿੱਚ ਚੌਂਕੀਦਾਰ ਰਾਮ ਕਿਸ਼ਨ ਛੀਂਬੇ ਵੱਲੋਂ ਠੀਕ ਲਿਖ ਦਿੱਤਾ ਗਈ। ਪਰ ਸਕੂਲ ਵਿੱਚ ਮਾਸਟਰ ਹਰੀ ਸਿੰਘ ਉਰਫ਼ ਨਲੂਏ ਨੇ ਪੰਦਰਾਂ ਮਾਰਚ ਬਾਹਠ ਦੀ ਥਾਂ ਤੀਹ ਬਾਰਾਂ ਸੱਠ ਦਰਜ ਕਰ ਦਿੱਤੀ। ਇਸ ਗ਼ਲਤੀ ਦਾ ਪਤਾ ਛੱਬੀ ਸਾਲ ਬਾਅਦ ਲਗਦਾ ਹੈ। ਇਸ ਨੂੰ ਦਰੁੱਸਤ ਕਰਵਾਉਣ ਲਈ ਸਰਕਾਰੀ ਦਫ਼ਤਰਾਂ ਵਿੱਚ ਜੋ ਭੱਜ ਦੌੜ ਅਤੇ ਕੋਰਟ ਕਚਹਿਰੀਆਂ 'ਚ ਮੁਕੱਦਮੇਬਾਜ਼ੀ ਮੈਂ ਪਾਤਰ ਨੂੰ ਕਰਨੀ ਪੈਂਦੀ ਹੈ ਉਸਦੀ ਬੜੀ ਸਜੀਵ, ਰੌਚਕ ਅਤੇ ਪੜ੍ਹਨਯੋਗ ਬਿਰਤਾਂਤਕਾਰੀ ਇਸ ਕਹਾਣੀ ਵਿੱਚ ਪੇਸ਼ ਕੀਤੀ ਗਈ ਹੈ।

ਬਲੀਜੀਤ ਆਪਣੀਆਂ ਬਹੁਤ ਸਾਰੀਆਂ ਕਹਾਣੀਆਂ ਜਿਵੇਂ 'ਜਗਰਾਤਾ', 'ਸ਼ੁਦਾਈ', 'ਖ਼ੁਸ਼ੀ', 'ਜੁੱਤੀ', 'ਲਿਫ਼ਾਫ਼ੇ 'ਚ ਆਟਾ' ਅਤੇ 'ਮੂਰਤੀ' ਆਦਿ ਵਿੱਚ ਸਮਾਜ ਵਿਚਲੀ ਮੱਧਵਰਗੀ ਜਮਾਤ ਅਤੇ ਮੱਧਲੀਆਂ ਜਾਤਾਂ ਦੀਆਂ ਸਮਾਜ- ਮਨੋਵਿਗਿਆਨਿਕ ਘੁਣਤਰੀ ਲੀਕਾਂ ਅਤੇ ਸਭਿਆਚਾਰਕ ਵਿੱਥਾਂ ਨੂੰ ਬਿਰਤਾਂਤਕ ਵੱਥ ਬਣਾਉਂਦੀਆਂ ਹਨ। 'ਜਗਰਾਤਾ' ਕਹਾਣੀ ਵਿੱਚ ਡਾਕਟਰ ਖੋਸਲਾ ਦਾ ਆਪਣੀ ਨਰਸ ਮਿਸਿਜ ਜੈਨ ਨਾਲ ਸਹੂਲਤੀ ਸਬੰਧ ਹੈ। ਡਾਕਟਰ ਦੀ ਬੀਵੀ ਪ੍ਰੀਤੀ ਨੂੰ ਕੁਝ ਅਰਸਾ ਪਹਿਲਾ ਹੀ

ਬੱਚਾ ਹੋਇਆ। ਉਸਦਾ ਦੁੱਧ ਅਜੇ ਸੁੱਕਿਆ ਨਹੀਂ। ਡਾਕਟਰ ਨਰਸ ਮਿਸਿਜ ਜੈਨ ਨੂੰ ਆਪਣੀ ਭੁੱਖ ਸ਼ਾਂਤ ਕਰਨ ਲਈ ਕਿਸੇ ਦੋਸਤ ਦੇ ਟਿਕਾਣੇ 'ਤੇ ਆਉਣ ਦਾ ਸੱਦਾ ਦਿੰਦਾ ਹੈ। ਨਰਸ ਜੈਨ ਜਗਰਾਤੇ ਦਾ ਬਹਾਨਾ ਬਣਾ ਟਿਕਾਣੇ ਅੱਪੜ ਜਾਂਦੀ ਹੈ। ਮੱਧਵਰਗੀ ਬੰਦੇ ਨੂੰ ਧਰਮ ਦੀ ਆੜ ਨੂੰ ਆਪਣੀ ਸੁਵਿਧਾ ਅਨੁਸਾਰ ਵਰਤਣ 'ਚ ਕੋਈ ਝਿਜਕ ਨਹੀਂ ਹੁੰਦੀ। ਡਾਕਟਰ ਖੋਸਲਾ ਨਰਸ ਦੀ ਉਡੀਕ 'ਚ ਕਮਰੇ 'ਚ ਪਈ ਸ਼ਰਾਬ ਡੀਕ ਜਾਂਦਾ ਅਤੇ ਫਿਰ ਉਸਦੇ ਅੰਤਹਕਰਣ 'ਚ ਗ਼ੁਨਾਹ ਭਾਰੀ ਪੈਣ ਲਗਦਾ ਪਰ ਕਾਮ ਦੀ ਤ੍ਰਿਪਤੀ ਉਸਨੂੰ ਇਸ ਤੋਂ ਮੁਕਤ ਕਰ ਦਿੰਦੀ ਹੈ। ਰੀਮੋਟ 'ਤੇ ਸਭੌਂਕੀ ਹੱਥ ਵੱਜਣ ਨਾਲ ਟੀਵੀ 'ਤੇ ਦ੍ਰਿਸ਼ ਉਭਰਦਾ ਹੈ; "ਅਸੀਂ ਉਸ ਦੀ ਅੰਸ਼ ਹਾਂ ਜਿਸ ਨੇ ਸਾਨੂੰ ਪੈਦਾ ਕੀਤਾ। ਹਰ ਪ੍ਰਾਣੀ, ਹਰ ਜੀਵ ਉਸ ਵਿਸ਼ਾਲ ਸਮੁੰਦਰ ਦਾ ਕਤਰਾ ਹੈ ਤੇ ਇਸ ਕਤਰੇ ਨੇ ਉਸ ਸਮੁੰਦਰ ਵਿੱਚ ਸਮਾਅ ਜਾਣਾ ਹੈ।" ਮੱਧਵਰਗ ਆਪਣੇ ਸਾਰੇ ਗ਼ੁਨਾਹ ਧਰਮ ਦੀ ਸ਼ਰਣ 'ਚ ਬਖ਼ਸ਼ਾਅ ਲੈਣ ਦਾ ਆਦੀ ਹੈ। ਧਰਮ ਦੀ ਜ਼ੰਜੀਰ ਬੜੀ ਮਜ਼ਬੂਤ ਹੁੰਦੀ ਹੈ। ਫਰਾਂਸਿਸੀ ਦਾਰਸ਼ਨਿਕ ਜੀਨ ਜੈਕ ਰੂਸੋ ਆਪਣੀ ਕਿਤਾਬ (The Social Contract) ਵਿੱਚ ਲਿਖਦਾ ਹੈ ਕਿ ਇਨਸਾਨ ਅਜ਼ਾਦ ਪੈਦਾ ਹੁੰਦਾ ਹੈ ਪਰ ਹਰ ਥਾਂ ਜ਼ੰਜੀਰਾਂ 'ਚ ਜਕੜਿਆ ਜਾਂਦਾ ਹੈ।

'ਸ਼ੁਦਾਈ' ਕਹਾਣੀ ਵਿੱਚ ਸਮਾਜ ਦੇ ਮੱਧਵਰਗ ਦੀ ਖੇਖਣ ਅਤੇ ਭੇਖ ਦੀ ਪ੍ਰਵਿਰਤੀ ਨੂੰ ਬਿਰਤਾਂਤ ਦੇ ਕੇਂਦਰ 'ਚ ਰੱਖਿਆ ਹੈ। ਸ਼ੁਦਾਈ ਬਚਨਾ ਸ਼ਹਿਰ 'ਚ ਕਈ ਵਰ੍ਹਿਆਂ ਤੋਂ ਲਾਵਾਰਿਸ ਅਤੇ ਲਾਚਾਰ ਜ਼ਿੰਦਗੀ ਮੰਗ ਤੰਗ ਕੇ ਬਤੀਤ ਕਰ ਰਿਹਾ ਹੈ। ਆਖ਼ਰੀ ਦਿਨਾਂ ਵਿੱਚ ਉਹ ਸਿਨਮੇ ਦੇ ਮੂਹਰੇ ਬੈਠੇ ਹਣਸੂ ਮੋਚੀ ਕੋਲ ਬੈਠ ਆਪਣਾ ਸਮਾਂ ਟਪਾਉਂਦਾ ਹੈ। ਹਣਸੂ ਮੋਚੀ ਉਸਨੂੰ ਰੋਟੀ ਪਾਣੀ ਦਿੰਦਾ ਤੇ ਕਦੇ ਕਦੇ ਭਰੀ ਸਿਗਰਟ ਵੀ ਪਿਆ ਦਿੰਦਾ। ਬਚਨੇ ਸ਼ੁਦਾਈ ਦੀ ਮੌਤ 'ਤੇ ਸਾਰਾ ਬਾਜ਼ਾਰ ਬੰਦ ਰਿਹਾ। ਸ਼ਹਿਰੀਆਂ ਤੇ ਵਿਓਪਾਰੀਆਂ ਵੱਲੋਂ ਉਸਦਾ ਦੁਸ਼ਾਲੇ ਪਾ ਕੇ ਭਾਰੀ 'ਕੱਠ ਕਰ ਬੈਂਡ ਵਾਜਿਆਂ ਨਾਲ ਬਬਾਣ ਕੱਢਿਆ ਜਾਂਦਾ ਹੈ। ਉਸਦੀ ਮੜ੍ਹੀ 'ਤੇ ਦੁੱਧ ਚੜਾਉਣ ਦੀਆਂ ਗੱਲਾਂ ਹੋਣ ਲਗਦੀਆਂ ਹਨ। ਇਸ ਸਾਰੀ ਚਹਿਲ ਪਹਿਲ ਵਿੱਚ ਹਣਸੂ ਮੋਚੀ ਕਿਤੇ ਅੰਦਰੋਂ ਉਦਾਸ ਹੈ। ਬਲੀਜੀਤ ਇਸ ਕਹਾਣੀ 'ਚ ਮੱਧਵਰਗ ਦੇ ਯਥਾਰਥ ਨੂੰ ਫੜਦਾ ਹੈ ਜਿਸ ਦਾ ਖ਼ਾਸਾ ਹੈ ਕਿ ਉਹ ਬੰਦੇ ਦੀ ਜਿਉਂਦੇ ਜੀਅ ਨਹੀਂ ਬਲਕਿ ਮਰ ਜਾਣ 'ਤੇ ਦਿਖਾਵਟੀ ਹੰਝੂ ਬਹਾ ਮਨ ਪਰਚਾਵਾ ਕਰਦਾ ਹੈ।

'ਇਬਾਰਤਾਂ' ਕਹਾਣੀ ਸੰਗ੍ਰਹਿ ਦੀ ਕਹਾਣੀ 'ਖ਼ੁਸ਼ੀ' ਵਿੱਚ ਮੱਧ ਵਰਗੀ ਬੰਦੇ ਦੀਆਂ ਨਿੱਜੀ, ਪਰਿਵਾਰਕ ਅਤੇ ਸਮਾਜਿਕ ਆਰਥਿਕ ਯਥਾਰਥ ਨੂੰ ਬਿਰਤਾਂਤਕਤਾ ਪ੍ਰਦਾਨ ਕੀਤੀ ਗਈ ਹੈ। ਸਤੀਸ਼ ਮੱਧ ਵਰਗੀ ਵਿਓਪਾਰੀ ਹੈ ਜਿਸਦੇ ਪਰਿਵਾਰ 'ਚ ਮਾਂ, ਪਤਨੀ ਕਾਂਤਾ ਅਤੇ ਬੇਟੇ ਬੰਟੀ ਤੋਂ ਇਲਾਵਾ ਧੀ ਮੋਨਾ ਹੈ ਜੋ ਬਹੁ ਪ੍ਰਕਾਰ ਦੀਆਂ ਬੀਮਾਰੀਆਂ ਨਾਲ ਗ੍ਰਸਤ ਹੈ। ਸਤੀਸ਼ ਨੂੰ ਉਸ ਨਾਲ ਮੋਹ ਵੀ ਤੇ ਉਹ ਮੋਨਾ ਬਾਰੇ ਅਕਸਰ ਚਿੰਤਤ ਰਹਿੰਦਾ ਹੈ। ਧੀ ਪੁੱਤ ਦੀ ਪੜ੍ਹਾਈ ਨੂੰ ਲੈ ਕੇ ਵੀ ਉਹ ਫ਼ਿਕਰਮੰਦ ਰਹਿੰਦਾ। ਜੋਤਸ਼ੀਆਂ ਕੋਲੋਂ ਇਨ੍ਹਾਂ ਦੇ ਨਿਵਾਰਣ ਲਈ ਉਪਾਅ ਪੁੱਛਦਾ ਰਹਿੰਦਾ ਜੋ ਕਿ ਮੱਧ ਵਰਗੀ ਬੰਦੇ ਦੀ ਅਸੁਰੱਖਿਆ ਦੀ ਭਾਵਨਾ ਦਾ ਖ਼ਾਸਾ ਹੈ। ਦਾਦੀ ਹਰ ਵੇਲੇ ਅਗਿਆਤ ਗ਼ੈਬੀ ਸ਼ਕਤੀਆਂ ਮੂਹਰੇ ਪ੍ਰਾਰਥਨਾ ਕਰਦੀ ਤੇ ਹਰ ਵੇਲੇ ਗੁਰੂਦੇਵ ਗੁਰੂਦੇਵ ਉਚਾਰਦੀ ਰਹਿੰਦੀ ਹੈ ਅਤੇ ਦੇਵੀ ਦੇਵਤਿਆਂ ਦੀਆਂ ਫੋਟੋਆਂ ਮੂਹਰੇ ਮੱਥਾ ਟੇਕਦੀ ਰਹਿੰਦੀ ਹੈ, ਜੋ ਕਿ ਫਿਰ ਮੱਧਵਰਗੀ ਕੰਮਜ਼ੋਰ ਮਾਨਸਿਕਤਾ ਦਾ ਪ੍ਰਤੀਕ ਹੈ। ਇਨ੍ਹਾਂ ਸਭ ਸੰਕਟੀ ਯਥਾਰਥ ਸਥਿਤੀਆਂ ਵਿੱਚ ਸਤੀਸ਼ ਆਪਣੇ ਧੰਦੇ ਦਾ ਮਾਹਿਰ ਹੈ। ਉਸਨੂੰ ਧੰਦੇ ਦੇ ਹਰ ਰਾਜ਼ ਦਾ ਪਤੈ ਅਤੇ ਉਹ ਹਰ ਗੁਰ ਦਾ ਜਾਣੂ ਹੈ। ਰੋਜ਼ ਰਾਤ ਅਹਾਤੇ 'ਚ ਬੈਠ ਯਾਰਾਂ ਨਾਲ ਸ਼ਰਾਬ ਪੀਣ ਤੇ ਕਬਾਬ ਛਕਣ ਦੌਰਾਨ ਸ਼ਹਿਰ ਦੀਆਂ ਧੰਦੇਬਾਜ਼ ਔਰਤਾਂ ਬਾਰੇ ਗੱਲਾਂ ਕਰਨਾ ਉਸਦਾ ਰੋਜ਼ਾਨਾ ਦਾ ਮਾਮੂਲ ਹੈ। ਪਤਨੀ ਨਾਲ ਉਸਦੇ ਕਾਮ ਸਬੰਧ ਵੀ ਠੀਕ ਠੀਕ ਹੀ ਹਨ। ਕਹਾਣੀ ਦੀ ਅੰਤਲੀ ਸਥਿਤੀ 'ਚ ਮੋਨਾ ਤੇਜ਼ ਬੁਖ਼ਾਰ ਦੀ ਹਾਲਤ 'ਚ ਨਿਰੰਤਰ

ਦੁਹਰਾਅ ਰਹੀ ਹੈ; "ਮੰਮੀ ਡੈਡੀ ਖ਼ੁਸ਼ ਰਹੇ।" ਇਹ ਜਾਪ ਹੌਲ਼ੀ ਹੌਲ਼ੀ ਧੀਮਾ ਹੁੰਦਾ ਜਾਂਦਾ ਹੈ। ਇਸ ਸਥਿਤੀ 'ਚ ਪਾਠਕ ਇਹ ਸੋਚਣ ਲਈ ਮਜ਼ਬੂਰ ਹੋ ਜਾਂਦਾ ਹੈ ਕਿ ਮੱਧ ਵਰਗੀ ਬੰਦੇ ਦੀ ਖ਼ੁਸ਼ੀ ਆਖ਼ਿਰ ਕਿੱਥੇ ਹੈ?

ਕਹਾਣੀ 'ਜੁੱਤੀ' ਵੀ ਮੱਧਵਰਗੀ ਬੰਦੇ ਦੇ ਜੀਵਨ ਦੀਆਂ ਭਾਵਨਾਤਮਕ, ਸੰਵੇਦਨਾਤਮਕ ਅਤੇ ਮਾਨਸਿਕ ਪਰਤਾਂ ਦਾ ਕਠੋਰ ਸਮਾਜਿਕ ਸਭਿਆਚਰਕ ਯਥਾਰਥ ਨਾਲ ਦਵੰਦ ਅਤੇ ਉਸ ਤੋਂ ਨਿਜਾਤ ਪਾਉਣ ਦੀ ਕਸ਼ਮਕਸ਼ ਦਾ ਬਿਰਤਾਂਤ ਹੈ। ਅਖ਼ਬਾਰ ਨਵੀਸ ਦਰਦੀ ਸਾਹਿਬ ਦਾ ਬੇਟਾ ਕਰਨ ਪੜ੍ਹਾਈ 'ਚ ਨਾਲਾਇਕ ਅਤੇ ਆਪਣੀ ਸਹਿਪਾਠਣ ਮਾਨਸੀ ਦੇ ਇਸ਼ਕ 'ਚ ਮੁਬਤਿਲਾਅ ਹੈ। ਜ਼ਾਹਿਰ ਹੈ ਕਰਨ ਦਾ ਇਸ਼ਕ ਇਕਤਰਫ਼ਾ ਹੈ ਜੋ ਮੱਧ ਵਰਗ ਦਾ ਖ਼ਾਸਾ ਹੈ ਕਿਉਂ ਕਿ ਸਮਾਜ ਵਿੱਚ ਕੁੜੀ ਨੂੰ ਚਾਹਤ ਦਾ ਇਜ਼ਹਾਰ ਕਰਨਾ ਗਵਾਰਾ ਨਹੀਂ। ਦਰਦੀ ਸਾਹਿਬ ਜੋਤਸ਼ੀਆਂ ਕੋਲ ਕਰਨ ਦੇ ਉਪਾਅ ਲਈ ਭਟਕਦੇ ਫਿਰਦੇ ਹਨ ਪਰ ਕਰਨ ਦੇ ਸ਼ਨੀ ਸੰਕਟ ਦਾ ਕੋਈ ਹੱਲ ਨਹੀਂ ਹੁੰਦਾ। ਕਰਨ ਮਾਨਸੀ ਨੂੰ ਆਪਣੀ ਚਾਹਤ ਪ੍ਰਗਟਾਉਣ ਲਈ ਕਈ ਹੱਥ ਕੰਡੇ ਵਰਤਦਾ ਹੈ। ਇਕ ਦਿਨ ਕਾਲਜ ਦੇ ਰਾਹ ਵਿੱਚ ਮਾਨਸੀ ਨੂੰ ਰੋਕ ਲੈਂਦਾ। ਸ਼ਿਕਾਇਤ ਕਾਲਜ ਦੇ ਪ੍ਰਿੰਸੀਪਲ ਤੱਕ ਪਹੁੰਚਦੀ ਹੈ। ਕਰਨ ਨੂੰ ਤਾੜਨਾ ਕਰ ਕੇ ਛੱਡ ਦਿੱਤਾ ਜਾਂਦਾ। ਉਸੇ ਦਿਨ ਕਾਲਜ 'ਚ ਪੜ੍ਹਦੀ ਸੁਨਿਆਰਿਆਂ ਦੀ ਖ਼ੂਬਸੂਰਤ ਕੁੜੀ ਆਪਣੀ ਨਾਕਾਮ ਮੁਹੱਬਤ ਕਾਰਨ ਦਰਿਆ ਦੇ ਪੁੱਲ ਤੋਂ ਛਾਲ ਮਾਰ ਖੁਦਕੁਸ਼ੀ ਕਰ ਲੈਂਦੀ ਹੈ। ਘਟਨਾ ਦਾ ਪਤਾ ਉਸਦੀ ਪਿੱਛੇ ਛੱਡੀ ਗਈ ਜੁੱਤੀ ਤੋਂ ਲਗਦਾ ਹੈ। ਕਰਨ ਨੇ ਵੀ ਮਾਨਸੀ ਤੋਂ ਇਲਾਵਾ ਕਿਸੇ ਹੋਰ ਨਾਲ ਮੁਹੱਬਤ ਨਹੀਂ ਕੀਤੀ। ਕੁਝ ਸਾਲਾਂ ਬਾਅਦ ਮਾਨਸੀ ਦਾ ਵਿਆਹ ਹੋ ਜਾਂਦਾ। ਉਹ ਬਾਲ ਬੱਚਿਆਂ ਵਾਲੀ ਹੋਣ ਕਾਰਣ ਮੋਟੀ ਤੇ ਬੇ ਪਾਛਾਣ ਹੋ ਜਾਂਦੀ ਹੈ। ਇਕ ਦਿਨ ਉਹ ਕਿਸੇ ਹੋਟਲ 'ਚ ਕਰਨ ਨੂੰ ਦਿਸਦੀ ਹੈ। ਕਰਨ ਨੂੰ ਉਸਦੀਆਂ ਅੱਖਾਂ 'ਚ ਜੋ ਕੁਝ ਪੜ੍ਹ ਜੋ ਖ਼ਿਆਲ ਆਉਂਦਾ ਹੈ ਜਿਸ ਨਾਲ ਕਹਾਣੀ ਦਾ ਬੜਾ ਹੀ ਅਮੂਰਤ ਤੇ ਅਸਪੱਸ਼ਟ ( obscure) ਅੰਤ (cliff hanger) ਬਣਦਾ ਹੈ ਜੋ ਇਸ ਕਹਾਣੀ ਨੂੰ ਹੋਰ ਪੜ੍ਹਨ ਯੋਗ ਬਣਾਉਂਦਾ ਹੈ; "ਮਾਨਸੀ ਨੇ ਇਕ ਬਹੁਤ ਵੱਡਾ ਅਹਿਸਾਨ ਉਸ 'ਤੇ ਕਰ ਦਿੱਤਾ ਸੀ। ਉਸ ਨੇ ਮਾਨਸੀ ਨੂੰ ਪਿਆਰ ਕੀਤਾ ਸੀ। ਮਾਨਸੀ ਨਾਲ ਜ਼ਿੰਦਗੀ ਜਿਊਣ ਦੇ ਸੁਪਨੇ ਲਏ ਸਨ। ਮਾਨਸੀ ਨੇ ਉਸਨੂੰ ਮੁਹੱਬਤ ਨਹੀਂ ਸੀ ਕੀਤੀ। ਮਾਨਸੀ ਨੇ ਉਸਦੇ ਸਾਹਮਣੇ ਕਿਸੇ ਨੂੰ ਵੀ ਪਿਆਰ ਨਹੀਂ ਸੀ ਕੀਤਾ। ਕਿਸੇ ਨੂੰ ਵੀ ਨਹੀ। ਨਹੀਂ ਤਾਂ ...।"

ਬਲੀਜੀਤ ਦੀ ਕਹਾਣੀ 'ਡਰ' 'ਚ ਮੈਂ ਪਾਤਰ ਦੇ ਮਨ 'ਚ ਬੰਦੇ ਦੇ ਕਤਲ ਅਤੇ ਬੱਕਰੇ ਦੇ ਝਟਕਾਉਣ ਨਾਲ ਪੈਦਾ ਹੋਏ ਡਰ ਪਿੱਛੇ ਕਾਰਜਸ਼ੀਲ ਮਨੋਵਿਗਿਆਨ 'ਤੇ ਆਧਾਰਿਤ ਮਨੋਭਾਵਾਂ ਦਾ ਬਿਰਤਾਂਤ ਸਿਰਜਿਆ ਗਿਆ ਹੈ। ਇਸ ਦਾ ਕਥਾ ਸਾਰ ਇਹ ਹੈ ਕਿ ਬੰਦੇ ਦੇ ਅੰਦਰ ਕਾਤਲ ਅਤੇ ਮਕਤੂਲ ਦੋਵੇਂ ਹੀ ਪੱਖ ਹੁੰਦੇ ਹਨ। ਬਾਪੂ ਦੇ ਕਾਤਲ ਡਰਾਈਵਰ ਨੂੰ ਪਛਾਣਦਾ ਮੈਂ ਪਾਤਰ ਆਪਣੇ ਅੰਦਰ ਵੀ ਇਕ ਕਾਤਲ ਬੈਠਾ ਮਹਿਸੂਸ ਕਰਨ ਲਗਦਾ ਹੈ। ਕਹਾਣੀ ਦੇ ਕਲਾਈਮੈਕਸ ਦਾ ਇਹ ਸੰਵਾਦ ਕਤਲ ਦੇ ਸਾਰੇ ਬਿਰਤਾਂਤ ਨੂੰ ਸਿਰ ਪਰਨੇ ਕਰ ਦਿੰਦਾ ਹੈ; ' 'ਇਹ ਬੰਦਾ' ਇਹ ਤਾਂ ਉਹੀ ਬੱਕਰੇ ਦੀ ਗਰਦਨ ਵੱਢਣ ਵਾਲਾ ਹੈ, ਗ਼ਰੀਬ ਮਜ਼੍ਹਬੀ। ਜੋ ਭੂਆ ਦੀ ਕੁੜੀ ਦੇ ਵਿਆਹ ਵਿੱਚ ਮੈਨੂੰ ਲਕੜਾਂ ਪਾੜਨ ਵਾਲਾ ਹਾਤੋ ਲੱਗਿਆ ਸੀ। ਸਿਰ ਝੁਕਾਈ ਬੈਠੇ ਦੇ ਰੋਟੀ ਮਸਾਂ ਸੰਘੋਂ ਲੰਘ ਰਹੀ ਸੀ। 'ਇਹੀ ਬੰਦਾ ਕਾਤਲ ਹੈ' ਮੇਰੇ ਅੰਦਰ ਬੈਠਾ ਕਾਤਲ ਮੈਨੂੰ ਕੁੱਦ ਕੁੱਦ ਪਵੇ। ਬਾਹਰ ਬੈਠਾ 'ਕਾਤਲ' ਅੰਦਰ ਵਾਲੇ ਕਾਤਲ ਤੋਂ ਬੇਖ਼ਬਰ ਸੀ। ਫਿਰ ਅਚਾਨਕ ਮੇਰੇ ਅੰਦਰ ਬੈਠਾ ਕਾਤਲ ਝੱਗੋ ਝੱਗ ਹੋ ਕੇ ਮੈਨੂੰ ਲਾਹਨਤਾਂ ਪਾਉਣ ਲੱਗ ਪਿਆ। ਪਾਈ ਗਿਆ। ਪਾਈ ਗਿਆ। ਹੁਣ ਤੱਕ ਪਾਈ ਜਾ ਰਿਹਾ ਹੈ।'

'ਏਨੀ ਕੁ ਬਾਤ' ਕਹਾਣੀ ਵਿੱਚ ਵੀ ਡਰ ਨਾਲ ਜੁੜੇ ਮਨੋਵਿਗਿਆਨ ਨੂੰ ਕਥਾ ਬਿਰਤਾਂਤ ਦਾ

ਆਧਾਰ ਬਣਾਇਆ ਹੈ। ਜਿਹੜਾ ਗੋਬਿੰਦਾ ਫੜ੍ਹਾਂ ਮਾਰਦਾ ਸੀ ਕਿ ਉਸਨੇ ਹੱਲਿਆਂ ਵਿੱਚ ਬੜੇ ਮੁਸਲਮਾਨ ਵੱਢੇ ਉਹ ਆਪਣੀਭੈਣ ਦੇ ਨਜਾਇਜ਼ ਬੱਚੇ ਨੂੰ ਜਦੋਂ ਕਿਸੇ ਟੋਭੇ ਵਿੱਚ ਸਿੱਟ ਆਉਂਦਾ ਤਾਂ ਆਪਣੇ ਨਾਲ ਡਰ ਤੇ ਖ਼ੌਫ਼ ਦਾ ਅਹਿਸਾਸ ਵੀ ਲੈ ਅਉਂਦਾ ਜੋ ਉਸਨੂੰ ਸੌਣ ਨਹੀਂ ਦਿੰਦਾ। ਕਹਾਣੀ ਦਾ ਆਖ਼ਰੀ ਸੰਵਾਦ ਕਥਾ ਨੂੰ ਹੋਰ ਪੜ੍ਹਨ ਯੋਗਤਾ ਪ੍ਰਦਾਨ ਕਰਦਾ ਹੈ; 'ਗੋਬਿੰਦਾ ਡਰਿਆ ਹੋਇਆ ਰਾਤ ਨੂੰ ਹੌਲੀ ਹੌਲੀ ਦੱਸਦਾ ਤਾ। ਕਹਿੰਦਾ : ਰੋਂਦੇ ਨੂੰ ਕੰਢੇ ਉਤੇ ਛੱਡ ਆਏ'। ਕਹਿੰਦਾ : 'ਕਿੰਨਾ ਸੁਨੱਖਾ ਤਾ'। ਕਹਿੰਦਾ : 'ਅਸੀਂ ਬੜਾ ਕਰੜਾ ਜਿਗਰਾ ਕਰਕੇ ਉਸ ਨੂੰ ਹੱਥੋਂ ਛੱਡਿਆ ਤੇ ਫੇਰ ਮੁੜ ਕੇ ਪਿਛਾਂਹ ਨਹੀਂ ਦੇਖਿਆ'।

'ਇਬਾਰਤਾਂ' ਕਹਾਣੀ ਸੰਗ੍ਰਹਿ ਵਿਚਲੀ ਕਹਾਣੀ 'ਮਿਰਚੀ' ਮੌਤ ਤੋਂ ਬਾਅਦ ਜੁੜੇ ਅਨੁਸ਼ਠਾਨਾਂ ਦੇ ਸਭਿਆਚਾਰਕ ਅਤੇ ਮਨੋਵਿਗਿਆਨਕ ਪਾਸਾਰਾਂ 'ਚੋਂ ਬੰਦੇ ਦੇ ਮਨੋਭਾਵਾਂ ਦੇ ਆਧਾਰ 'ਤੇ ਬਿਰਤਾਂਤ ਉਸਾਰਦੀ ਹੈ ਕਿ ਪੁਰਖਿਆਂ ਨੂੰ ਸਰਾਧਾਂ ਦੇ ਦਿਨਾਂ 'ਚ ਜਾਂ ਜਿਸ ਦਿਨ ਉਨ੍ਹਾਂ ਦੀ ਮੌਤ ਹੋਈ ਉਸ ਤਾਰੀਕ 'ਚ ਉਨ੍ਹਾਂ ਦਾ ਪਸੰਦੀਦਾ ਭੋਜਨ ਤਿਆਰ ਕਰ ਉਨ੍ਹਾਂ ਨੂੰ ਯਾਦ ਕੀਤਾ ਜਾਵੇ। ਕਹਾਣੀ ਵਿੱਚ ਬਾਪੂ ਆਪਣੇ ਪਿਓ ਦੀ ਮੌਤ 'ਤੇ ਸਰਾਧ ਕਰ ਕੋਠੇ 'ਤੇ ਕਾਵਾਂ ਨੂੰ ਹਾਕਾਂ ਮਾਰ ਮਾਰ ਬੁਲਾਉਂਦਾ ਹੈ ਕਿ ਆਉ ਤੇ ਭੋਜਨ ਛਕੋ। ਉਸ ਨੂੰ ਅਚਾਨਕ ਚੇਤੇ ਆਉਂਦਾ ਹੈ ਕਿ ਪਿਉ ਨੂੰ ਹਰੀ ਮਿਰਚ ਬੜੀ ਪਸੰਦ ਸੀ। ਬਾਪੂ ਮੈਂ ਪਾਤਰ ਨੂੰ ਚੌਂਕੇ 'ਚੋਂ ਹਰੀ ਮਿਰਚ ਲਿਆਉਣ ਲਈ ਕਹਿੰਦਾ ਹੈ। ਇਸ ਕਹਾਣੀ 'ਚ ਮਿਰਚ ਦੇ ਰੂਪਕ ਰਾਹੀਂ ਜੀਵਨ ਨਾਲ ਜੁੜੀ ਤੰਦ ਨੂੰ ਫੜਨ ਦਾ ਯਤਨ ਕੀਤਾ ਗਿਆ ਹੈ; 'ਮੇਰੇ ਸ਼ੇਰਾਂ ਵਰਗੇ ਦੋ ਪੁੱਤ ਹਨ। ਪਰ ਮੈਂ ਸ਼ਮਸ਼ਾਨ ਘਾਟ ਵਰਗੀ ਚੁੱਪ 'ਚ ਸੁਆਲੀਆ ਨਿਗ੍ਹਾ ਨਾਲ ਆਪਣੇ ਪਿਆਰੇ ਬੇਟੇ ਨੂੰ ਦੇਖਦਾ ਹਾਂ।" ...", "ਮਿਰਚੀ ਹੈ ਡੈਡੀ। ਹਰੀ ਮਿਰਚੀ"।

'ਇਬਾਰਤਾਂ' ਕਹਾਣੀ ਹਥਿਆਰ-ਅਸਲਾ ਸਭਿਆਚਾਰ ਪਿੱਛੇ ਕਾਰਜਸ਼ੀਲ ਮਨੋਵਿਗਿਆਨ ਨੂੰ ਚੇਤਨਾ ਪ੍ਰਵਾਹ ( Stream of consciousness) ਅਤੇ ਜਾਦੂਈ ਯਥਾਰਥ (Magical realism ) ਦੀ ਜੁਗਤ ਨਾਲ ਪ੍ਰਗਟਾਉਂਦੀਆਂ ਕਈ ਪਾਤਰਾਂ ਜਿਵੇਂ ਥਾਣੇਦਾਰ, ਫੌਜੀ, ਗੈਂਗਸਟਰਆ ਦੇ ਨਾਲ ਜੁੜੀਆਂ ਸੁਪਨਈ ਯਥਾਰਥ ਦੀ ਸਥਿਤੀਆਂ ਦਾ ਸਮੂਹਿਕ ਬਿਰਤਾਂਤ ਹੈ ਜਿਸ ਵਿੱਚ ਅੰਬ ਤੇ ਹੱਥ ਗੋਲ਼ਾ ਇਕ ਦੂਜੇ ਦੀ ਥਾਂ ਲੈ ਲੈਂਦੇ ਹਨ, ਕੁੜੀ ਦੀ ਕਾਲੀ ਗੁੱਤ ਗੱਡੀਆਂ ਦੇ ਕਾਫ਼ਿਲੇ 'ਚ ਬਦਲ ਜਾਂਦੀ ਹੈ, ਬੈਟ ਬੰਦੂਕ ਵਿੱਚ ਵੱਟ ਜਾਂਦਾ ਹੈ ਅਤੇ ਕਾਤਿਲ ਅਤੇ ਮਕਤੂਲ 'ਚ ਕੋਈ ਫ਼ਰਕ ਨਹੀਂ ਰਹਿ ਜਾਂਦਾ। ਇਸ ਦੀ ਸ਼ਾਹਦੀ ਕਹਾਣੀਆਂ ਦਾ ਆਖ਼ਰੀ ਸੰਵਾਦ ਭਰਦਾ ਹੈ; "ਅੱਜ ਤੱਕ ਕਿੰਨੇ ਮਾਰੇ?" "ਗਿਣੇ ਨਹੀਂ" "ਤੈਨੂੰ ਕਿਸੇ ਨਹੀਂ ਮਾਰਿਆ ?" " ..." ਉਸਦੀ ਸਿਆਣਪ 'ਤੇ ਰਸ਼ਕ ਆਇਆ। "ਤੈਨੂੰ ਪਤਾ ਤੂੰ ਮੁਜਰਿਮ ਏਂ?" "ਹਾਂ" "ਇਕ ਗੋਲੀ ਹਮੇਸ਼ਾ ਬਚਾ ਕੇ ਰੱਖੀਂ ! !... ਸੁਣਿਆ ਤੂੰ ?" "ਅੱਛਿਆ, ਪਰ ਕਿਓਂ?" "ਆਪਣੇ ਵਾਸਤੇ...।"

'ਅੱਧੀ ਛੁੱਟੀ ਪੂਰੀ ਛੁੱਟੀ' ਕਹਾਣੀ ਬਾਲ ਮਨੋਵਿਗਿਆਨ ਦੀਆਂ ਪਰਤਾਂ 'ਚ ਬੈਠੇ ਭਰਾ ਦੇ ਭੈਣ ਪ੍ਰਤੀ ਮੋਹ ਅਤੇ ਜੀਭ ਦੇ ਸਵਾਦ ਅਤੇ ਸੰਤੁਸ਼ਟੀ ਵਿਚਲੇ ਦਵੰਦ ਦੇ ਆਧਾਰ 'ਤੇ ਉਸਾਰਿਆ ਬਿਰਤਾਂਤ ਹੈ। ਘਰੋਂ ਮਿਲੀ ਦੁਆਨੀ ਚੁਆਨੀ ਨਾਲ ਦੋਵੇਂ ਭੈਣ ਭਰਾ ਸਕੂਲੇ ਅੱਧੀ-ਸਾਰੀ ਛੁੱਟੀ ਸਮੇਂ ਮਰੁੰਡਾ ਖਰੀਦ ਖਾਂਦੇ ਹਨ ਪਰ ਮਾਤਰਾ ਘੱਟ ਹੋਣ ਕਾਰਨ ਸੰਤੁਸ਼ਟੀ ਨਹੀਂ ਹੁੰਦੀ। ਬਸੰਤ ਪੰਚਮੀ ਵਾਲੇ ਦਿਨ ਮੁੰਡੇ ਨੂੰ ਪਿਓ ਤੋਂ ਇਕ ਰੁਪਇਆ ਮਿਲਦਾ ਹੈ। ਅੱਸੀ ਪੈਸਿਆਂ ਦੀ ਗੁੱਡੀ ਡੋਰ ਖ਼ਰੀਦ ਕੇ ਉਡਾਉਂਦਾ ਹੈ ਤੇ ਹੱਥਲੀ ਪਤੰਗ ਭੈਣ ਦੇ ਹੱਥ ਫੜਾ ਬਾਬੇ ਦੀ ਹੱਟੀ ਤੋਂ ਇਮਲੀ ਖ਼ਰੀਦਣ ਜਾਂਦਾ ਹੈ। ਰਾਹ 'ਚ ਆਉਂਦਿਆਂ ਬਹੁਤ ਜ਼ਬਤ ਦੇ ਬਾਵਜੂਦ ਉਹ ਜੀਭ ਦੇ ਸਵਾਦ ਮੂਹਰੇ ਹਾਰ ਜਾਂਦਾ ਹੈ ਤੇ ਹੌਲ਼ੀ ਹੌਲ਼ੀ ਸਾਰੀ ਇਮਲੀ ਚਟਮ ਕਰ ਜਾਂਦਾ ਹੈ ਪਰ ਜਦ ਭੈਣ ਕੋਲ ਪਹੁੰਚਦਾ ਹੈ ਤਾਂ ਮੂੰਹ ਵਿਚਲੀ ਗਿਟਕ ਉਪਰਲੇ ਫੋਲਕ ਦਾ ਟੁੱਕੜਾ ਭੈਣ ਦੇ

ਮੂੰਹ ਵਿੱਚ ਦੇ ਦਿੰਦਾ ਹੈ। ਭੈਣ ਭਰਾ ਦਾ ਪਿਆਰ ਅਤੇ ਤ੍ਰਿਪਤੀ ਦਾ ਇਹ ਦਵੰਦ ਬਾਲ ਮਨੋਵਿਗਿਆਨ ਦੀ ਭਾਸ਼ਾ 'ਚ ਬੜੀ ਸ਼ਿੱਦਤ ਨਾਲ ਪ੍ਰਗਟਾਇਆ ਗਿਆ ਹੈ।

'ਲਿਫ਼ਾਫ਼ੇ 'ਚ ਆਟਾ' ਕਹਾਣੀ ਮੱਧਵਰਗੀ ਪਰਿਵਾਰ ਦੀ ਜਿਊਣ ਥੀਣ ਨਾਲ ਜੁੜੇ ਸਮਾਜਿਕ, ਆਰਥਿਕ ਅਤੇ ਅਸਤਿੱਤਵੀ ਮਸਲੇ ਅਤੇ ਨਾਲ ਹੀ ਨਾਲ ਮਨੋਵਿਗਿਆਨਕ ਪੱਧਰ 'ਤੇ ਦਬਿਤ ਕਾਮ ਅਕਾਂਖਿਆਵਾਂ ( libidinal desires) ਕਾਰਣ ਪੈਦਾ ਅਤ੍ਰਿਪਤੀਆਂ ਅਤੇ ਦੁਬਿਧਾਵਾਂ ਦਾ ਬਿਰਤਾਂਤ ਹੈ ਜੋ ਭੂਤ ਅਤੇ ਵਰਤਮਾਨ ਨਾਲ ਜੁੜੇ ਜੀਵਨ ਪ੍ਰਸੰਗਾਂ ਅਤੇ ਘਟਨਾਵਾਂ ਰਾਹੀਂ ਸਭਿਆਚਰਕ ਦ੍ਰਿਸ਼ਾਂ ਦੀ ਭਾਸ਼ਾ 'ਚ ਪੇਸ਼ ਹੁੰਦਾ ਹੈ। 'ਲਿਫ਼ਾਫ਼ੇ 'ਚ ਆਟਾ' ਦਰਅਸਲ ਬੰਦੇ 'ਤੇ ਆਉਣ ਵਾਲੇ ਸਮਿਆਂ 'ਚ ਪੈਣ ਵਾਲੀਆਂ ਜ਼ਿੰਮੇਵਾਰੀਆਂ ਦਾ ਰੂਪਕੀ ਪ੍ਰਗਟਾਵਾ ਹੈ। ਜਦੋਂ ਕਹਾਣੀ ਦਾ ਮੈਂ ਪਾਤਰ ਘਰ 'ਚ ਕਈ ਡੰਗਾਂ ਲਈ ਬਣੇ ਸਾਗ ਅਤੇ ਮੱਕੀ ਦੀ ਰੋਟੀ ਬਾਰੇ ਟਿੱਪਣੀ ਕਰਦਾ ਹੈ ਤਾਂ ਉਸਦਾ ਪਿਓ ਕਹਿੰਦਾ ਹੈ; "ਸਾਲਾ ਫੋਸ ਦਾ। ਅਜੇ ਤਾਂ ਮਾਂ ਬਾਪ ਦੇ ਸਿਰ 'ਪਰ ਐਸ਼ ਕਰਦਾ .ਤੂੰ। ਪਤਾ ਲੱਗੂ ਜਦ ਆਪ ਸਭ ਕੁਸ਼ ਕਰਨਾ ਪਊ। ਕਮਾਉਣਾ, ਪਕਾਉਣਾ ਪਊ। ਜਦ ਲਿਆਏ ਕਰੂੰਗਾ ਮੱਕੀ ਦਾ ਆਟਾ, ਬਜ਼ਾਰ ਤੋਂ ਲਫਾਫੇ 'ਚ। ਪੁੱਤ ਮੇਰਿਆ ਫੇਰ ਪਤਾ ਲੱਗੂ"।

'ਮਰੂਤੀ' ਕਹਾਣੀ ਵੀ ਮੱਧ ਵਰਗੀ ਬੰਦੇ ਦੀ ਮੈਂ ਅਤੇ ਉਸਦੀ 'ਸ਼ੈਡੋ ਮੈਂ' ਦੇ ਦਵੰਦੀ ਅਤੇ ਸਹਿ ਸਬੰਧੀ ਰਿਸ਼ਤੇ ਅਤੇ ਉਸਦੇ ਮਨ ਅੰਦਰਲੀਆਂ ਇੱਛਾਵਾਂ ਦੀ ਪੂਰਤੀ ਦੇ ਯਤਨਾਂ ਨਾਲ ਪੈਦਾ ਹੋਈਆਂ ਸਮੱਸਿਆਵਾਂ ਦਾ ਬਿਰਤਾਂਤ ਹੈ। ਮਰੂਤੀ ਕਾਰ ਖ਼ਰੀਦਣ ਦਾ ਚਾਅ ਅਤੇ ਉਸ ਤੋਂ ਬਾਅਦ ਪੈਦਾ ਹੋਏ ਦਬਾਅ ਕਾਰਨ ਮੈਂ ਪਾਤਰ ਬੀਮਾਰ ਹੋ ਕੇ ਹਸਪਤਾਲ 'ਚ ਅਪਰੇਸ਼ਨ ਹੋਣ ਤੱਕ ਦੀ ਸਥਿਤੀ 'ਚ ਅਪੜ ਜਾਂਦਾ ਹੈ। ਹਸਪਤਾਲ 'ਚੋਂ ਬਾਹਰ ਆ ਜਦ ਉਹ ਕਾਰ ਦੇ ਸ਼ੀਸ਼ੇ 'ਚੋਂ ਆਪਣਾ ਚਿਹਰਾ ਦੇਖਦਾ ਹੈ ਤਾਂ ਹੈਰਾਨ ਹੋ ਜਾਂਦਾ ਹੈ ਕਿ ਉਮਰ ਚਾਲੀ ਸਾਲ ਦੀ ਹੈ ਤੇ ਚਿਹਰਾ ਸੱਠ ਸਾਲ ਦਾ ਲਗਦਾ ਹੈ।

ਬਲੀਜੀਤ ਦੀਆਂ ਇਨ੍ਹਾਂ ਦੋ ਸੰਗ੍ਰਿਹਾਂ ਵਿਚਲੀਆਂ ਕਹਾਣੀਆਂ ਦੀ ਪੜ੍ਹਤ ਤੋਂ ਇਹ ਸਥਾਪਿਤ ਹੁੰਦਾ ਹੈ ਕਿ ਉਸ ਦੀ ਕਥਾਕਾਰੀ ਆਪਣੇ ਪ੍ਰਮਾਣਿਕ ਜੀਵਨ ਅਨੁਭਵਾਂ 'ਚੋਂ ਪੈਦਾ ਹੋਈ ਕਥਾ ਭਾਸ਼ਾ ਦੀ ਬਣਤ ਤੇ ਬੁਣਤ ਕਾਰਣ ਉਸਨੂੰ ਪੰਜਾਬੀ ਕਹਾਣੀ ਜਗਤ ਵਿੱਚ ਨਿਵੇਕਲਾ ਅਤੇ ਵਿਲੱਖਣ ਮੁਹਾਂਦਾਰਾ ਪ੍ਰਦਾਨ ਕਰਦੀ ਹੈ। ਪੁਆਧੀ ਦੀ ਆਂਚਲਿਕ ਪੁੱਠ ਕਹਾਣੀਆਂ ਨੂੰ ਹੋਰ ਪੜ੍ਹਨ ਯੋਗਤਾ ਪ੍ਰਦਾਨ ਕਰਦੀ ਹੈ। ਉਸਨੇ ਬਹੁਤ ਥੋੜ੍ਹਾ ਲਿਖਿਆ ਪਰ ਜਿੰਨਾ ਵੀ ਲਿਖਿਆ ਉਸ ਨੂੰ ਪੜ੍ਹੇ ਬਿਨਾਂ ਛੱਡ ਸਕਣਾ ਕਿਸੇ ਵੀ ਪ੍ਰਬੁੱਧ ਪਾਠਕ ਲਈ ਕਠਿਨ ਹੈ। ਭਾਵੇਂ ਕਿ ਸਮਕਾਲੀ ਕਹਾਣੀ ਆਲੋਚਕਾਂ ਨੇ ਉਸਦੀਆਂ ਕਹਾਣੀਆਂ ਨਹੀਂ ਗੌਲ਼ੀਆਂ ਪਰ ਪੰਜਾਬੀ ਕਹਾਣੀ ਦੇ ਪਾਠਕ ਇਨ੍ਹਾਂ ਕਹਾਣੀਆਂ ਦਾ ਮੁੱਲ ਪਾਉਣਗੇ।

(**ਸੰਪਰਕ-8283948811, mmsingh_63@rediff.com)**


## *'ਕਹਾਣੀ ਧਾਰਾ' ਦੀ ਵੈਬਸਾਇਟ ਤੇ ਇਹ ਅੰਕ ਵੀ ਪੜ੍ਹੋ*

***'ਕਹਾਣੀ ਧਾਰਾ' ਨੂੰ ਛਪਦਿਆਂ 16 ਸਾਲ ਪੂਰੇ ਹੋ ਗਏ ਹਨ। ਅਸੀਂ ਹੁਣ ਤੱਕ ਕਹਾਣੀ ਧਾਰਾ ਦੇ 67 ਅੰਕ ਪ੍ਰਕਾਸ਼ਤ ਕਰ ਚੁੱਕੇ ਹਾਂ। ਇਸ ਦੇ ਸਾਰੇ ਅੰਕ PDF 'ਚ ਤਿਆਰ ਕਰਕੇ ਇਸ ਦੀ ਵੈਬਸਾਇਟ 'ਤੇ ਪਾ ਦਿੱਤੇ ਹਨ। ਤੁਸੀਂ ਗੂਗਲ ਸਰਚ ਇੰਜਨ 'ਤੇ ਜਾ ਕੇ : kahani Dhara ਕਲਿੱਕ ਕਰੋ। Parwaz Parkashan ਦੀ ਵੈਬਸਾਇਟ ਨਾਲ 'kahani Dhara' ਦਾ ਵੈਬ ਪੇਜ਼ ਵੀ ਜੁੜਿਆ ਹੋਇਆ ਹੈ। ਤੁਸੀਂ Parwaz Parkashan ਦੀ ਵੈਬਸਾਇਟ ਖੋਲ੍ਹ ਕੇ ਵੀ 'ਕਹਾਣੀ ਧਾਰਾ' ਦੇ ਪੁਰਾਣੇ ਅੰਕ ਨੰ. 1- 67 ਤੱਕ ਡਾਊਨਲੋਡ ਕਰ ਸਕਦੇ ਹੋ। ਇਸ ਵੈਬਸਾਈਟ 'ਚ ਗਲਪ ਨੂੰ ਸਮਰਪਤ 'ਸੁਰ ਸਾਂਝ' ਦੇ ਪੰਜ ਅੰਕ ਪਹਿਲਾਂ ਦਿਸਣਗੇ ਉਪਰੰਤ 'ਕਹਾਣੀ ਧਾਰਾ' ਦੇ 1 ਤੋਂ 67 ਅੰਕ ਦਿਸ ਪੈਣਗੇ। 'ਨਵਾਂ ਅੰਕ ਵੀ ਵੈਬ ਪੇਜ਼ ਤੋਂ ਡਾਊਨਲੋਡ ਕਰ ਸਕਦੇ ਹੋ। - ਸੰਪਾਦਕ***

# ਆਲੋਚਨਾ

## ਬਸਤੀਵਾਦ ਤੋਂ ਉੱਤਰ ਬਸਤੀਵਾਦ ਤੱਕ ਦੇ ਪੰਜਾਬ ਵਿੱਚ ਨਾਬਰੀ ਦਾ ਬਿਰਤਾਂਤ: ਅਬ ਜੂਝਣ ਕਾ ਦਾਉ

- ਡਾ. ਜੇ. ਬੀ. ਸੇਖੋਂ




ਅਤਰਜੀਤ ਪੰਜਾਬੀ ਕਹਾਣੀ ਦੇ ਉਨ੍ਹਾਂ ਸਿਰਜਕਾਂ ਵਿੱਚ ਸ਼ੁਮਾਰ ਹੈ, ਜਿਨ੍ਹਾਂ ਨੇ ਦਲਿਤ ਭਾਵ ਬੋਧ ਵਾਲੀ ਕਹਾਣੀ ਨੂੰ ਰੁਮਾਂਸਿਕ ਮੁਹਾਵਰੇ ਵਿੱਚੋਂ ਬਾਹਰ ਕੱਢ ਕੇ ਚਿੰਤਨ ਕੇਂਦਰਿਤ ਕਥਾ ਪਰੰਪਰਾ ਨਾਲ ਜੋੜਿਆ। ਅਤਰਜੀਤ ਨੇ ਵਿਹੜਿਆਂ ਦੇ ਕਰੂਰ ਜੀਵਨ ਯਥਾਰਥ ਵਿੱਚ ਹਾਸ਼ੀਅਤ ਸਥਿਤੀ ਭੋਗਦੇ ਵਰਗਾਂ ਦੀ ਪੀੜਾਂ ਪਰੁੰਨੀ ਸੰਵੇਦਨਾ ਯਥਾਰਥਵਾਦੀ ਦ੍ਰਿਸ਼ਟੀਕੋਣ ਤੋਂ ਨਸ਼ਰ ਕੀਤੀ। ਅਤਰਜੀਤ ਦਾ ਪਹਿਲਾ ਕਹਾਣੀ ਸੰਗ੍ਰਿਹ 'ਮਾਸ ਖੋਰੇ' 1973 ਵਿੱਚ ਛਪਦਾ ਹੈ ਜਿਸ ਪਿੱਛੋਂ 2017 ਵਿੱਚ ਕਥਾ ਸੰਗ੍ਰਿਹ 'ਅੰਦਰਲੀ ਔਰਤ' ਪ੍ਰਕਾਸ਼ਿਤ ਹੁੰਦਾ ਹੈ। ਇਨ੍ਹਾਂ 44 ਸਾਲਾਂ ਦੌਰਾਨ ਪੰਜਾਬੀ ਸਮਾਜ ਜਿਨ੍ਹਾਂ ਤਬਦੀਲੀਆਂ ਅਤੇ ਵਿਸੰਗਤੀਆਂ ਵਿੱਚੋਂ ਗੁਜ਼ਰਦਾ ਹੈ। ਉਸਦਾ ਸਿੱਧਾ ਅਸਿੱਧਾ ਪ੍ਰਗਟਾਵਾ ਅਤਰਜੀਤ ਦੀ ਕਹਾਣੀ ਦੇ ਅੰਗ ਸੰਗ ਤੁਰਦਾ ਹੈ। ਇਸ ਦੌਰਾਨ ਪੰਜਾਬ ਦੀ ਕਮਿਊਨਿਸਟ ਲਹਿਰ ਦੀਆਂ ਪ੍ਰਾਪਤੀਆਂ ਤੇ ਟੁੱਟ ਭੱਜ, ਕੌਮੀ ਰਾਜਨੀਤੀ ਵਿੱਚ ਖੇਤਰੀ ਪਾਰਟੀਆਂ ਦੇ ਉਭਾਰ, ਨਕਸਲਵਾੜੀ ਲਹਿਰ ਦੀ ਚੜਤ ਤੇ ਪਤਨ, ਹਰੀ ਕ੍ਰਾਂਤੀ ਦੀ ਅੱਖਾਂ ਚੁੰਧਿਆਂਦੀ ਖੁਸ਼ਹਾਲੀ ਤੇ ਮਗਰਲੇ ਖੇਤੀ ਸੰਕਟ, ਦੇਸ਼ ਵਿੱਚ ਐਮਰਜੈਂਸੀ, ਅਪਰੇਸ਼ਨ ਬਲਿਊ ਸਟਾਰ, ਪੰਜਾਬ ਸੰਕਟ, ਜਾਇਜ਼ ਨਜਾਇਜ਼ ਪਰਵਾਸ ਅਤੇ ਵਿਸ਼ਵੀਕਰਨ ਦੀਆਂ ਨੀਤੀਆਂ ਤੋਂ ਪੈਦਾ ਗੜਬੜੀਆਂ ਪੰਜਾਬ ਦੇ ਸਮਾਜਿਕ ਸਭਿਆਚਾਰਕ 'ਤੇ ਅਸਰ ਅੰਦਾਜ਼ ਹੁੰਦੇ ਪਹਿਲੂ/ਘਟਨਾਵਾਂ ਹਨ। ਅਤਰਜੀਤ ਆਪਣੀ ਕਹਾਣੀ ਵਿੱਚ ਆਜ਼ਾਦੀ ਪਿੱਛੋਂ ਦੇ ਪੰਜਾਬੀ ਸਮਾਜ ਦੀਆਂ ਖੰਡਿਤ ਪ੍ਰਾਪਤੀਆਂ ਅਤੇ ਬੇਤਰਤੀਬੀਆਂ ਨੂੰ ਸਮਾਜਿਕ ਦਰਜੇਬੰਦੀ ਵਿੱਚ ਹੇਠਲੇ ਡੰਡੇ 'ਤੇ ਬੈਠੀਆਂ ਧਿਰਾਂ ਦੇ ਪ੍ਰਸੰਗ ਵਿੱਚ ਉਜਾਗਰ ਕਰਦਾ ਹੈ। ਉਹ ਪੰਜਾਬ ਦੇ ਦਿਹਾਤੀ ਸਮਾਜ ਦੇ ਦਿਸਦੇ ਸੰਕਟਾਂ ਦੇ ਨਾਲ ਨਾਲ ਸਮਾਜਿਕ ਤਹਿ ਵਿੱਚ ਸੁਲਘਦੀਆਂ ਜਾਤੀ ਜਮਾਤੀ ਪੇਚੀਦਗੀਆਂ ਨੂੰ ਬਹੁਤ ਸਸ਼ੱਕਤ ਲਹਿਜ਼ੇ ਵਿੱਚ ਰੂਪਮਾਨ ਕਰਦਾ ਹੈ। ਅਤਰਜੀਤ ਦੇ ਪ੍ਰਵੇਸ਼ ਨਾਲ ਤੀਜੇ ਪੜਾਅ ਦੀ ਕਹਾਣੀ ਵਿੱਚ ਔਰਤ ਮਰਦ ਸੰਬੰਧਾਂ ਅਤੇ ਨਿਮਨ ਕਿਸਾਨੀ ਦੇ ਸੰਕਟਾਂ ਦੇ ਸਮਾਨਅੰਤਰ ਦਲਿਤ ਚਿੰਤਨ-ਚੇਤਨਾ ਦਾ ਵੱਖਰਾ ਪੋਚ ਆਪਣੀ ਸੁਤੰਤਰ ਪਛਾਣ ਸਥਾਪਿਤ ਕਰਦਾ ਹੈ। ਉਹ ਮਰਦਾਵੀਂ ਸੱਤਾ, ਸਾਮੰਤਵਾਦੀ ਮਾਨਸਿਕਤਾ ਅਤੇ ਆਪਮੁਹਾਰੀ ਵਿੱਤੀ ਪੂੰਜੀ ਦੇ ਤ੍ਰਿਵੇਣੇਂ ਸੰਕਟਾਂ ਵਿੱਚ ਘਿਰੀਆਂ

ਦਮਿਤ ਧਿਰਾਂ ਦੇ ਬੋਲਾਂ ਨੂੰ ਆਪਣੇ ਕਥਾ ਬਿਰਤਾਂਤ ਵਿੱਚ ਪੂਰੇ ਵੇਗ ਤੇ ਊਰਜਾ ਨਾਲ ਦਰਜ ਕਰਦਾ ਹੈ। ਸਥਾਪਿਤ ਮਾਨਤਾਵਾਂ ਵਿੱਚ ਆਪਣੀ ਸੁਤੰਤਰ ਹਸਤੀ ਲਈ ਸੰਘਰਸ਼ ਰੱਤੇ ਦਲਿਤ ਜੀਵਨ ਯਥਾਰਥ ਨੂੰ ਅਤਰਜੀਤ ਨੇ ਅਖੌਤੀ ਮਾਨਵਵਾਦ ਦੇ ਰੇਸ਼ਮੀ ਦੁਸ਼ਾਲਿਆਂ ਵਿੱਚ ਢੱਕਣ ਦੀ ਥਾਂ ਇਸਦੇ ਵਿਦਰੋਹੀ, ਚਿੰਤਨੀ ਅਤੇ ਉਗਰ ਰੂਪ ਵਿੱਚ ਸਪਲੀਮੈਂਟ ਕੀਤਾ ਹੈ। ਸਮਤਾ ਭਰੇ ਸਮਾਜ ਦੇ ਸੁਪਨੇ ਦਾ ਬੀਜ ਉਸਦੇ ਕਥਾ ਚਿੰਤਨ ਵਿੱਚ ਗਹਿਰਾ ਉਤਰਿਆ ਹੋਇਆ ਹੈ। ਇਸ ਮੰਤਵ ਸਿੱਧੀ ਲਈ ਉਹ ਸਮਾਜ ਦੀਆਂ ਦਲ਼ੀਆਂ ਧਿਰਾਂ ਨੂੰ ਤਾਰਕਿਕ ਚਿੰਤਨ, ਵਿਗਿਆਨਕ ਚੇਤਨਾ ਅਤੇ ਬਾਹਰਮੁੱਖੀ ਜੀਵਨ ਦ੍ਰਿਸ਼ਟੀ ਦੀ ਸੋਝੀ ਨਾਲ ਹੀ ਆਪਣੇ ਕਥਾ ਸੰਸਾਰ ਵਿੱਚ ਉਲੀਕਦਾ ਹੈ। ਇਸ ਨਾਲ ਤੀਜੇ ਪੜਾਅ ਦੀ ਪੰਜਾਬੀ ਕਹਾਣੀ ਦੇ ਬਹੁਪਾਸਾਰੇ ਸੁਭਾਅ ਵਿੱਚ ਅਤਰਜੀਤ ਦਲਿਤ ਵਸਤੂ ਵੇਰਵਿਆਂ ਦੇ ਸਤਹੀ ਚਿਤਰਨ ਦੀ ਥਾਂ ਦਲਿਤ ਅਵਚੇਤਨ ਦਾ ਭਾਰੂ ਰੂਪ ਪੇਸ਼ ਕਰਦਾ ਹੈ। ਉਸਦੀ ਕਹਾਣੀ ਦਲਿਤ ਵਸਤੂ ਯਥਾਰਥ ਨੂੰ ਲਕੀਰੀ, ਇਕਹਿਰੇ ਅਤੇ ਇਕਾਂਗੀ ਰੂਪ ਵਿੱਚ ਪੇਸ਼ ਕਰਨ ਦੀ ਥਾਂ ਆਪਣੇ ਬਹੁਪਾਸਾਰੀ ਕਲੇਵਰ ਵਿੱਚ ਦਲਿਤ ਜੀਵਨ ਪਿੱਛੇ ਕਾਰਜਸ਼ੀਲ ਵਰਤਾਰਿਆਂ ਦੀ ਤਹਿ ਤੱਕ ਜਾਣ ਦਾ ਉੱਦਮ ਕਰਦੀ ਹੈ।

ਅਤਰਜੀਤ ਨੇ ਕਹਾਣੀ ਸਿਰਜਣ ਤੋਂ ਇਲਾਵਾ ਬਾਲ ਸਾਹਿਤ ਦੇ ਖੇਤਰ ਵਿੱਚ ਬਾਲ ਕਹਾਣੀ ਤੇ ਵਾਰਤਕ ਜਿਹੇ ਰੂਪਾਕਾਰਾਂ ਦੁਆਰਾ ਬਾਲ ਬੁੱਧ ਵਿਵੇਕ ਨੂੰ ਵਿਗਿਆਨਕ ਦ੍ਰਿਸ਼ਟੀ ਨਾਲ ਜੋੜਨ ਦੇ ਉੱਦਮ ਕੀਤੇ ਹਨ। ਉਸਦਾ ਬਾਲ ਸਾਹਿਤ ਅਸੰਭਵ ਕਲਪਨਾ ਦੇ ਘੇਰੇ ਵਿੱਚ ਵੀ ਤਰਕ ਅਤੇ ਬੌਧਿਕਤਾ ਦੀ ਜ਼ਮੀਨ ਤਲਾਸ਼ਦਾ ਹੈ। ਆਪਣੀ ਸਵੈ ਜੀਵਨੀ 'ਅੱਕ ਦਾ ਦੁੱਧ' ਦੁਆਰਾ ਉਹ ਵਰਗੀ ਸਮਾਜ ਵਿੱਚ ਅੱਕ ਚੱਬ ਕੇ ਜੀਉਣ ਵਾਲੇ ਆਪਣੇ ਸੰਘਰਸ਼ਸ਼ੀਲ ਜੀਵਨ ਸਫ਼ਰ ਨੂੰ ਪੇਸ਼ ਕਰਦਾ ਹੈ। ਇਸ ਤੋਂ ਇਲਾਵਾ ਉਸਨੇ ਖੋਜ ਅਤੇ ਸੰਪਾਦਨਾ ਦੇ ਖੇਤਰ ਵਿੱਚ ਵੀ ਵਿਚਾਰਨਯੋਗ ਹਾਜ਼ਰੀ ਲਗਾਈ ਹੈ। ਇੰਝ ਅਤਰਜੀਤ ਪੰਜਾਬੀ ਸਾਹਿਤ ਦਾ ਬਹੁਵਿਧਾਵੀ ਲੇਖਕ ਹੈ ਪਰ ਉਸਦੀ ਮੁੱਖ ਪਛਾਣ ਦਲਿਤ ਕਹਾਣੀਕਾਰ ਵੱਜੋਂ ਹੈ। ਜਿਹੜੇ ਲੇਖਕ ਆਪਣੀਆਂ ਸਵੈ ਜੀਵਨੀਆਂ ਕਰਕੇ ਪਾਠਕਾਂ ਵਿੱਚ ਵਿਸ਼ੇਸ਼ ਤੌਰ 'ਤੇ ਪ੍ਰਵਾਨੇ ਜਾਂਦੇ ਹਨ ਉਨ੍ਹਾਂ ਵਿੱਚ ਵੀ ਅਤਰਜੀਤ ਦਾ ਨਾਮ ਸ਼ੁਮਾਰ ਹੈ। ਇਹ ਉਸਦੇ ਸਿਰਜਣਾਤਮਿਕ ਸਾਹਿਤ ਦੀਆਂ ਉੱਘੀਆਂ ਪ੍ਰਾਪਤੀਆਂ ਹਨ।

ਵਿਚਾਰ ਅਧੀਨ ਪੁਸਤਕ **'ਅਬ ਜੂਝਣ ਕਾ ਦਾਉ'** (**ਪ੍ਰਕਾਸ਼ਕ : ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ, ਬਠਿੰਡਾ, ਮੁੱਲ : 250 ਰੁਪਏ, ਪੰਨੇ : 418, ਸਾਲ : 2022**) ਦੁਆਰਾ ਅਤਰਜੀਤ ਪੰਜਾਬੀ ਨਾਵਲ ਨਿਗਾਰੀ ਦੇ ਖੇਤਰ ਵਿੱਚ ਪ੍ਰਵੇਸ਼ ਕਰਦਾ ਹੈ। ਇਹ ਵੱਡਆਕਾਰੀ ਨਾਵਲੀ ਬਿਰਤਾਂਤ ਸਿੱਖ ਰਾਜ ਦੇ ਪਤਨ ਤੋਂ ਹੁਣ ਤੱਕ ਦੇ ਲਗਭਗ 175 ਸਾਲਾਂ ਦੇ ਇਤਿਹਾਸਕ ਅੰਤਰਾਲ 'ਤੇ ਫੈਲਿਆ ਹੋਇਆ ਹੈ। ਇਸ ਕਾਲ ਖੰਡ ਵਿੱਚ ਬਰਤਾਨਵੀ ਸ਼ਾਸ਼ਨ ਅਧੀਨ ਪੰਜਾਬ ਦੇ ਸਮਾਜਿਕ ਸਭਿਆਚਾਰ 'ਤੇ ਪੈਂਦੇ ਪ੍ਰਭਾਵ, ਬਸਤੀਵਾਦ ਦੇ ਵਿਰੋਧ ਵਿੱਚ ਉੱਠੀਆਂ ਆਜ਼ਾਦੀ ਲਹਿਰਾਂ ਅਤੇ ਦੇਸ਼ ਦੀ ਵੰਡ ਤੋਂ ਬਾਅਦ ਪੰਜਾਬੀ ਬੰਦੇ ਦੇ ਖੰਡਿਤ ਤੇ ਅਧੂਰੇ ਸਪਨਿਆਂ ਦਾ ਬਿਰਤਾਂਤ ਭਾਰੂ ਹੈ। ਇਸ ਦੌਰਾਨ ਅਤਰਜੀਤ ਦਾ ਗਲਪੀ ਫੋਕਸ ਪੰਜਾਬੀ ਬੰਦੇ ਦੇ ਉਸ ਸੰਘਰਸ਼ 'ਤੇ ਕੇਂਦਰਿਤ ਹੈ ਜਿਹੜਾ ਉਸਨੇ ਬਸਤੀਵਾਦ ਤੋਂ ਉੱਤਰ ਬਸਤੀਵਾਦ ਤੱਕ ਦੇ ਇਤਿਹਾਸਕ ਅੰਤਰਾਲ ਵਿੱਚ ਸਮੇਂ ਸਮੇਂ 'ਤੇ ਸੱਤਾ ਦੇ ਦਮਨ ਵਿਰੁੱਧ ਵਿੱਢਿਆ। ਇਸ ਸੰਘਰਸ਼ ਦੀਆਂ ਵਿਸੰਗਤੀਆਂ, ਕਮਜ਼ੋਰੀਆਂ ਅਤੇ ਪ੍ਰਾਪਤੀਆਂ ਦਾ ਲੇਖਾ ਜੋਖਾ ਕਰਨ ਲਈ ਅਤਰਜੀਤ ਇਸ ਨਾਵਲੀ ਪ੍ਰਵਚਨ ਦੀ ਸਿਰਜਣਾ ਕਰਦਾ ਹੈ। ਨਾਵਲ ਨੂੰ ਪੰਜਾਬ ਦੇ ਇਤਿਹਾਸ ਦੇ ਵਿਸ਼ੇਸ਼ ਕਾਲ ਖੰਡ (1849) ਦੀ ਪੰਜਾਬੀ ਉਦਾਸੀ ਤੇ ਮਾਯੂਸੀ ਤੋਂ ਆਰੰਭ ਕਰਕੇ ਵਰਤਮਾਨ ਦੌਰ ਦੀਆਂ ਬੇਤਰਤੀਬੀਆਂ ਤੱਕ ਪੇਸ਼ ਕਰਦਿਆਂ ਅਤਰਜੀਤ ਇਤਿਹਾਸ ਦੀ ਲਿਖਤੀ ਸਮੱਗਰੀ ਨੂੰ ਵੱਡੇ ਸਰੋਤ

ਵੱਜੋਂ ਪ੍ਰਯੋਗ ਕਰਦਾ ਹੈ।ਨਾਵਲ ਵਿੱਚ 1849 ਤੋਂ ਬਾਅਦ ਦੇ ਪੰਜਾਬ ਦਾ ਦ੍ਰਿਸ਼ ਪੇਸ਼ ਕਰਦਾ ਦੁਆਬੇ ਦੀ ਧਰਤੀ ਨੂੰ ਛੱਡ ਕੇ ਮਾਲਵੇ ਵੱਲ ਜਾ ਰਹੇ ਇਕ ਪਰਿਵਾਰ ਦੇ ਜੀਵਨ ਸਫ਼ਰ ਨੂੰ ਚਿਤਰਦਾ ਹੈ, ਇਸ ਪਰਿਵਾਰ ਦੀਆਂ ਤਿੰਨ-ਚਾਰ ਪੀੜ੍ਹੀਆਂ ਨੂੰ ਵਰਤਮਾਨ ਦੇ ਪੰਜਾਬ ਤੱਕ ਫੈਲਾ ਕੇ ਲੇਖਕ ਇਸ ਨਾਵਲੀ ਸੰਗਠਨ ਨੂੰ ਰੌਚਿਕ ਤੇ ਪੜ੍ਹਨਯੋਗ ਬਣਾਉਣ ਦਾ ਯਤਨ ਕਰਦਾ ਹੈ।ਨਾਵਲ ਵਿੱਚ ਉਕਤ ਪਰਿਵਾਰ ਦਾ ਇਹ ਜੀਵਨ ਸਫ਼ਰ ਬਸਤੀਵਾਦੀ ਪੰਜਾਬ ਤੋਂ ਉੱਤਰ ਬਸਤੀਵਾਦੀ ਪੰਜਾਬ ਦੇ ਸਫ਼ਰ ਦੀ ਝਾਕੀ ਸਿਰਜਣ ਦਾ ਉਪਰਾਲਾ ਕਰਦਾ ਹੈ।ਨਾਵਲ ਵਿੱਚ ਪੰਜਾਬੀ ਸੁਭਾਅ ਦੀ ਸੱਤਾ ਦੇ ਦਮਨ ਤੋਂ ਨਾਬਰ ਅਤੇ ਵਿਦਰੋਹੀ ਖ਼ਸਲਤ ਦਾ ਇਤਿਹਾਸਕ ਪ੍ਰਵਾਹ ਪੇਸ਼ ਹੋਇਆ ਹੈ।ਇਸਦੇ ਦੇ ਨਾਲ ਨਾਲ ਪੰਜਾਬੀ ਬੰਦੇ ਦਾ ਹਰ ਧਰਤੀ ਤੇ ਹਰ ਸਥਿਤੀ ਤੋਂ ਉੱਖੜ ਕੇ ਦੂਜੀਆਂ ਥਾਵਾਂ 'ਤੇ ਮੁੜ ਪੁੰਗਰਨ ਤੇ ਨਵੀ ਜੀਵਨ ਰੌਅ ਵਿੱਚ ਢਲਣ ਦਾ ਬਿਰਤਾਂਤ ਵੀ ਰੂਪਮਾਨ ਹੁੰਦਾ ਹੈ। ਨਾਵਲ ਦੀ ਕੇਂਦਰੀ ਵਿਚਾਰਧਾਰਕ ਸੁਰ ਮਨੁੱਖ ਦੇ ਪ੍ਰਤੀਕੂਲ ਸਥਿਤੀਆਂ ਵਿੱਚ ਵੀ ਜੂਝਣ ਅਤੇ ਸੰਘਰਸ਼ ਕਰਨ ਦੇ ਮੋਟਿਫ਼ ਨਾਲ ਜੁੜੀ ਹੈ। ਮੱਧਕਾਲ ਦੇ ਮਹਾਨ ਚਿੰਤਕ ਭਗਤ ਕਬੀਰ ਦੇ ਸ਼ਲੋਕ "ਗਗਨ ਦਮਾਮਾ ਬਾਜਿਓ . . ." ਦੀ ਕਾਵਿ ਪੰਕਤੀ '**ਅਬ ਜੂਝਣ ਕੋ ਦਾਉ**' ਦੇ ਸਿਰਲੇਖ ਅਧੀਨ ਰਚਿਆ ਇਹ ਨਾਵਲ ਪੰਜਾਬੀ ਬੰਦੇ ਦੇ ਜੁਝਾਰੂ ਅਤੇ ਨਾਬਰ ਸੁਭਾਅ ਨੂੰ ਜ਼ਿੰਦਗੀ ਦੇ ਰਣ ਖੇਤਰ ਵਿੱਚ ਜੂਝ ਮਰਨ ਦੀ ਭਾਵਨਾ ਨਾਲ ਉਤਰਨ ਦੇ ਗਲਪੀ ਸੰਦੇਸ਼ ਵਾਲਾ ਹੈ। ਭਗਤ ਕਬੀਰ ਆਪਣੇ ਇਸ ਸ਼ਲੋਕ ਵਿੱਚ ਬੇਸ਼ੱਕ ਦੁਨਿਆਵੀ ਰਣਖੇਤਰ ਵਿੱਚ ਵਿਚਰਦਿਆਂ ਰੱਬੀ ਰਸਤੇ ਵਿੱਚ ਆਉਂਦੇ ਮਨੁੱਖੀ ਵਿਕਾਰਾਂ ਨਾਲ ਲੜਨ ਭਿੜਨ ਵਾਲੀ ਸੂਰਮਗਤੀ ਨੂੰ ਰੂਹਾਨੀ ਅਰਥਾਂ ਵਿੱਚ ਸੁਰਜੀਤ ਕਰਨ ਦੀ ਭਾਵਨਾ ਪੈਦਾ ਕਰਦਾ ਹੈ ਪਰ ਇਸ ਸ਼ਲੋਕ ਦੀ ਸਮੁੱਚੀ ਰੂਪਕ ਬਣਤਰ ਆਪਣੀ ਖਾੜਕੂ ਭਾਸ਼ਾ ਤੇ ਰੋਹੀਲੇ ਅਲੰਕਾਰਾਂ ਨਾਲ ਅਲੌਕਿਕਤਾ ਵਾਲੇ ਆਨੰਦ ਵਿਭੋਰ ਭਾਵਮੰਡਲ ਦੀ ਥਾਂ ਲੌਕਿਕਤਾ ਵਾਲੇ ਅਰਥ ਘੇਰਿਆਂ ਵਿੱਚ ਜ਼ਿਆਦਾ ਪ੍ਰਸੰਗਿਕ ਹੋ ਨਿਬੜਦੀ ਹੈ। ਅਤਰਜੀਤ ਆਪਣੇ ਨਾਵਲ ਦੇ ਸਿਰਲੇਖ ਤੋਂ ਅੰਤ ਤੱਕ ਪੰਜਾਬ ਦੀ ਧਰਤੀ 'ਤੇ ਸੱਤਾ ਦੇ ਦਾਬੂ ਚਰਿੱਤਰ ਖ਼ਿਲਾਫ਼ ਉੱਠੇ ਵਿਦਰੋਹੀ ਸੁਰਾਂ ਨੂੰ ਸਪਲੀਮੈਂਟ ਕਰਦਾ ਜ਼ਿੰਦਗੀ ਦੇ ਰਣ ਤੱਤੇ ਵਿੱਚ ਜੂਝਦੇ ਰਹਿਣ ਦੀ ਗਲਪੀ ਦ੍ਰਿਸ਼ਟੀ ਦਾ ਸੰਚਾਰ ਕਰਦਾ ਹੈ।

ਲੇਖਕ ਦਾ ਇਹ ਪਲੇਠਾ ਨਾਵਲ 1849 ਤੋਂ ਲੈ ਕੇ ਵਰਤਮਾਨ ਤੱਕ ਦੇ ਇਤਿਹਾਸਕ ਕਾਲ ਖੰਡ ਨੂੰ ਆਪਣੇ ਗਲਪੀ ਕਲੇਵਰ ਵਿੱਚ ਲੈਂਦਾ ਹੈ। 1849 ਤੋਂ ਬਾਅਦ ਦਾ ਸਮਾਂ ਪੰਜਾਬ ਵਿੱਚ ਸਾਮੰਤਵਾਦੀ ਸਿੱਖ ਰਾਜ ਦੇ ਖਾਤਮੇ ਅਤੇ ਅੰਗਰੇਜ਼ੀ ਸਾਮਰਾਜ ਦੀ ਪੂੰਜੀ ਪ੍ਰਧਾਨ ਬਸਤੀਵਾਦੀ ਵਿਵਸਥਾ ਦੇ ਸਥਾਪਤੀ ਦਾ ਸਮਾਂ ਹੈ। ਲੇਖਕ ਬਸਤਵਾਦੀ ਲੋੜਾਂ ਅਨੁਕੂਲ ਪੰਜਾਬ ਵਿੱਚ ਅੰਗਰੇਜ਼ਾਂ ਵੱਲੋਂ ਵਿਕਾਸ ਦੇ ਕੀਤੇ ਉਪਰਾਲਿਆਂ ਦੇ ਸਮੇਤ ਆਜ਼ਾਦੀ ਸੰਘਰਸ਼ ਲਈ ਉੱਠੀਆਂ ਲਹਿਰਾਂ ਅਤੇ ਆਜ਼ਾਦੀ ਤੋਂ ਉਪਰੰਤ ਪੰਜਾਬ ਦੀ ਖੁਸ਼ਹਾਲੀ ਦੇ ਸੁਪਨਿਆਂ ਦੀ ਤਿੜਕ ਨੂੰ ਸਮਕਾਲ ਤੱਕ ਫੈਲਾ ਕੇ ਪੇਸ਼ ਕਰਦਾ ਹੈ।ਨਾਵਲ ਦੀ ਕੇਂਦਰੀ ਸੁਰ ਪੰਜਾਬੀ ਬੰਦੇ ਦੇ ਉਸ ਜੁਝਾਰੂ ਖ਼ਾਸੇ ਨੂੰ ਪ੍ਰਗਟਾਉਣ ਵਿੱਚ ਹੈ ਜਿਹੜੀ ਬਿਖ਼ਮ ਸਥਿਤੀਆਂ ਵਿੱਚ ਵੀ ਜੀਉਣ ਥੀਣ ਦਾ ਹੀਲਾ ਹਰਬਾ ਜੋੜ ਲੈਂਦੀ ਹੈ।ਨਾਵਲ ਦੇ ਪਾਤਰ ਦੁਆਬੇ ਦੀਆਂ ਜੜ੍ਹਾਂ ਤੋਂ ਉੱਖੜ ਕੇ ਮਲਵਈ ਆਂਚਲਿਕਤਾ ਵਿੱਚ ਮੁੜ ਪੁੰਗਰ ਪੈਂਦੇ ਹਨ। ਉਹ ਸਿੱਖ ਰਾਜ ਦੀਆਂ ਬਰਕਤਾਂ ਨੂੰ ਝੂਰਦੇ ਬਸਤੀਵਾਦੀ ਸ਼ਾਸਕਾਂ ਦੀਆਂ ਸਾਮਰਾਜੀ ਨੀਤੀਆਂ ਦਾ ਪ੍ਰਤਿਉੱਤਰ ਦਿੰਦੇ ਆਪਣੀ ਸੁਤੰਤਰ ਹਸਤੀ ਨਾਲ ਸਮਝੌਤਾ ਨਹੀਂ ਕਰਦੇ।ਆਜ਼ਾਦੀ ਦੇ ਸੁਪਨੇ ਦੀ ਤਿੜਕ ਅਤੇ ਮਨੁੱਖੀ ਗੁਲਾਮੀ ਦੇ ਨਵੇਂ ਸੁਪਨੇ ਦੇਖ ਕੇ ਇਨ੍ਹਾਂ ਪਾਤਰ ਦੀ ਅਗਲੀ ਪੀੜ੍ਹੀ 'ਕਾਲੇ ਅੰਗਰੇਜ਼ਾਂ' ਦੀਆਂ ਨੀਤੀਆਂ ਵਿਰੁੱਧ ਮੋਰਚੇ ਗੱਡ ਲੈਂਦੀ ਹੈ। ਸੱਤਾ ਦੇ ਹਰ ਹਰਬੇ ਖ਼ਿਲਾਫ਼ ਮਨੁੱਖੀ ਹਿੰਮਤ ਤੇ ਸੰਘਰਸ਼ ਦੀਆਂ ਇਹ ਪਹਿਲ ਕਦਮੀਆਂ ਨਾਵਲੀ

ਪ੍ਰਵਚਨ ਦਾ ਕੇਂਦਰ ਹਨ।

ਨਾਵਲੀ ਬਿਰਤਾਂਤ ਦੇ ਆਰੰਭ ਵਿੱਚ ਬਸਤੀਵਾਦੀ ਸ਼ਾਸਕਾਂ ਅਤੇ ਪਿੰਡ ਦੀ ਸੂਦਖੋਰ ਸਰਮਾਏਦਾਰੀ ਦੇ ਸਤਾਏ[1] ਨਿਮਨ ਕਿਸਾਨੀ ਤੇ ਸੀਰੀ ਜੀਵਨ ਭੋਗਦੇ ਪਾਤਰ ਰੂੜਾ, ਸੱਦੋ, ਕਾਰਾ, ਤਾਰਾ, ਰਾਮੂ, ਸੰਤੂ, ਘੀਲਾ, ਸਾਂਭੋ, ਫੱਗਾ, ਗੇਂਦਾ ਆਦਿ ਦਾ ਕਾਫ਼ਲਾ ਦੁਆਬਾ ਦੇ ਪਿੰਡ ਮੱਲੋ ਕੇ ਨੂੰ ਛੱਡ ਕੇ ਰਿਆਸਤ ਸੰਗਰੂਰ ਦਾ ਪਿੰਡ ਸੱਗੂਵਾਲ ਵਸਾਉਂਦੇ ਹਨ। ਆੜਤੀਆਂ ਦੇ ਕਰਜ਼, ਗੋਰੀ ਸਰਕਾਰ ਵੱਲੋਂ ਵਧਾਏ ਨਕਦ ਮਾਮਲੇ ਅਤੇ ਜਗੀਰਦਾਰਾਂ ਦੇ ਜ਼ੁਲਮਾਂ ਤੋਂ ਅੱਕੇ ਲੋਕ 'ਆਪਣੀਆਂ' ਰਿਆਸਤਾਂ ਦਾ ਓਟ ਆਸਰਾ ਲੈਣ ਲਈ ਇਸ ਉਜਾੜੇ ਦੀ ਪੀੜ ਹੰਢਾਉਂਦੇ ਦਰ ਬਦਰ ਹੁੰਦੇ ਹਨ। ਲੇਖਕ ਇਨ੍ਹਾਂ ਪਾਤਰਾਂ ਦੀ ਪੀੜ ਨੂੰ ਪੇਸ਼ ਕਰਦਿਆਂ ਮਾਲਵੇ ਦੇ ਰੇਤੀਲੇ ਟਿੱਬਿਆਂ, ਮਲ੍ਹੇ, ਝਾੜੀਆਂ ਅਤੇ ਮੀਂਹ ਅਧਾਰਿਤ ਖੇਤੀ ਦੀਆਂ ਚੁਣੌਤੀਆਂ ਦਾ ਬਿਰਤਾਂਤ ਵੀ ਸਿਰਜਦਾ ਹੈ। ਇਸ ਬਿਰਤਾਂਤਕੀ ਪਾਠ ਵਿੱਚ ਰਿਆਸਤੀ ਮਾਲਵੇ ਦੇ ਬਸਤੀਵਾਦੀ ਦੌਰ ਦੀ ਆਂਚਲਿਕਤਾ ਨੂੰ ਭਰਵੇਂ ਰੂਪ ਵਿੱਚ ਪੇਸ਼ ਕੀਤਾ ਹੈ। ਕਿਸਾਨਾਂ ਦੇ ਨਾਲ ਤੁਰੇ ਸੀਰੀ, ਸ਼ਿਲਪਕਾਰ ਅਤੇ ਪੇਸ਼ਾਵਰ ਧੰਦਿਆਂ ਦੇ ਕਾਮੇ ਉਸ ਦੌਰ ਦੇ ਪਿੰਡ ਦੀ ਆਤਮ ਨਿਰਭਰ ਇਕਾਈ ਨੂੰ ਦ੍ਰਿਸ਼ਟਮਾਨ ਕਰਦੇ ਹਨ। ਰਿਆਸਤੀ ਦੇਖ ਰੇਖ ਅਧੀਨ ਅੰਗਰੇਜ਼ ਸ਼ਾਸਕਾਂ ਦੀਆਂ ਨੀਤੀਆਂ ਦੁਆਰਾ ਜ਼ਮੀਨਾਂ ਆਬਾਦ ਕਰਨ, ਨਹਿਰਾਂ ਕੱਢਣ ਅਤੇ ਖੇਤੀ ਦੇ ਸੁਧਾਰ ਦੇ ਨਾਮ ਹੇਠ ਕੀਤੇ ਹੋਰ ਕੰਮਾਂ ਨਾਲ ਸੱਗੂਵਾਲ ਦਾ ਇਲਾਕਾ ਮੀਂਹ ਅਧਾਰਿਤ ਰਵਾਇਤੀ ਫ਼ਸਲਾਂ ਦੀ ਥਾਂ ਕਪਾਹ ਅਤੇ ਤੇਲ ਬੀਜਾਂ ਦੀ ਖੇਤੀ ਵੱਲ ਤੁਰਦਾ ਹੈ। ਇਸ ਦੌਰਾਨ ਪੰਜਾਬ ਦੀ ਧਰਤੀ 'ਤੇ ਆਜ਼ਾਦੀ ਦੀ ਲਹਿਰ ਦਾ ਬੀਜ ਬੀਜਣ ਵਾਲੀ ਸਤਿਗੁਰ ਰਾਮ ਸਿੰਘ ਦੀ ਅਗਵਾਈ ਹੇਠਲੀ ਕੂਕਾ ਲਹਿਰ ਜਨਮ ਲੈਂਦੀ ਹੈ। ਜਿਸਦਾ ਅਸਰ ਸੱਗੂਵਾਲ ਦੀਆਂ ਬਰੂਹਾਂ ਤੱਕ ਪੁੱਜ ਜਾਂਦਾ ਹੈ। ਨਾਮਧਾਰੀ ਲਹਿਰ ਦੀ ਵਿਚਾਰਧਾਰਾ ਵਿੱਚ ਪੰਥ ਦੇ ਰਾਜ ਪ੍ਰਤੀ ਹੇਰਵਾ, ਅੰਗਰੇਜ਼ ਹਾਕਮਾਂ ਪ੍ਰਤੀ ਨਾਬਰੀ ਅਤੇ ਬਸਤੀਵਾਦੀ ਸ਼ਾਸਕਾਂ ਦੇ ਸਮਾਂਨਅੰਤਰ ਆਪਣੀ ਸਰਕਾਰ ਸੰਚਾਲਿਤ ਕਰਨ ਦੀਆਂ ਦੇ ਵਸਤੂ ਵੇਰਵੇ ਨਾਵਲ ਵਿੱਚ ਨਾਮਧਾਰੀ ਬੁਲਾਰਿਆਂ ਦੀਆਂ ਤਕਰੀਰਾਂ ਵਿੱਚ ਪੇਸ਼ ਹੁੰਦੇ ਦਿਖਾਏ ਹਨ। ਨਾਵਲ ਵਿੱਚ ਕੂਕਾ ਲਹਿਰ ਦੀਆਂ ਪ੍ਰਾਪਤੀਆਂ ਨੂੰ ਲੋਕਾਂ ਵਿੱਚ ਅੰਗਰੇਜ਼ ਸ਼ਾਸਕਾਂ ਪ੍ਰਤੀ ਰੋਹ ਭਰਨ, ਦੇਸ਼ ਕੌਮ ਲਈ ਮਰ ਮਿਟਣ ਅਤੇ ਬਸਤੀਵਾਦੀ ਹਾਕਮਾਂ ਪ੍ਰਤੀ ਲੋਕਾਂ ਨੂੰ ਜਾਗਰਿਤ ਕਰਨ ਵੱਜੋਂ ਰਜਿਸਟਰ ਕੀਤਾ ਗਿਆ ਹੈ। ਨਾਵਲ ਵਿੱਚ ਨਾਮਧਾਰੀ ਮਾਨਸਿਕਤਾ ਦੀ ਪੁਜੀਸ਼ਨ ਤੋਂ ਅੰਗਰੇਜ਼ ਨੂੰ ਦੁੱਧ ਦੀ ਰਾਖੀ ਬੈਠੇ ਬਿੱਲੇ ਵਜੋਂ[2] ਅਤੇ ਦੇਸ਼ ਉਜਾੜਨ ਵਾਲੀ ਧਿਰ ਵੱਜੋਂ ਦੱਸਿਆ ਗਿਆ ਹੈ। ਲੇਖਕ ਨੇ ਆਜ਼ਾਦੀ ਲਹਿਰ ਵਿੱਚ ਮੁੱਢਲੀਆਂ ਜੁਝਾਰੂ ਤਨਜ਼ੀਮਾਂ ਵੱਜੋਂ ਅਹਿਮ ਭੂਮਿਕਾ ਨਿਭਾਉਣ ਵਾਲੀ ਕੂਕਾ ਲਹਿਰ ਦੀਆਂ ਪ੍ਰਾਪਤੀਆਂ ਦੇ ਗਲਪੀ ਪ੍ਰਸੰਗ ਸੱਗੂਵਾਲ, ਮੰਡੋਲੀ ਆਦਿ ਪਿੰਡਾਂ ਦੇ ਦਿਹਾਤੀ ਪਾਤਰਾਂ ਦੇ ਵਾਰਤਾਲਾਪ ਦੁਆਰਾ ਵਧੀਆ ਢੰਗ ਨਾਲ ਪੇਸ਼ ਕੀਤੇ ਹਨ। ਨਾਵਲ ਵਿੱਚ ਅੰਗਰੇਜ਼ ਸਲਤਨਤ ਵੱਲੋਂ ਆਪਣੇ ਹਿਤਾਂ ਦੀ ਸਲਾਮਤੀ ਲਈ ਜ਼ਮੀਨਾਂ ਆਬਾਦ ਕਰਨ, ਨਹਿਰਾਂ ਕੱਢਣ, ਹਲਵਾਹਕਾਂ ਨੂੰ ਜ਼ਮੀਨਾਂ ਦੇਣ, ਸਕੂਲ ਕਾਲਜ ਖੋਲ੍ਹਣ, ਛਾਪੇਖਾਨੇ ਵਿਕਸਤ ਕਰਨ, ਭਾਸ਼ਾ, ਸਾਹਿਤ, ਇਤਿਹਾਸ ਤੇ ਸਭਿਆਚਾਰ ਖੇਤਰ ਵਿੱਚ ਖੋਜ ਕਰਨ, ਅਖ਼ਬਾਰਾਂ ਛਾਪਣ ਸਮੇਤ ਇਸਾਈ ਮਿਸ਼ਨਰੀਆਂ ਵੱਲੋਂ ਧਰਮ ਪ੍ਰਚਾਰ ਦੇ ਅਨੇਕਾਂ ਬਿਰਤਾਂਤਕ ਵੇਰਵੇ ਨਾਵਲ ਵਿੱਚ ਨਸ਼ਰ ਹੁੰਦੇ ਹਨ। ਇਸ ਨਾਲ ਪੱਛਮ ਦੀ ਸੰਸਕ੍ਰਿਤੀ ਦਾ ਪੰਜਾਬੀ ਸਮਾਜ ਸੱਭਿਆਚਾਰ ਨਾਲ ਮਿਲਾਪ ਅਤੇ ਤਣਾਅ ਦੋਵੇਂ ਸਮਾਂਨਅੰਤਰ ਤੌਰ 'ਤੇ ਚੱਲਦੇ ਹਨ। ਸਿੰਘ ਸਭਾ ਲਹਿਰ ਦੇ ਸੰਗਠਨ ਦੇ ਮੰਤਵ ਬਾਰੇ ਸੱਗੂਵਾਲ ਦੇ ਲੋਕਾਂ ਨੂੰ ਪਿੰਡ ਵਿੱਚ ਪੁੱਜੇ ਸਿੱਖ ਪ੍ਰਚਾਰਕਾਂ ਤੋਂ ਪਤਾ ਲੱਗਦਾ ਹੈ ਕਿ ਬਸਤੀਵਾਦੀ ਸ਼ਾਸਨ ਦੇ ਹੋਰ ਵਿਸਥਾਰ ਲਈ ਇਸਾਈ ਮਿਸ਼ਨਰੀ ਆਪਣੇ ਧਰਮ ਦਾ ਪਾਸਾਰ ਕਰਕੇ ਸਿੱਖ ਧਰਮ ਨੂੰ ਸੰਨ੍ਹ ਲਾ ਰਹੇ ਹਨ ਜਿਸਦੇ ਸਿੱਟੇ

ਵੱਜੋਂ ਇਹ ਲਹਿਰ ਸਿੱਖਾਂ ਨੂੰ ਆਪਣੇ ਧਰਮ ਤੇ ਵਿਰਸੇ ਨਾਲ ਜੋੜਨ ਦੇ ਉਦੇਸ਼ ਨਾਲ ਆਰੰਭੀ ਗਈ ਹੈ। ਨਾਵਲਕਾਰ ਸਿੰਘ ਸਭਾ ਲਹਿਰ ਦਾ ਪ੍ਰਚਾਰ ਕਰਦੇ ਪ੍ਰਚਾਰਕਾਂ ਪ੍ਰਤੀ ਪਿੰਡ ਦੇ ਲੋਕਾਂ ਦੇ ਸਿੱਖ ਧਰਮ ਪ੍ਰਤੀ ਅਵੇਸਲੇਪਨ[3] ਨੂੰ ਇਤਰਾਜ਼ਯੋਗ ਵਾਰਤਾਲਾਪ ਵਿੱਚ ਪੇਸ਼ ਕਰਦਾ ਹੈ। ਲੇਖਕ ਸਿੰਘ ਸਭਾ ਲਹਿਰ ਦੇ ਲੋਕ ਮਨਾਂ ਤੇ ਪਏ ਪ੍ਰਭਾਵ ਨੂੰ ਮਕਾਨਕੀ ਢੰਗ ਨਾਲ ਪੇਸ਼ ਕਰਦਾ ਇਤਿਹਾਸਕ ਯਥਾਰਥ ਦੀ ਥਾਂ ਮਨ ਇੱਛਤ ਯਥਾਰਥ ਦੇ ਰਾਹ ਪੈ ਜਾਂਦਾ ਹੈ। ਇਸੇ ਤਰ੍ਹਾਂ ਦੇ ਅਨੇਕਾਂ ਟਪਲੇ ਅਤੇ ਵੱਖ-ਵੱਖ ਤਨਜ਼ੀਮਾਂ ਪ੍ਰਤੀ ਉਲਾਰ ਵਿਚਾਰ ਨਾਵਲ ਦੇ ਪਾਤਰਾਂ ਤੇ ਘਟਨਾਵਾਂ ਵਿੱਚ ਕਈ ਥਾਵਾਂ ’ਤੇ ਦਰਕਰਾਰ ਹਨ। ਉਹ ਸੱਗੂਵਾਲ ਤੇ ਮੰਡੋਲੀ ਸਮੇਤ ਹੋਰ ਪਿੰਡਾਂ ਵਿੱਚ ਹੁੰਦੇ ਸਿੱਖ ਦੀਵਾਨਾਂ, ਕਾਨਫਰੰਸਾਂ ਅਤੇ ਸਿੰਘ ਸਭਾ ਲਹਿਰ ਦੀਆਂ ਤਕਰੀਰਾਂ ਦਾ ਜ਼ਿਕਰ ਕਰਦਾ ਹੈ ਪਰ ਇਨ੍ਹਾਂ ਪਿੰਡਾਂ ਦੇ ਲੋਕਾਂ ਨੂੰ ਗੁਰੂ ਸਾਹਿਬਾਨਾਂ ਦੇ ਨਾਵਾਂ, ਸਿੱਖ ਅਰਦਾਸ, ਜੈਕਾਰੇ, ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਆਦਿ ਤੋਂ ਵੀ ਸੱਖਣੇ ਸਿੱਧ ਕਰਕੇ ਗ਼ਲਤ ਬਿਆਨਬਾਜ਼ੀਆਂ ਦੇ ਰਾਹ ਪੈ ਜਾਂਦਾ ਹੈ। ਇਸ ਤੋਂ ਇਲਾਵਾ ਨਾਵਲਕਾਰ ਅੰਗਰੇਜ਼ ਸਰਕਾਰ ਦੇ ਜ਼ਮੀਨੀ ਬੰਦੋਬਸਤ ਕਾਨੂੰਨ ਤਹਿਤ ਕਿਸਾਨਾਂ ਦੀਆਂ ਜ਼ਮੀਨਾਂ ਦੇ ਸਾਹੂਕਾਰਾਂ ਦੀ ਥਾਂ ਵੱਡੇ ਜਿਮੀਦਾਰਾਂ ਕੋਲ ਗਹਿਣੇ ਪੈਣ ਅਤੇ ਕਾਸ਼ਤਕਾਰ ਬਨਾਮ ਗੈਰ ਕਾਸ਼ਤਕਾਰ ਦੀ ਵੰਡ ਨਾਲ ਦਿਹਾਤੀ ਸਮਾਜ ‘ਤੇ ਪੈਂਦੇ ਪ੍ਰਭਾਵ ਵਧੀਆ ਢੰਗ ਨਾਲ ਪ੍ਰਸਤੁਤ ਕਰਦਾ ਹੈ। ਇਸੇ ਤਰ੍ਹਾਂ ਨਾਵਲ ਆਪਣੀਆਂ ਖ਼ੂਬੀਆਂ ਅਤੇ ਕਮਜ਼ੋਰੀਆਂ ਨਾਲ ਬੇਸ਼ੱਕ ਪਾਠਕਾਂ ਨੂੰ ਆਪਣੇ ਬਿਰਤਾਂਤ ਨਾਲ ਤੋਰੀ ਰੱਖਦਾ ਹੈ ਪਰ ਇਤਿਹਾਸਕ ਨਾਵਲ ਸਿਰਜਣ ਦੀ ਜਿਹੜੀ ਜ਼ਿੰਮੇਵਾਰੀ ਲੇਖਕ ਤੋਂ ਕਰਨੀ ਬਣਦੀ ਹੈ ਇਹ ਰਚਨਾ ਉਸ ਜ਼ਿੰਮੇਵਾਰੀ ਤੋਂ ਪਲਾਇਨ ਹੀ ਕਰੀ ਰੱਖਦੀ ਹੈ। ਇਤਿਹਾਸ ਦੇ ਕਿਸੇ ਕਾਲ ਖੰਡ ਨੂੰ ਪੁਨਰ ਸੁਰਜੀਤ ਕਰਦਿਆਂ ਲੇਖਕ ਇਤਿਹਾਸਕ ਸਚਮੁੱਚਤਾ ਦਾ ਪ੍ਰਭਾਵ ਸਿਰਜਣ ਵਾਲਾ ਹੋਣਾ ਚਾਹੀਦਾ ਹੈ। ਜਿਸਨੂੰ ਇਤਿਹਾਸ ਵਿੱਚ ਕੀ ਵਾਪਰਿਆ ਦੀ ਥਾਂ ਇਤਿਹਾਸ ਵਿੱਚ ਕਿਵੇਂ ਵਾਪਰਿਆ ਦਾ ਬਿਰਤਾਂਤ ਉਸਾਰਨਾ ਚਾਹੀਦਾ ਹੈ।ਅਤਰਜੀਤ ਦਾ ਇਹ ਨਾਵਲ ਉੱਤਮ ਇਤਿਹਾਸਕ ਨਾਵਲ ਦੇ ਉਕਤ ਮਿਆਰਾਂ ਤੋਂ ਹੇਠਾਂ ਵਿਚਰਦਾ ਹੈ। ਇਸ ਤੋਂ ਇਲਾਵਾ ਖੁਦ ਨਾਵਲ ਵਿੱਚ ਉੱਤਰ ਕੇ ਆਪਣੀ ਵਿਚਾਰਧਾਰਕ ਪਹੁੰਚ ਨਾਲ ਸਾਰਿਆਂ ਨੂੰ ‘ਕਾਇਲ’ ਕਰਨ ਦੀ ਰੂੜੀ ਵੀ ਨਾਵਲ ਦੀ ਕਮਜ਼ੋਰੀ ਬਣਦੀ ਹੈ। ਨਾਵਲ ਵਿੱਚ ਵੀਹਵੀਂ ਸਦੀ ਦੇ ਪਹਿਲੇ ਦਹਾਕਿਆਂ ਦੌਰਾਨ ਪਲੇਗ ਫੈਲਣ, ਪਹਿਲੀ ਸੰਸਾਰ ਜੰਗ, ਗ਼ਦਰ ਲਹਿਰ, ਕਾਮਾਗਾਟਾ ਮਾਰਾ ਕਾਂਡ, ਜਲ੍ਹਿਆ ਵਾਲਾ ਕਾਂਡ, ਸ਼੍ਰੋਮਣੀ ਕਮੇਟੀ ਦੀ ਸਥਾਪਨਾ, ਬੱਬਰ ਅਕਾਲੀ ਲਹਿਰ ਸਮੇਤ ਹੋਰ ਅੰਗਰੇਜ਼ ਵਿਰੋਧੀ ਲਹਿਰਾਂ ਦੇ ਲੜੀਵਾਰ ਬਿਰਤਾਂਤਕ ਪ੍ਰਸੰਗ ਸਿਰਜਦਾ ਹੈ। ਮਾਲਵੇ ਦੇ ਪਿੰਡਾਂ ਵਿੱਚ ਉਕਤ ਲਹਿਰਾਂ ਦੇ ਪ੍ਰਭਾਵ ਤਹਿਤ ਲੋਕਾਂ ਵਿੱਚ ਅੰਗਰੇਜ਼ ਸਰਕਾਰ ਵਿਰੋਧੀ ਮਾਹੌਲ ਪਨਪਣ ਲੱਗਦਾ ਹੈ, ਬੰਤਾ ਸਿੰਘ ਕਵੀਸ਼ਰ ਆਪਣੇ ਜਥੇ ਨਾਲ ਆਜ਼ਾਦੀ ਦੇ ਪਰਵਾਨਿਆਂ ਦੇ ਕਬਿੱਤ ਜੋੜਦਾ ਹੈ, ਲੋਕਾਂ ਵਿੱਚ ਪਹਿਲੀ ਸੰਸਾਰ ਜੰਗ ਵਿੱਚ ਬਰਤਾਨਵੀਂ ਸਾਮਰਾਜ ਲਈ ਬਾਲਣ ਬਣਦੇ ਪੰਜਾਬੀ ਫੌਜੀਆਂ ਪ੍ਰਤੀ ਦਰਦ ਜਾਗਦਾ ਹੈ, ਗੁਰਦੁਆਰਾ ਸੁਧਾਰ ਲਹਿਰ ਨਾਲ ਸਿੱਖੀ ਦੇ ਪ੍ਰਚਾਰ ਪ੍ਰਸਾਰ ਨੂੰ ਬਲ ਮਿਲਦਾ ਹੈ, ਲੋਕਾਂ ਵਿੱਚ ਸਿੰਘ ਸਜਣ ਤੇ ਆਪਣੇ ਗੁਰਧਾਮਾਂ ਨੂੰ ਅੰਗਰੇਜ਼ਾਂ ਤੇ ਮਹੰਤਾਂ ਤੋਂ ਬਚਾਉਣ ਦੀ ਲਹਿਰ ਪੈਦਾ ਹੁੰਦੀ ਹੈ। ਇਨ੍ਹਾਂ ਘਟਨਾਵਾਂ ਦਾ ਅਸਰ ਮੰਡੋਲੀ ਪਿੰਡ ਦੇ ਜਗਤਾਰ ਸਿੰਘ ਤੇ ਸੱਗੂਵਾਲ ਦੇ ਗੁਰਮੇਲ ਸਿੰਘ ਦੇ ਪਰਿਵਾਰ ’ਤੇ ਗਹਿਰੇ ਰੂਪ ਵਿੱਚ ਪੈਂਦਾ ਹੈ। ਜਿਨ੍ਹਾਂ ਦੇ ਬੱਚੇ (ਸਤਵੰਤ) ਲਾਹੌਰ ਕਾਲਜ ਪੜ੍ਹਦੇ ਹਨ ਜਿੱਥੇ ਨੌਜਵਾਨ ਭਾਰਤ ਸਭਾ ਦੀਆਂ ਤਿੱਖੀਆਂ ਸਰਗਰਮੀਆਂ ਤੇ ਸਮਾਜਵਾਦੀ ਸਾਹਿਤ ਦੇ ਪਾਸਾਰ ਨਾਲ ਜੁੜੇ ਬਿਰਤਾਂਤਕ ਵੇਰਵੇ ਨਾਵਲ ਨੂੰ ਤਿੱਖਾ ਮੋੜ ਦਿੰਦੇ ਹਨ। ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਫਾਂਸੀ ਦੀ ਸਜ਼ਾ ਅਤੇ ਇਸ ਪਿੱਛੋਂ ਦੇ ਅੰਗਰੇਜ਼ ਵਿਰੋਧੀ ਮਾਹੌਲ ਨੂੰ ਨਾਵਲਕਾਰ ਨੇ ਕਮਿਊਨਿਸਟ

ਚਿੰਤਨ ਦੇ ਸਾਮਰਾਜ ਵਿਰੋਧੀ ਜਲਸਿਆਂ, ਕਾਨਫਰੰਸਾਂ ਤੇ ਮੀਟਿੰਗਾਂ ਦੇ ਬਿਰਤਾਂਤ ਨਾਲ ਉਲੀਕਿਆ ਹੈ। ਇਸੇ ਤਰ੍ਹਾਂ ਜਗੀਰੂ ਵਿਧਾਨ ਵਾਲੀਆਂ ਰਿਆਸਤਾਂ ਦੇ ਜ਼ੁਲਮ ਤੇ ਅੰਗਰੇਜ਼ ਵਿਰੋਧੀ ਨੀਤੀਆਂ ਦੇ ਵਿਰੋਧ ਵਿੱਚ ਉੱਠੀਆਂ ਪਰਜਾ ਮੰਡਲ ਲਹਿਰ ਦੇ ਆਗੂਆਂ ਦੀਆਂ ਕੁਰਬਾਨੀਆਂ ਦੇ ਬਿਰਤਾਂਤ ਵੀ ਨਾਵਲੀ ਪਾਠ ਵਿੱਚ ਨਸ਼ਰ ਹੋਏ ਹਨ। ਲੇਖਕ ਸੰਤਾਲੀ ਦੀ ਦੇਸ਼ ਵੰਡ ਤੱਕ ਦਾ ਬਿਰਤਾਂਤ ਉਸਾਰਦਿਆਂ ਇਤਿਹਾਸ ਅੰਦਰ ਦਰਜ ਸਾਰੀਆਂ ਘਟਨਾਵਾਂ ਦੀ ਨਿਸ਼ਾਨਦੇਹੀ ਕਰਨ ਅਤੇ ਸਮੁੱਚੇ ਇਤਿਹਾਸ ਨੂੰ ਸਮੇਟਣ ਦੀਆਂ ਬੰਦਿਸ਼ਾਂ ਸਿਰਜ ਲੈਂਦਾ ਹੈ। ਜਿਸ ਕਰਕੇ ਨਾਵਲ ਕਈ ਥਾਵਾਂ 'ਤੇ ਆਪਣਾ ਸੁਹਜ ਗੁਆ ਲੈਂਦਾ ਹੈ ਅਤੇ ਬਿਰਤਾਂਤਕ ਓਹਲਿਆਂ ਜਾਂ ਬਿਰਤਾਂਤਕ ਭਾਸ਼ਾ ਦੀ ਸਫੋਟ ਭਰੀ ਵਰਤੋਂ ਦੀ ਥਾਂ ਸਪਾਟ ਬਿਆਨੀ ਤੇ ਸਤਹੀ ਰਿਪੋਰਟਿੰਗ 'ਤੇ ਉੱਤਰ ਆਉਂਦਾ ਹੈ। ਇਨ੍ਹਾਂ ਕਲਾ ਦੋਸ਼ਾਂ ਕਰਕੇ ਉਹ ਆਪਣੀਆਂ ਮਨਭਾਉਂਦੀਆਂ ਧਿਰਾਂ ਅਤੇ ਕੁੱਝ ਖਾਸ ਤਨਜ਼ੀਮਾਂ ਦੇ ਬੁਲਾਰਾ ਬਣ ਕੇ ਪੇਸ਼ ਹੁੰਦਾ ਲੇਖਕੀ ਧਰਮ ਨਾਲ ਵੀ ਧ੍ਰੋਹ ਕਰਦਾ ਹੈ। ਜਿਵੇਂ ਅੰਗਰੇਜ਼ੀ ਸ਼ਾਸ਼ਨ ਦੌਰਾਨ ਕਮਿਊਨਿਸਟ ਲਹਿਰ ਤੇ ਚਿੰਤਨ ਦੀ ਭੂਮਿਕਾ ਨੂੰ ਉਹ ਨਾਵਲੀ ਧਰਾਤਲ 'ਤੇ ਉੱਨੀ ਸ਼ਿੱਦਤ ਨਾਲ ਪੇਸ਼ ਨਹੀਂ ਕਰ ਪਾਉਂਦਾ। ਇੱਥੋਂ ਤੱਕ ਕਿ ਕਈ ਥਾਵਾਂ 'ਤੇ ਉਹ ਕਮਿਊਨਿਸਟਾਂ ਦਾ 'ਬੁਲਾਰਾ' ਬਣ ਕੇ ਵੀ ਕਮਿਊਨਿਸਟ ਲਹਿਰ ਨਾਲ ਨਿਆਂ ਨਹੀਂ ਕਰ ਪਾਉਂਦਾ। ਇਸਦੀ ਇਕ ਉਦਾਹਰਨ ਬਰਤਾਨਵੀ ਸੱਤਾ ਦੇ ਹੱਕ ਵਿੱਚ ਕਮਿਊਨਿਸਟਾਂ ਦੇ ਸੰਘਰਸ਼ ਨੂੰ ਇਕ ਥਾਂ 'ਤੇ ਮਿਲਦੇ ਵਿਰਾਮ ਨੂੰ ਇਕ ਪਾਤਰ ਸੱਜਣ ਸਿੰਘ ਦੀ 'ਅਲਪ ਸੂਝ' ਨਾਲ ਜੋੜ ਕੇ ਪੇਸ਼ ਕਰਦਾ ਲਿਖਦਾ ਹੈ–

"ਇਕ ਹੋਰ ਗੱਲ ਜੋ ਸੱਜਣ ਸਿੰਘ ਨੂੰ ਦੇਰ ਨਾਲ ਹਜ਼ਮ ਹੋਈ ਉਹ ਇਹ ਸੀ ਕਿ ਜਦੋਂ ਜਰਮਨ ਨੇ ਰੂਸ ਉੱਪਰ ਹਮਲਾ ਕਰ ਦਿੱਤਾ ਤਾਂ ਕਮਿਊਨਿਸਟ ਪਾਰਟੀ ਨੇ ਅੰਗਰੇਜ਼ ਹਕੂਮਤ ਦੇ ਹੱਕ ਵਿੱਚ ਆਪਣਾ ਸੰਘਰਸ਼ ਵਾਪਸ ਲੈ ਲਿਆ। ਇਸ ਜੰਗ ਵਿੱਚ ਇੰਗਲੈਂਡ ਜਰਮਨ ਵਿਰੁੱਧ ਲੜ ਰਿਹਾ ਸੀ । ਦੁਸ਼ਮਣ ਦਾ ਦੁਸ਼ਮਣ ਮਿੱਤਰ ਮੰਨ ਕੇ ਘੋਲ ਵਾਪਿਸ ਲੈਣ ਨਾਲ ਜੇਲ੍ਹਾਂ ਵਿੱਚ ਬੰਦ ਕਮਿਊਨਿਸਟ ਰਿਹਾ ਕਰ ਦਿੱਤੇ ਗਏ ਤੇ ਹੁਣ ਉਹ ਖੁੱਲ੍ਹੇ ਆਮ ਆਪਣੀਆਂ ਸਰਗਰਮੀਆਂ ਕਰਨ ਲੱਗ ਪਏ।"[4]

ਨਾਵਲ ਵਿੱਚ 1947 ਤੋਂ ਪਹਿਲਾਂ ਪੰਜਾਬੀ ਸਮਾਜ ਵਿੱਚ ਧਰਮ ਅਤੇ ਰਾਜਨੀਤੀ ਦੇ ਨਾਮ 'ਤੇ ਪੈ ਰਹੀਆਂ ਵੰਡੀਆਂ ਦਾ ਵਿਸਫੋਟ ਦੇਸ਼ ਦੀ ਆਜ਼ਾਦੀ ਮੌਕੇ ਘਿਣਾਉਣਾ ਰੂਪ ਧਾਰਦਾ ਪੇਸ਼ ਹੋਇਆ ਹੈ। ਇਕ ਪਾਸੇ ਆਪਣੇ ਆਜ਼ਾਦ ਵਤਨ ਦਾ ਤਸੱਵਰ ਸੀ ਜਿਸ ਵਿੱਚ ਆਪਣੇ ਲੋਕਾਂ ਦਾ ਰਾਜ, ਜਾਤ ਪਾਤ ਦੇ ਖਾਤਮੇ ਅਤੇ ਆਜ਼ਾਦੀ ਦੀ ਖੁੱਲ੍ਹ ਦਾ ਅਹਿਸਾਸ ਭਾਰੂ ਸੀ ਦੂਜੇ ਪਾਸੇ ਭਾਰਤ ਪਾਕਿਸਤਾਨ ਦੀ ਵੰਡ ਦੇ ਨਾਮ 'ਤੇ ਪੰਜਾਬ ਅੰਦਰ ਫਿਰਕੂ ਕਤਲੇਆਮ ਸਿਖ਼ਰਾਂ ਵੱਲ ਵੱਧ ਰਿਹਾ ਸੀ। ਨਾਵਲਕਾਰ ਇਸ ਬਿਰਤਾਂਤਕੀ ਪਾਠ ਦੇ ਮਨੁੱਖ ਮਾਰੂ ਮੰਜ਼ਰ ਪੇਸ਼ ਕਰਦਾ ਅੰਗਰੇਜ਼ਾਂ ਦੀ ਪਾੜੋ ਤੇ ਰਾਜ ਕਰੋ ਦੀ ਨੀਤੀ ਸਮੇਤ ਭਾਰਤੀ ਰਾਜਸੀ ਆਗੂਆਂ ਦੀਆਂ ਸੱਤਾ ਪ੍ਰਾਪਤੀ ਲਈ ਲਲਚਾਂਦੀਆਂ ਨੀਤਾਂ ਦੇ ਵੇਰਵੇ ਵੀ ਪੇਸ਼ ਕਰਦਾ ਹੈ। ਇਸ ਨਾਲ ਨਾਵਲੀ ਪ੍ਰਵਚਨ ਦੇਸ਼ ਦੇ ਸਿਆਸੀ ਸਮੀਕਰਨਾਂ ਸਮੇਤ ਆਜ਼ਾਦੀ ਪਿੱਛੋਂ ਪੁਨਰ ਵਸੇਬੇ ਨਾਲ ਜੂਝਦੇ ਲੋਕਾਂ ਦੇ ਸੰਕਟਾਂ, ਉਦਾਸੀਆਂ ਅਤੇ ਮਾਯੂਸੀਆਂ ਦਾ ਬਿਰਤਾਂਤ ਉਸਾਰਿਆ ਗਿਆ ਹੈ। ਆਜ਼ਾਦ ਭਾਰਤ ਵਿੱਚ ਮਨ ਭਾਉਂਦੇ ਸੁਪਨਿਆਂ ਦੀ ਅਪ੍ਰਾਪਤੀ ਤੋਂ ਬਾਅਦ ਜਿਹੜੀ ਘੋਰ ਨਿਰਾਸ਼ਾ ਵਿੱਚ ਪੰਜਾਬੀ ਭਾਈਚਾਰਾ ਘਿਰ ਜਾਂਦਾ ਹੈ ਉਸ ਤੋਂ ਛੁਟਕਾਰਾ ਪਾਉਣ ਤੇ ਦੇਸ਼ ਭਗਤਾਂ ਦੇ ਸੁਪਨਿਆਂ ਦੇ ਸਮਾਜ ਦੀ ਸਥਾਪਨਾ ਨਾਲ ਕਮਿਊਨਿਸਟ ਪਾਰਟੀ ਆਪਣੇ ਜਨਤਕ ਘੋਲ ਆਰੰਭ ਕਰਦੀ ਹੈ। ਨਾਵਲ ਦਾ ਜ਼ਿਆਦਾਤਰ ਬਿਰਤਾਂਤ ਕਾਮਰੇਡ ਗੁਰਮੇਲ ਸਿੰਘ ਅਤੇ ਕਾਮਰੇਡ ਬਚਿੱਤਰ ਸਿੰਘ ਦੇ ਮਾਧਿਅਮ ਦੁਆਰਾ ਕਮਿਊਨਿਸਟਾਂ ਦੀ ਮੁੱਢਲੀ ਸਕੂਲਿੰਗ, ਮਿਹਨਤਕਸ਼ ਜਮਾਤਾਂ ਦੀ ਲਾਮਵੰਦੀ, ਜਾਗੀਰਦਾਰੀ ਪ੍ਰਬੰਧ ਅਤੇ ਭ੍ਰਿਸ਼ਟ ਬਾਬੂਸ਼ਾਹੀ ਦੇ ਵਿਰੋਧ ਵਿੱਚ ਉਸਰਦਾ ਹੈ ਜਿਹੜਾ ਪਿੱਛੋਂ ਨਕਸਲਵਾੜੀ ਲਹਿਰ ਤੱਕ

ਆਪਣੇ ਰੂਪ ਵਟਾਂਦਾ ਸੋਧਵਾਦੀ ਰਾਹ ਦੀ ਥਾਂ ਵਿਦਰੋਹ ਦਾ ਇਨਕਲਾਬੀ ਮਾਡਲ ਅਖਤਿਆਰ ਕਰਦਾ ਹੈ। ਇੱਥੇ ਨਾਵਲ ਪਾਰਲੀਮੈਂਟਰੀ ਅਤੇ ਇਨਕਲਾਬੀ ਰਾਹ ਵਾਲੇ ਕਮਿਊਨਿਸਟ ਚਿੰਤਨ ਦੀ ਮੁੱਠਭੇੜ[5] ਦੁਆਰਾ ਸੰਵਾਦੀ ਵਾਰਤਾਲਾਪ, ਅੰਦੋਲਨੀ ਤਕਰੀਰਾਂ ਅਤੇ ਲੇਖਕ ਦੇ ਬਿਰਤਾਂਤਕੀ ਦਖਲ ਵਾਲੀਆਂ ਟਿੱਪਣੀਆਂ ਦੁਆਰਾ ਅੱਗੇ ਤੁਰਦਾ ਹੈ। ਪ੍ਰੋ. ਗੁਰਬਚਨ ਸਿੰਘ, ਸੁਦਾਗਰ ਸਿੰਘ, ਜਗਜੀਤ , ਦੇਵ ਰਾਜ ਵਰਗੇ ਪਾਤਰ ਕਮਿਊਨਿਸਟ ਦਰਜੇਬੰਦੀਆਂ ਵਿੱਚ ਵੀ ਲਹਿਰਾਂ ਲਈ ਮਰ ਮਿਟਣ ਵਾਲੇ ਪਾਤਰ ਬਣ ਕੇ ਪੇਸ਼ ਹੁੰਦੇ ਹਨ ਜਦਕਿ ਬਲਦੇਵ ਸਿੰਘ ਵਰਗੇ ਵਾਅਦਾ ਮੁਆਫ਼ ਗਵਾਹ ਬਣ ਕੇ ਨਕਸਲਵਾੜੀ ਲਹਿਰ ਦਾ ਘਾਣ ਕਰਦੇ ਹਨ। ਨਾਵਲ ਦਾ ਜਗਜੀਤ ਪਾਤਰ ਨਕਸਲਵਾੜੀ ਲਹਿਰ ਨੂੰ ਪ੍ਰਤੀਬੱਧ ਪਾਤਰ ਹੈ ਜੋ ਕਿ ਪਾਰਟੀ ਆਗੂਆਂ ਦੀਆਂ ਅਵਸਰਵਾਦੀ ਨੀਤੀਆਂ, ਸਿਧਾਂਤਕ ਤੇ ਵਿਹਾਰਕ ਖੱਪਿਆ ਤੋਂ ਪ੍ਰੇਸ਼ਾਨ ਤੇ ਮਾਯੂਸ ਵੀ ਰਹਿੰਦਾ ਹੈ। ਉਹ ਜਾਤ ਤੇ ਜਮਾਤ ਦੇ ਸਵਾਲਾਂ ਦੀ ਸਿਧਾਂਤਕ ਘੇਰਾਬੰਦੀ ਕਰਦਾ ਕਾਮਰੇਡਾਂ ਵੱਲੋਂ ਜਮਾਤ ਦੀ ਲੜਾਈ ਲੜਦਿਆਂ ਜਾਤੀ ਭੇਦਭਾਵ ਪ੍ਰਤੀ ਉਦਾਸੀਨਤਾ ਨੂੰ ਇਨਕਲਾਬ ਨਾਲ ਬੰਨ੍ਹੀ ਪੂੰਛ[7] ਨਾਲ ਤੁਲਨਾਂਦਾ ਹੈ। ਨਾਵਲ ਵਿੱਚ ਹਰੇ ਇਨਕਲਾਬ ਦੀਆਂ ਅਨੇਕਾਂ ਅਲਪ ਪ੍ਰਾਪਤੀਆਂ ਅਤੇ ਦੀਰਘ ਘਾਟਾਂ ਨੂੰ ਵੀ ਨਾਵਲੀ ਪ੍ਰਵਚਨ ਵਿੱਚ ਥਾਂ ਦਿੱਤੀ ਗਈ ਹੈ। ਥੁੜਚਿਰੀ ਖੁਸ਼ਹਾਲੀ ਨਾਲ ਪੰਜਾਬੀਆਂ ਦੀ ਉੱਭਰੀ ਚਮਕ ਦਮਕ ਦੇ ਕਈ ਵੇਰਵੇ ਨਾਵਲ ਦਾ ਹਿੱਸਾ ਬਣੇ ਹਨ। ਦੇਸ਼ ਵਿੱਚ ਐਮਰਜੈਂਸੀ, ਕਮਿਊਨਿਸਟਾਂ ਦੀ ਅੰਦਰੂਨੀ ਟੁੱਟ ਭੱਜ, ਸਿੱਖ ਰਾਜਨੀਤੀ ਦੇ ਉਗਰ ਰੂਪ, ਕੇਂਦਰ ਰਾਜ ਟਕਰਾਅ ਅਤੇ ਪੰਜਾਬ ਸੰਕਟ ਤੱਕ ਦੇ ਇਤਿਹਾਸਕ ਅੰਤਰਾਲ ਨੂੰ ਲੇਖਕ ਨੇ ਬੇਸ਼ੱਕ ਸਟੀਰੀਓਟਾਇਪ ਤਰੀਕੇ ਨਾਲ ਪੇਸ਼ ਕੀਤਾ ਹੈ ਪਰ ਨਾਵਲੀ ਬਿਰਤਾਂਤ ਦੀ ਚਲਦੀ ਲੜੀ ਵਿੱਚ ਇਹ ਘਟਨਾਵਾਂ ਪੰਜਾਬ ਦੇ ਸਮਾਜਿਕ ਸਭਿਆਚਾਰਕ ਰਹਿਤਲ ’ਤੇ ਗੂੜੇ ਪ੍ਰਭਾਵ ਪਾਉਂਦੀਆਂ ਹਨ। ਹਿੰਦੂ ਸਿੱਖ ਤਣਾਅ, ਅੱਤਵਾਦ , ਅਹਿਮ ਸ਼ਖ਼ਸੀਅਤਾਂ ਦੇ ਕਤਲ ਅਤੇ ਪੰਜਾਬ ਦੇ ਹਾਰੇ ਹੋਏ ਜੁਆਰੀਏ ਵਰਗੀ ਸਥਿਤੀ ਨਾਵਲ ਵਿੱਚ ਪਾਤਰਾਂ ’ਤੇ ਪੈਂਦੇ ਮਾਨਸਿਕ ਪ੍ਰਭਾਵਾਂ ਅਤੇ ਘਟਨਾਵਾਂ ਦੇ ਠੋਸ ਪ੍ਰਸੰਗਾਂ ਤੋਂ ਰਹਿਤ ਪੇਸ਼ ਕਰਕੇ ਲੇਖਕ ਨਾਵਲ ਨੂੰ ਇਤਿਹਾਸ ਦੀ ਚਲੰਤ ਪੁਸਤਕ ਬਣਾ ਦਿੰਦਾ ਹੈ। ਇਸ ਪਿੱਛੋਂ 1990 ਤੋਂ ਬਾਅਦ ਦੀਆਂ ਵਿਸ਼ਵੀਕਰਨ ਦੀਆਂ ਨੀਤੀਆਂ ਤੋਂ ਲੈ ਕੇ ਵਰਤਮਾਨ ਤੱਕ ਦੇ ਦੇਸ਼ ਵਿਆਪੀ ਹਾਲਾਤ ਪੇਸ਼ ਕਰਦਿਆਂ ਲੇਖਕ ਸਮੁੱਚੇ ਨਾਵਲੀ ਬਿਰਤਾਂਤ ਨੂੰ ਲਕੀਰੀ ਘਟਨਾਕ੍ਰਮ ਦੁਆਰਾ ਪੇਸ਼ ਕਰਦਾ ਹੈ। ਤਿੰਨ ਖੇਤੀ ਕਾਨੂੰਨਾਂ ਦੇ ਵਿਰੋਧ ਵਿੱਚ ਉੱਠੇ ਕਿਸਾਨ ਅੰਦੋਲਨ, ਦੇਸ਼ ਵਿੱਚ ਘੱਟ ਗਿਣਤੀਆਂ ਭਾਈਚਾਰੇ ਦੇ ਸੰਕਟ, ਕਾਰਪੋਰੇਟ ਸੈਕਟਰ ਤੇ ਅਖੌਤੀ ਰਾਸ਼ਟਰਵਾਦ ਦੀਆਂ ਹਮਾਇਤਾਂ ਸੱਤਾਧਾਰੀ ਧਿਰਾਂ ਦੇ ਨਾਪਾਕ ਗੱਠਜੋੜ ਸਮੇਤ ਅਨੇਕਾਂ ਸੂਚਨਾਮੁੱਖੀ ਤੇ ਗਿਆਨ ਕੇਂਦਰਿਤ ਵੇਰਵੇ ਇਸ ਨਾਵਲ ਨੂੰ ਵਰਤਮਾਨ ਤੱਕ ਫੈਲਾ ਦਿੰਦੇ ਹਨ। ਨਾਵਲ ਦੀ ਗਲਪੀ ਦ੍ਰਿਸ਼ਟੀ ਸੰਘਰਸ਼ ਦੀ ਮਸ਼ਲਾ ਨੂੰ ਮਘਦਾ ਰੱਖਣ ਦੇ ਨਾਲ ਨਾਲ ਸੰਘਰਸ਼ਸ਼ੀਲ ਧਿਰਾਂ ਨੂੰ ਇਕਜੁੱਟਤਾ[8] ਦੁਆਰਾ ਸਾਂਝੇ ਜਮਾਤੀ ਦੁਸ਼ਮਣ ਦੀ ਪਛਾਣ ਕਰਨ ਨਾਲ ਜੁੜਦੀ ਹੈ।

ਇਸ ਤਰ੍ਹਾਂ ਆਪਣੀਆਂ ਪ੍ਰਾਪਤੀਆਂ ਅਤੇ ਕਮਜ਼ੋਰੀਆਂ ਦੇ ਮਿੱਸੇ ਰੂਪ ਵਾਲੀ ਅਤਰਜੀਤ ਦੀ ਇਹ ਰਚਨਾ ਬਸਤੀਵਾਦ ਤੋਂ ਉੱਤਰ ਬਸਤੀਵਾਦ ਤੱਕ ਦੇ ਇਸ ਇਤਿਹਾਸਕ ਕਾਲ ਖੰਡ ਨੂੰ ਨਾਵਲੀ ਬਿਰਤਾਂਤ ਦੇ ਵਿਸ਼ਾਲ ਚਿੱਤਰਪੱਟ ’ਤੇ ਫੈਲਾ ਕੇ ਪੇਸ਼ ਕਰਦਾ ਇਕ ਚੁਣੌਤੀ ਪੂਰਨ ਕਾਰਜ ਨਾਲ ਖਹਿੰਦਾ ਹੈ। ਇਸ ਚੁਣੌਤੀ ਨੂੰ ਨੇਪਰੇ ਚੜ੍ਹਾਉਣ ਵਿੱਚ ਲੇਖਕ ਇਤਿਹਾਸ ਦੇ ਲਿਖਤੀ ਸਰੋਤਾਂ ’ਤੇ ਹੀ ਮੁਨੱਸਰ ਰਹਿੰਦਾ ਹੈ। ਪੁਸਤਕਾਂ ਜਦੋਂ ਜਦੋਂ ਵੀ ਪੰਜਾਬੀ ਦੇ ਇਤਿਹਾਸਕ ਨਾਵਲ ਦਾ ਆਧਾਰ ਸਰੋਤ ਬਣੀਆਂ ਹਨ ਉਦੋਂ ਉਦੋਂ ਹੀ ਇਤਿਹਾਸਕ ਨਾਵਲ ਜਾਣੀਆਂ ਪਛਾਣੀਆਂ ਇਤਿਹਾਸਕ ਘਟਨਾਵਾਂ ਦੀ ਸੂਚਨਾਮੁੱਖ

ਪੇਸ਼ਕਾਰੀ ਕਰਦਾ ਰਿਹਾ ਹੈ। ਇਸ ਨਾਵਲ ਨਾਲ ਵੀ ਇਹੀ ਵਾਪਰਿਆ ਹੈ। ਨਾਵਲ ਵਿੱਚਲੇ ਇਤਿਹਾਸ ਦੇ ਘਟਨਾਕ੍ਰਮ ਨੂੰ ਇਤਿਹਾਸ ਦੀਆਂ ਅਨੇਕਾਂ ਪੁਸਤਕਾਂ ਵਿੱਚ ਭਰਵੀਂ ਸਪੇਸ ਮਿਲ ਚੁੱਕੀ ਹੈ ਪਰ ਇਤਿਹਾਸਕ ਨਾਵਲ ਨੇ ਇਤਿਹਾਸ ਦੀ ਥਾਂ ਇਤਿਹਾਸਕ ਜੀਵਨ ਦੀ ਅੰਤਰ ਆਤਮਾ ਨੂੰ ਪੇਸ਼ ਕਰਨਾ ਹੁੰਦਾ ਹੈ। ਇਸ ਨੁਕਤੇ ਤੋਂ ਇਹ ਨਾਵਲ 1849 ਤੋਂ ਗ਼ਦਰ ਲਹਿਰ ਤੱਕ ਦੇ ਕਾਲ ਖੰਡ ਨੂੰ ਕਾਫੀ ਹੱਦ ਤੱਕ ਇਤਿਹਾਸਕ ਗਲਪ ਦੀ ਵਸਤੂ ਬਣਾ ਕੇ ਪੇਸ਼ ਕਰਦਾ ਹੈ ਪਰ ਇਸ ਪਿੱਛੋਂ ਆਜ਼ਾਦੀ ਸੰਘਰਸ਼ ਵਿੱਚ ਉੱਠੀਆਂ ਲਹਿਰਾਂ, ਦੇਸ਼ ਦੀ ਵੰਡ ਦੇ ਸੰਤਾਪ, ਆਜ਼ਾਦੀ ਉਪਰੰਤ ਕਮਿਊਨਿਸਟ ਪਾਰਟੀਆਂ ਦੇ ਸਿਧਾਂਤ ਤੇ ਵਿਹਾਰ, ਨਕਸਲਵਾੜੀ ਲਹਿਰ, ਪੰਜਾਬ ਸੰਕਟ ਅਤੇ ਵਿਸ਼ਵੀਕਰਨ ਦੀਆਂ ਨੀਤੀਆਂ ਦੇ ਝੰਬੇ ਪੰਜਾਬ ਦਾ ਗਲਪੀ ਚਿੱਤਰ ਪੇਸ਼ ਕਰਦਾ ਕਾਫੀ ਹੱਦ ਤੱਕ ਚਰਚਿਤ ਇਤਿਹਾਸਕ ਘਟਨਾਵਾਂ ਦੀ ਪੁਨਰ ਪੇਸ਼ਕਾਰੀ ਦੁਆਲੇ ਹੀ ਕੇਂਦਰਿਤ ਰਹਿੰਦਾ ਹੈ। ਨਾਵਲ ਦੀ ਇਹ ਵੱਡੀ ਕਮਜ਼ੋਰੀ ਪੂਰੀ ਟੈਕਸਟ ਨੂੰ ਘਟਨਾਵਾਂ ਦੇ ਇਕਹਿਰੇ ਪਰਿਪੇਖ, ਇਕਾਂਗੀ ਪੇਸ਼ਕਾਰੀ ਅਤੇ ਸੂਚਨਾਮੁੱਖ ਬਿਰਤਾਂਤ ਤੱਕ ਸਿਮਟਾ ਦਿੰਦੀ ਹੈ। ਇਸਦੇ ਨਾਲ ਨਾਵਲ ਨੇ ਵਾਸਤਵਿਕਤਾ ਨੂੰ ਯਥਾਰਥ ਵਿੱਚ ਢਾਲਣ ਲਈ ਵਿਚਾਰਧਾਰਾ, ਕਲਪਨਾ, ਅਨੁਭਵ ਅਤੇ ਸੁਹਜਾਤਮਿਕਤਾ ਦੇ ਸਾਂਝੇ ਲੱਛਣਾਂ ਨਾਲ ਪੇਸ਼ ਕਰਨਾ ਹੁੰਦਾ ਹੈ। ਇਤਿਹਾਸਕ ਨਾਵਲ ਦੀ ਰਚਨਾ ਲਈ ਇਨ੍ਹਾਂ ਮਾਪਦੰਡਾਂ ਦੇ ਨਾਲ ਨਾਲ ਮੁੱਖ ਧਾਰਾ ਇਤਿਹਾਸ ਦੇ ਸਮਾਂਨਅੰਤਰ ਗੁੰਮਨਾਮ ਇਤਿਹਾਸ ਦੀਆਂ ਤਹਿਆਂ ਦੀ ਪਛਾਣ ਵੀ ਲੋੜੀਂਦੀ ਹੁੰਦੀ ਹੈ ਜਿਸ ਨਾਲ ਇਤਿਹਾਸਕ ਪ੍ਰਮਾਣਿਕਤਾ ਨੂੰ ਸਜੀਵਤਾ ਨਾਲ ਪ੍ਰਗਟਾਇਆ ਜਾ ਸਕਦਾ ਹੈ। ਇਸ ਨਾਲ ਹੀ ਇਤਿਹਾਸਕ ਨਾਵਲ ਇਤਿਹਾਸ ਦੀ ਸੁੱਚਤਾ ਪੇਸ਼ ਕਰ ਸਕਦੇ ਹਨ। ਅਤਰਜੀਤ ਨੇ ਨਾਵਲ ਰਚਨ ਲਈ ਵਸਤੂ ਸਮੱਗਰੀ ਕਾਫੀ ਇਕੱਤਰ ਕੀਤੀ ਹੋਵੇਗੀ ਪਰ ਇਸਨੂੰ ਢੁਕਵੇਂ ਢੰਗ ਨਾਲ ਪ੍ਰਗਟਾਉਣ ਤੋਂ ਖੁੰਝਿਆ ਹੈ। ਉਹ ਇਤਿਹਾਸਕ ਨਾਵਲ ਰਚਨ ਲਈ ਇਤਿਹਾਸ ਦੀਆਂ ਪ੍ਰਧਾਨ ਘਟਨਾਵਾਂ ਦੇ ਦਾਇਰੇ ਤੋਂ ਬਾਹਰ ਨਹੀਂ ਨਿਕਲ ਸਕਿਆ। ਕੁੱਲ ਮਿਲਾ ਕੇ ਇਸ ਪਲੇਠੀ ਰਚਨਾ ਨਾਲ ਨਾਵਲਕਾਰ ਅਤਰਜੀਤ, ਕਹਾਣੀਕਾਰ ਅਤਰਜੀਤ ਤੋਂ ਕਾਫੀ ਪਿਛਾਂਹ ਰਿਹਾ ਹੈ।

**ਟਿੱਪਣੀਆਂ ਅਤੇ ਹਵਾਲੇ-**


1. ਅਤਰਜੀਤ, ਅਬ ਜੂਝਣ ਕੋ ਦਾਉ, ਪੰਨਾ 36
2. ਉਹੀ, ਪੰਨਾ 118
3. ਉਹੀ, ਪੰਨਾ 148-149
4. ਡਾ. ਸਵਿੰਦਰ ਸਿੰਘ ਉੱਪਲ, ਪੰਜਾਬੀ ਨਾਵਲ ਵਿਧੀ ਤੇ ਵਿਚਾਰ, ਪੰਨਾ 63
5. ਅਤਰਜੀਤ, ਅਬ ਜੂਝਣ ਕੋ ਦਾਉ, ਪੰਨਾ 214
6. ਉਹੀ, ਪੰਨਾ 279
7. ਉਹੀ, ਪੰਨਾ 300
8. ਉਹੀ, ਪੰਨਾ 356



**ਮੁੱਖੀ, ਪੋਸਟ ਗਰੈਜੂਏਟ ਪੰਜਾਬੀ ਵਿਭਾਗ,**

**ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਮਾਹਿਲਪੁਰ, (ਫੋਨ 84370-89769)**

## ਮਾਨਵੀ ਸਰੋਕਾਰਾਂ ਦੀ ਵਿਲੱਖਣ ਪੇਸ਼ਕਾਰੀ:ਤੁਮ ਕਿਉਂ ਉਦਾਸ ਹੋ?

### ਰਾਜਿੰਦਰ ਆਤਿਸ਼




ਕੁਲਬੀਰ ਬਡੇਸਰੋਂ ਪੰਜਾਬੀ ਅਦਬ ਦੀ ਸਿਰਮੌਰ ਕਥਾਕਾਰਾਂ ਦੀ ਸਫ਼ ਵਿੱਚ ਆਉਂਦੀ ਹੈ। ਮੰਚ ਅਤੇ ਅਦਾਕਾਰੀ ਨਾਲ ਵਾਬਸਤਾ ਹੋਣ ਕਾਰਣ ਉਸ ਨੇ ਹਿੰਦੀ-ਪੰਜਾਬੀ ਫਿਲਮਾਂ ਅਤੇ ਸੀਰੀਅਲ ਵਿਚ ਵੱਖ-ਵੱਖ ਰੋਲ ਨਿਭਾਏ ਹਨ। ਇਸ ਕਾਰਣ ਉਹ ਇਕ ਲੋਕ ਨਾਇਕਾ ਵਜੋਂ ਕਿਸੇ ਪਛਾਣ ਦੀ ਮੁਥਾਜ ਨਹੀਂ। ਪਾਠਕ ਹੋਣ ਦੇ ਨਾਤੇ ਇਸ ਸੰਗ੍ਰਹਿ ਵਿਚਲੀਆਂ ਕਥਾਵਾਂ ਤੇ ਘਟਨਾਵਾਂ ਆਤਮਾ ਨੂੰ ਅੰਦਰ ਤੱਕ ਟੁੰਬਦੀਆਂ ਹਨ। ਸਰਵਰਕ ਲੇਖਣੀ ਤੇ ਦਿਖ ਖੂਬਸੂਰਤ ਹੋਣ ਕਾਰਣ ਪਾਠਕ ਕੀਲਿਆ ਜਾਂਦਾ ਹੈ।

ਲੱਗਦਾ ਹੈ ਕਥਾਨਕ ਵਿਸ਼ੇਸ਼ ਪਾਠਕ ਦੇ ਆਪਦੇ ਬਾਰੇ ਹੀ ਹੋਵੇ। ਕਿਤਾਬ ਦਾ ਪਾਠ ਕਰਨ ਉਪਰੰਤ ਇਸ ਦਾ ਪ੍ਰਭਾਵ ਮੇਰੇ ਮਨ ਉੱਪਰ ਵੀ ਬਹੁਤ ਗਹਿਰਾ ਪਿਆ। ਕੁਝ ਲਿਖਣ ਪੜ੍ਹਨ ਤੋਂ ਉਚਾਟ ਹੋ ਗਿਆ। ਇਕੱਲਤਾ ਤੇ ਉਦਾਸੀ ਨੇ ਸਹਿਜੇ ਹੀ ਆ ਕੇ ਘੇਰ ਲਿਆ। ਇਕ ਸਫ਼ਲ ਅਦਾਕਾਰਾ, ਵਧੀਆ, ਸ਼ਾਇਰਾ ਹੋਣ ਦੇ ਨਾਲ ਨਾਲ ਕਹਾਣੀ ਲੇਖਨ ਕਲਾ ਪੱਖੋਂ ਉਸਦਾ ਕੋਈ ਜਵਾਬ ਨਹੀਂ।

ਲੇਖਕ ਕਲਾ ਦੇ ਕਈ ਦੌਰ ਲੰਘ ਚੁੱਕੇ ਹਨ ਤੇ ਕਈ ਰਸਤੇ ਵਿਚ ਹਨ। ਇਸ ਸਫ਼ਰ ਵਿੱਚੋਂ ਵਿਚਰਦਿਆਂ ਕਈ ਵਾਰੀ ਲੱਗ ਰਿਹਾ ਹੁੰਦਾ ਹੈ ਕਿ ਕੁਝ ਲੇਖਕ ਆਪਣੀ ਜ਼ਿੰਦਗੀ ਵਿਚ ਵਾਪਰੀਆਂ ਘਟਨਾਵਾਂ ਨੂੰ ਕਹਾਣੀ ਦਾ ਰੂਪ ਦੇਣ ਵਿਚ ਸਫ਼ਲ ਹੁੰਦੇ ਹਨ। ਕੁਝ ਲਿਖਤਾਂ ਹੋਰਨਾਂ ਅਦਾਰਿਆਂ ਤੋਂ ਪ੍ਰਭਾਵਿਤ ਹੋ ਕੇ ਨੁਮਾਇਆ ਹੁੰਦੀਆਂ ਹਨ ਤੇ ਇਸ ਦੀ ਝਲਕ ਉਸ ਕ੍ਰਿਤ ਦੇ ਲੇਖਕ ਦੀ ਸਮਗਰ ਜ਼ਿੰਦਗੀ 'ਚੋਂ ਝਲਕ ਰਹੀ ਹੁੰਦੀ ਹੈ। ਐਲਾਨੀਆਂ ਤੌਰ ਤੇ ਕਵਿਤਾ/ ਕਹਾਣੀ/ ਨਾਵਲ ਅਤੇ ਹੋਰ ਵਿਧਾ ਸਮੇਤ ਪੇਟਿੰਗ ਅਤੇ ਪੋਰਟਰੇਟ। ਵਾਬਸਤਾ ਸਮੇਂ ਦੇ ਇਤਿਹਾਸ ਨੂੰ ਦੁਹਰਾਂਦੇ ਹਨ। ਬੀਤ ਰਹੇ ਸਮੇਂ ਦੀ ਨੁਮਾਇੰਦੀ ਕਰਦੇ ਹਨ।

ਇਸ ਦੇ ਨਾਲ ਨਾਲ ਸਾਹਿਤ ਆਉਣ ਵਾਲੇ ਸਮੇਂ ਦੀ ਹੋਂਦ ਨੂੰ ਵੀ ਪ੍ਰਭਾਵਿਤ ਕਰਦਾ ਹੈ ਅਤੇ ਉਸ ਬਾਰੇ ਆਪਣੇ ਨਜ਼ਰੀਏ ਨੂੰ ਦੁਹਰਾਉਂਦਾ ਹੈ। ਕਹਾਣੀ ਸੰਗ੍ਰਹਿ **'ਤੁਮ ਕਿਓਂ ਉਦਾਸ ਹੋ?** (**ਪ੍ਰਕਾਸ਼ਕ: ਆਰਸੀ ਪਬਲਿਸ਼ਰਜ਼, ਨਵੀਂ ਦਿੱਲੀ, ਮੁੱਲ:** 295, **ਪੰਨੇ:** 136, **ਸਾਲ:** 2021) ਵਿਚ ਗਿਆਰਾਂ ਕਹਾਣੀਆਂ ਦੇ ਆਪੋ ਆਪਣੇ ਰੂਪ ਹਨ ਤੇ ਕਦੇ ਇੰਝ ਲੱਗਦਾ ਹੈ ਰਚਨਾਕਾਰ ਜ਼ਿੰਦਗੀ ਦੇ ਹਨੇਰਿਆਂ ਨਾਲ ਲੜ ਰਿਹਾ ਹੈ ਤੇ ਹਾਦਸਿਆ ਦੇ ਪਿੰਜਰੇ ਵਿਚ ਜਕੜਿਆ ਕਦੇ ਨਾ ਖਤਮ ਹੋਣ ਵਾਲੀ ਜੰਗ ਲੜ ਰਿਹਾ ਹੈ।

ਇੱਕ ਜੰਗ ਆਦਮੀ ਨੂੰ ਆਪਣੇ ਅੰਦਰ ਲੜਣੀ ਪੈਂਦੀ ਹੈ। ਦੂਜੀ ਜੰਗ ਉਸਦੇ ਬਾਹਰ ਜਾਰੀ ਰਹਿੰਦੀ ਹੈ। ਲੇਖਿਕਾ ਦੇ ਪਾਤਰ ਇਸ ਦੂਹਰੀ ਜੰਗ ਦੀ ਮਾਰ ਸਹਿ ਰਹੇ ਨੇ। ਕਹਾਣੀਆ ਦੇ ਪਾਤਰ ਇਕ ਸਹਿਕਦੇ

ਸ਼ਹਿਰ ਵਿਚ ਬੇਨਾਮ ਜ਼ਿੰਦਗੀ ਹੰਢਾ ਰਹੇ ਨੇ ਜਾਂ ਅਤੀਤ ਵਿਚ ਵਾਬਸਤਾ ਰਹੇ ਹਨ। ਲੇਖਿਕਾ ਦੀਆਂ ਕਹਾਣੀਆਂ ਦੀ ਕੈਨਵਸ ਬੜੀ ਵਸੀਹ ਹੈ।

ਬਡੇਸਰੋਂ ਦੀਆਂ ਕਹਾਣੀਆਂ ਪਾਠਕ ਨੂੰ ਨਾਲ ਲੈ ਕੇ ਤੁਰਦੀਆ ਹਨ। ਪਾਠਕ ਜੋ ਸੋਚਦਾ ਹੈ ਕਿ ਕਾਸ਼ ਹੁਣ ਇਹ ਘਟਨਾ ਮੋੜ ਲੈ ਲਵੇ। ਇਹ ਪਾਠਕ ਜਾਂ ਲੇਖਕ ਦੀ ਆਪਦੀ ਨਿੱਜੀ ਸੋਚ ਹੁੰਦੀ ਹੈ ਜਾਂ ਕਥਾ ਦੀ ਮੰਗ। ਇਥੇ ਅਸੀਂ ਪਾਠਕ ਦੇ ਰੂਪ ਵਿਚ ਕਹਾਣੀ ਨੂੰ ਜੀਅ ਰਹੇ ਹੁੰਦੇ ਹਾਂ ਜਾਂ ਉਸ ਅਨੁਰੂਪ ਉਸਨੂੰ ਮਾਣ ਰਹੇ ਹੁੰਦੇ ਹਾਂ।

ਇਸ ਕਹਾਣੀ ਵਿਚਲਾ ਦੁਖਾਤ ਹੀ ਇਸਦਾ ਮੁੱਖ ਮੁੱਦਾ ਹੈ। ਅੰਦਰ ਬਲ ਰਹੀ ਅੱਗ ਦਾ ਬਿਰਤਾਂਤ ਹੈ। ਘਰ ਤੋਂ, ਆਪਨਿਆਂ ਤੋਂ ਦੂਰ ਇਕਲਾਪਾ ਹੰਢਾਉਣ ਦੀ ਕਥਾ ਹੈ। ਇਨ੍ਹਾਂ ਕਹਾਣੀਆਂ ਵਿਚ ਪਾਠਕ ਨੂੰ ਜ਼ਿੰਦਗੀ ਦੇ ਸਾਰੇ ਰੰਗ ਮਿਲਣਗੇ, ਗਰੀਬੀ, ਅਮੀਰੀ, ਤੰਗੀ, ਤੁਰਸੀ, ਪਿਆਰ, ਵਿਛੋੜਾ, ਮਸਨੂਈ ਰਿਸ਼ਤਿਆਂ ਦੀ ਤਫਸ਼ੀਲ। ਆਪਨਿਆਂ ਦੇ ਮੇਲ ਮਿਲਾਪ ਦੀ ਟੁੱਟ ਭੱਜ। ਮਾਂ, ਪਿਉ ਦੇ ਪਿਆਰ ਦੀ ਕਮੀ ਪੇਸ਼ੀ। ਜ਼ਿੰਦਗੀ ਦੇ ਸਾਰੇ ਰੰਗ ਥਾਂ ਪਰ ਥਾਂ ਪਰੋਸੇ ਗਏ ਹਨ।

ਪੰਜਾਬੀ ਦਾ ਕਥਾ ਸੰਸਾਰ ਬਹੁਤ ਵਸੀਹ ਹੋਣ ਕਾਰਣ ਆਏ ਦਿਨ ਇਸ ਉਪਰ ਇਸ ਕਲਾ ਦੀ ਬਣਤਰ ਉਪਰ ਗੱਲਬਾਤ ਹੁੰਦੀ ਰਹਿੰਦੀ ਹੈ। ਮੁਢਲੀ ਕਹਾਣੀ ਦੀ ਬਣਤਰ ਅਤੇ ਹੁਣ ਦੀ ਪੰਜਾਬੀ ਕਹਾਣੀ ਦੀ ਬਣਤਰ ਵਿਚ ਬਹੁਤ ਬਦਲਾਅ ਆ ਗਿਆ ਹੈ। ਭਾਵੁਕਤਾ ਨਾਲ ਸ਼ਿੰਗਾਰੀਆਂ ਕਹਾਣੀਆਂ ਹੁਣ ਤਰਕ ਨਾਲ ਪਰੋਸੀਆਂ ਜਾਣ ਲੱਗ ਪਈਆਂ ਹਨ। ਕੁਲਬੀਰ ਬਡੇਸਰੋਂ ਦੀ ਲਿਖਣ ਸ਼ੈਲੀ ਮੌਲਿਕ ਹੋਣ ਦੇ ਨਾਲ ਨਾਲ ਸੁਭਾਵਿਕ ਅਤੇ ਸਰਲ ਹੈ। ਗੱਲ ਦਾ ਮੁੱਦਾ ਸਪੱਸ਼ਟ ਅਤੇ ਆਤਮ ਵਹਿਮ ਹੁੰਦਾ ਹੈ। ਉਸਨੂੰ ਕਹਾਣੀ ਕਹਿਣ ਵਿਚ ਕੋਈ ਉਚੇਚ ਜਾਂ ਉਲਝੇ ਹੋਏ ਫ਼ਿਕਰਿਆਂ ਮੁਹਾਵਰਿਆਂ ਦੀ ਲੋੜ ਨਹੀਂ। ਇੰਜ ਲੱਗਦਾ ਹੈ ਜਿਵੇਂ ਉਹ ਹਰ ਕਹਾਣੀ ਵਿਚ ਆਪ ਸ਼ਾਮਿਲ ਹੋਵੇ ਤੇ ਅੱਖੀਂ ਵੇਖਿਆ ਸੁਣਿਆ ਬਿਆਨ ਕਰ ਰਹੀ ਹੋਵੇ। 'ਤੁਮ ਕਿਉਂ ਉਦਾਸ ਹੋ' ਆਪਦੇ ਸਿਰਲੇਖ ਮੂਜਬ ਮਜ਼ਬੂਨ ਦਾ ਅਨੋਖਾ ਨਿਭਾਉ ਹੈ।

ਬਕੌਲ ਕੁਲਬੀਰ ਬਡੇਸਰੋਂ ਦੀਆ ਕਹਾਣੀਆਂ ਵਿਚ ਬਤੌਰ ਪਾਠਕ ਜ਼ਿੰਦਗੀ ਕਦੇ ਕਿਸੇ ਵੀਰਾਨੇ ਵਿਚ ਦੂਰ ਤੱਕ ਡੁੱਲ੍ਹੀ ਹੋਈ ਚੀਖ ਵਾਂਗ ਮਿਲਦੀ ਹੈ। ਸਦੀਆਂ ਪੁਰਾਣੀ ਕਦੇ ਨਾ ਭਰਨ ਵਾਲੀ ਲਾ ਇਲਾਜ ਉਜਾੜ ਵਾਂਗ ਕਿਸੇ ਬੇ ਚਿਹਰਾ ਭੀੜ ਵਿਚ ਗੁਆਚ ਰਹੇ ਪਰਛਾਵੇਂ ਵਾਂਗ। ਕਿਸੇ ਕਹਾਣੀ ਦੇ ਪਾਤਰ ਦੀ ਪੀੜ ਨੂੰ ਮਹਿਸੂਸ ਕਰਦੇ ਹੋਏ ਅਚਨਚੇਤ ਦਿਲ ਲਬਾ ਲਬ ਭਰੇ ਹੋਏ ਪਿਆਲੇ ਵਾਂਗ ਛਲਕ ਕੇ ਡੁੱਲ੍ਹਣਾ ਲੋਚਦਾ ਹੈ। ਕਿਤੇ ਕਿਤੇ ਦਿਲ ਕਰਦਾ ਹੈ ਆਪ ਹੀ ਆਪਦੇ ਮੋਢਿਆਂ ਤੋਂ ਛਾਲ ਮਾਰ ਕੇ ਦੁਖ ਨੂੰ ਉਸ ਘੜੀ ਨੂੰ ਆਪਦੀ ਗਲਵਕੜੀ ਵਿਚ ਸਮੇਟ ਲਵਾਂ।

ਇਸ ਵਿੱਚੋਂ ਕੁਝ ਕਹਾਣੀਆਂ ਸਵੈਜੀਵਨੀ ਦਾ ਅੰਸ਼ ਲੱਗਣਗੀਆਂ। ਸਵੈ ਜੀਵਨੀ ਉਸ ਪਾਤਰ ਦੀ ਜੋ ਆਪਣੇ ਅਤੀਤ ਦੇ ਹਨੇਰੇ ਵਿਚ ਗੁੰਮ ਕਦੇ ਆਪਣੇ ਆਪਨੂੰ ਮੁਖਾਤਿਬ ਹੁੰਦਾ ਕਦੇ ਸਮੇਂ ਦੀ ਮਾਰ ਹੇਠ ਮਿੱਧੇ ਹੋਏ ਆਪਣੇ ਵਰਤਮਾਨ ਨੂੰ ਕੋਸਦਾ ਨਹੀਂ ਥੱਕਦਾ।

'ਮਜ਼ਬੂਰੀ' ਕਹਾਣੀ ਵਿਚ ਫ਼ਿਲਮੀ ਦੁਨੀਆ ਦੇ ਕਲਾਕਾਰਾਂ ਦੀ ਅੱਧੀ ਅਧੂਰੀ ਦੁਨੀਆ ਵਿਚਲੀ ਗੱਲਬਾਤ ਦਾ ਜਾਇਜਾ ਪੇਸ਼ ਕੀਤਾ ਗਿਆ ਹੈ। ਕਲਾਕਾਰਾਂ ਦੀ ਆਪਦੀ ਨਿੱਜੀ ਜ਼ਿੰਦਗੀ, ਕੰਮੀਆਂ, ਬੇਸ਼ੁਮਾਰ ਮਜ਼ਬੂਰੀਆਂ ਸਮੇਤ ਉਹ ਆਪਣੇ ਕਸਬ ਦਾ ਨਿਭਾਉ ਕਰਦੇ ਹਨ, ਨਜ਼ਰ ਆਉਣ ਵਾਲੀ ਜ਼ਿੰਦਗੀ ਅਤੇ ਅਨੁਭਵ ਮਾਹੌਲ ਦੀ ਤਰਜ਼ਮਾਨੀ ਪ੍ਰਸਤੁਤ ਕਰਦੀ ਕਹਾਣੀ ਆਪਣੀ ਮਿਸਾਲ ਆਪ ਹੈ।

ਆਪਣੇ ਰੋਜ਼ੀ ਰੋਟੀ ਦੇ ਆਹਰ ਵਿਚ ਥੀਏਟਰ ਅਤੇ ਫ਼ਿਲਮ ਜਗਤ ਦੀਆਂ ਕਮਜ਼ੋਰੀਆਂ ਅਤੇ ਆਰਟਿਸਟਾਂ ਨਾਲ ਵਾਪਰਦੀਆਂ ਦਰਦ ਪੇਸ਼ ਘਟਨਾਵਾਂ ਦਾ ਵੇਰਵਾ ਇਸ ਕਹਾਣੀ ਵਿਚ ਦਰਜ਼ ਕੀਤਾ

ਗਿਆ ਹੈ। ਆਰਟਿਸਟ ਮਨਾਂ ਦੀ ਭੜਾਸ ਅਤੇ ਦਰਦ ਇਸ ਅੰਦਰ ਸਾਫ਼ ਨਜ਼ਰ ਆਏਗਾ।

ਆਕ੍ਰੋਸ਼ ਅਤੇ ਮਜ਼ਬੂਰੀ ਦੇ ਪਲਾਂ ਦਾ ਉਤਾਰ ਚੜ੍ਹਾਅ ਪਾਤਰਾਂ ਨੂੰ ਝੱਲਣਾ ਪੈਂਦਾ ਹੈ। ਇਸ ਪਿੱਛੋਂ ਸਬਰ ਤੇ ਸਿਦਕ ਦਾ ਨਕਲੀ ਮਾਹੌਲ ਪਸਰਿਆ ਰਹਿੰਦਾ ਹੈ। ਕਲੇਜਾ ਵਿੰਨ੍ਹਦੀਆਂ ਘਟਨਾਵਾਂ, ਮਜ਼ਬੂਰੀ ਦਾ ਸਿਲਸਿਲਾ ਤੇ ਤੰਗੀ ਤੁਰਸੀ ਦਾ ਆਲਮ ਹੈ ਇਹ ਕਹਾਣੀ। ਇਸ ਵਿਚਲਾ ਮਾਹੌਲ ਪਾਠਕ ਨੂੰ ਹਲੂਣ ਕੇ ਰੱਖ ਦਿੰਦਾ ਹੈ। ਪਾਠਕ ਇਸ ਦੁੱਖ ਦਰਦ ਨੂੰ ਆਪਣੇ ਨਾਲ ਵਾਪਰਦਾ ਮਹਿਸੂਸ ਕਰਦਾ ਹੈ।

ਨੂੰਹ ਸੱਸ ਦੀ ਆਪੋ ਆਪਣੇ ਘਰ ਵਾਲੇ ਨਾਲ ਅੱਡਰੀ ਜਿਹੀ ਪੁੱਛ ਗਿੱਛ ਸੀ। ਸਹੁਰਾ ਸਲੀਕੇ ਨਾਲ ਪੇਸ਼ ਆਉਂਦਾ ਨਹੀਂ ਤੇ ਪਤੀ ਉਸ ਨੂੰ ਗੌਲਦਾ ਨਹੀਂ ਸੀ। ਨਾ ਕੋਈ ਉਚੇਚ ਕਰਦਾ। ਕਹਾਣੀ ਵਿਚ ਤਰਾਸ਼ਦੀ ਹਿਰਖ ਅਤੇ ਮਨ ਦੇ ਤਿਰਸਕਾਰ ਵਿੱਚ ਉਲਝੀ ਹੋਈ ਹੈ।

"ਆਕਰੋਸ਼" ਦੀ ਕਥਾ ਵਿਅੰਗ ਇਸ ਦੀ ਬਣਤਰ ਵੀ ਕਮਾਲ ਦੀ ਹੈ। ਜਸਬੀਰ ਦੀ ਹੱਸਦੀ ਵਸਦੀ ਜ਼ਿੰਦਗੀ ਬੱਚਿਆਂ ਸਮੇਤ ਉਸਦੇ ਪਤੀ ਦੀ ਰੰਗੀਨ ਮਿਜਾਜ਼ੀ ਕਾਰਣ ਨਰਕ ਬਣ ਜਾਦੀ ਹੈ। ਸਮੇਤ ਬੱਚਿਆਂ ਦੇ ਘਰ ਵੀਰਾਨ ਹੋ ਜਾਂਦਾ ਹੈ। ਕਥਿਤ ਕਾਮਨਾ ਗੁਪਤਾ ਉਸਦੇ ਪਤੀ ਨੂੰ ਆਪਣੇ ਨਾਲ ਕਰ ਲੈਂਦੀ ਹੈ, ਤੇ ਉਹ ਆਸ਼ਕ ਮਿਜਾਜ਼ ਆਪਦੇ ਸ਼ੌਕ ਪੂਰੇ ਕਰਦਾ ਉਲਝ ਜਾਂਦਾ ਹੈ। ਪਿੱਛੇ ਬੱਚੇ ਤੇ ਪਤਨੀ ਇਸਦਾ ਖ਼ਾਮੀਆਜ਼ਾ ਭੁਗਤਦੇ ਹਨ। ਜਸਬੀਰ ਕਿਉਂਕਿ ਆਰਟਿਸਟ ਹੈ ਤੇ ਆਪਣੇ ਕਾਰੋਬਾਰ ਦੌਰਾਨ ਉਸ ਕਾਮਨਾ ਗੁਪਤਾ ਦਾ ਸਾਹਮਣਾ ਨਿਰਦੋਸ਼ ਜਸਬੀਰ ਨਾਲ ਅਚਾਨਕ ਹੋ ਜਾਂਦਾ ਹੈ। ਜਿਵੇਂ ਕਿ ਟੀ.ਵੀ. ਸੀਰੀਅਲ ਵਿਚ ਵੀ ਹੁੰਦਾ ਹੈ ਸਾਰੇ ਕਲਾਕਾਰ ਇਕ ਦੂਜੇ ਨਾਲ ਮਿਲ ਕੇ ਅਲਗ ਅਲਗ ਟੁਕੜਿਆਂ ਵਿਚ ਸ਼ੂਟਿੰਗ ਕਰਦੇ ਹਨ। ਸੰਯੋਗਵਸ਼ ਇਸ ਸੀਰੀਅਲ ਵਿੱਚ ਕਾਮਨਾ ਅਤੇ ਜਸਬੀਰ ਦਾ ਇਕ ਦਮਦਾਰ ਸੀਨ ਇਕੱਠਿਆਂ ਹੋਣਾ ਹੁੰਦਾ ਹੈ। ਉਸਨੇ ਕਾਮਨਾ ਨੂੰ ਉਹੀ ਸਭ ਕੁਝ ਕਹਿਣਾ ਹੁੰਦਾ ਹੈ ਜੋ ਅਸਲ ਵਿੱਚ ਉਸਦੀ ਜ਼ਿੰਦਗੀ ਵਿਚ ਹੋਇਆ ਵਾਪਰਿਆ ਹੁੰਦਾ ਹੈ।

"ਤੂੰ ਉਦਾਸ ਕਿਉਂ ਰਹਿੰਨੀ ਏ ਜਸਵੀਰ? ਤੈਨੂੰ ਇਥੇ ਕੋਈ ਤਕਲੀਫ਼ ਹੈ? (ਪੰਨਾ-83)

ਉਹ ਪਲ ਵੀ ਆ ਜਾਂਦਾ ਹੈ। ਜਸਬੀਰ ਪੂਰੀ ਰੂਹਾਨੀਅਤ ਨਾਲ ਉਹ ਸਭ ਕੁਝ ਉਸਨੂੰ ਕਹਿੰਦੀ ਹੈ, ਕੋਸਦੀ ਹੈ, ਅਤੇ ਇਸ ਵਿਚ ਉਸਨੂੰ ਕਾਮਨਾ ਗੁਪਤਾ ਦੇ ਥੱਪੜ ਵੀ ਮਾਰਨਾ ਹੁੰਦਾ ਹੈ। ਆਵੇਸ਼ ਵਿਚ ਇਕ ਲਮਹਾ ਅਜਿਹਾ ਵੀ ਹੁੰਦਾ ਹੈ। ਜਸਬੀਰ ਪੂਰੇ ਵੇਗ ਤੇ ਆਕਰੋਸ਼ ਵਿਚ ਇਕ ਥੱਪੜ ਕਾਮਨਾ ਗੁਪਤਾ ਦੇ ਜੜਦੀ ਹੈ। ਆਸ਼ਕੀ ਤੇ ਅਸਲੀ ਤੌਰ ਤੇ ਹਕੀਕਤ ਵਿਚ ਇਹ ਸਹਿਜ ਹੀ ਵਾਪਰ ਜਾਂਦਾ ਹੈ। ਥੱਪੜ ਦੀ ਗੂੰਜ ਮਾਹੌਲ ਵਿਚ ਗੂੰਜਦੀ ਹੈ ਤੇ ਸਭ ਅਵਾਕ ਰਹਿ ਜਾਂਦੇ ਹਨ।

ਜ਼ਿੰਦਗੀ ਵਿਚ ਵਾਪਰੀਆਂ ਨਿੱਕੀਆਂ ਵੱਡੀਆਂ ਘਟਨਾਵਾਂ ਹੀ ਆਦਮੀ ਦੇ ਦਿਮਾਗ ਵਿਚ ਬੈਠੀਆਂ ਰਹਿੰਦੀਆਂ ਹਨ। ਕੁਝ ਕਦੇ ਨਾ ਭੁੱਲਣ ਵਾਲੀਆਂ ਅਭੁੱਲ ਯਾਦਾਂ ਸਾਰੀ ਉਮਰ ਉਸਨੂੰ ਟੁੰਬਦੀਆਂ ਰਹਿੰਦੀਆਂ ਹਨ। ਸਾਰੀ ਉਮਰ ਦਾ ਲੇਖਾ ਜੋਖਾ, ਕੁਝ ਯਾਦਾਂ ਅਤੇ ਘਟਨਾਵਾਂ ਵਿਚ ਹੀ ਸਿਮਟ ਜਾਂਦਾ ਹੈ।

ਅੱਜ ਦੇ ਇਸ ਵਰਤਮਾਨ ਯੁੱਗ ਵਿਚ ਮਨੁੱਖ ਬਹੁਤ ਜ਼ਿੰਮੇਵਾਰੀਆਂ ਨਾਲ ਘਿਰਿਆ ਹੋਇਆ ਹੈ। ਸਾਡੀਆਂ ਥੁੜ੍ਹਾਂ ਤੇ ਇੱਛਾਵਾਂ ਦੀ ਕਦੇ ਵੀ ਪੂਰਤੀ ਨਹੀਂ ਹੁੰਦੀ। ਕਿਉਂ ਜੋ ਅੱਜ ਸਾਡੀ ਸੋਚ ਤਰੱਕੀ ਪਸੰਦ ਹੈ। ਆਦਮੀ ਆਪਣੀ ਜ਼ਿੰਦਗੀ ਨੂੰ ਪੂਰੀ ਤਰ੍ਹਾਂ ਹੰਢਾਉਣਾਂ ਚਾਹੁੰਦਾ ਹੈ। ਉਸਨੂੰ ਹਰ ਸਹੂਲਤ ਚਾਹੀਦੀ ਹੈ। ਉਹ ਕਿਸੇ ਪਾਸਿਉਂ ਵੀ ਊਣਾਂ ਨਹੀਂ ਰਹਿਣਾ ਚਾਹੁੰਦਾ। ਇਸੇ ਉਧੇੜ ਬੁਣ ਵਿਚ ਉਸਦਾ ਦਿਮਾਗ ਤਾਣਾ ਬਾਣਾ ਬੁਣਦਾ ਰਹਿੰਦਾ ਹੈ। ਸੋਗ, ਹਿਰਖ, ਖੁਸ਼ੀ, ਗ਼ਮੀ, ਰਿਸ਼ਤਿਆਂ ਦਾ ਬਣਨਾ-ਟੁੱਟਣਾ ਲੱਗਾ ਰਹਿੰਦਾ ਹੈ। ਆਦਮੀ ਦੇ ਦਿਮਾਗ ਵਿਚ ਪਤਾ ਨਹੀਂ ਕਿੰਨਾ ਕਚਰਾ ਭਰਿਆ ਰਹਿੰਦਾ ਹੈ। ਇਹ ਵਿਚਾਰਾਂ ਦੀ ਭਰਮਾਰ ਇਸ ਨੂੰ ਤਨਾਅ ਪੂਰਣ ਰੱਖਦੀ ਹੈ। ਸੋਚਾਂ ਦਾ ਸਰਗਮ ਉਸਦੇ ਸਿਰ ਸਵਾਰ ਰਹਿੰਦਾ ਹੈ। ਰਾਤ ਦਿਨ

ਉਹ ਇਸੇ ਵਿਚ ਉਲਝਿਆ ਰਹਿੰਦਾ ਹੈ।

'ਬਕ-ਬਕ' ਕਹਾਣੀ ਵੀ ਇਹੋ ਜਿਹੇ ਮਾਹੌਲ ਦਾ ਟੁੰਬਵਾਂ ਵਿਸਥਾਰ ਹੈ। ਖ਼ਾਸ ਕਰ ਆਰਟਿਸਟ ਲੋਗਾਂ ਦੇ ਮਨਾਂ ਦੀ ਕਥਾ ਵਿਥਿਆ ਦਾ ਮਨੋਲਾਗ ਹੈ ਇਹ ਕਹਾਣੀ,

ਉਂਝ ਤਾਂ ਇਹਨਾਂ ਕਹਾਣੀਆਂ ਦਾ ਬਿਰਤਾਂਤ ਉੱਤਮ ਪੁਰਖੀ ਮੋਨੋਲਾਗ ਹੈ।

"ਇਹ ਸ਼ਾਇਦ ਇੱਕ ਮਰਦ ਹੀ ਕਰ ਸਕਦਾ ਹੈ ਕਿ ਇਕ ਵਿਆਹ ਕਰਵਾਉ, ਬੱਚੇ ਪੈਦਾ ਕਰੋ, ਫਿਰ ਉਨ੍ਹਾਂ ਨੂੰ ਛੱਡ ਕੇ ਦੂਜਾ ਵਿਆਹ ਕਰਵਾਓ, ਬੱਚੇ ਪੈਦਾ ਕਰੋ ਫਿਰ ਉਨ੍ਹਾਂ ਨੂੰ ਵੀ ਛੱਡ ਦਿਉ, ਫਿਰ ਤੀਜੀ ਨੂੰ ਲੈ ਕੇ ਘੁੰਮਣ ਤੁਰ ਜਾਉ, ਜ਼ਿੰਮੇਵਾਰੀ ਕਿਤੇ ਵੀ ਨਾ ਨਿਭਾਉ..। ਪਰ ਔਰਤ ਇੰਜ ਨਹੀਂ ਕਰਦੀ ਵਿਆਹ ਨਿਭੇ ਜਾਂ ਨਾ ਨਿਭੇ ਪਰ ਉਹ ਬੱਚਿਆਂ ਨੂੰ ਹਿੱਕ ਨਾਲ ਲਾ ਕੇ ਰੱਖਦੀ ਹੈ, ਉਨ੍ਹਾਂ ਨੂੰ ਪਾਲਦੀ ਹੈ, ਪਲੋਸਦੀ ਹੈ, ਦਿਨ ਰਾਤ ਮਿਹਨਤ ਕਰਦੀ ਹੈ, ਮਨ ਪਸੰਦ ਕੰਮ ਨਾ ਮਿਲੇ ਤਾਂ, ਸਿਰ 'ਤੇ ਬੱਠਲ ਢੋਣ ਨੂੰ ਵੀ ਤਿਆਰ ਹੋ ਜਾਂਦੀ ਹੈ.. ਪਰ ਬੱਚਿਆਂ ਨੂੰ ਕਿਸੇ ਚੀਜ਼ ਦੀ ਕਮੀ ਨਹੀਂ ਆਉਣ ਦਿੰਦੀ।" (ਪੰਨਾ 127)


ਗੱਲ ਸਿਰਫ਼ ਏਨੀਂ ਹੀ ਨਹੀਂ ਹੁੰਦੀ ਕਿ ਘਰ ਵਾਲਾ ਸ਼ਰਾਬ ਪੀਂਦਾ ਹੈ। ਉਹ ਸ਼ਰਾਬ ਪੀ ਕੇ ਮਾਰ ਕੁੱਟ ਕਰਦਾ ਹੈ। ਕਲੱਬਾਂ ਕੋਠਿਆਂ ਤੇ ਜਾਂਦਾ ਹੈ ਤੇ ਹੋਰਨਾਂ ਤੀਵੀਆਂ ਪਿੱਛੇ ਘੁੰਮਦਾ ਹੈ। ਸਮੈਕੀਆਂ ਹੈ ਜਾਂ ਹਰਾਮਖ਼ੋਰ ਹੈ। ਜਿਵੇਂ ਕਿ ਅੱਜ-ਕੱਲ੍ਹ ਬਹੁਤਾ ਕੁਝ ਇਕ ਵਰਗ ਦੇ ਹਿੱਸੇ ਇਹ ਕਲੰਕ ਆਇਆ ਹੈ। ਖਾਓ ਪੀਓ ਐਸ਼ ਕਰੋ। ਪਤਨੀਆਂ ਨੂੰ ਦੁਖੀ ਕਰੋ। ਪੂਰਾ ਪੰਜਾਬ ਇਹ ਤਰਾਸਦੀ ਭੋਗ ਰਿਹਾ ਹੈ। ਬਾਹਰ ਜਾ ਕੇ ਲੋਕੀਂ ਆਪਣੀਆਂ ਜ਼ਮੀਨਾਂ ਵੇਚ ਕੇ ਉਥੇ ਜਾ ਕੇ ਮਜ਼ਦੂਰੀ ਕਰਦੇ ਨੇ, ਸ਼ਿਫਟ ਦਰ ਸ਼ਿਫਟ, ਵਿਹਲੇ ਰਹਿਣ ਵਾਲੇ ਲਈ ਉਥੇ ਕੋਈ ਥਾਂ ਨਹੀਂ; ਜਾਂ ਕੋਈ ਦੋ ਨੰਬਰੀ ਧੰਦਾ ਕਰੋ। ਫੜੇ ਗਏ ਤੇ ਸਾਰੀ ਉਮਰ ਲਈ ਛੁੱਟੀ। ਬਾਹਰ ਜਾ ਕੇ, ਜਿੰਨ੍ਹਾਂ ਕਦੇ ਕੱਖ ਭੰਨ ਕੇ ਦੂਹਰਾ ਨਹੀਂ ਕੀਤਾ, ਬੇਰੀਆਂ, ਚੈਰੀਆਂ ਤੋੜਦੇ, ਡਰਾਈਵਿੰਗ ਕਰਦੇ। ਪੈਟਰੋਲ ਪੰਪਾਂ ਦੀ ਸਰਵਿਸ। ਇਥੋਂ ਦੇ ਸੀਜਨ ਨੂੰ ਤਰਸਦੇ ਹਨ। ਬਾਹਰ ਪੱਕੀ ਗੁਲਾਮੀ ਭੁਗਤਦੇ ਹਨ। ਪੜ੍ਹਿਆ ਲਿਖਿਆ ਬੰਦਾ ਕਿਸੇ ਚੰਗੀ ਕੰਪਨੀ ਵਿਚ ਲੱਗਾ ਹੋਵੇ। ਉਸਦਾ ਕਾਗਜ਼ ਪੱਤਰ ਉਥੇ ਪਰਾਇਆ ਕੋਲ ਹੁੰਦਾ ਹੈ। ਆਪਣੇ ਮਨ ਦੀ ਮਰਜ਼ੀ ਨਹੀਂ ਚਲਦੀ।

ਇਹਨਾਂ ਕਹਾਣੀਆਂ ਵਿਚ ਦਰਸਾਇਆ ਗਿਆ ਹੈ ਜੋ ਕਿ ਪੂਰਨ ਸੱਚ ਹੈ। ਪੱਛਮੀ ਕਲਚਰ ਤੇ ਸੱਭਿਆਚਾਰ ਜਦੋਂ ਸਾਡੇ ਇਧਰਲੇ ਏਸ਼ੀਆਈ ਸੱਭਿਆਚਾਰ ਨਾਲ ਟਕਰਾਉਂਦਾ ਹੈ ਤਾਂ ਇਕ ਅਮਾਨਵੀਂ ਕਲੇਸ਼ ਪੈਦਾ ਹੁੰਦਾ ਹੈ। ਲਿਵ ਇਨ ਰਿਲੇਸ਼ਨ ਸ਼ਰੇਆਮ ਕਹਿ ਕੇ ਹੁਕਮ ਅਦੂਲੀ ਕਰਨਾ ਹੈ। ਇਸ ਵਿਚ ਛੋਟੇ ਤੋਂ ਲੈ ਕੇ ਵੱਡੇ ਦਾਇਰੇ ਦੇ ਮਾਨਯਵਰ ਸ਼ਾਮਿਲ ਹੁੰਦੇ ਹਨ। ਇਹਨਾਂ ਕਹਾਣੀਆਂ ਨੂੰ ਪੜ੍ਹਨ ਨਾਲ ਹੀ ਪਤਾ ਲੱਗੇਗਾ ਬਡੇਸਰੋਂ ਨੇ ਦਿਲ ਦੇ ਜ਼ਖ਼ਮਾਂ ਦੀ ਭਾਸ਼ਾ ਪੜ੍ਹੀ ਹੈ, ਉਸ ਦੀ ਤਰਜੁਮਾਨੀ ਕੀਤੀ ਹੈ। ਇਹ ਉਸੇ ਤਰ੍ਹਾਂ ਹੈ, ਜਿਵੇਂ ਇਹਨਾਂ ਕਹਾਣੀਆਂ ਵਿਚ ਦਰਸਾਇਆ ਗਿਆ ਹੈ। ਪੱਛਮੀ ਸੱਭਿਆਚਾਰ ਵਿਚ ਦਿਲ ਦੇ ਦਰਦ ਦੀ ਕੋਈ ਪਰਿਭਾਸ਼ਾ ਨਹੀਂ। ਇਹ ਕੀ ਵਿਸ਼ਾ ਵਸਤੂ ਹੈ। ਰਿਸ਼ਤੇ ਬਣਦੇ ਹਨ ਟੁੱਟਦੇ ਹਨ। ਉਸਦਾ ਨਿਭਾਉ ਗੈਰ ਕੁਦਰਤੀ ਹੋ ਸਕਦਾ ਹੈ ਤੇ ਨਹੀਂ ਵੀ। ਪਰ ਜੋ ਦੁਵਿਧਾ ਤੇ ਕਸ਼ਟ ਏਧਰ ਔਰਤਾਂ ਭੋਗਦੀਆਂ ਹਨ ਅਸਹਿ ਤੇ ਅਕਹਿ ਹੈ। ਇਹ ਕਹਾਣੀ ਸੰਗ੍ਰਹਿ ਅਜੋਕੇ ਸਮਾਜਿਕ ਹਾਲਾਤ ਦਾ ਇਕ ਦਸਤਾਵੇਜ਼ ਹੈ ਤੇ ਇਸ ਨੂੰ ਪੜ੍ਹਨ ਬਾਦ ਹੀ ਪਾਠਕ ਇਸ ਦਾ ਆਨੰਦ ਮਾਣ ਸਕਣਗੇ।

ਅਜਿਹੀਆਂ ਕਹਾਣੀਆ ਹੀ ਸਮਾਜ ਨੂੰ ਇਕ ਨਵੀਂ ਸੇਧ ਦਿੰਦੀਆਂ ਹਨ। ਆਪਣੇ ਬੱਚਿਆਂ ਨੂੰ ਪੜ੍ਹਾਉ। ਕਾਰੋਬਾਰ ਵੱਲ ਧਿਆਨ ਦਿਓ ਤੇ ਉਨ੍ਹਾਂ ਨੂੰ ਇਸ ਕਾਬਲ ਬਣਾਉ ਕਿ ਉਹ ਕਿਸੇ ਅਧੀਨ ਨਾ ਹੋਣ। ਸਿੱਧੀ ਪਧਰੀ ਜੀਵਨ ਸ਼ੈਲੀ ਅਪਨਾਉਣ। ਇਹੋ ਜੀਵਨ ਦਾ ਯਥਾਰਥ ਹੈ। ਸਵੈ ਜੀਵਨੀ ਵਿਚੋਂ ਨਿਕਲੀਆਂ ਘਟਨਾਵਾਂ ਵਾਂਗ ਇਹ ਕਹਾਣੀਆਂ ਵੀ ਨਿਰੋਲ ਤੇ ਨਿਰਣਾਇਕ ਹੋ ਨਿਬੜਦੀਆਂ ਹਨ।

# ਸਮਕਾਲੀ ਸੰਕਟਗ੍ਰਸਤ ਪ੍ਰਸਥਿਤੀਆਂ ਦੀ ਪੇਸ਼ਕਾਰੀ 'ਸ਼ੋਅ - ਰੂਮ'

**ਡਾ. ਅੰਮ੍ਰਿਤਪਾਲ ਕੌਰ**




ਪਰਵਾਨਾ ਦੀਆਂ ਸਾਹਿਤਕ ਕਿਰਤਾਂ ਵਿੱਚ ਪੰਜਾਬੀ ਸਾਹਿਤ - ਸਮਾਜ ਦੇ ਸਮਾਜਿਕ, ਰਾਜਨੀਤਕ, ਧਾਰਮਿਕ ਅਤੇ ਸਭਿਆਚਾਰਕ ਸੰਕਟ-ਗ੍ਰਸਤ ਦੌਰ ਨੂੰ ਵਿਸ਼ੇਸ਼ ਰੂਪ ਵਿੱਚ ਉਭਾਰਿਆ ਗਿਆ ਹੈ। ਇਹ ਉਹ ਸੰਕਟ-ਗ੍ਰਸਤ ਦੌਰ ਹੈ ਜਦੋਂ ਪੂੰਜੀਵਾਦੀ ਦੇ ਉਥਾਨ ਕਾਰਨ ਰੂੜ੍ਹੀਵਾਦੀ ਪਰੰਪਰਕ ਕਦਰਾਂ-ਕੀਮਤਾਂ ਨੂੰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਮੱਧ ਸ਼੍ਰੇਣੀ ਦਾ ਆਸ਼ਾਵਾਦ ਖੰਡਿਤ ਹੋ ਰਿਹਾ ਹੈ, ਜਿਸ ਕਾਰਨ ਸਮਾਜ ਵਿਚਲੇ ਆਦਰਸ਼ਵਾਦੀ, ਸੁਧਾਰਵਾਦੀ ਮੁੱਲ ਨਿਘਾਰ ਦੀ ਅਵਸਥਾ ਵੱਲ ਜਾ ਰਹੇ ਹਨ। ਮੁਦਰਾਂ ਦੇ ਫੈਲਾਓ ਕੀਮਤਾਂ ਦੇ ਵਾਧੇ, ਸਨਅਤੀਕਰਨ ਜਿਹੇ ਕਾਰਨਾਂ ਕਰਕੇ ਕਈ ਤਰ੍ਹਾਂ ਦੀਆਂ ਸਮਾਜਿਕ-ਸਭਿਆਚਾਰਕ ਸਮੱਸਿਆਵਾਂ ਅਤੇ ਜਟਿਲਤਾਵਾਂ ਪੈਦਾ ਹੋ ਰਹੀਆਂ ਹਨ।

ਪ੍ਰਗਤੀਵਾਦੀ ਧਾਰਨਾ ਭਾਵੇਂ ਆਜ਼ਾਦੀ ਤੋਂ ਪਹਿਲਾਂ ਹੀ ਸਾਹਿਤ ਵਿੱਚ ਪੁੰਗਰਣ ਲੱਗ ਪਈ ਸੀ ਪਰ ਸਮਕਾਲੀ ਸਾਹਿਤ ਵਿੱਚ ਪ੍ਰਗਤੀਵਾਦ ਸਾਹਿਤਕ ਕਿਰਤਾਂ ਵਿੱਚ ਇਸ ਤਰ੍ਹਾਂ ਮੌਜੂਦ ਹੈ ਜਿਸ ਤਰ੍ਹਾਂ ਮਨੁੱਖੀ ਸਰੀਰ ਲਈ ਸਾਹ ਲੈਣਾ। ਉਸਦੀਆਂ ਸਾਹਿਤਕ ਕਿਰਤਾਂ ਦਾ ਮੁੱਖ ਬਿੰਦੂ ਪੰਜਾਬ ਦਾ ਪੇਂਡੂ ਧਰਾਤਲ ਹੁੰਦਾ ਹੈ, ਉਸਦਾ ਪੇਂਡੂ ਜੀਵਨ ਅਨੁਭਵ ਇੰਨਾ ਮੌਲਿਕ ਅਤੇ ਡੂੰਘਾ ਹੁੰਦਾ ਹੈ ਕਿ ਉਸ ਵਿਚਲੀ ਸਮੱਸਿਆ ਲੱਭਣ ਲਈ ਬਹੁਤੀ ਜਦੋਂ-ਜਹਿਦ ਨਹੀਂ ਕਰਨੀ ਪੈਂਦੀ।

ਬਲਬੀਰ ਪਰਵਾਨਾ ਜੀ ਦਾ ਹਥਲਾ ਨਾਵਲ **'ਸ਼ੋਅ ਰੂਮ'** (**ਪ੍ਰਕਾਸ਼ਕ: ਲੋਕਗੀਤ ਪ੍ਰਕਾਸ਼ਨ, ਮੁਹਾਲੀ, ਮੁੱਲ: 250, ਪੰਨੇ: 187, ਸਾਲ: 2020**) ਪੇਂਡੂ ਅਰਥਚਾਰੇ ਤੇ ਸਮਾਜਚਾਰੇ ਦੇ ਵਿਭਿੰਨ ਪੱਖਾਂ ਨੂੰ ਪੇਸ਼ ਕਰਦਾ ਹੈ। ਪੰਜਾਬ ਦੀ ਪੇਂਡੂ ਰਹਿਤਲ ਵਿੱਚ ਕਿਸਾਨੀ ਤੇ ਖੇਤੀ ਮਜ਼ਦੂਰ ਵਰਗ ਦੀ ਵਸੋਂ ਦੀ ਬਹੁ-ਗਿਣਤੀ ਹੈ। ਇਹ ਦੋਵੇਂ ਵਰਗ ਹੀ ਪੇਂਡੂ ਆਰਥਿਕਤਾ, ਸਮਾਜਿਕ ਤੇ ਰਾਜਨੀਤੀ ਦਾ ਕਾਰਜ ਖੇਤਰ ਹਨ। ਪਿਛਲੇ ਦੋ ਦਹਾਕਿਆਂ ਤੋਂ ਪੇਂਡੂ ਅਰਥ ਤੇ ਸਮਾਜਚਾਰੇ ਵਿੱਚ ਵਾਪਰਿਆ ਪਰਿਵਰਤਨ ਦੋਹਾਂ ਵਰਗਾਂ ਨੂੰ ਪ੍ਰਭਾਵਿਤ ਕਰ ਰਿਹਾ ਹੈ। ਇਸ ਪਰਿਵਰਤਨ ਨੇ ਆਰਥਿਕ ਅਤੇ ਸਮਾਜਿਕ ਸੰਬੰਧਾਂ ਵਿੱਚ ਵਿਆਪਕ ਤਬਦੀਲੀ ਲਈ ਰਾਹ ਪੱਧਰਾ ਕੀਤਾ ਹੈ। ਜਿਸ ਦੇ ਸਿੱਟੇ ਵਜੋਂ ਰਾਜਨੀਤਕ ਧਰੁਵੀਕਰਨ ਵੀ ਤੇਜ਼ੀ ਨਾਲ ਬਦਲਿਆ ਹੈ। 'ਸ਼ੋਅ ਰੂਮ' ਨਾਵਲ ਵਿੱਚ ਇਹ ਦੋਵੇਂ ਵਰਗ ਸੰਕਟ-ਗ੍ਰਸਤ ਸਥਿਤੀ ਸਮੇਤ ਉੱਭਰੇ ਹਨ। ਪਹਿਲੀ ਸਥਿਤੀ ਆਰਥਿਕਤਾ ਅਧਾਰਤ ਮਾਨਵੀ ਰਿਸ਼ਤਿਆਂ ਦੇ ਪਰਿਵਰਤਨ ਦੀ ਸਥਿਤੀ ਹੈ। ਇਹ ਸਥਿਤੀ ਨਾਵਲ ਵਿੱਚੋਂ ਵਿਕਰਾਲ ਰੂਪ ਨਾਲ ਉੱਭਰਦੀ ਹੈ। ਨਾਵਲ ਵਿਚਲੀ ਪਾਤਰ 'ਬੇਬੇ' ਸ਼ਹੀਦ ਮੁਨਸ਼ੀ ਦੀ ਪਤਨੀ ਹੈ। ਜਿਸ ਦੇ ਤਿੰਨ ਪੁੱਤਰ ਅਤੇ ਦੋ ਧੀਆਂ ਹਨ। ਇੱਕ ਪੁੱਤਰ ਦਾ ਪਰਿਵਾਰ

ਇੰਗਲੈਂਡ ਰਹਿੰਦਾ ਹੈ, ਦੂਸਰੇ ਦਾ ਲੁਧਿਆਣੇ ਤੇ ਤੀਜਾ ਪੁੱਤਰ, ਜਿਸ ਕੋਲ ਉਹ ਪਿੰਡ ਰਹਿੰਦੀ ਹੈ। ਸ਼ਹੀਦ ਮੁਨਸ਼ੀ ਦੀ ਸਮਾਧ ਪਿੰਡ ਦੇ ਬਾਹਰਵਾਰ, ਉਹਨਾਂ ਦੇ ਖੇਤਾਂ ਕੋਲ ਹੀ ਹੈ ਜਿਥੇ ਹਰ ਸਾਲ ਸ਼ਹੀਦ ਦੀ ਯਾਦ ਵਿੱਚ ਮੇਲਾ ਲੱਗਦਾ ਹੈ ਅਤੇ ਉਸਦੀ ਨੂੰਹ ਸਵਰਨੀ ਕੜਾਹੀ ਲਾਹ ਕੇ ਮੇਲੇ 'ਚ ਲਜਾਂਦੀ ਹੈ। ਨਾਵਲ ਦੇ ਪਹਿਲੇ ਕਾਂਡ ਵਿੱਚ ਹੀ ਸਮੱਸਿਆ ਪੈਦਾ ਹੋ ਜਾਂਦੀ ਹੈ।

*"ਸਮਾਧ ਤੋਂ ਛੇ-ਸੱਤ ਕਿੱਲਿਆਂ ਦੀ ਵਾਟ 'ਤੇ ਦੋ ਵੱਡੇ ਟਰਾਲੇ ਖੜ੍ਹੇ ਸਨ ਜਿਨ੍ਹਾਂ ਉਤੇ ਲੱਦੀ ਭਾਰੀ-ਭਰਕਮ ਮਸ਼ੀਨਰੀ ਨੂੰ ਕਰੇਨਾਂ ਹੇਠਾਂ ਲਾਹ ਰਹੀਆਂ ਸਨ।" (* ਪੰਨਾ -22)

ਨਾਵਲੀ ਬਿਰਤਾਂਤ ਵਿੱਚ ਭਾਰੀ-ਭਰਕਮ ਮਸ਼ੀਨਰੀ ਨੂੰ ਨਾਵਲਕਾਰ ਦਮਨਕਾਰੀ ਰੂਪ ਵਿੱਚ ਪੇਸ਼ ਕਰਦਾ ਹੈ। ਇਹ ਦਮਨਕਾਰੀ ਰੂਪ ਹੀ ਨਾਵਲ ਦੇ ਪਾਤਰ ਦੀਪੇ ਨੂੰ ਟੈਕਸੀ ਡਰਾਈਵਰ ਤੋਂ ਕਾਤਲ ਬਣਾ ਦਿੰਦਾ ਹੈ। ਨਾਵਲੀ ਬਿਰਤਾਂਤ ਵਿੱਚ ਧਰਮਪੁਰ ਦਾ ਅੱਡਾ ਨਾਵਲੀ ਘਟਨਾਵਾਂ ਦੀ ਲੜੀਬੱਧਤਾ ਨਾਲ ਪੇਸ਼ਕਾਰੀ ਕਰਦਾ ਹੈ। ਧਰਮਪੁਰ ਦਾ ਅੱਡਾ ਇੱਕ ਛੋਟਾ ਜਿਹਾ ਬਾਜ਼ਾਰ ਬਣ ਜਾਂਦਾ ਹੈ ਜਿਥੇ ਆਸ-ਪਾਸ ਦੇ ਦਸ-ਬਾਰਾਂ ਪਿੰਡਾਂ ਦੇ ਲੋਕ ਆਪਣੀਆਂ ਜ਼ਰੂਰਤ ਦੀਆਂ ਵਸਤਾਂ ਖਰੀਦਦੇ ਹਨ। ਪ੍ਰੰਤੂ ਪੇਂਡੂ ਸਮਾਜਚਾਰੇ ਵਿੱਚ ਆਏ ਇਸ ਪਰਿਵਰਤਨ ਨੇ ਰਾਜਸੀ ਧਰੂਵੀਕਰਨ ਨੂੰ ਜਨਮ ਦਿੱਤਾ, ਜਿਸ ਦਾ ਰੂਪ ਨਾਵਲੀ ਬਿਰਤਾਂਤ ਵਿੱਚ ਉੱਭਰ ਕੇ ਸਾਹਮਣੇ ਆਉਂਦਾ ਹੈ। ਨਾਵਲੀ ਬਿਰਤਾਂਤ ਸਮੱਸਿਆ ਦਾ ਬਾਹਰੀ ਰੂਪ ਸਰਕਾਰੀ ਤੇ ਗੈਰ-ਸਰਕਾਰੀ ਭ੍ਰਿਸ਼ਟਾਚਾਰੀ ਪ੍ਰਬੰਧ ਵਿੱਚ ਪਿਸ ਰਹੀ ਲੋਕਾਈ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ। ਇਸ ਸਮੱਸਿਆ ਦੀਆਂ ਜੜ੍ਹਾਂ ਵਿਕਾਸਸ਼ੀਲ ਸਰਮਾਏਦਾਰੀ ਦੇ ਅੰਤਰ ਵਿਰੋਧਾਂ ਵਿੱਚ ਨਿਹਿਤ ਹੈ। ਨਵੀਂ ਉੱਭਰ ਰਹੀ ਧਨੀ-ਕਿਰਸਾਨੀ ਦੀ ਰਾਜਸੱਤਾ ਦੀ ਪ੍ਰਾਪਤੀ ਦੀ ਦੌੜ ਇਸ ਸਮੱਸਿਆ ਦਾ ਰਾਜਨੀਤਕ ਕਾਰਨ ਹੈ। ਹਥਲਾ ਨਾਵਲ ਇਸ ਸਮੱਸਿਆ ਤੋਂ ਪ੍ਰਭਾਵਿਤ ਲੋਕਾਂ ਦੇ ਜੀਵਨ ਦੇ ਸੰਕਟਮਈ ਪੱਖ ਨੂੰ ਉੱਭਾਰਦਾ ਹੈ। ਇਸ ਸੰਕਟਮਈ ਪੱਖ ਨੂੰ ਪੇਸ਼ ਕਰਦੇ ਹੋਏ ਖੱਬੇ ਪੱਖੀ ਧਿਰਾਂ ਦੀ ਭੂਮਿਕਾ ਨੂੰ ਖੇਤਰੀ-ਪਾਰਟੀਆਂ ਦੇ ਸ਼ਾਵਨਵਾਦੀ ਕੁ-ਪ੍ਰਚਾਰ ਦੀ ਦ੍ਰਿਸ਼ਟੀ ਤੋਂ ਵੇਖਿਆ ਜਾ ਸਕਦਾ ਹੈ। ਇਹ ਨਾਵਲ ਸਰਕਾਰੀ ਦਹਿਸ਼ਤਗਰਦੀ ਨੂੰ ਪਹਿਲੇ ਸਥਾਨ 'ਤੇ ਰੱਖ ਕੇ ਵਿਅਕਤੀਗਤ ਦਹਿਸ਼ਤਗਰਦੀ ਦੀ ਨਿੰਦਾਮਈ ਪਹੁੰਚ ਅਪਣਾਉਂਦਾ ਹੈ। ਨਾਵਲ ਵਿਚਲਾ ਪਾਤਰ 'ਬੌਬੀ' ਸਰਕਾਰੀ ਦਹਿਸ਼ਤਗਰਦੀ ਦੇ ਚਿੰਨਾਤਮਕ ਰੂਪ ਵਿੱਚ ਉੱਭਰਦਾ ਹੈ। ਉਹ ਪਹਿਲਾਂ ਤਾਂ ਦੀਪੇ ਨਾਲ ਦੋਸਤੀ ਪਾਉਂਦਾ ਹੈ ਫਿਰ ਉਸਦੀ ਕੁਆਰੀ ਭੈਣ 'ਤੇ ਅੱਖ ਰੱਖਦਾ ਹੈ, ਉਸਨੂੰ ਆਪਣੇ ਪਿਆਰ ਜਾਲ਼ ਵਿੱਚ ਫਸਾਉਂਦਾ ਹੋਇਆ ਜਿਥੇ ਆਪਣੀ ਸਰੀਰਕ ਭੁੱਖ ਦੀ ਤ੍ਰਿਪਤੀ ਕਰਦਾ ਹੋਇਆ ਸੁੱਖੀ ਨੂੰ ਦੇਹ-ਵਪਾਰ ਵੱਲ ਧੱਕ ਦਿੰਦਾ ਹੈ।

ਦੀਪਾ ਐਡਵੈਨਚਰਇਜ਼ਮ ਦਾ ਸ਼ਿਕਾਰ ਹੋ ਕੇ ਬੌਬੀ ਦੀ ਸ਼ਤਰ ਛਾਇਆ ਹੇਠ ਗੈਰ-ਕਾਨੂੰਨੀ ਕੰਮ ਕਰਦਾ ਹੋਇਆ ਬੌਬੀ ਦੀ ਰਾਜਨੀਤੀ ਦਾ ਸ਼ਿਕਾਰ ਹੋ ਜਾਂਦਾ ਹੈ। ਬੌਬੀ ਰੇਤਾ ਮਾਈਨਿੰਗ ਦੀ ਉਹ ਜੰਜ਼ੀਰੀ ਹੈ ਜਿਸ ਦੇ ਕੋਲ ਦੀਪੇ ਤੋਂ ਲੈ ਕੇ ਮੰਤਰੀ ਤੱਕ ਲੋਕ ਹੁੰਦੇ ਹਨ। ਪਰਵਾਨਾ ਵਿਸਤ੍ਰਿਤ ਵੇਰਵਿਆ ਰਾਹੀਂ ਸਰਕਾਰੀ ਮਸ਼ੀਨਰੀ ਦੇ ਦਮਨਕਾਰੀ ਰੂਪ ਨੂੰ ਪੇਸ਼ ਕਰਦਾ ਹੈ। ਇਹ ਦਮਨਕਾਰੀ ਰੂਪ ਹੀ ਦੀਪੇ ਤੋਂ ਗਲਤ ਕੰਮ ਕਰਵਾਉਂਦਾ ਹੈ। ਪੈਸੇ ਦੇ ਲਾਲਚ ਕਰਕੇ ਉਹ ਬੌਬੀ ਦੀ ਹਰ ਨਜਾਇਜ਼, ਗੈਰ-ਕਾਨੂੰਨੀ ਗੱਲ ਨੂੰ ਤਵੱਜੋਂ ਦਿੰਦਾ ਹੈ। ਜਿਵੇਂ-ਜਿਵੇਂ ਇਲਾਕੇ ਵਿੱਚ ਮਾਈਨਿੰਗ ਦਾ ਧੰਦਾ ਜੋਰਾਂ ਤੇ ਹੁੰਦਾ ਹੈ। ਓਵੇਂ-ਓਵੇਂ ਇਲਾਕੇ ਦੇ ਲੋਕਾਂ ਵਿੱਚ ਸੂਝ ਆਉਂਦੀ ਹੈ ਕਿ ਉਹਨਾਂ ਦੇ ਬੱਚੇ ਦਿਨ-ਬ-ਦਿਨ ਬਿਮਾਰੀਆਂ ਦੀ ਗ੍ਰਿਫਤ ਵਿੱਚ ਆ ਰਹੇ ਹਨ। ਮਨੁੱਖ ਪੈਸੇ ਦੇ ਲਾਲਚ ਕਾਰਨ ਕੁਦਰਤ ਨਾਲ ਖਿਲਵਾੜ ਕਰ ਰਿਹਾ ਹੈ, ਵਾਤਾਵਰਣ ਦੂਸ਼ਿਤ ਕਰ ਰਿਹਾ ਹੈ।

*"ਅਸੀਂ ਅੱਜ ਦੇ ਬੋਲਿਆਂ ਕੰਨਾਂ ਤੇ ਅੰਨ੍ਹੀਆਂ ਅੱਖਾਂ ਤੱਕ ਆਪਣਾ ਦੁੱਖ ਪਹੁੰਚਾਉਣ ਵਾਸਤੇ*

*ਰੈਲੀਆਂ-ਮੁਜ਼ਾਹਰੇ ਕਰ ਰਹੇ ਹਾਂ ਕਿ ਸਾਡੇ ਬੱਚਿਆਂ ਦਾ ਭਵਿੱਖ ਖ਼ਤਰੇ 'ਚ ਹੈ। ਅਮੀਰ ਹੋਰ ਅਮੀਰ ਹੋ ਰਹੇ ਹਨ। ਉਹਨਾਂ ਨੇ ਆਪਣੇ ਮੁਨਾਫਿਆਂ ਲਈ ਕੁਦਰਤੀ ਸਾਧਨਾਂ ਦੀ ਲੁੱਟ ਦੇ ਨਾਲ-ਨਾਲ, ਹੁਣ ਲੋਕਾਂ ਦੀ ਸਿਹਤ ਨਾਲ ਵੀ ਖਿਲਵਾੜ ਕਰਨਾ ਸ਼ੁਰੂ ਕਰ ਦਿੱਤਾ ਹੈ।"*(ਪੰਨਾ-127)

ਦਸ-ਬਾਰਾਂ ਪਿੰਡਾਂ ਦੇ ਲੋਕਾਂ ਦਾ ਗੈਰ-ਕਾਨੂੰਨੀ ਤੌਰ ਤੇ ਕੀਤੀ ਜਾ ਰਹੀ ਮਾਈਨਿੰਗ ਦਾ ਜਿਥੇ ਵਿਰੋਧ ਹੋ ਰਿਹਾ ਹੈ ਉਥੇ ਸਤਾਧਾਰੀ ਵਰਗ ਵੀ ਚੁੱਪ ਨਹੀਂ ਖੜ੍ਹਾ। ਬੌਬੀ ਸਾਰੇ ਪ੍ਰਸ਼ਾਸਨੀ ਢਾਂਚੇ ਨੂੰ ਆਪਣੀ ਜੇਬ 'ਚ ਪਾਈ ਫਿਰਦਾ ਸੀ। ਉਸਨੂੰ ਹਰ ਦਾਅ ਪੇਚ ਦਾ ਪਤਾ ਸੀ ਕਿੱਥੇ ਪੈਸੇ ਵਰਤੇ ਜਾਣਗੇ ਤੇ ਕਿਥੇ ਔਰਤ।

ਨਾਵਲੀ ਬਿਰਤਾਂਤ ਵਿੱਚ ਮਾਈਨਿੰਗ ਪੰਜਾਬ ਸਮੱਸਿਆ ਦੀਆਂ ਜੜ੍ਹਾਂ ਵਿੱਚ ਕੰਮ ਕਰ ਰਹੀ ਹੈ। ਨਾਵਲਕਾਰ ਡਾਕਟਰ ਪਾਤਰ ਰਾਹੀਂ ਇਲਾਕੇ ਦੇ ਲੋਕਾਂ ਨੂੰ ਮਾਈਨਿੰਗ ਕਾਰਨ ਸਿਹਤ 'ਤੇ ਪੈ ਰਹੇ ਪ੍ਰਭਾਵਾਂ ਨੂੰ ਸੁਚੇਤ ਕਰਦਾ ਹੈ। ਇਥੇ ਡਾਕਟਰ ਪਾਤਰ ਸਥਿਤੀਆਂ ਦੀ ਤਰਕ ਸ਼ੀਲਤਾ ਦੇ ਸੰਦਰਭ ਵਿੱਚ ਪੇਸ਼ ਹੁੰਦਾ ਹੈ। ਡਾਕਟਰ ਪਾਤਰ ਦੀ ਸੋਚ ਨਾਲ ਲੋਕ ਸੋਚ ਨੂੰ ਹੁਲਾਰਾ ਮਿਲਦਾ ਹੈ। ਪਰ ਇਹ ਹੁਲਾਰਾ ਨਾਵਲੀ ਬਿਰਤਾਂਤ ਵਿੱਚ ਕਿਸੇ ਹੱਲ ਵੱਲ ਨਹੀਂ ਪਹੁੰਚਦਾ।

ਬੇਬੇ ਠਾਕਰੀ ਨਾਵਲ ਵਿੱਚ ਇਕ ਅਜਿਹੀ ਪਾਤਰ ਹੈ ਜਿਹੜੀ ਪਿੰਡਾਂ ਨੂੰ ਵਿਕਾਸ ਤੋਂ ਵਿਨਾਸ਼ ਵੱਲ ਜਾਂਦਾ ਹੋਇਆ ਦੇਖਦੀ ਹੈ। ਬੇਬੇ ਠਾਕਰੀ ਦਾ ਘਰ ਉਹਨਾਂ ਦੇ ਸਾਰੇ ਪਿੰਡਾਂ ਦੀ ਪ੍ਰਤੀਨਿਧਤਾ ਕਰਦਾ ਦਿਖਾਈ ਦਿੰਦਾ ਹੈ ਕਿਉਂਕਿ ਠਾਕਰੀ ਨੇ ਰੰਡੇਪੇ ਜਵਾਨੀ ਵਿੱਚ ਕੱਟਿਆ, ਆਪਣੇ ਬੱਚੇ ਪਾਲੇ, ਮਿਹਨਤ ਮਜ਼ਦੂਰੀ ਕੀਤੀ, ਪਰ ਉਸਨੂੰ ਹਾਸਿਲ ਕੀ ਹੋਇਆ? ਪਰਗਟ, ਜਿਸ ਪੁੱਤਰ ਕੋਲ ਉਹ ਰਹਿੰਦੀ ਸੀ ਉਸਦਾ ਪਰਿਵਾਰ ਸਮੇਂ ਤੋਂ ਵੀ ਤੇਜ ਗਤੀ ਨਾਲ ਨਵੇਂ ਮੁੱਲ-ਵਿਧਾਨ ਅਧੀਨ ਬਦਲ ਰਿਹਾ ਸੀ।

*"ਬੇਬੇ, ਉਹ ਸਾਡੇ ਤੁਹਾਡੇ ਵਾਲੇ ਸਮੇਂ ਗਏ, ਹੁਣ ਤਾਂ ਦੁਨੀਆਂ ਕਿਸੇ ਹੋਰ ਹੀ ਪਾਸੇ ਉੱਡੀ ਜਾਂਦੀ ਐ, ਤੇ ਉੱਡਦਿਆਂ ਨਾਲ ਉੱਡਣਾ ਵੀ ਪੈਂਦਾ।"* (ਪੰਨਾ -176)


ਮਾਈਨਿੰਗ ਦੀ ਹਨੇਰੀ ਵਿੱਚ ਬੇਬੇ ਦਾ ਪਰਿਵਾਰ ਵੀ ਉੱਡ ਜਾਂਦਾ ਹੈ। ਬੇਬੇ ਵੀ ਮਾਨਸਿਕ ਪ੍ਰੇਸ਼ਾਨੀਆਂ ਕਾਰਨ ਆਖ਼ਰ ਬੇਬੇ ਵੀ ਇਕ ਦਿਨ ਮੁੱਕ ਜਾਂਦੀ ਹੈ। ਨਾਵਲੀ ਬਿਰਤਾਂਤ ਦੇ ਅੰਤ ਵਿੱਚ ਪਿੰਡ ਵਾਸੀ ਇਸ ਸਮੱਸਿਆ ਦੇ ਕਾਰਨ ਸਮਝਦੇ ਹੋਏ ਵੀ ਇਸ ਸਮੱਸਿਆ ਤੋਂ ਨਿਜਾਤ ਨਹੀਂ ਪਾ ਸਕੇ। ਉਹ ਚੁੱਪ-ਚਾਪ ਸੰਕਟਗ੍ਰਸਤ ਜੀਵਨ ਬਤੀਤ ਕਰ ਰਹੇ ਹਨ। ਇਥੇ ਜੀਵਨ ਦਾ ਕਠੋਰ ਯਥਾਰਥ ਤੇ ਸਥਿਤੀਆਂ ਦੀ ਵਿਵੇਕਸ਼ੀਲਤਾ ਖੜੋਤਮੁਖੀ ਚੇਤਨਾ ਵਿੱਚੋਂ ਉੱਭਰਦੀ ਹੈ। ਡਾਕਟਰ ਪਾਤਰ ਦੀ ਉਥੋਂ ਬਦਲੀ ਹੋ ਜਾਣੀ, ਸੁੱਖੀ ਦਾ ਆਈਲੈਟਸ ਸੈਂਟਰ ਦੀ ਆੜ ਹੇਠ ਦੇਹ-ਵਪਾਰ ਦਾ ਧੰਦਾ ਚਲਾਉਣਾ, ਸਾਡੇ ਸਮਾਜ ਦੀ ਵਿਡੰਬਨਾਤਮਕ ਸਥਿਤੀ ਹੈ, ਜਿਸਨੂੰ ਨਾਵਲਕਾਰ ਨੇ ਪ੍ਰਸਥਿਤੀਆਂ ਦੀ ਵਿਵੇਕਸ਼ੀਲਤਾ ਦੇ ਪ੍ਰਸੰਗ ਵਿੱਚ ਰੱਖ ਕੇ ਚਿਤਰਿਆ ਹੈ।

ਬਲਬੀਰ ਪਰਵਾਨਾ ਜੀ ਨੇ ਮਾਈਨਿੰਗ ਦੀ ਸਮਾਜਿਕ ਸਮੱਸਿਆ ਦੇ ਕਠੋਰ ਯਥਾਰਥ ਨੂੰ ਨਾਵਲੀ ਬਿਰਤਾਂਤ ਰਾਹੀਂ ਪੇਸ਼ ਕੀਤਾ ਹੈ। ਨਾਵਲੀ ਵਿਧਾ ਅਤੇ ਵਸਤੂਗਤ ਸੰਸਾਰ ਦੇ ਦਵੰਦ ਨੂੰ ਕਲਾਤਮਕ ਬਿੰਬਾਂ ਰਾਹੀਂ ਸਥਿਤੀਆਂ ਦੇ ਵਿਵੇਕਸ਼ੀਲਤਾ ਦੇ ਪ੍ਰਸੰਗ ਵਿੱਚ ਰੱਖ ਕੇ ਚਿਤਰਿਆ ਹੈ। ਨਾਵਲ ਅੰਤ ਵਿੱਚ ਪਾਠਕਾਂ ਦੇ ਮਨਾਂ ਵਿੱਚ ਪ੍ਰਸ਼ਨ ਪੈਦਾ ਕਰਦਾ ਹੈ ਕਿ ਕੀ ਇਸ ਤਰ੍ਹਾਂ ਦੇ ਵਿਕਾਸ ਵਿੱਚ ਲੋਕਾਂ ਦਾ ਸੱਚਮੁੱਚ ਹੀ ਵਿਕਾਸ ਹੋਏਗਾ ਜਾਂ ਉਹ ਵਿਨਾਸ਼ ਵੱਲ ਵੱਧਣਗੇ, ਉਹ ਵਿਨਾਸ਼ ਵਿਸਫੋਟਕ ਰੂਪ ਵਿੱਚ ਘਰ-ਪਰਿਵਾਰ ਨੂੰ ਢਹਿ-ਢੇਰੀ ਕਰ ਦੇਵੇਗਾ।

**(ਸੰਪਰਕ-62397-96008)**

# ਕਿਸਾਨੀ ਦਾ ਇਤਿਹਾਸ 'ਸਿਆੜਾਂ ਦੀ ਕਰਵਟ'

**ਡਾ. ਜਸਵਿੰਦਰ ਕੌਰ ਬਿੰਦਰਾ**




'ਕਿਸਾਨ ਅੰਦੋਲਨ' ਦੀ ਯਾਤਰਾ ਨੂੰ ਬਲਬੀਰ ਪਰਵਾਨਾ ਨੇ ਆਪਣੇ ਨਵੀਨ ਨਾਵਲ 'ਸਿਆੜਾਂ ਦੀ ਕਰਵਟ' (ਪ੍ਰਕਾਸ਼ਨ ਚੇਤਨਾ ਪ੍ਰਕਾਸ਼ਨ, ਲੁਧਿਆਣਾ, ਮੁੱਲ 275 ਰੁਪਏ, ਪੰਨੇ 186, ਸਾਲ 2021) ਵਿੱਚ ਬੜੀ ਸ਼ਿੱਦਤ ਨਾਲ ਪੇਸ਼ ਕੀਤਾ ਹੈ। ਨਾਵਲ ਦਾ ਕੇਂਦਰੀ ਵਿਸ਼ਾ 'ਕਿਸਾਨ ਅੰਦੋਲਨ' ਹੈ। ਇਹ ਕਿਸਾਨ ਸੰਗਠਨਾਂ ਦੇ ਆਗੂਆਂ ਤੋਂ ਸ਼ੁਰੂ ਹੋਈ ਪਹਿਲ ਤੋਂ ਨੌਜਵਾਨਾਂ ਤਕ ਤੇ ਫਿਰ ਲੋਕਾਈ ਤਕ ਪਹੁੰਚਣ ਦੀ ਯਾਤਰਾ ਦਾ ਸਾਖ਼ੀ ਬਣਦਾ ਹੈ। ਜਿਸ ਵਿੱਚ ਉੱਮਰ, ਖਿੱਤੇ, ਸੂਬੇ ਤੇ ਲਿੰਗ-ਭੇਦ ਦੇ ਮਾਇਨੇ ਹੀ ਖਤਮ ਹੋ ਗਏ, ਜੋ ਸਿਰਫ਼ ਤੇ ਸਿਰਫ਼ ਲੋਕਾਈ ਨਾਲ, ਉਸ ਨਾਲ ਹਰ ਮੁਸ਼ਕਲ ਵਿੱਚ ਖੜੇ ਹੋਣ ਤੇ ਮਾਨਵਤਾ ਤੇ ਸੇਵਾ ਭਾਵਨਾ ਦਾ ਪ੍ਰਤੱਖ ਪ੍ਰਮਾਣ ਬਣ ਗਿਆ।

ਕਿਸਾਨ ਅੰਦੋਲਨ ਦੀ ਮਹਿੰਮ ਪੰਜਾਬ ਤੋਂ ਸ਼ੁਰੂ ਹੋਈ, ਹੌਲੀ-ਹੌਲੀ ਕੁਝ ਸੂਬਿਆਂ ਤੋਂ ਹੁੰਦੇ ਹੋਏ, ਦੇਸਵਿਆਪੀ ਲਹਿਰ ਵਿੱਚ ਤਬਦੀਲ ਹੋ ਗਈ। ਉਸ ਮਗਰੋਂ ਆਪਣੇ ਦੇਸ ਦੇ ਮੀਡੀਆ ਵੱਲੋਂ ਨਕਾਰੇ ਜਾਣ, ਅਤੰਕਵਾਦੀ, ਖਾਲਿਸਤਾਨੀ ਤੇ ਹੋਰ ਪਤਾ ਨਹੀਂ ਕੀ-ਕੀ ਨਾਅਰੇ ਦੇ ਕੇ, ਨਫ਼ਰਤ ਫੈਲਾਉਣ ਦੀਆਂ ਤਮਾਮ ਕੋਸ਼ਿਸ਼ਾਂ ਦੇ ਬਾਵਜੂਦ ਸੋਸ਼ਲ ਮੀਡੀਆ ਨੇ ਇਸ ਨੂੰ ਅੰਤ ਕੌਮਾਂਤਰੀ ਪੱਧਰ ਤੇ ਲਿਜਾ ਖੜਾ ਕੀਤਾ। ਇਸ ਸਭ ਦੀ ਗਵਾਹੀ ਨਾਵਲੀ ਘਟਨਾਵਾਂ ਰਾਹੀਂ ਪਾਠਕਾਂ ਸਾਹਮਣੇ ਆਉਂਦੀ ਹੈ।

ਸਰਬਜੀਤ ਆਰੰਭ ਤੋਂ ਕਿਸਾਨਾਂ ਦਾ ਹਮਦਰਦ ਤੇ ਕਾਮਰੇਡ ਰਿਹਾ, ਪਰ ਉਸ ਦੀ ਪਤਨੀ ਗੁਰਮੇਜੋ ਨੇ ਉਸ ਨੂੰ ਕਦੇ ਨਹੀਂ ਸਲਾਹਿਆ। ਜਵਾਨ ਪੁੱਤਰ ਸਿਮਰ ਵੀ ਆਮ ਨੌਜਵਾਨਾਂ ਵਾਂਗ ਇੰਜਨੀਅਰ ਬਣ ਗੁੜਗਾਂਵ ਦੀ ਕਿਸੇ ਮਲਟੀਨੈਸ਼ਨਲ ਕੰਪਨੀ ਵਿੱਚ ਨੌਕਰੀ ਕਰਨ ਲੱਗਾ। ਜਿੱਥੇ ਮਾੜੀ-ਮੋਟੀ ਪੰਦਰਾਂ ਹਜ਼ਾਰ ਦੀ ਤਨਖ਼ਾਹ ਵਿੱਚ ਵਾਧਾ ਹੋਣ ਦੀ ਬਜਾਏ, ਕੋਰੋਨਾ ਕਾਰਨ ਹਜ਼ਾਰ ਰੁਪਿਆ ਹੋਰ ਘਟਾ ਦਿੱਤਾ ਗਿਆ। ਮਲਟੀਨੈਸ਼ਨਲ ਕੰਪਨੀਆਂ ਵੱਲੋਂ ਨੌਜਵਾਨਾਂ ਨੂੰ ਮਸ਼ੀਨ ਬਣਾ ਕੇ ਉਨ੍ਹਾਂ ਨੂੰ, ਟਾਰਗੇਟ ਪੂਰਾ ਕਰਨ ਦੇ ਦਬਾਓ ਹੇਠ ਜਿਵੇਂ ਨਿਚੋੜਿਆ ਜਾ ਰਿਹਾ ਹੈ, ਉਸ ਤੋਂ ਉਕਤਾ ਕੇ ਸਿਮਰ ਨੌਕਰੀ ਛੱਡ ਵਾਪਸ ਪੰਜਾਬ ਆ ਗਿਆ। ਦੂਜੇ ਪਾਸੇ ਕੋਰੋਨਾ ਕਾਰਣ ਲੌਕਡਾਊਨ ਨੇ ਹਾਲਤ ਖ਼ਰਾਬ ਕਰ ਦਿੱਤੀ। ਵਿਹਲੇ ਬਹਿ ਕੇ ਸਮਾਂ ਨਾ ਲੰਘਣ ਤੇ ਸਿਮਰ ਨੇ ਘਰ ਦੀ ਖੇਤੀ ਵੱਲ ਧਿਆਨ ਦੇਣਾ ਸ਼ੁਰੂ ਕਰ ਦਿੱਤਾ। ਹਰ ਵੇਲੇ ਮੋਬਾਇਲ ਉਤੇ ਆਉਂਦੇ ਹਰ ਤਰ੍ਹਾਂ ਦੇ ਭੈੜੇ ਤੇ ਬਿਮਾਰ ਮਾਨਸਿਕਤਾ ਨੂੰ ਵਧਾਉਂਦੇ ਸੈਕਸੀ ਵੀਡਿਓ ਨਾ ਚਾਹੁੰਦੇ ਹੋਏ ਵੀ ਦੇਖ ਲੈਣ ਤੇ ਉਸ ਅੰਦਰ ਹਰ ਵੇਲੇ ਮਨਿੰਦਰ ਨੂੰ ਮਿਲਣ ਦੀ ਤਾਂਘ ਬਣੀ ਰਹਿੰਦੀ। ਮਨਿੰਦਰ ਨਾਲ ਉਸ ਦਾ ਸੰਬੰਧ ਸਕੂਲ ਟਾਈਮ ਤੋਂ ਬਣ ਗਿਆ ਸੀ। ਮਨਿੰਦਰ ਨੇ ਦੋ ਸਾਲ ਨਰਸਿੰਗ ਦੀ ਟਰੇਨਿੰਗ ਲਈ, ਇਕ ਨਿੱਜੀ ਹਸਪਤਾਲ ਵਿੱਚ ਛੋਟੀ-ਮੋਟੀ ਤਨਖ਼ਾਹ ਉਤੇ ਲੱਗ ਵੀ ਗਈ, ਪ੍ਰੰਤੂ ਗੱਲ ਬਣੀ ਨਹੀਂ। ਇਸ ਲਈ

ਉਸ ਨੇ ਕੈਨੇਡਾ ਜਾਣ ਲਈ ਆਇਲੈਟਸ ਕਰ ਲਿਆ ਤਾਂ ਕਿ ਬਾਹਰ ਨਿਕਲ ਜਾਏ। ਸਾਰਾ ਕੰਮ ਸਿਰੇ ਚੜ੍ਹ ਹੀ ਜਾਣਾ ਸੀ ਕਿ ਕੋਰੋਨਾ ਕਾਰਣ ਸਭ ਬੰਦ ਹੋ ਗਿਆ। ਹੁਣ ਉਹ ਵੀ ਘਰ ਰਹਿ ਕੇ ਬਸ ਉਡੀਕ ਕਰਦੀ ਤੇ ਸਿਮਰ ਨਾਲ ਮਿਲਣ ਦੇ ਬਹਾਨੇ ਤਲਾਸ਼ ਕਰਦੀ ਰਹਿੰਦੀ। ਪਰ ਕਿਸਾਨ ਅੰਦੋਲਨ ਨੇ ਇਨ੍ਹਾਂ ਦੋਵਾਂ ਨੌਜਵਾਨਾਂ ਨੂੰ ਬਦਲ ਕੇ ਰੱਖ ਦਿੱਤਾ।

ਪਿੰਡ ਦੀ ਅਰੋਗਤਾ ਲਈ ਜਵਾਨਾਂ ਨੂੰ ਨਾਲ ਰਲ਼ਾ ਕੇ ਪਿੰਡ ਦੇ ਮੁਹਤਬਰ ਬੰਦਿਆਂ ਨੇ ਰਾਸ਼ਨ-ਪਾਣੀ ਤੇ ਨਕਦ ਇੱਕਠਾ ਕੀਤਾ। ਪਿੰਡ ਵਿੱਚ ਬਾਹਰੋਂ ਆਉਣ ਵਾਲਿਆਂ ਉਤੇ ਰੋਕ ਲਾਉਣ ਲਈ ਨਾਕੇਬੰਦੀ ਜਿਹੀ ਕੀਤੀ। ਜਿਸ ਵਿੱਚ ਨੌਜਵਾਨਾਂ ਵਲੋਂ ਪਹਿਰਾ ਦੇਣ ਦੀ ਡਿਊਟੀ ਲਗਾਈ ਗਈ। ਇਸ ਵਿੱਚ ਬਿੰਦੂ ਜਿਹੇ ਮੋਹਰੀ ਨੇ ਅੱਗੇ ਵੱਧ ਕੇ ਇਹ ਸਾਰਾ ਕੰਮਕਾਜ ਸੰਭਾਲਿਆ। ਸਿਮਰ ਵੀ ਉਨ੍ਹਾਂ ਨਾਲ ਲੱਗਾ, ਪਰ ਸਿਮਰ ਪਿੰਡ ਦੀ ਮੁੰਡੀਰ ਨਾਲ ਬਹੁਤਾ ਰਲ ਨਾ ਸਕਿਆ। ਇਸ ਦਾ ਇਕ ਕਾਰਣ ਪਿੰਡ ਤੋਂ ਦੂਰ ਰਹਿ ਕੇ ਪੜ੍ਹਨਾ ਤੇ ਫਿਰ ਨੌਕਰੀ ਕਰਨਾ ਵੀ ਰਿਹਾ। ਦੂਜੇ ਉਸ ਦੇ ਪਿਤਾ ਦੇ ਮਿੱਤਰ ਪ੍ਰੋ. ਰਵੀ ਦੀਆਂ ਗੱਲਾਂ ਦਾ ਉਸ ਉਤੇ ਕੁਝ ਪ੍ਰਭਾਵ ਪੈਣ ਲੱਗ ਪਿਆ। ਜਿਸ ਨੂੰ ਉਹ ਕਾਫੀ ਅਰਸੇ ਤੋਂ ਆਪਣੇ ਘਰ ਆਉਂਦੇ ਦੇਖਦਾ ਰਿਹਾ ਸੀ ਪਰ ਕੋਰੋਨਾ ਦੇ ਲੌਕਡਾਊਨ ਕਾਰਣ ਉਸ ਦਾ ਪਿਤਾ ਸਰਬਜੀਤ ਪ੍ਰੋ. ਰਵੀ ਨੂੰ ਕੁਝ ਦਿਨਾਂ ਲਈ ਆਪਣੇ ਘਰ ਲੈ ਆਇਆ। ਰਵੀ ਨਾਲ ਲਗਾਤਾਰ ਗੱਲਬਾਤ ਹੋਣ ਤੇ ਸਿਮਰ ਦੀ ਸੋਚ ਬਦਲਣ ਲੱਗੀ। ਰਵੀ ਨੇ ਉਸ ਨੂੰ ਗਿਆਨ, ਵਿਗਿਆਨ ਤੇ ਫਿਲਾਸਫੀ ਦੀਆਂ ਗੱਲਾਂ ਸਮਝਾਉਣੀਆਂ ਸ਼ੁਰੂ ਕੀਤੀਆਂ। ਕਾਲਜ ਵਿੱਚ ਪੜ੍ਹਾਉਣ ਦੇ ਨਾਲ-ਨਾਲ ਉਹ ਆਪ ਬਹੁਤ ਪੜ੍ਹਦਾ-ਲਿਖਦਾ ਸੀ। ਉਸ ਨੇ ਕਿਸਾਨਾਂ ਵੱਲੋਂ ਕੀਤੀਆਂ ਜਾ ਰਹੀਆਂ ਖੁਦਕੁਸ਼ੀਆਂ ਦੀਆਂ ਲੁਕੀਆਂ ਪਰਤਾਂ ਨੂੰ ਜਾਂਚਣ-ਪਰਖਣ ਤੇ ਜਾਨਣ ਦਾ ਉਪਰਾਲਾ ਕੀਤਾ ਤੇ ਇਸ ਵਿਸ਼ੇ ਉਤੇ ਇਕ ਕਿਤਾਬ ਵੀ ਲਿਖੀ। ਹੁਣ ਉਹ ਇਨ੍ਹਾਂ ਤਿੰਨ ਖੇਤੀ ਕਾਨੂੰਨਾਂ ਦੇ ਘੁਮਾਓਦਾਰ ਸ਼ਬਦਾਂ, ਇਨ੍ਹਾਂ ਦੀ ਬਣਤਰ ਨੂੰ ਤਹਿ-ਦਰ-ਤਹਿ ਸਮਝਣ ਦੀ ਕੋਸ਼ਿਸ਼ ਕਰ ਰਿਹਾ ਸੀ ਤਾਂ ਕਿ ਆਪਣੇ ਆਲੇ-ਦੁਆਲੇ ਦੇ ਲੋਕਾਂ, ਕਿਸਾਨਾਂ, ਬੁੱਧਜੀਵੀਆਂ ਤੇ ਨੌਜਵਾਨਾਂ ਨੂੰ ਸਮਝਾ ਸਕੇ। ਉਹ ਭੋਲੇ-ਭਾਲੇ ਤੇ ਘੱਟ ਪੜ੍ਹੇ-ਲਿਖੇ ਲੋਕ ਸਮਝ ਸਕਣ ਕਿ ਇਨ੍ਹਾਂ ਤਿੰਨ ਖੇਤੀ ਕਾਨੂੰਨਾਂ ਦੀ ਆੜ ਵਿੱਚ ਉਨ੍ਹਾਂ ਕੋਲੋਂ ਕੀ ਖੋਹਿਆ ਜਾ ਰਿਹਾ ਹੈ। ਉਨ੍ਹਾਂ ਨੂੰ ਜ਼ਮੀਨਦਾਰਾਂ ਤੋਂ ਆਪਣੀਆਂ ਹੀ ਜ਼ਮੀਨਾਂ ਉਤੇ ਦਿਹਾੜੀਦਾਰ ਬਣਾਇਆ ਜਾ ਰਿਹਾ ਹੈ। ਹੁਣ ਫ਼ਸਲ ਉਨ੍ਹਾਂ ਦੀ ਮਰਜ਼ੀ ਨਾਲ ਨਹੀਂ, ਬਜ਼ਾਰ ਤੇ ਮੰਡੀ ਦੀ ਮੰਗ ਅਨੁਸਾਰ ਹੀ ਪੈਦਾ ਹੋਵੇਗੀ। ਰਵੀ ਦੀਆਂ ਗੱਲਾਂ ਨੇ ਸਿਮਰ ਦੀ ਸੋਚ ਨੂੰ ਬਦਲਣਾ ਸ਼ੁਰੂ ਕਰ ਦਿੱਤਾ।

ਪਰ ਜਦੋਂ ਇਕ ਦਿਨ ਟੋਲ ਪਲਾਜ਼ਾ ਤੇ ਲੱਗੇ ਨਾਕੇ ਉਤੇ ਬੈਠਾ ਸਿਮਰ ਸੁਰੱਖਿਆ ਬਲ ਵਾਲਿਆਂ ਨਾਲ ਇੱਕਲੇ ਹੀ ਭਿੜ ਗਿਆ। ਇੱਥੋਂ ਤਕ ਕਿ ਉਨ੍ਹਾਂ ਵਿੱਚੋਂ ਕਿਸੇ ਇਕ ਵੱਲੋਂ ਗੋਲੀ ਮਾਰ ਦੇਣ ਦੀ ਧਮਕੀ ਦੇਣ ਤੇ ਉਸ ਨੇ ਸਗੋਂ ਸੀਨਾ ਖੋਲ੍ਹ ਕੇ ਗੋਲੀ ਮਾਰ ਦੇਣ ਲਈ ਜਦੋਂ ਉਨ੍ਹਾਂ ਨੂੰ ਲਲਕਾਰਿਆ ਤੇ ਬਲ ਦੇ ਵੱਡੇ ਮੁੱਖੀ ਨੇ ਆ ਕੇ ਗੱਲ ਨੂੰ ਹੋਰ ਅੱਗੇ ਵਧਾਉਣ ਦੀ ਥਾਂ ਉਤੇ ਥਾਏਂ ਹੀ ਰੋਕ ਲਿਆ ਤੇ ਜਵਾਨ ਕੋਲੋਂ ਮਾਫੀ ਵੀ ਮੰਗਵਾ ਦਿੱਤੀ। ਇਸ ਘਟਨਾ ਦੇ ਬਿੰਦੂ ਵਲੋਂ ਸੋਸ਼ਲ ਮੀਡੀਆ ਉਤੇ ਹੁੰਦੇ ਸਿੱਧੇ ਪ੍ਰਸਾਰਣ ਨੇ ਸਿਮਰ ਨੂੰ ਸਕਿੰਟਾਂ ਵਿੱਚ 'ਹੀਰੋ' ਬਣਾ ਦਿੱਤਾ।

ਭਾਵੇਂ ਨਾਵਲ ਤਿੰਨ ਖੇਤੀ ਕਾਨੂੰਨਾਂ ਦੀ ਵਾਪਸੀ ਉਤੇ ਖਤਮ ਨਹੀਂ ਹੁੰਦਾ, ਸਗੋਂ ਨਾਵਲ ਇਸ ਕਿਸਾਨ ਅੰਦੋਲਨ ਨਾਲ ਸਮਾਜ ਤੇ ਜਨ-ਮਾਨਸ ਦੀ ਸੋਚ ਵਿੱਚ ਆਏ ਵੱਡੇ ਬਦਲਾਵਾਂ ਨੂੰ ਪ੍ਰਤੱਖ ਲਿਆਉਂਦਾ ਹੈ। ਇਹੀ ਇਸ ਨਾਵਲ ਦਾ ਮੁੱਖ ਉਦੇਸ਼ ਵੀ ਰਿਹਾ ਤੇ ਪ੍ਰਾਪਤੀ ਵੀ। ਇਸ ਨੇ ਕਿਸਾਨ ਅੰਦੋਲਨ ਦੇ ਮੋਰਚੇ ਨਾਲ ਬਦਲਦੀ ਮਨੁੱਖੀ ਸੋਚ ਉਤੇ ਧਿਆਨ ਕੇਂਦਰਿਤ ਕੀਤਾ। ਇਸ ਅੰਦੋਲਨ ਦੀ ਸਫ਼ਲਤਾ ਦਾ ਕਾਰਣ ਇਹ ਰਿਹਾ ਕਿ ਦਿੱਲੀ ਬਾਰਡਰ ਉਤੇ ਬੈਠੇ ਕਿਸਾਨਾਂ ਨੇ ਹਰ ਔਕੜ ਦਾ ਸਾਹਮਣਾ

ਖਿੜੇ ਮੱਥੇ ਕੀਤਾ, ਫਿਰ ਉਹ ਪੁਲਿਸ ਹੋਵੇ, ਬੈਰੇਕੇਟਰਜ਼ ਹੋਣ, ਮੋਹਲੇਦਾਰ ਬਾਰਿਸ਼ ਜਾਂ ਕੜਕਦੀ ਠੰਡ, ਹਰ ਮੁਸੀਬਤ ਤੇ ਬਿਮਾਰੀ ਨੂੰ ਉਨ੍ਹਾਂ ਝੱਲਿਆ। ਇਸ ਵਿੱਚ ਹੀ ਵੱਖ-ਵੱਖ ਤਰ੍ਹਾਂ ਦੇ ਪਾਤਰ ਆ ਕੇ ਆਪਣੀ, ਥੋੜੀ-ਬਹੁਤੀ ਹਾਜ਼ਿਰੀ ਲਵਾਉਂਦੇ ਰਹੇ। ਬਿੰਦੂ ਤੇ ਉਸ ਜਿਹੇ ਮਸਤ ਨੌਜਵਾਨ ਵੀ ਕਿਸਾਨ ਅੰਦੋਲਨ ਵਿੱਚ ਆਪਣੇ ਆਗੂਆਂ, ਬੁੱਢੇ ਮਾਂ-ਬਾਪ ਤੇ ਸਿਰੜੀ ਬੰਦਿਆਂ ਦੀ ਸੰਗਤ ਸਦਕਾ ਆਪ ਵੀ ਗੰਭੀਤ ਤੇ ਜ਼ਿੰਮੇਵਾਰ ਬਣ ਗਏ। ਲੋਕ ਪਿੰਡਾਂ ਵਿੱਚ ਮੋਰਚੇ ਉਤੇ ਗਏ ਘਰਾਂ ਦੀ ਸਾਂਭ-ਸੰਭਾਲ ਤੋਂ ਲੈ ਕੇ ਖੇਤੀ ਸੰਭਾਲਣ ਵਿੱਚ ਇਕ-ਦੂਜੇ ਦਾ ਸਾਥ ਦੇਣ ਲੱਗੇ।

ਪੰਜਾਬ ਦੇ ਨੌਜਵਾਨਾਂ ਕੋਲ ਜੀਵਨ ਜਿਉਣ ਦੀ ਜਾਚ ਗਵਾਚ ਗਈ ਸੀ, ਉਹ ਬੇਰੁਜਗਾਰੀ, ਘੱਟਦੀ ਜ਼ਮੀਨ ਤੇ ਨਸ਼ਿਆਂ ਦੇ ਕਾਰਣ ਆਪਣੀ ਹੋਂਦ ਭੁੱਲਣ ਲੱਗ ਪਏ ਸਨ। ਉਨ੍ਹਾਂ ਲਈ ਰੋਸ਼ਨੀ ਦੀ ਇਕੋ ਇਕ ਕਿਰਣ ਬਾਹਰਲੇ ਮੁਲਕਾਂ ਵੱਲ ਚਾਲੇ ਪਾਉਣਾ ਹੀ ਰਹਿ ਗਿਆ ਸੀ। ਇਸ ਅੰਦੋਲਨ ਨੇ, ਇਸ ਮੋਰਚੇ ਨੇ ਉਨ੍ਹਾਂ ਨੂੰ ਇਕ ਦਿਸ਼ਾ ਦੇ ਦਿੱਤੀ। ਆਪਣੇ ਵੱਡਿਆਂ ਦੇ ਅਨੁਭਵਾਂ ਨਾਲ ਅਗਿਆਕਾਰ ਬਣਾ ਦਿੱਤਾ। ਇਕ-ਦੂਜੇ ਨਾਲ ਲੜਨ ਦੀ ਬਜਾਏ ਇਕਮੁੱਠ ਹੋਣਾ ਸਿਖ ਲਿਆ। ਨਾਲ ਹੀ ਸਿਖ ਲਿਆ ਕਿ ਰੌਲਾ ਪਾ ਕੇ ਤੇ ਲੜ ਕੇ ਆਪਣੀ ਤਾਕਤ ਗਵਾਉਣ ਦੀ ਬਜਾਏ, ਇਸ ਨੂੰ ਆਪਣੇ ਮੁੱਦੇ ਉਤੇ ਦ੍ਰਿੜ੍ਹ ਰਹਿ ਕੇ ਸੰਜੋਇਆ ਜਾਣਾ ਚਾਹੀਦਾ ਹੈ। ਨਾਵਲਕਾਰ ਨੇ ਥਾਂ-ਥਾਂ ਉਤੇ ਸ਼ਬਦਾਂ, ਲੋਕਗੀਤਾਂ ਤੇ ਇਸ ਮੁਹਿੰਮ ਲਈ ਰਚੀਆਂ ਕਵਿਤਾਵਾਂ, ਗੀਤਾਂ ਨਾਲ ਇਸ ਨੂੰ ਹੋਰ ਵੀ ਯਥਾਰਥ ਨਾਲ ਜੋੜ ਦਿੱਤਾ। ਨੌਜਵਾਨਾਂ ਨੂੰ ਪ੍ਰੋ. ਰਵੀ ਜਿਹੇ ਗੰਭੀਰ ਮਾਰਗ ਦਰਸ਼ਕ, ਸਰਬਜੀਤ ਜਿਹੇ ਸਿਰੜੀ ਆਗੂ ਦੀ ਲੋੜ ਹੈ, ਜੋ ਗੱਲਾਂ ਨੂੰ ਤੂਲ ਦੇਣ ਦੀ ਬਜਾਏ ਆਪਣੇ ਨਾਲ ਲੈ ਕੇ ਚਲ ਸਕਣ ਦੀ ਯੋਗਤਾ ਰੱਖਦੇ ਹੋਣ।

ਸਿਮਰ ਤੇ ਮਨਿੰਦਰ ਦਾ ਆਪਣੀ ਉੱਮਰ ਅਨੁਸਾਰ ਜਵਾਨੀ ਦੇ ਵਲਵੱਲਿਆਂ ਵਿੱਚ ਗਵਾਚਣਾ ਤੇ ਇਕ-ਦੂਜੇ ਅੰਦਰ ਸਮਾ ਜਾਣ ਦੀ ਖਾਹਿਸ਼ ਰੱਖਣਾ ਸੁਭਾਵਿਕ ਹੈ। ਪਰ ਜਦੋਂ ਜੀਵਨ ਨੂੰ ਇਕ ਸੇਧ ਮਿਲ ਜਾਏ, ਉਸ ਨੂੰ ਆਪਣੇ ਤੋਂ ਇਲਾਵਾ ਲੋਕਾਈ ਨਾਲ ਜੁੜਨ ਦਾ ਅਹਿਸਾਸ ਹੋ ਜਾਏ, ਇਹ ਬਦਲਾਵ ਬਹੁਤ ਵੱਡਾ ਹੈ। ਜੋ ਕਦੇ ਕਿਸੇ ਦੇ ਸਮਝਾਇਆ ਨਹੀਂ ਆ ਸਕਦਾ। ਜਦੋਂ ਕੋਈ ਆਪ ਇਸ ਦੌਰ ਵਿੱਚੋਂ, ਹੱਡ ਭੰਨ ਕੇ ਨਾ ਲੰਘੇ, ਲੋਕਾਂ ਦੇ ਦੁਖ-ਦਰਦ ਨੂੰ ਆਪਣੀਆਂ ਅੱਖਾਂ ਨਾਲ ਸਿਰਫ਼ ਦੇਖੇ ਨਾ, ਸਗੋਂ ਉਨ੍ਹਾਂ ਦੁੱਖਾਂ, ਪਰੇਸ਼ਾਨੀਆਂ ਨਾਲ ਆਪ ਵੀ ਖਹਿਸਰ ਕੇ ਲੰਘੇ, ਇਹ ਅਨੁਭਵ ਹੱਡ ਭੋਗਣ ਤੇ ਹੀ ਸਮਝ ਆਉਂਦੇ ਹਨ ਕਿ ਕਿਸੇ ਦਾ ਵੀ ਜੀਵਨ ਕੋਈ ਖੇਡ ਨਹੀਂ, ਕੋਈ ਵੀ ਉਸ ਨੂੰ ਕੁਚਲ ਕੇ, ਮਧੋਲ ਕੇ ਲੰਘ ਨਹੀਂ ਸਕਦਾ। ਜਦੋਂ ਉਸ ਨਾਲ ਕੋਈ ਉਸ ਦੀ ਬਾਂਹ ਬਣ ਕੇ ਨਾਲ ਖੜਾ ਹੋ ਜਾਵੇ, ਤਾਂ ਇਕ-ਇਕ ਰਲ ਗਿਆਰਾਂ ਹੋ ਜਾਂਦੇ ਹਨ। ਮਨਿੰਦਰ ਨੂੰ ਬਾਹਰਲੇ ਮੁਲਕਾਂ ਦੀ ਥਾਂ ਆਪਣੇ ਨਰਸਿੰਗ ਟਰੇਨਿੰਗ ਦੀ ਅਸਲ ਕਦਰ ਸਮਝ ਆ ਗਈ ਤਾਂ ਉਸ ਨੇ ਇੱਥੇ ਹੀ ਰਹਿਣ ਦਾ ਫੈਸਲਾ ਕਰ ਲਿਆ।

ਇਸ ਅੰਦੋਲਨ ਨੇ ਨਵਾਂ ਇਤਿਹਾਸ ਸਿਰਜਿਆ, ਦਿਸ਼ਾਹੀਣ ਨੌਜਵਾਨਾਂ ਨੂੰ ਜੀਣ ਦਾ ਰਾਹ ਮਿਲ ਗਿਆ, ਔਰਤਾਂ ਤੇ ਕੁੜੀਆਂ ਨੇ ਵੀ ਘਰ ਦੀ ਚਾਰਦੀਵਾਰੀ ਤੋਂ ਬਾਹਰ ਨਿਕਲ ਕੇ, ਕਿਸਾਨਾਂ ਦੇ ਮੋਢੇ ਨਾਲ ਮੋਢਾ ਜੋੜਿਆ। ਲੋਕਾਂ ਨੇ ਸੇਵਾ ਕਰਨੀ ਸਿੱਖੀ। ਹੁਣ ਲੋਕਾਂ ਨੂੰ ਸਮਝ ਵਿੱਚ ਆਇਆ ਕਿ ਇੱਕਠੇ ਹੋ ਕੇ, ਮੋਰਚੇ ਕਿਵੇਂ ਸਾਂਭੇ ਤੇ ਜਿੱਤੇ ਜਾਂਦੇ ਹਨ। ਜ਼ਮੀਨ ਖੋਹਣ ਦੇ ਮਨਸੂਬੇ ਬਣਾਉਣ ਵਾਲੇ ਸੱਤਾਧਾਰੀਆਂ ਨੂੰ ਇਸ ਗੱਲ ਦਾ ਅਹਿਸਾਸ ਭਾਵੇਂ ਨਹੀਂ ਸੀ ਕਿ ਉਹ ਪਿੰਡਾਂ ਤੋਂ ਉਨ੍ਹਾਂ ਦੀ ਜ਼ੱਦੀ ਪੁਸ਼ਤ ਬਣੀ ਪਛਾਣ, ਅਪਣਾਪਨ, ਮਿਲਵਰਤਣ, ਰੋਸੇ-ਹਾਸੇ, ਮਿਲਜੁਲ ਕੇ ਲੜਨਾ, ਹੱਸਣਾ-ਰੋਣਾ, ਉਨ੍ਹਾਂ ਦਾ ਸਭਿਆਚਾਰ ਵੀ ਖੋਹ ਰਹੇ ਸਨ। ਅੰਦੋਲਨ ਦੇ ਯਥਾਰਥ ਨੂੰ ਬਲਬੀਰ ਪਰਵਾਨਾ ਨੇ ਬਹੁਤ ਤਰਕਸ਼ੀਲਤਾ ਨਾਲ ਪੇਸ਼ ਕੀਤਾ ਹੈ। (**ਸੰਪਰਕ-98681-82835** )

# ਪੰਜਾਬ ਦੀ ਬਦਲਦੀ ਸਥਿਤੀ ਦੇ ਰੂਬਰੂ 'ਹੁਣ ਮੈਂ ਉਹ ਨਹੀਂ'

**ਡਾ. ਜਸਵਿੰਦਰ ਕੌਰ ਬਿੰਦਰਾ**




ਜਸਪਾਲ ਮਾਨਖੇੜਾ ਨੇ **'ਹੁਣ ਮੈਂ ਉਹ ਨਹੀਂ'** (**ਪ੍ਰਕਾਸ਼ਕ: ਪੀਪਲਜ਼ ਫ਼ੋਰਮ ਬਰਗਾੜੀ, ਮੁੱਲ:** 150 **ਰੁਪਏ, ਪੰਨੇ:** 176, **ਸਾਲ:** 2019) ਦੇ ਨਾਲ ਨਾਵਲ ਦੇ ਖੇਤਰ ਵਿੱਚ ਵੀ ਕਦਮ ਰੱਖਿਆ ਹੈ। ਵੀਹਵੀਂ ਸਦੀ ਦੇ ਆਖ਼ਰੀ ਦੋ ਦਹਾਕਿਆਂ ਤੋਂ ਆਪਣੇ ਰਾਹ ਵਿੱਚ ਅਜਿਹਾ ਲੜਖੜਾਇਆ ਕਿ ਇੱਕਵੀਂ ਸਦੀ ਦੇ ਦੋ ਦਹਾਕੇ ਬੀਤਣ ਮਗਰੋਂ ਵੀ ਉਹ ਪੰਜਾਬ ਲੱਭਣ ਤੇ ਕਿਥੇ ਨਜ਼ਰ ਨਹੀਂ ਆਉਂਦਾ। ਕਿੱਥੇ ਗਈ ਪੰਜਾਬ ਦੀ ਉਹ ਮਸਤੀ, ਉਹ ਅਲੜ੍ਹਪਨ, ਬੇਪਰਵਾਹੀ ਹੱਸਦੇ ਹੋਏ ਦੇਸ, ਕੌਮ ਤੇ ਕੀ ਕਿਸੇ ਅਨਜਾਣ ਮਜ਼ਲੂਮ ਲਈ ਜਾਨ ਕੁਰਬਾਨ ਕਰ ਦੇਣ ਦਾ ਜਜ਼ਬਾ? ਸੱਚ ਹੈ ਕਿ, ਹੁਣ ਉਹ ਪੰਜਾਬ ਨਹੀਂ ਰਿਹਾ, ਉਸ ਪੰਜਾਬ ਦੀਆਂ ਗੱਲਾਂ ਜੋ ਸਾਡੀ ਯਾਦ ਵਿੱਚ, ਸਿਮਰਤੀ ਵਿੱਚ, ਇਤਿਹਾਸ ਵਿੱਚ ਦਰਜ ਹਨ। ਤਾਂ ਫਿਰ ਹੁਣ ਪੰਜਾਬ ਕਿਹੋ ਜਿਹਾ ਹੈ, ਉਥੇ ਕੀ ਹੋ ਰਿਹਾ ਹੈ? ਇਸ ਨਾਵਲ ਵਿੱਚ ਪੇਸ਼ ਕੀਤਾ ਹੈ।

ਵਿਸ਼ਵੀਕਰਣ, ਉਦਯੋਗੀਕਰਣ ਤੇ ਤਕਨੀਕ ਦੇ ਪ੍ਰਭਾਵ ਤੋਂ ਕੋਈ ਵੀ ਅਛੂਤਾ ਨਹੀਂ ਰਿਹਾ। ਹਰੇਕ ਆਦਮੀ ਦੇ ਜੀਵਨ ਵਿੱਚ ਪ੍ਰਤੱਖ-ਅਪ੍ਰਤੱਖ ਰੂਪ ਤੋਂ ਇਨ੍ਹਾਂ ਦੀ ਘੁਸਪੈਠ ਦਿਖਾਈ ਦੇਂਦੀ ਹੈ। ਸਾਧਾਰਣ ਆਦਮੀ ਦਾ ਜੀਵਨ ਵੀ ਹੁਣ ਸਾਦਾ ਤੇ ਸਰਲ ਨਹੀਂ ਰਹਿ ਗਿਆ ਕਿਉਂਕਿ ਹਰ ਖੇਤਰ ਵਿੱਚ ਰਫ਼ਤਾਰ ਦੀ ਗਤੀ ਤੇਜ਼ ਹੋ ਗਈ ਹੈ। ਕਿੱਥੇ ਸਕੂਲ ਅਧਿਆਪਕ ਨਰਿੰਦਰ ਸਿੰਘ, ਪੜ੍ਹਿਆ-ਲਿਖਿਆ, ਮਿਹਨਤੀ ਤੇ ਵਿਦਿਆਰਥੀਆਂ ਨੂੰ ਗਿਆਨ ਦੇਣ ਵਾਲਾ ਪਰ ਉਹ ਆਪਣੇ ਜਵਾਨ ਪੁੱਤਰ ਇੰਦਰ ਮੋਹਨ ਨੂੰ ਹੀ ਸਹਿਜ ਜੀਵਨ ਤੇ ਸੰਤੋਖ ਦਾ ਪਾਠ ਨਾ ਪੜ੍ਹਾ ਸਕਿਆ। ਪੜ੍ਹਾਈ ਵਿੱਚ ਔਸਤ ਰਿਹਾ ਇੰਦਰ ਮੋਹਨ ਇੰਜਨੀਰਿੰਗ ਕਾਲਜ ਵਿੱਚ ਪੁਜ ਕੇ ਨਾ ਆਪਣੀ ਪੜ੍ਹਾਈ ਪੂਰੀ ਕਰ ਸਕਿਆ ਤੇ ਨਾ ਹੀ ਕੁਝ ਹੋਰ ਬਣ ਸਕਿਆ। ਉਸ ਨੇ ਕਾਲਜ ਵਿੱਚ ਛੋਟੇ-ਮੋਟੇ ਨੇਤਾਵਾਂ ਦੀ ਸੰਗਤ ਵਿੱਚ ਉਹ ਸਾਰੇ ਹੱਥਕੰਡੇ ਸਿੱਖ ਲਏ, ਜਿਸ ਨਾਲ ਬਸ ਪੈਸਾ ਕਮਾਇਆ ਜਾ ਸਕੇ ਤੇ ਉਹ ਵੀ 'ਸ਼ੋਰਟਕੱਟ' ਨਾਲ। ਇੰਦਰ ਮੋਹਨ ਅੱਜ ਦੀ ਨੌਜਵਾਨ ਪੀੜ੍ਹੀ ਦਾ ਪ੍ਰਤੀਨਿਧ ਹੈ, ਜਿਸ ਨੂੰ ਮਿਹਨਤ ਜਿਹੇ ਸ਼ਬਦ ਸਮਝ ਵਿੱਚ ਨਹੀਂ ਆਉਂਦੇ, ਉਸ ਨੂੰ ਬਸ ਜੁਗਾੜ ਸਮਝ ਵਿੱਚ ਆਉਂਦੇ ਹਨ। ਦਿਮਾਗ ਹਰ ਵੇਲੇ ਖ਼ੁਰਾਫਾਤੀ ਸਕੀਮਾਂ ਵਿੱਚ ਜੋੜ-ਤੋੜ ਕਰਨ ਵਿੱਚ ਉਲਝਿਆ ਰਹਿੰਦਾ ਹੈ। ਅੱਜ ਦੇ ਨੌਜਵਾਨ ਦੀ ਪਛਾਣ ਮਹਿੰਗੀ ਮੋਟਰਸਾਈਕਲ, ਮਹਿੰਗੀਕਾਰ, ਵਧੀਆ ਕੱਪੜੇ ਤੇ ਅਮੀਰ ਲੋਕਾਂ ਨਾਲ ਦੋਸਤੀ-ਯਾਰੀ ਬਣਾ ਕੇ ਰੱਖਣਾ ਹੈ। ਕਦੇ ਆਪਣੇ ਤਾਏ ਦੇ ਮੁੰਡੇ ਸੁੱਖੇ ਦੇ ਟੈਕਟਰ ਉੱਤੇ ਬੈਠ ਕੇ ਕਾਲਜ ਜਾਣ ਵਾਲਾ ਇੰਦਰ ਮੋਹਨ, ਉਸੇ ਦੇ ਜੋਟਿਅਰ ਟਰੈਕਟਰ ਕਾਰਣ ਹੀ ਇੰਮੋ ਜੋਟਿਅਰ ਦੇ ਨਾਂ ਤੋਂ ਪ੍ਰਸਿੱਧ ਹੋ, ਆਪਣੀ ਸ਼ਾਨ ਸਮਝਣ ਲੱਗ ਪਿਆ। ਉਸੇ ਸੁੱਖੇ ਤੇ ਆਪਣੇ ਤਾਏ ਨਾਲ ਜ਼ਮੀਨ ਵੰਡ ਕੇ, ਉਸ ਨੇ ਉਨ੍ਹਾਂ ਨੂੰ ਐਨਾ ਹੇਠਾਂ ਸੁੱਟ ਦਿੱਤਾ ਕਿ ਸੁੱਖਾ ਨਸ਼ੇ ਵਿੱਚ ਡੁੱਬ ਇਕ ਦਿਨ ਨਦੀ ਵਿੱਚ ਹੀ ਜਾ ਡੁੱਬਾ।

ਜੋ ਜ਼ਮੀਨ ਤੇ ਪਲਾਟ ਦੀ ਜਾਇਦਾਦ ਉਸ ਦੇ ਬਾਪ-ਦਾਦੇ ਦੀ ਮਿਹਨਤ ਦੀ ਕਮਾਈ ਤੋਂ ਬਣਾਈ ਗਈ ਸੀ, ਉਨ੍ਹਾਂ ਵੇਚ ਕੇ ਜਾਂ ਲੰਮੇ ਵਰ੍ਹਿਆਂ ਲਈ ਵਪਾਰਕ ਪਲਾਟ ਲਈ ਲੀਜ਼ ਉਤੇ ਦੇ ਕੇ, ਉਸ ਨੇ ਪਿੰਡ ਵਿੱਚ ਆਪਣਾ ਰੁਤਬਾ ਤੇ ਸ਼ਾਨ ਦੋਨੋਂ ਹੀ ਵਧਾ ਲਏ। ਉਸ ਦੀ ਮਾਂ ਤੇ ਉਸ ਦੇ ਲਈ, ਨਰਿੰਦਰ ਸਿੰਘ ਦੀ ਹੈਸੀਅਤ ਜ਼ਮੀਨ ਦੇ ਟੋਟਿਆਂ ਨੂੰ ਵੇਚਣ ਲਈ ਸਿਰਫ਼ ਹਸਤਾਖ਼ਰ ਕਰਨ ਤਕ ਹੀ ਸੀਮਿਤ ਰਹਿ ਗਈ ਸੀ। ਹੁਣ ਤਾਂ ਉਸ ਨੇ ਬਾਪ ਨੂੰ ਵੀ ਅਧਿਆਪਕ ਤੋਂ "ਗਲੋਬਲ ਐਜੁਕੇਸ਼ਨ ਇੰਸਟੀਚਿਊਟ" ਦਾ ਪ੍ਰਿੰਸੀਪਲ ਬਣਾਉਣ ਦਾ ਸੁਫਨਾ ਦਿਖਾ ਕੇ ਸਿੱਧੇ ਸ਼ੀਸ਼ੇ ਵਿੱਚ ਉਤਾਰ ਲਿਆ ਸੀ।


ਲੇਖਕ ਨੇ ਨਾਵਲ ਰਾਹੀਂ ਕਥਾਨਕ ਤੇ ਪਾਤਰਾਂ ਨਾਲ ਸਮਕਾਲੀ ਪੰਜਾਬ ਦੀਆਂ ਸਥਿਤੀਆਂ ਅਤੇ ਮਾਹੌਲ ਉਤੇ ਰੋਸ਼ਨੀ ਪਾਈ ਕਿ ਅੱਜ ਉਥੇ ਦਾ ਨੌਜਵਾਨ ਖੇਤੀ ਨਹੀਂ ਕਰਨਾ ਚਾਹੁੰਦਾ। ਕਾਰਣ ਖੇਤਾਂ ਵਿੱਚ ਫ਼ਸਲਾਂ ਦੀ ਮਿੱਟੀ ਨਾਲ ਆਪ ਮਿੱਟੀ ਹੋਣਾ ਪੈਂਦਾ ਹੈ, ਜਦਕਿ ਇਸ ਦੇ ਬਾਅਦ ਵੀ ਹੱਥ-ਪੱਲੇ ਸਿਵਾਏ ਕਰਜ਼ ਦੇ ਕੁਝ ਨਹੀਂ ਪੈਂਦਾ। ਯੋਧਾ ਜਿਹੇ ਪਾਤਰ ਰਾਹੀਂ ਲੇਖਕ ਨੇ ਇਹ ਗੱਲ ਪਾਠਕਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਹਰੇ ਇਨਕਲਾਬ ਦੇ ਨਾਂ ਉਤੇ ਪੰਜਾਬ ਨਾਲ ਬਹੁਤ ਵੱਡਾ ਛਲ ਕੀਤਾ ਗਿਆ ਤੇ ਹੁਣ ਕੰਪਨੀਆਂ ਤੇ ਬੈਂਕਾਂ ਵੱਲੋਂ ਧੜਾ ਧੜ ਲੋਨ ਦਿੱਤੇ ਜਾਣ ਪਿੱਛੇ ਦੀ ਅਸਲ ਮਨਸ਼ਾ ਕੀ ਹੈ? ਨਾਵਲੀ ਘਟਨਾਵਾਂ ਵਿੱਚੋਂ ਉਭਰਦੀ ਹੈ।

ਰਾਜਕਿਸ਼ੋਰ ਜਿਹੇ ਸੇਠ ਅਜਿਹੇ ਮੌਕਿਆਂ ਦੀ ਤਾਕ ਵਿੱਚ ਰਹਿੰਦੇ ਹਨ, ਜਿੱਥੋਂ ਜ਼ਮੀਨ ਨੂੰ ਲਪਕਿਆ ਜਾ ਸਕੇ। ਹੁਣ ਖੇਤੀ ਕਿਰਸਾਨੀ ਜਾਂ ਅਨਾਜ ਜਿਹੇ ਸ਼ਬਦਾਂ ਵਿੱਚ ਨਹੀਂ ਰਹਿ ਗਈ, ਉਸ ਨੇ ਉਦਯੋਗ ਦਾ ਰੂਪ ਲੈ ਲਿਆ ਹੈ, ਜਿੱਥੇ ਉਦਯੋਗ ਵਾਂਗ ਸਭ ਕੁਝ ਵਪਾਰਕ ਢੰਗ ਨਾਲ ਹੋਵੇਗਾ ਤੇ ਇਕ ਹੀ ਛੱਤ ਹੇਠ ਵੱਡੇ-ਵੱਡੇ ਐਗਰੀਕਲਚਰ ਫਾਰਮ ਹਾਊਸ ਹੋਣਗੇ, ਮਸ਼ੀਨੀਕਰਣ ਹੋਵੇਗਾ ਤੇ ਜ਼ਮੀਨਾਂ ਵਾਲੇ ਹੀ ਉਥੇ ਮਜ਼ਦੂਰ ਤੇ ਲੇਬਰ ਬਣ ਕੇ ਦਿਹਾੜੀ ਕਰਨਗੇ। ਬਹੁਤ ਸਾਰੇ ਲੋਕ ਕਰਜ਼ ਦੇ ਬੋਝ ਥੱਲੇ ਆਪਣੇ ਪੁਰਖਿਆਂ ਦੀਆਂ ਜ਼ਮੀਨਾਂ ਵੇਚ ਚੁੱਕੇ ਹਨ, ਬਹੁਤ ਸਾਰੇ ਇਸੇ ਕਤਾਰ ਵਿੱਚ ਖੜੇ ਹੋਏ ਹਨ। ਕੁਝ ਸ਼ਰਮ ਨਾਲ ਮਰ ਰਹੇ ਹਨ, ਕੁਝ ਕਰਜ਼ ਨਾਲ ਤੇ ਕੁਝ ਨਸ਼ੇ ਦੀ 'ਤੋਟ' ਨਾਲ। ਬਾਕੀ ਬਚੇ ਬਸੰਤ ਵਰਗੇ ਅਧਖੱੜ ਲੋਕ, ਜੀਵਨ ਵਿੱਚ ਸਭ ਕੁਝ ਬਰਬਾਦ ਹੋ ਜਾਣ ਦੇ ਨਿਘਾਰ ਉਤੇ ਪਹੁੰਚ ਕੇ, ਅਜੇ ਵੀ ਖ਼ੁਦਕੁਸ਼ੀ ਦੇ ਰਾਹ ਨੂੰ ਜੰਜਾਲ ਤੋਂ ਮੁਕਤੀ ਸਮਝ ਰਹੇ ਹਨ। ਉਸ ਦਾ ਪੁੱਤਰ ਮਨਦੀਪ ਆਪਣੇ ਪੁਰਖਿਆਂ ਦੀ ਜ਼ਮੀਨ ਸੇਠਾਂ ਕੋਲ ਵੇਚ ਕੇ, ਹੁਣ ਉਨ੍ਹਾਂ ਦੀ ਫੈਕਟਰੀ ਦਾ ਡਰਾਈਵਰ ਬਣ, ਵਰਦੀ ਪਾ ਕੇ, ਖੁਦ ਨੂੰ ਖੁਸ਼ਨਸੀਬ ਸਮਝ ਰਿਹਾ ਹੈ।

ਨਾਵਲ ਉਥੋਂ ਦੀ ਔਰਤ ਦੀ ਬਦਲਦੀ ਮਾਨਸਿਕਤਾ ਨੂੰ ਵੀ ਬਲਜੀਤ ਕੌਰ, ਨੀਲੂ ਅਤੇ ਰੋਜੀ ਦੇ ਰੂਪ ਵਿੱਚ ਪੇਸ਼ ਕਰਦਾ ਹੈ। ਬਲਜੀਤ ਕੌਰ ਪਤੀ ਨਰਿੰਦਰ ਦੀ ਬਜਾਏ ਆਪਣੇ ਪੁੱਤਰ ਇੰਦਰ ਮੋਹਨ ਦਾ ਹਰ ਤਰ੍ਹਾਂ ਨਾਲ ਸਾਥ ਦੇਂਦੀ ਹੈ ਤੇ ਉਸ ਦੀਆਂ ਗ਼ਲਤ ਗੱਲਾਂ ਤੇ ਸਕੀਮਾਂ ਨੂੰ ਵੀ ਸਹੀ ਠਹਿਰਾਉਂਦੀ ਹੈ। ਜਿਸ ਸਕੂਲ ਪੜ੍ਹਦੀ ਨੀਲੂ ਨੂੰ ਯੋਧੇ ਨਾਲ ਸਮੋਸੇ ਖਾਂਦੇ ਦੇਖ, ਉਸ ਦੇ ਭਰਾ ਬਸੰਤ ਨੇ ਉਸ ਨੂੰ ਜੋਰਦਾਰ ਥੱਪੜ ਮਾਰਿਆ ਸੀ, ਉਸੇ ਨੀਲੂ ਨੇ ਵਰ੍ਹਿਆਂ ਮਗਰੋਂ ਵਿਦੇਸ ਵਿੱਚ ਬੁੱਢੇ ਪਤੀ ਦੇ ਮਰ ਜਾਣ ਬਾਅਦ ਪਿੰਡ ਆ ਕੇ ਜ਼ਮੀਨ ਵਿੱਚ ਆਪਣਾ ਹਿੱਸਾ ਡੰਕੇ ਦੇ ਜ਼ੋਰ ਤੇ ਹਾਸਿਲ ਕਰ ਲਿਆ। ਹੁਣ ਉਹ ਆਪਣੀ ਗੱਡੀ ਵਿੱਚ ਘੁੰਮਦੀ, ਪਿੰਡ ਵਿੱਚ ਹਰ ਗੱਲ ਵਿੱਚ ਆਪਣੀ ਮੌਜੂਦਗੀ ਦਾ ਅਹਿਸਾਸ ਕਰਵਾਉਣ ਲੱਗੀ। ਰੋਜੀ ਨੇ ਮਲਟੀਨੈਸ਼ਨਲ ਕੰਪਨੀ ਵਿੱਚ ਨੌਕਰੀ ਕਰਦੇ ਹੋਏ, ਭਵਿੱਖ ਨੂੰ ਧਿਆਨ ਨੂੰ ਰੱਖ ਕੇ, ਸੋਚ ਸਮਝ ਕੇ, ਗ਼ੈਰ-ਜਾਤੀ ਵਾਲੇ ਨੌਜਵਾਨ ਨਾਲ ਵਿਆਹ ਕਰਨ ਦਾ ਫੈਸਲਾ ਕੀਤਾ ਤੇ ਪਰਿਵਾਰ ਨੂੰ ਇਸ ਦੀ ਇਤਲਾਹ ਦੇ ਦਿੱਤੀ। ਤੇਜ਼ ਰਫ਼ਤਾਰ ਨਾਲ ਅੱਗੇ ਵੱਧਦੇ ਭਰਾ ਇੰਦਰ ਮੋਹਨ ਨੂੰ ਇਹ ਗੱਲ ਪਸੰਦ ਨਹੀਂ ਆਈ ਪਰ ਬਾਪ ਨੇ ਧੀ ਦੇ ਫੈਸਲੇ ਨੂੰ ਸਵੀਕਾਰ ਕਰਕੇ, ਉਸ ਨੂੰ ਅਸ਼ੀਰਵਾਦ ਦੇ ਦਿੱਤਾ। (**ਸੰਪਰਕ. 9868182835**)

## ਜਾਤ-ਪਾਤ ਦੀ ਉਲਝੀ ਤਾਣੀ ਦਾ ਬਿਰਤਾਂਤ : ਧਨ ਪਿਰੁ

**ਡਾ. ਸੁਖਪਾਲ ਕੌਰ ਸਮਰਾਲਾ**




**'ਧਨ ਪਿਰੁ' (ਧਨ ਪਿਰੁ, ਪ੍ਰਕਾਸ਼ਕ: ਲੋਕਗੀਤ ਪ੍ਰਕਾਸ਼ਨ, ਮੁਹਾਲੀ, ਮੁੱਲ: 295, ਪੰਨੇ :140, ਸਾਲ: 2021)** ਨਾਵਲ ਸਮਾਜਿਕ ਸਰੋਕਾਰਾਂ ਨਾਲ ਜੁੜਿਆ ਇੱਕ ਅਜਿਹਾ ਕਥਾ ਬਿਰਤਾਂਤ ਹੈ ਜਿਸ ਵਿੱਚ ਨਾਵਲਕਾਰ ਨੇ ਸਦੀਆਂ ਪੁਰਾਣੀ ਤੇ ਅੱਜ ਵੀ ਉਸੇ ਤਰ੍ਹਾਂ ਨਵੇਂ ਰੰਗ ਵਿੱਚ ਖੜੀ ਜਾਤ ਪਾਤ ਦੀ ਸਮੱਸਿਆ ਅਤੇ ਇਸ ਨਾਲ ਜੁੜੇ ਸਮਾਜਿਕ, ਆਰਥਿਕ, ਮਾਨਸਿਕ ਪੱਖਾਂ ਨੂੰ ਬੋਝਲ ਬਿਰਤਾਂਤ ਨਾਲ ਪੇਸ਼ ਨਹੀਂ ਕੀਤਾ। ਇਸ ਨਾਵਲ ਵਿੱਚ ਅੰਤਰਜਾਤੀ ਦੋਸਤੀ, ਸਾਥ, ਵਿਸ਼ਵਾਸ ਦੇ ਲੰਬੇ ਰਿਸ਼ਤੇ ਤੋਂ ਬਾਅਦ ਵਿਆਹ ਦੇ ਰਿਸ਼ਤੇ ਤੱਕ ਪਹੁੰਚਣਾ, ਦਵੰਦਾਤਮਕ ਸਥਿਤੀਆਂ ਵਿੱਚੋਂ ਲੰਘਣਾ ਤੇ ਅੰਤ ਸਹੀ ਫੈਸਲਾ ਲੈ ਉਸ ਦੇ ਪੁਰਖਿਆਂ ਦੀ ਮੋਹਰ ਲਵਾਉਣਾ ਆਦਿ ਘਟਨਾਵਾਂ ਨੂੰ ਨਾਵਲੀ ਬਿਰਤਾਂਤ ਦੇ ਰੰਗ ਵਿੱਚ ਰੰਗਿਆ ਗਿਆ ਹੈ। ਆਧੁਨਿਕ ਕਾਲ ਦੇ ਸਮੇਂ, ਸਥਾਨ ਤੇ ਵਾਪਰ ਰਹੀਆਂ ਇਨ੍ਹਾਂ ਘਟਨਾਵਾਂ ਵਿੱਚ ਇਸ ਵਿਸ਼ੇ ਨੂੰ ਹੋਰ ਵੀ ਉਘਾੜਿਆ ਗਿਆ ਹੈ। ਇਸ ਨਾਵਲ 'ਚ ਸਮਾਜਿਕ ਸਮੱਸਿਆਵਾਂ ਤੇ ਜਾਤ-ਪਾਤ ਦੀਆਂ ਉਲਝਣਾ ਉਲਝੀਆਂ ਨਜ਼ਰੀ ਪੈਂਦੀਆਂ ਹਨ।

ਨਾਵਲ ਦੀ ਕਹਾਣੀ ਅਨੁਸਾਰ ਗੈਵੀ ਅਤੇ ਨੋਨੀ ਦੋਵੇਂ ਆਧੁਨਿਕ ਆਈ. ਟੀ. ਸ਼ਹਿਰ ਗੁੜਗਾਓ ਵਿੱਚ ਇੱਕੋ ਕੰਪਨੀ ਵਿੱਚ ਕੰਮ ਕਰਦੇ ਹਨ। ਗੈਵੀ ਦਾ ਪਰਿਵਾਰ ਬ੍ਰਾਹਮਣ ਜਾਤੀ ਨਾਲ ਸੰਬੰਧ ਰੱਖਦਾ ਹੈ ਅਤੇ ਨੋਨੀ ਦੇ ਮਾਪੇ ਸਮਾਜ ਵਿੱਚ ਨਿਮਨ ਜਾਤੀ ਨਾਲ ਸੰਬੰਧਿਤ ਹਨ। ਗੈਵੀ ਦਾ ਪਿਤਾ ਆਪਣੇ ਆੜ੍ਹਤ ਦੇ ਧੰਦੇ ਨੂੰ ਛੱਡ ਗੁੜਗਾਓ ਆ ਕੇ ਟੇਵੇ ਦੇਖਣ ਦਾ ਕੰਮ ਸ਼ੁਰੂ ਕਰਦਾ ਹੈ। ਓਧਰ ਨੋਨੀ ਦੇ ਪਿਤਾ ਨੇ ਵੀ ਆਪਣੇ ਪਿਤਾ ਪੁਰਖੀ ਕੰਮ ਨੂੰ ਤਿਆਗ ਕੇ ਇਸੇ ਸ਼ਹਿਰ ਵਿੱਚ ਇੱਕ ਨਵੀਂ ਸ਼ੁਰੂਆਤ ਕੀਤੀ ਹੈ, ਨਾਵਲ ਦੀ ਸ਼ੁਰੂਆਤ ਗੈਵੀ ਦੇ ਕੁੜੀ ਵੇਖਣ ਦੀ ਘਟਨਾ ਨਾਲ ਸ਼ੁਰੂ ਹੁੰਦੀ ਹੈ। ਕੁੜੀ ਵੇਖ ਕੇ ਟੇਵਾ ਮਿਲਾ ਕੇ ਵਿਆਹ ਕਰਨਾ ਅਜੇ ਵੀ ਗੈਵੀ ਦੇ ਪਰਿਵਾਰ ਵਿੱਚ ਬਹੁਤ ਅਹਿਮ ਮੰਨਿਆ ਜਾ ਰਿਹਾ ਹੈ ਕਿਉਂਕਿ ਵਿਆਹ ਲਈ ਆਈ. ਟੀ. ਇੰਜੀਨੀਅਰ ਗੈਵੀ ਅਜੇ ਵੀ ਆਪਣੇ ਆਪ ਨੂੰ ਪਰਿਵਾਰਕ ਸੰਸਕਾਰਾਂ 'ਚ ਜਕੜਿਆ ਮਹਿਸੂਸ ਕਰਦਾ ਹੈ, ਉਸ ਲਈ ਕੁੜੀ ਵੇਖਣ ਦਾ ਇਹ ਸਿਲਸਿਲਾ ਲਗਾਤਾਰ ਜਾਰੀ ਹੈ ਅਤੇ ਗੈਵੀ ਦੀ ਜ਼ਿੰਦਗੀ ਦੇ ਇਸ ਬਹੁਤ ਹੀ ਅਹਿਮ ਫ਼ੈਸਲੇ ਲਈ ਬਣੇ ਮਸਲੇ ਨੂੰ ਹੱਲ ਕਰਨ ਲਈ ਉਸਦੀ ਬੈਸਟ ਫਰੈਂਡ ਨੋਨੀ ਵੀ ਅਕਸਰ ਉਸਨੂੰ ਸਾਥ ਅਤੇ ਸਲਾਹ ਦਿੰਦੀ ਰਹਿੰਦੀ ਹੈ। ਭਾਵੇਂ ਕਿ ਉਹਨਾਂ ਦੋਵਾਂ ਦਾ ਪਰਿਵਾਰਕ ਪਿਛੋਕੜ ਵੱਖਰਾ ਹੈ ਅਤੇ ਦੋਵਾਂ ਦੇ ਪਰਿਵਾਰਾਂ ਦੀ ਸਿਰਫ਼ ਉਨੀ ਹੀ ਸਾਂਝ ਹੈ ਜਿੰਨੀ ਕਿ

ਸਮਾਜ ਵਿੱਚ ਵਿਚਰਦਿਆਂ ਉਹਨਾਂ ਲਈ ਜ਼ਰੂਰੀ ਹੈ। ਪਰ ਨੋਨੀ ਤੇ ਗੈਵੀ ਦੀ ਦੋਸਤੀ ਤੇ ਇਸ ਸਭ ਦਾ ਕੋਈ ਬਹੁਤਾ ਫ਼ਰਕ ਨਹੀਂ ਪੈਂਦਾ। ਪਰ ਇਸ ਸਭ ਦੇ ਬਾਵਜੂਦ ਵੀ ਨੋਨੀ ਲਈ ਗੈਵੀ ਦੇ ਮਨ ਵਿੱਚ ਇੱਕ ਜੀਵਨ ਸਾਥੀ ਵਜੋਂ ਵਿਚਰਨ ਦਾ ਖਿਆਲ ਨਹੀਂ ਆਉਂਦਾ। ਉਹ ਉਸ ਨੂੰ ਸਿਰਫ ਇੱਕ ਦੋਸਤ ਵਜੋਂ ਹੀ ਦੇਖਦਾ ਹੈ ਤੇ ਵਿਚਰਦਾ ਹੈ। ਗੈਵੀ ਦੀ ਮਾਂ ਨੋਨੀ ਨੂੰ ਛੋਟੀ ਜਾਤੀ ਦੀ ਹੋਣ ਕਾਰਨ ਬਹੁਤਾ ਪਸੰਦ ਨਹੀਂ ਕਰਦੀ ਤੇ ਉਸਨੂੰ ਨੋਨੀ ਦਾ ਉਹਨਾਂ ਦੇ ਘਰ ਆਉਣਾ, ਗੈਵੀ ਨਾਲ ਘੁਲਣਾ ਮਿਲਣਾ ਕੰਮ ਵਿੱਚ ਉਸਦੀ ਮਦਦ ਕਰਨਾ, ਕੁਝ ਵੀ ਪਸੰਦ ਨਹੀਂ ਆਉਂਦਾ ਪਰ ਗੈਵੀ ਦੇ ਨੋਨੀ ਨਾਲ ਮੋਹ ਕਾਰਨ ਉਹ ਉਸਨੂੰ ਆਪਣੇ ਵਤੀਰੇ ਵਿੱਚ ਨਾ ਪਸੰਦੀ ਬਹੁਤੀ ਜ਼ਹਿਰ ਨਹੀਂ ਕਰਦੀ ਪਰ ਉਸਦੇ ਅੰਦਰ ਵਸੇ ਜਾਤੀ ਸੰਸਕਾਰ ਉਸ ਨੂੰ ਬੇਚੈਨ ਕਰੀ ਰੱਖਦੇ ਹਨ ਤੇ ਉਹ ਨੋਨੀ ਨੂੰ ਕਈ ਵਾਰ ਕੰਮ ਕਰਨ ਤੋਂ ਟੋਕਦੀ ਵੀ ਰਹਿੰਦੀ ਹੈ। ਦੂਸਰੇ ਪਾਸੇ ਨੋਨੀ ਦੇ ਮਾਪੇ ਆਪਣੀ ਪੜ੍ਹੀ ਲਿਖੀ ਧੀ ਤੇ ਮਾਣ ਕਰਦਿਆਂ ਉਸ ਨੂੰ ਆਪਣੀ ਜ਼ਿੰਦਗੀ ਦੇ ਫ਼ੈਸਲੇ ਖੁਦ ਲੈਣ ਦੀ ਮੁਖਤਿਆਰੀ ਦੇ ਕੇ ਰੱਖਦੇ ਹਨ।

ਪਰ ਨੋਨੀ ਗੈਵੀ, ਗੈਵੀ ਦੀ ਮਾਂ ਅਤੇ ਉਸਦੇ ਪਰਿਵਾਰਕ ਸੰਸਕਾਰਾਂ ਤੋਂ ਚੰਗੀ ਤਰ੍ਹਾਂ ਜਾਣੂ ਹੈ ਤੇ ਉਹਨੂੰ ਕਈ ਵਾਰ ਇਹ ਗੱਲ ਸੋਚ ਕੇ ਆਪਣਾ ਆਪ ਹੀਣਾ ਵੀ ਮਹਿਸੂਸ ਹੁੰਦਾ ਹੈ ਕਿ ਉਸ ਦਾ ਪਿਛੋਕੜ ਗੈਵੀ ਦੇ ਮੁਕਾਬਲੇ ਸਮਾਜਿਕ ਤੌਰ ਤੇ ਕਾਫ਼ੀ ਨਿਮਨ ਹੈ ਤੇ ਉਹ ਅਕਸਰ ਆਪਣੀ ਇਸ ਹੀਣ ਭਾਵਨਾ ਵਿੱਚੋਂ ਆਪਣੀ ਜਿਹਨੀ ਕਾਬਲੀਅਤ ਦੇ ਜ਼ਰੀਏ ਬਾਹਰ ਨਿਕਲਦੀ ਹੈ ਤੇ ਗੈਵੀ ਨੂੰ ਵੀ ਅਸਲੀਅਤ ਦਾ ਸ਼ੀਸ਼ਾ ਦਿਖਾਉਣ ਵਿੱਚ ਜਰਾ ਦੇਰ ਨਹੀਂ ਲਗਾਉਂਦੀ। ਆਧੁਨਿਕ ਸੋਚ ਅਤੇ ਆਧੁਨਿਕਤਾ ਦੀ ਪ੍ਰਤੀਕ ਨੋਨੀ ਪਰੰਪਰਕ ਵਿਚਾਰਧਾਰਾਵਾਂ ਨੂੰ ਪਿੱਛੇ ਛੱਡਦੀ ਹੋਈ ਗੈਵੀ ਦੀ ਪਿਤਰਕੀ ਸੋਚ ਵਾਲੀਆਂ ਦਲੀਲਾਂ ਨੂੰ ਕੱਟਦੀ ਹੈ ਤੇ ਉਸ ਨੂੰ ਸੱਚ ਦਾ ਸਾਹਮਣਾ ਕਰਨ ਲਈ ਜ਼ੋਰ ਦਿੰਦੀ ਹੈ। ਇਸ ਲਈ ਜਦੋਂ ਗੈਵੀ ਅਲਕਾ ਨਾਂ ਦੀ ਕੁੜੀ ਦੇ ਪਸੰਦ ਆਉਣ ਤੇ ਉਸ ਨਾਲ ਗੱਲਾਂ ਕਰਦਿਆਂ ਉਸ ਦੀ ਬੇਬਾਕੀ ਤੇ ਸਾਫ਼ਗੋਈ ਤੋਂ ਪ੍ਰਭਾਵਿਤ ਹੋ ਕੇ ਨੋਨੀ ਨੂੰ ਉਸਦੇ ਬਾਰੇ ਦੱਸਦਾ ਹੈ ਤੇ ਨਾਲ ਹੀ ਅਲਕਾ ਦੇ ਕੁਝ ਸਮਾਂ ਲੈਣ ਤੇ ਕੁਝ ਸਵਾਲਾਂ ਦੇ ਜਵਾਬ ਮੰਗਣ ਵਾਲੀ ਗੱਲ ਕਰਦਾ ਹੈ ਤਾਂ ਨੋਨੀ ਉਸਨੂੰ ਸਾਫ਼ ਲਫ਼ਜਾਂ ਵਿੱਚ ਕਹਿੰਦੀ ਹੈ

'ਫਿਰ ਦੇ ਉੱਤਰ ਉਸਨੂੰ ਹਰ ਗੱਲ... ਉਸਦੇ ਮਨ ਅੰਦਰ ਇੱਕ ਅਣਜਾਣ ਮਰਦ ਪ੍ਰਤੀ ਸ਼ੰਕੇ ਤਾਂ ਹੋਣਗੇ... ਯਾਰ ਬੜਾ ਔਖਾ ਹੈ ਕਿਸੇ ਅਜਨਬੀ ਦੀ ਮੁੱਠੀ ਵਿੱਚ ਆਪਣੇ ਆਪ ਨੂੰ ਦੇ ਦੇਣਾ। ਨੋਨੀ ਦੇ ਅੰਦਰੋਂ ਫਿਲਾਸਫੀ ਬੋਲਣ ਲੱਗੀ। (ਪੰਨਾ-26)

ਅਲਕਾ ਦੀ ਖੁੱਲਦਿਲੀ ਨਾਲ ਕੀਤੀ ਗੱਲਬਾਤ ਤੇ ਗੈਵੀ ਨੂੰ ਡੇਟ ਤੇ ਜਾਣ ਲਈ ਪੁੱਛਣ ਨਾਲ ਗੈਵੀ ਦੇ ਮਨ ਅੰਦਰ ਪਰੰਪਰਾਗਤ ਭਾਰਤੀ ਮਰਦ ਵਾਲੀ ਸੋਚ ਉੱਭਰਦੀ ਹੈ ਜਿਹੜੀ ਕਿ ਉਸਨੂੰ ਅਲਕਾ ਪ੍ਰਤੀ ਸ਼ੰਕਿਆਂ ਵਿੱਚ ਘੇਰ ਲੈਂਦੀ ਹੈ। ਦੂਸਰੇ ਪਾਸੇ ਨੋਨੀ ਨੂੰ ਜਾਪਦਾ ਹੈ ਕਿ ਭਾਵੇਂ ਅਲਕਾ ਅਤੇ ਗੈਵੀ ਦੇ ਟੇਵੇ ਆਪਸ ਵਿੱਚ ਮਿਲ ਗਏ ਹਨ ਤੇ ਗੁਣ ਮਿਲਣ ਦੇ ਬਾਵਜੂਦ ਵੀ ਉਹਨਾਂ ਵਿੱਚ ਕੁਝ ਨਹੀਂ ਮਿਲਦਾ। ਭਾਵੇਂ ਕਿ ਨੋਨੀ ਦਾ ਅਲਕਾ ਦੇ ਅਜਿਹੇ ਸਵਾਲ ਪੁੱਛਣਾ ਕਿਤੇ ਕਿਤੇ ਬੇਤੁਕਾ ਵੀ ਜਾਪਦਾ ਹੈ ਪਰ ਫਿਰ ਵੀ ਉਸਦੀ ਅੰਦਰਲੀ ਔਰਤ ਕਿਤੇ ਨਾ ਕਿਤੇ ਅਲਕਾ ਨਾਲ ਸਹਿਮਤ ਹੁੰਦੀ ਜਾਪਦੀ ਹੈ। ਦੂਸਰੇ ਪਾਸੇ ਗੈਵੀ ਆਪਣੀ ਪਿਤਰਕੀ ਸੰਰਚਨਾ ਦੇ ਅਧੀਨ ਪ੍ਰਣਾਏ ਸੰਸਕਾਰਾਂ ਵਿੱਚ ਡੁੱਬਿਆ ਬੌਂਦਲਿਆ ਜਿਹਾ ਜਾਪਦਾ ਦਿਖਾਈ ਦਿੰਦਾ ਹੈ, "ਗੈਵੀ ਦਾ ਪਸੀਨਾ ਚੋਅ ਰਿਹਾ ਸੀ, ਕੀ ਆਈ ਟੀ ਸਿਟੀ ਇੰਨਾ ਅੱਗੇ ਵਧ ਗਿਆ ਹੈ ਕਿ ਕੁੜੀਆਂ ਆਪਣੇ ਹੋਣ ਵਾਲੇ ਜੀਵਨ ਸਾਥੀ ਤੋਂ ਇਹੋ ਜਿਹੀ ਮੰਗ ਕਰਨ ਲੱਗੀਆਂ ਹਨ। ਆਖਿਰ ਕਿਉਂ?' ਆਈ. ਟੀ. ਸਿਟੀ ਵਰਗੇ ਆਧੁਨਿਕ ਸ਼ਹਿਰ ਵਿੱਚ ਰਹਿੰਦਿਆਂ ਵੀ ਗੈਵੀ ਤੇ ਉਸਦੇ ਮਾਪਿਆਂ ਦੀ ਸੋਚ ਉਥੇ ਹੀ ਅਟਕੀ ਹੋਈ ਸੀ ਜਿੱਥੋਂ ਉਹ ਚਲੇ ਸਨ। ਮੁੰਡੇ ਤੇ ਕੁੜੀ ਦੀ ਆਪਸੀ ਸਮਝ

ਅਤੇ ਚੋਣ ਨਾਲੋਂ ਗੁਣਾਂ ਦਾ ਮਿਲਣਾ ਜ਼ਿਆਦਾ ਅਹਿਮ ਸੀ। ਇਹ ਇੱਕ ਤਕੜਾ ਵਿਅੰਗ ਹੈ। ਦੋਹਰੀ ਮਾਨਸਿਕਤਾ ਵਾਲੇ ਗੈਵੀ ਤੇ ਉਸਦੇ ਮਾਪਿਆਂ ਵਰਗੇ ਲੋਕਾਂ ਤੇ ਜਿਹੜੇ ਕਿ ਆਧੁਨਿਕ ਸ਼ਹਿਰ ਵਿੱਚ ਰਹਿੰਦਿਆਂ ਆਧੁਨਿਕ ਕਹਾਉਣਾ ਤਾਂ ਪਸੰਦ ਕਰਦੇ ਹਨ ਪਰ ਅੰਦਰ ਉਹੀ ਸਦੀਆਂ ਪੁਰਾਣੀ ਸੋਚ ਲਈ ਬੈਠੇ ਹਨ ਜਿਸ ਨੂੰ ਬਦਲਣ ਵਿੱਚ ਅਜੇ ਵੀ ਹੋਰ ਪਤਾ ਨਹੀਂ ਕਿੰਨਾ ਸਮਾਂ ਲੱਗਣਾ ਹੈ। ਅਲਕਾ ਤੇ ਗੈਵੀ ਦੀ 'ਡੇਟ' ਲਈ ਨੋਨੀ ਸੈਵੀ ਨੂੰ ਫੈਸਲਾ ਲੈਣ ਬਾਰੇ ਕਹਿੰਦੀ ਹੈ ਤੇ ਗੈਵੀ ਦੇ ਬਦਲੇ ਜਿਹੇ ਵਤੀਰੇ ਪ੍ਰਤੀ ਹੈਰਾਨ ਵੀ ਹੁੰਦੀ ਹੈ ਕਿਉਂਕਿ ਉਸਨੂੰ ਸੈਵੀ ਵਿੱਚ ਇੱਕ ਬਦਲਿਆ ਜਿਹਾ ਮੁੰਡਾ ਨਜ਼ਰ ਆਉਂਦਾ ਹੈ ਜਿਸ ਤੋਂ ਉਹ ਥੋੜਾ ਡਰ ਵੀ ਮਹਿਸੂਸ ਕਰਦੀ ਹੈ। ਕਹਾਣੀ ਵਿੱਚ ਮੋੜ ਆਉਂਦਾ ਹੈ ਜਦੋਂ ਅਲਕਾ ਬੜੀ ਹੁਸ਼ਿਆਰੀ ਨਾਲ ਆਪਣੇ ਪ੍ਰੇਮੀ ਨਾਲ ਗੈਵੀ ਨੂੰ ਹੋਟਲ ਦੇ ਉਸ ਕਮਰੇ ਵਿੱਚ ਹੀ ਜਾਣ ਤੋਂ ਪਹਿਲਾ ਮਿਲਾ ਦੇਣਾ, ਅੰਤਰਜਾਤੀ ਵਿਆਹ ਲਈ ਸਟੈਂਡ ਲੈਣਾ, ਗੈਵੀ ਦਾ ਆਪਣੇ ਮਾਪਿਆਂ ਨੂੰ ਅਲਕਾ ਦੇ ਰਿਸ਼ਤੇ ਲਈ ਮਨ੍ਹਾ ਕਰਨਾ, ਗੈਵੀ ਦੇ ਕੁੜੀਆਂ ਦੇਖਣ ਦੇ ਇਸ ਸਾਰੇ ਅਰਸੇ ਦੌਰਾਨ ਨੋਨੀ ਦਾ ਗੈਵੀ ਦੇ ਨਾਲ ਰਹਿਣਾ, ਨੋਨੀ ਦਾ ਦੂਸਰੀ ਕੰਪਨੀ ਵਿੱਚ ਜਾਣਾ, ਗੈਵੀ ਦਾ ਨੋਨੀ ਦੀ ਕਮੀ ਨੂੰ ਮਹਿਸੂਸ ਕਰਨਾ, ਉਸ ਲਈ ਆਪਣੇ ਅਹਿਸਾਸਾਂ ਨੂੰ ਮਹਿਸੂਸ ਕਰਨਾ, ਨੋਨੀ ਤੇ ਗੈਵੀ ਦੇ ਮਾਪਿਆਂ ਦਾ ਆਪਸ ਵਿੱਚ ਮਿਲਣਾ ਤੇ ਗੈਵੀ ਦਾ ਨੋਨੀ ਨਾਲ ਆਪਣੇ ਰਿਸ਼ਤੇ ਪ੍ਰਤੀ ਸਟੈਂਡ ਲੈਣਾ, ਆਪਣੇ ਮਾਂ ਪਿਓ ਨੂੰ ਬਿਨਾਂ ਦੱਸੇ ਆਪਣੇ ਦਾਦਕਿਆਂ ਕੋਲ ਜਾ ਕੇ ਨੋਨੀ ਨਾਲ ਆਪਣੇ ਵਿਆਹ ਦੇ ਫ਼ੈਸਲੇ ਤੇ ਅੜੇ ਰਹਿਣਾ ਤੇ ਉਹਨਾਂ ਤੋਂ ਸਹਿਮਤੀ ਲੈ ਕੇ ਵਾਪਸ ਮੁੜਨਾ ਆਦਿ ਘਟਨਾਵਾਂ ਨਾਲ ਇਹ ਨਾਵਲ ਆਪਣੇ ਸੁਖਾਂਤਕ ਅੰਤ ਵੱਲ ਵਧਦਾ ਹੈ 'ਯਕੀਨ' ਮੁੱਖ ਕੜੀ ਦੇ ਰੂਪ ਵਿੱਚ ਨਾਵਲੀ ਬਿਰਤਾਂਤ ਵਿਚ ਉਭਰਦੀ ਹੈ।

ਸਧਾਰਨ ਜਿਹੀ ਜਾਪਦੀ ਇਸ ਨਾਵਲ ਦੀ ਕਹਾਣੀ ਵਿੱਚ ਕਈ ਹੋਰ ਕਹਾਣੀਆਂ ਵੀ ਨਾਲ ਨਾਲ ਤੁਰਦੀਆਂ ਹਨ ਜਿਹੜੀਆਂ ਕਿ ਇਸ ਨਾਵਲ ਦੇ ਕਥਾਨਕ ਨੂੰ ਸੰਘਣਾ ਕਰਨ ਵਿੱਚ ਅਹਿਮ ਰੋਲ ਅਦਾ ਕਰਦੀਆਂ ਹਨ। ਜਿੱਥੇ ਅੰਤਰਜਾਤੀ ਵਿਆਹ ਦਾ ਮਸਲਾ ਇਸ ਨਾਵਲ ਦਾ ਮੁੱਖ ਅਤੇ ਮਹੱਤਵਪੂਰਨ ਵਿਸ਼ਾ ਹੈ, ਉੱਥੇ ਹੀ ਜਾਤੀ ਪ੍ਰਥਾ ਤੇ ਇਸ ਨਾਲ ਜੁੜੀਆਂ ਹੋਰ ਸਮਾਜਿਕ ਵਿਵਸਥਾਵਾਂ ਅਤੇ ਪੈਦਾ ਹੁੰਦੀਆਂ ਸਮੱਸਿਆਵਾਂ ਵੱਲ ਵੀ ਨਾਵਲਕਾਰ ਨੇ ਪਾਠਕਾਂ ਦਾ ਵਿਸ਼ੇਸ਼ ਧਿਆਨ ਦਿਵਾਇਆ ਹੈ। ਨਾਵਲ ਦੇ ਕਥਾਨਕ ਦਾ ਸਥਾਨ ਆਧੁਨਿਕ ਸ਼ਹਿਰ ਗੁੜਗਾਓ ਹੈ ਜਿਹੜਾ ਕਿ ਵਿਸ਼ੇਸ਼ ਲੱਗਦਾ ਹੈ ਕਿਉਂਕਿ ਇਹ ਅਜਿਹੇ ਸ਼ਹਿਰ ਹੈ ਜਿੱਥੇ ਕੰਮ ਦੇ ਆਧਾਰ ਤੇ ਉਸ ਨਾਲ ਜੁੜੀ ਸਫ਼ਲਤਾ ਦੇ ਅਧਾਰ ਤੇ ਕਿਸੇ ਵਿਅਕਤੀ ਦੇ ਸਮਾਜਿਕ ਪੱਧਰ ਨੂੰ ਪਰਖਿਆ, ਦੇਖਿਆ ਜਾਂਦਾ ਹੈ। ਨੋਨੀ ਦੇ ਪਿਤਾ ਦਾ ਕੰਮ ਧੰਦਾ ਅਖੌਤੀ ਨੀਵੀਂ ਜਾਤੀ ਸਮਝੇ ਜਾਣ ਵਾਲੇ ਕੰਮਾਂ ਵਿੱਚੋਂ ਇੱਕ ਸੀ। ਮਰੇ ਡੰਗਰਾਂ ਨੂੰ ਢੋਂਦਿਆਂ ਉਹ ਆਪਣੇ ਭਰਾਵਾਂ ਦੇ ਮਿਲੇ ਧੋਖੇ ਕਾਰਨ ਆਪਣੀ ਬੇਟੀ ਨੋਨੀ ਕੋਲ ਗੁੜਗਾਓ ਆ ਰਹਿਣ ਲੱਗਦੇ ਹਨ ਪਰ ਕਿਰਤੀ ਵਰਗ ਦਾ ਹੁਨਰ ਉਸ ਦੇ ਹੱਥਾਂ ਵਿੱਚ ਅਤੇ ਖ਼ੂਨ ਵਿੱਚ ਸੀ ਜਿਸ ਸਦਕਾ ਉਹ ਇਸ ਸ਼ਹਿਰ ਵਿੱਚ ਆਪਣੀ ਪਛਾਣ ਬਣਾਉਣ ਤੇ ਆਪਣਾ ਸਮਾਜਿਕ ਪੱਧਰ ਉੱਪਰ ਚੁੱਕਣ ਵਿੱਚ ਕਾਮਯਾਬ ਹੁੰਦਾ ਹੈ, ਉੱਥੇ ਹੀ ਦੂਸਰੇ ਪਾਸੇ ਗੈਵੀ ਦੇ ਮਾਪਿਆ ਦਾ ਇਸ ਆਧੁਨਿਕ ਸ਼ਹਿਰ ਵਿੱਚ ਰਹਿੰਦਿਆਂ ਜਾਤ-ਪਾਤ ਨੂੰ ਲੈ ਕੇ ਕੱਟੜ ਹੋਣਾ ਅਤੇ ਇਸੇ ਕਾਰਨ ਨੋਨੀ ਪ੍ਰਤੀ ਆਪਣੇ ਮਨ ਵਿੱਚ ਇਸ ਵਿਤਕਰੇ ਨੂੰ ਰੱਖਣਾ, ਇਹ ਆਧੁਨਿਕਤਾ ਦੇ ਮੂੰਹ ਤੇ ਇੱਕ ਚਪੇੜ ਵਾਂਗ ਜਾਪਦਾ ਹੈ।

ਨਾਵਲੀ ਬਿਰਤਾਂਤ ਦੀ ਪੇਸ਼ਕਾਰੀ, ਪਾਤਰਾਂ ਦਾ ਵਿਹਾਰ, ਨਿੱਜ ਦੇ ਦਖ਼ਲ ਤੋਂ ਪਰਹੇਜ਼, ਘਟਨਾਵਾਂ ਦੀ ਚੋਣ ਅਤੇ ਬਿਰਤਾਂਤ ਵਿਚ ਸਹਿਜਤਾ ਨਾਵਲ ਦੇ ਗੁਣ ਪ੍ਰਮੁੱਖ ਰੂਪ ਵਿੱਚ ਉਭਰਦੇ ਹਨ। ਇਹ ਨਾਵਲ ਉਸਦੇ ਨਾਵਲੀ ਵਿਕਾਸ ਯਾਤਰਾ ਦਾ ਅਗਲਾ ਪੜਾ ਹੈ।(**ਸੰਪਾਰਕ 97797-18007**)

# ਸਮਾਜਿਕ ਵਿਵਸਥਾ 'ਚ ਆ ਰਹੇ ਨਿਘਾਰ ਦੀ ਕਥਾ: ਬੌਣੇ ਰਿਸ਼ਤੇ

**ਡਾ. ਸੁਖਪਾਲ ਕੌਰ ਸਮਰਾਲਾ**

ਪੰਜਾਬੀ ਕਹਾਣੀ ਵਿਕਾਸ ਕਰ ਰਹੀ ਹੈ। ਪੜਾਅ ਦਰ ਪੜਾਅ ਇਸ ਵਿੱਚ ਨਿਖਾਰ ਆ ਰਿਹਾ ਹੈ। ਸਮਕਾਲੀ ਕਹਾਣੀਕਾਰ ਆਪਣੀ ਕਹਾਣੀ ਵਿੱਚ ਅਨੇਕਾਂ ਨਵੇਂ ਮੁੱਦਿਆਂ ਨੂੰ ਉਭਾਰ ਰਹੇ ਹਨ, ਉੱਥੇ ਹੀ ਉਹ ਸਮਾਜਕ ਮੁੱਦਿਆਂ ਅਤੇ ਸਮਾਜਿਕ ਵਿਵਸਥਾ ਵਿੱਚ ਆ ਰਹੇ ਨਿਘਾਰ ਨੂੰ ਵੀ ਆਪਣੀਆਂ ਕਹਾਣੀਆਂ ਵਿੱਚ ਖਾਸ ਸਥਾਨ ਦੇ ਰਹੇ ਹਨ। ਜ਼ਿਕਰਯੋਗ ਗੱਲ ਇਹ ਹੈ ਕਿ ਇਹਨਾਂ ਕਹਾਣੀਆਂ ਵਿੱਚ ਰਿਸ਼ਤਿਆਂ ਦੇ ਵਿੱਚ ਆਏ ਨਿਘਾਰ ਦੀ ਚਰਚਾ ਵੀ ਉੱਨੀ ਹੀ ਗੰਭੀਰਤਾ ਨਾਲ ਕੀਤੀ ਜਾ ਰਹੀ ਹੈ। ਭੁਪਿੰਦਰ ਸਿੰਘ ਮਾਨ ਦਾ ਇੱਕ ਅਜਿਹਾ ਹੀ ਕਹਾਣੀ ਸੰਗ੍ਰਹਿ (**ਬੌਣੇ ਰਿਸ਼ਤੇ**, **ਪ੍ਰਕਾਸ਼ਕ: ਅਜ਼ੀਜ਼ ਕਿਤਾਬ ਘਰ**, **ਪਟਿਆਲਾ**, **ਮੁੱਲ:** 150, **ਪੰਨੇ** :103, **ਸਾਲ:** 2021) ਹੈ। ਜਿਸ ਵਿੱਚ ਰਿਸ਼ਤਿਆਂ ਅਤੇ ਸਮਾਜਿਕ ਵਿਵਸਥਾ ਅਤੇ ਮਨੁੱਖ ਅਤੇ ਸਮਾਜ ਦੇ ਆਪਸੀ ਸੰਬੰਧਾਂ ਨੂੰ ਪੇਸ਼ ਕਰਦੀਆਂ ਕਹਾਣੀਆਂ ਸ਼ਾਮਲ ਹਨ। ਸਮਾਜਿਕ ਵਰਤਾਰੇ ਵਿਚਲੀਆਂ ਇਹਨਾਂ ਕਹਾਣੀਆਂ ਵਿੱਚ ਰਿਸ਼ਤਿਆਂ ਤੋਂ ਪੈਦਾ ਹੋਈ ਪੀੜ ਦਾ ਦਰਦ ਹੈ, ਸਰਕਾਰੀ ਤੰਤਰ ਦੀਆਂ ਕਮਜ਼ੋਰੀਆਂ ਹਨ, ਆਪਣਿਆਂ ਦੇ ਦਿੱਤੇ ਦਰਦਾਂ ਦੀ ਚੀਸ ਰੜਕਦੀ ਹੈ ਅਤੇ ਮਾਨਸਿਕ ਦਵੰਦ ਦਾ ਅੰਤ ਮੌਤ ਵੀ ਹੋ ਸਕਦਾ ਹੈ ਵਰਗੇ ਵਿਸ਼ੇ ਵੀ ਹਨ।




**'ਮਮਤਾ'** ਪਰਿਵਾਰ ਦੀ ਟੁੱਟ-ਭੱਜ ਤੋਂ ਉਤਪਨ ਹੋਈ ਤ੍ਰਾਸ਼ਦੀ ਬਿਆਨ ਕਰਦੀ ਹੈ। ਕਹਾਣੀ ਜਾਤੀਵਾਦ ਦੇ ਮੁੱਦੇ ਦੀ ਚਰਚਾ ਕਰਦੀ ਹੈ। ਬੇਜ਼ਮੀਨੇ ਜੱਟਾਂ ਦੀ ਔਲਾਦ ਨੂੰ ਸਮਾਜ ਵਿੱਚ ਵਿਚਰਦਿਆਂ ਦਰਪੇਸ਼ ਮੁਸ਼ਕਿਲਾ ਦਾ ਬਿਰਤਾਂਤ ਸਿਰਜਦੀ ਹੈ ਅਤੇ ਇੱਕ ਔਰਤ ਦੀ ਹੋਣੀ ਨੂੰ ਉਭਾਰਦੀ ਹੈ ਜੋ ਪਤੀ ਅਤੇ ਆਪਣੇ ਬੱਚਿਆਂ ਦੀ ਮਮਤਾ ਵਿੱਚ ਪੀਸੀ ਜਾਂਦੀ ਹੈ। ਕਹਾਣੀ ਦੀ ਮੁੱਖ ਪਾਤਰ ਵੀਰੋ ਹਾਲਾਤ ਦੀ ਮਾਰੀ ਹੈ, ਟੁੱਟਦੀ ਹੈ, ਉੱਠਦੀ ਅਤੇ ਜੀਊਣ ਦੀ ਕੋਸ਼ਿਸ਼ ਕਰਦੀ ਹੈ ਪਰ ਇਸ ਸਾਰੇ ਸੰਘਰਸ਼ ਵਿੱਚ ਉਸਦੀ ਮਮਤਾ ਪੀਸੀ ਜਾਂਦੀ ਹੈ। ਆਪਣੀ ਵਿਆਹੁਤਾ ਜ਼ਿੰਦਗੀ ਤੋਂ ਨਾਖੁਸ਼ ਇੱਕ ਅਜਿਹੇ ਵਿਅਕਤੀ ਵੱਲ ਝੁਕਦੀ ਹੈ ਜਿਹੜਾ ਬੇਜ਼ਮੀਨਾ ਹੈ ਅਤੇ ਆਪਣੇ ਭਵਿੱਖ ਪ੍ਰਤੀ ਬਹੁਤਾ ਆਸਵੰਦ ਵੀ ਨਹੀਂ। ਆਪਣੇ ਵਿਆਹ ਅਤੇ ਪਤੀ ਤੋਂ ਖੁਸ਼ੀਆਂ ਦੀ ਆਸ ਰੱਖਦੀ ਹੈ ਪਰ ਪਤੀ ਦਾ ਵਿਵਹਾਰ ਉਸਨੂੰ ਬਿਗਾਨੇ ਵੱਲ ਧੱਕ ਦਿੰਦਾ ਹੈ। ਉਹ ਦਲੀਪੇ ਨਾਲ ਘਰੋਂ ਭੱਜ ਕੇ ਆਪਣੀ ਦੁਨੀਆਂ ਤਾਂ ਵਸਾ ਲੈਂਦੀ ਹੈ ਪਰ ਉਸਦੀ ਬੱਚੀ ਦੀ ਜ਼ਿੰਦਗੀ ਇੱਕ ਵੱਖਰੇ ਰਾਹ ਪੈ ਜਾਂਦੀ ਹੈ। ਉਸ ਨਾਲੋਂ ਦੂਰ ਹੋ ਉਹ ਉਸ ਲਈ ਤੜਪਦੀ ਤਰਸਦੀ ਹੈ, ਜਦੋਂ ਉਹ ਉਸ ਨੂੰ ਦੁਬਾਰਾ ਮਿਲਦੀ ਹੈ ਤਾਂ ਉਸ ਨੂੰ ਆਪਣੀ ਮਮਤਾ ਨਾਲ ਭਰ ਦੇਣਾ ਚਾਹੁੰਦੀ ਹੈ ਪਰ ਉਸ ਦਾ ਪੁੱਤਰ ਉਸ ਨੂੰ ਅਪਣਾਉਣ ਤੋਂ ਇਨਕਾਰੀ ਹੈ ਤੇ ਉਹ ਇਸ ਗਮ ਵਿੱਚ ਦੁਨੀਆਂ

ਤੋਂ ਕੂਚ ਕਰ ਜਾਂਦੀ ਹੈ।

ਕਹਾਣੀ **'ਨਸੀਬ'** ਇੱਕ ਪਿਆਰ ਤਿਕੋਣ ਹੈ ਜਿਸ ਵਿੱਚ ਨਾਇਕਾ ਸੱਚੇ ਪਿਆਰ ਅਤੇ ਝੂਠੀ ਚਮਕ ਅਤੇ ਹਵਸ ਦੇ ਰਿਸ਼ਤੇ ਵਿਚਕਾਰ ਫਸੀ ਮਹਿਸੂਸ ਕਰਦੀ ਹੈ ਅਤੇ ਅੰਤ ਸੱਚ ਸਾਹਮਣੇ ਆਉਣ ਤੇ ਖੁਦ ਨੂੰ ਖੁਸ਼ਨਸੀਬ ਸਮਝਦੀ ਹੈ। ਰਸ਼ਮੀ ਲਈ ਇੱਕ ਪਾਸੇ ਵਿਕਾਸ ਦੀ ਚਮਕ ਦਮਕ ਅਤੇ ਉਸ ਵੱਲੋਂ ਪਿਆਰ ਲਈ ਕੀਤੇ ਜਾ ਰਹੇ ਦਾਅਵੇ ਸਨ ਤੇ ਦੂਸਰੇ ਪਾਸੇ ਹਰਿੰਦਰ ਦੀ ਕੀਤੀ ਜਾ ਰਹੀ ਚੁੱਪਚਾਪ ਮੁਹੱਬਤ ਜਿਸ ਵਿੱਚ ਉਹ ਉਸਨੂੰ ਆਪਣੀ ਹਮਸਫ਼ਰ ਦੇ ਰੂਪ ਵਿੱਚ ਵੇਖਦਾ ਹੈ। ਵਿਕਾਸ ਦੇ ਦਾਅਵਿਆ ਦਾ ਸੱਚ ਸਾਹਮਣੇ ਆਉਣ ਤੇ ਉਹ ਪੂਰੀ ਤਰ੍ਹਾਂ ਟੁੱਟ ਜਾਂਦੀ ਹੈ ਤੇ ਉਸਤੋਂ ਕਿਨਾਰਾ ਕਰਦੀ ਹੈ। ਹਰਿੰਦਰ ਉਸ ਨੂੰ ਆਪਣੀ ਜੀਵਨ ਸਾਥਣ ਵਜੋਂ ਅਪਣਾਉਂਦਾ ਹੈ ਤਾਂ ਰਸ਼ਮੀ ਨੂੰ ਜਾਪਦਾ ਹੈ ਕਿ ਜਿਵੇਂ ਉਹ ਆਪਣੇ ਨਸੀਬ ਤੇ ਰਸ਼ਕ ਕਰ ਰਹੀ ਹੋਵੇ। ਜਦੋਂ ਉਹ ਵਿਕਾਸ ਅਤੇ ਇੱਕ ਹੋਰ ਲੜਕੀ ਦਾ ਕਾਰ ਐਕਸੀਡੈਂਟ ਹੋਇਆ ਵੇਖਦੀ ਹੈ।

ਕਹਾਣੀ **'ਸਜ਼ਾ'** ਡਾਢੇ ਦਾ ਸੱਤੀ ਵੀਹੀ ਸੌ ਅਤੇ ਸਰਕਾਰੀ ਤੰਤਰ ਨੂੰ ਬੇਨਕਾਬ ਕਰਦੀ ਕਹਾਣੀ ਹੈ, ਜਿਸ ਵਿੱਚ ਮਾੜੇ ਤੇ ਸਭ ਦਾ ਜ਼ੋਰ ਚਲਦਾ ਵਿਖਾਇਆ ਗਿਆ ਹੈ। ਇੱਕ ਵੱਡੇ ਬੰਦੇ ਦੇ ਰਿਸ਼ਤੇਦਾਰ ਨੂੰ ਗ਼ਲਤੀ ਨਾਲ ਹਵਾਲਾਤ ਵਿੱਚ ਬੰਦ ਕਰਨ ਤੇ ਉਪਰ ਤੋਂ ਥੱਲੇ ਤੱਕ ਦੇ ਸਾਰੇ ਮੁਲਾਜ਼ਮਾਂ ਤੇ ਗਾਜ਼ ਡਿੱਗਦੀ ਹੈ ਤਾਂ ਸਭ ਆਪੋ ਆਪਣੀਆਂ ਦਲੀਲਾਂ ਦੇ ਕੇ ਉਸ ਸਜ਼ਾ ਤੋਂ ਬਚ ਨਿਕਲਦੇ ਹਨ ਪਰ ਗਰੀਬ ਹੋਮਗਾਰਡ ਜਵਾਨ ਦਾ ਇਸ ਗ਼ਲਤੀ ਲਈ ਕੋਈ ਅਪੀਲ, ਦਲੀਲ ਸਵੀਕਾਰੀ ਨਹੀਂ ਜਾਂਦੀ। ਉਸ ਨੂੰ ਇਸ ਗ਼ਲਤੀ ਦੀ ਸਜ਼ਾ ਦੇਣ ਲਈ ਬਕਰਾ ਬਣਾ ਲਿਆ ਜਾਂਦਾ ਹੈ।

**'ਸੁਪਨੇ'** ਜਿੱਥੇ ਇਨਸਾਨੀ ਰਿਸ਼ਤਿਆਂ ਤੇ ਉਹਨਾਂ ਦੀਆਂ ਤਰਜੀਹਾਂ ਬਦਲਣ ਦੀ ਕਹਾਣੀ ਹੈ ਉੱਥੇ ਹੀ ਇਹ ਪਰਵਾਸੀ ਜੀਵਨ ਸ਼ੈਲੀ ਵਿੱਚ ਵਿਚਰ ਰਹੇ ਭਾਰਤੀਆਂ ਦੀ ਮਨੋਦਸ਼ਾ ਨੂੰ ਵੀ ਬਿਆਨ ਕਰਦੀ ਹੈ ਜਿਹੜੇ ਕਿ ਆਪਣੇ ਦੇਸ਼ ਵਿੱਚ ਆਪਣੀ ਧੌਂਸ ਤੇ ਆਕੜ ਦਾ ਕਿੱਲਾ ਧੌਣ ਵਿੱਚ ਫਸਾਈ ਰੱਖਦੇ ਹਨ ਪਰ ਆਪਣੇ ਹੀ ਧੀਆਂ ਪੁੱਤਰਾਂ ਹੱਥੋਂ ਬੇਗਾਨੀ ਧਰਤੀ ਤੇ ਜਦੋਂ ਉਹ ਬੇਜ਼ਾਰ ਹੁੰਦੇ ਹਨ ਤੇ ਉਹੀ ਲੋਕ ਉਹਨਾਂ ਦੇ ਸਾਥ ਤੇ ਸਹਾਇਤਾ ਲਈ ਬਹੁੜਦੇ ਹਨ ਜਿਨ੍ਹਾਂ ਨੂੰ ਉਹਨਾਂ ਨੇ ਕਦੇ ਵੀ ਗੌਲਿਆ ਨਹੀਂ ਸੀ ਤਾਂ ਉਹਨਾਂ ਨੂੰ ਇਸ ਤਰ੍ਹਾਂ ਜਾਪਦਾ ਹੈ ਜਿਵੇਂ ਉਹਨਾਂ ਦੇ ਸਾਰੇ ਸੁਪਨੇ ਮਿੱਟੀ ਵਿੱਚ ਮਿਲ ਗਏ ਹੋਣ।

ਕਈ ਵਾਰ ਹਾਲਾਤ ਅਤੇ ਸਥਿਤੀਆਂ ਜਿਹੋ ਜਿਹੀਆਂ ਨਜ਼ਰ ਆਉਂਦੀਆਂ ਹਨ, ਉਹੋ ਜਿਹੀਆਂ ਨਹੀਂ ਹੁੰਦੀਆਂ। ਉਹਨਾਂ ਦੀ ਬੁੱਕਲ ਵਿੱਚ ਕੀ ਕੁਝ ਕਰਵਟ ਲੈ ਰਿਹਾ ਹੁੰਦਾ, ਉਸ ਨੂੰ ਜਾਨਣਾ ਤੇ ਪਛਾਣਨਾ ਹਰ ਇੱਕ ਦੇ ਵਸ ਵਿੱਚ ਨਹੀਂ ਹੁੰਦਾ। ਕਹਾਣੀ **'ਬੁੱਕਲ'** ਦਾ ਵਿਸ਼ਾ ਵੀ ਕੁਝ ਅਜਿਹਾ ਹੀ ਹੈ ਜਿਸ ਵਿੱਚ ਦਿਮਾਗੀ ਤੌਰ ਤੇ ਪਛੜੀ ਸਕੂਲ ਵਿਦਿਆਰਥਣ ਦਾ ਇੱਕ ਅਧਿਆਪਕ ਉਸ ਲਈ ਪਿਤਾ ਤੇ ਅਧਿਆਪਕ ਦਾ ਫ਼ਰਜ਼ ਨਿਭਾਉਂਦਾ ਹੈ। ਭਾਵੇਂ ਸਕੂਲਾਂ ਵਿੱਚ ਚਲਦੀ ਆਪਸੀ ਧੜੇਬੰਦੀ ਅਤੇ ਗਰੁੱਪਾਂ ਦੇ ਕਾਰਨ ਉਸ ਨੂੰ ਆਪਣੇ ਸਾਥੀਆਂ ਦੀਆਂ ਚੋਭਾਂ, ਈਰਖਾ ਦਾ ਸ਼ਿਕਾਰ ਵੀ ਹੋਣਾ ਪੈਂਦਾ ਹੈ ਪਰ ਫਿਰ ਵੀ ਉਹ ਆਪਣੇ ਫ਼ਰਜ਼ ਤੋਂ ਪਿੱਛੇ ਨਹੀਂ ਹਟਦਾ। ਅਨੂੰ ਨਾਲ ਇੱਕ ਪਿਤਾ ਦੀ ਤਰ੍ਹਾਂ ਵਿਚਰਦਿਆਂ ਉਹ ਉਸ ਦੀ ਹਿਫ਼ਾਜ਼ਤ ਕਰਦਾ ਹੈ। ਇਸੇ ਲਈ ਅਨੂੰ ਨੂੰ ਫੇਲ੍ਹ ਕਰਨ ਲਈ ਕਹਿਣ ਤੇ ਉਹ ਸਕੂਲ ਵਿੱਚ ਚਰਚਾ ਦਾ ਵਿਸ਼ਾ ਬਣਦਾ ਹੈ ਪਰ ਸਭ ਤੋਂ ਬੇਪਰਵਾਹ ਉਹ ਆਪਣੇ ਫ਼ੈਸਲੇ ਤੇ ਅੜਿਆ ਰਹਿੰਦਾ ਹੈ ਪਰ ਅਨੂੰ ਦੀ ਮਾਂ ਤਾਰੋ ਤੋਂ ਸੱਚ ਸੁਣ ਸਭ ਦੇ ਮੂੰਹ ਜਿਵੇਂ ਸੀਤੇ ਹੀ ਜਾਂਦੇ ਹਨ। "ਤਾਰੋ ਚੁੰਨੀ ਨਾਲ ਹੰਝੂ ਪੂੰਝਦੀ ਬੋਲੀ, "ਉਹਨਾਂ ਕਿਹਾ ਕਿ ਤਿੰਨ ਸਾਲ ਨੌਵੀਂ ਤੇ ਫਿਰ ਦੋ ਸਾਲ ਦਸਵੀਂ ਵਿੱਚ ਲਵਾ ਦੇਵਾਂਗੇ... ਫਿਰ ਕੋਈ ਲੋੜਵੰਦ ਦੇਖ ਇਸ ਦੇ ਵਿਆਹ ਵਾਲਾ ਕੋਈ ਬਨ ਸੁੱਭ ਕਰਾਂਗੇ...।"

ਆਪਣੀ ਬੁੱਕਲ ਵਿੱਚ ਇੰਨੀ ਹਿਫ਼ਾਜ਼ਤ ਤੇ ਪਿਆਰ ਸਮੋਈ ਬੈਠੇ ਅਧਿਆਪਕ ਦਾ ਅਸਲ ਚਿਹਰਾ ਸਾਹਮਣੇ ਆਉਣ ਤੇ ਸਾਰੇ ਬੜੀ ਸ਼ਰਮਿੰਦਗੀ ਦਾ ਅਹਿਸਾਸ ਮਹਿਸੂਸ ਕਰਦੇ ਹਨ। ਹਰ ਲੇਖਕ ਆਪਣੀ ਰਚਨਾ ਦੇ ਸ਼ਾਹਕਾਰ ਹੋਣ ਦਾ ਸੁਪਨਾ ਦੇਖਦਾ ਹੈ ਤੇ ਬਹੁਤੀ ਵਾਰ ਇਸ ਸੁਪਨੇ ਦੀ ਪੂਰਤੀ ਲਈ ਇੱਕ ਦੌੜ ਸ਼ੁਰੂ ਹੋ ਜਾਂਦੀ ਹੈ ਜਿਸ ਵਿੱਚ ਲੇਖਕ ਦਾ ਅਸਲ ਆਪਾ ਕਿਧਰੇ ਖੋ ਜਾਂਦਾ ਹੈ ਹਰ ਕਲਾ ਦੇ ਵਿਕਸਿਤ ਹੋਣ ਲਈ ਕਲਾ ਸਾਧਨਾ ਦੀ ਜ਼ਰੂਰਤ ਹੁੰਦੀ ਹੈ ਨਾ ਕਿ ਸਿਰਫ ਫ਼ੋਕੀ ਭੱਜ ਦੌੜ ਦੀ। **'ਮੁਗਲ-ਏ-ਆਜ਼ਮ'** ਕਹਾਣੀ ਵਿੱਚ ਵੀ ਕੁਝ ਅਜਿਹਾ ਹੀ ਵਾਪਰਦਾ ਹੈ, ਜਿੱਥੇ ਲੇਖਕ ਆਪਣੀ ਰਚਨਾ ਨੂੰ ਸ਼ਾਹਕਾਰ ਬਣਾਉਣ ਲਈ ਫ਼ੋਕੀ ਭੱਜ ਦੌੜ ਵਿੱਚ ਸ਼ਾਮਿਲ ਹੁੰਦਾ ਹੈ ਪਰ ਅੰਤ ਉਹ ਇਹ ਸਬਕ ਸਿਖ ਜਾਂਦਾ ਹੈ ਕਿ ਕਥਾ ਸਿਰਜਣਾ ਲਈ ਸਾਧਨਾ ਜ਼ਰੂਰੀ ਹੈ।

'ਓਪਰੀ ਹਵਾ', 'ਟਿਕ ਟਿਕ ਟਿਕ' ਅਤੇ 'ਬੌਣੇ ਰਿਸ਼ਤੇ' ਕਹਾਣੀਆਂ ਰਿਸ਼ਤਿਆਂ ਵਿੱਚ ਆਏ ਨਿਘਾਰ ਦਾ ਸੱਚ ਪੇਸ਼ ਕਰਦੀਆਂ ਨਜ਼ਰ ਆਉਂਦੀਆਂ ਹਨ। **'ਓਪਰੀ ਹਵਾ'** ਵਿੱਚ ਆਪਣੇ ਦੇਸ਼ ਤੋਂ ਦੂਰ ਵਿਚਰਦਿਆਂ ਘੁੱਟਣ ਮਹਿਸੂਸ ਕਰਦੇ ਮਾਪੇ ਆਪਣੇ ਪੁੱਤ ਦਾ ਘਰ, ਬਿਗਾਨੇ ਦੇਸ਼ ਦੀਆਂ ਸੁੱਖ ਸੁਵਿਧਾਵਾਂ ਤਿਆਗ ਆਪਣੇ ਦੇਸ਼ ਤੇ ਆਪਣੀਆਂ ਜੜ੍ਹਾ ਵੱਲ ਪਰਤਦੇ ਹਨ ਅਤੇ ਆਪਣੀ ਹਵਾ ਵਿੱਚ ਸਾਹ ਲੈਂਦੇ ਸਕੂਨ ਮਹਿਸੂਸ ਕਰਦੇ ਹਨ। **'ਟਿਕ ਟਿਕ ਟਿਕ'** ਕਹਾਣੀ ਮਾਨਸਿਕ ਦਵੰਧ ਦਾ ਸ਼ਿਕਾਰ ਬੰਦੇ ਦੀ ਕਹਾਣੀ ਹੈ ਜਿਹੜਾ ਆਪਣੇ ਮਨ ਦੇ ਬੋਝ ਨਾਲ ਆਪਣੇ ਆਪੇ ਹੱਥੋਂ ਹੀ ਮਰ ਜਾਂਦਾ ਹੈ। ਕਹਾਣੀ ਉੱਤਮ ਪੁਰਖੀ ਬਿਰਤਾਂਤ ਵਿੱਚ ਹੈ ਜਿਸ ਵਿਚਲਾ ਮੈਂ ਪਾਤਰ ਆਪਣੇ ਭਰਾ ਦੀਆਂ ਵਧੀਕੀਆਂ ਹੱਥੋਂ ਤੰਗ ਆ ਉਸ ਨੂੰ ਕਤਲ ਤਾਂ ਕਰ ਦਿੰਦਾ ਹੈ ਪਰ ਇਸ ਗੁਨਾਹ ਦਾ ਅਹਿਸਾਸ ਉਸ ਨੂੰ ਹਰ ਘੜੀ ਹਰ ਪਲ ਇਸ ਕਦਰ ਤੜਪਾਉਂਦਾ ਰਹਿੰਦਾ ਹੈ ਕਿ ਉਹ ਉਸ ਦੇ ਬੋਝ ਨਾਲ ਮਰ ਜਾਂਦਾ ਹੈ। ਕਹਾਣੀ ਚੇਤਨ ਮਨ ਜਿੱਥੇ ਆਪਣੇ ਭਰਾ ਦੇ ਕਤਲ ਨੂੰ ਸਹੀ ਠਹਿਰਾਉਣ ਦੀ ਕੋਸ਼ਿਸ਼ ਕਰਦਾ ਹੈ ਉੱਥੇ ਅਚੇਤਨ ਇਸ ਨੂੰ ਗੁਨਾਹ ਮੰਨਦਾ ਹੈ ਜਿਸ ਕਾਰਨ ਦਵੰਦ ਵਿੱਚ ਫਸਿਆ ਮੈਂ ਪਾਤਰ ਖੁਦਕਸ਼ੀ ਕਰ ਜਾਂਦਾ ਹੈ। ਕਹਾਣੀ ਦਾ ਨਿਭਾਅ ਬਹੁਤ ਕਮਾਲ ਹੈ।

ਰਿਸ਼ਤਿਆਂ ਵਿੱਚ ਸਵਾਰਥ ਇਸ ਕਦਰ ਭਾਰੂ ਹੋ ਜਾਂਦਾ ਹੈ ਕਿ ਫਿਰ ਉਹਨਾਂ ਅੱਗੇ ਰਿਸ਼ਤੇ ਦੀ ਅਹਿਮੀਅਤ ਖ਼ਤਮ ਹੋਣ ਦੇ ਕਿਨਾਰੇ ਪਹੁੰਚ ਜਾਂਦੀ ਹੈ। ਇਸ ਸੰਗ੍ਰਹਿ ਦੀ ਕਹਾਣੀ **'ਬੌਣੇ ਰਿਸ਼ਤੇ'** ਵੀ ਅਜਿਹੀ ਹੀ ਹੈ ਜਿਸ ਵਿੱਚ ਮੈਂ ਪਾਤਰ ਪਹਿਲਾਂ ਆਪਣੇ ਬਾਪ ਦੇ ਨਾਲ ਆਪਣੇ ਰਿਸ਼ਤੇ ਦੇ ਵਿੱਚ ਸਕੂਨ ਭਾਲਦਾ ਹੈ ਪਰ ਉਸਦੇ ਪਿਤਾ ਦੇ ਦੂਜੇ ਵਿਆਹ ਤੋਂ ਬਾਅਦ ਉਸ ਦੀ ਇਹ ਖਾਹਿਸ਼ ਵੀ ਖਤਮ ਹੋ ਜਾਂਦੀ ਹੈ ਤੇ ਫਿਰ ਵਿਆਹ ਤੋਂ ਬਾਅਦ ਆਪਣੀ ਪਤਨੀ ਹਰਵਿੰਦਰ ਦੇ ਨਾਲ ਰਹਿੰਦਿਆਂ ਉਸ ਦੀਆਂ ਖ਼ਾਹਿਸਾਂ ਅਤੇ ਉਸ ਦੇ ਆਪਣੀ ਭੂਆ ਦੇ ਪੁੱਤ ਜਗਪਾਲ ਨਾਲ ਰਿਸ਼ਤੇ ਦਾ ਸੱਚ ਸਮਝ ਆਉਣ ਤੇ ਉਸ ਦਾ ਰਿਸ਼ਤਿਆਂ ਤੋਂ ਵਿਸ਼ਵਾਸ਼ ਉੱਠ ਜਾਂਦਾ ਹੈ। ਆਪਣੇ ਆਪ ਨੂੰ ਖਤਮ ਕਰਦਿਆਂ (ਮਾਨਸਿਕ ਤੌਰ ਤੇ) ਉਹ ਆਪਣੀ ਪਤਨੀ ਨੂੰ ਵੀ ਮਾਰ ਮੁਕਾਉਣ ਬਾਰੇ ਸੋਚਦਾ ਹੈ ਤੇ ਉਸ ਨੂੰ ਮਾਰਨ ਪਹੁੰਚਦਿਆਂ ਜਦੋਂ ਉਹ ਆਪਣੇ ਬੱਚੇ ਨੂੰ ਉਸ ਨਾਲ ਤੁਰੇ ਆਉਂਦਾ ਦੇਖਦਾ ਹੈ ਤਾਂ ਉਸਦਾ ਸਾਰਾ ਬਚਪਨ ਉਸ ਦੇ ਅੱਖਾਂ ਮੂਹਰੇ ਆ ਜਾਂਦਾ ਹੈ। ਆਪਣੇ ਫੈਸਲੇ ਨੂੰ ਵਾਪਸ ਲੈਂਦਿਆਂ ਉਹ ਵੀ ਆਪਣੇ ਜੀਵਨ ਦੀ ਮੁੜ ਸ਼ੁਰੂਆਤ ਕਰਨ ਬਾਰੇ ਸੋਚਦਾ ਹੈ ਤੇ ਸਵਾਤੀ ਜੋ ਕਿ ਉਸ ਦੇ ਨਾਲ ਖੜਨ ਲਈ ਤਿਆਰ ਹੁੰਦੀ ਹੈ ਨਾਲ ਅੱਗੇ ਵਧਣ ਬਾਰੇ ਸੋਚਦਾ ਹੈ। ਉਹਦੀ ਕਹਾਣੀ ਦੀ ਸੁਰ ਆਸ਼ਾਵਾਦੀ ਹੈ। ਕਈ ਕਹਾਣੀਆਂ ਵਿੱਚ ਉਹ ਮੌਕਾ ਮੇਲ ਅਤੇ ਇੱਛਿਤ ਯਥਾਰਥ ਨੂੰ ਸ਼ਿਕਾਰ ਵੀ ਹੋ ਜਾਂਦਾ ਹੈ। ਕਹਾਣੀ ਵਿੱਚ ਪਾਤਰਾਂ ਨੂੰ ਉਹ ਬੜੀ ਬਰੀਕੀ ਨਾਲ ਚਿੱਤਰ ਜਾਂਦਾ ਹੈ। ਕਹਾਣੀਆਂ ਦੀ ਬਣਤਰ ਸਰਲ ਅਤੇ ਸਿੱਧੀ ਹੈ। **(ਸੰਪਾਰਕ 97797-18007)**

# ਕਹਾਣੀ ਦੀ ਵਰਤਮਾਨ ਦਸ਼ਾ ਤੇ ਦਿਸ਼ਾ ਦੀ ਤਰਜ਼ਮਾਨੀ ਕਰਦੀਆਂ

**(ਸੰਦਰਭ 'ਕਹਾਣੀ ਧਾਰਾ -66' ਦੀਆਂ ਕਹਾਣੀਆਂ)**


## ਨਿਰੰਜਣ ਬੋਹਾ

ਮੈਨੂੰ ਪਤਾ ਏ 'ਕਹਾਣੀ ਧਾਰਾ' ਦੇ ਪਾਠਕਾਂ ਦੀ ਉਤਸੁਕਤਾ ਇਸ ਅੰਕ ਵਿਚ ਛਪ ਰਹੇ ਮੈਟਰ ਪ੍ਰਤੀ ਵੱਧ ਰਹੀ ਏ ... ਲਓ ਤੁਹਾਨੂੰ ਦੱਸ ਵੀ ਦਿੰਦੇ ਹਾਂ। ਇਸ ਵਾਰ ਸੰਪਾਦਕੀ ਛਾਨਣਾ ਵੱਧ ਲਾਇਆ ਏ.. ਬਰੀਕ, ਹਲਕਾ ਤੇ ਕੰਮਜੋਰ ਮੈਟਰ ਛਣ ਕੇ ਕਿਰ ਗਿਆ ਏ ... ਹਾਜਰ ਏ ਤੁਹਾਡੇ ਲਈ ਨਿੱਗਰ ਮੈਟਰ... ਜਿਸ ਨੂੰ ਪੜ੍ਹ ਕੇ ਤੁਸੀਂ ਨਿਰਾਸ਼ ਨਹੀਂ ਹੋਵੇਗੇ...।

'ਕਹਾਣੀ ਧਾਰਾ' ਜੁਲਾਈ -ਸੰਤਬਰ 2022 ਵਿਚ ਸ਼ਾਮਿਲ ਕਹਾਣੀਆਂ ਬਾਰੇ ਚਰਚਾ ਕਰਨ ਤੋਂ ਪਹਿਲਾਂ ਇਸ ਪਰਚੇ ਦੇ ਸੰਪਾਦਕ ਭਗਵੰਤ ਰਸੂਲਪੁਰੀ ਵੱਲੋਂ ਇਸ ਅੰਕ ਬਾਰੇ ਆਪਣੀ ਫੇਸਬੁੱਕ 'ਤੇ ਪਾਈ ਟਿੱਪਣੀ ਦੀ ਚਰਚਾ ਕਰਨਾ ਮੈਨੂੰ ਇਸ ਲਈ ਜ਼ਰੂਰੀ ਲੱਗਿਆ ਕਿ ਇਸ ਵਿੱਚੋਂ ਝਲਕਦਾ ਸਵੈ - ਵਿਸ਼ਵਾਸ ਪੰਜਾਬੀ ਕਹਾਣੀ ਦਾ ਬਹੁਤ ਕੁਝ ਸੁਆਰਣ ਵਾਲਾ ਹੈ ਕਿਸੇ ਕਹਾਣੀ ਦੇ ਪਰਚੇ ਵਿਚ ਛਪਣ ਵਾਲੇ ਮੈਟਰ ਬਾਰੇ ਪਾਠਕਾਂ ਵਿਚ ਅਗਾਊ ਜਗਿਆਸਾ ਪੈਦਾ ਹੋਣਾ ਤੇ ਵੱਡੀ ਤਦਾਦ ਵਿਚ ਰਚਨਾਵਾਂ ਦਾ ਪਹੁੰਚਣਾ ਆਪਣੇ ਆਪ ਵਿਚ ਉਸ ਪਰਚੇ ਦੇ ਅਜਿਹੇ ਹਾਸਲ ਹੁੰਦੇ ਹਨ ਜੋ ਵਿਸ਼ਵ ਪੱਧਰ 'ਤੇ ਬਣੀ ਪੰਜਾਬੀ ਕਹਾਣੀ ਦੀ ਪਛਾਣ ਦੇ ਰੰਗਾਂ ਨੂੰ ਹੋਰ ਵੀ ਗੂੜ੍ਹਾ ਕਰ ਸਕਦੇ ਹਨ। ਜੇ ਪੰਜਾਬੀ ਕਹਾਣੀ ਨਾਲ ਸਬੰਧਤ ਕਿਸੇ ਪਰਚੇ ਲਈ ਰਚਨਾਵਾਂ ਉਸਦੀ ਲੋੜ ਨਾਲੋਂ ਵੱਧ ਤਦਾਦ ਵਿਚ ਪਹੁੰਚਦੀਆਂ ਹਨ ਤਾਂ ਉਸਦਾ ਸੰਪਾਦਕ ਆਪਣੇ ਸੰਪਾਦਕੀ ਛਾਨਣੇ ਦੀ ਖੁੱਲ੍ਹ ਕੇ ਵਰਤੋਂ ਕਰਦਿਆਂ ਪੰਜਾਬੀ ਕਹਾਣੀ ਦੇ ਮਿਆਰ ਨੂੰ ਵੀ ਹੋਰ ਉੱਪਰ ਚੁੱਕ ਸਕਦਾ ਹੈ। ਸੰਪਾਦਕ ਨੂੰ ਆਪਣੇ ਪਾਠਕਾਂ ਤੱਕ ਨਿੱਗਰ ਮੈਟਰ ਪਹੁੰਚਾਉਣ ਦੀ ਸਤੁੰਸ਼ਟੀ ਮਿਲਣਾ ਵੀ ਪੰਜਾਬੀ ਕਹਾਣੀ ਦੇ ਬਿਹਤਰ ਭਵਿੱਖ ਦੀ ਅਹਿਮ ਨਿਸ਼ਾਨੀ ਹੈ। ਜਦੋਂ ਅਸੀਂ ਰਸੂਲਪੁਰੀ ਦੀ ਉਕਤ ਟਿੱਪਣੀ ਨੂੰ ਆਪਣੇ ਮਨ-ਮਸਤਕ ਵਿਚ ਰੱਖ ਕੇ ਇਸ ਅੰਕ ਵਿਚ ਸ਼ਾਮਿਲ ਕਹਾਣੀਆਂ ਦਾ ਪਾਠ ਕਰਦੇ ਹਾਂ ਤਾਂ ਉਸ ਵੱਲੋਂ ਪ੍ਰਗਟਾਈ ਸਤੁੰਸ਼ਟੀ ਇੱਕ ਵਿਸ਼ਵਾਸ ਕਰਨ ਯੋਗ ਦਾਅਵੇ ਦਾ ਰੂਪ ਧਾਰਨ ਕਰ ਲੈਂਦੀ ਹੈ।

ਇਸ ਅੰਕ ਵਿਚ ਕੁਲ ਛੇ ਕਹਾਣੀਆਂ ਸ਼ਾਮਿਲ ਹਨ। ਇਹਨਾਂ ਵਿੱਚੋ ਚਾਰ ਕਹਾਣੀਆਂ ਅਨੁਕੂਲ ਜਾਂ ਪ੍ਰਤੀਕੂਲ ਸਥਿਤੀਆਂ ਅਨੁਸਾਰ ਭਾਰਤੀ ਔਰਤ ਦੇ ਮਨ ਵਿਚ ਆਉਂਦੇ ਉਤਰਾਵਾਂ ਚੜ੍ਹਾਵਾਂ ਜਾਂ ਸਮੇਂ ਅਨੁਸਾਰ ਬਦਲਦੀ ਉਹਨਾਂ ਦੀ ਮਨੋ ਦਸ਼ਾ ਦਾ ਵਿਸ਼ਲੇਸ਼ਣ ਆਪਣੇ ਵਿਸ਼ੇਸ਼ ਵਿਚਾਰਧਾਰਕ ਨਜ਼ਰੀਏ ਅਨੁਸਾਰ ਕਰਦੀਆਂ ਹਨ। ਜੇ ਅਸੀਂ ਪਿੱਛਲੇ ਦੋ ਤਿੰਨ ਦਹਾਕਿਆਂ ਦੀ ਸਮੁੱਚੀ ਪੰਜਾਬੀ ਕਹਾਣੀ 'ਤੇ ਨਜ਼ਰ ਮਾਰੀਏ ਤਾਂ ਵੀ ਇਹੀ ਤੱਥ ਉੱਭਰ ਕੇ ਸਾਹਮਣੇ ਆਉਂਦਾ ਹੈ ਨਾਰੀ ਮਨ ਦੀ ਸੰਵੇਦਨਾਂ ਤੇ ਸੰਘਰਸ਼ੀ ਸਮਰੱਥਾ ਦੀ ਥਾਹ ਪਾਉਣ ਦੀ ਚੁਣੌਤੀ ਨੂੰ ਪੰਜਾਬੀ ਕਹਾਣੀਕਾਰਾਂ ਨੇ ਬਹੁਤ ਗੰਭੀਰਤਾ ਨਾਲ ਕਬੂਲ ਕੀਤਾ ਹੈ। ਭਾਵੇਂ ਇਸ ਅੰਕ ਵਿਚਲੀ ਇੱਕ ਕਹਾਣੀ ਕਹਾਣੀ ਜਮਾਤੀ ਦ੍ਰਿਸ਼ਟੀਕੋਨ ਤੋਂ ਕਿਰਤੀ ਹੱਥਾਂ ਨੂੰ ਮਜਬੂਤ ਕਰਨਾ ਲੋਚਦੀ ਤੇ ਇਕ ਹੋਰ ਕਹਾਣੀ ਮਨੁੱਖੀ ਮਨ ਵਿਚ ਪੈਦਾ ਹੋਣ ਵਾਲੇ ਹੀਣਤਾ ਤੇ ਉਦਾਸੀ ਦੇ ਭਾਵਾਂ ਦੇ ਵਿਗਿਆਨਕ ਕਾਰਨਾਂ ਨੂੰ ਤਲਾਸ਼ਦੀ ਹੈ ਫਿਰ ਵੀ ਇਹ ਅੰਕ ਨਾਰੀ ਮਨ ਦੀਆਂ ਕਹਾਣੀਆਂ ਦੇ ਵਿਸ਼ੇਸ਼ ਅੰਕ ਵਜੋਂ ਹੀ ਆਪਣੀ ਪਛਾਣ ਬਨਾਉਣ ਵੱਲ ਸੇਧਿਤ ਵਿਖਾਈ ਦਿੰਦਾ ਹੈ।

ਸੰਗ੍ਰਹਿ ਵਿਚ ਸ਼ਾਮਿਲ ਪ੍ਰਬੁੱਧ ਕਹਾਣੀਕਾਰਾ ਸਰਘੀ ਦੀ ਕਹਾਣੀ **'ਆਫਟਰ ਫੋਰਟੀ'** ਵਿਚਲੀਆਂ ਚਾਲੀ ਸਾਲ ਦੀ ਉਮਰ ਦਾ ਹਿੰਦਸਾ ਪਾਰ ਕਰ ਚੁੱਕੀਆਂ 'ਤਿੰਨ ਸਹੇਲੀਆਂ' ਰੌਸ਼ਨੀ, ਕਿਰਨ ਤੇ ਦੀਪ ਆਪਣੇ ਗ੍ਰਹਿਸਥੀ ਜੀਵਨ ਤੋਂ ਅਸਤੁੰਸ਼ਟ ਹੋਣ ਕਾਰਨ ਆਪਣੇ ਮਾਨਸਿਕ ਖਲਾਅ ਨੂੰ ਭਰਨ ਲਈ ਆਪਣੇ ਆਪਣੇ ਪੱਧਰ ਤੇ ਯਤਨ ਕਰ ਰਹੀਆਂ ਹਨ। ਤਿੰਨੇ ਆਪਣੇ ਪਤੀਆਂ ਦੇ ਪਿਆਰ ਦੀ ਸਮੁੱਚਤਾ ਨੂੰ ਮਾਨਣਾ ਚਾਹੁੰਦੀਆਂ ਹਨ ਪਰ ਉਨ੍ਹਾਂ ਨੂੰ ਮਿਲ ਰਿਹਾ ਆਧੂਰਾ ਤੇ ਫਰੇਬੀ ਪਿਆਰ ਉਨ੍ਹਾਂ ਨੂੰ ਮਾਨਸਿਕ ਰੂਪ ਵਿਚ ਬੇ-ਚੈਨ ਹੀ ਰੱਖਦਾ ਹੈ। ਜਦੋਂ ਕਿਰਨ ਵਿਆਹ ਸੰਸਥਾਂ ਤੋ ਬਾਹਰੀ ਵਰਜਿਤ ਰਿਸ਼ਤਿਆਂ ਵਿੱਚੋਂ ਆਪਣੇ ਲਈ ਮਾਨਸਿਕ ਰਾਹਤ ਲੱਭਦੀ ਹੈ ਤਾਂ ਉਸਦਾ ਸਹਿਪਾਠੀ ਰਿਹਾ ਰਵੀ ਪਿਆਰ ਦੇ ਅਰਥਾਂ ਨੂੰ ਤਨ ਮਨ ਤੇ ਰੂਹ ਦੇ ਸੁਮੇਲ ਵਜੋਂ ਪਰਿਭਾਸ਼ਤ ਕਰਦਿਆਂ ਉਸਨੂੰ ਨਵੇਂ ਤਰ੍ਹਾਂ ਦੀ ਜੀਵਨ ਜਾਂਚ ਨਾਲ ਜੋੜ ਦਿੰਦਾ ਹੈ।




ਕਹਾਣੀ ਦੀ ਸ਼ਕਤੀਸ਼ਾਲੀ ਪਾਤਰ ਰੋਸ਼ਨੀ ਕਿਸੇ ਹੋਰ ਔਰਤ ਦੇ ਪਿਆਰ ਵਿਚ ਗੁਆਚੇ ਪਤੀ ਨੂੰ ਤਲਾਕ ਦੇ ਕੇ ਆਪਣੀ ਰਹਿੰਦੀ ਜ਼ਿੰਦਗੀ ਨੂੰ ਆਪਣੇ ਹੀ ਢੰਗ ਨਾਲ ਜਿਉਣ ਦਾ ਰਾਹ ਚੁਣਦੀ ਹੈ ਤਾਂ ਉਸ ਦੀ ਸਹੇਲੀ ਦੀਪ ਵੀ ਔਰਤ ਨੂੰ ਕੇਵਲ ਵਰਤੇ ਜਾਣ ਵਾਲੀ ਵਸਤੂ ਸਮਝਣ ਵਾਲੇ ਨਿਖੱਟੂ ਪਤੀ ਤੋਂ ਵੱਖ ਰਹਿਣ ਦਾ ਫੈਸਲਾ ਲੈ ਲੈਂਦੀ ਹੈ। ਭਾਵੇਂ ਉਨ੍ਹਾਂ ਦਾ ਪੁੱਤਰ ਅਗਮ ਉਨ੍ਹਾਂ ਦੇ ਰਿਸ਼ਤੇ ਵਿਚਲੀ ਮਜਬੂਤ ਕੜੀ ਹੈ ਪਰ ਉਹ ਆਪਣੇ ਨਾਲ ਹੋਣ ਵਾਲੀ ਹਰ ਜਿਆਦਤੀ ਦਾ ਮੋੜਵਾਂ ਜਵਾਬ ਦੇਣ ਲਈ ਆਪਣੇ ਆਪ ਨੂੰ ਮਾਨਸਿਕ ਤੌਰ 'ਤੇ ਪੂਰੀ ਤਰ੍ਹਾਂ ਤਿਆਰ ਕਰ ਚੁੱਕੀ ਹੈ ਉਹ ਆਪਣੇ ਅੰਦਰ ਆਏ ਬਦਲਾਓ ਦੀ ਸੂਚਨਾ ਆਪਣੇ ਪਤੀ ਦੀ ਮਾਨਸਿਕਤਾ ਵਿਚ ਵੀ ਅੰਕਿਤ ਕਰਾਉਣਾ ਚਾਹੁੰਦੀ ਹੈ , ਇਸ ਲਈ ਉਹ ਚਿਤਾਵਨੀ ਵਰਗੇ ਸ਼ਬਦਾਂ ਵਿਚ ਸਪਸ਼ਟ ਆਖਦੀ ਹੈ। ਯੈੱਸ ਮਿਸਟਰ ਰਜਿੰਦਰ ਸਿੰਘ ਭੋਗਲ, ਇਸ ਉਮਰ 'ਚ ਆ ਕੇ ਔਰਤ ਕੋਂਫੀਡੈਂਟ ਹੋ ਜਾਂਦੀ ਹੈ ...ਮੇਰੇ ਵਾਗਰਾਂ ...ਤੇ ਬੰਦਾ ਇਨਸੁਕਾਇਰ ਹੋ ਜਾਂਦਾ ਹੈ ਤੇਰੇ ਵਾਂਗਰਾਂ। ਇਸ ਤਰ੍ਹਾਂ ਕਹਾਣੀ ਨਾਰੀ ਮਨ ਦੀਆਂ ਦਮਿਤ ਇਛਾਵਾਂ ਦਾ ਵਰਨਣ ਕਰਦਿਆਂ ਵੀ ਇਸ ਤੱਥ ਦੀ ਨਿਸ਼ਾਨਦੇਹੀ ਕਰ ਜਾਂਦੀ ਹੈ ਪੜ੍ਹੀ ਲਿਖੀ ਔਰਤ ਹੁਣ ਆਪਣੇ ਮਨੁੱਖੀ ਹੱਕਾਂ ਪ੍ਰਤੀ ਐਨੀ ਜਾਗਰੂਕ ਹੋ ਚੁੱਕੀ ਹੈ ਕਿ ਉਸਨੂੰ ਸਮਾਜਿਕ ਮਰਿਆਦਾ ਦੇ ਨਾਂ 'ਤੇ ਹੋਰ ਦਬਾਇਆ ਨਹੀਂ ਜਾ ਸਕੇਗਾ।

ਇਹ ਸੰਜੋਗ ਹੀ ਹੈ ਕਿ ਸਰਬਜੀਤ ਕੌਰ ਸੋਹਲ ਦੀ ਕਹਾਣੀ **'ਇਹਨਾਂ ਪਲਾਂ ਨੂੰ ਮੈਂ ਮਾਣ ਨਾ ਲਵਾਂ'** ਦਾ ਵਿਸ਼ਾ ਸਰਘੀ ਦੀ ਕਹਾਣੀ ਨਾਲ ਕਾਫੀ ਮੇਲ ਖਾਂਦਾ ਹੈ ਤੇ ਇਸ ਵਿਚਲੀਆਂ ਚਾਰ

ਸਹੇਲੀਆਂ ਵੀ ਆਪਣੇ ਆਪਣੇ ਪਤੀਆਂ ਦੇ ਸਾਬਤ ਸਬੂਤੇ ਪਿਆਰ ਲਈ ਛਟਪਟਾ ਰਹੀਆਂ ਹਨ। ਕਹਾਣੀ ਦੀਆਂ ਸੰਗਠਨਾਤਮਕ ਤੇ ਕਲਾਤਮਿਕ ਜੁਗਤਾਂ ਸਰਘੀ ਦੀ ਕਹਾਣੀ ਤੋਂ ਬਹੁਤ ਵੱਖਰੀਆਂ ਹਨ ਸਰਘੀ ਦੀ ਕਹਾਣੀ ਵਿਚਲੀਆਂ ਤਿੰਨੇ ਔਰਤਾਂ ਆਪਣੇ ਵਲਵਲਿਆਂ ਦੀ ਸੰਵੇਦਨਾਤਕ ਭਾਸ਼ਾ ਆਪ ਸਿਰਜਦੀਆਂ ਹਨ ਪਰ ਸੋਹਲ ਦੀ ਕਹਾਣੀ ਵਿਚਲੀ 'ਮੈਂ' ਰੂਪੀ ਬਿਰਤਾਂਤਕਾਰ ਆਪਣੀਆਂ ਸਹੇਲੀਆਂ ਅੰਦਰਲੇ ਮਾਨਸਿਕ ਕੁਹਰਾਮ ਦਾ ਬਿਰਤਾਂਤ ਵੀ ਆਪਣੇ ਮਾਨਸਿਕ ਕੁਹਰਾਮ ਦੇ ਨਾਲ ਮਿਲਾ ਕੇ ਹੀ ਪੇਸ਼ ਕਰਦੀ ਹੈ। ਇਹ ਪਾਤਰ ਦੇ ਅੰਦਰ ਬਚਪਨ ਤੋਂ ਹੀ ਇਹ ਮਾਨਸਿਕ ਕੁੰਠਾਂ ਪਈ ਹੈ ਕਿ ਪਿੱਤਰੀ ਸੱਤਾ ਕੇਵਲ ਔਰਤ ਨੂੰ ਹੀ ਸਮਾਜਿਕ ਮਰਿਆਦਾ ਵਿਚ ਰਹਿਣ ਦਾ ਪਾਠ ਪੜ੍ਹਾਉਂਦੀ ਹੈ ਤੇ ਮਰਦ ਨੂੰ ਹਰ ਤਰ੍ਹਾਂ ਦੀਆਂ ਖੁਲ੍ਹਾਂ ਦਿੰਦੀ ਹੈ। ਘਰ ਦੀ ਚਾਰ ਦੀਵਾਰੀ ਦੀ ਕੈਦ ਤੋਂ ਮੁਕਤ ਹੋ ਕੇ ਅਜ਼ਾਦ ਫਿਜ਼ਾ ਵਿੱਚ ਜਿਉਣ ਵਿਚ ਵਿਸ਼ਵਾਸ ਰੱਖਦੀਆਂ ਉਸਦੀਆਂ ਨਵੀਆਂ ਬਣੀਆਂ ਸਹੇਲੀਆਂ ਜਸਨੀਤ, ਨੂਰ ਤੇ ਮਨਦੀਪ ਉਸਨੂੰ ਲਗਾਤਾਰ ਆਪਣੇ ਵਰਗੀ ਜ਼ਿੰਦਗੀ ਜਿਉਣ ਲਈ ਪ੍ਰੇਰਿਤ ਕਰਦੀਆਂ ਹਨ ਤਾਂ ਉਸ ਅੰਦਰ ਦੱਬੀਆਂ ਪਈਆਂ ਪਿੱਤਰੀ ਸੱਤਾ ਵਿਰੁਧ ਪ੍ਰਤੀਕਿਰਿਆਵਾਂ ਵੀ ਜਾਗ ਪੈਂਦੀਆਂ ਹਨ।

ਜਦੋਂ ਇਸ ਪਾਤਰ ਨੂੰ ਪਰ ਪੁਰਸ਼ ਬਲਰਾਜ ਨਾਲ ਇੱਕਲਤਾ ਵਿੱਚ ਸਮਾਂ ਬਿਤਾਉਣ ਦਾ ਮੌਕਾ ਮਿਲਦਾ ਹੈ ਤਾਂ ਉਸ ਅੰਦਰਲੀ ਪਿੱਤਰੀ ਸੱਤਾ ਵਿਰੋਧੀ ਪ੍ਰਤੀਕਿਰਿਆ ਉਸਨੂੰ ਸਮਾਜਿਕ ਮਰਿਆਦਾ ਦੇ ਜਾਬਤੇ ਨੂੰ ਤੋੜ ਕੇ ਵਰਜਿਤ ਪਲਾਂ ਨੂੰ ਮਾਣ ਲੈਣ ਲਈ ਉਕਸਾਉਂਦੀ ਹੈ ਪਰ ਕਹਾਣੀ ਦਾ ਅੰਤ ਖੁੱਲ੍ਹਾ ਛੱਡ ਕੇ ਕਹਾਣੀਕਾਰਾਂ ਨੇ ਇਸ ਬਾਰੇ ਸੋਚਣ ਦਾ ਕੰਮ ਪਾਠਕਾਂ ਦੀ ਬੁੱਧੀ ਵਿਵੇਕ ਤੇ ਛੱਡ ਦਿੱਤਾ ਹੈ। ਭਾਵੇਂ ਮਰਦ ਪ੍ਰਧਾਨ ਸਮਾਜ ਦੀਆਂ ਜਿਆਦਤੀਆਂ ਵਿਰੁੱਧ ਅਜਿਹੀ ਪ੍ਰਤੀਕਿਰਿਆ ਕਿਸੇ ਵੀ ਔਰਤ ਵਿਚ ਪੈਦਾ ਹੋ ਸਕਦੀ ਹੈ ਪਰ ਜੇ ਕਹਾਣੀ ਵਿਚ ਮਰਦ ਸੱਤਾ ਦੀਆਂ ਜਿਆਦਤੀਆਂ ਨੂੰ ਥੋੜ੍ਹਾ ਹੋਰ ਉਭਾਰਿਆਂ ਜਾਂਦਾ ਤਾਂ ਕਹਾਣੀ ਦੇ ਸਿਰਜਨਾਤਮਕ ਪ੍ਰਭਾਵ ਵਿੱਚ ਹੀ ਹੋਰ ਵਾਧਾ ਹੋ ਸਕਦਾ ਸੀ ਨਾਰੀ ਮਨ ਦੀ ਤਰਲਤਾ ਦਾ ਸਾਜੀਵ ਬਿਰਤਾਂਤ ਪੇਸ਼ ਕਰਨ ਦੇ ਦ੍ਰਿਸ਼ਟੀਕੋਨ ਤੋ ਇਹ ਕਹਾਣੀ ਬਹੁਤ ਹੀ ਸਫਲ ਰਹੀ ਹੈ।

ਰਮਨਦੀਪ ਵਿਰਕ ਦੀ ਕਹਾਣੀ **'ਅੱਪਡੇਟ'** ਦੀ ਪਾਤਰ ਰਿਸ਼ਮ ਅੰਦਰਲੀ ਮਾਨਸਿਕ ਬੇਚੈਨੀ ਦਾ ਕਾਰਨ ਵੀ ਉਸਦਾ ਅਸੰਤੁਲਿਤ ਗ੍ਰਹਿਸਥੀ ਜੀਵਨ ਹੈ ਆਪਣੇ ਪਤੀ ਦਾ ਦੂਸਰੀਆਂ ਔਰਤਾਂ ਵੱਲ ਝੁਕਾਅ ਉਸਦੀ ਮਾਨਸਿਕ ਛਟਪਟਾਹਟ ਵਿੱਚ ਨਿਰੰਤਰ ਵਾਧਾ ਕਰਦਾ ਹੈ ਤਾਂ ਉਹ ਇਹਨਾਂ ਔਰਤਾਂ ਨਾਲ ਲੜਣ ਮਰਨ 'ਤੇ ਉਤਾਰੂ ਹੋ ਜਾਂਦੀ ਹੈ। ਉਹ ਆਪਣੇ ਪਤੀ ਦੇ ਪਿਆਰ 'ਤੇ ਏਕਾ ਅਧਿਕਾਰ ਸਥਾਪਿਤ ਕਰਨ ਲਈ ਆਪਣੇ ਵੱਲੋਂ ਹਰ ਸੰਭਵ ਯਤਨ ਕਰਦੀ ਹੈ। ਸਮਾਜ ਦਾ ਆਮ ਨਜ਼ਰੀਆ ਉਸਨੂੰ ਸਮੇਂ ਦੀ ਤੋਰ ਨਾਲ ਆਪਣੀ ਤੋਰ ਮਿਲਾਉਣ ਤੇ ਬਦਲ ਰਹੇ ਸਮਾਜ ਅਨੁਸਾਰ ਅੱਪਡੇਟ ਹੋਣ ਦੀ ਸਲਾਹ ਦਿੰਦਾ ਹੈ ਤਾਂ ਉਹ ਸਮਾਜ ਨੂੰ ਹੀ ਜੁਆਬਦੇਹ ਬਣਾਉਂਦਿਆਂ ਉਸ ਤੋਂ ਪੁੱਛਦੀ ਹੈ ਕਿ ਵਿਸ਼ਮ ਸਥਿਤੀਆਂ ਦਾ ਸਾਹਮਣਾ ਕਰ ਰਹੀ ਔਰਤ ਬਦਲ ਰਹੇ ਸਮਾਜ ਅਨੁਸਾਰ ਆਪ ਅੱਪਡੇਟ ਹੋਵੇ ਜਾਂ ਆਪਣੀ ਪਿਆਰ ਤ੍ਰਿਪਤੀ ਵਿਚ ਬਾਧਕ ਸਮਾਜਿਕ ਸਥਿਤੀਆਂ ਦੀ ਅਪਡੇਸ਼ਨ ਆਪਣੇ ਅਨੁਸਾਰ ਕਰਨ ਦੇ ਯਤਨ ਜਾਰੀ ਰੱਖੇ। ਕਹਾਣੀ ਦੇ ਅੰਤ 'ਤੇ ਲੱਗਿਆ ਸੁਆਲੀਆ ਚਿੰਨ੍ਹ ਦਾ ਨਿਸ਼ਾਨ ਉਸਦੀ ਦਵੰਦਮਈ ਮਾਨਸਿਕਤਾ ਨੂੰ ਰੂਪਮਾਨ ਕਰਕੇ ਸਮੁੱਚੇ ਔਰਤ ਵਰਗ ਦੀ ਮਾਨਸਿਕਤਾ ਨੂੰ ਰੂਪਮਾਨ ਕਰਦਾ ਪ੍ਰਤੀਤ ਹੁੰਦਾ ਹੈ।

ਅਗਾਜ਼ਬੀਰ ਦੀ ਕਹਾਣੀ **'ਕੁਇਨਜ਼ ਲੈਂਡ'** ਦੇ ਸਿਰਲੇਖ ਦੇ ਅਰਥ ਮੈਨੂੰ ਬਹੁਤ ਵਿਸ਼ਾਲ ਲੱਗੇ

ਹਨ ਔਰਤ ਲਈ ਆਪਣੇ ਵਸੇਬੇ ਵਾਲੀ ਉਹ ਥਾਂ ਹੀ ਕੁਇਨਜ਼ ਲੈਂਡ ਹੈ। ਜਿਹੜੀ ਉਸਨੂੰ ਆਰਥਿਕ ਤੇ ਸਮਾਜਿਕ ਸੁਰੱਖਿਆ ਦੇ ਸਕੇ। ਔਰਤ ਅੰਦਰਲੀ ਸਮਾਜਿਕ ਚੇਤਨਾ ਦਾ ਵਿਕਾਸ ਉਸਦੀਆਂ ਆਰਥਿਕ ਸਥਿਤੀਆਂ ਪ੍ਰਸਥਿਤੀਆਂ 'ਤੇ ਵੀ ਨਿਰਭਰ ਹੁੰਦਾ ਹੈ। ਪੰਜ ਸੇਰ ਚੌਲਾਂ ਬਦਲੇ ਆਪਣੀ ਇੱਜ਼ਤ ਵੇਚਣ ਲਈ ਮਜਬੂਰ ਕਿਸੇ ਬੰਗਾਲਣ ਔਰਤ ਲਈ ਆਪਣੇ ਮਨੁੱਖੀ ਹੱਕਾਂ ਪ੍ਰਤੀ ਜਾਗਰੂਕਤਾ ਦੇ ਅਰਥ ਮੱਧ ਵਰਗੀ ਜਾਂ ਸਾਧਨ ਸੰਪੰਨ ਵਰਗ ਦੀਆਂ ਔਰਤਾਂ ਤੋਂ ਬਹੁਤ ਵੱਖਰੇ ਹੁੰਦੇ ਹਨ। ਬਾਰਾਂ ਸਾਲ ਪਹਿਲਾਂ ਬੰਗਾਲ ਵਿਚ ਆਏ ਹੜ੍ਹਾਂ ਕਾਰਨ ਭੁੱਖਮਰੀ ਤੋਂ ਬਚਣ ਲਈ ਪੰਜਾਬ ਆਈ ਅਨੀਮਾ ਵੱਖ ਵੱਖ ਥਾਵਾਂ ਤੇ ਵਿੱਕਣ ਤੋਂ ਬਾਅਦ, ਜਦੋਂ ਜਿੰਦਰ ਦੇ ਘਰ ਪੱਕਾ ਵਸੇਬਾ ਕਰਦੀ ਹੈ ਤਾਂ ਉਸ ਲਈ ਉਸਦਾ ਘਰ ਹੀ ਕੁਇਨਜ਼ ਲੈਂਡ ਬਣ ਜਾਂਦਾ ਹੈ ਤੇ ਉਹ ਆਪਣਾ ਨਾਂ ਬਦਲ ਕੇ ਰਾਣੀ ਰੱਖ ਲੈਂਦੀ ਹੈ। ਇਸ ਕਹਾਣੀ ਦੇ ਪਾਠ ਦੌਰਾਨ ਮੈਨੂੰ ਇਹ ਕਹਾਣੀ ਨਾਰੀ ਮਨ ਦੀਆਂ ਬਾਕੀ ਤਿੰਨੇ ਕਹਾਣੀਆਂ ਤੋ ਵੱਖਰੀ ਚਰਚਾ ਦੀ ਮੰਗ ਕਰਦੀ ਲੱਗੀ ਹੈ।

ਅਨੀਮਾ ਆਪਣੇ ਸਹੁਰੇ ਪਰਿਵਾਰ ਦਾ ਵਿਸ਼ਵਾਸ ਜਿੱਤ ਕੇ ਜਦੋਂ ਆਪਣੇ ਮਾਪਿਆਂ ਨੂੰ ਮਿਲਣ ਪੱਛਮੀ ਬੰਗਾਲ ਜਾਂਦੀ ਹੈ ਤਾਂ ਆਪਣੀ ਪਹਿਲਾਂ ਨਾਲੋਂ ਵੱਧ ਮਜਬੂਤ ਹੋਈ ਆਰਥਿਕ ਸਥਿਤੀ ਅਨੁਸਾਰ ਉਸ ਅੰਦਰਲੇ ਸਵੈ ਮਾਣ ਵਿੱਚ ਵੀ ਪਹਿਲਾਂ ਨਾਲੋਂ ਵਾਧਾ ਹੋਇਆ ਪ੍ਰਤੀਤ ਹੁੰਦਾ ਹੈ। ਇਸੇ ਲਈ ਪੰਜ ਕਿਲੋ ਚੌਲਾਂ ਬਦਲੇ ਉਸਦੀ ਇੱਜ਼ਤ ਦਾ ਸੌਦਾ ਕਰਨ ਵਾਲੇ ਬੰਗਾਲੀ ਸੇਠ ਨੂੰ ਸੱਤ ਕਿੱਲੋ ਚਾਵਲ ਮੋੜ ਕੇ ਉਸਨੂੰ ਵਿਸ਼ੇਸ਼ ਰੂਪ ਵਿਚ ਮਾਨਸਿਕ ਰਾਹਤ ਮਿਲਦੀ ਹੈ। ਭਾਵੇ ਪੰਜਾਬ ਵਿੱਚ ਵੀ ਉਸਨੂੰ ਕਈਂ ਥਾਈਂ ਵਿੱਕਣਾ ਪਿਆ ਸੀ ਫਿਰ ਵੀ ਉਸਨੂੰ ਲੱਗਦਾ ਹੈ ਕਿ ਉਸਦਾ ਕੁਇਨਜ਼ ਲੈਂਡ ਉਸਨੂੰ ਸੇਠ ਮਾਲਟ ਦਾਸ ਵਰਗੇ ਸੇਠਾਂ ਦੀ ਹਵਸੀ ਭੁੱਖ ਤੋਂ ਬਚਾਉਣ ਦੇ ਸਮਰੱਥ ਹੈ। ਇਹ ਸੋਚ ਕੇ ਹੀ ਉਹ ਆਪਣੀ ਅਗਲੀ ਬੰਗਾਲ ਫੇਰੀ ਵੇਲੇ ਆਪਣੇ ਪਿੰਡ ਦੀਆਂ ਦੀਪਨ, ਲਰਪਾ, ਮਾਣਕੂ ਤੇ ਲਲਿਮਾ ਵਰਗੀਆਂ ਕੁੜੀਆਂ ਨੂੰ ਵੀ ਆਪਣੇ ਜਿਹੀ ਹੀ ਸਮਾਜਿਕ ਸੁਰੱਖਿਆ ਦੇਣ ਦਾ ਮਨ ਬਣਾਉਂਦੀ ਹੈ। ਪੰਜਾਬ ਵਾਪਸੀ ਤੇ ਉਸ ਅੰਦਰ ਪੈਦਾ ਹੋਇਆ ਬੰਗਾਲ ਵਿੱਚ ਕੁਝ ਭੁੱਲ ਆਉਣ ਦਾ ਅਹਿਸਾਸ ਮੈਨੂੰ ਨਾਰੀ ਮਨ ਦੀ ਵੇਦਨਾ ਦਾ ਨਵਾਂ ਸਿਖ਼ਰ ਸਿਰਜਦਾ ਜਾਪਿਆ ਹੈ।

ਹਰਪ੍ਰੀਤ ਸੇਖਾ ਦੀ ਕਹਾਣੀ **'ਵਿਰਾਸਤ'** ਇਸ ਇਤਿਹਾਸਕ ਤੱਥ ਦੀ ਪੁਸ਼ਟੀ ਤੇ ਪ੍ਰੋੜਤਾ ਕਰਦੀ ਹੈ ਕਿ ਪੂਰਬ ਹੋਵੇ ਜਾਂ ਪੱਛਮ ਸਰਮਾਏਦਾਰੀ ਪ੍ਰਬੰਧ ਦਾ ਵਿਕਾਸ ਕਿਰਤ ਦੀ ਲੁੱਟ 'ਤੇ ਟੇਕ ਰੱਖਦਾ ਹੈ। ਇਹ ਕਹਾਣੀ ਪੱਛਮੀ ਮੁਲਕ ਦੀ ਇਕ ਮਸ਼ੀਨਸ਼ਾਪ ਦੇ ਮਾਲਕ ਬਰੂਸ ਤੇ ਉੱਥੇ ਕੰਮ ਕਰਦੇ ਕਾਮੇ ਬੌਸਮੈਨ ਤੇ ਮਾਈਕ ਦੇ ਆਪਸੀ ਸਬੰਧਾਂ ਵਿਚਲੀ ਰਾਜਨੀਤੀ ਦੀਆਂ ਸੂਖ਼ਮ ਪਰਤਾਂ ਤੱਕ ਪਹੁੰਚਦੀ ਹੈ ਤਾਂ ਮਾਲਕ ਵੱਲੋਂ ਕਾਮਿਆਂ ਪ੍ਰਤੀ ਵਿਖਾਈ ਜਾਂਦੀ ਨਿਮਰਤਾ ਤੇ ਪਿਆਰ ਉਸਦੇ ਮੀਸਣੇਪਣ ਵਿਚ ਤਬਦੀਲ ਹੋ ਜਾਂਦਾ ਹੈ ਬੌਸਮੈਨ ਤੇ ਮਾਈਕ ਬਰੂਸ ਦੀ ਮਸ਼ੀਨਸ਼ਾਪ ਨੂੰ ਆਪਣੀ ਮਸ਼ੀਨਸ਼ਾਪ ਸਮਝ ਕੇ ਦਿਨ ਰਾਤ ਮਿਹਨਤ ਕਰਦੇ ਹਨ ਪਰ ਇਸ 'ਤੋਂ ਹੋਣ ਵਾਲੇ ਵਾਧੂ ਮੁਨਾਫੇ ਦੇ ਰੂਪ ਵਿਚ ਉਹਨਾਂ ਨੂੰ ਕੇਵਲ ਫੋਕੀ ਵਡਿਆਈ ਹੀ ਮਿਲਦੀ ਹੈ। ਸਿਤਮ ਇਹ ਵੀ ਹੈ ਕਿ ਮੰਦਵਾੜੇ ਦੇ ਦੌਰ ਵਿਚ ਉਨ੍ਹਾਂ ਨੂੰ ਮਿਲਦੇ ਮਿਹਨਤਾਨੇ ਵਿਚ ਵੀ ਕਟੌਤੀ ਕਰ ਲਈ ਜਾਂਦੀ ਹੈ। ਮਸ਼ੀਨਸ਼ਾਪ ਤੇ ਕੰਮ ਕਰਦਾ ਕਾਮਾ ਮਾਈਕ ਕਿਰਤ ਦੀ ਹੋ ਰਹੀ ਲੁੱਟ ਪ੍ਰਤੀ ਬਸਮੈਨ ਨਾਲੋਂ ਕਿਤੇ ਵੱਧ ਸੁਚੇਤ ਹੈ ਤੇ ਉਸਨੂੰ ਇਸ ਗੱਲ ਦਾ ਵੀ ਅਹਿਸਾਸ ਹੈ ਕਿ ਮਾਲਕ ਕੋਲ ਉਨ੍ਹਾਂ ਤੋਂ ਇਲਾਵਾ ਕੋਈ ਢੁੱਕਵਾਂ ਬਦਲ ਨਹੀਂ ਹੈ। ਦੋਵਾਂ ਅੰਦਰ ਪੈਦਾ ਹੋਈ ਕਿਰਤ ਦੀ ਲੁੱਟ ਵਿਰੋਧੀ ਚੇਤਨਾ ਮੌਕਾ ਆਉਣ ਉਨ੍ਹਾਂ ਅੰਦਰ ਏਨੀ ਹਿੰਮਤ ਪੈਦਾ ਕਰ ਦਿੰਦੀ ਹੈ ਕਿ ਉਹ ਮਸੀਨਸ਼ਾਪ ਦੇ ਮਾਲਕ ਨੂੰ ਸਪਸ਼ਟ ਸ਼ਬਦਾਂ ਵਿਚ ਆਖ ਦਿੰਦੇ ਹਨ। ਉਸਦੇ


ਨਲਾਇਕ ਪੁੱਤਰ ਦੀ ਬਜਾਏ ਖ਼ੂਨ ਪਸੀਨਾ ਵਹਾ ਕੇ ਖੜ੍ਹੀ ਕੀਤੀ ਮਸ਼ੀਨਸਾਪ ਦੇ ਅਸਲ ਵਾਰਸ ਉਹ ਖ਼ੁਦ ਹਨ। ਇਸ ਤਰ੍ਹਾਂ ਕਹਾਣੀ ਆਪਣਾ ਇਹ ਸੁਨੇਹਾ ਬੜੀ ਕਲਾਤਮਿਕਤਾ ਨਾਲ ਦੇਣ ਵਿਚ ਕਾਮਯਾਬ ਰਹਿੰਦੀ ਹੈ ਕਿ ਜਦੋਂ ਤੱਕ ਵਿਸ਼ਵ ਪੱਧਰ 'ਤੇ ਕਿਰਤ ਦੀ ਲੁੱਟ ਬਰਕਰਾਰ ਹੈ , ਉਦੋਂ ਤੱਕ ਇਸਦੀ ਰਾਖੀ ਕਰਨ ਵਾਲਾ ਮਾਰਕਸਵਾਦੀ ਫਲਸਫਾ ਵੀ ਗੈਰ ਪ੍ਰੰਸਗਿਕ ਨਹੀਂ ਹੋ ਸਕਦਾ

ਡਾ.ਸ਼ਿਆਮ ਸੁੰਦਰ ਦੀਪਤੀ ਦੀ ਕਹਾਣੀ **'ਜਗਮੀਤ ਉਦਾਸ ਨਹੀਂ ਹੁੰਦੇ'** ਨੌਜਵਾਨ ਪੀੜ੍ਹੀ ਦੇ ਉਦਾਸ, ਨਿਰਾਸ਼ ਤੇ ਉਪਰਾਮ ਹੋਣ ਦੇ ਮਨੋ ਵਿਗਿਆਨਕ ਕਾਰਨ ਤਲਾਸ਼ਦੀ ਹੈ ਕਹਾਣੀ ਵਿਚਲਾਂ ਇਹ ਮਨੋ-ਵਿਗਿਆਨ ਵਿਸ਼ੇਸ਼ ਤੌਰ ਤੇ ਪਾਠਕਾਂ ਦਾ ਧਿਆਨ ਖਿੱਚਦਾ ਹੈ ਕਿ ਬੱਚੇ ਦੀਆਂ ਦਿਲਚਸਪੀਆਂ ਨੂੰ ਨਜ਼ਰ ਅੰਦਾਜ਼ ਕਰਕੇ ਉਸ 'ਤੇ ਡਾਕਟਰ ਜਾਂ ਇੰਜਨੀਅਰ ਬਨਣ ਦਾ ਪਾਇਆ 'ਦਬਾਓ' ਕਈ ਵਾਰ ਉਲਟ ਨਤੀਜੇ ਵੀ ਦੇ ਸਕਦਾ ਹੈ। ਕਹਾਣੀ ਦੇ ਮੁੱਖ ਪਾਤਰ ਮਨਮੀਤ ਦਾ ਪਿਤਾ ਕੁਲਦੀਪ ਸਿੰਘ ਅਗਾਂਹਵੱਧੂ ਨਾਟਕਕਾਰ ਹੀ ਨਹੀ ਸਗੋਂ ਸਮਾਜ ਨੂੰ ਸੇਧ ਦੇਣ ਵਾਲਾ ਤਰਕਸ਼ੀਲ ਆਗੂ ਵੀ ਹੈ। ਇਸ ਤਰ੍ਹਾਂ ਦੇ ਪਰਿਵਾਰਕ ਮਾਹੌਲ ਵਿਚ ਰਹਿੰਦਿਆਂ ਮਨਮੀਤ ਦੀ ਮਾਨਸਿਕਤਾ ਦੀ ਢਾਲਣਾ ਲੋਕਾਂ ਭਲੇ ਲਈ ਕੰਮ ਕਰਨ ਵਾਲੇ ਅਜਿਹੇ ਕਾਮੇ ਵਜੋਂ ਹੁੰਦੀ ਹੈ ਜੋ ਨਾਟਕਾਂ ਰਾਹੀ ਲੋਕਾਂ ਨੂੰ ਚੇਤੰਨ ਕਰਨ ਤੇ ਝੁੱਗੀ ਝੋਪੜੀ ਵਾਲੇ ਏਰੀਏ ਦੇ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਦੀ ਸੁਭਾਵਿਕ ਇੱਛਾ ਰੱਖਦਾ ਹੈ। ਜਦੋਂ ਉਸਦੇ ਪਿਤਾ ਵੱਲੋਂ ਉਸ 'ਤੇ ਐਮ. ਡੀ. ਡਾਕਟਰ ਬਨਣ ਦਾ ਦਬਾਓ ਪਾਇਆ ਜਾਂਦਾ ਹੈ ਤਾਂ ਆਪਣੀ ਇੱਛਾ ਦੀ ਪੂਰਤੀ ਨਾ ਹੋਣ ਦਾ ਹੇਰਵਾ ਉਸਦੇ ਮਾਨਸਿਕ ਤਣਾਓ ਤੇ ਉਦਾਸੀ ਦਾ ਕਾਰਨ ਬਣ ਜਾਂਦਾ ਹੈ ਕਹਾਣੀ ਦੇ ਅਗਲੇ ਵਿਸ਼ਲੇਸ਼ਣੀ ਸਿੱਟੇ ਅਨੁਸਾਰ ਜੁਆਨ ਹੋ ਰਹੇ ਬੱਚੇ ਆਪਣੇ ਮਾਪਿਆਂ ਜਾ ਅਧਿਆਪਕਾਂ ਵਿੱਚੋਂ ਆਪਣਾ ਰੋਲ ਮਾਡਲ ਤਲਾਸ਼ ਕਰਨ ਦੀ ਕੋਸ਼ਿਸ਼ ਕਰਦੇ ਹਨ ਤਾਂ ਉਹਨਾਂ ਦੇ ਦੂਹਰੇ ਕਿਰਦਾਰ ਵੀ ਨਵੀਂ ਪੀੜ੍ਹੀ ਨੂੰ ਨਿਰਾਸ਼ਾ ਦੇ ਆਲਮ ਵਿਚ ਲੈਂ ਜਾਂਦੇ ਹਨ। ਆਪਣੇ ਟੀਚੇ ਤੇ ਛੇਤੀ ਪਹੁੰਚਣ ਦੀ ਕਾਹਲ ਤੇ ਵਾਰ ਵਾਰ ਮਿਲਣ ਵਾਲੀ ਅਸਫ਼ਲਤਾ ਵੀ ਉਕਾਂਰ ਵਰਗੇ ਬਹੁਤ ਸਾਰੇ ਨੌਜਵਾਨਾਂ ਨੂੰ ਨਸ਼ਿਆਂ ਦਾ ਸ਼ਿਕਾਰ ਬਣਾ ਦਿੰਦੀ ਹੈ ਕਹਾਣੀ ਉਸ ਵੇਲੇ ਆਪਣੇ ਸਿਰਜਨਾਤਮਕ ਅਰਥਾਂ ਨੂੰ ਚੰਗੀ ਤਰ੍ਹਾਂ ਉਘੇੜਦੀ ਹੈ ਜਦੋਂ ਮੈਡੀਕਲ ਕਾਲਜ ਦੇ ਪ੍ਰੋਫੈਸਰ ਦੀਆਂ ਨਿਰੰਤਰ ਕੋਸ਼ਿਸ਼ਾਂ ਤੇ ਪ੍ਰੇਰਨਾਵਾਂ ਮਨਮੀਤ ਨੂੰ ਸਾਰੇ ਜਗ ਦਾ ਮੀਤ (ਜਗਮੀਤ)ਬਣਾ ਦਿੰਦੀਆਂ ਹਨ ਤੇ ਉਸਦੀ ਉਦਾਸੀ ਵੀ ਉਤਸ਼ਾਹ ਵਿਚ ਤਬਦੀਲ ਹੋ ਜਾਂਦੀ ਹੈ ਕਹਾਣੀ ਮਨੁੱਖੀ ਮਨੋ ਵਿਗਿਆਨ ਦੀਆਂ ਹੋਰ ਵੀ ਕਈ ਸੂਖ਼ਮ ਪਰਤਾਂ ਪਰਤਦੀ ਹੈ ਪਰ ਇਸ ਵਿਚਲੇ ਡਾਕਟਰੀ ਵਿਗਿਆਨ ਦੇ ਲੰਬੇ ਵੇਰਵੇ ਕਈ ਥਾਈਂ ਇਸਦੇ ਕਥਾਤਮਕ ਸੁਹਜ ਤੇ ਭਾਰੂ ਪੈਂਦੇ ਵਿਖਾਈ ਦਿੰਦੇ ਹਨ।

ਕੁਲ ਮਿਲਾ ਕਿ ਇਹ ਅੰਕ ਪੰਜਾਬੀ ਕਹਾਣੀ ਦੀ ਵਰਤਮਾਨ ਦਸ਼ਾ ਤੇ ਦਿਸ਼ਾ ਦੀ ਤਰਜਮਾਨੀ ਕਰਨ ਵਿਚ ਪੂਰੀ ਤਰ੍ਹਾਂ ਸਫਲ ਰਿਹਾ ਹੈ। ਪਰਚੇ ਲਈ ਕਹਾਣੀਆਂ ਦੀ ਚੋਣ ਵੇਲੇ ਸੰਪਾਦਕ ਦਾ ਨਜ਼ਰੀਆਂ ਕਿਸੇ ਵਿਸ਼ੇਸ਼ ਵਿਚਾਰਧਾਰਕ ਫ਼ਲਸਫ਼ੇ ਦੀਆਂ ਸ਼ਰਤਾਂ ਆਪਣੀ ਚੋਣ 'ਤੇ ਲਾਗੂ ਨਹੀਂ ਕਰਦਾ ਪਰ ਕਹਾਣੀ ਦੀ ਮਾਨਵਤਾਵਾਦੀ ਪਹੁੰਚ ਨੂੰ ਜ਼ਰੂਰ ਅਹਿਮੀਅਤ ਦਿੰਦਾ ਹੈ ਇਸ ਅੰਕ ਦੀਆਂ ਕਹਾਣੀਆਂ ਪੰਜਾਬੀ ਕਹਾਣੀ ਵਿਚ ਆ ਰਹੇ ਨਿਰੰਤਰ ਬਦਲਾਓ ਦੀ ਗਵਾਹ ਬਣਦਿਆਂ ਇਸਦੇ ਹੋਰ ਤੋਂ ਹੋਰ ਅੱਗੇ ਜਾਣ ਦਾ ਯਕੀਨ ਵੀ ਦਿਵਾਉਂਦੀਆ ਹਨ। ਅਗਲੇ ਅੰਕ ਦੀ ਤੀਬਰ ਉਡੀਕ ਨਾਲ ਮੈਂ ਇਸ ਅੰਕ ਦੀਆਂ ਕਹਾਣੀਆਂ ਦਾ ਹਾਰਦਿਕ ਸਵਾਗਤ ਕਰਦਾ ਹਾਂ।

(**ਸੰਪਰਕ-** 89682-82700)

'ਨਵਕਿਰਨ (ਨਾਵਲ), ਹੱਥੀਂ ਤੋਰੇ ਸੱਜਣਾ ਨੂੰ (ਨਾਵਲ) ਤੇ 'ਨਜੂਮੀ ਖ਼ਜ਼ਾਨਾ ਤੇ ਕੁਰਸੀ (ਕਹਾਣੀ ਸੰਗ੍ਰਹਿ) ਤੋਂ ਬਾਅਦ ਪ੍ਰਸਿੱਧ ਗਲਪਕਾਰ ਜਸਵਿੰਦਰ ਰੱਤੀਆਂ ਦਾ ਨਵਾਂ ਨਾਵਲ 'ਕੰਡਿਆਲੇ ਸਾਕ'




ਜਸਵਿੰਦਰ ਰੱਤੀਆਂ ਕੋਲ ਪੇਂਡੂ ਜਨਜੀਵਨ ਦਾ ਨਿੱਜੀ ਅਨੁਭਵ ਹੈ। ਨਾਵਲ 'ਕੰਡਿਆਲੇ ਸਾਕ' ਰਾਹੀਂ ਉਸਨੇ ਇਸ ਜਨਜੀਵਨ ਦੇ ਉਸ ਪੱਖ ਨੂੰ ਬੜੀ ਕਲਾਤਮਿਕਤਾ ਨਾਲ ਪੇਸ਼ ਕੀਤਾ ਹੈ ਜਿਥੇ ਬਲਵੀਰੋ ਵਰਗੀਆਂ ਔਰਤਾਂ ਅਤੇ ਅਰਜਨ ਵਰਗੇ ਮਰਦਾਂ ਲਈ ਰਿਸ਼ਤਿਆਂ ਦੀ ਪਵਿੱਤਰਤਾ ਅਤੇ ਮਰਿਆਦਾ ਕੋਈ ਅਰਥ ਨਹੀਂ ਰੱਖਦੀ। ਆਪਣਾ ਸਵਾਰਥ ਸਿੱਧ ਕਰਨ ਲਈ ਉਹ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ। ਜਸਵਿੰਦਰ ਨੇ ਸਮਾਜ ਨੂੰ ਘੁਣ ਵਾਂਗ ਖਾ ਰਹੇ ਭ੍ਰਿਸ਼ਟ ਰਾਜਨੀਤੀਵਾਨਾਂ, ਡੇਰਾਧਾਰੀਆਂ, ਪੁਲਸ ਤੰਤਰ ਅਤੇ ਨਸ਼ਾ ਮਾਫ਼ੀਆ ਦੇ ਨਾਪਾਕ ਗਠਜੋੜ ਨੂੰ ਬੜੀ ਦਲੇਰੀ ਨਾਲ ਬੇਪਰਦ ਕੀਤਾ ਹੈ। ਧੜੇਬੰਦੀ ਅਤੇ ਹਾਉਮੈਂ ਭਰੀ ਸੋਚ ਨੇ ਪਿੰਡ ਦੀਆਂ ਭਾਈਚਾਰਕ ਸਾਂਝਾਂ ਨੂੰ ਬੁਰੀ ਤਰ੍ਹਾਂ ਤਬਾਹ ਕਰਕੇ ਰੱਖ ਦਿੱਤਾ ਹੈ। ਜਸਵਿੰਦਰ ਨੇ ਜਿੱਥੇ ਬਲਵੀਰੋ ਅਤੇ ਅਰਜਨ ਵਰਗੇ ਸਿਧਾਂਤਹੀਣ ਲੋਕਾਂ ਅੰਦਰਲੀ ਹੈਵਾਨੀਅਤ ਨੂੰ ਠੇਠ ਪੇਂਡੂ ਮੁਹਾਵਰੇ ਰਾਹੀਂ ਕਲਾਤਮਿਕ ਪੁੱਠ ਦੇ ਕੇ ਬੜੀ ਖ਼ੂਬਸੂਰਤੀ ਨਾਲ ਪੇਸ਼ ਕੀਤਾ ਹੈ ਉੱਥੇ ਨਵੀਂ ਪੀੜ੍ਹੀ ਦੀ ਸੋਚ ਵਿੱਚ ਆ ਰਹੀ ਤਬਦੀਲੀ ਦਾ ਵੀ ਬਾਕਮਾਲ ਚਿਤਰਨ ਕੀਤਾ ਹੈ।

-ਗੁਰਮੀਤ ਕੜਿਆਲਵੀ

**ਸਾਹਿਬਦੀਪ ਪਬਲੀਕੇਸ਼ਨ,**
ਡਾਕ. ਭੀਖੀ, ਮਾਨਸਾ, 099889-13155
ਮੁੱਲ : 250 ਰੁਪਏ, ਪੰਨੇ : 208 ਸਾਲ : 2021

## ਸੁਲਝੇ ਹੋਣੇ ਕਥਾਕਾਰ / ਵਾਰਤਕਾਰ
## ਪ੍ਰੇਮ ਮਾਨ ਹੁਰਾਂ ਦੀ ਸ਼ਬਦ ਚਿੱਤਰਾਂ ਦੀ ਕਿਤਾਬ 'ਅੰਦਰੇਟੇ ਦਾ ਜੋਗੀ'
## ਦਾ ਦੂਜਾ ਐਡੀਸਨ, 2022




ਪ੍ਰੇਮ ਮਾਨ ਮੁੱਢਲੇ ਰੂਪ ਵਿਚ ਕਥਾਕਾਰ ਏ। ਉਸ ਨੇ 1970 ਵਿੱਚ ਆਪਣਾ ਪਲੇਠਾ ਕਹਾਣੀ ਸੰਗ੍ਰਹਿ 'ਚੁਬਾਰੇ ਦੀ ਇੱਟ' ਪ੍ਰਕਾਸ਼ਤ ਕੀਤੀ ਸੀ। ਫਿਰ ਉਹ ਅਮਰੀਕਾ ਚਲੇ ਗਿਆ ਅਤੇ ਉੱਥੇ ਯੂਨੀਵਰਸਿਟੀ ਵਿੱਚ ਅਰਥ ਸ਼ਾਸ਼ਤਰ ਅਤੇ ਅੰਕੜਾ ਵਿਗਿਆਨ ਪੜ੍ਹਾਉਂਦਾ ਰਿਹਾ। ਇਸ ਵਿਸ਼ੇ ਉੱਤੇ ਉਸ ਦੀਆਂ ਅਨੇਕਾਂ ਪੁਸਤਕਾਂ ਅਮਰੀਕਾ ਵਿਖੇ ਵਿਦਿਆਰਥੀ ਅਤੇ ਅਰਥ ਸ਼ਾਸ਼ਤਰੀ ਪੜ੍ਹਦੇ ਹਨ।

ਪ੍ਰੇਮ ਮਾਨ ਸਮਕਾਲ ਵਿਚ ਕਹਾਣੀ ਵੀ ਲਿਖਦਾ ਏ। ਇਸ ਦੇ ਨਾਲ ਨਾਲ ਉਸ ਦੀ ਨੇੜਤਾ ਪੰਜਾਬੀ ਦੇ ਸਾਹਿਤਕਾਰਾਂ ਅਤੇ ਕਲਾਕਾਰਾਂ ਨਾਲ ਵੀ ਰਹੀ ਏ। ਇਸ ਪੁਸਤਕ ਵਿੱਚ ਉਸ ਨੇ ਆਪਣੇ ਨੇੜੇ ਵਿਚਰਨ ਵਾਲੇ ਕਲਾਕਾਰਾਂ ਬਾਰੇ ਸ਼ਬਦ ਚਿੱਤਰ ਲਿਖੇ ਹਨ। ਪੁਸਤਕ ਦਾ ਪਹਿਲਾ ਐਡੀਸ਼ਨ ਫਰਵਰੀ, 2020 ਵਿਚ ਲੋਕਗੀਤ ਵੱਲੋਂ ਛਾਪਿਆ ਗਿਆ ਸੀ। 'ਅੰਦਰੇਟੇ ਦਾ ਜੋਗੀ' ਦਾ ਇਹ ਦੂਜਾ ਐਡੀਸ਼ਨ ਏ ਜਿਹਦੇ ਵਿੱਚ ਉਸ ਨੇ ਅਮਰੀਕ ਗਿੱਲ, ਹਰਕੀਰਤ ਕੌਰ ਚਹਿਲ ਅਤੇ ਗੁਰਬਖ਼ਸ਼ ਸਿੰਘ ਭੰਡਾਲ ਦੇ ਨਵੇਂ ਸ਼ਬਦ ਚਿੱਤਰ ਸ਼ਾਮਿਲ ਕੀਤੇ ਨੇ। ਅਮਰੀਕ ਗਿੱਲ ਦੇ ਸ਼ਬਦ ਚਿੱਤਰ 'ਚ ਉਸ ਦੇ ਬਹੁਤ ਸਾਰੇ ਚਿਹਰੇ ਪਾਠਕਾਂ ਅੱਗੇ ਪੇਸ਼ ਕਰਦਾ ਏ। ਹਰਕੀਰਤ ਕੌਰ ਚਹਿਲ ਢਾਹਾ ਇਨਾਮ ਪ੍ਰਾਪਤ ਨਾਵਲਕਾਰ ਏ, ਉਸ ਦੇ ਸ਼ਬਦ ਚਿੱਤਰ ਵਿੱਚ ਉਸ ਦੀ ਰਚਨਾ ਦੇ ਪਹਿਲੂਆਂ ਨੂੰ ਪ੍ਰੇਮ ਮਾਨ ਨੇ ਬਾਖ਼ੂਬੀ ਨਾਲ ਪੇਸ਼ ਕੀਤਾ ਏ। ਬਾਕੀ ਸ਼ਬਦ ਚਿੱਤਰਾਂ ਦੀ ਆਪਣੀ ਮਿਠਾਸ ਏ। ਹਰ ਸ਼ਬਦ ਚਿੱਤਰ ਵਿੱਚ ਕਿਤੇ ਕਿਤੇ ਨਿੰਮ ਵਰਗੀ ਕੁੜੱਤਣ ਵੀ ਏ। ਲਿੱਖਤ ਪ੍ਰਤੀ ਉਹਦੀ ਧਾਰਨਾ ਏ ਕਿ ਮੈਂ ਰਚਨਾ ਨੂੰ ਸਾਹਿਜ ਨਾਲ ਲਿਖਦਾ ਹਾਂ।

**– ਭਗਵੰਤ ਰਸੂਲਪੁਰੀ**

ਮੁੱਲ : 350/- ਪੰਨੇ : 162 ਸਾਲ : 2022

Published by: Gracious Books
SCO:23 Shalimar Plaza Opp. Punjabi University, Patiala.
Ph. 91-175-5017642, 91-175-5007643, 98156-16568